ਜੀਵ-ਵਿਗਿਆਨ ਦੀ ਪਰਿਭਾਸ਼ਕ ਡਿਕਸ਼ਨਰੀ
(Encyclopaedic Dictionary of Biology)

ਸੰਪਾਦਕ
ਸੁਰਜੀਤ ਸਿੰਘ ਢਿੱਲੋਂ

ਪਬਲੀਕੇਸ਼ਨ ਬਿਊਰੋ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਜੀਵ-ਵਿਗਿਆਨ ਦੀ ਪਰਿਭਾਸ਼ਕ ਡਿਕਸ਼ਨਰੀ

(Encyclopaedic Dictionary of Biology)

Bharatavani
Book No. 47
Punjabi

ਸੰਪਾਦਕ

ਸੁਰਜੀਤ ਸਿੰਘ ਢਿੱਲੋਂ

ਪਬਲੀਕੇਸ਼ਨ ਬਿਊਰੋ,
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।

Published by :
Panjab University Publication Bureau,
Chandigarh.

©Panjab University, Chandigarh.

All rights reserved. No part of this publication may be reproduced, or transmitted in any form or by any means, electronic or mechanical, including photocopying, recording or by any information storage and retrieval system, without permission in writing, from Panjab University, Chandigarh.

First published : 2012

Price : ₹ 300/-

ISBN81-85322-46-5

Printed at :
Panjab University Press,
Chandigarh

ਮੁਢਲੇ ਸ਼ਬਦ

ਵਿਗਿਆਨ ਦੀ ਕੁੱਖੋਂ ਪੁੰਗਰੀ ਟੈਕਨਾਲੱਜਿ ਦੇ ਸਿਰ ਤੇ ਸੰਸਾਰ ਵਿਖੇ ਸਭੋ ਕੁਝ ਤੇਜ਼ੀ ਨਾਲ ਬਦਲ ਰਿਹਾ ਹੈ। ਅਸਾਡਾ ਰਹਿਣ-ਢੰਗ, ਅਸਾਡੀ ਆਵਾਜ਼ਾਈ ਦੇ ਸਾਧਨ, ਅਸਾਡਾ ਖਾਣ-ਪੀਣ, ਸਭ ਤੇਜ਼ੀ ਨਾਲ ਬਦਲ ਰਹੇ ਹਨ। ਪਰ ਅਸਾਡੀ ਸੋਚ ਅਤੇ ਅਸਾਡੇ ਵਿਚਾਰ ਉਥੇ ਹੀ ਖ਼ਲੋਤੇ ਹਨ, ਜਿਥੇ ਇਹ ਸਦੀਆਂ ਪਹਿਲਾਂ ਸਨ। ਇਸੇ ਲਈ ਵਿਸ਼ਵ ਅਤੇ ਜੀਵਨ ਪ੍ਰਤੀ ਅਸਾਡੀ ਸਮਝ ਵੀ ਪੱਛੜੀ ਹੋਈ ਹੈ। ਵਿਗਿਆਨ ਦਾ ਅਸਾਡੀ ਸੋਚ ਉਪਰ ਪ੍ਰਭਾਵ ਮਸੋਂ ਇਨਾ ਕੁ ਹੈ, ਜਿੰਨਾ ਥਿੰਦੇ ਘੜੇ ਉਪਰ ਟਿਕੇ ਤ੍ਰੇਲ-ਤੁਪਕੇ ਦਾ। ਅਸਾਡੀ ਵਿਚਾਰਧਾਰਾ ਜੇਕਰ ਵਿਗਿਆਨ ਦਾ ਉਚਿਤ ਪ੍ਰਭਾਵ ਕਬੂਲ ਕਰ ਪਾਉਂਦੀ, ਤਦ ਸਮਾਜ ਦੀ ਸਥਿਤੀ ਇਸ ਹੱਦ ਤਕ ਨਿਘਰੀ ਹੋਈ ਨਹੀਂ ਸੀ ਹੋਣੀ, ਜਿੰਨੀ ਕਿ ਹੈ।

ਸਥਿਤੀ ਇਹ ਵੀ ਹੈ ਕਿ ਸਾਧਾਰਨ ਵਿਅਕਤੀ ਉਸ ਗਿਆਨ ਤੋਂ ਲਾਭ ਲੈਣ ਲਈ ਤਤਪਰ ਹੀ ਨਹੀਂ, ਜਿਹੜਾ ਵਿਗਿਆਨ ਨੇ ਖੋਜ ਰਖਿਆ ਹੈ। ਵਿਗਿਆਨਕ ਸਾਹਿਤ 'ਚ ਆਮ ਜਨਤਾ ਦੀ ਉੱਕਾ ਹੀ ਕੋਈ ਦਿਲਚਸਪੀ ਨਹੀਂ। ਇਹ ਗੱਲ ਜਨਤਾ ਦੇ ਆਪਣੇ ਹਿੱਤ 'ਚ ਨਹੀਂ ਅਤੇ ਅੱਜ ਨਿਰੋਲ ਅਗਿਆਨ ਕਾਰਨ, ਉਸ ਦਾ ਹਰ ਪੱਧਰ ਤੇ ਸੋਸ਼ਣ ਹੋ ਰਿਹਾ ਹੈ। ਇਸ ਸਥਿਤੀ ਨੂੰ ਬਣਾਈ ਰੱਖਣ ਲਈ ਸਾਧਾਰਨ ਵਿਅਕਤੀ ਤਾਂ ਹੈ ਹੀ, ਪਰ ਵਿਗਿਆਨੀ ਆਪ ਵੀ ਘੱਟ ਜ਼ਿਮੇਂਵਾਰ ਨਹੀਂ ਹਨ। ਵਿਗਿਆਨੀ ਲਿਖਣ ਜਾਂ ਬੋਲਣ ਸਮੇਂ ਅਜਿਹੀ ਸ਼ੈਲੀ ਵਰਤਦੇ ਹਨ, ਜਿਹੜੀ ਆਮ ਸੂਝ ਨੂੰ ਉੱਕਾ ਹੀ ਪ੍ਰਭਾਵਿਤ ਨਹੀਂ ਕਰਦੀ। ਫਿਰ ਜਿਸ ਪ੍ਰਕਾਰ ਦੀ ਸ਼ਬਦਾਵਲੀ ਦਾ ਉਪਯੋਗ ਵਿਗਿਆਨੀ ਕਰਦੇ ਹਨ, ਉਹ ਵੀ ਬਹੁਤਿਆਂ ਦੇ ਪੱਲੇ ਨਹੀਂ ਪੈਂਦੀ।

ਜੀਵ-ਵਿਗਿਆਨ ਦੀ ਹੀ ਗੱਲ ਲੈ ਲਵੋ। ਇਸ ਵਿਸ਼ੇ ਲਈ ਵਰਤੋਂ 'ਚ ਆ ਰਹੀ ਸ਼ਬਦਾਵਲੀ 'ਚ ਲਾਤੀਨੀ ਅਤੇ ਯੂਨਾਨੀ ਪਦਾਂ ਦੀ ਭਰਮਾਰ ਹੈ। ਇਸ ਪ੍ਰਕਾਰ ਦੀ ਸ਼ਬਦਾਵਲੀ ਦੀ ਵਰਤੋਂ ਨੂੰ ਵਿਗਿਆਨਕ ਪਰੰਪਰਾ ਨੇ ਨਿਸ਼ਚਿਤ ਬਣਾਇਆ ਹੈ। ਕਲਾਸਕੀ ਬੋਲੀ ਦੇ ਇਹ ਪਦ ਅਤੇ ਇਨ੍ਹਾਂ ਦੇ ਅਰਥ, ਸਿਖਿਅਕਾਂ ਲਈ ਤਾਂ ਪਰਾਏ ਹੁੰਦੇ ਹੀ ਹਨ, ਪਰ ਸਿਖਿਆ ਦਿੰਦੇ ਅਧਿਆਪਕਾਂ 'ਚੋਂ ਵੀ ਬਹੁਤਿਆਂ ਨੂੰ ਇਨ੍ਹਾਂ ਦੀ ਸਮਝ ਨਹੀਂ ਪੈਂਦੀ। ਟੈਕਨੀਕਲ ਸ਼ਬਦਾਂ ਦੇ ਅਰਥ ਜਦ ਤਕ ਸਪਸ਼ਟ ਨਹੀਂ ਹੁੰਦੇ, ਉਸ ਸਮੇਂ ਤਕ ਨਾ ਇਹ ਮਨਾਂ ਅੰਦਰ ਸਮਾਉਂਦੇ ਹਨ ਅਤੇ ਨਾ ਹੀ ਉਚਾਰੇ ਜਾਣ ਲਈ ਜ਼ੁਬਾਨ 'ਤੇ ਚੜ੍ਹਦੇ ਹਨ।

ਇਸ ਪ੍ਰਕਾਰ ਦੀ ਵਿਆਪਕ ਸਥਿਤੀ ਦੇ ਪਿਛੋਕੜ 'ਚ ਇਸ ਹਥਲੀ ਰਚਨਾ ਦਾ ਜਨਮ ਹੋਇਆ ਹੈ, ਜਿਸ ਲਈ ਲੇਖਕ ਨੂੰ ਡਾ. ਆਰ. ਸੀ. ਸੋਬਤੀ ਨੇ ਪ੍ਰੇਰਿਤ ਕੀਤਾ। ਪੰਜਾਬ

ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਡਾ. ਸੋਬਤੀ ਆਪ ਵੀ ਸਿਰ ਕੱਢ ਜੀਵ-ਵਿਗਿਆਨੀ ਹਨ ਅਤੇ ਉਹ ਉਪਰੋਕਤ ਵਰਣਨ ਹਾਲਾਤ ਨੂੰ ਭਲੀਭਾਂਤ ਸਮਝ ਰਹੇ ਹਨ। ਉਨ੍ਹਾਂ ਨੇ ਹੀ, ਪੰਜਾਬ ਦੇ ਪ੍ਰਸੰਗ 'ਚ, ਇਸ ਉਲਝਣ ਦਾ ਕੁਝ ਕੁ ਸਮਾਧਾਨ ਕਰਨ ਬਾਰੇ ਸੋਚਿਆ ਹੈ। ਉਨ੍ਹਾਂ ਦਾ ਹੀ ਇਹ ਅਨੁਭਵ ਹੈ ਕਿ ਕਿਉਂ ਨਾ ਜੀਵ-ਵਿਗਿਆਨ ਦੀਆਂ ਮੂਲ ਧਾਰਨਾਵਾਂ ਦੀ ਪੰਜਾਬੀ ਭਾਸ਼ਾ 'ਚ ਵਿਆਖਿਆ ਕਰਦਾ ਇਕ ਕੋਸ਼ ਤਿਆਰ ਕੀਤਾ ਜਾਵੇ। ਇਸੇ ਨਿਰਣੇ ਦਾ ਪਰਿਣਾਮ ਇਸ ਸਮੇਂ ਤੁਹਾਡੇ ਹੱਥ ਆਈ ਇਹ ਰਚਨਾ ਹੈ।

ਇਸ ਕੋਸ਼ ਅੰਦਰਲੀ ਪਦਾਂ ਦੀ ਤਰਤੀਬ ਭਾਵੇਂ ਡਿਕਸ਼ਨਰੀ ਵਾਂਗ ਵਰਣਕ੍ਰਮਕ ਹੈ, ਪਰ ਇਹ ਡਿਕਸ਼ਨਰੀ ਨਹੀਂ। ਇਸ ਕੋਸ਼ 'ਚ ਪਦਾਂ ਦਾ ਉਚਾਰਣ ਹੈ, ਇਨ੍ਹਾਂ ਦੇ ਸ਼ਾਬਦਕ ਅਰਥ ਹਨ ਅਤੇ ਇਨ੍ਹਾਂ ਦੇ ਭਾਸ਼ਾ ਆਧਾਰ ਵਾਲੇ ਸ੍ਰੋਤ ਦਾ ਜ਼ਿਕਰ ਹੈ ਅਤੇ ਫਿਰ ਜਿਸ ਸਥਿਤੀ ਜਾਂ ਵਿਚਾਰ ਨੂੰ ਦਰਸਾਉਣ ਲਈ ਇਨ੍ਹਾਂ ਨੂੰ ਵਰਤਿਆ ਗਿਆ ਹੈ, ਉਸ ਦੀ ਸਾਰਅੰਸ਼ਿਕ ਵਿਆਖਿਆ ਦਾ ਵਿਸਥਾਰ ਹੈ। ਇਸ ਪ੍ਰਕਾਰ ਜੀਵਨ ਦੇ ਹਰ ਪੱਖ ਪ੍ਰਤੀ ਮੂਲ ਜਾਣਕਾਰੀ ਦਾ ਇਹ ਕੋਸ਼ ਭੰਡਾਰ ਹੈ।

ਆਸ ਹੈ ਕਿ ਇਹ ਕੋਸ਼ ਜੀਵ-ਵਿਗਿਆਨ ਲਈ ਆਮ ਵਰਤੋਂ 'ਚ ਆ ਰਹੇ ਕਲਾਸਕੀ ਭਾਸ਼ਾਵਾਂ ਦੇ ਪਦਾਂ ਨੂੰ ਵਿਆਖਿਆ ਸਹਿਤ ਮਨ ਅੰਦਰ ਬਿਠਾਉਣ ਦਾ ਇਕ ਉਚਿਤ ਸਾਧਨ ਸਿੱਧ ਹੋਵੇਗਾ, ਜਿਵੇਂ ਕਿ ਇਹ ਆਸ ਵੀ ਹੈ ਕਿ ਇਹ, ਜੀਵ-ਵਿਗਿਆਨ ਦਾ ਅਧਿਐਨ ਆਰੰਭ ਕਰਨ ਜਾ ਰਹੇ ਵਿਦਿਆਰਥੀਆਂ ਲਈ ਵੀ ਅਤੀ ਉਪਯੋਗੀ ਸਿੱਧ ਹੋਵੇਗਾ।

- ਸੁਰਜੀਤ ਸਿੰਘ ਢਿੱਲੋਂ

A

Abdomen (ਐਬਡੋਮਨ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪੇਟ' ਦੇ। ਰੀੜ੍ਹ ਸਹਿਤ ਪ੍ਰਾਣੀਆਂ ਦੇ ਉਸ ਸਰੀਰਕ ਭਾਗ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਅੰਦਰ ਪਾਚਨ ਨਾਲੀ ਸਿਮਟੀ ਹੁੰਦੀ ਹੈ। ਕੀਟਾਂ, ਮੱਕੜੀਆਂ ਅਤੇ ਇਨ੍ਹਾਂ ਦੇ ਸਬੰਧੀਆਂ ਦੇ ਪਿਛਲੇ ਸਰੀਰਕ ਭਾਗ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ।

Abdominal (ਐਬਡਾਮਿਨਲ)

ਲਾਤੀਨੀ ਸ਼ਬਦ ਐਬਡੋਮਨ (abdomen) ਇਸ ਪਦ ਦਾ ਸ੍ਰੋਤ ਹੈ, ਜਿਸ ਦੇ ਅਰਥ ਹਨ 'ਪੇਟ' ਦੇ। ਸਰੀਰਕ ਅੰਗਾਂ ਦੀ ਪੇਟ ਨਾਲ ਸਬੰਧਤਾ ਦਰਸਾਉਣ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Abductor (ਐਬਡੱਕਟਰ)

ਲਾਤੀਨੀ ਸ਼ਬਦ ਐਬਡੱਕਟਸ (abductus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਲਾਂਭੇ ਲੈ ਜਾਣ' ਦੇ। ਉਪਰੋਕਤ ਪਦ ਉਸ ਮਾਸਪੇਸ਼ੀ ਲਈ ਰਾਖਵਾਂ ਹੈ, ਜਿਹੜੀ ਅੰਗ ਦੀ ਸਰੀਰ ਤੋਂ ਹਟਵੀਂ ਹਰਕਤ ਲਈ ਜ਼ਿੰਮੇਵਾਰ ਹੈ।

Aberrant (ਐਬਰੰਟ)

ਇਸ ਪਦ ਦਾ ਸ੍ਰੋਤ ਲਾਤੀਨੀ ਸ਼ਬਦ ਐਬਰੱਅਰਿ (aberrare) ਹੈ, ਜਿਸ ਦੇ ਅਰਥ ਹਨ 'ਗੁਮਰਾਹ' ਦੇ ਜਾਂ 'ਕੁਰਾਹੀਏ' ਦੇ। ਉਨ੍ਹਾਂ ਜੀਵ ਨਸਲਾਂ ਲਈ ਇਹ ਪਦ ਵਰਤਿਆ ਜਾਂਦਾ ਹੈ ਜਿਹੜੀਆਂ ਆਪਣੀ ਸ਼੍ਰੇਣੀ ਦੀਆਂ ਹੋਰਨਾਂ ਨਸਲਾਂ ਨਾਲੋਂ, ਆਪਣੇ ਵਤੀਰੇ 'ਚ ਅਤੇ ਆਪਣੀਆ ਵਿਸ਼ੇਸ਼ਤਾਵਾਂ 'ਚ, ਥਿੜਕਵੀਆਂ ਜਾਪਣ, ਜਿਵੇਂ ਕਿ ਵੇਲ੍ਹ ਮੱਛੀ ਪਸ਼ੂ ਹੁੰਦੀ ਹੋਈ ਵੀ ਪਸ਼ੂ ਨਹੀਂ ਲਗਦੀ।

Abiogenesis (ਏਬਾਇਓਜੈਨਿਸਿਸ)

ਤਿੰਨ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ: ਏ (a), ਬਾਇਓਸ (bios) ਅਤੇ ਜੈਨਿਸਿਸ (genesis) ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਨਾਂਹ' ਦੇ, 'ਜੀਵਨ' ਦੇ ਅਤੇ 'ਜਨਮ' ਦੇ। ਜਿਹੜਾ ਜੀਵ-ਵਿਗਿਆਨਕ ਸਿਧਾਂਤ ਇਹ ਦਰਸਾਉਂਦਾ ਹੈ ਕਿ ਜੀਵਾਂ ਦੀ ਨਿਰਜੀਵ ਸ਼ੈਆਂ ਤੋਂ ਸੁਤੇ-ਸੁੱਧ ਉਪਜ ਹੁੰਦੀ ਰਹਿੰਦੀ ਹੈ, ਉਸੇ ਦੇ ਸਿਰਲੇਖ ਵਜੋਂ ਉਪਰੋਕਤ ਪਦ ਵਰਤਿਆ ਜਾਂਦਾ ਹੈ।

Abomasum (ਐਬਉਮੇਸੱਮ)

ਲਾਤੀਨੀ ਸ਼ਬਦ ਐਬ (ab) ਅਤੇ ਉਮੇਸੱਮ (omasum) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਲਾਂਭੇ' ਅਤੇ 'ਪੇਟ' ਦੇ ਜਾਂ 'ਗੋਗੜ' ਦੇ। ਜੁਗਾਲੀ ਕਰਨ ਵਾਲੇ ਪਸ਼ੂਆਂ ਦਾ ਮਿਹਦਾ ਚੌਂਹ ਖਾਨਿਆਂ 'ਚ ਵੰਡਿਆ ਹੁੰਦਾ ਹੈ ਅਤੇ ਇਨ੍ਹਾਂ ਚੋਂ ਚੌਥੇ ਖਾਨੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Aboral (ਐਬਉਰੈਲ)

ਦੋ ਲਾਤੀਨੀ ਸ਼ਬਦ ਐਬ (ab) ਅਤੇ ਆਰਿਸ (oris) ਇਸ ਪਦ ਦਾ ਭਾਗ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਲਾਂਭੇ' ਅਤੇ ਦੂਜੇ ਦੇ 'ਮੂੰਹ' ਦੇ। ਉਨ੍ਹਾਂ ਅੰਗਾਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ ਜਿਹੜੇ ਮੂੰਹ ਤੋਂ ਲਾਂਭੇ ਜਾਂ ਫਿਰ ਇਸ ਦੇ ਉਲਟੇ ਪਾਸੇ ਸਥਿਤ ਹਨ।

Abortion (ਐਬਾਰਸ਼ੱਨ)

ਲਾਤੀਨੀ ਸ਼ਬਦ ਐਬਾਰਟਸ (abortus) ਇਸ ਪਦ ਦਾ ਸ੍ਰੋਤ ਹੈ, ਜਿਸ ਦੇ ਅਰਥ ਹਨ 'ਅਗੇਤਰੀ ਪੈਦਾਇਸ਼' ਦੇ। ਸਮੇਂ ਤੋਂ ਪਹਿਲਾਂ, ਭਰੂਣ ਦੀ ਕੱਚੀ ਅਵੱਸਥਾ 'ਚ ਹੋਈ ਪੈਦਾਇਸ਼ ਨੂੰ

ਉਪਰੋਕਤ ਪਦ ਦਰਸਾਉਂਦਾ ਹੈ।

Abscise (ਐਬਸਾਇਜ਼)

ਲਾਤੀਨੀ ਸ਼ਬਦ ਐਬਸਿਡਰਿ (abscidere) ਤੋਂ ਇਹ ਪਦ ਬਣਿਆ ਹੈ, ਜਿਸ ਦੇ ਅਰਥ ਹਨ 'ਵੱਖ ਕਰ ਦੇਣ' ਦੇ। ਰੁੱਖਾਂ ਬੂਟਿਆਂ ਦੀਆਂ ਟਹਿਣੀਆਂ ਨਾਲੋਂ ਪੱਤਰਾਂ ਅਤੇ ਫਲਾਂ ਦੇ ਝੜਣ ਦੀ ਪ੍ਰਕ੍ਰਿਆ ਦਾ ਉਪਰੋਕਤ ਪਦ ਪ੍ਰਤੀਕ ਹੈ।

Absciss (ਐਬਸਿਸ)

ਲਾਤੀਨੀ ਸ਼ਬਦ ਐਬਸਿਨਡਰਿ (abscindere) ਇਸ ਪਦ ਦਾ ਆਧਾਰ ਹੈ ਅਤੇ ਜਿਸ ਦੇ ਅਰਥ ਹਨ 'ਵੱਖ ਹੋ ਜਾਣ' ਦੇ। ਰੁੱਖਾਂ- ਬੂਟਿਆਂ ਦੀਆਂ ਟਹਿਣੀਆਂ ਦੇ ਸੈੱਲਾਂ ਦੀ ਉਸ ਬਾਹਰੀ ਪਰਤ ਨੂੰ ਉਪਰੋਕਤ ਪਦ ਦਰਸਾਉਂਦਾ ਹੈ ਜਿਥੋਂ ਕਿ ਪੱਤਰ ਅਤੇ ਫਲ ਟੁੱਟ ਕੇ ਵੱਖ ਹੋ ਜਾਂਦੇ ਹਨ।

Absorption (ਐਬਜ਼ਾਰਪਸ਼ੱਨ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ ਐਬਜ਼ਾਰਬਰਿ (absorbere) ਹੈ, ਜਿਸ ਦੇ ਅਰਥ 'ਸੋਖਣ' ਦੇ ਹਨ। ਜਿਸ ਪ੍ਰਕ੍ਰਿਆ ਦੁਆਰਾ ਸੈੱਲ ਬਾਹਰਲੇ ਤਰਲ ਪਦਾਰਥਾਂ ਨੂੰ ਆਪਣੇ ਅੰਦਰ ਸੋਖਦੇ ਰਹਿੰਦੇ ਹਨ, ਇਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Abterminal (ਐਬਟਰਮਿਨੈਲ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਐਬ (ab) ਅਤੇ ਟਰਮਿਨੱਸ (terminus); ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਲਾਂਭੇ' ਦੇ ਅਤੇ ਦੂਜੇ ਦੇ 'ਸਿਰੇ' ਦੇ। ਸਿਰੇ ਵੱਲੋਂ ਅੰਦਰ ਨੂੰ ਜਾਂਦੀ ਸੰਰਚਨਾ ਦੀ ਸਥਿਤੀ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Abyssal (ਐਬਿਸੈਲ)

ਯੂਨਾਨੀ ਸ਼ਬਦ ਐਬਿਸੱਸ (abyssos) ਤੋਂ ਇਹ ਪਦ ਬਣਿਆ ਹੈ, ਜਿਸ ਦੇ ਅਰਥ ਹਨ 'ਅਥਾਹ' ਦੇ। ਜਿਹੜੇ ਜੀਵ ਸਾਗਰੀ ਡੂੰਘਾਣਾਂ 'ਚ ਵਿਚਰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Acanaceous (ਐਕੈਨੇਸ਼ਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਐਕੈਨੱਸ (akanos) ਹੈ, ਜਿਸ ਦੇ ਅਰਥ ਹਨ 'ਕੰਡਿਆਲੇ' ਦੇ। ਕੰਡਿਆਲੇ ਬੂਟੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Acantha (ਐਕੈਨਥਾ)

ਯੂਨਾਨੀ ਸ਼ਬਦ ਐਕੈਨਥਾ (akantha) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਕੰਡੇ' ਦੇ ਅਤੇ ਕੰਡੇ ਲਈ ਹੀ ਉਪਰੋਕਤ ਪਦ ਵਰਤਿਆ ਜਾਂਦਾ ਹੈ।

Acanthaceous (ਐਕੈਨਥੇਸ਼ਿਅਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਐਕੈਨਥਾ (akantha) ਹੈ, ਜਿਸ ਦੇ ਅਰਥ 'ਕੰਡੇ' ਦੇ ਹਨ। ਕੰਡਿਆਲੀ ਪਰਤ ਵਾਲੇ ਜੀਵ ਲਈ ਇਹ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Acanthin (ਐਕੈਨਥਿਨ)

ਯੂਨਾਨੀ ਸ਼ਬਦ ਐਕੈਨਥਾ (akantha) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ, 'ਕੰਡੇ' ਦੇ। ਪਰ ਉਪਰੋਕਤ ਪਦ ਉਸ ਪਦਾਰਥ ਲਈ ਵਰਤਿਆ ਜਾਂਦਾ ਹੈ, ਜਿਸ ਤੋਂ ਰੇਡਿਓਲੇਰੀਅਨ ਸਦਵਾਉਂਦੇ ਜੀਵਾਂ ਦੇ ਸੂਲਾਂ ਜਿਹੇ ਪਿੰਜਰ ਦਾ ਨਿਰਮਾਣ ਹੁੰਦਾ ਹੈ।

Acanthocarpous (ਐਕੈਨਥੱਕਾਰਪਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਮੂਲ ਹਨ, ਪਹਿਲਾ ਐਕੈਨਥਾ (akantha), ਜਿਸ ਦੇ ਅਰਥ ਹਨ 'ਕੰਡੇ' ਦੇ ਅਤੇ ਦੂਜਾ ਕਾਰਪੱਸ (karpos), ਜਿਸ ਦੇ ਅਰਥ ਹਨ 'ਫਲ' ਦੇ। ਉਸ

ਬੂਟੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਨੂੰ ਕੰਡਿਆਲੇ ਫਲ ਲਗਦੇ ਹਨ।

Acanthocladous (ਐਕੈਨਥੱਕਲੇਡਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ, ਐਕੈਨਥਾ (akantha) ਅਤੇ ਕਲੇਡੱਸ (klados) ਸਮਾਏ ਹੋਏ ਹਨ, ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ 'ਕੰਡੇ' ਦੇ ਹਨ ਅਤੇ ਦੂਜੇ ਦੇ 'ਟਹਿਣੀ' ਦੇ। ਉਸ ਬੂਟੇ ਜਾਂ ਰੁੱਖ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦੀਆਂ ਕੰਡਿਆਲੀਆਂ ਟਹਿਣੀਆਂ ਹੁੰਦੀਆਂ ਹਨ।

Acanthoid (ਐਕੈਨਥਾਇਡ)

ਯੂਨਾਨੀ ਸ਼ਬਦ ਐਕੈਨਥਾ (akantha) ਅਤੇ ਇੱਡਸ (eidos) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ 'ਕੰਡੇ' ਦੇ ਅਤੇ 'ਨੁਹਾਰ' ਦੇ ਹਨ। ਸਰੀਰ ਦੀ ਅਜਿਹੀ ਸੰਰਚਨਾ ਜਾਂ ਬਣਤਰ ਲਈ ਇਹ ਪਦ ਵਰਤਿਆ ਜਾਂਦਾ ਹੈ ਜਿਸ ਦੀ ਨੁਹਾਰ ਕੰਡੇ ਜਿਹੀ ਹੁੰਦੀ ਹੈ।

Acarology (ਐਕੱਰਾਲੱਜਿ)

ਲਾਤੀਨੀ ਸ਼ਬਦ ਐਕੈਰਸ (acarus) ਅਤੇ ਯੂਨਾਨੀ ਸ਼ਬਦ ਲਾਗੱਸ (logos) ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਪਤ-ਜੂੰ (ਕੁਤਕੀ)' ਦੇ ਅਤੇ ਦੂਜੇ ਦੇ 'ਅਧਿਐਨ' ਦੇ। ਚਿੱਚੜਾਂ-ਚਿੱਚੜੀਆਂ ਅਤੇ ਕੁਤਕੀਆਂ (mites) ਦੇ ਅਧਿਐਨ-ਵਿਸ਼ੇ ਦਾ ਇਹ ਨਾਮ ਹੈ।

Acarpous (ਅੱਕਾਰਪੱਸ)

ਯੂਨਾਨੀ ਸ਼ਬਦ ਏ (a) ਦੇ ਅਰਥ ਹਨ 'ਬਿਨਾਂ' ਦੇ ਅਤੇ ਕਾਰਪਸ ਦੇ ਅਰਥ ਹਨ 'ਫਲ' ਦੇ ਅਤੇ ਇਹੋ ਦੋਵੇਂ ਸ਼ਬਦ ਇਸ ਪਦ ਦਾ ਆਧਾਰ ਹਨ। ਇਸ ਪਦ ਨੂੰ ਅਜਿਹੇ ਬੂਟੇ ਜਾਂ ਰੁੱਖ ਲਈ ਵਰਤਿਆ ਜਾਂਦਾ ਹੈ, ਜਿਸ ਨੂੰ ਫਲ ਨਹੀਂ ਲਗਦੇ।

Acauline (ਅੱਕਾੱਲਿਨ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਪਹਿਲਾ ਏ (a), ਜਿਸ ਦੇ ਅਰਥ ਹਨ 'ਬਿਨਾਂ' ਦੇ ਅਤੇ ਦੂਜਾ ਕਾਲੱਸ (kaulos), ਜਿਸ ਦੇ ਅਰਥ ਹਨ 'ਡੰਡੀ' ਜਾਂ 'ਤਣੇ' ਦੇ। ਬਿਨਾਂ ਤਣੇ ਦੇ ਝਾੜ-ਬੂਟੇ ਲਈ ਇਹ ਪਦ ਵਰਤਿਆ ਜਾਂਦਾ ਹੈ।

Accelerator (ਐਕਸੈਲਰੇਟਰ)

ਲਾਤੀਨੀ ਸ਼ਬਦ ਐਕਸੈਲਰਿਅਰ (accelerare) ਤੋਂ ਇਹ ਪਦ ਬਣਿਆ ਹੈ, ਜਿਸ ਦੇ ਅਰਥ ਹਨ 'ਕਾਹਲੀ ਕਰਨ' ਦੇ। ਉਸ ਮਾਸਪੇਸ਼ੀ ਜਾਂ ਨਸ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ ਜਿਹੜੀ ਕਿਸੇ ਵੀ ਪ੍ਰਕਾਰ ਦੀ ਸਰੀਰਕ ਗਤੀਵਿਧੀ 'ਚ ਵਾਧਾ ਕਰੇ।

Accessory (ਐਕਸੈਸਰਿ)

ਇਹ ਪਦ ਲਾਤੀਨੀ ਸ਼ਬਦ ਐਕਸੈਡਿਰਿ (accedere) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਸਹਾਇਕ' ਦੇ। ਉਸ ਮਾਸਪੇਸ਼ੀ ਜਾਂ ਨਸ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ ਜਿਹੜੀ ਦੂਜੀ ਮਾਸਪੇਸ਼ੀ ਜਾਂ ਨਸ ਦੀ, ਉਸ ਦੇ ਕਾਰਜ 'ਚ ਸਹਾਇਤਾ ਕਰਦੀ ਹੈ।

Acclimatisation (ਐਕਲਿਮੇਟਾਇਜ਼ੇਸ਼ਨ)

ਇਕ ਲਾਤੀਨੀ ਅਤੇ ਇਕ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ; ਲਾਤੀਨੀ ਸ਼ਬਦ, ਐਡ (ad) ਦੇ ਅਰਥ ਹਨ 'ਵੱਲ' ਦੇ ਅਤੇ ਯੂਨਾਨੀ ਸ਼ਬਦ, ਕਲਿਮਾ (klima) ਦੇ ਅਰਥ ਹਨ 'ਜਲ-ਵਾਯੂ' ਦੇ। ਜਿਥੇ ਇਕ ਜੀਵ ਆਮ ਤੌਰ 'ਤੇ ਵਿਚਰਦਾ ਹੈ, ਉਸ ਨਾਲੋਂ ਵਖਰੇ ਵਾਤਾਵਰਨ 'ਚ ਵਿਚਰਨ ਦੇ ਆਦੀ ਹੋ ਜਾਣ ਨੂੰ ਇਹ ਪਦ ਦਰਸਾਉਂਦਾ ਹੈ।

Accomodation (ਅੱਕਾਮੋਡੇਸ਼ਨ)

ਦੋ ਲਾਤੀਨੀ ਸ਼ਬਦ ਇਸ ਪਦ ਦਾ

ਆਧਾਰ ਹਨ, ਇਕ ਐਡ (ad), ਜਿਸ ਦੇ ਅਰਥ ਹਨ 'ਵੱਲ' ਦੇ ਅਤੇ ਦੂਜਾ ਕਾਮੋਂਡਸ (commodos), ਜਿਸ ਦੇ ਅਰਥ ਹਨ 'ਢੁਕਵੇਂਪਣ' ਦੇ। ਇਹ ਪਦ ਅੱਖ ਦੀ ਉਸ ਵਿਸ਼ੇਸ਼ਤਾ ਦਾ ਪ੍ਰਤੀਕ ਹੈ ਜਿਸ ਕਾਰਨ ਇਹ ਦੂਰ ਨੇੜੇ ਦੀ ਹਰ ਇਕ ਵਸਤੂ ਨੂੰ ਭਲੀ ਪ੍ਰਕਾਰ ਵੇਖ ਸਕਦੀ ਹੈ।

Acellular (ਅਸੈੱਲੁਲਰ)

ਲਾਤੀਨੀ ਸ਼ਬਦਾਂ ਏ (a) ਅਤੇ ਸੈੱਲੁਲਾ (callula) ਤੋਂ ਇਹ ਪਦ ਬਣਿਆ ਹੈ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਿਨਾਂ' ਦੇ ਅਤੇ 'ਸੈੱਲਾਂ' ਦੇ। ਇਹ ਪਦ ਉਸ ਜੀਵ ਲਈ ਵਰਤਿਆ ਜਾਂਦਾ ਹੈ ਜਿਸ ਦੀ ਦੇਹ ਕੇਵਲ ਇਕੋ-ਇਕ ਸੈੱਲ ਦੀ ਬਣੀ ਹੁੰਦੀ ਹੈ, ਭਾਵ ਬਹੁ-ਸੈੱਲੀ ਨਹੀਂ ਹੁੰਦੀ, ਜਿਹੀ ਕਿ ਆਮ ਸਥਿਤੀ ਹੈ।

Acentric (ਅੱਸੈਂਟ੍ਰਿਕ)

ਯੂਨਾਨੀ ਸ਼ਬਦ ਏ (a) ਅਤੇ ਕੈਨਟਰਾਨ (kentron) ਇਸ ਪਦ ਦਾ ਆਧਾਰ ਹਨ, ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਿਨਾਂ' ਦੇ ਅਤੇ ਦੂਜੇ ਦੇ 'ਕੇਂਦਰ' ਦੇ। ਇਸ ਪਦ ਨੂੰ ਉਸ ਕ੍ਰੋਮੋਸੋਮ ਲਈ ਵਰਤਿਆ ਜਾਂਦਾ ਹੈ, ਜਿਹੜਾ ਸੈਂਟ੍ਰੋਮੀਅਰ (centromere) ਤੋਂ ਬਿਨਾ ਹੁੰਦਾ ਹੈ।

Acephalous (ਐਕਫੈਲਸ; ਐਸਫੈਲਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਏ (a) ਅਤੇ kephale (ਕਫ਼ੈਲਿ) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਿਨਾਂ' ਦੇ ਅਤੇ ਦੂਜੇ ਦੇ 'ਸਿਰ' ਦੇ। ਉਸ ਪ੍ਰਾਣੀ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜਾ ਸਿਰ ਜਾਂ ਸਿਰ ਦੀ ਤੁਲਣਾ ਦੀ ਕਿਸੇ ਬਣਤਰ ਤੋਂ ਬਿਨਾਂ ਹੁੰਦਾ ਹੈ, ਜਿਵੇਂ ਕਿ ਸਿੱਪ, ਘੋਗੇ ਆਦਿ।

Acervate (ਐਸੈਰਵੇਟ)

ਲਾਤੀਨੀ ਸ਼ਬਦ ਐਸੈਰਵਰਿ (acervare) ਇਸ ਪਦ ਦਾ ਆਧਾਰ ਹੈ, ਜਿਸ ਦੇ ਆਪਣੇ ਅਰਥ ਹਨ 'ਇਕੱਤਰ ਕਰਨ' ਦੇ। ਅਣੂਆਂ ਜਾਂ ਸਪੋਰਾਂ ਦੇ ਬੇਤਰਤੀਬ ਅੰਬਾਰ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Acetabulum (ਐਸਿਟੈਬੁਲੱਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪਿਆਲੀ' ਦੇ। ਪ੍ਰਾਣੀ ਸਰੀਰ ਅੰਦਰਲੀ ਕਟੋਰੀ ਜਿਹੀ ਖੋੜ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਵੇਂ ਕਿ ਪੁੱਠੇ ਦੇ ਹੱਡਲ ਘੇਰੇ ਅੰਦਰਲੇ ਸਾਕਿਟ ਲਈ, ਜਿਸ ਅੰਦਰ ਪੱਟ ਦੀ ਫੀਮਰ ਹੱਡੀ ਦਾ ਸਿਰਾ ਫਿੱਟ ਹੁੰਦਾ ਹੈ ਅਤੇ ਜਾਂ ਫਿਰ ਕੀਟਾਂ ਦੀ ਛਾਤੀ ਹੇਠਲੀ ਖੋੜ ਲਈ, ਜਿਥੇ ਟੰਗ ਜੜੀ ਹੁੰਦੀ ਹੈ।

Achene (ਐਕੀਨ)

ਯੂਨਾਨੀ ਆਧਾਰ ਵਾਲੇ ਇਸ ਪਦ ਨੂੰ ਬੂਟਿਆਂ ਦੇ ਇਕਹਿਰੇ ਬੀਜ ਵਾਲੇ ਗਿਰੀਦਾਰ ਸੁੱਕੇ ਫਲ ਲਈ ਵਰਤਿਆ ਜਾਂਦਾ ਹੈ।

Achromatin (ਐਕਰੋਮੈਟਿਨ)

ਯੂਨਾਨੀ ਸ਼ਬਦ ਏ (a) ਦੇ ਅਰਥ ਹਨ 'ਬਿਨਾਂ' ਦੇ, ਅਤੇ ਕ੍ਰੋਮਾ (chroma) ਦੇ ਅਰਥ ਹਨ 'ਰੰਗ' ਦੇ। ਸੈੱਲ ਦੇ ਨਿਊਕਲੀਅਸ ਅੰਦਰਲੇ ਨਾ ਰੰਗੇ ਜਾ ਸਕਣ ਵਾਲੇ ਪਦਾਰਥ ਨੂੰ ਇਹ ਪਦ ਦਰਸਾਉਂਦਾ ਹੈ।

Acid gland (ਐਸਿਡ ਗਲੈਂਡ)

ਐਸਿਡ ਦੇ ਅਰਥ ਹਨ 'ਤੇਜ਼ਾਬ' ਦੇ ਅਤੇ ਗਲੈਂਡ ਦੇ, 'ਗ੍ਰੰਥੀ' ਦੇ। ਉਸ ਗ੍ਰੰਥੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਚੋਂ ਤੇਜ਼ਾਬੀ ਰਸ ਰਿਸਦੇ ਹਨ ਅਤੇ ਅਜਿਹੀ ਗ੍ਰੰਥੀ ਕੀੜੀਆਂ, ਭਰਿੰਡਾਂ ਅਤੇ ਮੱਧੂ-ਮੱਖੀਆਂ ਦੀ ਵਿਸ਼ੇਸ਼ਤਾ ਹੈ।

Acoelomate (ਐਸਿੱਲੋਮੇਟ)

ਦੋ ਯੂਨਾਨੀ ਸ਼ਬਦ ਏ (a) ਅਤੇ

ਕੋਇਲਮਾ (koiloma) ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਿਨਾਂ' ਤੇ 'ਖਾਲੀ'ਦੇ। ਉਸ ਪ੍ਰਾਣੀ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜਾ ਸਿਲੋਮ (ਸਰੀਰਕ ਖੋੜ) ਤੋਂ ਬਿਨਾਂ ਹੈ।

Acoelous (ਐਸੀਲਸ)

ਯੂਨਾਨੀ ਸ਼ਬਦ ਏ (a) ਦੇ ਅਰਥ ਹਨ 'ਬਿਨਾਂ' ਦੇ ਅਤੇ ਕੋਇਲਸ (koilos) ਦੇ 'ਖੋਖਲੇ' ਦੇ ਅਤੇ ਇਨ੍ਹਾਂ ਹੀ ਦੋ ਸ਼ਬਦਾਂ ਤੋਂ ਉਪਰੋਕਤ ਪਦ ਬਣਿਆ ਹੈ, ਜਿਸ ਨੂੰ ਰੀੜ ਦੀ ਹੱਡੀ ਦੇ ਉਸ ਮਣਕੇ ਲਈ ਵਰਤਿਆ ਜਾਂਦਾ ਹੈ, ਜਿਸ ਦੀ ਕਾਠੀ (centrum) ਪੱਧਰੀ ਹੁੰਦੀ ਹੈ।

Acotyledon (ਐਕਾਟਿਲੀਡਨ)

ਦੋ ਯੂਨਾਨੀ ਸ਼ਬਦ, ਏ (a) ਅਤੇ ਕਾਟਿਲੀਡਨ (kotyledon) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਿਨਾਂ' ਦੇ ਅਤੇ ਦੂਜੇ ਦੇ 'ਖੋਖਲੇਪਣ' ਦੇ। ਬੀਜ-ਪੱਤੀ (cotyledon) ਬਿਨਾਂ ਬੀਜ ਵਾਲੇ ਪੌਦੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Acoustie (ਐਕੂਸਟਿਕ)

ਇਹ ਪਦ ਯੂਨਾਨੀ ਸ਼ਬਦ ਐਕੂਇਨ (akouein) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ 'ਸੁਣਨ' ਦੇ ਹਨ। ਪ੍ਰਾਣੀ ਸਰੀਰ ਦੇ ਉਸ ਅੰਗ ਜਾਂ ਨਸ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਸੁਣਨ ਨਾਲ ਹੈ। ਧੁਨੀ-ਵਿਗਿਆਨ ਲਈ ਵੀ ਇਸ ਪਦ ਨੂੰ ਸਿਰਲੇਖ ਵਜੋਂ ਵਰਤਿਆ ਜਾਂਦਾ ਹੈ।

Acquired character (ਐਕੁਆਇਰਡ ਕੈਰਿਕਟਰ)

ਇਸ ਪਦ ਅੰਦਰਲੇ ਦੋਵੇਂ ਸ਼ਬਦ ਸਾਧਾਰਨ ਵੀ ਵਰਤੋਂ 'ਚ ਆਉਂਦੇ ਰਹਿੰਦੇ ਹਨ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਉਪਰੋਕਤ ਪਦ ਨੂੰ ਸਰੀਰ ਦੀ ਅਜਿਹੀ ਵਿਸ਼ੇਸ਼ਤਾ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਸ ਨੂੰ ਜੀਵ ਆਪਣੇ ਜੀਵਨ ਦੌਰਾਨ ਅਪਣਾਉਂਦਾ ਹੈ ਅਤੇ ਅਜਿਹਾ ਕਿਸੇ ਅੰਗ ਦੀ ਜਾਂ ਸਰੀਰ ਦੇ ਕਿਸੇ ਭਾਗ ਦੀ ਘੱਟ ਜਾਂ ਵੱਧ ਵਰਤੋਂ ਕਰਨ ਕਾਰਨ ਹੁੰਦਾ ਹੈ।

Acropetal (ਐਕਰੱਪਿਟੈਲ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਐਕਰੋਸ (akros) ਅਤੇ ਲਾਤੀਨੀ ਸ਼ਬਦ ਪਟਿਅਰ (petere) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ, 'ਸਿਰੇ' ਦੇ ਅਤੇ ਦੂਜੇ ਦੇ, 'ਖੋਜਣ' ਦੇ। ਉਪਰੋਕਤ ਪਦ ਬੂਟਿਆਂ ਅੰਦਰਲੀ ਉਸ ਵਿਉਂਤ ਲਈ ਵਰਤਿਆ ਜਾਂਦਾ ਹੈ ਜਿਸ 'ਚ ਪੱਤਰ ਜਾਂ ਜੜ੍ਹਾਂ ਕੇਂਦਰੀ ਧੁਰੇ ਦੁਆਲੇ ਅਗੜ-ਪਿਛੜ ਸਿਲਸਿਲੇਵਾਰ ਇੰਜ ਉਗਦੀਆਂ ਰਹਿੰਦੀਆਂ ਹਨ, ਕਿ ਸਭਨਾਂ ਨਾਲੋਂ ਨਵੀਂ ਜੜ੍ਹ ਜਾਂ ਕਰੂੰਬਲ ਸਿਰੇ ਤੇ ਹੀ ਰਹਿੰਦੀ ਹੈ।

Acrophyte (ਐਕਰੱਫਾਇਟ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਐਕਰੋਸ (akros) ਅਤੇ ਫ਼ਾਇਟਨ (phyton), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਸਿਰੇ' ਦੇ ਅਤੇ ਦੂਜੇ ਦੇ 'ਬੂਟੇ' ਦੇ। ਪਹਾੜੀ ਚੋਟੀਆਂ 'ਤੇ ਉਗਦੇ ਬੂਟਿਆਂ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Acropodium (ਐਕਰੱਪੋਡੀਅਮ)

ਇਸ ਪਦ 'ਚ ਯੂਨਾਨੀ ਸ਼ਬਦ ਐਕਰੋਸ (akros) ਅਤੇ ਪੋਅਸ (pous) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਿਰੇ' ਦੇ ਤੇ 'ਪੈਰ' ਦੇ। ਪ੍ਰਾਣੀਆਂ ਦੀਆਂ ਟੰਗਾਂ ਦੇ ਸਿਰਿਆਂ 'ਤੇ ਸਥਿਤ ਉਂਗਲਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Acrosome (ਐਕਰੋਸੋਮ)

ਯੂਨਾਨੀ ਸ਼ਬਦ ਐਕਰੋਸ (akros) ਅਤੇ ਸੋਮੱਾ (soma) ਇਸ ਪਦ ਦਾ ਆਧਾਰ ਹਨ, ਜਿਨ੍ਹਾਂ

ਦੇ ਕ੍ਰਮਵਾਰ ਅਰਥ ਹਨ 'ਸਿਰੇ' ਦੇ ਅਤੇ 'ਕਾਇਆ' ਦੇ। ਸ਼ੁਕਰਾਣੂ ਦੀ ਕਾਇਆ ਦਾ ਅਗਲਾ ਭਾਗ ਨਿਰੋਲ ਨਿਊਕਲੀਅਸ ਹੁੰਦਾ ਹੈ, ਜਿਸ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Acrospore (ਐਕਰੱਸਪੋਰ)

ਇਸ ਪਦ 'ਚ ਯੂਨਾਨੀ ਸ਼ਬਦ ਐਕਰੋਸ (akros) ਅਤੇ ਸਪੋਰ (spore) ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਸਿਰੇ' ਦੇ ਅਤੇ ਦੂਜੇ ਦੇ 'ਬੀਜਾਣੂ' ਦੇ। ਬੀਜਾਣੂ ਕੋਸ਼ ਅੰਦਰ ਇਸ ਦੇ ਸਿਰੇ 'ਤੇ ਸਥਿਤ ਸਪੋਰ ਜਾਂ ਬੀਜਾਣੂ ਲਈ ਉਪਰੋਕਤ ਪਦ ਰਾਖਵਾਂ ਹੈ।

Actin (ਐਕਟਿਨ)

ਯੂਨਾਨੀ ਸ਼ਬਦ ਐਕਟਿਸ (aktis) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕਿਰਨ' ਦੇ। ਇਕਹਿਰੀ ਮਾਸਪੇਸ਼ੀ ਦੀ ਕਿਰਨ ਜਿਹੀ ਨੁਹਾਰ ਹੁੰਦੀ ਹੈ ਅਤੇ ਇਸੇ ਦੀ ਪ੍ਰੋਟੀਨ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Actinobiology (ਐਕਇਨੱਬਾਇਓਲੱਜਿ)

ਤਿੰਨ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਐਕਟਿਸ (aktis), ਬਾਇਓਸ (bios) ਅਤੇ ਲੌਗਸ (logos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ: 'ਕਿਰਨ', 'ਜੀਵਨ' ਅਤੇ 'ਅਧਿਐਨ'। ਉਪਰੋਕਤ ਪਦ ਉਸ ਅਧਿਐਨ-ਵਿਸ਼ੇ ਲਈ ਵਰਤਿਆ ਜਾਂਦਾ ਹੈ ਜਿਸ ਦਾ ਸਬੰਧ ਜੀਵਾਂ ਉਪਰ ਵਿਕਿਰਨਾਂ (ਰੇਡੀਏਸ਼ਨ) ਦੇ ਪੈ ਰਹੇ ਪ੍ਰਭਾਵ ਨਾਲ ਹੁੰਦਾ ਹੈ।

Actinology (ਐਕਟਿਨਾਲੱਜਿ)

ਯੂਨਾਨੀ ਸ਼ਬਦ ਐਕਟਿਸ (aktis) ਅਤੇ ਲੌਗਸ (logos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕਿਰਨ' ਦੇ ਤੇ 'ਅਧਿਐਨ' ਦੇ। ਵਿਕਿਰਨਾਂ (ਰੇਡੀਏਸ਼ਨ) ਨਾਲ ਸਬੰਧਤ ਅਧਿਐਨ-ਵਿਸ਼ੇ ਲਈ ਉਪਰੋਕਤ ਪਦ ਵਰਤੋਂ 'ਚ ਆ ਰਿਹਾ ਹੈ।

Actinomorphic (ਐਕਟਿਨੱਮਾਰਫ਼ਿਕ)

ਇਸ ਪਦ ਅੰਦਰ ਦੋ ਯੂਨਾਨੀ ਸ਼ਬਦ ਸੰਮਿਲਤ ਹਨ,ਐਕਟਿਸ (aktis) ਅਤੇ ਮਾਰਫ਼ੀ (morphe), ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਕਿਰਨ' ਅਤੇ ਦੂਜੇ ਦੇ, 'ਨੁਹਾਰ'। ਕਿਰਨਮਈ ਸਮਰੂਪੀ (ਰੇਡੀਅਲ ਸਮਿੱਟਰਿ) ਨੁਹਾਰ ਵਾਲੇ ਜੀਵਾਂ ਲਈ ਇਸ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Activator (ਐਕਟਿਵੇਟੱਰ)

ਲਾਤੀਨੀ ਸ਼ਬਦ ਐਕਟਿਵਸ (activus) ਇਸ ਪਦ ਦਾ ਆਧਾਰ ਹੈ ਜਿਸ ਦੇ ਅਰਥ ਹਨ, 'ਸਰਗਰਮ'। ਸਰੀਰਕ ਵ੍ਰਿਧੀ ਐਨਜ਼ਾਈਮਾਂ ਦੀ ਸਰਗਰਮੀ ਉਪਰ ਨਿਰਭਰ ਹੁੰਦੀ ਹੈ ਅਤੇ ਜਿਹੜਾ ਪਦਾਰਥ ਇਨ੍ਹਾਂ ਨੂੰ ਸਰਗਰਮ ਕਰੇ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Aculeate (ਐਕਯੂਲਿਏਟ)

ਇਹ ਪਦ ਲਾਤੀਨੀ ਸ਼ਬਦ ਐਕਯੂਲਿਅਸ (aculeus) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਨੁਕੀਲੇ ਕੰਡੇ' ਦੇ। ਡੰਗਦਾਰ ਕੀਟ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਵੇਂ ਭਰਿੰਡ, ਸ਼ਹਿਦ ਦੀ ਮੱਖੀ ਆਦਿ।

Acyclic (ਅਸਾਇਕਲਿਕ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਏ (a) ਅਤੇ ਕਿਕਲੱਸ (kyklos), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਿਨਾਂ' ਦੇ ਅਤੇ ਦੂਜੇ ਦੇ 'ਗੋਲ ਦਾਇਰੇ' ਦੇ। ਉਸ ਫੁੱਲ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦੁਆਲੇ ਫੁੱਲ-ਪੱਤੀਆਂ ਗੋਲਾਈ 'ਚ ਨਹੀਂ, ਸਗੋਂ ਕੁੰਡਲਦਾਰ (ਪੇਚਦਾਰ) ਤਰਤੀਬ ਨਾਲ ਜੜੀਆਂ ਹੁੰਦੀਆਂ ਹਨ।

Adaptation (ਐਡੈਪਟੇਸ਼ਨ)

ਲਾਤੀਨੀ ਸ਼ਬਦ ਐਡੈਪਟੇਅਰ (adaptare) ਇਸ ਪਦ ਦਾ ਆਧਾਰ ਹੈ ਅਤੇ ਜਿਸ ਦੇ ਅਰਥ, 'ਅਨੁਕੂਲ ਹੋਣ' ਦੇ ਹਨ। ਉਸ ਪ੍ਰਕ੍ਰਿਆ ਨੂੰ ਇਹ ਪਦ ਦਰਸਾਉਂਦਾ ਹੈ, ਜਿਸ ਦੁਆਰਾ ਜੀਵ ਦੁਆਲੇ ਵਿਆਪਕ ਸਥਿਤੀ ਅਨੁਕੂਲ ਢਲਣ ਦੇ ਯਤਨ ਸਾਰੀ ਉਮਰ ਕਰਦਾ ਰਹਿੰਦਾ ਹੈ।

Adaptive radiation (ਐਡੈਪਟਿਵ ਰੇਡਿਏਸ਼ਨ)

ਇਸ ਪਦ ਦੇ ਦੋ ਭਾਗਾਂ ਚੋਂ ਪਹਿਲਾ, ਲਾਤੀਨੀ ਸ਼ਬਦ ਐਡੈਪਟੇਅਰ (adaptare) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਅਨੁਕੂਲ ਹੋਣ' ਦੇ ਅਤੇ ਦੂਜਾ ਆਮ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਸੰਚਾਰ' ਦੇ ਜਾਂ 'ਆਲੇ-ਦੁਆਲੇ ਪਸਰ ਜਾਣ' ਦੇ। ਹਰ ਇਕ ਜੀਵ-ਨਸਲ, ਸਮੇਂ ਨਾਲ ਵਿਕਸਿਤ ਹੁੰਦੀ ਹੋਈ, ਕਈ ਨਸਲਾਂ ਨੂੰ ਜਨਮ ਦੇ ਦਿੰਦੀ ਹੈ, ਜਿਹੜੀਆਂ ਕਿ ਭਿੰਨ ਭਿੰਨ ਸਹਿਜਵਾਸਾਂ 'ਚ ਵਿਚਰਦੀਆਂ ਹੋਈਆਂ ਅਤੇ ਉਨ੍ਹਾਂ ਅਨੁਕੂਲ ਢਲਦੀਆਂ ਹੋਈਆਂ, ਵਿਕਾਸ ਦੀ ਰਾਹ ਪੈ ਜਾਂਦੀਆਂ ਹਨ। ਇਕ ਜੀਵ ਨਸਲ ਦੇ, ਸਮੇਂ ਨਾਲ, ਉਪ-ਨਸਲਾਂ 'ਚ ਹੁੰਦੇ ਰਹਿੰਦੇ ਵਿਕਾਸ ਲਈ ਹੀ ਉਪਰੋਕਤ ਦੋ-ਸ਼ਬਦਾ ਪਦ ਵਰਤਿਆ ਜਾਂਦਾ ਹੈ।

Adduction (ਐਡੱਕਸ਼ਨ)

ਲਾਤੀਨੀ ਸ਼ਬਦ ਐਡ (ad) ਅਤੇ ਡਯੂਸਰਿ (ducere) ਇਸ ਪਦ ਦੇ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵੱਲ' ਦੇ ਅਤੇ ਦੂਜੇ ਦੇ ਅਰਥ ਹਨ 'ਜਾਣ' ਦੇ। ਅਜਿਹੀ ਸਰੀਰਕ ਹਰਕਤ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜੀ ਕਿ ਕੋਈ ਅੰਗ ਸਰੀਰ ਵੱਲ ਨੂੰ ਕਰਦਾ ਹੈ। ਪੰਛੀ ਦਾ ਫ਼ੜਕਦਾ ਹੋਇਆ ਪਰ, ਮੱਛੀ ਦਾ ਪਰ ਤੇ ਮਨੁੱਖ ਦੀ ਬਾਂਹ ਇਸ ਪ੍ਰਕਾਰ ਦੀ ਹਰਕਤ ਸਾਧਾਰਨ ਹੀ ਕਰਦੇ ਰਹਿੰਦੇ ਹਨ।

Adductor (ਐਡੱਕਟਰ)

ਦੋ ਲਾਤੀਨੀ ਸ਼ਬਦਾਂ ਐਡ (ad) ਅਤੇ ਡਯੂਸਰਿ (ducere) ਤੋਂ ਇਹ ਪਦ ਬਣਿਆ ਹੈ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਵੱਲ' ਦੇ ਤੇ 'ਜਾਣ' ਦੇ। ਉਪਰੋਕਤ ਪਦ ਉਸ ਮਾਸਪੇਸ਼ੀ ਲਈ ਵਰਤੋਂ 'ਚ ਆ ਰਿਹਾ ਹੈ, ਜਿਹੜੀ ਕਿ ਕਿਸੇ ਅੰਗ ਦੀ ਸਰੀਰ ਵੱਲ ਨੂੰ ਕੀਤੀ ਜਾ ਰਹੀ ਹਰਕਤ ਲਈ ਜ਼ਿੰਮੇਵਾਰ ਹੁੰਦੀ ਹੈ।

Adendritic (ਅਡੈਨਡ੍ਰਿਟਿਕ)

ਦੋ ਯੂਨਾਨੀ ਸ਼ਬਦ, ਏ (a) ਅਤੇ ਡੈਨਡਰੱਨ (dendron), ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਿਨਾਂ' ਦੇ ਅਤੇ ਦੂਜੇ ਦੇ 'ਟਹਿਣੀਦਾਰ ਪੌਦੇ' ਦੇ। ਅਜਿਹੇ ਸੈੱਲ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ ਜਿਹੜਾ ਸ਼ਾਖਾਂ ਤੋਂ ਬਿਨਾਂ ਹੁੰਦਾ ਹੈ।

Adenine (ਐੱਡਨਿਨ)

ਯੂਨਾਨੀ ਸ਼ਬਦ ਐਡਿਨ (aden) ਇਸ ਪਦ ਦਾ ਆਧਾਰ ਹੈ ਅਤੇ ਜਿਸ ਦੇ ਅਰਥ ਹਨ 'ਗਦੂਦ' (ਗਲੈਂਡ) ਦੇ। ਉਪਰੋਕਤ ਨਾਮ ਇਕ ਨਾਈਟ੍ਰੋਜਨੀ ਖਾਰ ਦਾ ਹੈ, ਜਿਹੜਾ ਦੋਵਾਂ ਨਿਊਕਲੀ ਤੇਜ਼ਾਬਾਂ, ਆਰ ਐਨ ਏ ਅਤੇ ਡੀ ਐਨ ਏ ਅੰਦਰ ਇਕ ਕੜੀ ਵਜੋਂ ਜੜਿਆ ਹੁੰਦਾ ਹੈ।

Adenoblast (ਐਡਅਨੋਬਲੈਸਟ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਐਡਿਨ (aden) ਅਤੇ ਬਲਾਸਟੱਸ (blostos), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਗਦੂਦ' ਦੇ ਅਤੇ ਦੂਜੇ ਦੇ 'ਕਲੀ' ਦੇ। ਭਰੂਣ ਅੰਦਰਲੇ ਰਸ ਉਪਜਾਊ ਸੈੱਲਾਂ ਲਈ ਉਪਰੋਕਤ ਪਦ ਰਾਖਵਾਂ ਹੈ।

Adenocyte (ਐਡਿਅਨੋਸਾਈਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ

ਹਨ, ਐਡਿਨ (aden) ਅਤੇ ਕਿਟੱਸ (kytos), ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ 'ਗਦੂਦ' ਦੇ ਅਤੇ 'ਥੋਥੇ' ਦੇ ਹਨ। ਗਦੂਦ ਅੰਦਰਲੇ ਰਸ ਉਪਜਾਊ ਸੈੱਲਾਂ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ।

Adenylic acid (ਐਡੱਨਿਲਿਕ ਐਸਿਡ)

ਵਿਟਾਮਿਨ B8 ਦਾ ਇਹ ਰਸਾਇਣਕ ਨਾਮ ਹੈ ਅਤੇ ਧਾਰੀਦਾਰ ਮਾਸਪੇਸ਼ੀਆਂ ਦੀ ਕ੍ਰਿਆ 'ਚ ਇਸ ਦੀ ਮਹੱਤਵਪੂਰਨ ਭੂਮਿਕਾ ਹੈ।

Adipose (ਐਡਿਪੋਜ਼)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਐਡੱਪਸ (adeps) ਹੈ, ਜਿਸ ਦੇ ਅਰਥ ਹਨ 'ਚਰਬੀ' ਦੇ। ਪ੍ਰਾਣੀ-ਸਰੀਰ ਅੰਦਰ ਇਕੱਤਰ ਹੋਈ ਚਰਬੀ ਲਈ ਇਹ ਪਦ ਵਰਤਿਆ ਜਾਂਦਾ ਹੈ।

Adrenal gland (ਅਡਰੀਨਲ ਗਲੈਂਡ)

ਇਸ ਪਦ ਦਾ ਪਹਿਲਾ ਭਾਗ ਦੋ ਲਾਤੀਨੀ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ, ਏੱਡ (ad) ਤੋਂ ਤੇ ਰੀਨਿ (rene) ਤੋਂ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵੱਲ' ਦੇ ਅਤੇ ਦੂਜੇ ਦੇ 'ਗੁਰਦੇ' ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ ਜਿਹੜਾ ਕਿ 'ਗ੍ਰੰਥੀ' ਲਈ ਵਰਤਿਆ ਜਾਂਦਾ ਹੈ। ਗੁਰਦੇ ਉਪਰ ਸਥਿਤ ਗ੍ਰੰਥੀ ਜਾਂ ਗਲੈਂਡ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਚੋਂ ਰਿਸਦੇ ਹਾਰਮੋਨ 'ਸਿੰਪੇਥਟਿਕ (ਅਨੁਕੰਪੀ) ਨਸ-ਪ੍ਰਣਾਲੀ' ਨੂੰ ਅਤੇ 'ਲਹੂ ਦੇ ਦਬਾਓ' ਨੂੰ ਪ੍ਰਭਾਵਿਤ ਕਰਦੇ ਹਨ।

Adrenaline (ਅਡਰੀਨਲਿਨ)

ਇਸ ਪਦ ਦੀ ਰਚਨਾ ਦਾ ਆਧਾਰ ਦੋ ਲਾਤੀਨੀ ਸ਼ਬਦ, ਏੱਡ (ad) ਅਤੇ ਰੀਨਿ (rene) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵੱਲ' ਦੇ ਅਤੇ 'ਗੁਰਦੇ' ਦੇ। ਅਡਰੀਨਲ ਗਲੈਂਡ ਚੋਂ ਰਿਸਦੇ ਹਾਰਮੋਨੀ ਰਸਾਂ ਚੋਂ ਇਕ ਨੂੰ ਇਸ ਨਾਮ ਨਾਲ ਜਾਣਿਆ ਜਾਂਦਾ ਹੈ ਜਿਹੜਾ ਕਿ ਡਰ ਦੀ ਸਥਿਤੀ ਅਧੀਨ ਰਿਸਦਾ ਹੈ।

Adrenocorticotrophic hormone (ਅਡਰਿਨੋਕਾਰਟਿਕੋਟ੍ਰਾਫਿਕ ਹਾਰਮੋਨ)

ਇਸ ਪਦ ਦਾ ਪਹਿਲਾ ਭਾਗ ਦੋ ਲਾਤੀਨੀ ਅਤੇ ਇਕ ਯੂਨਾਨੀ ਸ਼ਬਦਾਂ ਦੁਆਰਾ ਰਚਿਆ ਗਿਆ ਹੈ: ਲਾਤੀਨੀ ਸ਼ਬਦ ਹਨ, ਏੱਡ (ad) ਅਤੇ ਰੀਨਿ (rene), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵੱਲ' ਦੇ ਅਤੇ 'ਗੁਰਦੇ' ਦੇ; ਅਤੇ ਯੂਨਾਨੀ ਸ਼ਬਦ ਹੈ, ਟ੍ਰਾਫ਼ੀ (trophe), ਜਿਸ ਦੇ ਅਰਥ ਹਨ, 'ਖ਼ੁਰਾਕ' ਦੇ। ਪਦ ਦਾ ਦੂਜਾ ਭਾਗ ਨਲਕੀ ਰਹਿਤ ਗਲੈਂਡ ਚੋਂ ਰਿਸਦੇ ਰਸ ਲਈ ਵਰਤੋਂ 'ਚ ਆਉਂਦਾ ਸ਼ਬਦ ਹੈ। ਉਪਰੋਕਤ ਪਦ ਪਿਟਯੂਟਰਿ ਗ੍ਰੰਥੀ ਚੋਂ ਰਿਸਦੇ ਹਾਰਮੋਨੀ ਰਸ ਲਈ ਵਰਤਿਆ ਜਾਂਦਾ ਹੈ, ਜਿਸ ਦੇ ਪ੍ਰਭਾਵ ਅਧੀਨ ਅਡਰੀਨਲ ਗ੍ਰੰਥੀ ਕ੍ਰਿਆਸ਼ੀਲ ਹੁੰਦੀ ਹੈ।

Adventitious (ਐੱਡਵੇਨਟਿਸ਼ਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਅਨਿਯਮਤ' ਦੇ। ਪ੍ਰਾਣੀ ਸਰੀਰ ਅੰਦਰ ਜਾਂ ਫਿਰ ਰੁੱਖਾਂ-ਬੂਟਿਆਂ ਅੰਦਰ ਅਨੋਖੇ ਸਥਿਤ ਅੰਗਾਂ ਅਤੇ ਬੁਣਤਾਂ ਲਈ ਇਸ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ। ਰੁੱਖ-ਬੂਟੇ ਦੀ ਡੋਡੀ ਸਾਧਾਰਨ ਟਹਿਣੀ ਦੇ ਸਿਰੇ 'ਤੇ ਹੁੰਦੀ ਹੈ; ਪਰ ਜੇਕਰ ਇਹ ਹੋਰ ਕਿਧਰੇ ਵਿਖਾਈ ਦੇਵੇ ਤਾਂ ਉਸ ਲਈ ਉਪਰੋਕਤ ਪਦ ਵਰਤਿਆ ਜਾ ਸਕਦਾ ਹੈ।

Aedeagus (ਈਡੀਏਗਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਏਡੋਇਆ (aidoia) ਹੈ, ਜਿਸ ਦੇ ਅਰਥ ਹਨ 'ਜਣਨ-ਇੰਦਰੀ' ਦੇ। ਕੀਟਾਂ ਦੀ ਨਰ ਜਣਨ-ਇੰਦਰੀ ਨੂੰ ਦਰਸਾਉਣ ਲਈ ਇਹ ਪਦ ਵਰਤਿਆ ਜਾਂਦਾ ਹੈ।

Aerial (ਏਰੀਅਲ)

ਲਾਤੀਨੀ ਸ਼ਬਦ ਏਅਰ (aer) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਵਾਯੂ' ਦੇ। ਰੁੱਖਾਂ-ਪੌਦਿਆਂ ਦੀਆਂ ਜੜ੍ਹਾਂ ਜੇਕਰ ਭੂਮੀ ਤੋਂ ਬਾਹਰ ਦਿਸਣ ਤਾਂ ਉਨ੍ਹਾਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ। ਕੀਟਾਂ-ਪੰਛੀਆਂ ਦੇ ਵਿਚਰਨ ਢੰਗ ਲਈ ਵੀ ਇਹੋ ਪਦ ਵਰਤੋਂ 'ਚ ਆਉਂਦਾ ਹੈ।

Aerobe (ਏਅਰੋਬ)

ਯੂਨਾਨੀ ਸ਼ਬਦ ਏਅਰ (aer) ਅਤੇ ਬਾਇਅਸ (bios), ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਹਵਾ' ਜਾਂ 'ਵਾਯੂ' ਦੇ ਅਤੇ 'ਜੀਵਨ' ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਆਕਸੀਜਨ ਵਾਯੂਮੰਡਲ 'ਚ ਵਿਚਰਦੇ ਹਨ।

Aerobic (ਏਅਰੋਬਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਏਅਰ (aer) ਅਤੇ ਬਾਇਅਸ (bios) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵਾਯੂ' ਦੇ ਅਤੇ ਦੂਜੇ ਦੇ 'ਜੀਵਨ' ਦੇ। ਆਕਸੀਜਨ ਉਪਰ ਨਿਰਭਰ ਜੈਵਿਕ ਸਥਿਤੀ ਨੂੰ ਦਰਸਾਉਣ ਲਈ ਇਹ ਪਦ ਵਰਤਿਆ ਜਾਂਦਾ ਹੈ।

Aerobiology (ਏਅੱਰਬਾਇਆਲੱਜਿ)

ਤਿੰਨ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ: ਏਅਰ (aer), ਬਾਇਅਸ (bios) ਅਤੇ ਲੋਗੱਸ (logos) ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵਾਯੂ' ਦੇ, 'ਜੀਵਨ' ਦੇ ਅਤੇ 'ਅਧਿਐਨ' ਦੇ। ਉਪਰੋਕਤ ਪਦ ਵਾਯੂ 'ਚ ਵਿਚਰਦੇ ਜੀਵਾਂ ਦੇ ਅਧਿਐਨ-ਵਿਸ਼ੇ ਲਈ ਵਰਤੋਂ 'ਚ ਆਉਂਦਾ ਹੈ।

Aerobiosis (ਏਅਰੱਬਾਇਓਸਿਸ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਏਅਰ (aer) ਅਤੇ ਬਾਇਓਸਿਸ (biosis), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵਾਯੂ' ਦੇ ਅਤੇ ਦੂਜੇ ਦੇ 'ਵਿਚਰਨ ਢੰਗ' ਦੇ। ਇਹ ਪਦ ਉਸ ਪ੍ਰਕਾਰ ਦੇ ਜੀਵਨ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਹੜਾ ਆਕਸੀਜਨ ਉਪਰ ਨਿਰਭਰ ਹੈ।

Aeroplankton (ਏਅੱਰਪਲੈਂਕਟਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਏਅਰ (aer) ਅਤੇ ਪਲੈਂਗਟਸ (plangtos) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵਾਯੂ' ਦੇ ਅਤੇ ਦੂਜੇ ਦੇ 'ਰਮਤੇਪਣ' ਦੇ। ਇਹ ਪਦ ਹਰ ਪ੍ਰਕਾਰ ਦੇ ਹਵਾ 'ਚ ਆਪਮੁਹਾਰੇ ਭਟਕਦੇ ਫਿਰਦੇ ਜੈਵਿਕ ਅਣੂਆਂ, ਸਪੋਰਾਂ, ਪੋਲਨਾਂ ਅਤੇ ਕੀਟਾਣੂਆਂ ਲਈ ਵਰਤਿਆ ਜਾਂਦਾ ਹੈ।

Aestivation (ਐਸਟਾਇਵੇਸ਼ਨ)

ਲਾਤੀਨੀ ਸ਼ਬਦ ਐਸਟਾਇਵਸ (aestivas) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਗਰਮੀ ਦੀ ਰੁੱਤ' ਦੇ। ਜਿਹੜੇ ਪ੍ਰਾਣੀ ਹੁਨਾਲੇ ਜਾਂ ਗਰਮੀ ਰੁੱਤ ਦੀ ਤਪਸ਼ ਅਤੇ ਖੁਸ਼ਕੀ ਸਹਾਰ ਨਹੀਂ ਸਕਦੇ, ਉਹ ਇਹ ਸਮਾਂ ਕਾਰਜਹੀਣ ਸਿਥਲਤਾ 'ਚ ਬਿਤਾ ਦਿੰਦੇ ਹਨ। ਇਸੇ ਸਥਿਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ ਫੁੱਲ ਦੀਆਂ ਪਤੀਆਂ ਦੀ ਤਰਤੀਬ ਨੂੰ ਦਰਸਾਉਣ ਲਈ ਵੀ ਵਰਤਿਆ ਜਾਂਦਾ ਹੈ।

Actiolgy (ਈਟਿਆੱਲਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਏਟਿਆ (aitia) ਅਤੇ ਲੋਗਸ (logos), ਜਿਨ੍ਹਾਂ ਦੇ ਕ੍ਰਮਵਾਰ ਅਰਥ 'ਕਾਰਨ' ਅਤੇ 'ਅਧਿਐਨ' ਦੇ ਹਨ। ਉਸ ਅਧਿਐਨ-ਵਿਸ਼ੇ ਦਾ ਇਹ ਨਾਮ ਹੈ, ਜਿਸ ਅਧੀਨ ਵਾਪਰ ਰਹੀਆਂ ਘਟਨਾਵਾਂ ਦੇ ਕਾਰਨ ਲੱਭੇ ਜਾਂਦੇ ਹਨ।

Afferent nerve (ਐਫਰੰਟ ਨਰਵ)

ਨਰਵ ਜਾਂ ਨਸ ਦੇ ਮੁਹਰੈਲ ਵਜੋਂ ਵਰਤੇ

ਜਾਂਦੇ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਐਫੱਰਿ (afferre) ਹੈ, ਜਿਸ ਦੇ ਅਰਥ ਹਨ 'ਲਿਆਉਣ' ਦੇ। ਉਪਰੋਕਤ ਪਦ ਉਸ ਪ੍ਰਕਾਰ ਦੀ ਨਸ ਲਈ ਵਰਤਿਆ ਜਾਂਦਾ ਹੈ, ਜਿਹੜੀ ਉਤੇਜਨਾਵਾਂ (ਉਕਸਾਹਟਾਂ) ਨੂੰ ਬਾਹਰੋਂ ਸਮੇਟ ਕੇ ਸਰੀਰ ਦੇ ਨਸ-ਕੇਂਦਰ ਵੱਲ ਨੂੰ ਲਿਆਉਂਦੀ ਹੈ।

Agamogenesis (ਐਗੈਮੱਜੈਨੱਸਿਸ)

ਤਿੰਨ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ: ਪਹਿਲਾ ਏ (a), ਜਿਸ ਦੇ ਅਰਥ ਹਨ 'ਬਿਨਾਂ' ਦੇ; ਦੂਜਾ ਗੇਮਸ (gamos), ਜਿਸ ਦੇ ਅਰਥ ਹਨ 'ਵਿਆਹ' ਦੇ ਅਤੇ ਤੀਜਾ ਜੈਨੇਸਿਸ (genesis), ਜਿਸ ਦੇ ਅਰਥ ਹਨ 'ਨਿਕਾਸ' ਦੇ ਜਾਂ 'ਉਤਪਤੀ' ਦੇ। ਇਹ ਪਦ ਅਲਿੰਗੀ ਪ੍ਰਜਣਨ ਦੀ ਪ੍ਰਕ੍ਰਿਆ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Agar (ਏਗ਼ਾਰ)

ਇਹ ਨਾਮ ਸਮੁੰਦਰੀ ਕਾਈਆਂ ਤੋਂ ਪ੍ਰਾਪਤ ਇਕ ਲੇਸਲੇ ਪਦਾਰਥ ਦਾ ਹੈ, ਜਿਸ ਦੀ ਵਰਤੋਂ ਕੀਟਾਣੂਆਂ ਨੂੰ ਪ੍ਰਯੋਗਸ਼ਾਲਾ 'ਚ ਪਾਲਣ ਲਈ ਆਮ ਕੀਤੀ ਜਾਂਦੀ ਹੈ।

Agglutination (ਐਗਲੂਟਿਨੇਸ਼ਨ)

ਲਾਤੀਨੀ ਸ਼ਬਦ ਏੱਡ (ad) ਅਤੇ ਗਲੂਟਿਨਿਅਰ (glutinare) ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵੱਲ' ਦੇ ਅਤੇ ਦੂਜੇ ਦੇ 'ਚਿਪਕਣ' ਦੇ। ਲਹੂ ਅੰਦਰਲੇ ਸੈੱਲ ਜਦ ਇਕ ਦੂਜੇ ਨਾਲ ਜੁੜ ਕੇ ਚਿਪਕ ਜਾਂਦੇ ਹਨ ਅਤੇ ਬੁੱਥ ਦਾ ਰੂਪ ਧਾਰ ਲੈਂਦੇ ਹਨ, ਤਦ ਉਪਜੀ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਕਿ ਲਹੂ ਦਾ 'ਗਤਲਾ ਜਾਣਾ' ਵੀ ਕਿਹਾ ਜਾਂਦਾ ਹੈ।

Air-bladder (ਏਅਰ-ਬਲੈਡਰ)

ਇਸ ਪਦ ਦੇ ਸ਼ਾਬਦਕ ਅਰਥ ਹਨ ਵਾਯੂ ਕੋਸ਼ ਦੇ, ਜਿਹੜਾ ਕਿ ਮੱਛੀਆਂ ਦਾ ਭੁਕਾਨੇ ਜਿਹਾ ਖੋਖਲਾ ਅੰਗ ਹੈ, ਜਿਸ ਦੁਆਰਾ ਮੱਛੀਆਂ, ਜਲ ਅੰਦਰ ਤੈਰਦੀਆਂ ਹੋਈਆਂ, ਆਪਣੇ ਸੰਤੁਲਨ ਨੂੰ ਨਿਯੰਤਰਣ ਅਧੀਨ ਰੱਖਦੀਆਂ ਹਨ।

Air-sacs (ਏਅਰ-ਸੈਕਸ)

ਕੀਟਾਂ ਅਤੇ ਪੰਛੀਆਂ ਦੇ ਸਰੀਰ ਅੰਦਰ ਅਜਿਹੇ ਖੋਖਲੇ ਸਥਾਨ ਹੁੰਦੇ ਹਨ, ਜਿਨ੍ਹਾਂ ਅੰਦਰ ਹਵਾ ਭਰੀ ਰਹਿੰਦੀ ਹੈ ਅਤੇ ਜਿਹੜੇ ਹਰ ਸਮੇਂ ਇਨ੍ਹਾਂ ਪ੍ਰਾਣੀਆਂ ਦੀ ਸ੍ਵਾਸ-ਪ੍ਰਣਾਲੀ ਦੇ ਸੰਪਰਕ 'ਚ ਰਹਿੰਦੇ ਹਨ। ਹਵਾ 'ਚ ਉਡਣ ਦੀ ਪ੍ਰਕ੍ਰਿਆ ਅਨੁਕੂਲ ਅਪਣਾਈ ਹੋਈ ਇਹ ਕੀਟਾਂ ਅਤੇ ਪੰਛੀਆਂ ਦੀ ਵਿਸ਼ੇਸ਼ਤਾ ਹੈ।

Albino (ਐਲਬੀਨੋ; ਐਲਬਾਇਨੋ)

ਲਾਤੀਨੀ ਸ਼ਬਦ ਐਲਬਸ (albus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਚਿੱਟੇ (ਸਫ਼ੈਦ)' ਦੇ। ਰੰਗਹੀਣ ਪ੍ਰਾਣੀ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦੇ ਵਾਲ, ਅੱਖਾਂ, ਚਮੜੀ ਆਦਿ ਰੰਗਦਾਰ ਕਣਾਂ ਤੋਂ ਬਿਨਾਂ ਹੁੰਦੇ ਹਨ।

Albumen (ਐਲਬਯੂਮਨ)

ਇਹ ਲਾਤੀਨੀ ਸ਼ਬਦ ਹੈ, ਜਿਸ ਨੂੰ 'ਆਂਡੇ ਦੀ ਸਫ਼ੈਦੀ' ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਵੀ ਇਸ ਦੇ ਇਹੋ ਅਰਥ ਹਨ। ਪੁੰਗਰਦੇ ਭਰੂਣ ਲਈ ਆਂਡੇ ਦੀ ਸਫ਼ੈਦੀ ਪੌਸ਼ਟਿਕ ਖ਼ੁਰਾਕ ਦਾ ਭੰਡਾਰ ਹੁੰਦੀ ਹੈ।

Albumin (ਐਲਬਯੂਮਿਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਐਲਬਯੂਮਨ (albumen) ਹੈ, ਜਿਸ ਦੇ ਅਰਥ ਹਨ 'ਆਂਡੇ ਦੀ ਸਫੈਦੀ' ਦੇ। ਇਸ ਪਦ ਨੂੰ ਆਂਡੇ ਦੀ ਸਫੈਦੀ, ਦੁੱਧ ਅਤੇ ਲਹੂ ਦੇ ਸੀਰਮ ਅੰਦਰਲੇ ਪ੍ਰੋਟੀਨੀ ਤੱਤਾਂ ਲਈ ਵਰਤਿਆ ਜਾਂਦਾ ਹੈ, ਜਿਹੜੇ ਕਿ ਪਾਣੀ 'ਚ ਘੁਲਣਸ਼ੀਲ ਹੁੰਦੇ ਹਨ ਅਤੇ ਗਰਮ ਹੋ ਜਾਣ

ਨਾਲ ਗਤਲਾ ਜਾਂਦੇ ਹਨ।

Algology (ਐਲਗਾਲੋਜਿ)

ਇਸ ਪਦ ਦਾ ਸਬੰਧ ਲਾਤੀਨੀ ਸ਼ਬਦ ਐਲੱਗ (alga) ਨਾਲ ਅਤੇ ਯੂਨਾਨੀ ਸ਼ਬਦ ਲੋਗਸ (logos) ਨਾਲ ਹੈ, ਜਿਨ੍ਹਾਂ ਦੇ ਕ੍ਰਮਵਾਰ ਅਰਥ 'ਕਾਈ' ਅਤੇ 'ਅਧਿਐਨ' ਦੇ ਹਨ। ਐਲਗੀ ਦੇ ਅਧਿਐਨ-ਵਿਸ਼ੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Alimantry canal (ਐਲਿਮੈਂਟਰੀ ਕਨੈਲ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਐਲਿਮੈਂਟਰਿਅਸ (alimentarius) ਹੈ, ਜਿਸ ਦੇ ਅਰਥ ਹਨ 'ਪਾਲਣ ਪੋਸਣ' ਦੇ। ਪਦ ਦਾ ਦੂਜਾ ਭਾਗ 'ਨਾਲੀ' ਲਈ ਵਰਤਿਆ ਜਾਂਦਾ ਸਾਧਾਰਨ ਸ਼ਬਦ ਹੈ। ਸਰੀਰ ਦੇ ਪਾਲਣ-ਪੋਸਣ ਦਾ ਆਧਾਰ, 'ਆਹਾਰ-ਨਾਲੀ' ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦੁਆਰਾ ਖ਼ੁਰਾਕ ਹਜ਼ਮ ਹੋ ਕੇ ਸਰੀਰ ਅੰਦਰ ਰਚਦੀ ਰਹਿੰਦੀ ਹੈ।

Allantois (ਐਲੈਨਟੋਇਸ)

ਯੂਨਾਨੀ ਸ਼ਬਦ ਐਲੈਸ (allas) ਤੋਂ ਇਸ ਪਦ ਦੀ ਰਚਨਾਂ ਹੋਈ ਹੈ, ਜਿਸ ਦੇ ਅਰਥ ਹਨ 'ਝਿਲੀਦਾਰ ਭੁਕਾਨੇ' ਦੇ। ਭਰੂਣ ਦੀ ਪਾਚਨ ਨਾਲੀ ਦੇ ਪਿਛਲੇ ਭਾਗ ਤੋਂ ਵਧਾਅ ਦੇ ਰੂਪ 'ਚ ਉਪਜੇ ਭੂਕਾਨੇ ਦਾ ਇਹ ਨਾਮ ਹੈ, ਜਿਹੜਾ ਭਰੂਣ ਦੀ ਆਹਾਰ ਕ੍ਰਿਆ ਲਈ ਅਤੇ ਸ੍ਵਾਸ ਕ੍ਰਿਆ ਲਈ ਜ਼ਿੰਮੇਵਾਰ ਅੰਗ ਹੈ।

Allele (ਐਲੱਲ)

ਇਸ ਪਦ ਦੀ ਰਚਨਾਂ ਯੂਨਾਨੀ ਸ਼ਬਦ ਐਲੱਲੋਨ (allelon) ਤੋਂ ਹੋਈ ਹੈ, ਜਿਸ ਦੇ ਅਰਥ ਹਨ, 'ਆਪਸ 'ਚ' ਜਾਂ 'ਇਕ ਤੇ ਦੂਜੇ' ਦੇ। ਜੀਵਾਂ ਨੂੰ ਵਿਰਾਸਤ 'ਚ ਮਿਲਣ ਵਾਲੀਆਂ ਵਿਸ਼ੇਸ਼ਤਾਵਾਂ ਜੋੜਿਆਂ 'ਚ ਵਿਚਰਦੇ ਜੀਨਾਂ ਦੇ ਪ੍ਰਗਟਾਵੇ ਹੁੰਦੀਆਂ ਹਨ ਅਤੇ ਇਕ ਇਕ ਜੋੜੇ ਦੇ ਜੀਨ ਠੀਕ ਇਕ ਦੂਜੇ ਦੇ ਸਾਹਮਣੇ, ਇਕ ਸਮਾਨ ਕ੍ਰੋਮੋਸੋਮਾਂ ਉਪਰ ਵੱਖ ਵੱਖ ਸਥਿਤ ਹੁੰਦੇ ਹਨ। ਜੋਟੀਦਾਰ ਵਿਸ਼ੇਸ਼ਤਾਵਾਂ ਚੋਂ ਕਿਸੇ ਇਕ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਅਸਲ 'ਚ ਜੋੜੇ ਅੰਦਰਲੇ ਜੀਨਾਂ ਚੋਂ ਇਕ, ਦੂਜੇ ਦਾ ਬਦਲਿਆ (ਮਯੂਟੇਟਿਡ) ਰੂਪ ਹੀ ਹੁੰਦਾ ਹੈ।

Allergen (ਐਲੱਰਜਨ)

ਯੂਨਾਨੀ ਸ਼ਬਦ ਐਲੱਸ (allos), ਅਰਗੱਨ (ergon) ਅਤੇ ਜਿਨੀਸ (genes) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ: 'ਦੂਜੇ' ਦੇ, 'ਕ੍ਰਿਆਸ਼ੀਲਤਾ' ਦੇ ਅਤੇ 'ਉਤਪੰਨ ਕਰਨ' ਦੇ। ਉਸ ਓਪਰੇ ਪਦਾਰਥ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ ਜੀਵ 'ਚ ਐਲੱਰਜਿ ਉਤਪੰਨ ਕਰਦਾ ਹੈ।

Allergy (ਐਲੱਰਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਐਲੱਸ (allos) ਅਤੇ ਅਰਗੱਨ (ergon), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੂਜੇ' ਦੇ ਅਤੇ 'ਕ੍ਰਿਆਸ਼ੀਲਤਾ' ਦੇ। ਓਪਰੀ ਪਦਾਰਥਕ ਜਾਂ ਜੈਵਿਕ ਲਾਗ ਵਿਰੁੱਧ ਸਰੀਰ ਦੀ ਉਤੇਜਿਤ ਪ੍ਰਕ੍ਰਿਆ ਨੂੰ ਇਹ ਪਦ ਦਰਸਾਉਂਦਾ ਹੈ।

Allopatric (ਐਲੱਪੈਟਰਿਕ)

ਯੂਨਾਨੀ ਸ਼ਬਦ ਐਲੱਸ (allos) ਅਤੇ ਪੈਟਰਾ (patra) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਦੂਜੇ' ਦੇ ਅਤੇ ਪਿਛਲੇ ਦੇ 'ਮਾਤ੍ਰ-ਭੂਮੀ' ਦੇ। ਵੱਖ ਵੱਖ ਟਿਕਾਣਿਆਂ 'ਤੇ ਵਸਦੀਆਂ ਅਜਿਹੀਆਂ ਜੀਵ-ਜਾਤੀਆਂ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜੀਆਂ ਆਪਸ 'ਚ ਇਕ ਦੂਜੀ ਦੀਆਂ ਸਬੰਧੀ ਹੁੰਦੀਆਂ ਹਨ।

Allopelagic (ਐਲੱਪੈਲੈਜਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਐਲੱਸ (allos), ਜਿਸ ਦੇ ਅਰਥ ਹਨ 'ਦੂਜੇ' ਦੇ ਅਤੇ ਦੂਜਾ ਪੈਲੈਗੱਸ (pelagos), ਜਿਸ ਦੇ ਅਰਥ ਹਨ 'ਸਾਗਰ' ਦੇ। ਜਲ ਜੀਵ-ਜਾਤੀ ਦੀਆਂ ਅਜਿਹੀਆਂ ਉਪਜਾਤੀਆਂ ਜਾਂ ਵਸੋਂ-ਇਕੱਠਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀਆਂ ਸਾਗਰ ਜਾਂ ਝੀਲਾਂ ਅੰਦਰ, ਵੱਖ ਵੱਖ ਡੂੰਘਾਣਾਂ 'ਚ ਵਿਚਰਦੀਆਂ ਹਨ।

Allopolyploid (ਐਲੱਪਾਲਿਪਲਾਇਡ)

ਇਸ ਪਦ ਦਾ ਆਧਾਰ ਚਾਰ ਯੂਨਾਨੀ ਸ਼ਬਦ ਹਨ: ਐਲੱਸ (allos), ਪਾਲਿੱਸ (polys), ਅਪੂਲਸ (aploos) ਤੇ ਇਡੱਸ (eidos); ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੂਜੇ, 'ਬਹੁ', 'ਇਕਹਿਰੇ' ਅਤੇ 'ਨੁਹਾਰ'। ਕ੍ਰੋਮੋਸੋਮਾਂ ਦੀ ਮੂਲ ਗਿਣਤੀ 'ਚ ਹੋਏ ਵਾਧੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਪਰ ਤਦ ਜੇਕਰ ਹੋਰਨਾਂ ਨਸਲਾਂ ਦੇ ਕ੍ਰੋਮੋਸੋਮਾਂ ਦੇ ਆ ਰਲਣ ਨਾਲ ਅਜਿਹਾ ਹੋਇਆ ਹੋਵੇ।

Alternation of generation (ਅੱਲਟਰਨੇਸ਼ਨ ਆਫ ਜੈੱਨਰੇਸ਼ਨ)

ਜੀਵ ਦੇ ਜੀਵਨ-ਕਾਲ ਦੌਰਾਨ ਜੇਕਰ ਲਿੰਗੀ ਅਤੇ ਅਲਿੰਗੀ ਪ੍ਰਜਣਨ, ਅਗੜ-ਪਿੱਛੜ, ਵਾਰੋ ਵਾਰੀ ਦੁਹਰਾਏ ਜਾਂਦੇ ਰਹਿਣ, ਤਦ ਇਸ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਘੱਟ ਵਿਕਸਿਤ ਬੂਟਿਆਂ 'ਚ ਇਹ ਸਥਿਤੀ ਆਮ ਵਿਆਪਕ ਹੈ।

Alveolus (ਐਲਵਿਓਲਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਟੋਏ' ਦੇ ਜਾਂ 'ਡੂੰਘ' ਦੇ। ਫੇਫੜਿਆਂ ਦੀ ਪੱਧਰੀ ਪਰਤ 'ਚ, ਥਾਂ-ਪਰ-ਥਾਂ, ਮਧੂ-ਛੱਤੇ ਵਾਂਗ ਮਹੀਨ ਰਖਣੇ ਖੁਣੇ ਹੁੰਦੇ ਹਨ ਅਤੇ ਹਰ ਇਕ ਰਖਣੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ ਗਲੈਂਡ (ਗ੍ਰੰਥੀ) ਅੰਦਰਲੇ ਖੋਖਲੇਪਣ ਨੂੰ ਦਰਸਾਉਣ ਲਈ ਵੀ ਵਰਤਿਆ ਜਾ ਸਕਦਾ ਹੈ।

Amino acid (ਐਮਿਨੋ ਐਸਿਡ)

ਉਸ ਪ੍ਰਕਾਰ ਦੇ ਰਸਾਇਣ ਲਈ ਇਹ ਪਦ ਰਾਖਵਾਂ ਹੈ ਜਿਸ ਦੀ ਲੜੀਦਾਰ ਕੇਂਦਰੀ ਬਣਤਰ ਦੇ ਇਕ ਸਿਰੇ ਤੇ ਤੇਜ਼ਾਬੀ (COOH) ਅੰਸ਼ ਹੁੰਦਾ ਹੈ ਅਤੇ ਦੂਜੇ ਸਿਰੇ ਤੇ ਐਮਾਇਨ (NH2) ਅੰਸ਼ ਹੁੰਦਾ ਹੈ। 20 ਪ੍ਰਕਾਰ ਦੇ ਇਨ੍ਹਾਂ ਰਸਾਇਣਾਂ ਤੋਂ ਪ੍ਰੋਟੀਨੀ ਅਣੂਆਂ ਦੀ ਉਸਾਰੀ ਹੋਈ ਹੁੰਦੀ ਹੈ, ਜਿਹੜੇ ਕਿ ਸਮੁੱਚੇ ਜੀਵ-ਸੰਸਾਰ ਦੇ ਜੀਵਨ ਦਾ ਆਧਾਰ ਹਨ।

Amnion (ਐਮਨਿਅਨ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ : 'ਭਰੂਣ-ਝਿਲੀ'। ਕਿਰਲੇ-ਸੱਪਾਂ ਅਤੇ ਪਸ਼ੂ-ਪੰਛੀਆਂ ਦੇ ਭਰੂਣ ਦੁਆਲੇ ਜਿਹੜੀ ਝਿਲੀ ਲਿਪਟੀ ਹੋਈ ਹੁੰਦੀ ਹੈ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਪ੍ਰਗਤ ਹੋ ਰਹੇ ਭਰੂਣ ਲਈ ਤਰਲ ਵਾਤਾਵਰਨ ਬਣਾਈ ਰੱਖਣ ਦਾ ਇਹ ਉਪਯੋਗੀ ਸਾਧਨ ਹੈ।

Amoniota (ਐਮਨਿਅੱਟਾ)

ਯੂਨਾਨੀ ਸ਼ਬਦ ਐਮਨਿਅਨ (amnion) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਭਰੂਣ-ਝਿਲੀ' ਦੇ। ਵਿਸਰਪੀ ਅਤੇ ਪਸ਼ੂ-ਪੰਛੀਆਂ ਦੇ ਪ੍ਰਗਤ ਹੋ ਰਹੇ ਭਰੂਣ ਦੁਆਲੇ ਤਰਲ ਵਾਤਾਵਰਨ ਬਣਾਈ ਰੱਖਣ ਲਈ, ਐਮਨਿਅਨ ਝਿਲੀ ਇਨ੍ਹਾਂ ਦੁਆਲੇ ਲਿਪਟੀ ਹੁੰਦੀ ਹੈ ਇਨ੍ਹਾਂ ਸਭਨਾਂ ਪ੍ਰਾਣੀਆਂ ਲਈ ਉਪਰੋਕਤ ਪਦ ਸਾਂਝੇ ਸਿਰਲੇਖ ਵਜੋਂ ਵਰਤਿਆ ਜਾਂਦਾ ਹੈ।

Amphibia (ਐਮਫਿਬਿਆ)

ਦੋ ਯੂਨਾਨੀ ਸ਼ਬਦ ਐਮਫਿ (amphi) ਅਤੇ ਬਾਇਅਸ (bios), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋਵੇਂ'

ਦੇ ਅਤੇ ਦੂਜੇ ਦੇ 'ਜੀਵਨ' ਦੇ। ਜਲ ਅੰਦਰ ਅਤੇ ਥਲ ਉਪਰ ਵਿਚਰਦੇ ਹੋਏ, ਦੋਵੇਂ ਪ੍ਰਕਾਰ ਦਾ ਜੀਵਨ ਭੋਗਦੇ ਪ੍ਰਾਣੀਆਂ ਦੀ ਸ਼੍ਰੇਣੀ ਦੇ ਨਾਮ ਵਜੋਂ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ ਅਤੇ ਇਸ ਸ਼੍ਰੇਣੀ 'ਚ ਸ਼ਾਮਲ ਪ੍ਰਾਣੀ ਹਨ: ਡੱਡਾਂ, ਡੱਡੂ, ਸੈਲਮੈਂਡਰ (ਅਗਨ-ਕਿਰਲੇ) ਆਦਿ।

Amphioxus (ਐਮਫ਼ਿਆੱਕਸੱਸ)

ਇਸ ਪਦ ਦਾ ਆਧਾਰ ਇਕ ਯੂਨਾਨੀ ਸ਼ਬਦ ਐਮਫ਼ਿ (amphi) ਅਤੇ ਦੂਜਾ ਲਾਤੀਨੀ ਸ਼ਬਦ ਆਕਸਿਪਟ (occiput) ਹਨ; ਅਤੇ ਇਨ੍ਹਾ ਚੋਂ ਪਹਿਲੇ ਦੇ ਅਰਥ ਹਨ 'ਦੋਵੇਂ' ਦੇ ਅਤੇ ਦੂਜੇ ਦੇ 'ਖੋਪੜੀ ਦੇ ਪਿਛਲੇ ਭਾਗ' ਦੇ। ਉਪਰੋਕਤ ਨਾਮ ਲਮੂੰਤਰੇ, ਪਤਲੇ ਅਤੇ ਤਕਲੇ ਵਾਂਗ ਦੋਵਾਂ ਸਿਰਿਆਂ ਤੋਂ ਤਿਖੇ ਸਰੀਰ ਵਾਲੇ ਉਸ ਪ੍ਰਾਣੀ ਦਾ ਹੈ, ਜਿਹੜਾ ਸਾਗਰੀ ਤਟਾਂ ਨਾਲ ਵਿਛੀ ਰੇਤ 'ਚ ਧਸਿਆ ਮਿਲਦਾ ਹੈ। ਇਸ ਪ੍ਰਾਣੀ ਦੇ ਸਰੀਰ ਦੇ ਦੋਵੇਂ ਪਾਸੇ ਇਕ ਸਾਰ ਹੋਣ ਕਰਕੇ, ਸਿਰ ਨੂੰ ਪੂਛ ਨਾਲੋਂ ਪਛਾਣਨਾਂ ਆਮ ਸੰਭਵ ਨਹੀਂ ਹੁੰਦਾ। ਰੀੜ੍ਹ ਰਹਿਤ ਅਤੇ ਰੀੜ੍ਹ ਸਹਿਤ ਪ੍ਰਾਣੀਆਂ ਵਿਚਕਾਰਲੀ ਕੜੀ ਵਜੋਂ ਇਸ ਪ੍ਰਾਣੀ ਦੀ ਮਹੱਤਤਾ ਹੈ।

Amphiphyte (ਐਮਫਿਫਾਇਟ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਐਮਫਿ (amphi) ਅਤੇ ਫ਼ਾਇਟਨ (phyton), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋਵੇਂ' ਦੇ ਅਤੇ ਦੂਜੇ ਦੇ 'ਪੌਦੇ' ਦੇ। ਅਜਿਹੇ ਪੌਦੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਨਮ ਅਤੇ ਖੁਸ਼ਕ ਵਾਤਾਵਰਨ 'ਚ ਜੀਵਨ ਬਿਤਾ ਸਕਣ ਦੇ ਸਮਰੱਥ ਹੁੰਦਾ ਹੈ।

Amylase (ਐਮਾਇਲੇਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਐਮਾਇਲੱਨ (amylone) ਹੈ, ਜਿਸ ਦੇ ਅਰਥ ਹਨ 'ਮੈਦੇ' ਦੇ। ਉਪਰੋਕਤ ਪਦ ਐਨਜ਼ਾਈਮਾਂ ਦੇ ਉਸ ਵਰਗ ਲਈ ਵਰਤਿਆ ਜਾਂਦਾ ਹੈ, ਜਿਹੜੇ ਨਿਸ਼ਾਸ਼ਤੇ ਜਾਂ ਮੈਦੇ ਦੇ ਅਣੂਆਂ ਨੂੰ, ਉਨ੍ਹਾਂ ਨੂੰ ਉਸਾਰਦੀਆਂ ਗੁਲੂਕੋਸੀ ਇਕਾਈਆਂ 'ਚ ਵਖ ਕਰਕੇ, ਇਨ੍ਹਾਂ ਨੂੰ ਹਜ਼ਮ ਹੋਣ ਯੋਗ ਬਣਾ ਦਿੰਦੇ ਹਨ।

Anabiosis (ਐਨੈਬਾਇਅਸਿਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਮੁੜ ਕੇ ਜਿਉਂ ਪੈਣ' ਦੇ। ਕਈ ਬੂਟੇ ਹਨ ਜਿਹੜੇ ਮੁਰਝਾ ਕੇ ਮੁੜ ਹਰੇ ਹੋ ਜਾਂਦੇ ਹਨ। ਇਸੇ ਪਰਿਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਟਾਰਡਿਗ੍ਰੇਡ (tardigrade) ਜਲ-ਰਿੱਛ ਦੇ ਨਾਮ ਨਾਲ ਜਾਣੇ ਜਾਂਦੇ ਹਨ ਅਤੇ ਇਹ ਵੀ ਮਰ ਕੇ ਜਿਉਂ ਪੈਣ ਵਾਲੇ ਪ੍ਰਾਣੀ ਹਨ।

Anabolism (ਐਨੈਬੱਲਿਜ਼ਮ)

ਯੂਨਾਨੀ ਸ਼ਬਦ ਐਨੈ (ana) ਅਤੇ ਬੱਲੀ (bole) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਉਤਾਂਹ' ਦੇ ਅਤੇ 'ਸੁੱਟਣ' ਦੇ। ਸਰੀਰ ਅੰਦਰਲੀਆਂ ਰਚਨਾਤਮਕ ਪ੍ਰਕ੍ਰਿਆਵਾਂ ਲਈ ਇਹ ਨਾਮ ਸਾਂਝੇ ਤੌਰ ਤੇ ਵਰਤਿਆ ਜਾਂਦਾ ਹੈ, ਜਿਨ੍ਹਾਂ ਆਸਰੇ ਸਰੀਰਕ ਟੁੱਟ-ਭੱਜ ਦੀ ਮੁਰੰਮਤ ਜਾਰੀ ਰਹਿੰਦੀ ਹੈ।

Anaerobe (ਐਨਅਰੋਬ)

ਇਸ ਪਦ ਦਾ ਆਧਾਰ ਤਿੰਨ ਯੂਨਾਨੀ ਸ਼ਬਦ ਹਨ: ਐਨ (an), ਏਅਰ (aer) ਅਤੇ ਬਾਇਅਸ (bios), ਜਿਨ੍ਹਾਂ ਦੇ ਕ੍ਰਮਵਾਰ ਅਰਥ, 'ਬਿਨਾਂ', 'ਹਵਾ' ਅਤੇ 'ਜੀਵਨ' ਦੇ ਹਨ। ਉਸ ਜੀਵ ਲਈ ਇਹ ਪਦ ਰਾਖਵਾਂ ਹੈ, ਜਿਸ ਦਾ ਜੀਵਨ ਆਕਸੀਜਨ ਉਪਰ ਨਿਰਭਰ ਨਹੀਂ ਹੁੰਦਾ।

Anaerobic (ਐਨਅਰੋਬਿਕ)

ਤਿੰਨ ਯੂਨਾਨੀ ਸ਼ਬਦਾਂ ਦੁਆਰਾ ਇਹ ਪਦ ਰਚਿਆ ਗਿਆ ਹੈ, ਐਨ (an), ਏਅਰ (aer) ਅਤੇ

ਬਾਇਅਸ (bios); ਜਿਨ੍ਹਾਂ ਦੇ ਕ੍ਰਮਵਾਰ ਅਰਥ, 'ਬਿਨਾਂ', 'ਹਵਾ' ਅਤੇ 'ਜੀਵਨ' ਦੇ ਹਨ। ਉਸ ਪ੍ਰਕਾਰ ਦੀ ਸ੍ਵਾਸ-ਕ੍ਰਿਆ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਸ 'ਚ ਮੁਕਤ ਆਕਸੀਜਨ ਦੀ ਭੂਮਿਕਾ ਨਹੀਂ ਹੁੰਦੀ। ਅਨੇਕਾਂ ਕੀਟਾਣੂ ਇਸ ਪ੍ਰਕਾਰ ਦੀ ਸ੍ਵਾਸ-ਕ੍ਰਿਆ ਉਪਰ ਨਿਰਭਰ ਜੀਵਨ ਭੋਗਦੇ ਹਨ ਅਤੇ ਇਨ੍ਹਾਂ ਲਈ ਵੀ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Analogous (ਐਨੈਲੱਗਸ)

ਇਹ ਯੂਨਾਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਅਨੁਪਾਤ' ਦੇ ਜਾਂ 'ਤੁਲਨਾਤਮਕ' ਦੇ। ਭਿੰਨ ਭਿੰਨ ਜੀਵਾਂ ਦੇ ਅਜਿਹੇ ਅੰਗਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਬਣਤਰ ਦਾ ਆਧਾਰ ਇਕ ਨਹੀਂ ਹੁੰਦਾ, ਪਰ ਜਿਹੜੇ ਕ੍ਰਿਆ ਇਕੋ ਨਿਭਾਉਂਦੇ ਹਨ। ਕੀਟਾਂ-ਪਤੰਗਿਆਂ ਦੇ ਪਰ ਅਤੇ ਪੰਛੀਆਂ ਦੇ ਪਰ ਉਡਣ ਲਈ ਵਰਤੇ ਜਾਂਦੇ ਹਨ, ਪਰ ਇਨ੍ਹਾਂ ਦੀ ਬਣਤਰ 'ਚ ਬਹੁਤ ਅੰਤਰ ਹੁੰਦਾ ਹੈ।

Anastomosis (ਐਨੈਸਟੱਮੋਸਿਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਐਨੱ (ana) ਅਤੇ ਸਟੋਮੱ (stoma) ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਤਕ' ਦੇ ਅਤੇ ਦੂਜੇ ਦੇ 'ਮੁੱਖ' ਦੇ। ਇਕ ਵੱਡੀ ਨਸ ਜਾਂ ਨਾੜੀ ਚੋਂ ਫੁਟੀਆਂ ਸ਼ਾਖਾਂ ਦੇ ਜਾਲ ਲਈ ਇਹ ਪਦ ਵਰਤਿਆ ਜਾਂਦਾ ਹੈ।

Anatidae (ਐਨੈਟਿਡੀ)

ਜਲ-ਪੰਛੀਆਂ ਦੇ ਕੁਟੰਬ (family) ਦਾ ਇਹ ਨਾਮ ਹੈ, ਜਿਸ 'ਚ ਮੁਰਗ਼ਾਬੀਆਂ, ਬਤਖ਼ਾਂ, ਹੰਸ ਆਦਿ ਸ਼ਾਮਲ ਹਨ, ਜਿਨ੍ਹਾਂ ਦੇ ਝਿਲੀਦਾਰ ਪੰਜੇ, ਚੌੜੀਆਂ ਚੁੰਜਾਂ ਅਤੇ ਲੰਮੀਆਂ ਧੌਣਾਂ ਹੁੰਦੀਆਂ ਹਨ।

Anatomy (ਐਨੈਟੱਮਿ)

ਯੂਨਾਨੀ ਸ਼ਬਦ ਐਨੱ (ana) ਅਤੇ ਟੱਮਿ (tome) ਇਸ ਪਦ 'ਚ ਸਮਾਏ ਹੋਏ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਤਕ' ਦੇ ਅਤੇ 'ਚੀਰ-ਫਾੜ' ਦੇ। ਉਪਰੋਕਤ ਪਦ ਉਸ ਅਧਿਐਨ-ਵਿਸ਼ੇ ਲਈ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਜੀਵ ਦੀ ਨਿਰੋਲ ਬਾਹਰੀ ਬਣਤਰ ਨਾਲ ਹੀ ਨਹੀਂ, ਸਗੋਂ ਚੀਰ-ਫ਼ਾੜ ਕਰਕੇ ਉਜਾਗਰ ਕੀਤੀ ਗਈ ਇਸ ਦੀ ਅੰਦਰਲੀ ਬਣਤਰ ਨਾਲ ਵੀ ਹੁੰਦਾ ਹੈ।

Androgen (ਐਂਡਰੋਜੈਨ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਹ ਹਨ: ਐਨੀਰ (aner) ਅਤੇ ਜੈਨੱਸ (genos) ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਨਰ' ਦੇ ਅਤੇ ਦੂਜੇ ਦੇ 'ਔਲਾਦ' ਦੇ। ਨਰ ਦੇ ਸਰੀਰ ਅੰਦਰ ਰਿਸਦੇ ਸਟੀਰਾਇਡ ਸੁਭਾਅ ਵਾਲੇ ਇਕ ਹਾਰਮੋਨ ਦਾ ਇਹ ਨਾਮ ਹੈ, ਜਿਹੜਾ ਲਿੰਗ ਆਧਾਰ ਵਾਲੀਆਂ ਸਰੀਰਕ ਵਿਸ਼ੇਸ਼ਤਾਵਾਂ ਨੂੰ ਪ੍ਰਭਾਵਿਤ ਕਰਦਾ ਹੈ।

Anemophilus (ਐਨੈਮੋਫਿਲੱਸ)

ਯੂਨਾਨੀ ਸ਼ਬਦ ਐਨੈਮੱਸ (anemos) ਅਤੇ ਫ਼ਿਲੀਨ (philiein) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ, 'ਵਾਯੂ' ਦੇ ਅਤੇ ਦੂਜੇ ਦੇ, 'ਸਨੇਹ ਕਰਨ' ਦੇ। ਉਨ੍ਹਾਂ ਰੁੱਖਾਂ-ਬੂਟਿਆਂ ਲਈ ਉਪਰੋਕਤ ਵਰਤਿਆ ਜਾਂਦਾ ਹੈ ਜਿਨ੍ਹਾਂ ਦੇ ਪਰਾਗ (ਪੋਲਨ) ਦਾ ਪਸਾਰ ਵਾਯੂ ਦੁਆਰਾ ਹੁੰਦਾ ਹੈ।

Anemosporic (ਐਨੈਮੱਸਪੋਰਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਐਨੈਮੱਸ (anemos) ਅਤੇ ਸਪੋਰੱਸ (sporos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵਾਯੂ' ਦੇ ਤੇ 'ਬੀਜ' ਦੇ। ਬਨਸਪਤੀ ਸੰਸਾਰ ਦੇ ਉਨ੍ਹਾਂ ਬੂਟਿਆਂ ਤੇ ਰੁੱਖਾਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦੇ ਬੀਜਾਂ ਜਾਂ ਸਪੋਰਾਂ ਦੇ ਪਸਾਰ ਦਾ ਸਾਧਨ ਵਾਯੂ ਹੈ।

Angiology (ਐਨਜਿਆਲੱਜਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਐਨਜਿਅਨ (anggeion), ਜਿਸ ਦੇ ਅਰਥ ਹਨ 'ਲਹੂ ਨਾੜੀ' ਦੇ; ਦੂਜਾ ਲੌਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਉਸ ਅਧਿਐਨ ਵਿਸ਼ੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਰੱਤ-ਪ੍ਰਣਾਲੀ ਅਤੇ ਦਿਲ ਨਾਲ ਹੈ।

Angiosperms (ਐਂਜਿਅੱਸਪੱਰਮਜ਼)

ਬਨਸਪਤੀ ਜਗਤ ਦੇ ਉਸ ਉਘੇ ਦਲ ਦਾ ਇਹ ਨਾਮ ਹੈ, ਜਿਹੜਾ ਆਲੇ-ਦੁਆਲੇ ਪਸਰੀ ਹੋਈ ਹਰਿਆਵਲ ਵਾਲੇ ਅਤੇ ਰੰਗ-ਬਰੰਗੇ ਫੁੱਲਾਂ ਵਾਲੇ ਬੂਟਿਆਂ ਦਾ ਸੰਸਾਰ ਹੈ ਅਤੇ ਜਿਹੜੇ ਬੀਜ ਵੀ ਉਪਜਾਉਂਦੇ ਹਨ। ਉਪਰੋਕਤ ਪਦ ਵਿਚਲਾ ਸਪੱਰਮੱ (sperma) ਇਕ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਬੀਜ' ਦੇ।

Angström (ਐਂਗਸਟ੍ਰੈਮ)

ਸਵੀਡਨ ਦੇ ਇਕ ਖਗੋਲ ਵਿਗਿਆਨੀ ਦਾ ਇਹ ਨਾਮ ਹੈ, ਜਿਸ ਨੂੰ ਮਾਪ ਦੀ ਸਭਨਾਂ ਨਾਲੋਂ ਛੋਟੀ ਇਕਾਈ ਦੇ ਸਿਰਲੇਖ ਵਜੋਂ ਵਰਤਿਆ ਜਾਂਦਾ ਹੈ। ਇਹ ਇਕਾਈ ਮਿਲੀਮੀਟਰ ਦੇ ਕ੍ਰੋੜਵੇਂ ਭਾਗ ਦੇ ਅਤੇ ਨੈਨੱਮੀਟਰ ਦੇ ਦਸਵੇਂ ਭਾਗ ਦੇ ਬਰਾਬਰ ਹੁੰਦੀ ਹੈ।

Animal (ਐਨਿਮਲ)

ਉਸ ਵੰਨਗੀ ਦੇ ਜੀਵ ਲਈ ਇਹ ਉਪਨਾਮ ਵਰਤਿਆ ਜਾਂਦਾ ਹੈ, ਜਿਹੜਾ ਆਪਣੀ ਖ਼ੁਰਾਕ ਆਪ ਨਾ ਉਪਜਾ ਸਕਣ ਕਾਰਨ, ਬਨਸਪਤੀ ਸੰਸਾਰ ਦਿਆਂ ਜੀਵਾਂ ਉਪਰ ਨਿਰਭਰ ਜੀਵਨ ਬਿਤਾਉਂਦਾ ਹੈ। ਇਸ ਦੇ ਸੈੱਲ ਕਲੋਰੋਫ਼ਿਲ ਬਿਨਾਂ ਹੁੰਦੇ ਹਨ, ਪਰ ਚਲ-ਫਿਰ ਕੇ ਇਹ ਆਪਣੀ ਖ਼ੁਰਾਕ ਇਕੱਤਰ ਕਰਨ ਦੇ ਯੋਗ ਹੁੰਦਾ ਹੈ।

Annelid (ਐਨੱਲਿਡ)

ਲਾਤੀਨੀ ਸ਼ਬਦ ਐਨਯੂਲਸ (annulus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਛੱਲੇ' ਦੇ। ਇਸ ਪਦ 'ਚ ਦੂਜਾ ਸਮਾਇਆ ਹੋਇਆ ਸ਼ਬਦ ਹੈ ਈਡੱਸ (eidos), ਜਿਸ ਦੇ ਅਰਥ ਹਨ 'ਨੁਹਾਰ' ਦੇ। ਛੱਲਿਆਂ ਦੇ ਸਿਲਸਿਲੇ ਉਪਰ ਨਿਰਭਰ, ਲੰਮੂਤਰੀ ਸਰੀਰਕ ਬਣਤਰ ਵਾਲੇ ਮਲ੍ਹੱਪ ਲਈ ਇਹ ਪਦ ਵਰਤਿਆ ਜਾਂਦਾ ਹੈ। ਜੋਕ ਅਤੇ ਗੰਡੋਆ ਅਜਿਹੇ ਪ੍ਰਾਣੀ ਹਨ।

Annulus (ਐਨਯੂਲਸ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਛੱਲੇ' ਦੇ। ਜੋਕ ਅਤੇ ਗੰਡੋਏ ਅਤੇ ਇਨ੍ਹਾਂ ਦੇ ਸਬੰਧੀ ਮਲ੍ਹੱਪਾਂ ਦੇ ਸਰੀਰ ਦੇ ਛੱਲੇਦਾਰ ਖੰਡ ਲਈ ਇਹ ਪਦ ਰਾਖਵਾਂ ਹੈ।

Antenna (ਐਨਟੈਨੈ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਕਿਸ਼ਤੀ ਦੇ ਬਾਦਬਾਨ ਨੂੰ ਤਾਨਣ ਵਾਲੇ ਡੰਡੇ' ਦੇ। ਕੀਟਾਂ ਦਾ ਅਤੇ ਇਨ੍ਹਾਂ ਦੇ ਸਬੰਧੀ ਪ੍ਰਾਣੀਆਂ ਦਾ ਇਕ ਅੰਗ ਹੈ, ਜਿਹੜਾ ਸਿਰ ਤੇ ਅਗਾਂਹ ਨਿਕਲਵਾਂ ਸਥਿਤ ਹੈ। ਇਕ ਮਲੂਕ ਟਹਿਣੀ ਜਿਹੀ ਇਸ ਦੀ ਨੁਹਾਰ ਹੈ ਅਤੇ ਜਿਸ ਦੀ ਕ੍ਰਿਆ ਹੈ ਟੋਹਣ ਦੀ। ਜੋੜਾਂ ਜੜੀ ਇਸ ਟੋਹਣੀ ਲਈ ਉਪਰੋਕਤ ਪਦ ਰਾਖਵਾਂ ਹੈ।

Anterior (ਐਨਟੀਰਿਅਰ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪਹਿਲੇ' ਦੇ ਜਾਂ 'ਮੂਹਰਲੇ' ਦੇ। ਪ੍ਰਾਣੀਆਂ ਦੇ ਸਿਰ ਵਾਲੇ ਪਾਸੇ ਲਈ ਅਤੇ ਜਾਂ ਫਿਰ ਚਲਦਿਆਂ ਇਨ੍ਹਾਂ ਦੇ ਸਰੀਰ ਦਾ ਜਿਹੜਾ ਪਾਸਾ ਅਗਾਂਹ ਰਹਿੰਦਾ ਹੈ, ਉਸ ਲਈ ਇਹ ਪਦ ਰਾਖਵਾਂ ਹੈ।

Anther (ਐਨਥੱਰ)

ਯੂਨਾਨੀ ਸ਼ਬਦ ਐਨਥਿਰੱਸ (antheros) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਫੁੱਲਾਂ ਦੀ ਬਹਾਰ' ਦੇ। ਪਰ ਇਹ ਨਾਮ ਹੈ

ਫੁੱਲ ਦੇ ਪੁੰਕੇਸਰ (stamen) ਦੇ ਉਸ ਭਾਗ ਦਾ, ਜਿਥੋਂ ਪਰਾਗ (ਪੋਲਨ) ਉਪਜਦੇ ਹਨ।

Anthesis (ਐਨਥੀਸਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਐਨਥੱਸ (anthos) ਹੈ, ਜਿਸ ਦੇ ਅਰਥ ਹਨ 'ਫੁੱਲ' ਦੇ। ਉਪਰੋਕਤ ਪਦ ਉਸ ਸਮੇਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਦ ਇਕ ਕਲੀ ਖਿੜ ਕੇ ਫੁੱਲ ਦਾ ਰੂਪ ਧਾਰਨ ਕਰਦੀ ਹੈ।

Anthocyanin (ਐਨਥੱਸਿਐਨਿਨ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਐਨਥੱਸ (anthos) ਅਤੇ ਕਿਆਨੱਸ (kyanos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਫੁੱਲ' ਦੇ ਅਤੇ 'ਨੀਲੇ ਰੰਗ' ਦੇ। ਪੌਦਿਆਂ ਦੇ ਤਣਿਆਂ, ਪੱਤਰਾਂ, ਫੁੱਲਾਂ ਤੇ ਫਲਾਂ ਦੁਆਰਾ ਪ੍ਰਗਟਾਏ ਜਾ ਰਹੇ ਨੀਲੇ, ਲਾਲ ਅਤੇ ਬਨਫਸ਼ਈ ਰੰਗਾਂ ਦੇ ਕਣਾਂ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Anthotaxis (ਐਨਥੱਟੈਕਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਐਨਥੱਸ (anthos) ਅਤੇ ਟੈਕਸਿਸ (taxis), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਫੁੱਲ' ਦੇ ਅਤੇ ਦੂਜੇ ਦੇ 'ਤਰਤੀਬ' ਦੇ। ਪੌਦਿਆਂ ਨਾਲ ਲੱਗੇ ਫੁੱਲਾਂ ਦੀ ਕੇਂਦਰੀ ਧੁਰੇ ਦੁਆਲੇ ਤਰਤੀਬ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Anthoxanthin (ਐਨਥੱਜ਼ੈਨਥਿਨ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਇਕ ਐਨਥੱਸ (anthos), ਜਿਸ ਦੇ ਅਰਥ ਹਨ 'ਫੁੱਲ' ਦੇ ਅਤੇ ਦੂਜਾ ਜ਼ੈਨਥੱਸ (xanthos), ਜਿਸ ਦੇ ਅਰਥ ਹਨ 'ਪੀਲੇ' ਦੇ। ਉਨ੍ਹਾਂ ਰੰਗੀਜਲੇ ਕਣਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਕਰਕੇ ਫੁੱਲਾਂ ਦਾ ਪੀਲਾ ਰੰਗ ਵਿਖਾਈ ਦਿੰਦਾ ਹੈ।

Anthropoid (ਐਨਥਰੱਪੁਆਇਡ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਐਨਥਰੋਪਸ (anthropos), ਜਿਸ ਦੇ ਅਰਥ ਹਨ 'ਮਨੁੱਖ' ਦੇ ਅਤੇ ਦੂਜਾ ਈਡੱਸ (eidos), ਜਿਸ ਦੇ ਅਰਥ ਹਨ 'ਨੁਹਾਰ' ਦੇ। ਬਣਮਾਨਸਾਂ ਦੀ ਮਨੁੱਖ ਨਾਲ ਮਿਲਦੀ ਜੁਲਦੀ ਨੁਹਾਰ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Anthropology (ਐਨਥਰੱਪਾਲੱਜਿ)

ਦੋ ਯੂਨਾਨੀ ਸ਼ਬਦਾਂ ਉਪਰ ਆਧਾਰਿਤ ਹੈ ਇਹ ਪਦ, ਜਿਨ੍ਹਾਂ ਚੋਂ ਪਹਿਲਾ ਹੈ ਐਨਥਰੋਪੱਸ (anthropos) ਜਿਸ ਦੇ ਅਰਥ ਹਨ 'ਮਨੁੱਖ' ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਮਨੁੱਖ ਦੇ ਵਿਗਿਆਨਕ ਆਧਾਰ ਵਾਲੇ ਅਧਿਐਨ-ਵਿਸ਼ੇ ਦਾ ਇਹੋ ਸਿਰਲੇਖ ਹੈ।

Anthropmetry (ਐਨਥਰੱਪਾਮੀਟ੍ਰਿ)

ਇਸ ਪਦ ਦਾ ਆਧਾਰ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਹ ਹਨ: ਐਨਥਰੋਪੱਸ (anthropos), ਜਿਸ ਦੇ ਅਰਥ ਹਨ 'ਮਨੁੱਖ' ਦੇ ਅਤੇ ਮੀਟਰਨ (metron), ਜਿਸ ਦੇ ਅਰਥ ਹਨ 'ਮਾਪ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਇਹ ਸਿਰਲੇਖ ਹੈ, ਜਿਸ ਦਾ ਸਬੰਧ ਮਨੁੱਖ ਦੇ ਸਰੀਰ ਦਿਆਂ ਅੰਗਾਂ ਦੇ ਮਾਪ ਨਾਲ ਹੈ।

Antibody (ਐਂਟਿਬਾਡਿ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਐਂਟਿ (anti), ਜਿਸ ਦੇ ਅਰਥ ਹਨ 'ਉਲਟ' ਦੇ ਅਤੇ ਦੂਜਾ ਬਾਡਿ (body), ਜਿਸ ਦੇ ਅਰਥ ਹਨ 'ਸਰੀਰ' ਦੇ। ਸਰੀਰ ਅੰਦਰ ਬਾਹਰੋਂ ਪ੍ਰਵੇਸ਼ ਕਰਨ ਵਾਲੇ ਅਸੁਖਾਵੇਂ ਤੱਤਾਂ ਅਤੇ ਰੋਗਾਣੂਆਂ ਵਿਰੁੱਧ ਜਿਹੜੇ ਲਹੂ ਅੰਦਰਲੇ ਅੰਸ਼ ਇਨ੍ਹਾਂ ਦੀ ਵਿਰੋਧਤਾ ਕਰਨ ਲਈ ਕ੍ਰਿਆਸ਼ੀਲ ਹੁੰਦੇ ਹਨ, ਉਨ੍ਹਾਂ

ਦਾ ਇਹੋ ਸਾਧਾਰਨ ਨਾਮ ਹੈ।

Antigen (ਐਂਟਿਜੱਨ)

ਇਸ ਪਦ ਦਾ ਆਧਾਰ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਹ ਹਨ ਐਂਟਿ (anti) ਅਤੇ ਜਿਨੱਸ (genos) ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਉਲਟ' ਦੇ ਅਤੇ ਦੂਜੇ ਦੇ, 'ਉਪਜ' ਦੇ। ਬਾਹਰੋਂ ਸਰੀਰ ਅੰਦਰ ਪ੍ਰਵੇਸ਼ ਕਰਨ ਵਾਲੇ ਅਜਿਹੇ ਤੱਤ ਨੂੰ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸ ਦੀ ਹੋਂਦ ਐਂਟਿਬਾਡਿ ਦੀ ਉਪਜ ਦਾ ਕਾਰਨ ਬਣਦੀ ਹੈ।

Antimutagen (ਐਂਟਿਮਯੂਟੱਜੱਨ)

ਇਸ ਪਦ ਦਾ ਆਧਾਰ ਤਿੰਨ ਸ਼ਬਦ ਹਨ, ਦੋ ਯੂਨਾਨੀ ਅਤੇ ਇਕ ਲਾਤੀਨੀ। ਪਹਿਲਾ ਯੂਨਾਨੀ ਸ਼ਬਦ ਹੈ ਐਂਟਿ (anti), ਜਿਸ ਦੇ ਅਰਥ ਹਨ 'ਉਲਟ' ਦੇ; ਦੂਜਾ ਹੈ ਲਾਤੀਨੀ ਸ਼ਬਦ ਮਯੂਟੱਰਿ (mutare), ਜਿਸ ਦੇ ਅਰਥ ਹਨ 'ਮਯੂਟੇਸ਼ਨ' ਦੇ, ਭਾਵ 'ਬਦਲਾਓ' ਦੇ ਅਤੇ ਤੀਜਾ ਇਕ ਹੋਰ ਯੂਨਾਨੀ ਸ਼ਬਦ ਹੈ, ਜਿਨੱਸ (genos), ਜਿਸ ਦੇ ਅਰਥ ਹਨ 'ਉਪਜ' ਦੇ। ਉਪਰੋਕਤ ਪਦ ਉਸ ਪਦਾਰਥ ਜਾਂ ਸਾਧਨ ਲਈ ਵਰਤਿਆ ਜਾਂਦਾ ਹੈ, ਜਿਹੜਾ ਮਯੂਟੇਸ਼ਨ ਦੇ ਜੀਵ ਉਪਰ ਪੈ ਰਹੇ ਪ੍ਰਭਾਵ ਨੂੰ ਉਲਟਾ ਸਕੇ।

Antiseptic (ਐਂਟਿਸੈਪਟਿਕ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਪਹਿਲਾ ਐਂਟਿ (anti), ਜਿਸ ਦੇ ਅਰਥ ਹਨ 'ਉਲਟ' ਦੇ ਅਤੇ ਦੂਜਾ ਸੈਪਸਿਸ (sepsis), ਜਿਸ ਦੇ ਅਰਥ ਹਨ 'ਗਲੇ-ਸੜ੍ਹੇ' ਦੇ। ਗਲੀ-ਸੜ੍ਹੀ ਭ੍ਰਿਸ਼ਟਤਾ ਨੂੰ ਸੁਧਾਰਨ ਲਈ, ਇਹ ਭਾਵੇਂ ਆਲੇ ਦੁਆਲੇ ਦੀ ਹੋਵੇ ਅਤੇ ਭਾਵੇਂ ਸਰੀਰ ਦੀ, ਜਿਹੜਾ ਵੀ ਪਦਾਰਥ ਜਾਂ ਸਾਧਨ ਵਰਤਿਆ ਜਾਂਦਾ ਹੈ, ਉਸੇ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Anus (ਏਨੱਸ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਨੂੰ ਪਾਚਨ ਨਾਲੀ ਦੇ ਬਾਹਰ ਵੱਲ ਨੂੰ ਖੁਲ੍ਹਦੇ ਪਿਛਲੇ ਦੁਆਰ ਨੂੰ, ਭਾਵ ਗੁਦਾ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Aorta (ਏਆਰਟਾ)

ਯੂਨਾਨੀ ਸ਼ਬਦ ਏਆਰਟੀ (aorte) ਦਾ ਹੀ ਇਹ ਥੋੜ੍ਹਾ ਕੁ ਭਿੰਨ ਰੂਪ ਹੈ, ਜਿਸ ਦੇ ਅਰਥ ਹਨ 'ਮੁੱਖ-ਨਾੜੀ' ਦੇ। ਉਪਰੋਕਤ ਪਦ ਦਿਲ ਚੋਂ ਬਾਹਰ ਆਉਂਦੀ ਸ਼ਾਹ-ਵਹਿਣੀ ਲਈ ਰਾਖਵਾਂ ਹੈ, ਜਿਸ ਚੋਂ ਦੀ ਹੋ ਕੇ ਸਾਫ਼ ਹੋਇਆ ਲਹੂ ਸਰੀਰ ਅੰਦਰ ਸਾਰੇ ਖਿੰਡ ਜਾਂਦਾ ਹੈ।

Apodal (ਐਪੱਡੈਲ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਏ (a), ਜਿਸ ਦੇ ਅਰਥ ਹਨ, 'ਬਿਨਾਂ' ਦੇ ਅਤੇ ਦੂਜਾ ਪਾਉਸ (pous), ਜਿਸ ਦੇ ਅਰਥ ਹਨ, 'ਪੈਰ' ਦੇ। ਉਸ ਪ੍ਰਾਣੀ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦੇ ਪੈਰ ਨਹੀਂ ਹੁੰਦੇ ਅਤੇ ਅਜਿਹੇ ਪੌਦੇ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ, ਜਿਸ ਦਾ ਤਣਾ ਨਹੀਂ ਹੁੰਦਾ।

Apo-enzyme (ਐਪਾੱਐਨਜ਼ਾਈਮ)

ਐਨਜ਼ਾਈਮ ਦੇ ਮੁਹਰੈਲ ਵਜੋਂ ਵਰਤਿਆ ਜਾ ਰਿਹਾ ਐਪੱ (apo) ਯੂਨਾਨੀ ਸ਼ਬਦ ਹੈ ਜਿਸ ਦੇ ਅਰਥ ਹਨ 'ਪਰ੍ਹੇ' ਦੇ ਜਾਂ 'ਲਾਂਭੇ' ਦੇ। ਜਿਸ ਐਨਜ਼ਾਈਮ ਨੂੰ ਕ੍ਰਿਆਸ਼ੀਲ ਹੋਣ ਲਈ ਕੋ-ਐਨਜ਼ਾਈਮ ਦੀ ਲੋੜ ਪੈਂਦੀ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਐਪੱਐਨਜ਼ਾਈਮ ਦਾ ਨਿਰੋਲ ਪ੍ਰੋਟੀਨੀ ਸੁਭਾਅ ਹੁੰਦਾ ਹੈ, ਜਦ ਕਿ ਕੋ-ਐਨਜ਼ਾਈਮ ਉਪਰ ਇਹ ਗੱਲ ਲਾਗੂ ਨਹੀਂ ਹੁੰਦੀ।

Apogamy (ਐਪਾੱਗੈਮਿ)

ਯੂਨਾਨੀ ਸ਼ਬਦ ਐਪਾੱ (apo) ਅਤੇ ਗੈਮੱਸ (gamos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਲਾਂਭੇ' ਦੇ ਜਾਂ

'ਹਟਵੇਂ' ਦੇ ਅਤੇ 'ਵਿਵਾਹ' ਦੇ। ਉਸ ਪ੍ਰਜਣਨ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ 'ਚ ਲਿੰਗ ਦੀ ਭੂਮਿਕਾ ਨਹੀਂ ਹੁੰਦੀ।

Apophysis (ਐਪੱਫ਼ਾਇਸਿਸ)

ਇਸ ਪਦ ਅੰਦਰ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ, ਐਪੱ (apo), ਜਿਸ ਦੇ ਅਰਥ ਹਨ, 'ਲਾਂਭੇ' ਦੇ ਅਤੇ ਦੂਜਾ, ਫ਼ਾਇਈਨ (phyein), ਜਿਸ ਦੇ ਅਰਥ ਹਨ, 'ਵਧਾਅ' ਦੇ। ਸਰੀਰ ਅੰਦਰਲੀ ਹੱਡੀ ਦੇ ਅਜਿਹੇ ਵਧਾਅ ਨੂੰ ਇਹ ਪਦ ਦਰਸਾਉਂਦਾ ਹੈ, ਜਿਸ ਨਾਲ ਮਾਸ-ਪੇਸ਼ੀਆਂ ਦੇ ਸਿਰੇ ਜਕੜੇ ਹੋਏ ਹੁੰਦੇ ਹਨ।

Appendage (ਐਪੈਂਡੱਜ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਏੱਡ (ad) ਅਤੇ ਪੈਂਡੱਅਰ (pendere), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵੱਲ' ਦੇ ਅਤੇ ਦੂਜੇ ਦੇ 'ਲਟਕਣ' ਦੇ। ਸਰੀਰ ਦੇ ਧੜ ਨਾਲ ਜੁੜੀ ਬਾਂਹ ਜਾਂ ਟੰਗ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Appendicular skeleton (ਐਪੈਂਡਿਕਯੂਲਰ ਸਕੈਲਟੱਨ)

ਇਸ ਪਦ ਦੇ ਦੋ ਭਾਗ ਹਨ ਅਤੇ ਪਹਿਲੇ ਭਾਗ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਏੱਡ (ad) ਅਤੇ ਪੈਂਡੱਅਰ (pendere), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵੱਲ' ਦੇ ਅਤੇ 'ਲਟਕਣ' ਦੇ। ਪਦ ਦੇ ਦੂਜੇ ਭਾਗ ਦਾ ਆਧਾਰ ਯੂਨਾਨੀ ਸ਼ਬਦ ਸਕੈਲੱਟੱਸ (skeletos) ਹੈ, ਜਿਸ ਦੇ ਅਰਥ ਹਨ 'ਖੜ-ਸੁਕ' ਦੇ, ਭਾਵ 'ਪਿੰਜਰ' ਦੇ। ਉਪਰੋਕਤ ਪਦ ਟੰਗਾਂ ਅਤੇ ਬਾਹਾਂ ਅੰਦਰਲੇ ਪਿੰਜਰ ਨੂੰ ਦਰਸਾਉਣ ਲਈ ਵਰਤੋਂ 'ਚ ਆ ਰਿਹਾ ਹੈ।

Appendix (ਐਪੈਂਡਿਕਸ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਏੱਡ (ad), ਜਿਸ ਦੇ ਅਰਥ ਹਨ, 'ਵੱਲ' ਦੇ ਅਤੇ ਦੂਜਾ, ਪੈਂਡੱਅਰ (pendere), ਜਿਸ ਦੇ ਅਰਥ ਹਨ 'ਲਟਕਣ' ਦੇ। ਸਰੀਰ ਅੰਦਰਲੇ ਕਿਸੇ ਵੀ ਅੰਗ ਚੋਂ ਬਾਹਰ ਨੂੰ ਨਿਕਲੇ ਹੋਏ ਅੰਨ੍ਹੇ ਵਧਾਅ ਲਈ ਉਪਰੋਕਤ ਪਦ ਰਾਖਵਾਂ ਹੈ।

Apterygotous (ਐ (ਪ) ਟੱਰਿਗੋਟੱਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਏ (a) ਅਤੇ ਦੂਜਾ (ਪ) ਟੱਰਿਗੋਟੱਸ (pterygotos), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਿਨਾਂ' ਦੇ ਅਤੇ ਦੂਜੇ ਦੇ, 'ਪਰ ਦਾਰ' ਦੇ। ਉਂਜ ਤਾਂ ਪੰਛੀ ਅਤੇ ਕੀਟ ਪਰਦਾਰ ਪ੍ਰਾਣੀ ਹਨ, ਪਰ ਅਜਿਹੇ ਪੰਛੀ ਅਤੇ ਕੀਟ ਵੀ ਹਨ, ਜਿਹੜੇ ਪਰਦਾਰ ਨਹੀਂ। ਇਨ੍ਹਾਂ ਲਈ ਹੀ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Aquatic (ਐਕਵੈਟਿਕ)

ਲਾਤੀਨੀ ਸ਼ਬਦ ਐਕ੍ਵਾ (aqua) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਜਲ' ਦੇ, ਅਤੇ ਇਸ ਪਦ ਨੂੰ ਜਲਵਾਸੀ ਜੀਵਾਂ ਲਈ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Arachnids (ਐਰੈਕਨਿਡਜ਼)

ਇਹ ਪਦ ਯੂਨਾਨੀ ਸ਼ਬਦ ਐਰੈਕਨੀ (arachne) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਮੱਕੜੀ' ਦੇ। ਮੱਕੜੀਆਂ ਅਤੇ ਇਨ੍ਹਾਂ ਦੇ ਸਬੰਧੀਆਂ ਦੇ ਟੋਲੇ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ, ਜਿਨ੍ਹਾਂ 'ਚ ਬਿੱਛੂ ਅਤੇ ਚਿੱਚੜ-ਕੁਤਕੀਆਂ ਵੀ ਸ਼ਾਮਲ ਹਨ।

Arboreal (ਆਰਬੋਰਿਐਲ)

ਇਹ ਪਦ ਯੂਨਾਨੀ ਸ਼ਬਦ ਆਰਬਰ (arber) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਰੁੱਖ' ਦੇ। ਬ੍ਰਿਛਾਂ-ਰੁੱਖਾਂ ਉਪਰ ਵਿਚਰਦੇ ਪ੍ਰਾਣੀਆਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Archaeozoic (ਆਰਕਿਅਜ਼ੁਇਕ)

ਦੋ ਯੂਨਾਨੀ ਸ਼ਬਦ, ਆਰਕਿਅਸ (archaios) ਅਤੇ ਜ਼ੁਈ (zoe) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪੁਰਾਤਨ' ਦੇ ਜਾਂ 'ਮੁੱਢਲੇ' ਦੇ ਅਤੇ 'ਜੀਵਨ' ਦੇ। ਮੁੱਢਲੇ ਜੀਵਨ ਨੂੰ ਦਰਸਾਉਣ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ ਇਕ-ਸੈੱਲੇ ਜੀਵਾਂ, ਭਾਵ ਕੀਟਾਣੂਆਂ ਦਾ ਸੰਸਾਰ ਸੀ।

Archentron (ਆਰਕਐਨਟਰੋਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ: ਪਹਿਲਾ, ਆਰਕੀ (arche), ਜਿਸ ਦੇ ਅਰਥ ਹਨ 'ਮੁੱਢਲੇ' ਦੇ ਅਤੇ ਦੂਜਾ ਐਨਟਰੋਨ (enteron), ਜਿਸ ਦੇ ਅਰਥ ਹਨ 'ਪਾਚਨ ਨਾਲੀ' ਦੇ। ਭਰੂਣ ਦੇ ਗੈਸਟ੍ਰਲਾ ਪੜਾਅ ਦੌਰਾਨ, ਇਸ ਦੇ ਇਕ ਪਾਸਿਓਂ ਅੰਦਰ ਨੂੰ ਧੱਸ ਜਾਣ ਕਰਕੇ ਬਣੀ ਖੋੜ ਨੂੰ ਇਹ ਪਦ ਦਰਸਾਉਂਦਾ ਹੈ, ਜਿਸ ਦਾ ਕਿ ਪ੍ਰਗਤੀ ਉਪਰੰਤ ਪਾਚਨ ਨਾਲੀ ਨੇ ਸਥਾਨ ਲੈ ਲੈਣਾ ਹੁੰਦਾ ਹੈ।

Artery (ਆਰਟ੍ਰਿ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਲਹੂ-ਵਹਿਣੀ' ਦੇ, ਭਾਵ ਅਜਿਹੀ ਸਰੀਰਕ ਨਾਲੀ ਦੇ ਜਿਸ ਅੰਦਰ ਸਾਫ ਲਹੂ ਵਗਦਾ ਹੈ ਅਤੇ ਜਿਨ੍ਹਾਂ ਦੇ ਸਰੀਰ ਅੰਦਰ ਵਿਛੇ ਜਾਲ ਦੁਆਰਾ ਸਾਫ਼ ਹੋਇਆ ਲਹੂ, ਦਿਲ ਚੋਂ ਦੀ ਹੁੰਦਾ ਹੋਇਆ, ਸਾਰੇ ਸਰੀਰ ਅੰਦਰ, ਥਾਂ-ਪਰ-ਥਾਂ, ਖਿੰਡਦਾ ਰਹਿੰਦਾ ਹੈ।

Arthropod (ਆਰਥਰੱਪੋਡ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਆਰਥਰੱਨ (arthron) ਅਤੇ ਪਾਉਸ (pous), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਜੋੜ' ਦੇ ਅਤੇ 'ਪੈਰ' ਦੇ। ਜੋੜਾਂ ਜੜੀਆਂ ਟੰਗਾਂ ਵਾਲੇ ਪ੍ਰਾਣੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਅਤੇ ਇਨ੍ਹਾਂ ਪ੍ਰਾਣੀਆਂ ਦੇ ਕਬੀਲੇ 'ਚ ਸ਼ਾਮਲ ਹਨ: ਝੀਂਗੇ, ਕੇਕੜੇ, ਕੀਟ-ਪਤੰਗੇ, ਮੱਕੜੀਆਂ, ਚਿੱਚੜ, ਕੁਤਕੀਆਂ ਆਦਿ।

Articulation (ਆਰਟਿਕਯੂਲੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਆਰਟਿਕਯੂਲਸ (articulus) ਹੈ, ਜਿਸ ਦੇ ਅਰਥ ਹਨ 'ਜੋੜ' ਦੇ। ਸਰੀਰ ਅੰਦਰਲੇ ਹੱਡੀਆਂ ਦੇ ਗਤੀਸ਼ੀਲ ਜੋੜ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਭਾਵ ਗੋਡੇ ਲਈ, ਕੂਹਣੀ ਲਈ, ਵੀਣੀ ਲਈ, ਉਂਗਲਾਂ ਦੀਆਂ ਗੱਠਾਂ ਲਈ ਅਤਿ ਆਦਿ।

Ascidian (ਅਸਿਡਿਅਨ)

ਯੂਨਾਨੀ ਸ਼ਬਦ ਅਸਕਿਡਿਅਨ (askidion) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਥੈਲੇ' ਦੇ। ਪ੍ਰਾਰੰਭਕ ਕਾਰਡੇਟ ਕਬੀਲੇ ਦੇ ਪ੍ਰਾਣੀਆਂ ਦੇ ਸਰੀਰ ਥੈਲੇ ਵਾਂਗ ਹੁੰਦੇ ਹਨ ਅਤੇ ਸਾਗਰੀ ਜਲਾਂ 'ਚ ਵਿਚਰਦੇ ਇਸ ਪ੍ਰਕਾਰ ਦੇ ਜੀਵ ਲਈ ਉਪਰੋਕਤ ਪਦ ਰਾਖਵਾਂ ਹੈ।

Ascorbic acid (ਐਸਕਾੱਰਬਿਕ ਐਸਿਡ)

ਪਾਣੀ 'ਚ ਘੁਲਣਸ਼ੀਲ ਵਿਟਾਮਿਨਾਂ ਚੋਂ ਇਕ ਦਾ ਇਹ ਨਾਮ ਹੈ, ਜਿਹੜਾ ਕਿ ਸਿਟਰੱਸ (citrus) ਫਲਾਂ 'ਚ ਅਤੇ ਤਾਜ਼ੀਆਂ ਸਬਜ਼ੀਆਂ 'ਚ ਆਮ ਮਿਲਦਾ ਹੈ। ਆਮਲਾ ਅਤੇ ਅਮਰੂਦ ਇਸ ਦੇ ਵਿਸ਼ੇਸ਼ ਸ੍ਰੋਤ ਹਨ। ਇਸ ਵਿਟਾਮਿਨ ਦੀ ਸਰੀਰ ਅੰਦਰ ਘਾਟ ਦੇ ਅਰਥ ਹਨ, ਲਾਗ ਦਿਆਂ ਰੋਗਾਂ ਨੂੰ ਬੁਲਾਵਾ ਦੇਣਾ।

Asexual (ਅਸੈਕਸ਼ਯੂਐਲ)

ਇਕ ਯੂਨਾਨੀ ਅਤੇ ਇਕ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ: ਯੂਨਾਨੀ ਸ਼ਬਦ ਹੈ ਏ (a), ਜਿਸ ਦੇ ਅਰਥ ਹਨ 'ਬਿਨਾਂ' ਦੇ ਅਤੇ ਲਾਤੀਨੀ ਸ਼ਬਦ ਹੈ ਸੈਕੱਸ (sexus), ਜਿਸ ਦੇ ਅਰਥ ਹਨ 'ਲਿੰਗ' ਦੇ। ਉਸ ਪੁਕਾਰ ਦੇ ਪ੍ਰਜਣਨ ਨੂੰ ਦਰਸਾਉਣ ਲਈ ਇਸ ਪਦ ਨੂੰ ਵਿਸ਼ੇਸ਼ਣ ਵਜੋਂ

ਵਰਤਿਆ ਜਾਂਦਾ ਹੈ, ਜਿਸ 'ਚ ਲਿੰਗ ਦੀ ਕੋਈ ਭੂਮਿਕਾ ਨਹੀਂ ਹੁੰਦੀ। ਬੂਟੇ ਜਦ ਕਲਮਾਂ ਦੁਆਰਾ ਉਗਦੇ ਹਨ, ਤਦ ਇਸੇ ਪ੍ਰਜਣਨ ਦਾ ਪ੍ਰਗਟਾਵਾ ਕਰਦੇ ਹਨ।

Asparagine (ਐਸਪੈਰੇਜੀਨ)

ਯੂਨਾਨੀ ਸ਼ਬਦ ਐਸਪੈਰੇਗੱਸ (asparagos) ਇਸ ਪਦ ਦਾ ਆਧਾਰ ਹੈ, ਜਿਹੜਾ ਇਕ ਹਰਾ-ਭਰਾ ਪੌਦਾ ਹੈ। ਜੀਵਾਂ ਲਈ ਜ਼ਰੂਰੀ ਇਕ ਐਮਿਨੋ ਐਸਿਡ ਦਾ ਇਹ ਨਾਮ ਹੈ ਅਤੇ ਜਿਸ ਦਾ ਉਪਰੋਕਤ ਨਾਮ ਇਸ ਲਈ ਪਿਆ, ਕਿਉਂਕਿ ਇਸ ਨੂੰ ਪਹਿਲੀ ਵਾਰ ਐਸਪੈਰੇਗੱਸ ਪੌਦੇ ਤੋਂ ਪ੍ਰਾਪਤ ਕੀਤਾ ਗਿਆ ਸੀ।

Assimilation (ਅਸਿਮਿਲੇਸ਼ਨ)

ਪ੍ਰਾਪਤ ਕੀਤੇ ਗਏ ਭੋਜਨ ਦੇ ਤੱਤ, ਭੋਜਨ ਦੇ ਪਾਚਨ ਨਾਲੀ ਅੰਦਰ ਹਜ਼ਮ ਹੋ ਜਾਣ ਉਪਰੰਤ ਜਦ ਲਹੂ ਅੰਦਰ ਸਮਾ ਰਹੇ ਹੁੰਦੇ ਹਨ, ਉਸੇ ਪ੍ਰਕ੍ਰਿਆ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Atlas (ਐਟਲੈਸ)

ਇਹ ਯੂਨਾਨੀ ਸ਼ਬਦ ਹੈ ਜਿਸ ਦੇ ਅਰਥ ਹਨ 'ਪ੍ਰਭਾਵਸ਼ੀਲ ਵਿਅਕਤੀ' ਦੇ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਪਦ ਦਾ ਉਪਯੋਗ ਰੀੜ ਦੀ ਪਹਿਲੀ ਹੱਡੀ ਲਈ ਕੀਤਾ ਜਾਂਦਾ ਹੈ, ਜਿਹੜੀ ਗਰਦਣ 'ਚ ਸਥਿਤ ਹੈ ਅਤੇ ਰੀੜ੍ਹ ਨੂੰ ਕਪਾਲ ਨਾਲ ਜੋੜਦੀ ਹੈ।

Atoll (ਐਟੱਲ)

ਮਲੇਸ਼ੀਅਨ ਬੋਲੀ ਚੋਂ ਲਏ ਗਏ ਇਸ ਸ਼ਬਦ ਦਾ ਉਪਯੋਗ ਸਮੁੰਦਰੀ ਝੀਲ ਦੁਆਲੇ ਗੋਲ ਘੇਰੇ 'ਚ ਉਭਰੀ ਹੋਈ ਕੋਰਲ-ਰੀਫ ਜਾਂ ਮੁੰਗਿਆਂ ਦੁਆਰਾ ਉਸਰੀ ਚਟਾਨ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

ATP (ਏ ਟੀ ਪੀ)

ਇਹ ਤਿੰਨ ਅੱਖਰ ਅਡਿਨੋਸੀਨ ਟ੍ਰਾਇਫਾਸਫੇਟ (adenosine triphosphate) ਦਾ ਸੰਖੇਪ ਹਨ, ਜਿਹੜਾ ਉਸ ਰਸਾਇਣ ਦਾ ਨਾਮ ਹੈ, ਜਿਹੜਾ ਹਰ ਇਕ ਜੀਵ ਲਈ ਅਤੀ ਮਹੱਤਵ ਹੈ। ਜਿਸ ਊਰਜਾ ਉਪਰ ਜੀਵਾਂ ਦਾ ਜੀਵਨ ਨਿਰਭਰ ਹੈ, ਉਹ ਇਸੇ ਰਸਾਇਣ ਦਿਆਂ ਅਣੂਆਂ 'ਚ ਹੀ ਇਕੱਤਰ ਹੁੰਦੀ ਰਹਿੰਦੀ ਹੈ।

Atrium (ਏਟ੍ਰਿਅਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਚੈਂਬਰ' ਦੇ ਜਾਂ 'ਖਾਨੇ' ਦੇ। ਸਰੀਰ ਦੇ ਪ੍ਰਸੰਗ 'ਚ ਕਈ ਅੰਗਾਂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਵੇਂ ਕਿ ਦਿਲ ਦੇ ਮੂਹਰਲੇ ਖਾਨੇ ਲਈ, ਕੰਨ ਦੇ ਪਰਦੇ ਬਾਹਰਲੇ ਸਥਾਨ ਲਈ ਅਤੇ ਪ੍ਰਾਰੰਭਕ ਕਾਰਡੇਟਾਂ ਦੇ ਫੇਰਿੰਗਕਸ (pharynx) ਦੁਆਲੇ ਦੇ ਖੋਖਲੇ ਸਥਾਨ ਲਈ।

Atrophy (ਐਟਰੱਫ਼ਿ)

ਯੂਨਾਨੀ ਸ਼ਬਦ ਏ (a) ਤੇ ਟ੍ਰੱਫ਼ਿ (trophe) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਿਨਾਂ' ਦੇ ਤੇ 'ਪਾਲਣ-ਪੋਸਣ' ਦੇ। ਖੀਣਤਾ ਅਤੇ ਗਿਰਾਵਟ ਵੱਲ ਨੂੰ ਵਧਦੀ ਸਰੀਰ ਦੀ ਜਾਂ ਇਸ ਦੇ ਕਿਸੇ ਅੰਗ ਦੀ ਸਥਿਤੀ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Auricle (ਆਰਿਕਲ)

ਲਾਤੀਨੀ ਸ਼ਬਦ ਆਰਿਕਯੂਲੱ (aurcula) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਛੋਟੇ ਕੰਨ' ਦੇ। ਦਿਲ ਦੇ ਉਪਰਲੇ, ਪਤਲੀ ਪਰਤ ਵਾਲੇ ਖਾਨੇ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Autolysis (ਆਟੱਲਿਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ

ਹਨ, ਇਕ ਆਟੱਸ (autos), ਜਿਸ ਦੇ ਅਰਥ ਹਨ 'ਸਵੈ' ਦੇ ਤੇ ਦੂਜਾ ਲਾਇਸਿਸ (lysis), ਜਿਸ ਦੇ ਅਰਥ ਹਨ 'ਢਿੱਲਾ ਕਰਕੇ ਨਿਖੇੜਨ' ਦੇ। ਸੈੱਲ ਜਦ ਨਿਕਾਰਾ ਹੋ ਜਾਂਦੇ ਹਨ ਤਾਂ ਇਹ ਸਰੀਰ ਅੰਦਰ ਹੀ, ਆਪਣੇ ਅੰਦਰੋਂ ਰਿਸੇ ਐਨਜ਼ਾਈਮਾਂ ਦੁਆਰਾ ਖੀਣਦੇ ਹੋਏ ਘੁਲ ਕੇ ਅੰਦਰੇ ਅੰਦਰ ਹਜ਼ਮ ਹੋ ਜਾਂਦੇ ਹਨ। ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Autonomic (ਆਟੱਨਾੱਮਿਕ)

ਯੂਨਾਨੀ ਸ਼ਬਦ, ਆਟੱਸ (autos) ਅਤੇ ਨੋਮੱਸ (nomos) ਇਸ ਪਦਂ ਦਾ ਆਧਾਰ ਹਨ, ਜਿਨ੍ਹਾਂ ਦੇ ਸਿਲਸਿਲੇਵਾਰ ਅਰਥ ਹਨ 'ਸਵੈ' ਦੇ ਅਤੇ 'ਨਿਯਮ' ਦੇ। ਸਰੀਰ ਅੰਦਰਲੀਆਂ ਜਿਹੜੀਆਂ ਪ੍ਰਣਾਲੀਆਂ, ਨਿਰਇੱਛਤ ਅਤੇ ਬਝਵੇਂ ਦਸਤੂਰ ਅਨੁਕੂਲ, ਆਪਣੀਆਂ ਕ੍ਰਿਆਵਾਂ ਪੂਰੀਆਂ ਕਰਦੀਆਂ ਰਹਿੰਦੀਆਂ ਹਨ, ਉਨ੍ਹਾਂ ਲਈ ਇਹੋ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ। ਇਸ ਪ੍ਰਕਾਰ ਦੇ ਅੰਗ ਅਤੇ ਅੰਗ-ਪ੍ਰਣਾਲੀਆਂ ਹਨ: ਲਹੂ ਪ੍ਰਣਾਲੀ, ਗ੍ਰੰਥੀਆਂ, ਨਸ ਪ੍ਰਣਾਲੀ ਦਾ ਮੁੱਖ ਖੇਤਰ, ਗੁਰਦੇ, ਜਿਗਰ, ਪਾਚਨ-ਨਾਲੀ ਆਦਿ।

Autosome (ਆਟੱਸੱਮ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ: ਇਕ ਆਟੱਸ (autos) ਅਤੇ ਦੂਜਾ ਸੋਮੱ (soma), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਵੈ' ਦੇ ਅਤੇ 'ਸਰੀਰ' ਦੇ, ਪਰ ਇਥੇ ਇਹ ਕ੍ਰੋਮੋਸੋਮ ਦਾ ਪ੍ਰਤੀਕ ਸ਼ਬਦ ਹੈ। ਸੈੱਲ ਅੰਦਰਲੇ, ਲਿੰਗ ਕ੍ਰੋਮੋਸੋਮ ਨੂੰ ਛੱਡ ਕੇ ਦੂਜੇ ਇਕ ਇਕ ਕ੍ਰੋਮੋਸੋਮ ਲਈ ਇਹੋ ਪਦ ਵਰਤੋਂ 'ਚ ਆਉਂਦਾ ਹੈ।

Autotomy (ਆਟੱਟੱਮਿ)

ਯੂਨਾਨੀ ਸ਼ਬਦ ਆਟੱਸ (autos) ਅਤੇ ਟੋਮ (tome), ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਵੈ' ਦੇ ਅਤੇ 'ਕਲਮ ਕਰ ਦੇਣ' ਦੇ ਜਾਂ 'ਵੱਢ ਦੇਣ' ਦੇ। ਕਈ ਪ੍ਰਾਣੀ ਹਨ ਜਿਹੜੇ ਆਪ ਹੀ ਆਪਣੇ ਅੰਗ ਛਾਂਗ ਕੇ ਵੱਖ ਕਰ ਦਿੰਦੇ ਹਨ ਅਤੇ ਇਸੇ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਅਜਿਹਾ ਕੁਝ ਕਰਨ ਦੇ ਮਲ੍ਹੱਪ, ਝੀਂਗੇ ਅਤੇ ਕਿਰਲੇ ਸਮਰੱਥ ਹਨ।

Aves (ਐਵਿਜ਼)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪੰਛੀ' ਦੇ। ਇਹੋ ਨਾਮ ਪੰਛੀਆਂ ਦੀ ਸ਼੍ਰੇਣੀ ਨੂੰ ਅਰਪਣ ਹੋ ਗਿਆ ਹੈ।

Axon (ਐਕਜ਼ੱਨ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਧੁਰੇ' ਦੇ। ਨਸ-ਸੈੱਲ ਦੇ ਰੇਸ਼ੇ ਵਾਂਗ ਲੰਬੀ ਸ਼ਾਖ਼ ਦਾ ਇਹ ਨਾਮ ਹੈ, ਜਿਸ ਦੁਆਰਾ ਉਕਸਾਹਟਾਂ ਦਾ ਨਸ-ਸੈੱਲ ਤੋਂ ਬਾਹਰ ਵੱਲ ਨੂੰ ਪ੍ਰਸਾਰ ਹੁੰਦਾ ਰਹਿੰਦਾ ਹੈ।

Azygous (ਐਜ਼ਾਇਗਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਏ (a), ਜਿਸ ਦੇ ਅਰਥ ਹਨ 'ਬਿਨਾਂ' ਦੇ ਅਤੇ ਦੂਜਾ ਜ਼ਾਇਗਨ (zygon), ਜਿਹੜਾ 'ਜੋੜੀ' ਦਾ ਪ੍ਰਤੀਕ ਸ਼ਬਦ ਹੈ। ਜੁੱਟ-ਰਹਿਤ ਜੀਵ ਲਈ, ਜਾਂ ਸਰੀਰ ਅੰਦਰਲੇ ਇਕੱਲੇ ਅੰਗ ਲਈ ਇਸ ਪਦ ਦਾ ਉਪਯੋਗ ਕੀਤਾ ਜਾ ਸਕਦਾ ਹੈ।

B

Bacillus (ਬੈਸਿਲੱਸ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਬੈਸਿਲੱਮ (bacillum) ਹੈ, ਜਿਸ ਦੇ ਅਰਥ ਹਨ 'ਡੰਡੀ' ਦੇ। ਉਨ੍ਹਾਂ ਕੀਟਾਣੂਆਂ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਡੰਡੀ ਨੁਮਾ ਨੁਹਾਰ ਹੁੰਦੀ ਹੈ। ਇਕ ਸੈੱਲ ਦੀ ਬਣੀ ਉੱਲੀ ਲਈ ਵੀ

ਇਸੇ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Bacteria (ਬੈਕਟੀਰੀਆ)

ਯੂਨਾਨੀ ਸ਼ਬਦ ਬੈਕਟੀਰਿਅਨ (bakterion) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਡੰਡੀ' ਦੇ। ਹਰ ਪ੍ਰਕਾਰ ਦੇ ਕੀਟਾਣੂਆਂ ਲਈ ਵਰਤਿਆ ਜਾਂਦਾ ਇਹ ਸਾਧਾਰਨ ਪਦ ਹੈ।

Bacteriology (ਬੈਕਟੀਰਿਆਲੱਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਬੈਕਟੀਰਿਅਨ (bakterion) ਅਤੇ ਲੌਗੱਸ (logos), ਇਨ੍ਹਾਂ ਚੋਂ ਪਹਿਲੇ ਸ਼ਬਦ ਦੇ ਸ਼ਾਬਦਕ ਅਰਥ 'ਡੰਡੀ' ਦੇ ਹਨ, ਪਰ ਇਹ ਕੀਟਾਣੂਆਂ ਦਾ ਪ੍ਰਤੀਕ ਸ਼ਬਦ ਹੈ। ਦੂਜੇ ਸ਼ਬਦ ਦੇ ਅਰਥ ਹਨ 'ਅਧਿਐਨ' ਦੇ। ਵਿਗਿਆਨ ਦੀ ਉਸ ਅਧਿਐਨ-ਸ਼ਾਖ਼ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਕੀਟਾਣੂਆਂ ਨਾਲ ਹੈ।

Bacteriophage (ਬੈਕਟੀਰਿਔੱਫੇਜ)

ਯੂਨਾਨੀ ਸ਼ਬਦ ਬੈਕਟੀਰਿਅਨ (bakterion) ਅਤੇ ਫੇਜੀਨ (phagein) ਇਸ ਪਦ ਦਾ ਆਧਾਰ ਹਨ। ਇਨ੍ਹਾਂ ਚੋਂ ਪਹਿਲਾ ਸ਼ਬਦ ਕੀਟਾਣੂਆਂ ਲਈ ਵਰਤਿਆ ਜਾਂਦਾ ਹੈ, ਹਾਲਾਂਕਿ ਇਸ ਦੇ ਸ਼ਾਬਦਕ ਅਰਥ 'ਡੰਡੀ' ਦੇ ਹਨ। ਦੂਜੇ ਸ਼ਬਦ ਦੇ ਅਰਥ ਹਨ 'ਖਾ ਜਾਣ' ਦੇ। ਉਨ੍ਹਾਂ ਵਿਸ਼ਾਣੂਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਜਿਹੜੇ ਕੀਟਾਣੂਆਂ ਦੇ ਪ੍ਰਜੀਵੀ ਬਣ ਕੇ, ਇਨ੍ਹਾਂ ਨੂੰ ਅੰਦਰੋਂ ਖਾ ਕੇ ਖੋਖਲਾ ਕਰ ਦਿੰਦੇ ਹਨ।

Baleen (ਬੈਲੀਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਬੈਲੇਨਾ (balaena) ਹੈ, ਜਿਸ ਦੇ ਅਰਥ ਹਨ 'ਵ੍ਹੇਲ' (whale) ਦੇ। ਇਹ ਨਾਮ ਵ੍ਹੇਲਾਂ ਦੇ ਉਪਰਲੇ ਜਬਾੜੇ ਨਾਲ ਜੜੀ ਹੋਈ ਕੰਘੀਦਾਰ ਸਖ਼ਤ ਪਲੇਟ ਦਾ ਹੈ, ਜਿਸ ਦੁਆਰਾ ਇਹ ਘੁੱਟ ਭਰੇ ਹੋਏ ਪਾਣੀ ਚੋਂ ਖ਼ੁਰਾਕ ਵੱਖ ਕਰਕੇ, ਉਸ ਨੂੰ ਡਕਾਰਦੀਆਂ ਰਹਿੰਦੀਆਂ ਹਨ।

Barb (ਬਾਰਬ)

ਲਾਤੀਨੀ ਸ਼ਬਦ ਬਾਰਬੱ (barba) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਦਾਹੜੀ ਅੰਦਰਲੇ ਵਾਲਾਂ' ਦੇ। ਪੰਛੀ ਦਾ ਖੰਭ ਇਕ ਲਮੂਤਰੇ ਧੁਰੇ ਨਾਲੋਂ ਆੜੇ ਰੁੱਖ ਨਿਕਲਦੇ ਲੂੰਈਦਾਰ ਰੇਸ਼ਿਆਂ ਦਾ ਬਣਿਆ ਹੁੰਦਾ ਹੈ। ਇਨ੍ਹਾਂ ਚੋਂ ਹਰ ਇਕ ਰੇਸ਼ੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Barbel (ਬਾਰਬੈਲ)

ਲਾਤੀਨੀ ਸ਼ਬਦ ਬਾਰਬੈੱਲਸ (barbellus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕੰਡੇ' ਦੇ। ਮੱਛੀਆਂ ਦੇ ਸਿਰ ਉਪਰਲੇ ਕੰਡੇ ਜਿਹੇ ਨੁਕੀਲੇ ਵਧਾਅ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਕਿ ਛੋਹ ਲਈ ਸੰਵੇਦਨਸ਼ੀਲ ਅੰਗ ਹੈ।

Bark (ਬਾਰਕ)

ਇਹ ਦੈਨਿਸ਼ (ਡੈਨਮਾਰਕ ਦੀ ਬੋਲੀ) ਸ਼ਬਦ ਹੈ, ਜਿਸ ਦੇ ਅਰਥ ਹਨ 'ਛਿੱਲੜ' ਦੇ ਜਾਂ 'ਸੱਕ' ਦੇ। ਰੁੱਖਾਂ ਅਤੇ ਬੂਟਿਆਂ ਦੇ ਤਣਿਆਂ ਉਪਰਲੀ ਬਾਹਰਲੀ ਸੁਰੱਖਿਅਕ ਪਰਤ ਲਈ ਇਹ ਪਦ ਰਾਖਵਾਂ ਹੈ, ਜਿਹੜੀ ਕਿ ਮਰ ਚੁਕੇ ਨਿਰਜੀਵ ਸੈੱਲਾਂ ਦੀ ਬਣੀ ਹੁੰਦੀ ਹੈ।

Basal (ਬੇਸੈਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਬੇਸਿਸ (basis) ਹੈ, ਜਿਸ ਦੇ ਅਰਥ ਹਨ 'ਮੂਲ' ਦੇ ਜਾਂ 'ਬੁਨਿਆਦ' ਦੇ। ਜੀਵ ਦੇ ਪ੍ਰਿਥਵੀ ਵੱਲ ਦੇ ਸਭਨਾਂ ਨਾਲੋਂ ਹੇਠਲੇ ਅੰਗ ਜਾਂ ਬੁਣਤ ਲਈ ਇਹ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ ਅਤੇ ਉਸ ਪ੍ਰਕ੍ਰਿਆ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ, ਜਿਹੜੀ ਸਰੀਰਕ ਸਰਗਰਮੀਆਂ ਦਾ ਮੂਲ ਹੁੰਦੀ ਹੈ ਅਤੇ ਜਿਸ ਉਪਰ ਸਰੀਰ ਅੰਦਰਲੀਆਂ ਹੋਰ

ਪ੍ਰਕ੍ਰਿਆਵਾਂ ਨਿਰਭਰ ਹੁੰਦੀਆਂ ਹਨ।

Basal metabolic rate (ਬੇਸੈਲ ਮੇੱਟੈਬੋੱਲਿਕ ਰੇਟ)

ਇਹ ਪਦ ਇਕ ਲਾਤੀਨੀ ਸ਼ਬਦ, ਇਕ ਯੂਨਾਨੀ ਸ਼ਬਦ ਅਤੇ ਇਕ ਸਾਧਾਰਨ ਸ਼ਬਦ ਦਾ ਸੁਮੇਲ ਹੈ। ਇਸ ਪਦ ਦੇ ਪਹਿਲੇ ਸ਼ਬਦ ਦਾ ਆਧਾਰ ਲਾਤੀਨੀ ਸ਼ਬਦ ਬੇਸਿਸ (basis) ਹੈ, ਜਿਸ ਦੇ ਅਰਥ ਹਨ 'ਮੂਲ' ਦੇ; ਦੂਜੇ ਸ਼ਬਦ ਦਾ ਆਧਾਰ ਯੂਨਾਨੀ ਸ਼ਬਦ ਮੇੱਟੈਬੋੱਲੀ (metobole) ਹੈ, ਜਿਸ ਦੇ ਅਰਥ ਹਨ 'ਪਰਿਵਰਤਨ' ਦੇ ਅਤੇ ਤੀਜਾ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਗਤੀ' ਦੇ। ਸਰੀਰ ਅੰਦਰਲੀਆਂ ਮੂਲ ਪ੍ਰਕ੍ਰਿਆਵਾਂ ਜਿਸ ਗਤੀ ਨਾਲ ਸੰਪੰਨ ਹੁੰਦੀਆਂ ਰਹਿੰਦੀਆਂ ਹਨ, ਉਸ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Basal metabolism (ਬੇਸੈਲ ਮੇੱਟੈਬੋੱਲਿਜ਼ਮ)

ਇਹ ਪਦ ਲਾਤੀਨੀ ਆਧਾਰ ਵਾਲੇ ਅਤੇ ਯੂਨਾਨੀ ਆਧਾਰ ਵਾਲੇ ਦੋ ਸ਼ਬਦਾਂ ਦੁਆਰਾ ਰਚਿਆ ਗਿਆ ਹੈ। ਪਦ ਦੇ ਪਹਿਲੇ ਸ਼ਬਦ ਦਾ ਆਧਾਰ, ਲਾਤੀਨੀ ਸ਼ਬਦ, ਬੇਸਿਸ (basis) ਹੈ, ਜਿਸ ਦੇ ਅਰਥ ਹਨ 'ਮੂਲ' ਦੇ ਅਤੇ ਦੂਜੇ ਸ਼ਬਦ ਦਾ ਆਧਾਰ ਯੂਨਾਨੀ ਸ਼ਬਦ, ਮੇੱਟੈਬੋੱਲੀ (metabole) ਹੈ, ਜਿਸ ਦੇ ਅਰਥ ਹਨ 'ਪਰਿਵਰਤਨ' ਦੇ, ਭਾਵ 'ਰਸਾਇਣਕ ਪਰਿਵਰਤਨ' ਦੇ। ਸਰੀਰ ਅੰਦਰਲੀਆਂ ਊਰਜਾ ਦੀ ਉਪਜ ਅਤੇ ਊਰਜਾ ਦੀ ਵਰਤੋਂ ਨਾਲ ਜੁੜੀਆਂ ਮੂਲ ਪ੍ਰਕ੍ਰਿਆਵਾਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਉਪਰ ਸਰੀਰ ਦੀਆਂ ਹੋਰ ਪ੍ਰਣਾਲੀਆਂ ਨਿਰਭਰ ਹਨ।

Basalar (ਬੇਸੇਲੈਰ)

ਲਾਤੀਨੀ ਸ਼ਬਦ ਬੇਸਿਸ (basis) ਅਤੇ ਐਲੇ (ala) ਇਸ ਪਦ ਦਾ ਆਧਾਰ ਹਨ, ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਮੂਲ' ਦੇ ਅਤੇ ਦੂਜੇ ਦੇ 'ਉਡਣ-ਪਰ' ਦੇ। ਕੀਟ ਦੇ ਪਰ ਦੀ ਨੀਂਹ 'ਚ ਜੜੀਆਂ ਕਾਈਟਿਨੀ ਪਲੇਟਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀਆਂ ਕਿ ਇਸ ਨੂੰ ਮਜ਼ਬੂਤੀ ਅਰਪਣ ਕਰਦੀਆਂ ਹਨ।

Basement membrane (ਬੇਸਮੈਂਟ ਮੇੱਮਬ੍ਰੇਨ)

ਦੋ ਸਾਧਾਰਨ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਤਲ' ਦੇ ਅਤੇ ਦੂਜੇ ਦੇ, 'ਝਿਲੀ' ਦੇ। ਇਹ ਪਦ ਏਪਿਥਿਲੀਅਮ (epithelium) ਬੁਣਤ ਦੀ ਬੁਨਿਆਦ ਬਣੀ ਲੇਸਲੀ ਝਿਲੀ ਲਈ ਵਰਤਿਆ ਜਾਂਦਾ ਹੈ, ਜਿਸ ਉਪਰ ਏਪਿਥਿਲੀਅਲ ਸੈੱਲ ਟਿਕੇ ਹੋਏ ਹੁੰਦੇ ਹਨ। ਇਸ ਝਿਲੀ 'ਚੋਂ ਰਸਾਂ ਦੀ ਆਵਾਜਾਈ ਜਾਰੀ ਰਹਿੰਦੀ ਹੈ ਅਤੇ ਹੋਰਨਾਂ ਸੈੱਲਾਂ ਨੂੰ ਸਹਾਰਾ ਦਿੰਦੀ ਇਸ ਝਿਲੀ ਦੀ ਇਹੋ ਵਿਸ਼ੇਸ਼ਤਾ, ਇਸ ਨੂੰ ਸਰੀਰਕ ਬਣਤਰ ਲਈ ਅਣਮੋਲ ਬਣਾਉਂਦੀ ਹੈ।

Basisternum (ਬੇਸਿਸਟੱਰਨਮ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ: ਬੇਸਿਸ (basis) ਅਤੇ ਸਟੱਰਨਮ (sternum), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਮੂਲ' ਦੇ ਅਤੇ ਦੂਜੇ ਦੇ, 'ਛਾਤੀ ਦੀ ਹੱਡੀ' ਦੇ। ਉਪਰੋਕਤ ਪਦ ਕੀਟਾਂ ਦੀ ਛਾਤੀ ਨੂੰ ਹੇਠੋਂ ਕਜਦੀ, ਕਰੜੀ ਪਲੇਟ ਲਈ ਵਰਤੋਂ 'ਚ ਆਉਂਦਾ ਹੈ।

Bathyal (ਬੈਥਿਐਲ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਬੈਥਿਸ (bathys) ਹੈ, ਜਿਸ ਦੇ ਅਰਥ ਹਨ 'ਡੂੰਘੇ' ਦੇ। ਇਸ ਪਦ ਨੂੰ ਪਰ ਸਾਗਰੀ ਤਟ ਦੀ ਸਾਗਰ ਅੰਦਰ ਵਿਛੀ ਹੋਈ ਢਲਵਾਨ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Bathylimnetic (ਬੈਥਿਲਿਮਨੈਟਿਕ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ

ਹਨ, ਬੈਥਿਸ (bathys) ਅਤੇ ਲਿਮਨੀਟੀਸ (limnetes), ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਡੂੰਘੇ' ਦੇ ਅਤੇ ਦੂਜੇ ਦੇ, 'ਦਲਦਲੀ ਰਹਿਣੀ-ਬਹਿਣੀ' ਦੇ। ਜਿਹੜੇ ਜੀਵ ਝੀਲਾਂ ਅੰਦਰ ਅਤੇ ਦਲਦਲਾਂ ਅੰਦਰ ਰਹਿੰਦੇ ਜਾਂ ਉਗਦੇ ਹਨ, ਉਨ੍ਹਾਂ ਲਈ ਇਹ ਪਦ ਰਾਖਵਾਂ ਹੈ।

Bathypelagic (ਬੈਥਿਪਿਲੈਜਿਕ)

ਯੂਨਾਨੀ ਸ਼ਬਦ ਬੈਥਿਸ (bathys) ਅਤੇ ਪਿਲੈਗਸ (pelagas) ਇਸ ਪਦ 'ਚ ਸਮਾਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਡੂੰਘੇ' ਦੇ ਅਤੇ 'ਸਾਗਰ' ਦੇ। ਉਨ੍ਹਾਂ ਜੀਵਾਂ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜੇ ਸਾਗਰੀ ਡੂੰਘਾਣਾਂ 'ਚ ਵਿਚਰਦੇ ਹਨ।

Bathysmal (ਬੈਥਿਜ਼ਮੈਲ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ ਬੈਥਿਸ (bathys) ਹੈ, ਜਿਸ ਦੇ ਅਰਥ ਹਨ 'ਡੂੰਘੇ' ਦੇ। ਉਪਰੋਕਤ ਪਦ ਸਾਗਰ ਦੀਆਂ ਸਭਨਾਂ ਨਾਲੋਂ ਡੂੰਘੀਆਂ ਡੂੰਘਾਣਾਂ 'ਚ ਵਿਚਰਦੇ ਜੀਵਾਂ ਲਈ ਵਰਤਿਆ ਜਾਂਦਾ ਹੈ।

Batrachian (ਬੈਟਰੇਕਿਐਨ)

ਯੂਨਾਨੀ ਸ਼ਬਦ ਬੈਂਟਰੇਕੌਸ (batrachos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਡੱਡੂ' ਦੇ। ਡੱਡੂਆਂ ਅਤੇ ਡੱਡਾਂ (toads) ਨਾਲ ਸਬੰਧ ਦਰਸਾਉਣ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

B-Cells (ਬੀ-ਸੈੱਲਜ਼)

ਆਇਲਿਟਸ ਆਫ ਲਾਂਗਰਹਾਨਸ (Islets of Langerhans) ਪੈਂਕਰੀਅਸ (pancreas) ਗ੍ਰੰਥੀ ਦਾ ਵਿਸ਼ੇਸ਼ ਖੇਤਰ ਹੈ, ਜਿਸ ਅੰਦਰਲੇ ਬੀਟੱ (beta) ਸੈੱਲਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਨ੍ਹਾਂ ਚੋਂ ਇਨਸੁਲੀਨ (insulin) ਰਿਸ ਰਿਸ ਲਹੂ ਅੰਦਰ ਸੰਮਿਲਤ ਹੁੰਦੀ ਰਹਿੰਦੀ ਹੈ।

B-Complex (ਬੀ-ਕੌਮਪਲੈੱਕਸ)

ਬੀ ਵੰਨਗੀ ਦੇ ਵਿਟਾਮਿਨਾਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਅਤੇ ਇਸ ਸਮੂਹ 'ਚ ਮੁਖ ਤੌਰ ਤੇ ਸ਼ਾਮਲ ਹਨ: ਬੀ1, ਰਾਇਬੋਫਲੇਵਿਨ (riboflavin), ਪੈਂਟੱਥੈਨਿਕ ਐਸਿਡ (pantothenic acid), ਨਿਆਸਿਨ (niacin), ਬਾਇਓਟਿਨ (biotin), ਪੈਰਾ-ਐਮਿਨੋ ਬੈਨਜ਼ੁਇਕ ਐਸਿਡ (para-amino benzoic acid), ਫੋਲਿਕ ਐਸਿਡ (folic acid) ਅਤੇ ਬੀ12।

Beak (ਬੀਕ)

ਸਾਧਾਰਨ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਚੁੰਝ' ਦੇ, ਜਿਹੜੀ ਕਿ ਪੰਛੀਆਂ ਦੇ ਮੁਖ ਦਾ ਦੁਆਰ ਹੁੰਦੀ ਹੈ ਅਤੇ ਪਸ਼ੂਆਂ ਦੇ ਅਤੇ ਮੱਛੀਆਂ ਦੇ ਜਬਾੜ੍ਹੇ ਵਾਲੀ ਪ੍ਰਕ੍ਰਿਆ ਇਹ ਪੰਛੀਆਂ 'ਚ ਨਿਭਾਉਂਦੀ ਹੈ।

Benthic (ਬੈਨਥਿਕ)

ਯੂਨਾਨੀ ਸ਼ਬਦ ਬੈਨਥੌਸ (benthos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਸਾਗਰੀ ਤਲ' ਦੇ। ਸਾਗਰੀ ਤਲ 'ਤੇ ਵਿਚਰਦੇ ਜੀਵਾਂ ਲਈ ਇਹ ਪਦ ਵਰਤਿਆ ਜਾਂਦਾ ਹੈ।

Benthos (ਬੈਨਥੌਸ)

ਇਹ ਯੂਨਾਨੀ ਸ਼ਬਦ ਹੈ ਅਤੇ ਜੀਵ-ਵਿਗਿਆਨਕ ਪਦ ਵਜੋਂ ਇਸ ਨੂੰ 'ਸਾਗਰੀ ਤਲ' ਲਈ ਵਰਤਿਆ ਜਾਂਦਾ ਹੈ।

Beta cells (ਬੀਟੱ ਸੈੱਲਜ਼)

ਪੈਂਕਰੀਅਸ ਗ੍ਰੰਥੀ ਅੰਦਰਲੇ ਆਇਲਿਟਸ ਆਫ ਲਾਂਗਰਹਾਨਸ (Istets of Langerhans) ਖੇਤਰ ਵਿਖੇ ਸਥਿਤ ਉਨ੍ਹਾਂ ਸੈੱਲਾਂ ਨੂੰ ਉਪਰੋਕਤ ਨਾਮ

ਨਾਲ ਸੱਦਿਆ ਜਾਂਦਾ ਹੈ, ਜਿਨ੍ਹਾਂ ਚੋਂ ਇਨਸੁਲੀਨ (insulin) ਰਿਸਦੀ ਹੈ ਅਤੇ ਜਿਨ੍ਹਾਂ ਨੂੰ ਬੀ-ਸੈੱਲ ਵੀ ਸੱਦਿਆ ਜਾਂਦਾ ਹੈ।

Bilateral (ਬਾਈਲੈਟਰੈਲ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਬਿਸ (bis) ਅਤੇ ਲੇਟਸ (latus) ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋ ਵਾਰ' ਦੇ ਅਤੇ ਦੂਜੇ ਦੇ 'ਪਾਸੇ' ਦੇ। ਉਸ ਸਰੀਰਕ ਤਨਾਸਬ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦੇ ਦੋਵੇਂ ਪਾਸੇ ਇਕ ਦੂਜੇ ਦਾ ਅਕਸ ਹੁੰਦੇ ਹਨ।

Bile (ਬਾਈਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਬਿਲਿਸ (bilis) ਹੈ, ਜਿਸ ਦੇ ਅਰਥ ਹਨ ਬਾਈਲ ਦੇ, ਭਾਵ ਜਿਗਰ ਚੋਂ ਰਿਸਦੇ ਉਸ ਰਸ ਦੇ, ਜਿਹੜਾ ਪਾਚਨ ਕ੍ਰਿਆ 'ਚ ਭੂਮਿਕਾ ਨਿਭਾਉਂਦਾ ਹੈ।

Binary (ਬਾਈਨੈਰਿ)

ਲਾਤੀਨੀ ਸ਼ਬਦ ਬਾਈਨੇਰਿਅਸ (binarius) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ, 'ਦੋ' ਦੇ। ਉਸ ਬਣਤਰ ਜਾਂ ਪ੍ਰਕ੍ਰਿਆ ਲਈ ਇਹ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਸ 'ਚ ਦੋ ਇਕਾਈਆਂ ਭਾਗ ਲੈਣ।

Binary fission (ਬਾਈਨੈਰਿ ਫਿਸ਼ਨ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਆਧਾਰ ਵਾਲਾ ਸ਼ਬਦ ਹੈ, ਜਿਸ ਦੇ ਅਰਥ ਹਨ 'ਦੋ' ਦੇ ਅਤੇ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਵਿਖੰਡਨ' ਦੇ ਜਾਂ 'ਟੁੱਟ ਜਾਣ' ਦੇ। ਜਦ ਇਕ ਸੈੱਲ ਵਿਚਕਾਰੋਂ ਵਿਖੰਡਤ ਹੋਕੇ ਜਾਂ ਟੁੱਟ ਕੇ ਦੋ 'ਚ ਵੰਡਿਆ ਜਾਂਦਾ ਹੈ ਤਦ ਇਸ ਪ੍ਰਕਾਰ ਦੇ ਸੈੱਲ ਦੇ ਹੋਏ ਵਿਭਾਜਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Binaural (ਬਾਈਨਾਰੱਲ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਬਾਈਨੀ (bini) ਅਤੇ ਔਰਿਸ (auris), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੋ' ਦੇ ਅਤੇ 'ਕੰਨ' ਦੇ। ਦੋ ਕੰਨਾਂ ਵਾਲੇ ਪ੍ਰਾਣੀ ਲਈ ਅਤੇ ਦੋਵਾਂ ਕੰਨਾਂ ਨਾਲ ਸਬੰਧਤ ਪ੍ਰਕ੍ਰਿਆ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Binocular (ਬਾਈਨਾਕਯੂਲੈਰ)

ਦੋ ਲਾਤੀਨੀ ਸ਼ਬਦ ਬਾਈਨੀ (bini) ਅਤੇ ਆਕਯੂਲਸ (oculus) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋ' ਦੇ ਅਤੇ ਦੂਜੇ ਦੇ, 'ਅੱਖ' ਦੇ। ਦੋ ਅੱਖਾਂ ਉਪਰ ਸਾਂਝੇ ਤੌਰ 'ਤੇ ਨਿਰਭਰ ਨਿਗਾਹ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Binomial (ਬਾਈਨੋਮਿਐਲ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ, ਬਿਸ (bis) ਅਤੇ ਨੋਮਨ (nomen) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੋ ਵਾਰ' ਦੇ ਅਤੇ 'ਨਾਮ' ਦੇ। ਜੀਵਾਂ ਦੇ ਦੋ ਭਾਗਾਂ ਉਪਰ ਨਿਰਭਰ ਨਾਮਕਰਨ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਚੋਂ ਪਹਿਲਾ ਭਾਗ ਜੀਵ ਦੇ ਜੀਨਸ ਦਾ ਪ੍ਰਤੀਕ ਹੁੰਦਾ ਹੈ ਅਤੇ ਦੂਜਾ, ਉਸ ਦੀ ਨਸਲ (ਸਪੀਸ਼ੀਜ਼) ਦਾ।

Binuclear (ਬਾਈਨਿਊਕਲੀਅਰ)

ਇਸ ਪਦ ਅੰਦਰ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਬਿਸ (bis) ਅਤੇ ਨਿਊਕਲੀਅਸ (nucleus), ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਦੋ ਵਾਰ' ਦੇ ਅਤੇ ਦੂਜੇ ਦੇ, ਸੈੱਲ ਅੰਦਰ ਗਿਰੀ ਵਾਂਗ ਸਥਿਤ 'ਨਿਊਕਲੀਅਸ' ਦੇ। ਉਸ ਸੈੱਲ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਜਿਸ ਅੰਦਰ, ਇਕ ਦੀ ਥਾਵੇਂ ਦੋ ਨਿਊਕਲੀਅਸ ਹੁੰਦੇ ਹਨ।

Biocatalyst (ਬਾਇਓਕੈਟੈਲਿਸਟ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਬਾਇਓਸ (bios) ਅਤੇ ਕੈਟੈਲਿਸਿਸ (katalysis) ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਜੀਵਨ' ਦੇ ਅਤੇ ਦੂਜੇ ਦੇ, 'ਘੋਲਣ' ਦੇ ਜਾਂ 'ਗਾਲਣ' ਦੇ। ਸਰੀਰ ਅੰਦਰੀਲੀਆਂ ਜੈਵਿਕ ਪ੍ਰਕ੍ਰਿਆਵਾਂ ਐਨਜ਼ਾਈਮਾਂ (enzymes) ਦੁਆਰਾ ਨੇਪਰੇ ਚੜ੍ਹਦੀਆਂ ਹਨ, ਜਿਨ੍ਹਾਂ ਨੂੰ ਉਪਰੋਕਤ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

Biochemistry (ਬਾਇਓਕੈਮਿਸਟਰਿ)

ਇਹ ਪਦ ਕੈਮਿਸਟਰੀ ਦੇ ਉਪ ਵਿਸ਼ੇ ਲਈ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਨਿਰੋਲ ਜੀਵਨ ਨਾਲ, ਭਾਵ ਜੀਵਨ ਦਾ ਆਧਾਰ ਬਣਦੀਆਂ ਰਸਾਇਣਕ ਪ੍ਰਤਿਕ੍ਰਿਆਵਾਂ ਨਾਲ ਹੈ। ਕੈਮਿਸਟਰੀ ਦੇ ਮੂਹਰੇ ਜੁੜੇ ਯੂਨਾਨੀ ਸ਼ਬਦ ਬਾਇਓਸ (bios) ਦੇ ਅਰਥ 'ਜੀਵਨ' ਦੇ ਹਨ।

Biogenesis (ਬਾਇਓਜੈਨੱਸਿਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਬਾਇਓਸ (bios) ਅਤੇ ਜੈਨੱਸਿਸ (genesis), ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ, 'ਜੀਵਨ' ਦੇ ਅਤੇ ਦੂਜੇ ਦੇ, 'ਉਤਪਤੀ' ਦੇ ਜਾਂ 'ਨਿਕਾਸ' ਦੇ। ਉਂਜ ਇਹ ਨਾਮ ਉਸ ਸਿਧਾਂਤ ਦਾ ਹੈ ਜਿਸ ਅਨੁਸਾਰ: 'ਜੀਵਨ ਕੇਵਲ ਜੀਵਨ ਤੋਂ ਹੀ ਉਤਪੰਨ ਹੁੰਦਾ ਹੈ'।

Biogeography (ਬਾਇਓਜਿਓਗ੍ਰੈਫ਼ਿ)

ਇਸ ਪਦ 'ਚ ਤਿੰਨ ਯੂਨਾਨੀ ਸ਼ਬਦ ਸਮਾਏ ਹੋਏ ਹਨ : ਬਾਇਓਸ (bios), ਜਿਸ ਦੇ ਅਰਥ ਹਨ ਜੀਵਨ ਦੇ; ਜੀ (ge), ਜਿਸ ਦੇ ਅਰਥ ਹਨ 'ਭੂਮੀ' ਦੇ ਅਤੇ ਗ੍ਰਾਫ਼ੀਨ (graphein), ਜਿਸ ਦੇ ਅਰਥ ਹਨ 'ਲਿਖਣ' ਦੇ। ਜੀਵਾਂ ਦੇ ਭੂਮੀ ਉਪਰਲੇ ਫੈਲਾਓ ਨਾਲ ਸਬੰਧਤ ਅਧਿਐਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Biology (ਬਾਇਓਲੌਜਿ)

ਦੋ ਯੂਨਾਨੀ ਸ਼ਬਦਾਂ, ਬਾਇਓਸ (bios) ਤੇ ਲੋਗੌਸ (logos) ਤੋਂ ਇਹ ਪਦ ਬਣਿਆ ਹੈ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਜੀਵਨ' ਦੇ ਅਤੇ ਦੂਜੇ ਦੇ 'ਅਧਿਐਨ' ਦੇ। ਜੀਵਨ ਦੇ ਵਿਸਥਾਰ ਵਿਗਿਆਨਕ ਅਧਿਐਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Bioluminescence (ਬਾਇਓਲਿਊਮਿਨੱਸੈਨਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਬਾਇਓਸ (bios) ਅਤੇ ਲਾਤੀਨੀ ਸ਼ਬਦ ਲਿਊਮਿਨੱਸਰਿ (luminescere) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਜੀਵਨ' ਦੇ ਅਤੇ ਦੂਜੇ ਦੇ 'ਰੋਸ਼ਨ ਕਰਨ' ਦੇ। ਕਈ ਜੀਵ ਅਜਿਹੇ ਹਨ ਜਿਹੜੇ ਰੋਸ਼ਨੀ ਉਪਜਾਉਂਦੇ ਹਨ, ਉਨ੍ਹਾਂ ਦੀ ਇਸੇ ਪ੍ਰਕ੍ਰਿਆ ਲਈ ਉਪਰੋਕਤ ਵਰਤਿਆ ਜਾਂਦਾ ਹੈ।

Biomass (ਬਾਇਓਮੈਸ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਬਾਇਓਸ (bios) ਅਤੇ ਮੈਸਈਨ (massein) ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ, 'ਜੀਵਨ' ਦੇ ਅਤੇ ਦੂਜੇ ਦੇ, 'ਨਿਚੋੜ' ਦੇ। ਇਕ ਖੇਤਰ ਵਿਚ ਵਿਚਰਦੇ ਸਾਰੇ ਜੀਵਾਂ ਦੇ ਔਸਤ ਵਜ਼ਨ ਨੂੰ ਦਰਸਾਉਣ ਲਈ ਇਹ ਪਦ ਵਰਤਿਆ ਜਾਂਦਾ ਹੈ।

Biome (ਬਾਇਓਮ)

ਯੂਨਾਨੀ ਸ਼ਬਦ ਬਾਇਓਸ (bios) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਜੀਵਨ' ਦੇ। ਨਿਰਧਾਰਤ ਵਿਸ਼ੇਸ਼ਤਾਵਾਂ ਵਾਲੇ ਇਕ ਖੇਤਰ 'ਚ ਵਿਚਰਦੇ ਜੀਵਾਂ ਦੇ ਸਮੂਹ ਨੂੰ ਇਹ ਪਦ ਦਰਸਾਉਂਦਾ ਹੈ, ਜਿਹੜੇ ਕਿ ਸਹਿਚਾਰੀ ਭਾਈਵਾਲਤਾ ਵਾਲਾ ਜੀਵਨ ਬਤੀਤ ਕਰਦੇ ਹਨ। ਵਣਾਂ ਦਾ ਆਪਣਾ ਬਾਇਓਮ ਹੈ, ਖ਼ੁਸ਼ਕ ਥਲਾਂ ਦਾ ਆਪਣਾ ਅਤੇ ਦਲਦਲਾਂ ਦਾ ਆਪਣਾ।

Biosphere (ਬਾਇਓਸਫ਼ਿਅਰ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਬਾਇਓਸ (bios), ਜਿਸ ਦੇ ਅਰਥ ਹਨ 'ਜੀਵਨ' ਦੇ ਅਤੇ ਦੂਜਾ ਸਫ਼ੈਰਾ (sphaira), ਜਿਸ ਦੇ ਅਰਥ ਹਨ 'ਭੂਗੋਲ' ਦੇ। ਭੂਗੋਲ ਅਤੇ ਇਸ ਦੁਆਲੇ ਲਿਪਟੇ ਵਾਯੂ ਮੰਡਲ ਦੇ ਉਸ ਖੇਤਰ ਨੂੰ ਇਹ ਪਦ ਦਰਸਾਉਂਦਾ ਹੈ ਜਿਥੇ ਕਿ ਜੀਵ ਵਿਚਰ ਰਹੇ ਹਨ।

Biosystematics (ਬਾਇਓਸਿਸਟੇਮੈਟਿਕਸ)

ਇਸ ਪਦ ਦਾ ਆਧਾਰ ਦੋ ਸ਼ਬਦ ਹਨ: ਪਹਿਲਾ ਯੂਨਾਨੀ ਸ਼ਬਦ ਬਾਇਓਸ (bios), ਜਿਸ ਦੇ ਅਰਥ ਹਨ 'ਜੀਵਨ' ਦੇ ਅਤੇ ਦੂਜਾ ਸਿਲਸਿਲੇਵਾਰ ਤਰਤੀਬ ਨੂੰ ਦਰਸਾਉਣ ਲਈ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ, ਸਿਸਟੇਮੈਟਿਕਸ (systematics)। ਜੀਵ ਨਸਲਾਂ ਦੀ ਸਿਲਸਿਲੇਵਾਰ ਵਰਗਾਂ 'ਚ ਤਰਤੀਬ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਇਸ ਤਰਤੀਬ ਦੇ ਆਧਾਰ ਹੁੰਦੇ ਹਨ : ਸਰੀਰਕ ਵਿਸ਼ੇਸ਼ਤਾਵਾਂ, ਜੀਵਾਂ ਦਾ ਵਤੀਰਾ, ਇਨ੍ਹਾਂ ਦਾ ਪ੍ਰਜਣਨ ਅਤੇ ਇਨ੍ਹਾਂ ਦਾ ਵਿਕਾਸ।

Biota (ਬਾਇਓਟੱਾ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਬਾਇਓਸ (bios) ਹੈ, ਜਿਸ ਦੇ ਅਰਥ ਹਨ 'ਜੀਵਨ' ਦੇ। ਨਿਰਧਾਰਤ ਭੂਮੀ ਖੇਤਰ 'ਚ ਵਿਚਰਦੇ ਜੀਵਾਂ ਦੇ ਸਮੂਹ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ 'ਚ ਸਾਰੇ ਪ੍ਰਾਣੀ ਤੇ ਪੌਦੇ ਸ਼ਾਮਲ ਹੁੰਦੇ ਹਨ।

Biotic factor (ਬਾਇਓਟਿਕ ਫ਼ੈਕਟਰ)

ਇਸ ਪਦ ਦੇ ਦੋ ਭਾਗ ਹਨ, ਪਹਿਲਾ ਯੂਨਾਨੀ ਸ਼ਬਦ ਬਾਇਓਸ (bios) ਉਪਰ ਆਧਾਰਿਤ ਹੈ, ਜਿਸ ਦੇ ਅਰਥ ਹਨ 'ਜੀਵਨ' ਦੇ ਅਤੇ ਦੂਜਾ, ਸਾਧਾਰਨ ਵਰਤੋਂ 'ਚ ਆ ਰਹੇ ਫੈਕਟਰ (factor) ਸ਼ਬਦ ਉਪਰ ਆਧਾਰਿਤ, ਜਿਸ ਦੇ ਅਰਥ ਹਨ 'ਅੰਸ਼' ਦੇ। ਜੈਵਿਕ ਪ੍ਰਕ੍ਰਿਆਵਾਂ ਕਾਰਨ ਉਪਜਦੇ ਰਹਿੰਦੇ ਅਜਿਹੇ ਅੰਸ਼ਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦਾ ਪ੍ਰਭਾਵ ਆਲੇ ਦੁਆਲੇ ਦੇ ਵਾਤਾਵਰਨ ਉਪਰ ਪੈਂਦਾ ਹੈ।

Biotin (ਬਾਇਓਟਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਬਾਇਓਸ (bios) ਹੈ, ਜਿਸ ਦੇ ਅਰਥ ਹਨ 'ਜੀਵਨ' ਦੇ। ਵਿਟਾਮਿਨ ਬੀ (B) ਦੇ ਸਮੂਹ ਚੋਂ ਇਕ ਦਾ ਇਹ ਨਾਮ ਹੈ ਅਤੇ ਇਸ ਨੂੰ ਵਿਟਾਮਿਨ ਬੀ4 (B4) ਵੀ ਸੱਦਿਆ ਜਾਂਦਾ ਹੈ। ਸਰੀਰ ਅੰਦਰ ਇਸ ਦਾ ਬਹੁਪੱਖਾ ਉਪਯੋਗ ਹੁੰਦਾ ਹੈ। ਆਂਡੇ, ਦੁੱਧ, ਪਨੀਰ ਆਦਿ ਇਸ ਦੇ ਸ੍ਰੋਤ ਹਨ।

Biotope (ਬਾਇਓਟੋਪ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਬਾਓਸ (bios), ਜਿਸ ਦੇ ਅਰਥ ਹਨ 'ਜੀਵਨ' ਦੇ ਅਤੇ ਦੂਜਾ ਟੌਪੱਸ (topos), ਜਿਸ ਦੇ ਹਨ 'ਸਥਾਨ' ਦੇ। ਉਸ ਪ੍ਰਕਾਰ ਦੇ ਸਥਾਨਕ ਵਾਤਾਵਰਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਜਿਸ ਅੰਦਰਲੇ ਜੀਵਾਂ ਦੇ ਵਿਚਰਨ ਲਈ ਜ਼ਰੂਰੀ ਹਾਲਾਤ, ਲੰਬੇ ਸਮੇਂ ਤਕ, ਇਕਸਾਰ ਬਣੇ ਰਹਿਣ।

Biped (ਬਾਈਪੈਡ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਬਿਸ (bis) ਅਤੇ ਪੈਸ (pes), ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋ ਵਾਰ' ਜਾਂ 'ਦੋ' ਦੇ ਅਤੇ ਦੂਜੇ ਦੇ 'ਪੈਰ' ਦੇ। ਦੋ ਟੰਗਾਂ ਜਾਂ ਪੈਰਾਂ ਉਪਰ ਚਲਣ ਵਾਲੇ ਪ੍ਰਾਣੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Bisexual (ਬਾਈਸੈਕਸ਼ੁਅਲ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਬਿਸ (bis), ਜਿਸ ਦੇ ਅਰਥ ਹਨ 'ਦੋ ਵਾਰ' ਜਾਂ 'ਦੋ' ਦੇ ਅਤੇ ਦੂਜਾ ਸੈਕੱਸ (sexus),

ਜਿਸ ਦੇ ਅਰਥ ਹਨ 'ਲਿੰਗ' ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ, ਜਿਨ੍ਹਾਂ ਵਿਖੇ ਦੋਵੇਂ ਪ੍ਰਜਣਨ ਅੰਗ, ਨਰ ਵੀ ਅਤੇ ਮਾਦਾ ਵੀ, ਇਕੱਠਿਆਂ, ਇਕੋ ਸਰੀਰ ਅੰਦਰ ਸਮਾਏ ਹੋਣ।

Bivalve (ਬਾਈਵੈਲਵ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਬਿਸ (bis) ਅਤੇ ਵੈਲਵੀ (valvae) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋ' ਦੇ ਅਤੇ ਦੂਜੇ ਦੇ, 'ਤਹਿਦਾਰ ਬੂਹੇ' ਦੇ। ਉਨ੍ਹਾਂ ਪ੍ਰਾਣੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਸਰੀਰ ਆਸਿਓਂ-ਪਾਸਿਓਂ ਦੋ ਖੁਲ੍ਹਦੀਆਂ ਤੇ ਬੰਦ ਹੁੰਦੀਆਂ ਪਲੇਟਾਂ ਅੰਦਰ ਸੁਰੱਖਿਅਤ ਹੁੰਦੇ ਹਨ। ਸਿੱਪ ਅਜਿਹੇ ਪ੍ਰਾਣੀ ਹਨ।

Bivoltine (ਬਾਈਵੌਲਟਿਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਬਿਸ (bis) ਅਤੇ ਅਤਾਲਵੀ ਸ਼ਬਦ ਵੋਲਟਾ (volta) ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋ' ਦੇ ਜਾਂ 'ਦੋ ਵਾਰ' ਦੇ ਅਤੇ ਪਿਛਲੇ ਦੇ 'ਸਮੇਂ' ਦੇ। ਵਰ੍ਹੇ 'ਚ ਦੋ ਰਵੇ ਉਪਜਾਉਂਦੇ ਜਾਂ ਦੋ ਵਾਰ ਆਂਡੇ ਦਿੰਦੇ ਪ੍ਰਾਣੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Bladder (ਬਲੈਡਰ)

ਇਹ ਭੁਕਾਨੇ ਜਾਂ ਥੈਲੀ ਲਈ ਵਰਤਿਆ ਜਾਂਦਾ ਸਾਧਾਰਨ ਸ਼ਬਦ ਹੈ ਅਤੇ ਜੀਵ ਵਿਗਿਆਨ ਦੇ ਪ੍ਰਸੰਗ 'ਚ ਸਰੀਰ ਅੰਦਰਲੇ ਕਿਸੇ ਵੀ ਭੁਕਾਨੇ ਜਿਹੇ ਥੈਲੀ ਨੁਮਾ ਅੰਗ ਲਈ ਇਸ ਦਾ ਉਪਯੋਗ ਕੀਤਾ ਜਾ ਸਕਦਾ ਹੈ, ਜਿਹੜਾ ਝਿਲੀਦਾਰ ਹੋਵੇ ਅਤੇ ਜਿਸ ਅੰਦਰ ਵਾਯੂ ਜਾਂ ਤਰਲ ਭਰਿਆ ਹੋਵੇ।

Blade (ਬਲੇਡ)

ਇਹ ਸਾਧਾਰਨ ਵਰਤੋਂ 'ਚ ਆਉਣ ਵਾਲਾ ਸ਼ਬਦ ਘਾਹ ਦੇ ਪੱਤਰ ਲਈ ਵੀ ਆਮ ਵਰਤਿਆ ਜਾਂਦਾ ਹੈ।

Blastema (ਬਲੈਸਟੋਂਮੈ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਗੁੰਚੇ' ਦੇ ਜਾਂ 'ਕਲੀ' ਦੇ। ਭਰੂਣ ਦੇ ਹੋਂਦ 'ਚ ਆ ਜਾਣ ਉਪਰੰਤ, ਇਸ ਅੰਦਰਲੇ ਸੈੱਲਾਂ ਦੇ ਅਜਿਹੇ ਗੁੱਛੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਨੇ ਅਗਾਂਹ ਚਲ ਕੇ ਇਕ ਅੰਗ ਦਾ ਰੂਪ ਧਾਰਨ ਕਰ ਲੈਣਾ ਹੁੰਦਾ ਹੈ। ਕਈ ਸਥਿਤੀਆਂ 'ਚ ਤਾਂ ਸੈੱਲਾਂ ਦੇ ਇਸ ਪ੍ਰਕਾਰ ਦੇ ਗੁੱਛੇ ਤੋਂ ਸਮੁੱਚਾ ਜੀਵ ਹੋਂਦ 'ਚ ਆ ਜਾਂਦਾ ਹੈ। ਅਜਿਹੀ ਸਥਿਤੀ ਲਈ ਵੀ ਉਪਰੋਕਤ ਪਦ ਹੀ ਰਾਖਵਾਂ ਹੈ।

Blastocoel (ਬਲੈਸਟੱਸੀਲ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਬਲੈਸਟੱਸ (blastos) ਅਤੇ ਕੋਇਲੱਸ (koilos) ਅਤੇ ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਕਲੀ' ਦੇ ਅਤੇ ਦੂਜੇ ਦੇ, 'ਥੋਥ' ਦੇ ਜਾਂ 'ਥੋਥੇਪਣ' ਦੇ। ਪ੍ਰਾਣੀਆਂ ਦੀ ਸਰੀਰਕ ਪ੍ਰਗਤੀ ਦੌਰਾਨ ਹੋਂਦ 'ਚ ਆਏ ਮੁਢਲੇ ਭਰੂਣ (ਬਲੈਸਟਯੂਲੱਾ) ਅੰਦਰਲੀ ਥੋਥ ਜਾਂ ਪੋਲ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Blastoderm (ਬਲੈਸਟੱਡਰਮ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਇਕ ਬਲੈਸਟੱਸ (blastos), ਜਿਸ ਦੇ ਅਰਥ ਹਨ 'ਕਲੀ' ਜਾਂ 'ਫੁੱਲ-ਡੋਡੀ' ਦੇ ਅਤੇ ਦੂਜਾ, ਡਰਮੱ (derma), ਜਿਸ ਦੇ ਅਰਥ ਹਨ 'ਚਮੜੀ' ਦੇ। ਪੁੰਗਰ ਰਹੇ ਭਰੂਣ (ਬਲੈਸਟਯੂਲੱਾ) ਅੰਦਰ ਬਣੀ ਹੋਈ ਖੋੜ, ਬਲੈਸਟਸੀਲ ਦੁਆਲੇ ਸੈੱਲਾਂ ਦੀ ਜਿਹੜੀ ਪਰਤ ਲਿਪਟੀ ਹੋਈ ਹੁੰਦੀ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Blastomere (ਬਲੈਸਟੱਮਿਅਰ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ

ਹਨ, ਬਲੈਸਟੱਸ (blastos) ਅਤੇ ਮਿਰੱਸ (meros) ਅਤੇ ਇਨ੍ਹਾਂ ਚੋ ਪਹਿਲੇ ਦੇ ਅਰਥ ਹਨ 'ਫੁੱਲ-ਡੋਡੀ' ਦੇ ਜਾਂ 'ਕਲੀ' ਦੇ ਅਤੇ ਦੂਜੇ ਦੇ, 'ਭਾਗ' ਦੇ ਜਾਂ 'ਟੋਟੇ' ਦੇ। ਭਰੂਣ ਦਾ ਰੂਪ ਧਾਰਨ ਕਰਨ ਤੋਂ ਪਹਿਲਾਂ ਨਿਸ਼ੇਚਿਆ ਆਂਡਾ ਵਾਰ ਵਾਰ ਵੰਡਿਆ ਜਾਂਦਾ ਹੈ ਅਤੇ ਇਸ ਪ੍ਰਕਾਰ ਉਪਜਦੇ ਸੈੱਲਾਂ ਚੋਂ ਹਰ ਇਕ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Blastopore (ਬਲੈਸਟੱਪੋਰ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਉਹ ਹਨ ਬਲੈਸਟੱਸ (blastos) ਅਤੇ ਪੋਰੱਸ (poros), ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਫੁੱਲ ਦੀ ਡੋਡੀ' ਦੇ ਅਤੇ 'ਦੁਆਰ' ਦੇ। ਪੁੰਗਰ ਰਹੇ ਭਰੂਣ ਦੇ ਗੈਸਟਰਯੂਲਾੱ (gastrula) ਪੜਾਅ ਦੌਰਾਨ, ਇਸ ਦੁਆਲੇ ਦੀ ਪਰਤ ਇਕ ਸਿਰੇ ਤੋਂ ਅੰਦਰ ਨੂੰ ਧੱਸ ਕੇ, ਮੁੱਢਲੀ ਪਾਚਨ ਨਾਲੀ ਨੂੰ ਜਨਮ ਦੇ ਦਿੰਦੀ ਹੈ। ਇਸ ਪ੍ਰਕਾਰ ਬਣੇ ਅਤੇ ਬਾਹਰ ਨੂੰ ਖੁਲ੍ਹਦੇ ਇਸ ਪਾਚਨ ਨਾਲੀ ਦੇ ਦੁਆਰ ਨੂੰ ਦਰਸਾਉਣ ਲਈ ਹੀ ਉਪਰੋਕਤ ਪਦ ਵਰਤਿਆ ਜਾਂਦਾ ਹੈ।

Blastula (ਬਲੈਸਟਯੂਲਾੱ)

ਯੂਨਾਨੀ ਸ਼ਬਦ ਬਲੈਸਟੱਸ (blastos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕਲੀ' ਦੇ ਜਾਂ 'ਫੁੱਲ-ਡੋਡੀ' ਦੇ। ਪੁੰਗਰ ਰਹੇ ਭਰੂਣ ਦੇ ਪਹਿਲੇ ਪੜਾਅ ਲਈ ਉਪਰੋਕਤ ਪਦ ਰਾਖਵਾਂ ਹੈ, ਜਦ ਇਸ ਦਾ ਰੂਪ ਅੰਦਰੋਂ ਖੋਖਲੀ ਇਕ ਗੇਂਦ ਜਿਹਾ ਹੁੰਦਾ ਹੈ।

Blight (ਬਲਾਇਟ)

ਅੱਜ-ਕਲ੍ਹ ਸਾਧਾਰਨ ਵਰਤੋਂ 'ਚ ਆ ਰਹੇ ਇਸ ਪਦ ਦੇ ਅਰਥ ਹਨ 'ਫ਼ਸਲ ਨੂੰ ਕੁੰਗੀ ਪੈ ਜਾਣ' ਦੇ। ਇਹ ਫ਼ਸਲਾਂ ਦਾ ਅਜਿਹਾ ਰੋਗ ਹੈ, ਜਿਸ ਕਾਰਨ ਇਹ ਮੁਰਝਾ ਜਾਂਦੀਆਂ ਹਨ ਅਤੇ ਇਸ ਦਾ ਕਾਰਨ ਜਾਂ ਤਾਂ ਕੋਈ ਕੀਟ ਹੁੰਦਾ ਹੈ ਅਤੇ ਜਾਂ ਫਫੂੰਦੀ (ਉੱਲੀ)।

Blind spot (ਬਲਾਇੰਡ ਸਪਾੱਟ)

ਇਸ ਪਦ ਦੇ ਸ਼ਾਬਦਕ ਅਰਥ ਹਨ 'ਅੰਧ-ਬਿੰਦੂ' ਦੇ, ਜਿਹੜਾ ਕਿ ਅੱਖ ਅੰਦਰਲਾ ਉਹ ਸਥਾਨ ਹੈ, ਜਿਥੇ ਅੱਖ ਦੀ ਮੁੱਖ ਨਸ ਅੱਖ ਅੰਦਰ ਪ੍ਰਵੇਸ਼ ਕਰਦੀ ਹੈ ਅਤੇ ਇਹ ਸਥਾਨ ਦ੍ਰਿਸ਼ਟੀ ਪਖੋਂ ਅਣਉਪਯੋਗੀ ਹੁੰਦਾ ਹੈ।

Blood (ਬਲੱਡ)

ਇਹ ਆਮ ਵਰਤੋਂ 'ਚ ਆ ਰਿਹਾ ਸ਼ਬਦ ਹੈ ਅਤੇ ਇਸ ਦਾ ਉਲੱਥਾ 'ਖ਼ੂਨ' 'ਚ, 'ਰੱਤ' 'ਚ ਜਾਂ 'ਲਹੂ' 'ਚ ਕੀਤਾ ਜਾ ਸਕਦਾ ਹੈ। ਸਰੀਰ ਅੰਦਰਲੇ ਹਰ ਇਕ ਅੰਗ ਅਤੇ ਸੈੱਲ ਤਕ ਲਹੂ ਦੀ ਰਸਾਈ ਹਰ ਸਮੇਂ ਹੁੰਦੀ ਰਹਿੰਦੀ ਹੈ, ਜਿਨ੍ਹਾਂ ਨੂੰ ਕਿ ਇਹ ਖ਼ੁਰਾਕ ਅਤੇ ਆਕਸੀਜਨ ਦੀ ਰਸਦ ਉਪਲਬਧ ਕਰਵਾਉਂਦਾ ਰਹਿੰਦਾ ਹੈ ਅਤੇ ਨਾਲੋ-ਨਾਲ ਇਨ੍ਹਾਂ 'ਚ ਉਪਜਦੀ ਰਹਿੰਦੀ ਰਸਾਇਣਕ ਰਾਖ਼ ਨੂੰ, ਸਰੀਰੋਂ ਬਾਹਰ ਨਿਪਟਾਰੇ ਲਈ, ਇਕੱਤਰ ਕਰਦਾ ਰਹਿੰਦਾ ਹੈ। ਸਰੀਰ ਅੰਦਰ ਲਹੂ ਦਾ ਸੰਚਾਰ, ਵਿਸ਼ੇਸ਼ ਵਹਿਣੀਆਂ ਦੁਆਰਾ, ਪਲ ਪਲ, ਜੀਵਨ ਭਰ ਹੁੰਦਾ ਰਹਿੰਦਾ ਹੈ। ਸਰੀਰਕ ਤਾਪਮਾਨ ਦੀ ਇਕਸਾਰਤਾ ਅਤੇ ਸਰੀਰ ਅੰਦਰ ਹਾਰਮੋਨੀ ਰਸਾਂ ਦਾ ਪ੍ਰਸਾਰਨ ਵੀ ਲਹੂ ਦੇ ਜ਼ਿੰਮੇ ਲੱਗੇ ਕਾਰਜ ਹਨ, ਜਦ ਕਿ ਰੋਗਾਣੂਆਂ ਦੀ ਵਿਰੋਧਤਾ ਕਰਨ ਵਾਲੇ ਸੈੱਲ ਵੀ ਇਸੇ ਅੰਦਰ ਸਮਾਏ ਹੁੰਦੇ ਹਨ।

Blood cells (ਬਲੱਡ ਸੈੱਲਜ਼)

ਲਹੂ ਦਾ ਵਗਣਸ਼ੀਲ, ਪਰ ਗਾਹੜਾ ਤਰਲ ਰੂਪ ਇਸ ਦੇ ਪਲਾਜ਼ਮਾ ਅੰਦਰ ਤੈਰਦੇ ਸੈੱਲਾਂ ਕਾਰਨ ਹੁੰਦਾ ਹੈ। ਇਹ ਸੈੱਲ ਕਈ ਪ੍ਰਕਾਰ ਦੇ ਹਨ, ਪਰ ਇਨ੍ਹਾਂ ਚੋਂ ਬਹੁਗਿਣਤੀ ਹੀਮੋਗਲੋਬਿਨ ਭਿੰਨੇ ਸੂਹੇ ਸੈੱਲਾਂ ਦੀ ਹੈ ਅਤੇ ਜਿਨ੍ਹਾਂ ਕਰਕੇ ਹੀ ਲਹੂ ਦਾ ਲਾਲ

ਰੰਗ ਹੈ। ਲਹੂ ਅੰਦਰ ਸਮਾਏ ਰੋਗਾਣੂ ਵਿਰੋਧੀ ਸੈੱਲ ਪਰ ਰੰਗ ਰਹਿਤ ਹੁੰਦੇ ਹਨ। ਲਹੂ ਅੰਦਰਲੇ ਸੈੱਲਾਂ ਨੂੰ ਰਕਤਾਣੂ (ਰਕਤ-ਅਣੂ) ਵੀ ਕਿਹਾ ਜਾਂਦਾ ਹੈ।

Blood clotting (ਬਲੱਡ ਕਲਾੱਟਿੰਗ)

ਜਦ ਵੀ ਲਹੂ ਸਰੀਰ ਅੰਦਰੋਂ ਬਾਹਰ ਵਗਣ ਲੱਗਦਾ ਹੈ ਤਾਂ ਇਹ ਆਪਣਾ ਤਰਲਪਣਾ ਤਿਆਗ ਕੇ ਥਰ ਰੂਪ ਧਾਰ ਲੈਂਦਾ ਹੈ, ਭਾਵ ਲਹੂ ਜੰਮ ਜਾਂਦਾ ਹੈ। ਲਹੂ ਦੇ ਜੰਮ ਜਾਣ ਨਾਲ ਘਾਓ 'ਚੋਂ ਇਸ ਦਾ ਰਿਸਣਾ ਰੁੱਕ ਜਾਂਦਾ ਹੈ। ਲਹੂ ਦੇ ਗਤਲਾ (ਜੰਮ) ਜਾਣ ਦੀ ਪ੍ਰਕ੍ਰਿਆ ਲਈ ਹੀ ਉਪਰੋਕਤ ਪਦ ਵਰਤਿਆ ਜਾਂਦਾ ਹੈ।

Blood group (ਬਲੱਡ ਗਰੁੱਪ)

ਦੋ ਸਾਧਾਰਨ ਸ਼ਬਦ, ਬਲੱਡ ਅਤੇ ਗਰੁੱਪ, ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਲਹੂ' ਦੇ ਅਤੇ 'ਵਰਗ' ਦੇ। ਸਭਨਾਂ ਵਿਅਕਤੀਆਂ ਦਾ ਲਹੂ ਇਕੋ ਜਿਹਾ ਨਹੀਂ ਹੁੰਦਾ ਅਤੇ ਇਸ ਦੀ ਚੌਂਹ ਮੁੱਖ ਵਰਗਾਂ 'ਚ ਵੰਡ, ਇਸ ਅੰਦਰ ਐਂਟਿਜੱਨ ਏ (A) ਅਤੇ ਬੀ (B) ਦੀ ਹੋਂਦ ਜਾਂ ਅਣਹੋਂਦ ਉਪਰ ਨਿਰਭਰ ਹੈ। ਐਂਟਿਜੱਨ ਏ ਵਾਲਾ ਲਹੂ, ਏ ਅਤੇ ਬੀ ਵਾਲਾ ਲਹੂ,ਬੀ ਸੱਦਿਆ ਜਾਂਦਾ ਹੈ; ਅਤੇ ਜੇਕਰ ਇਹ ਦੋਵੇਂ ਐਂਟਿਜੱਨ ਲਹੂ 'ਚ ਇਕੱਠਿਆਂ ਸਮਾਏ ਹੋਣ, ਤਦ ਲਹੂ ਨੂੰ ਏ ਬੀ (AB) ਸੱਦਿਆ ਜਾਂਦਾ ਹੈ; ਅਤੇ ਫਿਰ ਜੇਕਰ ਦੋਵਾਂ 'ਚ ਕੋਈ ਵੀ ਲਹੂ 'ਚ ਸਮਾਇਆ ਨ ਹੋਵੇ, ਤਦ ਲਹੂ ਨੂੰ ਓ (O) ਸੱਦਿਆ ਜਾਂਦਾ ਹੈ।

Blood plasma (ਬਲੱਡ ਪਲੈਜ਼ਮਾ)

ਪਲੈਜ਼ਮਾ (plasma) ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਨੁਹਾਰ' ਦੇ। ਲਹੂ ਦੇ ਤਰਲ ਭਾਗ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ 90 ਪ੍ਰਤੀਸ਼ਤ ਤੋਂ ਵੀ ਵੱਧ ਪਾਣੀ ਹੁੰਦਾ ਹੈ ਅਤੇ ਜਿਸ ਅੰਦਰ ਰਕਤਾਣੂ ਅਤੇ ਹੋਰ ਅਣੂ ਹਰਕਤ ਕਰਦੇ ਰਹਿੰਦੇ ਹਨ। ਹਜ਼ਮ ਹੋਣ ਉਪਰੰਤ ਖ਼ੁਰਾਕੀ ਤੱਤ ਪਲੈਜ਼ਮਾ ਅੰਦਰ ਹੀ ਘੁਲ ਕੇ ਸਰੀਰ ਅੰਦਰ ਸਾਰੇ ਖਿੰਡ ਜਾਂਦੇ ਹਨ। ਸੈੱਲਾਂ ਅੰਦਰ ਉਪਜਦੀ ਰਾਖ਼ ਵੀ ਪਲੈਜ਼ਮਾ ਦੁਆਰਾ ਗੁਰਦਿਆਂ ਤਕ ਪੁੱਜਦੀ ਹੈ।

Blood platlets (ਬਲੱਡ ਪਲੇਟਲਿਟਸ)

ਇਹ ਨਾਮ ਲਹੂ ਅੰਦਰਲੇ ਰੰਗ ਰਹਿਤ ਪਦਾਰਥਕ ਕਣਾਂ ਦਾ ਹੈ, ਜਿਨ੍ਹਾਂ ਨੂੰ ਵਿਸ਼ੇਸ਼ ਸੈੱਲ ਉਪਜਾਉਂਦੇ ਹਨ ਅਤੇ ਜਿਹੜੇ ਘਾਓ ਚੋਂ ਰਿਸਦੇ ਲਹੂ ਨੂੰ ਜੰਮਾਉਣ ਦੀ ਪ੍ਰਕ੍ਰਿਆ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

Blood -pressure (ਬਲੱਡ-ਪ੍ਰੈਸ਼ੱਰ)

ਧੜਕਣ ਸਮੇਂ ਜਿਸ ਦਬਾਓ ਅਧੀਨ ਲਹੂ ਦਿਲ ਚੋਂ ਬਾਹਰ ਆਉਂਦਾ ਹੈ ਉਸ ਨੂੰ ਲਹੂ-ਦਬਾਓ ਜਾਂ ਬਲੱਡ-ਪ੍ਰੈਸ਼ੱਰ ਸੱਦਿਆ ਜਾਂਦਾ ਹੈ। ਇਹ ਦਬਾਓ ਦਿਲ ਦੇ ਸੁੰਗੜਨ ਸਮੇਂ, ਦਿਲ ਦੇ ਪਸਰਨ ਸਮੇਂ ਨਾਲੋਂ ਵੱਧ ਹੁੰਦਾ ਹੈ।

Blood serum (ਬਲੱਡ ਸੀਰਮ)

ਲਹੂ ਦੇ ਜੰਮ (ਗਤਲਾ) ਜਾਣ ਉਪਰੰਤ, ਇਸ ਨਾਲੋਂ ਵੱਖ ਹੋ ਜਾਣ ਵਾਲੇ ਤਰਲ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ। ਹੁੰਦਾ ਤਾਂ ਇਹ ਬਲੱਡ ਪਲੈਜ਼ਮਾ ਹੀ ਹੈ, ਪਰ ਲਹੂ ਨੂੰ ਜੰਮਾਉਣ ਵਾਲੇ ਤੱਤਾਂ ਤੋਂ ਇਹ ਰਹਿਤ ਹੁੰਦਾ ਹੈ।

Blubber (ਬਲੱਬਰ)

ਇਸ ਪਦ ਦਾ ਆਧਾਰ ਅੱਜ-ਕਲ੍ਹ ਘੱਟ ਵਰਤੋਂ 'ਚ ਆ ਰਿਹਾ ਅੰਗ੍ਰੇਜ਼ੀ ਸ਼ਬਦ ਬਲੋਬਰ (blober) ਹੈ, ਜਿਸ ਦੇ ਅਰਥ ਹਨ 'ਬੁਲਬੁਲੇ' ਦੇ। ਸਾਗਰਾਂ ਅੰਦਰ ਵਿਚਰਦੇ ਪਸ਼ੂਆਂ ਦੇ ਸਰੀਰਾਂ ਦੁਆਲੇ ਚਰਬੀ ਦੀ ਮੋਟੀ ਪਰਤ ਚੜ੍ਹੀ ਹੋਣ ਕਰਕੇ, ਇਹ ਬੁਲਬੁਲੇ ਜਿਉਂ ਫੁਲੇ ਹੋਏ ਵਿਖਾਈ ਦਿੰਦੇ ਹਨ। ਚਰਬੀ ਦੀ ਇਸੇ ਪਰਤ ਲਈ ਉਪਰੋਕਤ ਪਦ ਵਰਤਿਆ

ਜਾਂਦਾ ਹੈ, ਜਿਸ ਕਾਰਨ ਵੇਲ੍ਹਾਂ ਅਤੇ ਸੀਲਾਂ ਦਾ ਜਲ ਅੰਦਰ ਤੈਰਨਾਂ ਅਤੀ ਸਹਿਲ ਹੋ ਜਾਂਦਾ ਹੈ।

Blue whale (ਬਲੂ ਵੇਲ)

ਐਂਟਆਰਕਟਿਕਾ ਦੁਆਲੇ ਦੇ ਦੱਖਣੀ ਸਾਗਰ 'ਚ ਵਿਚਰਦੇ ਜਲਵਾਸੀ ਪਸ਼ੂ ਦਾ ਉਪਰੋਕਤ ਨਾਮ ਹੈ। ਇਹ ਸੰਸਾਰ ਦਾ ਆਕਾਰ 'ਚ ਸਭਨਾਂ ਤੋਂ ਵੱਡਾ ਪ੍ਰਾਣੀ ਹੈ। ਇਸ ਵ੍ਹੇਲ ਦਾ ਵਜ਼ਨ 200 ਟਨ ਦੇ ਲਗਭਗ ਹੈ ਅਤੇ ਰੋਜ਼ਾਨਾਂ ਦੋ ਟਨ ਭੋਜ ਬਿਨਾਂ ਇਸ ਦਾ ਗੁਜ਼ਾਰਾ ਨਹੀਂ।

B-lymphocyte (ਬੀ-ਲਿਮਫ਼ੋਸਾਇਟ)

ਲਿਮਫ਼ੋਸਾਇਟ, ਇਕ ਲਾਤੀਨੀ ਅਤੇ ਇਕ ਯੂਨਾਨੀ ਸ਼ਬਦ ਦਾ ਗੰਢ-ਬੰਧਨ ਹੈ।ਪਦ ਅੰਦਰ ਸਮਾਏ ਲਾਤੀਨੀ ਸ਼ਬਦ, ਲਿਮਫ਼ (lymph) ਦੇ ਅਰਥ ਹਨ 'ਪਾਣੀ' ਦੇ ਅਤੇ ਯੂਨਾਨੀ ਸ਼ਬਦ, ਕਾਇਟੋਂਸ (kytos) ਦੇ ਅਰਥ ਹਨ 'ਖੋਖਲੇ' ਦੇ, ਭਾਵ ਸੈੱਲ ਦੇ।ਉਪਰੋਕਤ ਪਦ, ਉਨ੍ਹਾਂ ਲਿਮਫ਼ ਸੈੱਲਾਂ ਲਈ ਵਰਤਿਆ ਜਾਂਦਾ ਹੈ, ਜਿਹੜੇ ਐਂਟਿਜੱਨ ਦੇ ਸਰੀਰ ਅੰਦਰ ਪ੍ਰਵੇਸ਼ ਕਰਦਿਆਂ ਹੀ ਐਂਟਿਬਾਡੀਜ਼ ਉਪਜ ਦੀ ਪ੍ਰਕ੍ਰਿਆ ਛੋਹ ਦਿੰਦੇ ਹਨ। ਇਨ੍ਹਾਂ ਨੂੰ ਲਿਮਫ ਸੈੱਲ ਇਸ ਲਈ ਸੱਦਿਆ ਜਾਂਦਾ ਹੈ, ਕਿਉਂਕਿ ਇਹ ਰੰਗਹੀਣ ਹਨ, ਪਾਣੀ ਵਾਂਗ ਰੰਗਹੀਣ ਅਤੇ ਇਨ੍ਹਾਂ ਨਾਲ ਬੀ (B) ਵਿਸ਼ੇਸ਼ਣ ਇਸ ਲਈ ਜੋੜ ਦਿੱਤਾ ਜਾਂਦਾ ਹੈ, ਕਿਉਂਕਿ ਇਨ੍ਹਾਂ ਦੀ ਉਪਜ ਦਾ ਸਥਾਨ ਬੋਨ, ਭਾਵ ਹੱਡੀਆਂ ਅੰਦਰਲੀ ਮਿੱਝ ਹੁੰਦੀ ਹੈ।

B O D (ਬੀ ਓ ਡੀ)

ਅੰਗ੍ਰੇਜ਼ੀ ਦੇ ਇਹ ਤਿੰਨ ਅੱਖਰ ਬਾਇਓਕੈਮਿਕਲ, ਆਕਸੀਜਨ ਡਿਮਾਂਡ (biochemical oxygen demand) ਦੇ ਸੰਕੇਤ ਵਜੋਂ ਵਰਤੇ ਜਾਂਦੇ ਹਨ। ਜਲ ਅੰਦਰ ਵਿਚਰਦੇ ਜੀਵਾਣੂਆਂ ਦੀ ਜਲ ਅੰਦਰ ਘੁਲੀ ਹੋਈ ਆਕਸੀਜਨ ਲਈ ਲੋੜ ਨੂੰ ਦਰਸਾਉਣ ਲਈ ਇਹ ਪਦ ਵਰਤਿਆ ਜਾਂਦਾ ਹੈ। ਜੀਵਾਣੂਆਂ ਦੀ ਆਕਸੀਜਨ ਲਈ ਜਿੰਨੀ ਵੱਧ ਲੋੜ ਹੋਵੇਗੀ, ਉਨ੍ਹਾਂ ਹੀ ਵੱਧ ਇਨ੍ਹਾਂ ਦੁਆਲੇ ਦਾ ਜਲ ਪ੍ਰਦੂਸ਼ਿਤ ਹੋਵੇਗਾ।

Body cavity (ਬਾਡਿ ਕੈਵਿਟਿ)

ਪ੍ਰਾਣੀਆਂ ਦਾ ਸਰੀਰ ਦੁਆਲਿਓਂ ਪਰਤ ਅੰਦਰ ਮੜ੍ਹਿਆ ਹੁੰਦਾ ਹੈ, ਪਰ ਅੰਦਰੋਂ ਇਹ ਖੋਖਲਾ ਹੁੰਦਾ ਹੈ। ਸਰੀਰ ਦੇ ਖੋਖੇਪਣ ਲਈ ਹੀ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਅੰਦਰ ਫੇਫੜੇ, ਦਿਲ, ਪਾਚਨ ਨਾਲੀ, ਗੁਰਦੇ, ਜਿਗਰ ਆਦਿ ਸਥਿਤ ਹੁੰਦੇ ਹਨ।

Bog (ਬੱਗ)

ਆਮ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਦਲਦਲ' ਦੇ ਜਾਂ 'ਜਿਲ੍ਹਣ' ਦੇ। ਦਲਦਲੀ ਭੂਮੀ ਅੰਦਰ ਗਲ-ਸੜ੍ਹ ਰਹੇ ਪੱਤਰ ਅਤੇ ਡਕਰੇ ਇਸ ਨੂੰ ਅੰਦਰੋਂ ਪੋਲੀ ਅਤੇ ਨਮੀ ਸਮੋਣ ਯੋਗ, ਮੁਸਾਮਦਾਰ ਬਣਾ ਦਿੰਦੇ ਹਨ, ਜਿਸ ਕਰਕੇ ਬੋਝ ਨਾਲ ਦੱਬੇ ਤੋਂ ਇਹ ਲਿਫ਼ ਜਾਂਦੀ ਹੈ। ਅਜਿਹੀ ਭੂਮੀ 'ਚ ਆਮ ਪੌਦੇ ਨਹੀਂ ਉਗਦੇ; ਪਰ ਕਾਈਆਂ, ਸਾਵਲਾਂ ਅਤੇ ਫਫੂੰਦੀਆਂ ਦੇ ਉਗਣ ਲਈ ਅਤੇ ਇਨ੍ਹਾਂ ਦੇ ਪਸਾਰ ਲਈ ਇਹ ਉਪਯੋਗੀ ਹੁੰਦੀ ਹੈ। ਅਜਿਹੇ ਪ੍ਰਾਣੀਆਂ ਲਈ ਪਰ ਇਹ ਮਾਰੂ ਸਥਾਨ ਸਿੱਧ ਹੋ ਜਾਂਦੀ ਹੈ, ਜਿਹੜੇ ਇਸ ਅੰਦਰ ਖੁੱਭੇ ਰਹਿ ਜਾਂਦੇ ਹਨ।

Bone (ਬੋਨ)

ਸਾਧਾਰਨ ਵਰਤੋਂ 'ਚ ਆਉਣ ਵਾਲੇ ਇਸ ਪਦ ਦੇ ਅਰਥ ਹਨ 'ਹੱਡੀ' ਦੇ। ਪ੍ਰਾਣੀਆਂ ਦੇ ਇਕ ਕਬੀਲੇ ਦੇ ਸਰੀਰ ਹੱਡੀ-ਪਿੰਜਰਾਂ ਦੁਆਲੇ ਉਸਰੇ ਹੋਏ ਹਨ। ਹੱਡੀ ਸਰੀਰ ਅੰਦਰਲਾ ਅਜਿਹਾ ਸੰਯੋਜਕ ਟਿੱਸ਼ੂ ਹੈ, ਕੈਲਸ਼ੀਅਮ ਜਿਸ ਦਾ ਮੁੱਖ ਅੰਸ਼ ਹੈ। ਹੱਡੀ ਉਪਰੋਂ ਕਰੜੀ ਭਾਵੇਂ ਲੱਗੇ ਪਰ ਜਾਲੀਦਾਰ ਮਿੱਝ ਇਸ ਅੰਦਰ ਭਰੀ ਹੁੰਦੀ ਹੈ ਅਤੇ ਜਿਸ ਅੰਦਰ ਲਹੂ-ਨਾਲੀਆਂ ਅਤੇ ਨਸਾਂ ਦਾ ਪਸਾਰ ਵੀ ਹੁੰਦਾ ਹੈ।

Boreal forest (ਬੋਰਿਐਲ ਫ਼ੌਰਿਸਟ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ ਬੋਰਿਸ (boreas) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਉੱਤਰ ਵੱਲੋਂ ਵਗਦੀ ਹਵਾ' ਦੇ; ਅਤੇ ਦੂਜਾ ਭਾਗ ਆਮ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਵਣ' ਦੇ। ਭੂਗੋਲ ਦੇ ਧੁਰ ਉਤਰੀ ਬਰਫੀਲੇ ਖੇਤਰਾਂ 'ਚ ਉਗਦੇ ਦਿਓਦਾਰ ਦੇ ਵਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Botany (ਬੌਟਨਿ)

ਯੂਨਾਨੀ ਸ਼ਬਦ ਬਾਟਨੀ (botane) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਚਾਰੇ' ਦੇ ਜਾਂ 'ਘਾਹ-ਪੱਠੇ' ਦੇ। ਜੀਵ-ਵਿਗਿਆਨ ਦੀ ਉਸ ਸ਼ਾਖ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਅਧੀਨ ਬੂਟਿਆਂ-ਬ੍ਰਿਛਾਂ ਦਾ ਅਤੇ ਇਨ੍ਹਾਂ ਦਿਆਂ ਸਬੰਧੀਆਂ ਦਾ ਅਧਿਐਨ ਕੀਤਾ ਜਾਂਦਾ ਹੈ।

Botryoidal (ਬੌਟਰਿਆਡੈਲ)

ਇਹ ਪਦ ਯੂਨਾਨੀ ਸ਼ਬਦ ਬੌਟਰਿਅਸ (botryos) ਦਾ ਬਦਲਿਆ ਰੂਪ ਹੈ, ਜਿਸ ਦੇ ਆਪਣੇ ਅਰਥ ਹਨ 'ਅੰਗੂਰ ਦੇ ਗੁੱਛੇ' ਦੇ। ਪ੍ਰਾਣੀ ਦੇ ਉਸ ਅੰਗ ਜਾਂ ਉਸ ਦੇ ਉਸ ਭਾਗ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਸ ਦੀ ਨੁਹਾਰ ਅੰਗੂਰ ਦੇ ਗੁੱਛੇ ਜਿਹੀ ਹੁੰਦੀ ਹੈ।

Bovid (ਬੋਵਿਡ)

ਲਾਤੀਨੀ ਆਧਾਰ ਵਾਲੇ ਇਸ ਪਦ ਨੂੰ ਜੁਗਾਲੀ ਕਰਨ ਵਾਲੇ ਅਜਿਹੇ ਪਸ਼ੂ ਲਈ ਵਰਤਿਆ ਜਾਂਦਾ ਹੈ, ਜਿਸ ਦੇ ਖੋਖਲੇ ਸਿੰਗ ਵੀ ਹੁੰਦੇ ਹਨ ਜਿਵੇਂ ਕਿ ਗਾਂ, ਮੱਝ, ਬੱਕਰੀ ਆਦਿ।

B P (ਬੀ ਪੀ)

ਇਹ ਦੋ ਅੱਖਰ ਵਿਫੋਰ ਪਰੱਜ਼ੰਟ (before present) ਦਾ ਸੰਕੇਤ ਦਿੰਦੇ ਹਨ, ਜਿਸ ਦੇ ਅਰਥ ਬਣਦੇ ਹਨ 'ਵਰਤਮਾਨ ਤੋਂ ਪਹਿਲਾਂ' ਦੇ। ਜੀਵਨ ਦੇ ਇਤਿਹਾਸ 'ਚ ਯੁਗ, ਕਾਲ ਜਾਂ ਫਿਰ ਅਰਬਾਂ-ਕ੍ਰੋੜਾਂ ਵਰ੍ਹਿਆਂ 'ਚ ਗਿਣੇ ਜਾਣ ਵਾਲੇ ਸਮੇਂ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Brain (ਬ੍ਰੇਨ)

ਪ੍ਰਾਣੀਆਂ ਦੀ ਮੁੱਖ-ਨਸ ਆਪਣੇ ਅਗਲੇ ਸਿਰੇ 'ਤੇ ਇਕ ਗਠੀਲੇ ਅੰਗ 'ਚ ਢਲੀ ਹੋਈ ਹੁੰਦੀ ਹੈ, ਜਿਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਬ੍ਰੇਨ ਜਾਂ ਦਿਮਾਗ਼ ਸਮੁੱਚੇ ਸਰੀਰ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਮਨੁੱਖ ਦੇ ਦੋ ਟੰਗਾਂ ਉਪਰ ਸਿੱਧਾ ਖਲੋਣ ਕਰਕੇ, ਦਿਮਾਗ਼ ਦੀ ਸਥਿਤੀ ਅਗਾਂਹ ਦੀ ਬਜਾਏ ਸਰੀਰ ਦੇ ਉਪਰ ਹੈ।

Bronchus (ਬਰੌਂਕਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਬਰੌਂਗਕੱਸ (brongchos) ਹੈ, ਜਿਸ ਦੇ ਅਰਥ ਹਨ 'ਸ੍ਵਾਸ-ਨਾਲੀ' ਦੇ। ਉਪਰੋਕਤ ਪਦ ਸ੍ਵਾਸ-ਪ੍ਰਣਾਲੀ ਦੀ ਉਸ ਨਾਲੀ ਲਈ ਵਰਤਿਆ ਜਾਂਦਾ ਹੈ, ਜਿਹੜੀ ਮੁੱਖ ਸ੍ਵਾਸ-ਨਾਲੀ, ਭਾਵ ਟਰੈਕਿਆ (trachea) ਨੂੰ ਫੇਫੜੇ ਨਾਲ ਜੋੜਦੀ ਹੈ।

Brownian movement (ਬ੍ਰਾਊਨਿਅਨ ਮੂਵਮੰਟ)

ਤਰਲ ਜਾਂ ਗੈਸ ਅੰਦਰ, ਇਸ ਦਿਆਂ ਕਣਾਂ ਦੀ ਨਿਰਦਿਸ਼ਾ ਹਰਕਤ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਰਾਬਰਟ ਬਰਾਊਨ ਨੇ 1827 'ਚ ਪਹਿਲੀ ਵਾਰ ਅਜਿਹੀ ਹਰਕਤ ਦਾ ਪਤਾ ਲਾਇਆ ਸੀ, ਜਿਸ ਕਰਕੇ ਇਸ ਨੂੰ ਉਪਰੋਕਤ ਨਾਮ ਨਾਲ ਸੱਦਿਆ ਗਿਆ। ਮੂਵਮੰਟ ਦੇ ਸ਼ਾਬਦਕ ਅਰਥ 'ਹਰਕਤ' ਦੇ ਹੀ ਹੁੰਦੇ ਹਨ।

Bryology (ਬ੍ਰਾਇਆਲੱਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ

ਹਨ, ਬ੍ਰਾਇਅਨ (bryon) ਅਤੇ ਲੋਗੱਸ (logos), ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਕਾਈ' ਦੇ ਅਤੇ ਦੂਜੇ ਦੇ 'ਅਧਿਐਨ' ਦੇ। ਜੀਵ-ਵਿਗਿਆਨ ਦੀ ਕਾਈਆਂ ਦੇ ਅਧਿਐਨ ਨਾਲ ਸਬੰਧਤ ਸ਼ਾਖ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Buccal cavity (ਬੱਕਲ ਕੈਵਿਟਿ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ ਬੱਕਾੱ (bucca) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਗਲ੍ਹ' ਦੇ ਅਤੇ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਪੋਲ' ਦੇ। ਪ੍ਰਾਣੀਆਂ ਦੀਆਂ ਦੋ ਗਲ੍ਹਾਂ ਵਿਚਕਾਰਲੀ ਖਾਲੀ ਥਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਅੰਦਰ ਮੂੰਹ ਖੁਲ੍ਹਦਾ ਹੈ ਅਤੇ ਪਾਚਨ ਕ੍ਰਿਆ ਨਾਲ ਸਬੰਧਤ ਲੁਆਬ (ਥੁੱਕ) ਉਪਜਾਉਂਦੀਆਂ ਗਿਲਟੀਆਂ ਦਾ ਰਸ ਰਿਸਦਾ ਰਹਿੰਦਾ ਹੈ।

Bursa (ਬਰਸਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਬਟੂਏ' ਦੇ। ਜੀਵ-ਵਿਗਿਆਨ ਦੇ ਪ੍ਰਸੰਗ 'ਚ, ਸਰੀਰ ਅੰਦਰਲੇ ਕਿਸੇ ਵੀ ਥੈਲੀ ਜਿਹੇ ਅਜਿਹੇ ਅੰਗ ਨੂੰ ਦਰਸਾਉਣ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਅੰਦਰ ਗਾਹੜਾ ਲੇਸ ਇਕੱਤਰ ਹੋਇਆ ਹੋਵੇ।

C

Cactus (ਕੈਕਟੱਸ)

ਲਾਤੀਨੀ ਆਧਾਰ ਵਾਲੇ ਇਸ ਪਦ ਦੇ ਅਰਥ ਹਨ 'ਕੰਡਿਆਲੇ' ਦੇ ਅਤੇ ਅਜਿਹੇ ਕੰਡਿਆਲੇ ਪੌਦਿਆਂ ਲਈ ਇਸ ਨੂੰ ਵਰਤਿਆ ਜਾਂਦਾ ਹੈ, ਜਿਹੜੇ ਖੁਸ਼ਕ, ਗਰਮ ਥਲਾਂ 'ਚ ਉਗਦੇ ਹਨ। ਇਨ੍ਹਾਂ ਚੋਂ ਬਹੁਤੇ ਪੱਤਰਾਂ ਬਿਨਾਂ ਹੁੰਦੇ ਹਨ ਅਤੇ ਸਾਵੇ ਪੱਤਰਾਂ ਦੀ ਕ੍ਰਿਆ ਤਣਿਆਂ ਜ਼ਿੰਮੇ ਹੁੰਦੀ ਹੈ, ਜਿਹੜੇ ਹਰੇ-ਭਰੇ ਹੁੰਦੇ ਹਨ ਅਤੇ ਜਲ ਨਾਲ ਤਰੋ-ਤਰ ਵੀ।

Caddis fly (ਕੈਡਿਸ ਫ਼ਲਾਇ)

ਕੈਡਿਸ ਫ੍ਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਲੂੰਦਾਰ' ਦੇ। ਉਪਰੋਕਤ ਪਦ ਲੂੰਦਾਰ ਪਰਾਂ ਵਾਲੇ ਮੱਖ ਜਿਹੇ ਕੀਟਾਂ ਲਈ ਵਰਤਿਆ ਜਾਂਦਾ ਹੈ, ਜਿਹੜੇ ਟ੍ਰਾਈਕਪਟਰਾ (Trichoptera) ਵਰਗ 'ਚ ਸ਼ਾਮਲ ਕੀਟ ਹਨ।

Caducous (ਕੈਡਿਊਕਸ)

ਲਾਤੀਨੀ ਆਧਾਰ ਵਾਲੇ ਇਸ ਪਦ ਦੇ ਸ਼ਾਬਦਕ ਅਰਥ ਹਨ 'ਡਿਗਣ' ਦੇ ਅਤੇ ਇਸ ਪਦ ਨੂੰ ਪੌਦੇ ਦੇ ਉਨ੍ਹਾਂ ਭਾਗਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਹੜੇ ਪੱਕਣ ਤੋਂ ਪਹਿਲਾਂ ਝੱੜ ਜਾਂਦੇ ਹਨ।

Caecum (ਸੀਕੱਮ)

ਲਾਤੀਨੀ ਸ਼ਬਦ ਸੀਕੱਸ (caecus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਅੰਨ੍ਹੇ' ਦੇ। ਪਾਚਨ ਨਾਲੀ ਦੇ ਬਿਨਾਂ ਮੂੰਹ ਦੇ ਥੈਲੀ ਜਿਹੇ ਲਮੂਤਰੇ ਵਧਾਅ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Calcareous (ਕੈਲਕੇਰੀਅਸ)

ਲਾਤੀਨੀ ਆਧਾਰ ਵਾਲੇ ਇਸ ਪਦ ਦੇ ਸ਼ਬਦਾਰਥਕ ਅਰਥ ਹਨ 'ਚੂਨੇਦਾਰ' ਦੇ ਅਤੇ ਇਸ ਨੂੰ ਕੈਲਸ਼ੀਅਮ ਕਾਰਬੱਨੇਟ (calcium carbonate) ਜਾਂ ਚੂਨੇ ਉਪਰ ਨਿਰਭਰ ਬਣਤਰ ਵਾਲੇ ਪ੍ਰਾਣੀਆਂ ਦੇ ਅੰਗਾਂ ਲਈ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Calcic (ਕੈਲਸਿਕ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਕੱਲਕਸ (Calx) ਹੈ, ਜਿਸ ਦੇ ਅਰਥ ਹਨ 'ਚੂਨੇ' ਦੇ।

ਚੂਨੇ 'ਚ ਸਮ੍ਰਿਧ ਭੂਮੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Calcicole (ਕੈਲਸਿਕੋਲ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਕੱਲਕਸ (calx), ਜਿਸ ਦੇ ਅਰਥ ਹਨ 'ਚੂਨੇ' ਦੇ ਅਤੇ ਦੂਜਾ ਕੋਲੱਰਿ (colere), ਜਿਸ ਦੇ ਅਰਥ ਹਨ 'ਵਿਚਰਨ' ਦੇ। ਅਜਿਹੇ ਪੌਦਿਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਕੈਲਸਿਕ ਭੂਮੀ 'ਚ, ਭਾਵ ਚੂਨੇ 'ਚ ਸਮ੍ਰਿਧ ਭੂਮੀ 'ਚ ਭਲੀ ਪ੍ਰਕਾਰ ਫ਼ਲਦੇ-ਫੁਲਦੇ ਹਨ।

Calciferol (ਕੈਲਸਿਫ਼ਰੱਲ)

ਵਿਟਾਮਿਨ ਡੀ ਨੂੰ ਇਸ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਅਤੇ ਜਿਸ ਦਾ ਕੈਲਸ਼ੀਅਮ ਦੀ ਸਰੀਰ ਅੰਦਰ ਸੰਭਾਲ ਦਾ ਅਤੇ ਉਪਯੋਗ ਦਾ ਸਾਧਨ ਹੋਣ ਕਰਕੇ, ਉਪਰੋਕਤ ਨਾਮ ਪਿਆ। ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ, ਕੱਲਕਸ (calx) ਤੇ ਫਰੱਅ (ferre) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ 'ਚੂਨੇ' ਦੇ ਹਨ ਅਤੇ ਦੂਜੇ ਦੇ, 'ਢੋਆ-ਢੁਆਈ' ਦੇ।

Calciferous (ਕੈਲਸਿਫ਼ਰੱਸ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਕੱਲਕਸ (calx) ਅਤੇ ਫਰੱਅ (ferre), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਚੂਨੇ' ਦੇ ਅਤੇ 'ਢੋਣ' ਦੇ ਜਾਂ 'ਲਿਜਾਣ' ਦੇ। ਕੈਲਸ਼ੀਅਮ ਦਾ ਉਪਯੋਗ ਕਰਦੇ ਅੰਗਾਂ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ। ਹੱਡੀਆਂ ਦੀ ਅਤੇ ਆਂਡਿਆਂ ਦੇ ਛਿਲੜ ਦੀ ਰਚਨਾ ਕੈਲਸ਼ੀਅਮ ਦੀ ਖੁਲ੍ਹੀ ਵਰਤੋਂ ਬਿਨਾਂ ਸੰਭਵ ਨਹੀਂ।

Calcification (ਕੈਲਸਿਫ਼ਿਕੇਸ਼ਨ)

ਜਿਹੜੇ ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਉਹ ਹਨ ਕੱਲਕਸ (calx), ਜਿਸ ਦੇ ਅਰਥ ਹਨ 'ਚੂਨੇ' ਦੇ ਅਤੇ ਫ਼ੇਸੱਰਿ (facere), ਜਿਸ ਦੇ ਅਰਥ ਹਨ 'ਉਪਜਾਉਣ' ਦੇ। ਕੈਲਸ਼ੀਅਮ ਦੇ ਸਰੀਰਕ ਬਣਤਰ 'ਚ ਸਮਾਉਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Calcium (ਕੈਲਸ਼ੀਅਮ)

ਚਿੱਟੇ ਰੰਗ ਦੇ ਤੱਤ ਦਾ ਇਹ ਨਾਮ ਹੈ, ਜਿਹੜਾ ਕਿ ਹਰ ਇਕ ਜੀਵ ਦੀਆਂ ਮੂਲ ਲੋੜਾਂ ਚੋਂ ਇਕ ਹੈ ਅਤੇ ਜਿਸ ਬਿਨਾਂ ਜੀਵਨ ਸੰਭਵ ਨਹੀਂ।

Calorie (ਕੈਲੱਰਿ)

ਲਾਤੀਨੀ ਸ਼ਬਦ ਕੱਲਰਿ (calere) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਭਖਣ' ਦੇ। ਹਰਾਰਤ ਦੀ ਮਾਪ ਇਕਾਈ ਦਾ ਉਪਰੋਕਤ ਨਾਮ ਹੈ ਅਤੇ ਇਹ ਹਰਾਰਤ ਦੀ ਉਨੀ ਮਾਤ੍ਰਾ ਦੀ ਪ੍ਰਤੀਕ ਇਕਾਈ ਹੈ, ਜਿੰਨੀ ਨਾਲ ਇਕ ਗ੍ਰਾਮ ਪਾਣੀ ਦਾ ਤਾਪਮਾਨ 1° ਸੈਂਟੀਗ੍ਰੇਡ ਹੋਰ ਵਧ ਜਾਂਦਾ ਹੈ। ਇਸੇ ਇਕਾਈ ਨੂੰ ਸਰੀਰ ਅੰਦਰ ਖ਼ੁਰਾਕ ਤੋਂ ਪ੍ਰਾਪਤ ਊਰਜਾ ਦੀ ਮਾਤ੍ਰਾ ਨਿਰਧਾਰਤ ਕਰਨ ਲਈ ਵੀ ਵਰਤਿਆ ਜਾ ਰਿਹਾ ਹੈ।

Calorific value (ਕੈਲੱਰਿਫ਼ਿਕ ਵੈਲਯੂ)

ਖ਼ੁਰਾਕੀ ਤੱਤਾਂ ਦੀ ਊਰਜਾ ਉਪਜਾਉਣ ਦੀ ਯੋਗਤਾ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਖ਼ੁਰਾਕੀ ਤੱਤਾਂ ਦੇ ਪਾਚਨ ਉਪਰੰਤ ਜਿੰਨੀ ਮਾਤ੍ਰਾ 'ਚ ਊਰਜਾ ਸਰੀਰ ਨੂੰ ਵੱਖ ਵੱਖ ਇਨ੍ਹਾਂ ਤੋਂ ਪ੍ਰਾਪਤ ਹੁੰਦੀ ਹੈ, ਉਸ ਨੂੰ ਪ੍ਰਤੀ ਗ੍ਰਾਮ ਕਿਲੋ ਕੈਲੱਰੀਆਂ 'ਚ ਮਾਪਿਆ ਜਾਂਦਾ ਹੈ: ਇਕ ਗ੍ਰਾਮ ਚਿਕਨਾਈ ਤੋਂ 9 ਅਤੇ ਇਕ ਗ੍ਰਾਮ ਪ੍ਰੋਟੀਨ ਜਾਂ ਕਾਰਬੋਹਾਇਡ੍ਰੇਟ ਤੋਂ 4 ਕਿਲੋ ਕੈਲੱਰੀਆਂ ਸਰੀਰ ਨੂੰ ਉਪਲਬਧ ਹੁੰਦੀਆਂ ਹਨ।

Calyx (ਕੇਲਿਕਸ)

ਯੂਨਾਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਪੁਸ਼ਪਕੋਸ਼' ਦੇ ਜਾਂ 'ਫੁੱਲ-ਡੋਡੀ ਦੇ

ਉਛਾੜ' ਦੇ। ਆਮ ਤੌਰ ਤੇ ਇਹ ਸਾਵੇ ਰੰਗ ਦਾ ਹੁੰਦਾ ਹੈ।

Cambium (ਕੈਮਬਿਅਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ' ਬਦਲਾਓ' ਦੇ। ਪਰ ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਨੂੰ ਬ੍ਰਿਛਾਂ-ਬੂਟਿਆਂ ਦੀਆਂ ਜੜ੍ਹਾਂ ਅਤੇ ਤਣੇ ਦੀ ਬਾਹਰੀ ਪਰਤ ਹੇਠਲੀ ਬੁਣਤ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਬ੍ਰਿਛਾਂ ਵਿਖੇ ਖ਼ੁਰਾਕੀ ਤੱਤਾਂ ਦੀ ਆਵਾਜ਼ਾਈ ਇਸੇ ਬੁਣਤ ਰਾਹੀਂ ਹੁੰਦੀ ਰਹਿੰਦੀ ਹੈ ਅਤੇ ਇਹੋ ਬੁਣਤ ਹੀ ਇਨ੍ਹਾਂ ਦੇ ਪਸਾਰ ਅਤੇ ਨਿਸਾਰ ਲਈ ਜ਼ਿੰਮੇਵਾਰ ਹੁੰਦੀ ਹੈ।

Cambrian (ਕੈਮਬਰਿਐਨ)

ਲਾਤੀਨੀ ਸ਼ਬਦ ਕੈਮਬਰਿਆ (cambria) ਇਸ ਪਦ ਦਾ ਆਧਾਰ ਹੈ ਅਤੇ ਜਿਹੜਾ 'ਵੇਲਜ਼' ਲਈ ਵਰਤਿਆ ਜਾਂਦਾ ਸ਼ਬਦ ਹੈ। ਪਰ ਉਪਰੋਕਤ ਪਦ ਅੱਜ ਤੋਂ 50 ਕ੍ਰੋੜ ਵਰ੍ਹਿਆਂ ਤੋਂ ਲੈ ਕੇ 60 ਕ੍ਰੋੜ ਵਰ੍ਹੇ ਪਹਿਲਾਂ ਦੇ ਕਾਲ ਲਈ ਵਰਤਿਆ ਜਾਂਦਾ ਹੈ, ਜਦੋਂ ਜੀਵਨ ਦਾ ਵਿਕਾਸ ਹਾਲੀਂ ਛਿੜਿਆ ਹੀ ਸੀ। ਪ੍ਰਿਥਵੀ ਦੀਆਂ ਉਸ ਸਮੇਂ ਹੋਂਦ 'ਚ ਆਈਆਂ ਚਟਾਨਾਂ ਦੇ ਪਹਿਲੀ ਵਾਰ ਵੇਲਜ਼ 'ਚ ਮਿਲਣ ਕਰਕੇ, ਉਸ ਕਾਲ ਲਈ ਉਪਰੋਕਤ ਪਦ ਵਰਤਿਆ ਗਿਆ।

Camellia (ਕੈਮੱਲਿਆ)

ਚਾਹ ਪੱਤੀ ਉਪਜਾਉਂਦੀ ਝਾੜੀ ਦਾ ਇਹ ਵਿਗਿਆਨਕ ਨਾਮ ਹੈ। ਚੀਨ, ਜਪਾਨ, ਭਾਰਤ ਅਤੇ ਸ੍ਰੀ ਲੰਕਾ 'ਚ ਕਾਸ਼ਤ ਕੀਤੀ ਜਾਂਦੀ ਇਸ ਝਾੜੀ ਦੀਆਂ ਪੱਤੀਆਂ 'ਚ ਕੈਫ਼ੀਨ ਰਚੀ ਹੋਈ ਹੁੰਦੀ ਹੈ।

Cannabis (ਕੈਨੱਬਿਸ)

ਜਿਸ ਬੂਟੀ ਦਾ ਇਹ ਵਿਗਿਆਨਕ ਨਾਮ ਹੈ, ਉਸ ਤੋਂ ਪ੍ਰਾਪਤ ਕੀਤੇ ਰਸ ਤੋਂ ਭੰਗ, ਗਾਂਜਾ ਤੇ ਚਰਸ ਜਿਹੇ ਨਸ਼ੀਲੇ ਪਦਾਰਥ ਤਿਆਰ ਹੁੰਦੇ ਹਨ।

Canopy (ਕੈਨੱਪਿ)

ਯੂਨਾਨੀ ਆਧਾਰ ਵਾਲੇ ਇਸ ਪਦ ਦੇ ਅਰਥ ਹਨ 'ਛੱਤਰ' ਦੇ। ਰੁੱਖਾਂ ਦੇ ਪੱਤਰਾਂ ਦੇ ਬਣੇ ਛੱਤਰ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ ਕਵਚ ਬਣ ਕੇ ਰੁੱਖ ਹੇਠਲੀ ਭੂਮੀ ਉਪਰ ਛਾਇਆ ਰਹਿੰਦਾ ਹੈ।

Capillary (ਕੈਪਿਲਰਿ)

ਲਾਤੀਨੀ ਸ਼ਬਦ ਕੈਪਿਲਸ (capillus) ਇਸ ਪਦ ਦਾ ਮੂਲ ਹੈ ਅਤੇ ਜਿਸ ਦੇ ਅਰਥ ਹਨ 'ਰੋਮ' ਦੇ। ਸਰੀਰ ਅੰਦਰ ਅਤੀ ਮਹੀਨ ਲਹੂ-ਨਾਲੀਆਂ ਦਾ ਜਾਲ ਉਣਿਆ ਹੋਇਆ ਹੈ, ਜਿਨ੍ਹਾਂ ਦੁਆਰਾ ਸੈੱਲਾਂ ਤਕ ਲਹੂ ਦੀ ਰਸਾਈ ਸੰਭਵ ਹੋ ਸਕੀ ਹੈ। ਇਸ ਪ੍ਰਕਾਰ ਦੀ ਲਹੂ-ਨਾਲੀ ਲਈ ਉਪਰੋਕਤ ਪਦ ਰਾਖਵਾਂ ਹੈ।

Carbamate (ਕਾਰਬੱਮੇਟ)

ਝਟਪਟ ਵਿਘਟਿਤ ਹੋਣ ਵਾਲੇ ਕੀਟਨਾਸ਼ਕਾਂ ਦਾ ਇਹ ਨਾਮ ਹੈ, ਜਿਹੜੇ ਕਿ ਕਾਰਬੱਮਿਕ ਤੇਜ਼ਾਬ (carbamic acid) ਤੋਂ ਰਚੇ ਜਾਂਦੇ ਹਨ। ਕੀਟਾਂ, ਫਫੂੰਦੀਆਂ ਅਤੇ ਨਦੀਨਾਂ ਵਿਰੁੱਧ ਵਰਤੇ ਜਾਂਦੇ ਇਹ ਕੀਟਨਾਸ਼ਕ, ਮਨੁੱਖ ਅਤੇ ਪਾਲਤੂ ਪਸ਼ੂਆਂ ਲਈ ਮਾਮੂਲੀ ਹੱਦ ਤਕ ਹਾਨੀਕਾਰਕ ਸਿੱਧ ਹੋਏ ਹਨ।

Carbayl (ਕਾਰਬੇਇਲ)

ਕੀਟ-ਸੁੰਡੀਆਂ ਨੂੰ ਅਤੇ ਗੰਡੋਇਆਂ ਨੂੰ ਨਸ਼ਟ ਕਰਨ ਲਈ ਵਰਤੇ ਜਾਂਦੇ ਕੀਟਨਾਸ਼ਕ ਦਾ ਇਹ ਨਾਮ ਹੈ, ਜਿਹੜਾ ਨਾਲੋ-ਨਾਲ ਮਧੂ-ਮੱਖੀਆਂ ਲਈ ਅਤੇ ਜਲ ਅੰਦਰ ਮੱਛੀਆਂ ਲਈ ਵੀ ਹਾਨੀਕਾਰਕ ਸਿੱਧ ਹੋ ਰਿਹਾ ਹੈ।

Carapace (ਕੈਰੈਪੇਸ)

ਇਸ ਪਦ ਦਾ ਮੂਲ ਹਸਪਾਨਵੀ (ਸਪੇਨ ਦੀ ਭਾਸ਼ਾ) ਸ਼ਬਦ ਕੈਰੈਪੇਕੋ (carapacho) ਹੈ, ਜਿਸ

ਦੇ ਅਰਥ ਹਨ 'ਬਾਹਰੋਂ ਢੱਕਦੇ ਉਛਾੜ' ਦੇ। ਕਈ ਪ੍ਰਾਣੀ ਹਨ ਜਿਨ੍ਹਾਂ ਦੇ ਸਰੀਰ ਬਾਹਰੋਂ ਹੱਡੀ ਜਾਂ ਕਾਈਟਿਨ (chitin) ਦੀ ਬਣੀ ਸਖ਼ਤ ਪਲੇਟ ਨਾਲ ਕੱਜੇ ਹੋਏ ਹੁੰਦੇ ਹਨ, ਜਿਵੇਂ ਕਿ ਕੱਛੂਆਂ ਦੇ ਅਤੇ ਝੀਂਗਿਆਂ ਦੇ ਸਰੀਰ। ਇਸੇ ਪਲੇਟ ਲਈ ਉਪਰੋਕਤ ਪਦ ਰਾਖਵਾਂ ਹੈ।

Carbohydrate (ਕਾਰਬੱਹਾਇਡ੍ਰੇਟ)

ਇਸ ਪਦ 'ਚ ਲਾਤੀਨੀ ਸ਼ਬਦ ਕਾਰਬੱ (carbo) ਅਤੇ ਯੂਨਾਨੀ ਸ਼ਬਦ ਹਾਇਡੱਰ (hydor) ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਕਾਰਬਨ' ਦੇ ਜਾਂ 'ਕੋਇਲੇ' ਦੇ ਅਤੇ ਦੂਜੇ ਦੇ, 'ਜਲ' ਦੇ। ਕਾਰਬਨ, ਹਾਈਡ੍ਰੋਜਨ ਅਤੇ ਆਕਸੀਜਨ ਤੋਂ ਮਿਲਕੇ ਬਣੇ ਇਸ ਪਦਾਰਥ ਦੇ ਅਣੂ ਉਪਜ ਤਾਂ ਹਨ ਪ੍ਰਕਾਸ਼-ਸੰਸ਼ਲੇਸ਼ਣੀ (photosynthesis) ਪ੍ਰਕ੍ਰਿਆ ਦੀ, ਪਰ ਸਮੁੱਚੇ ਜੀਵ-ਸੰਸਾਰ ਦੀ ਉਰਜਾ ਲਈ ਲੋੜ ਇਨ੍ਹਾਂ ਤੋਂ ਹੀ ਪੂਰੀ ਹੁੰਦੀ ਹੈ। ਇਸ ਪਦਾਰਥ ਦੇ ਭਿੰਨ ਭਿੰਨ ਰੂਪ ਹਨ: ਮੈਦਾ, ਸੈਲਯੂਲੋਸ, ਗੁਲੂਕੋਸ, ਗਲਾਇਕੱਜੋੱਨ ਅਤੇ ਭਿੰਨ ਭਿੰਨ ਪ੍ਰਕਾਰ ਦੀਆ ਖੰਡਾਂ।

Carbon (ਕਾਰਬਨ)

ਲਾਤੀਨੀ ਸ਼ਬਦ ਕਾਰਬੱ (carbo) ਇਸ ਪਦ ਦਾ ਮੂਲ ਹੈ ਅਤੇ ਜਿਸ ਦੇ ਅਰਥ ਹਨ 'ਕੋਇਲੇ' ਦੇ। ਕੋਇਲੇ ਤੋਂ ਬਿਨਾਂ, ਗ੍ਰੇਫ਼ਾਈਟ ਅਤੇ ਡਾਇਮੰਡ (ਹੀਰਾ) ਵੀ ਕਾਰਬਨ ਦੇ ਹੀ ਰੂਪ ਹਨ। ਉਂਜ ਇਹ ਨਾਮ ਉਸ ਮੂਲ ਤੱਤ ਦਾ ਹੈ, ਜਿਸ ਉਪਰ ਸਮੁੱਚਾ ਜੀਵ-ਸੰਸਾਰ ਆਪਣੀ ਬਣਤਰ ਲਈ ਅਤੇ ਆਪਣੀ ਕ੍ਰਿਆ ਲਈ ਨਿਰਭਰ ਹੈ।

Carbon cycle (ਕਾਰਬਨ ਸਾਇਕਲ)

ਕਾਰਬਨ ਦਾ ਸੰਸਾਰ ਵਿਖੇ ਨਾ ਸਥਿਰ ਸਥਾਨ ਹੈ ਅਤੇ ਨਾ ਸਥਿਰ ਰੂਪ। ਇਕ ਤੋਂ ਦੂਜੇ ਪਦਾਰਥ 'ਚ ਪ੍ਰਸਥਾਨ ਕਰਦਾ ਹੋਇਆ ਇਹ ਤੱਤ ਚੱਕਰ-ਗ੍ਰਸਤ ਰਹਿੰਦਾ ਹੈ, ਜਿਸ ਨੂੰ ਦਰਸਾਉਣ ਲਈ ਹੀ ਉਪਰੋਕਤ ਪਦ ਵਰਤਿਆ ਜਾਂਦਾ ਹੈ। ਸਾਰੇ ਸੰਸਾਰ ਦੀ ਪ੍ਰਕਾਸ਼-ਸੰਸ਼ਲੇਸ਼ਣੀ (photosynthesis) ਪ੍ਰਕ੍ਰਿਆ ਇਸ ਦਾ ਪਹਿਲਾ ਉਪਯੋਗ ਕਾਰਬਨ ਡਾਈਆਕਸਾਈਡ ਦੇ ਰੂਪ 'ਚ ਕਰਕੇ, ਇਸ ਨੂੰ ਕਾਰਬੋਹਾਇਡ੍ਰੇਟੀ ਸ਼ਕਲ ਦੇ ਦਿੰਦੀ ਹੈ, ਜਿਸ ਦਾ ਫਿਰ ਪ੍ਰਾਣੀ ਖ਼ੁਰਾਕ ਦੇ ਰੂਪ 'ਚ ਉਪਯੋਗ ਕਰਕੇ, ਇਸ ਨੂੰ ਮੁਢਲੇ ਰੂਪ 'ਚ ਮੁੜ ਬਨਾਸਪਤੀ ਦੇ ਉਪਯੋਗ ਲਈ, ਵਾਯੂ ਮੰਡਲ ਨੂੰ ਪਰਤਾ ਦਿੰਦੇ ਹਨ। ਇਸ ਪ੍ਰਕਾਰ, ਕਾਰਬਨੀ ਚੱਕਰ ਜਿਥੋਂ ਆਰੰਭ ਹੁੰਦਾ ਹੈ, ਉਥੇ ਹੀ ਸਮਾਪਤ ਹੋ ਜਾਂਦਾ ਹੈ।

Carbon dioxide (ਕਾਰਬਨ ਡਾਈਆਕਸਾਈਡ)

ਇਹ ਉਸ ਗੈਸ ਦਾ ਨਾਮ ਹੈ, ਜਿਹੜੀ ਕਾਰਬਨ ਦੇ ਇਕ ਪ੍ਰਮਾਣੂ ਦੇ ਆਕਸੀਜਨ ਦੇ ਦੋ ਪ੍ਰਮਾਣੂਆਂ ਨਾਲ ਜੁੜ ਜਾਣ ਨਾਲ ਹੋਂਦ 'ਚ ਆਉਂਦੀ ਹੈ। ਵਾਯੂ ਮੰਡਲ 'ਚ ਤਾਂ ਭਾਵੇਂ ਇਹ ਕੇਵਲ 4 ਪ੍ਰਤੀਸ਼ਤ ਹੈ, ਪਰ ਇਸ ਬਿਨਾਂ ਜੀਵਨ ਸੰਭਵ ਨਹੀਂ। ਇਸ ਨੂੰ ਪੌਦੇ ਲਗਾਤਾਰ ਆਪਣੇ ਅੰਦਰ ਸਮੋਂਦੇ ਰਹਿੰਦੇ ਹਨ ਅਤੇ ਪ੍ਰਾਣੀ, ਸ੍ਵਾਸ-ਕ੍ਰਿਆ ਰਾਹੀਂ ਇਸ ਨੂੰ ਲਗਾਤਾਰ ਉਪਜਾਉਂਦੇ ਰਹਿੰਦੇ ਹਨ। ਇਸੇ ਲਈ ਇਸ ਦਾ ਵਾਯੂਮੰਡਲ ਅੰਦਰਲਾ ਸੰਤੁਲਨ ਡੋਲਣਾ ਨਹੀਂ ਸੀ ਚਾਹੀਦਾ, ਪਰ ਜਿਹੜਾ ਅੱਜ ਮਨੁੱਖ ਦੇ ਪੈਰੋਂ ਡੋਲਣ ਲੱਗ ਪਿਆ ਹੈ ਅਤੇ ਨਿਰੋਲ ਜਿਸ ਕਰਕੇ ਭੁਗੋਲਕ ਤਾਪਮਾਨ ਵਧਦਾ ਜਾ ਰਿਹਾ ਹੈ।

Carboniferous (ਕਾਰਬੱਨਿਫ਼ੱਰਸ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਮੂਲ ਹਨ, ਕਾਰਬੱ (carbo) ਅਤੇ ਫ਼ੱਰਿ (ferre), ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਕੋਇਲੇ' ਦੇ ਅਤੇ ਦੂਜੇ ਦੇ, 'ਢੋਣ' ਦੇ। ਉਪਰੋਕਤ ਪਦ ਉਸ ਕਾਲ ਦਾ ਨਾਮ

ਹੈ, ਜਿਹੜਾ ਭੂਗੋਲ ਦੇ ਇਤਿਹਾਸ 'ਚ 35 ਕਰੋੜ ਵਰ੍ਹਿਆਂ ਤੋਂ ਲੈ ਕੇ 27 ਕਰੋੜ ਵਰ੍ਹੇ ਪਹਿਲਾਂ ਤਕ ਵਿਆਪਕ ਰਿਹਾ ਅਤੇ ਜਿਸ ਦੌਰਾਨ ਵਣਾਂ ਦੇ ਭੂਮੀ ਹੇਠ ਗ਼ਰਕ ਹੋ ਜਾਣ ਨਾਲ ਕੋਇਲੇ ਅਤੇ ਤੇਲ ਦੇ ਭੰਡਾਰ ਹੋਂਦ 'ਚ ਆਏ।

Carcinogen (ਕਾਰਸਿਨੱਜੇੱਨ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਕਾਰਕਿਨੱਸ (karkinos), ਜਿਸ ਦੇ ਅਰਥ ਹਨ 'ਕੇਕੜੇ' ਦੇ ਅਤੇ ਜੇਨੱਸ (genos), ਜਿਸ ਦੇ ਅਰਥ ਹਨ 'ਉਤਪਤੀ' ਦੇ। ਕੇਕੜੇ ਦੀਆਂ ਟੰਗਾਂ ਵਾਂਗ ਸਰੀਰ ਅੰਦਰ ਐਧਰ-ਓਧਰ ਫੈਲਦੇ ਕੈਂਸਰ ਰੋਗ ਦੀ ਉਪਜ ਦਾ ਕਾਰਨ ਬਣਦੇ ਪਦਾਰਥਾਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਕਿਸੇ ਨਾ ਕਿਸੇ ਪ੍ਰਕਾਰ ਸਰੀਰ ਅੰਦਰ ਪ੍ਰਵੇਸ਼ ਕਰਦੇ ਰਹਿੰਦੇ ਹਨ।

Cardiac (ਕਾਰਡਿਐਕ)

ਇਹ ਪਦ ਯੂਨਾਨੀ ਸ਼ਬਦ ਕਾਰਡਿਐਕੱਸ (kardiakos) ਤੋਂ ਬਣਿਆ ਹੈ, ਜਿਹੜਾ 'ਦਿਲ ਨਾਲ ਸਬੰਧ' ਦਾ ਸੂਚਕ ਸ਼ਬਦ ਹੈ। ਇਸ ਲਈ ਉਪਰੋਕਤ ਪਦ, ਵਿਸ਼ੇਸ਼ਣ ਵਜੋਂ, ਅਜਿਹੀ ਬਣਤਰ ਜਾਂ ਕ੍ਰਿਆ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਦਿਲ ਨਾਲ ਹੈ।

Carnivorous (ਕਾਰਨਿਵੋਰੱਸ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਕਾਰੱ (caro) ਅਤੇ ਵੋਰੇਰੱ (vorare), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਮਾਸ' ਦੇ ਅਤੇ ਦੂਜੇ ਦੇ, 'ਖਾਣ' ਦੇ। ਪ੍ਰਾਣੀ ਹੀ ਨਹੀਂ, ਕੁਝ ਕੁ ਗਿਣਵੇਂ ਪੌਦੇ ਵੀ ਮਾਸਾਹਾਰੀ ਹਨ।

Carotene (ਕੈਰੱਟੀਨ)

ਲਾਤੀਨੀ ਸ਼ਬਦ ਕੈਰੱਟਾਂ (carota) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਗਾਜਰ' ਦੇ। ਗਾਜਰ 'ਚ ਮਿਲਦੇ ਪੀਲੇ ਰੰਗ ਦੇ ਪਦਾਰਥ ਦਾ ਇਹ ਨਾਮ ਹੈ, ਜਿਹੜਾ ਅਸਾਡੇ ਸਰੀਰ ਅੰਦਰ ਆ ਕੇ ਵਿਟਾਮਿਨ ਏ ਦਾ ਰੂਪ ਧਾਰਨ ਕਰ ਲੈਂਦਾ ਹੈ। ਕਈ ਪ੍ਰਕਾਰ ਦੇ ਹੋਰ ਪੌਦੇ ਵੀ ਇਸ ਪਦਾਰਥ ਦਾ ਨਿਰਮਾਣ ਕਰਦੇ ਹਨ, ਜਿਨ੍ਹਾਂ ਦਾ ਪਤਾ ਉਨ੍ਹਾਂ ਦੇ ਪੀਲੇ ਰੰਗ ਤੋਂ ਲੱਗ ਜਾਂਦਾ ਹੈ।

Carotenoids (ਕੈਰੱਟਿਨਾਇਡਜ਼)

ਇਸ ਪਦ 'ਚ ਇਕ ਲਾਤੀਨੀ ਅਤੇ ਦੂਜਾ ਯੂਨਾਨੀ ਸ਼ਬਦ ਸਮਾਏ ਹੋਏ ਹਨ: ਲਾਤੀਨੀ ਸ਼ਬਦ ਕੈਰੱਟਾਂ (carota) ਹੈ, ਜਿਸ ਦੇ ਅਰਥ ਹਨ 'ਗਾਜਰ' ਦੇ ਅਤੇ ਯੂਨਾਨੀ ਸ਼ਬਦ ਈਡੱਸ (eidos) ਹੈ, ਜਿਸ ਦੇ ਅਰਥ ਹਨ 'ਨੁਹਾਰ' ਦੇ। ਕੈਰੱਟੀਨ ਜਿਹੇ ਰੰਗੀਜਲੇ ਪਦਾਰਥਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਨੂੰ ਭਿੰਨ ਭਿੰਨ ਪੌਦੇ ਉਪਜਾਉਂਦੇ ਹਨ, ਜਿਵੇਂ ਕਿ ਸੰਤਰਾ, ਟਮਾਟਰ, ਸੇਬ, ਗੁਲਾਬ ਆਦਿ, ਅਤੇ ਜਿਨ੍ਹਾਂ ਦਾ ਰੰਗ ਸੁਰਖ਼-ਸੰਤਰੀ ਭਾਅ ਮਾਰਦਾ ਹੈ। ਖ਼ੁਰਾਕ ਦੁਆਰਾ ਜਦ ਇਹ ਸਰੀਰ ਅੰਦਰ ਪ੍ਰਵੇਸ਼ ਕਰਦੇ ਹਨ ਤਾਂ ਸਰੀਰ ਅੰਦਰ ਚਲਦੀ ਰਹਿੰਦੀ ਰਸਾਇਣਕ ਭੰਨ-ਤੋੜ ਦੇ ਪ੍ਰਭਾਵ ਨੂੰ ਮੱਠਾ ਕਰਨ 'ਚ ਇਹ ਉਪਯੋਗੀ ਸਿੱਧ ਹੁੰਦੇ ਹਨ।

Cartilage (ਕਾਰਟਿਲੱਜ)

ਲਾਤੀਨੀ ਆਧਾਰ ਵਾਲੇ ਇਸ ਪਦ ਦੇ ਅਰਥ ਹਨ 'ਲਚਕੀਲੀ ਅਸਥੀ' ਦੇ, ਜਿਹੜੀ ਕਿ ਹੱਡੀ ਵਾਂਗ ਮਜ਼ਬੂਤ ਹੁੰਦੀ ਹੋਈ ਵੀ ਹੱਡੀ ਵਾਂਗ ਸਖ਼ਤ ਨਹੀਂ, ਸਗੋਂ ਲਚਕੀਲੀ ਹੁੰਦੀ ਹੈ। ਹਰਕਤ ਕਰਦਿਆਂ ਜੋੜਾਂ 'ਚ ਕਾਰਟਿਲੱਜ ਦਾ ਸਮ੍ਰਿਧ ਉਪਯੋਗ ਹੋਇਆ ਹੁੰਦਾ ਹੈ।

Casein (ਕੇਸਿਇਨ)

ਲਾਤੀਨੀ ਸ਼ਬਦ ਕੇਸਿਅਸ (caseus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪਨੀਰ' ਦੇ। ਦੁੱਧ ਵਿਚਲੀ ਪ੍ਰੋਟੀਨ ਦਾ ਇਹੋ ਨਾਮ ਹੈ।

Caste (ਕਾਸਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਕਾਸਟਸ (castus) ਹੈ, ਜਿਸ ਦੇ ਅਰਥ ਹਨ 'ਸ਼ੁੱਧ' ਦੇ। ਜਾਤ, ਜਾਤੀ ਜਾਂ ਵਰਣ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ 'ਚ ਸਮਾਜਿਕ ਕੀਟ ਵਟੇ ਹੋਏ ਵਿਚਰਦੇ ਹਨ। ਮਨੁੱਖ ਨੇ ਵੀ ਆਪਣੇ ਆਪ ਨੂੰ ਵਰਗਾਂ 'ਚ ਵੰਡਿਆ ਹੋਇਆ ਹੈ, ਪਰ ਜਿਸ ਦਾ, ਕੀਟਾਂ ਵਾਂਗ, ਜੈਵਿਕ ਆਧਾਰ ਨਹੀਂ।

Catabolism (ਕਟੈਬਲਿਜ਼ਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਕਟੈ (kata) ਅਤੇ ਬੱਲੀ (bole) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਮਿਲਵੇਂ ਅਰਥ ਹਨ, 'ਹੇਠਾਂ ਵੱਲ ਸੁੱਟਣ' ਦੇ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਪਦ ਦਾ ਉਪਯੋਗ ਅਜਿਹੀਆਂ ਸਰੀਰਕ ਪ੍ਰਕ੍ਰਿਆਵਾਂ ਲਈ ਕੀਤਾ ਜਾਂਦਾ ਹੈ, ਜਿਹੜੀਆਂ ਗੁੰਝਲਦਾਰ ਬਣਤਰ ਵਾਲੇ ਅਣੂਆਂ ਦੀ ਭੰਨ-ਤੋੜ ਕਰਕੇ, ਇਨ੍ਹਾਂ ਨੂੰ ਇਕਾਂਗੀ ਰੂਪ ਅਰਪਣ ਕਰਦੀਆਂ ਰਹਿੰਦੀਆਂ ਹਨ। ਖ਼ੁਰਾਕੀ ਪਦਾਰਥਾਂ 'ਚੋਂ ਊਰਜਾ ਪ੍ਰਾਪਤ ਕਰਨ ਲਈ ਵੀ ਸੈੱਲ ਇਹੋ ਸਾਧਨ ਵਰਤਦੇ ਹਨ।

Catadromy (ਕਟੈਡ੍ਰੱਮਿ)

ਦੋ ਯੂਨਾਨੀ ਸ਼ਬਦ, ਕਟੈ (kata) ਅਤੇ ਡ੍ਰੱਮੀਨ (dramein) ਇਸ ਪਦ 'ਚ ਸਮਾਏ ਹੋਏ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਮਿਲਵੇਂ ਅਰਥ ਹਨ 'ਹੇਠ ਵੱਲ ਨੂੰ ਭੱਜਣ' ਦੇ। ਦਰਿਆਵਾਂ ਦੀਆਂ ਮੱਛੀਆਂ ਦੀ ਉਸ ਆਦਤ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਕਿ ਉਨ੍ਹਾਂ ਦੀ ਵਰ੍ਹੇ 'ਚ ਇਕ ਵਾਰ ਸਾਗਰਾਂ ਦਾ ਫੇਰਾ ਮਾਰਨ ਦੀ ਹੈ ਅਤੇ ਅਜਿਹਾ ਇਹ ਨਿਰੋਲ ਪ੍ਰਜਣਨ ਲਈ ਕਰਦੀਆਂ ਹਨ। ਇਹ ਮੱਛੀਆਂ ਰਹਿੰਦੀਆਂ ਸੱਜਰੇ ਪਾਣੀ 'ਚ ਹਨ, ਪਰ ਆਂਡੇ ਇਹ ਸਾਗਰ ਦੇ ਸਲੂਣੇ ਪਾਣੀ 'ਚ ਦਿੰਦੀਆਂ ਹਨ।

Catalase (ਕੈਟੈਲੇਜ਼)

ਜੀਵਾਂ ਅੰਦਰਲੇ ਇਕ ਜੈਵਿਕ-ਉਤਪ੍ਰੇਰਕ ਭਾਵ ਐਨਜ਼ਾਈਮ ਨੂੰ ਇਸ ਨਾਮ ਨਾਲ ਜਾਣਿਆ ਜਾਂਦਾ ਹੈ, ਜਿਹੜਾ ਹਾਈਡ੍ਰੋਜਨ ਪਰਆਕਸਾਈਡ (H_2O_2) ਨੂੰ ਪਾਣੀ 'ਚ ਅਤੇ ਆਕਸੀਜਨ 'ਚ ਬਦਲਣ ਦੀ ਪ੍ਰਕ੍ਰਿਆ ਦੀ ਅਗਵਾਈ ਕਰਦਾ ਹੈ।

Catalysis (ਕੱਟੈਲਿਸਿਸ)

ਯੂਨਾਨੀ ਸ਼ਬਦ ਕੈਟੈਲਿਸਿਸ (katalysis) ਇਸ ਪਦ ਦਾ ਆਧਾਰ ਹੈ ਅਤੇ ਜਿਸ ਦੇ ਅਰਥ ਹਨ 'ਖੋਰਨ' ਦੇ ਜਾਂ 'ਭੰਗ ਕਰਨ' ਦੇ। ਕਈ ਤੱਤਾਂ ਜਾਂ ਪਦਾਰਥਾਂ ਦੀ ਮੌਜੂਦਗੀ 'ਚ ਰਸਾਇਣਕ ਪ੍ਰਕ੍ਰਿਆਵਾਂ ਸਾਧਾਰਨ ਨਾਲੋਂ ਤੇਜ਼ ਗਤੀ ਨਾਲ ਸੰਪੰਨ ਹੋਣ ਲਗਦੀਆਂ ਹਨ। ਇਸ ਪ੍ਰਕਾਰ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Catalyst (ਕੈਟੱਲਿਸਟ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਕੈਟੈਲਿਸਿਸ (katalysis) ਹੈ, ਜਿਸ ਦੇ ਅਰਥ 'ਖੋਰਨ' ਜਾਂ 'ਭੰਗ ਕਰਨ' ਦੇ ਹਨ। ਉਸ ਤੱਤ ਜਾਂ ਪਦਾਰਥ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਆਪ ਤਾਂ ਪ੍ਰਕ੍ਰਿਆ 'ਚ ਭਾਗ ਨਹੀਂ ਲੈਂਦਾ, ਪਰ ਜਿਸ ਦੀ ਮੌਜੂਦਗੀ ਕਾਰਨ ਪ੍ਰਕ੍ਰਿਆ ਤੇਜ਼ੀ ਨਾਲ ਸੰਪੰਨ ਹੋ ਜਾਂਦੀ ਹੈ। ਇਸੇ ਲਈ ਅਜਿਹੇ ਤੱਤ ਜਾਂ ਪਦਾਰਥ ਲਈ 'ਉਤਪ੍ਰੇਰਕ' ਦਾ ਸ਼ਬਦ ਵੀ ਵਰਤਿਆ ਜਾਂਦਾ ਹੈ।

Catterpillar (ਕੈਟਰਪਿਲਰ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਇਕ ਕੈਟੱਸ (cattus), ਜਿਸ ਦੇ ਅਰਥ ਹਨ 'ਬਿੱਲੀ' ਦੇ ਅਤੇ ਦੂਜਾ ਪਿਲੋਸੱਸ (pilosus), ਜਿਸ ਦੇ ਅਰਥ ਹਨ 'ਲੂੰਦਾਰ' ਦੇ। ਭੰਵਟਾਂ-

ਤਿੱਤਲੀਆਂ ਦੇ ਲਾਰਵੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਸਰੀਰ ਲੂੰਦਾਰ ਤੇ ਨਰਮ ਹੁੰਦੇ ਹਨ।

Caudal (ਕਾਡੈੱਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਕਾਡੱਅ (cauda) ਹੈ, ਜਿਸ ਦੇ ਅਰਥ ਹਨ 'ਪੂਛ' ਦੇ। ਪੂਛ ਨਾਲ ਸਬੰਧਤਾ ਦਰਸਾਉਣ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Caudate (ਕਾਡੇਟ)

ਲਾਤੀਨੀ ਸ਼ਬਦ ਕਾਡੱਅ (cauda) ਇਸ ਪਦ ਦਾ ਮੂਲ ਹੈ ਅਤੇ ਜਿਸ ਦੇ ਅਰਥ ਹਨ, 'ਪੂਛ' ਦੇ। ਉਸ ਪ੍ਰਾਣੀ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦੇ ਪੂਛ ਹੁੰਦੀ ਹੈ ਅਤੇ ਉਸ ਸਰੀਰਕ ਬਣਤਰ ਲਈ ਵੀ ਇਹ ਪਦ ਉਚਿਤ ਸਮਝਿਆ ਜਾਂਦਾ ਹੈ, ਜਿਸ ਦਾ ਪੂਛਦਾਰ ਹੋਣ ਦਾ ਪ੍ਰਭਾਵ ਪਵੇ।

Cell (ਸੈੱਲ)

ਇਕ ਲਾਤੀਨੀ ਸ਼ਬਦ ਹੈ ਸੈੱਲਅ (cella), ਜਿਸ ਦੇ ਅਰਥ ਹਨ 'ਖਾਨੇ' ਦੇ। ਉਸੇ ਤੋਂ ਉਪਰੋਕਤ ਪਦ ਬਣਿਆ ਹੈ ਅਤੇ ਜਿਸ ਨੂੰ ਪ੍ਰੋਟੋਪਲਾਜ਼ਮੀ ਇਕਾਈ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਇਹੋ ਇਕਾਈਆਂ ਹਰ ਇਕ ਜੀਵ ਦੀ ਬਣਤਰ-ਉਸਾਰੀ ਦਾ ਮੂਲ ਹਨ। ਸੈੱਲ ਲਈ 'ਕੋਸ਼ਿਕਾ' ਸ਼ਬਦ ਵੀ ਵਰਤਿਆ ਜਾਂਦਾ ਹੈ। ਸੈੱਲ ਦੁਆਲਿਓਂ ਝਿੱਲੀ ਨਾਲ ਘਿਰਿਆ ਹੁੰਦਾ ਹੈ ਅਤੇ ਜਿਸ ਦੇ ਕੇਂਦਰ 'ਚ ਜੀਨਾਂ ਨਾਲ ਲੈਸ ਨਿਊਕਲੀਅਸ ਹੁੰਦਾ ਹੈ। ਇਹ ਸਥਿਤੀ ਲਗਪਗ ਹਰ ਇਕ ਸਾਧਾਰਨ ਸੈੱਲ ਦੀ ਹੁੰਦੀ ਹੈ।

Cell membrane (ਸੈੱਲ ਮੈੱਮਬ੍ਰੇਨ)

ਸੈੱਲ ਦੁਆਲੇ ਲਿਪਟੀ ਹੋਈ ਝਿੱਲੀ ਦਾ ਇਹ ਨਾਮ ਹੈ। ਇਸੇ ਨੂੰ ਪਲਾਜ਼ਮਾ ਝਿੱਲੀ ਵੀ ਸੱਦਿਆ ਜਾਂਦਾ ਹੈ, ਜਿਸ 'ਚੋਂ ਦੀ ਅਣੂਅਵੀ ਪੱਧਰ ਵਾਲੀ ਰਸਾਇਣਕ ਆਵਾਜ਼ਾਈ ਸਦਾ ਬਣੀ ਰਹਿੰਦੀ ਹੈ: ਅੰਦਰ ਉਪਜਦੀ ਰਸਾਇਣਕ ਰਾਖ ਦੇ ਅਣੂ ਬਾਹਰ ਆਉਂਦੇ ਰਹਿੰਦੇ ਹਨ ਅਤੇ ਬਾਹਰੋਂ ਖ਼ੁਰਾਕੀ ਤੱਤ ਅਤੇ ਆਕਸੀਜਨ ਅੰਦਰ ਪ੍ਰਵੇਸ਼ ਕਰਦੇ ਰਹਿੰਦੇ ਹਨ।

Cell theory (ਸੈੱਲ ਥਿਅਰਿ)

ਇਹ ਉਸ ਸਿਧਾਂਤ ਦਾ ਨਾਮ ਹੈ, ਜਿਸ ਦੇ ਕਰਤਾ ਦੋ ਜੀਵ-ਵਿਗਿਆਨੀ ਸ਼ਲੀਡਨ (Schleiden) ਤੇ ਸ਼ਵਾੱਨ (Schwann) ਸਨ ਅਤੇ ਜਿਨ੍ਹਾਂ ਨੇ 1838-39 'ਚ ਇਹ ਪ੍ਰਸਤਾਵ ਪੇਸ਼ ਕੀਤਾ ਕਿ: "ਹਰ ਇਕ ਜੀਵ ਦੀ ਰਚਨਾ ਸੈੱਲ ਜਾਂ ਸੈੱਲਾਂ ਦੁਆਰਾ ਹੋਈ ਹੁੰਦੀ ਹੈ; ਅਤੇ ਇਹ ਰਚਨਾ ਪ੍ਰਜਣਨ ਨਾਲ ਆਰੰਭ ਹੁੰਦੀ ਹੈ ਅਤੇ ਪ੍ਰਗਤੀ ਦੁਆਰਾ ਸੰਪੰਨ ਹੁੰਦੀ ਹੈ; ਅਤੇ ਇਨ੍ਹਾਂ ਦੋਵਾਂ ਪਰਿਸਥਿਤੀਆਂ ਦਾ ਆਧਾਰ ਸੈੱਲ-ਵੰਡਾਰੇ ਹਨ।"

Cellulose (ਸੇੱਲਯਲੋਸ)

ਲਾਤੀਨੀ ਸ਼ਬਦ ਸੇੱਲਯਲੱਅ (cellula) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਨਿੱਕੇ ਸੈੱਲ' ਦੇ। ਉਪਰੋਕਤ ਨਾਮ ਇਕ ਵਿਸ਼ੇਸ਼ ਪ੍ਰਕਾਰ ਦੇ ਗੁੰਝਲਦਾਰ ਬਣਤਰ ਵਾਲੇ ਕਾਰਬੋਹਾਈਡ੍ਰੇਟੀ ਪਦਾਰਥ ਦਾ ਹੈ, ਜਿਸ ਉਪਰ ਸਮੁੱਚਾ ਬਨਸਪਤੀ ਸੰਸਾਰ ਟਿਕਿਆ ਹੋਇਆ ਹੈ। ਰੁੱਖ, ਬ੍ਰਿਛ, ਪੌਦੇ, ਝਾੜ: ਇਨ੍ਹਾਂ ਸਭਨਾਂ ਦੀ ਨੁਹਾਰ ਦਾ ਆਧਾਰ ਇਹੋ ਪਦਾਰਥ ਹੈ, ਜਿਸ ਦੇ ਸੰਘਣੇ ਲੇਸਲੇ ਰੇਸ਼ੇ ਇਨ੍ਹਾਂ ਨੂੰ ਭੂਮੀ ਤੋਂ ਉਤਾਂਹ ਉਗਾਸੀ ਰਖਦੇ ਹਨ। ਬਨਸਪਤੀ ਸੈੱਲਾਂ ਦੀ ਸੁਰੱਖਿਆ, ਇਨ੍ਹਾਂ ਦੁਆਲੇ ਲਿਪਟੀ ਹੋਈ ਸੇੱਲਯਲੋਸ ਦੀ ਤਹਿ ਉਪਰ ਨਿਰਭਰ ਹੈ। ਰੂੰ, ਸਣ, ਕਾਗਜ਼ ਜਾਂ ਕਾਠ ਨਿਰੋਲ ਸੇੱਲਯਲੋਸ ਹਨ।

Cell wall (ਸੈੱਲ ਵੱਾਲ)

ਬਨਸਪਤੀ ਸੈੱਲ ਦੁਆਲੇ ਦੀ ਝਿੱਲੀ ਦੇ ਬਾਹਰ ਇਕ ਹੋਰ ਨਿਰਜੀਵ, ਸੇੱਲਯਲੋਸ ਦੀ ਬਣੀ ਤਹਿ ਲਿਪਟੀ ਹੁੰਦੀ ਹੈ। ਇਸੇ ਲਈ ਉਪਰੋਕਤ ਪਦ

ਵਰਤਿਆ ਜਾਂਦਾ ਹੈ ਅਤੇ ਜਿਸ ਦੇ ਸਖ਼ਤ-ਸੰਕੀਰ ਸੁਭਾਅ ਕਾਰਨ ਹੀ ਰੁੱਖਾਂ ਦੇ ਉਚੇ ਉਚੇ ਪਸਾਰ ਸੰਭਵ ਹਨ।

Cenozoic (ਸੀਨੋੱਅਜ਼ੂਇਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਕੇਨੋੱਸ (kainos) ਅਤੇ ਜ਼ੁਈ (zoe), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵਰਤਮਾਨ' ਦੇ ਅਤੇ 'ਜੀਵਨ' ਦੇ। ਜੀਵਨ ਦਾ ਇਤਿਹਾਸ ਤਿੰਨ ਦੌਰਾਂ 'ਚ ਵੰਡਿਆ ਹੋਇਆ ਹੈ ਅਤੇ ਵਰਤਮਾਨ ਦੌਰ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦਾ ਆਰੰਭ ਅੱਜ ਤੋਂ 6.5 ਕ੍ਰੋੜ ਵਰ੍ਹੇ ਪਹਿਲਾਂ ਹੋਇਆ ਸੀ। ਇਹ ਦੌਰ ਪਸ਼ੂਆਂ ਦੇ ਵਿਕਾਸ ਦਾ ਦੌਰ ਹੈ।

Centriole (ਸੈੱਨਟ੍ਰਿਓਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਸੇੱਨਟ੍ਰੱਮ (centrum) ਹੈ, ਜਿਸ ਦੇ ਅਰਥ ਹਨ 'ਕੇਂਦਰ' ਦੇ। ਪ੍ਰਾਣੀ-ਸੈੱਲ ਅੰਦਰਲੇ ਸੇੱਨਟ੍ਰੱਸੋਮ ਦੇ ਕੇਂਦਰ 'ਚ ਸਥਿਤ ਗੋਲ ਕਣੀ ਦਾ ਇਹ ਨਾਮ ਹੈ। ਇਸ ਦਾ ਆਪਣੇ-ਆਪ ਦੋ 'ਚ ਵੰਡੇ ਜਾਣਾ, ਸੈੱਲ-ਵੰਡਾਰੇ ਦੀ ਭੂਮਿਕਾ ਬਣ ਜਾਂਦਾ ਹੈ।

Centromere (ਸੇੱਨਟ੍ਰੱਮਿਅਰ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਕੇਨਟ੍ਰੱਨ (kentron) ਅਤੇ ਮਿਰੱਸ (meros), ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਕੇਂਦਰ' ਦੇ ਅਤੇ 'ਭਾਗ' ਦੇ ਜਾਂ 'ਖੰਡ' ਦੇ। ਉਪਰੋਕਤ ਨਾਮ ਕ੍ਰੋਮੋਸੋਮ ਉਪਰਲੇ ਉਸ ਖੰਡ ਦਾ ਹੈ, ਜਿਸ ਦੁਆਰਾ ਕ੍ਰੋਮੋਸੋਮ, ਸੈੱਲ-ਵੰਡਾਰੇ ਦੌਰਾਨ ਉਪਜੀ ਸਪਿੰਡਲ (ਗਲੋਟਾ) ਦੇ ਰੇਸ਼ੇ ਨਾਲ ਜੁੜ ਜਾਂਦਾ ਹੈ।

Centrosome (ਸੇੱਨਟ੍ਰੱਸੋਮ)

ਦੋ ਯੂਨਾਨੀ ਸ਼ਬਦ, ਕੇਨਟ੍ਰੱਨ (kentron) ਅਤੇ ਸੋਮੱਅ (soma) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕੇਂਦਰ' ਦੇ ਅਤੇ 'ਦੇਹ' ਦੇ। ਉਪਰੋਕਤ ਨਾਮ ਸੈੱਲ ਅੰਦਰਲੀ ਉਪਇੰਦਰੀ ਦਾ ਹੈ, ਜਿਹੜੀ ਨਿਊਕਲੀਅਸ ਨਾਲ ਲਗਦੀ ਸਥਿਤ ਹੈ ਅਤੇ ਸੈੱਲ-ਵੰਡਾਰੇ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

Cephalic index (ਸੈੱਫੈਲਿਕ ਇਨਡੇੱਕਸ)

ਇਸ ਪਦ ਦੇ ਦੋ ਭਾਗ ਹਨ। ਪਦ ਦਾ ਪਹਿਲਾ ਭਾਗ ਯੂਨਾਨੀ ਸ਼ਬਦ ਕੈਫੱਲੀ (kaphale) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਸਿਰ' ਦੇ, ਅਤੇ ਦੂਜਾ ਭਾਗ 'ਸੰਕੇਤਕ ਚਿੰਨ੍ਹ' ਲਈ ਵਰਤਿਆ ਜਾਂਦਾ ਸ਼ਬਦ ਹੈ। ਮਨੁੱਖੀ ਸਿਰ ਦੀ ਅਗਾਂਹ-ਪਿਛਾਂਹ ਲੰਬਾਈ ਦਾ ਜੋ ਅਨੁਪਾਤ ਇਸ ਦੀਆਂ ਪੁੜਪੁੜੀਆਂ ਵਿਚਕਾਰਲੀ ਚੌੜਾਈ ਨਾਲ ਹੁੰਦਾ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Cephalochordata (ਸੇੱਫੈਲੋੱਕਾਰਡੇਟਾ)

ਦੋ ਯੂਨਾਨੀ ਸ਼ਬਦ, ਕੈਫੱਲੀ (kaphale) ਅਤੇ ਕਾਰਡੀ (chorde) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਿਰ' ਦੇ ਅਤੇ 'ਡੋਰ' ਦੇ। ਕਾਰਡੇਟ ਉਪ-ਕਬੀਲੇ ਦਾ ਉਪਰੋਕਤ ਨਾਮ ਹੈ, ਜਿਸ 'ਚ ਸ਼ਾਮਲ ਪ੍ਰਾਣੀਆਂ ਦੀ ਨੋਟੋਕਾਰਡ (notochord) ਸਰੀਰ ਦੇ ਅਗਲੇ ਸਿਰੇ ਤਕ ਵਧੀ ਹੁੰਦੀ ਹੈ। ਐਮਫ਼ਿਆਕਸੱਸ (Amphioxus) ਇਸੇ ਉਪ-ਕਬੀਲੇ ਦਾ ਪ੍ਰਾਣੀ ਹੈ, ਜਿਸ ਦਾ ਨਾ ਸਿਰ ਦਿੱਸਦਾ ਹੈ ਅਤੇ ਨਾ ਖੋਪੜੀ ਹੁੰਦੀ ਹੈ।

Cephalopoda (ਸੇੱਫੈਲੋੱਪੋਡਾ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਕੈਫੱਲੀ (kaphale) ਅਤੇ ਪੌਸ (pous) ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਿਰ' ਦੇ ਅਤੇ 'ਪੈਰ' ਦੇ। ਉਸ ਮੁਲੱਸਕ (mollusc) ਸ਼੍ਰੇਣੀ ਦਾ ਉਪਰੋਕਤ ਨਾਮ ਹੈ, ਜਿਸ 'ਚ ਤੰਦੂਏ ਸ਼ਾਮਲ ਹਨ। ਤੰਦੂਆਂ ਦਾ ਸਿਰ ਅੱਠ ਜਾਂ ਦਸ ਤੰਦੜੀਆਂ ਵਿਚਕਾਰ ਘਿਰਿਆ

ਹੁੰਦਾ ਹੈ ਅਤੇ ਇਹ ਤੰਦੜੀਆਂ ਹੀ ਪੈਰਾਂ ਦੀ ਭੂਮਿਕਾ ਵੀ ਨਿਭਾਉਂਦੀਆਂ ਹਨ।

Cercaria (ਸਿਰਕੇਰਿਆ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਕਰਕੱਸ (kerkos) ਹੈ, ਜਿਸ ਦੇ ਅਰਥ ਹਨ 'ਪੂਛ' ਦੇ। ਟ੍ਰਿਮੈਟੋਡ (trematode) ਮਲ੍ਹੱਪਾਂ ਦੇ ਲਾਰਵੇ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੇ ਚਪਟੇ-ਚੌੜੇ ਸਰੀਰ ਦੇ ਪਿਛਾਂਹ ਲੰਬੀ ਪੂਛ ਜੜੀ ਹੁੰਦੀ ਹੈ।

Cerci (ਸਰਸਾਈ)

ਯੂਨਾਨੀ ਸ਼ਬਦ ਕਰਕੱਸ (kerkos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪੂਛ' ਦੇ। ਕੀਟਾਂ ਦੇ ਧੜ ਨਾਲ ਜੁੜੇ ਸੰਵੇਦਨੀ ਖੰਡਦਾਰ ਵਧਾਆਂ ਦੇ ਜੋੜੇ ਲਈ ਉਪਰੋਕਤ ਪਦ ਰਾਖਵਾਂ ਹੈ।

Cerebellum (ਸੇੱਰਬੈਲੱਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਸੇੱਰਬਰੱਮ (cerebrum) ਹੈ, ਜਿਸ ਦੇ ਅਰਥ ਹਨ 'ਉਪ-ਮਗ਼ਜ਼' ਦੇ। ਦਿਮਾਗ਼ ਦੇ ਪਿਛਲੇ ਭਾਗ ਦਾ ਇਹ ਨਾਮ ਹੈ, ਜਿਸ ਦੀ ਅਗਵਾਈ ਅਧੀਨ ਸਰੀਰਕ ਮਾਸ-ਪੇਸ਼ੀਆਂ ਕ੍ਰਿਆਸ਼ੀਲ ਹੁੰਦੀਆਂ ਹਨ ਅਤੇ ਇਸੇ ਲਈ ਦਿਮਾਗ ਦਾ ਇਹ ਭਾਗ ਸਰੀਰਕ ਹਰਕਤਾਂ ਲਈ ਜ਼ਿੰਮੇਵਾਰ ਹੈ।

Cerebrum (ਸੇੱਰਬਰੱਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ਉਪ-ਮਗ਼ਜ ਦੇ। ਉਪਰੋਕਤ ਪਦ ਨੂੰ ਦਿਮਾਗ਼ ਦੇ ਅਗਲੇ, ਅਤੀ ਵਿਕਸਿਤ ਭਾਗ ਲਈ ਵਰਤਿਆ ਜਾਂਦਾ ਹੈ, ਜਿਹੜਾ ਮਨੁੱਖ ਵਿਖੇ, ਸੂਝ ਦਾ ਸ੍ਰੋਤ ਹੈ।

Cervix (ਸਰਵਿਕਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਗਰਦਨ' ਦੇ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਨੂੰ ਗਰਦਨ ਲਈ ਤਾਂ ਵਰਤਿਆ ਹੀ ਜਾਂਦਾ ਹੈ, ਪਰ ਕਿਸੇ ਅੰਗ ਦੇ ਸੌੜੇ ਮੂੰਹ ਨੂੰ ਦਰਸਾਉਣ ਲਈ ਵੀ ਇਸੇ ਦਾ ਉਪਯੋਗ ਕੀਤਾ ਜਾਂਦਾ ਹੈ।

Cestoda (ਸੇੱਸਟੋਡਾਂ)

ਯੂਨਾਨੀ ਸ਼ਬਦ ਕਿਸਟੱਸ (kestos) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਪੇਟੀ' ਦੇ। ਫੀਤੇ ਜਿਹੀ ਨੁਹਾਰ ਵਾਲੇ ਟੇਪ-ਮਲ੍ਹੱਪਾਂ ਦੀ ਸ੍ਰੇਣੀ (Class) ਦਾ ਇਹ ਨਾਮ ਹੈ, ਜਿਹੜੇ ਕਿ ਮਨੁੱਖ ਦੇ ਅਤੇ ਹੋਰਨਾਂ ਅਨੇਕਾਂ ਪ੍ਰਾਣੀਆਂ ਦੇ ਪ੍ਰਜੀਵ ਹਨ।

Cetacea (ਸਿਟੇਸ਼ੀਆ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਕਿਟੱਸ (ketos) ਹੈ, ਜਿਸ ਦੇ ਅਰਥ ਹਨ 'ਵ੍ਹੇਲ-ਮੱਛੀ' ਦੇ। ਸਾਗਰ 'ਚ ਵਿਚਰਦੇ ਜਲਵਾਸੀ ਪਸ਼ੂਆਂ ਦੇ ਵਰਗ (order) ਦਾ ਇਹ ਨਾਮ ਹੈ, ਜਿਸ 'ਚ ਵ੍ਹੇਲਾਂ ਤੋਂ ਬਿਨਾਂ ਡਾਲਫਿਨਾਂ ਅਤੇ ਸੀਲਾਂ ਵੀ ਸ਼ਾਮਲ ਹਨ।

Chelonia (ਕਿਲੋਨੀਆ)

ਯੂਨਾਨੀ ਸ਼ਬਦ ਕਿਲੋਨ (kelone) 'ਕੱਛੂ' ਲਈ ਵਰਤਿਆ ਜਾਂਦਾ ਸ਼ਬਦ ਹੈ ਅਤੇ ਇਹੋ ਸ਼ਬਦ ਇਸ ਪਦ ਦਾ ਆਧਾਰ ਹੈ। ਵਿਸਰਪੀ ਪ੍ਰਾਣੀਆਂ ਦੇ ਵਰਗ (order) ਦਾ ਉਪਰੋਕਤ ਨਾਮ ਹੈ, ਜਿਸ 'ਚ ਹੱਡਲ ਪਲੇਟਾਂ ਅੰਦਰ ਸੁਰੱਖਿਅਕ ਸਰੀਰ ਵਾਲੇ ਕੱਛੂ ਅਤੇ ਪੱਤਲਾਂ ਸ਼ਾਮਲ ਹਨ।

Chiasma (ਕਿਆਜ਼ਮੈ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਕ੍ਰਾਸ' ਦੇ ਜਾਂ 'ਕੈਂਚੀ' ਦੇ। ਲੰਮੇ ਦਾਅ ਪਸਰੀਆਂ ਹੋਈਆਂ ਸਰੀਰਕ ਬੁਣਤਾਂ ਦੇ, ਜਿਵੇਂ ਕਿ ਨਸਾਂ ਦੇ ਰੇਸ਼ੇ, ਆਸਿਓਂ-ਪਾਸਿਓਂ ਆ ਕੇ ਜੇਕਰ ਇਕ ਦੂਜੇ ਨੂੰ ਕ੍ਰਾਸ ਕਰ ਜਾਣ, ਤਦ ਉਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਅੱਖ ਦੀਆਂ ਨਸਾਂ ਦਿਮਾਗ਼ ਵਿਖੇ ਇਹੋ ਕਰਦੀਆਂ ਹਨ,

ਸੱਜੀ ਅੱਖ ਵਾਲੀ ਖੱਬੇ ਚਲੀ ਜਾਂਦੀ ਹੈ ਅਤੇ ਖੱਬੀ ਅੱਖ ਵਾਲੀ ਸੱਜੇ ਲੰਘ ਜਾਂਦੀ ਹੈ।

Chimpanzee (ਚਿਮਪਾਨਜ਼ੀ)

ਅਫਰੀਕਾ ਦੇ ਵਾਸੀ ਉਸ ਬਣਮਾਨਸ ਦਾ ਇਹ ਨਾਮ ਹੈ, ਜਿਹੜਾ ਭੂਮੀ ਨਾਲੋਂ ਵੱਧ ਸਮਾਂ ਬ੍ਰਿਛਾਂ ਉਪਰ ਗੁਜ਼ਾਰਦਾ ਹੈ ਅਤੇ ਜਿਹੜਾ ਮਨੁੱਖ ਦਾ ਸਭਨਾਂ ਨਾਲੋਂ ਵੱਧ ਨਜ਼ਦੀਕੀ ਹੈ।

Chiroptera (ਕਾਇਰੌਂਪਟਰਾ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਕਾਇਰੌ (chiro), ਜਿਸ ਦੇ ਅਰਥ ਹਨ 'ਹੱਥ' ਦੇ ਅਤੇ ਦੂਜਾ ਪਟਿਰੌਨ (pteron), ਜਿਸ ਦੇ ਅਰਥ ਹਨ 'ਪਰ' ਦੇ। ਪਸ਼ੂ-ਸ੍ਰੇਣੀ (mammals) ਦੇ ਇਕ ਵਰਗ (order) ਦਾ ਉਪਰੋਕਤ ਨਾਮ ਹੈ, ਜਿਸ 'ਚ ਚਮਗਿੱਦੜ ਅਤੇ ਛਛੂੰਦਰਾਂ ਸ਼ਾਮਲ ਹਨ। ਇਹ ਉਡਣ ਵਾਲੇ ਪਸ਼ੂ ਹਨ, ਜਿਨ੍ਹਾਂ ਦੀਆਂ ਬਾਹਵਾਂ ਪਰਾਂ 'ਚ ਵਟੀਆਂ ਹੋਈਆਂ ਹਨ।

Chitin (ਕਾਇਟਿਨ)

ਯੂਨਾਨੀ ਸ਼ਬਦ ਕਾਇਟੋਨ (chiton) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਚੋਗ਼ੇ' ਦੇ। ਬਾਹਰੀ ਬਸਤਰ ਵਜੋਂ ਪਹਿਨੇ ਜਾਂਦੇ ਚੋਗ਼ੇ ਵਾਂਗ ਹੀ ਆਰਥਰੋਪੋਡ (Arthropod) ਕਬੀਲੇ ਦੇ ਪ੍ਰਾਣੀਆਂ ਦੇ ਸਰੀਰ ਬਾਹਰੀ ਪਿੰਜਰ ਅੰਦਰ ਸੁਰੱਖਿਅਤ ਹੁੰਦੇ ਹਨ; ਅਤੇ ਇਹ ਪਿੰਜਰ ਜਿਸ ਰੇਸ਼ੇਦਾਰ, ਲਚਕੀਲੇ, ਪਰ ਕਰੜੇ ਪਦਾਰਥ ਦਾ ਬਣਿਆ ਹੋਇਆ ਹੈ, ਉਸੇ ਦਾ ਉਪਰੋਕਤ ਨਾਮ ਹੈ।

Chlordane (ਕਲੌਰਡੇਨ)

ਕਲੋਰੀਨ ਰਚੇ ਹੋਏ ਹਾਇਡਰੋਕਾਰਬਨੀ ਪਦਾਰਥ ਦਾ ਇਹ ਨਾਮ ਹੈ, ਜਿਹੜਾ ਕਿਉਂਕਿ ਜੀਵਾਂ ਲਈ ਜ਼ਹਿਰੀਲਾ ਹੈ, ਇਸੇ ਲਈ ਇਸ ਦਾ ਉਪਯੋਗ ਕੀਟਨਾਸ਼ਕ ਵਜੋਂ ਕੀਤਾ ਜਾਂਦਾ ਹੈ। ਇਹ ਰੰਗ ਰਹਿਤ ਚਿਕਨਾ ਤਰਲ ਪਦਾਰਥ ਹੈ, ਜਿਹੜਾ ਜਲ 'ਚ ਘੁਲਣਸ਼ੀਲ ਨਹੀਂ ।

Chlorination (ਕਲੋਰਿਨੇਸ਼ਨ)

ਪਦਾਰਥਾਂ 'ਚ ਕਲੋਰੀਨ ਰਚਾਉਣ ਦੀ ਪ੍ਰਕ੍ਰਿਆ ਦਾ ਇਹ ਨਾਮ ਹੈ, ਜਿਸ ਦਾ ਬਹੁਪੱਖਾ ਉਪਯੋਗ ਕੀਤਾ ਜਾ ਰਿਹਾ ਹੈ। ਉਦਯੋਗਕ ਪੱਧਰ ਉਪਰ ਰੰਗ ਕੱਟਣ ਲਈ ਅਤੇ ਕੀਟਨਾਸ਼ਕਾਂ ਦਾ ਨਿਰਮਾਣ ਕਰਨ ਲਈ ਇਸ ਪ੍ਰਕ੍ਰਿਆ ਦਾ ਆਸਰਾ ਲਿਆ ਜਾਂਦਾ ਹੈ ਅਤੇ ਭੰਡਾਰਿਤ ਜਲ ਨੂੰ ਰੋਗਾਣੂ ਰਹਿਤ ਬਣਾਉਣ ਲਈ ਵੀ ਇਸ ਦਾ ਆਮ ਉਪਯੋਗ ਹੋ ਰਿਹਾ ਹੈ।

Chlorofuorocarbon (ਕਲੋਰੱਫਲੋਅਰੱਕਾਰਬਨ)

ਕਲੋਰੀਨ, ਫ਼ਲੋਅਰੀਨ ਅਤੇ ਕਾਰਬਨ ਦੇ ਇਕ ਯੌਗਿਕ ਦਾ ਇਹ ਨਾਮ ਹੈ, ਜਿਸ ਨੂੰ ਠਾਰਨ ਦੇ ਸਾਧਨ ਵਜੋਂ ਫ਼ਰਿਜਾਂ ਅਤੇ ਏਅਰਕੰਡੀਸ਼ਨਾਂ 'ਚ ਵਰਤਿਆ ਜਾਂਦਾ ਹੈ। ਅਤਰ-ਮਹਿਕਾਂ ਲਈ ਅਤੇ ਅੱਗ ਬੁਝਾਉਣ ਲਈ ਵੀ ਇਸ ਯੌਗਿਕ ਦਾ ਉਪਯੋਗ ਕੀਤਾ ਜਾਂਦਾ ਹੈ। ਉਂਜ ਤਾਂ ਸੀ ਐਫ ਸੀ ਵਜੋਂ ਆਮ ਜਾਣਿਆ ਜਾਣ ਵਾਲਾ ਇਹ ਪਦਾਰਥ ਵਿਹੁਲਾ ਨਹੀਂ, ਪਰ ਵਾਯੂਮੰਡਲ ਦੁਆਲੇ ਲਿਪਟੀ ਓਜ਼ੋਨੀ ਪਰਤ ਨੂੰ ਇਹ ਛੇਕਦਾ ਰਹਿੰਦਾ ਹੈ ਅਤੇ ਇਸੇ ਕਰਕੇ ਇਹ ਮਾਨਵੀ ਹੋਂਦ ਲਈ ਹਾਨੀਕਾਰਕ ਸਿੱਧ ਹੋ ਰਿਹਾ ਹੈ।

Chlorophyll (ਕਲੋਰੱਫਿਲ)

ਇਸ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਕਲੋਰੱਸ (chloros) ਅਤੇ ਫ਼ਾਇਲਨ (phyllon), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਹਰਿਆਵਲ' ਦੇ ਅਤੇ 'ਪੱਤਰ' ਦੇ। ਬਨਸਪਤੀ ਸੰਸਾਰ ਦੇ ਪੱਤਰਾਂ ਅੰਦਰਲੇ ਉਸ ਪਦਾਰਥ ਦਾ ਇਹ ਨਾਮ, ਜਿਸ ਕਾਰਨ ਇਨ੍ਹਾਂ ਦਾ ਸਾਵਾ ਰੰਗ ਹੈ। ਇਸੇ ਪਦਾਰਥ ਉਪਰ ਸਮੁੱਚੇ ਜੀਵ ਸੰਸਾਰ ਦਾ ਅਹਾਰ

ਨਿਰਭਰ ਹੈ, ਜਿਹੜਾ ਕਿ ਸੂਰਜ ਦੀਆਂ ਕਿਰਨਾਂ 'ਚੋਂ ਊਰਜਾ ਨਿਚੋੜ ਨਿਚੋੜ ਕੇ ਉਸ ਦਾ ਉਪਯੋਗ ਖਾਣ ਵਸਤੂਆਂ ਦੇ ਨਿਰਮਾਣ ਲਈ ਕਰਦਾ ਰਹਿੰਦਾ ਹੈ।

Chlorophyta (ਕਲੋਰੋਫ਼ਾਇਟਾ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਮੂਲ ਹਨ, ਕਲੋਰੋਸ (chloros) ਅਤੇ ਫਾਇਟੋਨ (phyton), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਾਵੇਪਣ' ਅਤੇ 'ਪੌਦੇ' ਦੇ। ਸੰਸਾਰ ਦੇ ਹਰ ਇਕ ਨਮਸਥਲ ਤੇ, ਭਾਵੇਂ ਇਹ ਸਾਗਰ ਹੋਣ, ਭਾਵੇਂ ਟੋਭੇ-ਝੀਲਾਂ ਜਾਂ ਦਲਦਲੀ ਖੁਭਣਾਂ ਅਤੇ ਜਾਂ ਫਿਰ ਭੂਮੀ ਗ੍ਰਸਤ ਨਮੀ, ਉੱਗ ਆਉਣ ਵਾਲੀਆਂ ਕਾਈਆਂ ਦੇ ਪਸਰਵੇਂ ਮੰਡਲ ਨੂੰ ਹੀ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ।

Chloroplast (ਕਲੋਰੋਪਲੈਸਟ)

ਦੋ ਯੂਨਾਨੀ ਸ਼ਬਦ, ਕਲੋਰਸ (chloros) ਅਤੇ ਪਲੈਸਟੋਸ (plastos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਸਾਵੇਪਣ' ਦੇ ਅਤੇ ਦੂਜੇ ਦੇ 'ਢਾਂਚੇ' ਦੇ। ਬਨਸਪਤੀ ਸੈੱਲ ਦੀ ਉਸ ਇੰਦਰੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਅੰਦਰ ਕਲੋਰੋਫ਼ਿਲ ਸਿਮਟਿਆ ਰਹਿੰਦਾ ਹੈ ਅਤੇ ਜਿਹੜੀ ਪ੍ਰਕਾਸ਼-ਸੰਸ਼ਲੇਸ਼ਣ ਲਈ ਰਾਖਵਾਂ ਸਥਾਨ ਹੈ।

Chlorosis (ਕਲੋਰੋਸਿਸ)

ਯੂਨਾਨੀ ਸ਼ਬਦ ਕਲੋਰਸ (chloros) ਅਤੇ ਲਾਇਸਿਸ (lysis) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਸਾਵੇਪਣ' ਦੇ ਅਤੇ 'ਢਿੱਲਾ ਕਰਨ' ਜਾਂ 'ਭੰਗ ਕਰਨ' ਦੇ। ਪੱਤਰਾਂ ਅੰਦਰਲਾ ਸਾਵਾਪਣ ਜਦ ਪੀਲਾ ਪੈਣ ਲੱਗਦਾ ਹੈ ਤਾਂ ਇਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹਾ ਖ਼ੁਰਾਕੀ ਤੱਤ ਦੀ ਜਾਂ ਸੂਰਜੀ ਪ੍ਰਕਾਸ਼ ਦੀ ਘਾਟ ਕਾਰਨ ਹੋ ਸਕਦਾ ਹੈ ਅਤੇ ਜਾਂ ਕਿਸੇ ਰੋਗਾਣੂ ਦੀ ਲਾਗ ਕਾਰਨ।

Cholesterol (ਕੱਲੈਸਟ੍ਰਾੱਲ)

ਪ੍ਰਾਣੀ ਸੈੱਲ ਦੀ ਬਣਤਰ 'ਚ ਰਚੇ ਹੋਏ ਚਿੱਟੇ ਰੰਗ ਦੇ ਚਿਕਨੇ ਮਦਸਾਰੀ ਪਦਾਰਥ ਦਾ ਇਹ ਨਾਮ ਹੈ, ਜਿਹੜਾ ਸਰੀਰ ਦੀ ਹਰ ਇਕ ਬੁਣਤ 'ਚ ਸਮਾਇਆ ਹੋਇਆ ਹੈ। ਇਸ ਦਾ ਸ੍ਰੋਤ ਖ਼ੁਰਾਕ ਤਾਂ ਹੈ ਹੀ, ਪਰ ਸਰੀਰ ਦੀ ਲੋੜ ਪੂਰੀ ਕਰਨ ਲਈ ਇਸ ਦਾ ਮੁੱਖ ਭਾਗ ਜਿਗਰ ਦੁਆਰਾ ਰਚਿਆ ਜਾਂਦਾ ਹੈ।

Chordata (ਕਾਰਡੇਟਾ)

ਯੂਨਾਨੀ ਸ਼ਬਦ ਕਾਰਡੀ (chorde) ਤੋਂ ਇਹ ਪਦ ਰਚਿਆ ਗਿਆ ਹੈ, ਜਿਸ ਦੇ ਅਰਥ ਹਨ 'ਡੋਰ' ਦੇ। ਪ੍ਰਾਣੀਆਂ ਦੇ ਇਕ ਕਬੀਲੇ (phylum) ਦਾ ਇਹ ਨਾਮ ਹੈ, ਜਿਨ੍ਹਾਂ 'ਚ ਮੁੱਖ ਤੌਰ 'ਤੇ ਰੀੜ੍ਹਧਾਰੀ ਪ੍ਰਾਣੀ ਸ਼ਾਮਲ ਹਨ ਅਤੇ ਜਿਨ੍ਹਾਂ ਦੇ ਪਿੰਜਰ ਹੱਡੀਆਂ ਦੇ ਬਣੇ ਹੋਏ ਹਨ। ਪਰ ਕੁਝ ਗਿਣਵੇਂ ਅਜਿਹੇ ਪ੍ਰਾਣੀ ਵੀ ਇਸ ਕਬੀਲੇ 'ਚ ਸ਼ਾਮਲ ਹਨ, ਜਿਨ੍ਹਾਂ 'ਚ ਨਾ ਰੀੜ ਹੁੰਦੀ ਹੈ ਅਤੇ ਨਾ ਹੀ ਹੱਡੀਆਂ; ਪਰ ਜਿਨ੍ਹਾਂ 'ਚ ਨੋਟੋਕਾਰਡ ਹੁੰਦੀ ਹੈ। ਇਸ ਪ੍ਰਕਾਰ ਹਰ ਇਕ ਉਹ ਪ੍ਰਾਣੀ ਇਸ ਕਬੀਲੇ 'ਚ ਸ਼ਾਮਲ ਹੈ, ਜਿਨ੍ਹਾਂ ਦੇ ਜੀਵਨ ਦੌਰਾਨ, ਕਦੀ ਨਾ ਕਦੀ, ਨੋਟੋਕਾਰਡ ਹੁੰਦੀ ਹੈ।

Chorion (ਕੋਰਿਓਨ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪਰਤ' ਦੇ। ਪਸ਼ੂਆਂ, ਪੰਛੀਆਂ ਅਤੇ ਵਿਸਰਪੀ ਪ੍ਰਾਣੀਆਂ ਦੇ ਭਰੂਣ ਦੁਆਲੇ ਜਿਹੜੀ ਝਿੱਲੀਦਾਰ ਪਰਤ ਲਿਪਟੀ ਹੁੰਦੀ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਕੀਟਾਂ ਦੇ ਆਂਡੇ ਦੁਆਲੇ ਲਿਪਟੀ ਪਰਤ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ, ਜਿਵੇਂ ਕਿ ਪੌਦਿਆਂ ਦੇ ਬੀਜ ਦੁਆਲੇ ਦੀ ਝਿਲੀ ਲਈ ਵੀ।

Chromatid (ਕ੍ਰੋਮੈੱਟਿਡ)

ਇਸ ਪਦ ਦਾ ਮੁੱਖ ਆਧਾਰ ਯੂਨਾਨੀ

ਸ਼ਬਦ ਕ੍ਰੋਮਾ (chroma) ਹੈ, ਜਿਸ ਦੇ ਅਰਥ ਹਨ 'ਰੰਗ' ਦੇ। ਸੈੱਲ ਵੰਡਾਰੇ ਦੀ ਤਿਆਰੀ ਲਈ ਨਿਊਕਲੀਅਸ ਅੰਦਰਲੇ ਰੰਗੇ ਜਾ ਸਕਣ ਵਾਲੇ ਕ੍ਰੋਮੋਸੋਮ, ਲੰਮੇ ਦਾਅ, ਦੋ ਇਕਸਾਰ ਡੋਰਾਂ 'ਚ ਵੰਡੇ ਜਾਂਦੇ ਹਨ। ਇੰਜ ਹੋਂਦ 'ਚ ਆਈ ਹਰ ਇਕ ਡੋਰ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Chromatin (ਕ੍ਰੋਮੈੱਟਿਨ)

ਯੂਨਾਨੀ ਸ਼ਬਦ ਕ੍ਰੋਮਾ (chroma) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਰੰਗ' ਦੇ। ਜਦ ਸੈੱਲ ਵੰਡਿਆ ਨਹੀਂ ਜਾ ਰਿਹਾ ਹੁੰਦਾ, ਤਦ ਨਿਊਕਲੀਅਸ ਵਿਖੇ ਕ੍ਰੋਮੋਸੋਮ ਨਹੀਂ ਹੁੰਦੇ; ਇਹ ਸਾਰੇ ਇਕ ਮਿਕ ਹੋ ਕੇ ਇਕ ਜਾਲ 'ਚ ਉਣੇ ਹੋਏ ਹੁੰਦੇ ਹਨ। ਇਸ ਜਾਲ ਦੇ ਪਦਾਰਥ ਲਈ, ਜਿਹੜਾ ਰੰਗੇ ਤੋਂ ਉਘੜ ਆਉਂਦਾ ਹੈ, ਉਪਰੋਕਤ ਪਦ ਰਾਖਵਾਂ ਹੈ।

Chromatography (ਕ੍ਰੋਮੈੱਟੋਗ੍ਰਾਫ਼ਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ, ਕ੍ਰੋਮਾ (chroma) ਅਤੇ ਗ੍ਰਾਫ਼ਿਕ (graphic) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਰੰਗ' ਦੇ ਅਤੇ 'ਵਿਸਥਾਰ' ਦੇ। ਇਹ ਨਾਮ ਉਸ ਪ੍ਰਯੋਗਕ ਵਿਧੀ ਦਾ ਹੈ, ਜਿਸ 'ਚ ਯੌਗਿਕ ਅੰਦਰਲੇ ਅਣੂ, ਆਪੋ-ਆਪਣੇ ਬੋਝ ਅਨੁਕੂਲ ਗਤੀਸ਼ੀਲ ਹੋ ਕੇ, ਵੱਖ ਵੱਖ ਖਿੰਡ-ਪੁੰਡ ਜਾਂਦੇ ਹਨ ਅਤੇ ਇਸ ਪ੍ਰਕਾਰ ਇਨ੍ਹਾਂ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਉਪਲਬਧ ਹੋ ਜਾਂਦੀ ਹੈ।

Chromatophore (ਕ੍ਰੋਮੈੱਟੋਫ਼ੋਰ)

ਕ੍ਰੋਮਾ (chroma) ਅਤੇ ਫ਼ਿਰੇਨ (pherein), ਦੋ ਯੂਨਾਨੀ ਸ਼ਬਦ ਇਸ ਪਦ ਦਾ ਮੂਲ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਰੰਗ' ਦੇ ਅਤੇ 'ਥੰਮ੍ਹਣ' ਦੇ ਜਾਂ 'ਝੱਲਣ' ਦੇ। ਸਰੀਰਕ ਰੰਗ ਦੀ ਭਾਅ ਜਿਸ ਸੈੱਲ ਅੰਦਰਲੇ ਰੰਗੀਜਲੇ ਕਣਾਂ ਚੋਂ ਪੈਂਦੀ ਹੈ, ਉਸੇ ਸੈੱਲ ਲਈ ਉਪਰੋਕਤ ਪਦ ਰਾਖਵਾਂ ਹੈ।

Chromosome (ਕ੍ਰੋਮੋਸੋਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਇਕ ਕ੍ਰੋਮਾ (chroma), ਜਿਸ ਦੇ ਅਰਥ ਹਨ 'ਰੰਗ' ਦੇ ਅਤੇ ਦੂਜਾ ਸੋਮਾ (soma), ਜਿਸ ਦੇ ਅਰਥ ਹਨ 'ਜੁੱਸੇ' ਦੇ ਜਾਂ 'ਢਾਂਚੇ' ਦੇ। ਸੈੱਲ ਵੰਡਾਰੇ ਦੀ ਤਿਆਰੀ ਦੇ ਮੁੱਢਲੇ ਪੜਾਅ ਦੌਰਾਨ ਨਿਊਕਲੀਅਸ ਅੰਦਰਲਾ ਕ੍ਰੋਮੈੱਟਿਨੀ ਜਾਲ ਥਾਂ-ਪਰ-ਥਾਂ ਤੋਂ ਮੜ੍ਹੱਕ ਕੇ ਡੋਰਿਆਂ 'ਚ ਵੱਖ ਹੋ ਜਾਂਦਾ ਹੈ। ਇਨ੍ਹਾਂ ਡੋਰਿਆਂ ਨੂੰ ਹੀ ਕ੍ਰੋਮੋਸੋਮ ਸੱਦਿਆ ਜਾਂਦਾ ਹੈ, ਜਿਨ੍ਹਾਂ ਦੀ ਹਰ ਇਕ ਜੀਵ-ਨਸਲ 'ਚ ਨਿਸ਼ਚਿਤ ਗਿਣਤੀ ਹੁੰਦੀ ਹੈ। ਕ੍ਰੋਮੋਸੋਮ ਰੰਗੇ ਤੋਂ ਰੰਗ ਫੜ ਕੇ ਹੋਰ ਵੀ ਉਘੜ ਆਉਂਦੇ ਹਨ।

Chrysalis (ਕਰਾਈਸੈਲਿਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸੁਨਹਿਰੀ ਪਦਾਰਥ' ਦੇ। ਤਿੱਤਲੀਆਂ-ਭੰਵਟਾਂ ਦੀ ਜੀਵਨੀ ਦੇ ਵਿਸ਼ਰਾਮੀ ਪੜਾਅ ਪਾਰ ਕਰ ਰਹੇ ਪਿਊਪੇ ਲਈ, ਜਿਹੜੇ ਸੁਨਿਹਰੀ ਭਾਅ ਮਾਰਦੇ ਹਨ, ਉਪਰੋਕਤ ਪਦ ਰਾਖਵਾਂ ਹੈ।

Chrysophyll (ਕ੍ਰਿੱਸੋਫ਼ਿੱਲ)

ਦੋ ਯੂਨਾਨੀ ਸ਼ਬਦ, ਕ੍ਰਿੱਸਸ (chrysos) ਅਤੇ ਫ਼ਿੱਲਨ (phyllon) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸੋਨੇ' ਦੇ ਅਤੇ 'ਪੱਤਰ' ਦੇ। ਪੱਤਰਾਂ ਅੰਦਰਲੇ ਪੀਲੇਪਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Chrysophyta (ਕ੍ਰਿਸੋਫ਼ਾਇਟਾ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ: ਪਹਿਲਾ ਸ਼ਬਦ ਹੈ ਕ੍ਰਿੱਸਸ (chrysos), ਜਿਸ ਦੇ ਅਰਥ ਹਨ 'ਸੋਨੇ' ਦੇ ਅਤੇ ਦੂਜਾ ਸ਼ਬਦ ਹੈ ਫ਼ਾਇਟ (phyte), ਜਿਸ ਦੇ ਅਰਥ ਹਨ 'ਪੌਦੇ' ਦੇ।

ਭੂਰੇ ਜਾਂ ਸੰਤਰੀ ਰੰਗ ਦੀਆਂ ਕਾਈਆਂ ਦੇ ਮੰਡਲ ਦਾ ਇਹ ਨਾਮ ਹੈ, ਜਿਹੜੀਆਂ ਸਾਵੀਆਂ ਕਾਈਆਂ ਵਾਂਗ ਹੀ ਹਰ ਪ੍ਰਕਾਰ ਦੇ ਨਮਸਥਲ 'ਚ ਵਿਚਰਦੀਆਂ ਹਨ।

Chyme (ਕਾਈਮ)

ਯੂਨਾਨੀ ਸ਼ਬਦ ਕਿੱਮਸ (chymos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਰਸ' ਦੇ। ਅੱਧ-ਪਚੱਧ ਹਜ਼ਮ ਹੋਈ ਖ਼ੁਰਾਕ ਦੇ ਉਸ ਰੂਪ ਨੂੰ ਇਹ ਪਦ ਦਰਸਾਉਂਦਾ ਹੈ, ਜਿਹੜਾ ਇਸ ਦਾ ਮਿਹਦੇ ਚੋਂ ਆਂਦਰਾਂ ਅੰਦਰ ਪ੍ਰਵੇਸ਼ ਕਰਨ ਸਮੇਂ ਹੁੰਦਾ ਹੈ।

Cibarium (ਸਾਇਬੇਰਿਅਮ)

ਲਾਤੀਨੀ ਸ਼ਬਦ ਸਾਇਬੇਰਿਆ (cibaria) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਭੋਜਨ ਪ੍ਰਾਪਤ ਕਰਨ' ਦੇ। ਕੀਟਾਂ ਦੀ ਪਾਚਨ ਨਾਲੀ ਦੇ ਫੇਰਿੰਗਸ (pharynx) ਤੋਂ ਅਗਲੇ, ਮੂੰਹ ਵਿਚਲੇ ਭਾਗ ਦਾ ਇਹ ਨਾਮ ਹੈ, ਜਿਹੜਾ ਕਿ ਭੋਜਨ ਪ੍ਰਾਪਤੀ ਦਾ ਸਾਧਨ ਵੀ ਹੈ ਅਤੇ ਸਥਾਨ ਵੀ।

Ciconniiformes (ਸਿਕੱਨਿਅਈਫ਼ਾਰਮੀਜ਼)

ਇਸ ਪਦ ਦਾ ਮੁਖ ਆਧਾਰ ਲਾਤੀਨੀ ਸ਼ਬਦ ਸਿਕੋਨਜ਼ (cicones) ਹੈ, ਜਿਸ ਦੇ ਅਰਥ ਹਨ 'ਤਟ ਨਿਵਾਸੀ' ਦੇ। ਪੰਛੀਆਂ ਦੇ ਉਸ ਵਰਗ (order) ਦਾ ਇਹ ਨਾਮ ਹੈ, ਜਿਸ 'ਚ ਸ਼ਾਮਲ ਪੰਛੀ ਹਨ: ਲੰਮਢੀਂਗ, ਬਗਲੇ, ਟੱਟੀਹਰੀਆਂ, ਨੜੀਆਂ ਆਦਿ। ਇਨ੍ਹਾਂ ਦੀਆਂ ਲੰਬੀਆਂ ਧੌਣਾਂ, ਲੰਬੀਆਂ ਟੰਗਾਂ ਅਤੇ ਲੰਬੀਆਂ ਚੁੰਝਾਂ ਹਨ ਅਤੇ ਇਹ ਟੋਭਿਆਂ-ਝੀਲਾਂ ਦੇ ਤਟੀ, ਘੱਟ ਡੂੰਘੇ ਪਾਣੀ 'ਚ ਵਿਚਰਦੇ ਹਨ।

Cilia (ਸਿਲਿਐ)

ਲਾਤੀਨੀ ਸ਼ਬਦ ਸਿਲਿਅਮ (cilium) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਅੱਖ ਦੀ ਪਲਕ ਜਾਂ ਪਪੋਟੇ' ਦੇ। ਸੈੱਲ ਦੀ ਪਲਾਜ਼ਮਾ ਝਿੱਲੀ 'ਚੋਂ ਪੁੰਗਰੇ ਲੂੰਦਾਰ ਵਧਾਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਇਕ-ਸੈੱਲੇ ਪ੍ਰੋਟੱਜ਼ੁਆ (protozoa) 'ਚੋਂ ਕੁਝ ਦੇ ਹਰਕਤ ਕਰਨ ਦੇ ਸਾਧਨ ਹਨ, ਜਦ ਕਿ ਬਹੁ-ਸੈੱਲੇ ਪ੍ਰਾਣੀਆਂ 'ਚ ਇਹ ਤਰਲ ਦੇ ਬਹਾਓ ਦਾ ਸਾਧਨ ਹੁੰਦੇ ਹਨ।

Ciliophora (ਸਿਲਿਅੱਫੋਰੱ)

ਇਸ ਪਦ ਦੇ ਦੋ ਭਾਗ ਹਨ: ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਸਿਲਿਅਮ (cilium) ਹੈ, ਜਿਸ ਦੇ ਅਰਥ ਹਨ 'ਅੱਖ ਦੇ ਪਪੋਟੇ' ਦੇ ਅਤੇ ਦੂਜੇ ਭਾਗ ਦਾ ਆਧਾਰ ਯੂਨਾਨੀ ਸ਼ਬਦ ਫ਼ਿਰੇਨ (pherein) ਹੈ, ਜਿਸ ਦੇ ਅਰਥ 'ਥੰਮ੍ਹਣ' ਦੇ ਜਾਂ 'ਸਿਰ ਲੈਣ' ਦੇ ਹਨ। ਇਕ ਸੈੱਲੇ ਪ੍ਰੋਟੱਜ਼ੁਆ (protozoa) ਦੀ ਇਕ ਸ਼੍ਰੇਣੀ (Class) ਦਾ ਇਹ ਨਾਮ ਹੈ, ਜਿਸ 'ਚ ਸਿਲਿਐਧਾਰੀ ਜੀਵ ਸ਼ਾਮਲ ਹਨ।

Circadian rhythm (ਸਰਕੈਡਿਐਨ ਰਿਦਮ)

ਦੋ ਭਾਗਾਂ ਵਾਲੇ ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਸਰਕੈ (circa) ਅਤੇ ਡੀਜ਼ (dies), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵਾਰੀ ਸਿਰ' ਦੇ ਅਤੇ 'ਦਿਨ' ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਸੁਮੇਲਤਾ' ਦੇ। ਜੈਵਿਕ ਸਰੀਰ ਅੰਦਰ, ਦਿਨ ਭਰ 'ਚ, ਵਾਰੀ ਸਿਰ, ਇਕ ਪਿਛੋਂ ਇਕ ਵਾਪਰਦੀਆਂ ਕ੍ਰਿਆਵਾਂ ਦੇ ਸਿਲਸਿਲੇ ਲਈ ਉਪਰੋਕਤ ਪਦ ਰਾਖਵਾਂ ਹੈ।

Cistron (ਸਿਸਟੱਰਨ)

ਦੋ ਲਾਤੀਨੀ ਸ਼ਬਦ, ਸਿਸ (cis) ਅਤੇ ਟ੍ਰੈਂਸ (trans), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਮਿਲਵੇਂ ਅਰਥ ਹਨ 'ਆਰ-ਪਾਰ' ਦੇ। ਡੀ ਐਨ ਏ ਦੀ ਉਸ ਫਾਂਕ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਪ੍ਰੋਟੀਨ ਦੀ ਉਪਜ

ਲਈ ਜ਼ਿੰਮੇਵਾਰ ਹੈ, ਭਾਵ 'ਜੀਨ' ਲਈ।

Citric acid cycle (ਸਿਟ੍ਰਿਕ ਐਸਿਡ ਸਾਇਕਲ)

ਸਿਟ੍ਰਿਕ ਐਸਿਡ ਨਾਲ ਆਰੰਭ ਹੁੰਦੇ ਰਸਾਇਣਕ ਪ੍ਰਕ੍ਰਿਆਵਾਂ ਦੇ ਸਾਇਕਲ ਜਾਂ ਸਿਲਸਿਲੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਸੈੱਲ ਦੇ ਮਾਇਟੱਕਾਂਡਰਿਆ (mitochondria) ਵਿਖੇ ਊਰਜਾ ਉਪਜਾਉਣ ਲਈ ਚਲਦਾ ਰਹਿੰਦਾ ਹੈ। ਇਸ ਗੇੜ ਦਾ ਮੁੱਢ ਆਕਸੀਜਨ ਅਤੇ ਗੁਲੂਕੋਸ ਨਾਲ ਬੱਝਦਾ ਹੈ, ਜਿਹੜੇ ਛੇਕੜ ਪਾਣੀ ਅਤੇ ਕਾਰਬਨਡਾਈਆਕਸਾਈਡ ਦੇ ਰੂਪ 'ਚ, ਗੇੜ ਚੋਂ ਬਾਹਰ ਆਉਂਦੇ ਹਨ। ਉਸ ਤੋਂ ਪਹਿਲਾਂ, ਹਰ ਇਕ ਪ੍ਰਕ੍ਰਿਆਵੀ ਪੜਾਅ ਉਪਰ ਊਰਜਾ ਦਾ ਉਤਪਾਦ ਹੋ ਗਿਆ ਹੁੰਦਾ ਹੈ।

Citrus (ਸਿਟ੍ਰੱਸ)

ਪੌਦਿਆਂ ਦੀ ਉਸ ਪ੍ਰਜਾਤੀ ਨੂੰ ਦਰਸਾਉਂਦਾ ਇਹ ਨਾਮ ਹੈ, ਜਿਸ 'ਚ ਨਿੰਬੂ, ਸੰਗਤਰਾ, ਮਾਲਟਾ, ਗ੍ਰੇਪ-ਫਰੂਟ, ਗਲਗਲ, ਖੱਟਾ, ਮੌਸੱਮੀ ਆਦਿ ਸ਼ਾਮਲ ਹਨ। ਉਂਜ ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਮੁਢਲੇ ਅਰਥ 'ਨਿੰਬੂ' ਦੇ ਹਨ।

Cladogenesis (ਕਲੈਡੱਜੈਨੱਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਕਲੈਡੱਸ (klados) ਅਤੇ ਜੈਨੱਸਿਸ (genesis), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸ਼ਾਖ' ਦੇ ਅਤੇ 'ਉਪਜ' ਦੇ। ਜੀਵਨ ਦੇ ਵਿਕਾਸ ਦੌਰਾਨ, ਜੇਕਰ ਇਕ ਨਸਲ ਕਈ ਜੀਵ-ਨਸਲਾਂ 'ਚ ਵਿਕਸਿਤ ਹੋ ਜਾਵੇ, ਤਦ ਉਸ ਪ੍ਰਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Cladophyll (ਕਲੈਡਾੱਫ਼ਿਲ)

ਯੂਨਾਨੀ ਸ਼ਬਦ ਕਲੈਡੱਸ (klados) ਅਤੇ ਫ਼ਿਲੱਨ (phyllon) ਇਸ ਪਦ 'ਚ ਸਮਾਏ ਹੋਏ ਹਨ, ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਸ਼ਾਖ' ਦੇ ਅਤੇ ਦੂਜੇ ਦੇ 'ਪੱਤਰ' ਦੇ। ਉਨ੍ਹਾਂ ਪੌਦਿਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀਆਂ ਟਹਿਣੀਆਂ ਪੱਤਰਾਂ ਵਾਂਗ ਪੱਧਰੀਆਂ ਹੁੰਦੀਆਂ ਹਨ ਅਤੇ ਰੰਗ 'ਚ, ਪੱਤਰਾਂ ਵਾਂਗ ਹੀ ਸਾਵੀਆ ਹੁੰਦੀਆਂ ਹਨ।

Clan (ਕਲੈਨ)

ਉਨ੍ਹਾਂ ਮਾਨਵੀ ਕੁਟੰਬਾਂ ਦੇ ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਦੀ ਆਪਸ 'ਚ ਪੂਰਵਜੀ ਸਾਂਝ ਹੁੰਦੀ ਹੈ, ਭਾਵ ਇਹ ਇਕ ਪੂਰਵਜ ਦੀ ਸੰਤਾਨ ਹੁੰਦੇ ਹਨ। ਬਨਸਪਤੀ ਦੇ ਪ੍ਰਸੰਗ 'ਚ ਵੀ ਇਸ ਪਦ ਦਾ ਉਪਯੋਗ ਇਕੋ ਖੇਤਰ 'ਚ ਉਗਦੇ ਪੌਦਿਆਂ ਦੇ ਅਜਿਹੇ ਸਮੂਹ ਲਈ ਕੀਤਾ ਜਾਂਦਾ ਹੈ, ਜਿਹੜੇ ਇਕ ਰੁੱਖ ਜਾਂ ਇਕ ਬੂਟੇ ਦੀ ਉਪਜ ਹੁੰਦੇ ਹਨ।

Claspers (ਕਲਾਸਪਰਜ਼)

ਇਸ ਪਦ ਦਾ ਆਧਾਰ ਐਂਗਲੋ-ਸੈਕਸ਼ਨ ਸ਼ਬਦ ਕਲਾਇੱਪੱਨ (clyppan) ਹੈ, ਜਿਸ ਦੇ ਅਰਥ ਹਨ 'ਗਲਵਕੜੀ 'ਚ ਲੈਣ' ਦੇ। ਕੀਟਾਂ ਦੇ ਅਤੇ ਰੇਅ ਅਤੇ ਸ਼ਾਰਕ ਮੱਛੀਆਂ ਦੇ ਨਰਾਂ ਦੇ ਸਰੀਰ ਦੇ ਦੋਵੀਂ ਪਾਸੀਂ ਪਿਛਾਂਹ ਨੂੰ ਨਿਕਲਵੇਂ ਵਧਾਅ-ਜੋੜੇ ਦਾ ਇਹ ਨਾਮ ਹੈ, ਜਿਨ੍ਹਾਂ ਦੀ ਵਰਤੋਂ ਲਿੰਗ-ਸੰਜੋਗ ਸਮੇਂ ਮਦੀਨ ਉਪਰ ਪਕੜ ਬਣਾਈ ਰੱਖਣ ਲਈ ਨਰ ਕਰਦੇ ਹਨ।

Class (ਕਲਾਸ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਕਲਾਸਿਸ (classis) ਹੈ, ਜਿਸ ਦੇ ਅਰਥ ਹਨ 'ਵੰਡ' ਦੇ। ਜੀਵਾਂ ਦੀ ਵਰਗਾਂ 'ਚ ਤਕਸੀਮ ਦੀ ਇਕ ਇਕਾਈ ਦਾ ਇਹ ਨਾਮ ਹੈ, ਜਿਸ ਦਾ ਸਥਾਨ ਫ਼ਾਇਲਮ (phylum) ਦੇ ਹੇਠ ਅਗਲਾ ਹੈ ਅਤੇ ਵਰਗ (order) ਦੇ ਉਤਾਂਹ ਉਪਰਲਾ, ਭਾਵ ਫ਼ਾਇਲਮ ਅਤੇ ਵਰਗ ਦੇ ਠੀਕ ਵਿਚਕਾਰਲਾ।

Classification (ਕਲੈਸਿਫਿਕੇਸ਼ਨ)

ਸਮੁੱਚੇ ਜੀਵ ਸੰਸਾਰ ਨੂੰ, ਜੀਵਾਂ ਦੀ ਸਰੀਰਕ ਬਣਤਰ ਨੂੰ ਮੁਖ ਰੱਖ ਕੇ, ਸਿਲਸਿਲੇਵਾਰ ਗੁਟਾਂ 'ਚ ਤਕਸੀਮ ਕੀਤਾ ਗਿਆ ਹੈ। ਜੀਵਾਂ ਦੀ ਵਰਗਾਂ 'ਚ ਵੰਡ ਲਈ ਅਪਣਾਈ ਗਈ ਵਿਧੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਵਜੋਂ ਉਨ੍ਹਾਂ ਦੇ ਪ੍ਰਸਪਰ ਸਬੰਧ ਵੀ ਆਪਣੇ-ਆਪ ਉਘੜ ਆਉਂਦੇ ਹਨ। ਇਸ ਵੰਡ 'ਚ ਸਭਨਾਂ ਨਾਲੋਂ ਹੇਠਲੀ ਪੱਧਰ 'ਤੇ ਜਾਤੀ ਜਾਂ ਨਸਲ (species) ਹੈ, ਫਿਰ ਉਸ ਤੋਂ ਉਪਰ ਪ੍ਰਜਾਤੀ (genus) ਹੈ, ਫਿਰ ਕੁਟੰਬ (family) ਹੈ, ਜਿਸ ਉਪਰੰਤ ਵਰਗ (order) ਹੈ, ਫਿਰ ਅਗਾਂਹ ਸ਼੍ਰੇਣੀ (class) ਹੈ ਅਤੇ ਛੇਕੜ ਸਭ ਤੋਂ ਉਪਰ ਕਬੀਲਾ (phylum).

Clavicle (ਕਲੈਵਿਕਲ)

ਜਿਸ ਲਾਤੀਨੀ ਸ਼ਬਦ ਦਾ ਇਹ ਬਦਲਿਆ ਰੂਪ ਹੈ, ਉਹ ਹੈ ਕਲੈਵਿਕੁਲਾ (clavicula), ਜਿਸ ਦੇ ਅਰਥ ਹਨ 'ਕੁੰਜੀ' ਦੇ। ਮਨੁੱਖ ਦੀ ਗਰਦਨ ਦੀ ਨੀਂਹ ਬਣੀ ਹੱਡੀ ਦਾ ਇਹ ਨਾਮ ਹੈ, ਜਿਸ ਨੂੰ ਕਿ 'ਹਸਲੀ' ਵੀ ਸੱਦਿਆ ਜਾਂਦਾ ਹੈ।

Cline (ਕਲਾਇਨ)

ਯੂਨਾਨੀ ਸ਼ਬਦ ਕਲਾਇਨੀਨ (klinein) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਉਲਾਰ' ਦੇ ਜਾਂ 'ਝੁਕਾਅ' ਦੇ। ਇਕੋ ਨਸਲ ਦੇ ਜੀਵ ਜੇਕਰ ਭਿੰਨ ਭਿੰਨ ਦੁਆਲਿਆਂ 'ਚ ਰਹਿਣ, ਤਦ ਇਨ੍ਹਾਂ 'ਚ ਆਪੋ-ਆਪਣੇ ਸਹਿਜਵਾਸਾਂ ਅਨੁਕੂਲ ਪਰਿਵਰਤਨ ਆਉਂਦੇ ਰਹਿੰਦੇ ਹਨ। ਜੀਵਾਂ 'ਚ ਆਏ ਸਰੀਰਕ ਵਿਸ਼ੇਸ਼ਤਾਵਾਂ ਦੇ ਪਰਿਵਰਤਨੀ ਸਿਲਸਿਲੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Clitellum (ਕਲਾਈਟੈਲੱਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਕਲਾਈਟੈਲੀ (clitellae) ਹੈ, ਜਿਸ ਦੇ ਅਰਥ ਹਨ 'ਕਾਠੀ' ਦੇ। ਗੰਡੋਇਆਂ ਦੇ ਸਰੀਰ ਦੇ ਫੁੱਲਵੇਂ ਭਾਗ ਦਾ ਇਹ ਨਾਮ ਹੈ, ਜਿਹੜਾ ਵੱਖ ਹੀ ਵਿਖਾਈ ਦਿੰਦਾ ਹੈ ਅਤੇ ਜਿਸ 'ਚੋਂ ਰਿਸਦੇ ਰਸਾਂ ਦਾ ਸਬੰਧ ਪ੍ਰਜਣਨ ਨਾਲ ਹੈ।

Cloaca (ਕਲੱਐਕੈ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਗੰਦੀ ਨਾਲੀ' ਦੇ। ਸਿਵਾਏ ਪਸ਼ੂਆਂ ਦੇ, ਹੋਰਨਾਂ ਸਭਨਾਂ ਰੀੜ੍ਹਧਾਰੀ ਪ੍ਰਾਣੀਆਂ ਦੇ ਸਰੀਰ ਦੇ ਪਿਛਲੇ ਨਿਕਾਸ-ਦੁਆਰ ਦਾ ਇਹ ਨਾਮ ਹੈ, ਜਿਹੜਾ ਕਿ ਪ੍ਰਜਣਨ ਲਈ ਅਤੇ ਫੁਹੜੀ ਨਿਕਾਸ ਲਈ ਸਾਂਝੇ ਤੌਰ 'ਤੇ ਵਰਤੋਂ 'ਚ ਆਉਂਦਾ ਹੈ।

Clone (ਕਲੋਨ)

ਯੂਨਾਨੀ ਸ਼ਬਦ ਕਲੋਨ (klon) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਝਾਲ' ਦੇ। ਇਕ ਜੀਵ ਦੇ ਇਕ ਸੈੱਲ ਤੋਂ ਪ੍ਰਯੋਗਸ਼ਾਲਾ 'ਚ ਉਪਜਾਏ ਗਏ ਸੈੱਲ-ਸਮੂਹ ਲਈ ਅਤੇ ਜਾਂ ਫਿਰ ਇਕ ਜੀਵ ਤੋਂ ਅਲਿੰਗੀ ਪ੍ਰਜਣਨ ਦੁਆਰਾ ਉਪਜਾਈ ਗਈ ਸੰਤਾਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇੰਜ ਉਪਜੀ ਸੰਤਾਨ ਦੇ ਜੀਨ ਸ਼ੁੱਧ ਉਹੋ ਹੀ ਹੁੰਦੇ ਹਨ, ਜਿਹੋ ਜਿਹੇ ਉਸ ਦੇ, ਜਿਸ ਦੀ ਇਹ ਸੰਤਾਨ ਹੁੰਦੀ ਹੈ।

Cobalamine (ਕੋਬੱਲਐਮੀਨ)

ਵਿਟਾਮਿਨ B_{12} ਦਾ ਇਹ ਨਾਮ ਹੈ, ਅਤੇ ਇਸ ਅੰਦਰ ਕੋਬਾਲਟ ਦੇ ਸਮਾਏ ਹੋਣ ਕਰਕੇ ਇਸ ਦਾ ਉਪਰੋਕਤ ਨਾਮ ਪਿਆ। ਇਸ ਵਿਟਾਮਿਨ ਦੀ ਸਰੀਰ ਨੂੰ ਸਦਾ ਲੋੜ ਸਰੀਰਕ-ਬੁਣਤਾਂ ਦੀ ਪੁਨਰ ਉਤਪਤੀ ਲਈ ਰਹਿੰਦੀ ਹੈ ਅਤੇ ਇਸ ਦਾ ਸ੍ਰੋਤ ਖ਼ੁਰਾਕ ਤਾਂ ਹੈ ਹੀ, ਪਰ ਇਸ ਦਾ ਨਿਰਮਾਣ ਆਂਦਰਾਂ 'ਚ ਵਿਚਰਦੇ ਕੀਟਾਣੂ ਵੀ ਕਰਦੇ ਰਹਿੰਦੇ ਹਨ।

Cnidoblast (ਕਨਾਇਡੱਬਲੈਸਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ: ਕਨਾਇਡੀ (knide), ਜਿਸ ਦੇ ਅਰਥ ਹਨ

'ਬਿਛੂ-ਬੂਟੀ' ਦੇ ਅਤੇ ਬਲੈਸਟੌਸ (blastos), ਜਿਸ ਦੇ ਅਰਥ ਹਨ 'ਫੁੱਲ-ਡੋਡੀ' ਦੇ। ਸੀਲੈਨਟ੍ਰੇਟ ਕਬੀਲੇ ਦੇ ਪ੍ਰਾਣੀਆਂ ਦੇ ਡੰਗ ਮਾਰਦੇ ਸੈੱਲ ਦਾ ਇਹ ਨਾਮ ਹੈ, ਜਿਹੜਾ ਕਿ ਇਨ੍ਹਾਂ ਦੇ ਬਚਾਓ਼ ਦਾ ਇਕ ਸਾਧਨ ਹੈ।

Co-adaptation (ਕੋਐਡੈਪਟੇਸ਼ਨ)

ਤਿੰਨ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ : ਪਹਿਲਾ ਕਮ (cum), ਜਿਸ ਦੇ ਅਰਥ ਹਨ 'ਨਾਲੋਂ-ਨਾਲ' ਦੇ; ਦੂਜਾ ਐਡ (ad), ਜਿਸ ਦੇ ਅਰਥ ਹਨ 'ਵੱਲ' ਦੇ ਅਤੇ ਤੀਜਾ ਐਪਟੇਅਰ (aptare), ਜਿਸ ਦੇ ਅਰਥ ਹਨ 'ਮੇਚ ਆਉਣ' ਦੇ। ਜਦ ਦੋ, ਇਕ ਦੂਜੇ ਉਪਰ ਨਿਰਭਰ ਜੀਵ-ਨਸਲਾਂ ਵਿਕਸਿਤ ਹੁੰਦੀਆਂ ਹਨ ਤਾਂ ਇਹ ਇਕ ਦੂਜੇ ਅਨੁਕੂਲ ਬਣੇ ਰਹਿਣ ਦੀ ਦਿਸ਼ਾ ਵੱਲ, ਨਾਲ ਨਾਲ ਵਿਕਸਿਤ ਹੁੰਦੀਆਂ ਰਹਿੰਦੀਆਂ ਹਨ। ਫ਼ੁਲਦਾਰ ਪੌਦੇ ਅਤੇ ਤਿੱਤਲੀਆਂ-ਭੰਵਟ ਇਸੇ ਪ੍ਰਕਾਰ ਵਿਕਸਿਤ ਹੋਏ ਹਨ। ਇਹੋ ਗੱਲ ਵਿਅਕਤੀਗਤ ਪੱਧਰ ਉਪਰ ਅੰਗਾਂ ਉਪਰ ਵੀ ਲਾਗੂ ਹੁੰਦੀ ਹੈ। ਮਨੁੱਖ ਦੇ ਦਿਮਾਗ਼ ਅਤੇ ਹੱਥ ਦਾ ਵਿਕਾਸ ਵੀ, ਇਸੇ ਪ੍ਰਕਾਰ, ਨਾਲੋਂ-ਨਾਲ ਹੋਇਆ ਸੀ। ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Coagulation (ਕੋਐਗਯੂਲੇਸ਼ਨ)

ਲਾਤੀਨੀ ਸ਼ਬਦ ਕਮ (cum) ਅਤੇ ਏਜਰੀ (agere), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਨਾਲੋਂ-ਨਾਲ' ਦੇ ਅਤੇ 'ਖਦੇੜਨ' ਦੇ। ਕਿਸੇ ਤਰਲ ਦੇ ਆਪਣੀ ਅੰਤਰੀਵੀ ਰਸਾਇਣਕ ਹਲਚਲ ਕਾਰਨ ਗਾਹੜਾ ਹੋ ਜਾਣ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਇਸੇ ਪ੍ਰਕ੍ਰਿਆ ਕਾਰਨ ਘਾਓ ਚੋਂ ਵਗਦਾ ਲਹੂ ਜੰਮ ਜਾਂਦਾ ਹੈ।

Coccyx (ਕਾਕਸਿਕਸ)

ਯੂਨਾਨੀ ਸ਼ਬਦ ਕਾਕਿਕਸ (kokkyx) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕੋਇਲ' ਦੇ। ਬਣਮਾਨਸ ਅਤੇ ਮਨੁੱਖ ਦੇ ਪੂਛ ਨਹੀਂ ਹੁੰਦੀ, ਜਿਸ ਦੀ ਥਾਂ ਇਕ ਨੁਕੀਲੀ ਤਿਕੋਨੀ ਹੱਡੀ ਨੇ ਲੈ ਲਈ ਹੈ। ਕੋਇਲ ਦੀ ਚੁੰਜ ਜਿਹੀ ਇਸੇ ਹੱਡੀ ਦਾ ਉਪਰੋਕਤ ਨਾਮ ਹੈ।

Cochlea (ਕਾਕਲੱਐ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ ਕਾਕਲਿਅਸ (kochlias) ਹੈ, ਜਿਸ ਦੇ ਅਰਥ ਹਨ 'ਘੋਗੇ' ਦੇ। ਘੋਗੇ ਦੇ ਵਲੇਂਵੇਂਦਾਰ ਖੋਲ ਵਾਂਗ ਕੁੰਡਲਾਂ 'ਚ ਗ੍ਰਸੀ ਪਸ਼ੂਆਂ ਦੀ ਕੰਨ ਅੰਦਰਲੀ ਖੋੜ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Cocoon (ਕੋਕੂਨ)

ਇਹ ਫ੍ਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਕੋਏ' ਦੇ। ਭੰਵਟਾਂ-ਤਿੱਤਲੀਆਂ ਅਤੇ ਕਈ ਹੋਰ ਕੀਟਾਂ ਦੇ ਲਾਰਵੇ, ਪਿਊਪੇ 'ਚ ਵਟਣ ਲੱਗਿਆਂ, ਆਪਣੇ ਦੁਆਲੇ ਰੇਸ਼ਮੀ ਤਾਰਾਂ ਦਾ ਇਕ ਸੁਰੱਖਿਅਕ ਕਵਚ ਉਣ ਲੈਂਦੇ ਹਨ, ਜਿਸ ਨੂੰ ਕੋਕੂਨ ਸੱਦਿਆ ਜਾਂਦਾ ਹੈ। ਕਾਕਰੋਚ ਦੇ ਤੇ ਗੰਡੋਏ ਦੇ ਆਂਡੇ ਜਿਸ ਗਿਲਾਫ਼ 'ਚ ਲਿਪਟੇ ਹੁੰਦੇ ਹਨ, ਉਸ ਲਈ ਵੀ ਕੋਕੂਨ ਦਾ ਨਾਮ ਹੀ ਵਰਤਿਆ ਜਾਂਦਾ ਹੈ।

COD (ਸੀ ਓ ਡੀ)

ਸੰਕੇਤ ਵਜੋਂ ਵਰਤੇ ਜਾਂਦੇ ਅੰਗਰੇਜ਼ੀ ਵਰਣਮਾਲਾ ਦੇ ਇਨ੍ਹਾਂ ਤਿੰਨਾਂ ਅੱਖਰਾਂ ਦਾ ਵਿਸਥਾਰ ਹੈ, ਕੈਮਿਕਲ ਆਕਸੀਜਨ ਡਿਮਾਂਡ (chemical oxygen demand) ਅਤੇ ਜਿਸ ਦੇ ਅਰਥ ਬਣਦੇ ਹਨ: ਜਲ ਵਿਖੇ ਸਮਾਏ ਰਸਾਇਣਕ ਫੂਹੜ ਦੇ ਆਕਸੀਕਰਣ ਲਈ ਆਕਸੀਜਨ ਦੀ ਲੋੜੀਂਦੀ ਮਾਤਰਾ। ਇਸੇ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Codon (ਕੋਡੌਨ)

ਇਸ ਪਦ ਦਾ ਮੂਲ ਕੋਡ (code) ਸ਼ਬਦ

ਹੈ, ਜਿਸ ਦੇ ਅਰਥ ਹਨ 'ਸੰਕੇਤ ਭਾਸ਼ਾ' ਦੇ। ਮੈਸੈਂਜਰ ਆਰ ਐਨ ਏ (messenger RNA) ਉਪਰ ਨਿਊਕਲੱਅਟਾਈਡ ਇਕ ਕਤਾਰ 'ਚ ਜੁੜੇ ਹੁੰਦੇ ਹਨ। ਇਨ੍ਹਾਂ ਚੋਂ ਤਿੰਨ ਤਿੰਨ ਲਾਗਲੇ ਨਿਊਕਲੱਅਟਾਈਡ, ਪ੍ਰੋਟੀਨੀ ਅਣੂ ਅੰਦਰ ਐਮੀਨੋ-ਤੇਜ਼ਾਬਾਂ ਦੀ ਤਰਤੀਬ ਲਈ, ਇਕ ਇਕ ਐਮੀਨੋ ਤੇਜ਼ਾਬ ਦਾ ਸੰਕੇਤ ਬਣਦੇ ਹਨ। ਹਰ ਇਕ ਅਜਿਹੀ ਨਿਊਕਲੱਅਟਾਈਡੀ ਤਿਕੜੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Coelenterata (ਸੀਲੈਨਟ੍ਰੇਟਾ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਕੋਆਇਲਸ (koilos) ਅਤੇ ਐਨਟ੍ਰਾਨ (enteron) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਖੋਖਲੇਪਣ' ਦੇ ਜਾਂ 'ਥੋਥ' ਦੇ ਅਤੇ ਦੂਜੇ ਦੇ 'ਆਂਦਰਾਂ' ਦੇ। ਇਹ ਨਾਮ ਇਕ ਕਬੀਲੇ (phylum) ਦਾ ਹੈ, ਜਿਸ 'ਚ ਸ਼ਾਮਲ ਪ੍ਰਾਣੀਆਂ ਦੇ ਥੈਲੇ ਜਿਹੇ ਅੰਦਰੋਂ ਖੋਖਲੇ ਸਰੀਰ ਹਨ ਅਤੇ ਜਿਨ੍ਹਾਂ ਦੀ ਦੇਹ-ਖੋੜ (body-cavity) ਹੀ, ਇਨ੍ਹਾਂ ਦੀਆਂ ਆਂਦਰਾਂ ਹਨ। ਇਸ ਪ੍ਰਕਾਰ ਦੀ ਦੇਹ-ਖੋੜ ਨੂੰ ਸੀਲੈਨਟ੍ਰਾਨ (coetenteron) ਸੱਦਿਆ ਜਾਂਦਾ ਹੈ, ਜਿਸ ਦੇ ਆਧਾਰ ਤੇ ਹੀ ਕਬੀਲੇ ਦਾ ਉਪਰੋਕਤ ਨਾਮ ਪਿਆ। ਇਸ ਕਬੀਲੇ 'ਚ ਸ਼ਾਮਲ ਸਾਰੇ ਪ੍ਰਾਣੀ ਜਲਵਾਸੀ ਹਨ ਅਤੇ ਇਨ੍ਹਾਂ 'ਚ ਸ਼ਾਮਲ ਹਨ, ਹਾਇਡਰਾ, ਉਬੀਲੀਆ, ਜੈਲੀ-ਫਿਸ਼, ਕੋਰਲ, ਮੂੰਗੇ ਆਦਿ।

Coelentron (ਸੀਲੈਨਟ੍ਰਾਨ)

ਯੂਨਾਨੀ ਸ਼ਬਦ ਕੋਆਇਲਸ (koilos) ਅਤੇ ਐਨਟ੍ਰਾਨ (enteron) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਥੋਥ' ਦੇ ਅਤੇ 'ਆਂਦਰਾਂ' ਦੇ। ਉਸ ਦੇਹ-ਖੋੜ ਨੂੰ ਇਹ ਪਦ ਦਰਸਾਉਂਦਾ ਹੈ, ਜਿਹੜੀ ਆਂਦਰਾਂ, ਭਾਵ ਪਾਚਨ ਨਾਲੀ ਤੋਂ ਵੱਖ ਨਹੀਂ, ਜਿਵੇਂ ਕਿ ਹਾਇਡਰਾ ਜਾਂ ਜੈਲੀ-ਫਿੱਸ਼ ਵਿਖੇ।

Coelom (ਸੀਲੋਮ)

ਯੂਨਾਨੀ ਸ਼ਬਦ ਕੋਇਲੋਮਾ (koiloma) ਇਸ ਪਦਾ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਖੋਖਲੇਪਣ' ਦੇ ਜਾਂ 'ਥੋਥ' ਦੇ। ਪ੍ਰਾਣੀ-ਦੇਹ ਅੰਦਰੋਂ ਖੋਖਲੀ ਹੁੰਦੀ ਹੈ, ਜਿਸ ਦੇ ਠੀਕ ਵਿਚਕਾਰ ਪਾਚਨ ਨਾਲੀ ਮੂੰਹ ਤੋਂ ਗੁਦਾ-ਦੁਆਰ ਤਕ ਪਸਰੀ ਹੁੰਦੀ ਹੈ। ਪਾਚਨ ਨਾਲੀ ਬਾਹਰਲੇ ਅਤੇ ਸਰੀਰ ਦੀ ਬਾਹਰਲੀ ਪਰਤ ਅੰਦਰਲੇ ਖਾਲੀ ਸਥਾਨ ਦਾ ਉਪਰੋਕਤ ਨਾਮ ਹੈ, ਜਿਸ ਅੰਦਰ ਸਰੀਰਕ ਅੰਗ ਸਥਿਤ ਹੁੰਦੇ ਹਨ, ਭਾਵ ਦਿਲ, ਜਿਗਰ, ਗੁਰਦੇ, ਫੇਫੜੇ ਆਦਿ।

Coenosis (ਸੀਨੱਸਿਸ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ ਕੋਇਨੱਸ (koinos) ਹੈ, ਜਿਸ ਦੇ ਅਰਥ ਹਨ, 'ਮਿਲਵੇਂ' ਦੇ ਜਾਂ 'ਸਾਂਝੇ' ਦੇ। ਸਾਂਝ 'ਚ ਵਿਚਰਦੇ ਅਤੇ ਸਾਂਝੀਆਂ ਲੋੜਾਂ ਵਾਲੇ ਜੀਵਾਂ ਦੇ ਸਮੂਹ ਲਈ ਉਪਰੋਕਤ ਪਦ ਰਾਖਵਾਂ ਹੈ।

Co-enzyme (ਕੋ-ਐਨਜ਼ਾਈਮ)

ਐਨਜ਼ਾਈਮ ਦੇ ਅਗੇਤਰ ਜੁੜਿਆ ਕੋ ਲਾਤੀਨੀ ਸ਼ਬਦ ਕਮ (cum) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਨਾਲ' ਦੇ। ਐਨਜ਼ਾਈਮ ਪ੍ਰੋਟੀਨ ਹਨ, ਪਰ ਕਈ ਐਨਜ਼ਾਈਮ ਅਜਿਹੇ ਹਨ, ਜਿਨ੍ਹਾਂ ਦਾ ਕਾਰਜ ਗ਼ੈਰਪ੍ਰੋਟੀਨੀ ਅੰਸ਼ ਬਿਨਾਂ ਪੂਰਾ ਨਹੀਂ ਹੁੰਦਾ ਅਤੇ ਅਜਿਹੇ ਹੀ ਗ਼ੈਰਪ੍ਰੋਟੀਨੀ ਅੰਸ਼ ਲਈ ਉਪਰੋਕਤ ਪਦ ਰਾਖਵਾਂ ਹੈ। ਵਿਟਾਮਿਨ ਇਸੇ ਵਰਗ ਦੇ ਅਣੂ ਹਨ, ਜਿਨ੍ਹਾਂ ਨੂੰ ਇਸੇ ਲਈ ਸਹਿ-ਐਨਜ਼ਾਈਮ ਮੰਨਿਆ ਜਾਂਦਾ ਹੈ।

Cold blooded (ਕੋਲਡ ਬਲੱਡੱਡ)

ਇਸ ਪਦ ਦੇ ਸ਼ਾਬਦਕ ਅਰਥ ਤਾਂ 'ਠੰਢੇ ਲਹੂ' ਦੇ ਹਨ, ਪਰ ਜੀਵਾਂ ਦੇ ਪ੍ਰਸੰਗ 'ਚ ਇਸ ਦੇ ਹੋਰ ਅਰਥ ਹਨ। ਪੰਛੀਆਂ ਅਤੇ ਪਸ਼ੂਆਂ ਨੂੰ ਛੱਡਕੇ, ਹੋਰਨਾਂ ਪ੍ਰਾਣੀਆਂ ਦਾ ਸਰੀਰਕ ਤਾਪਮਾਨ ਆਲੇ ਦੁਆਲੇ

ਵਿਆਪਕ ਤਾਪਮਾਨ ਅਨੁਕੂਲ ਘਟਦਾ-ਵਧਦਾ ਰਹਿੰਦਾ ਹੈ ਅਤੇ ਇਸੇ ਦਸ਼ਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Coleoptera (ਕਾਲੇਂਆਪਟ੍ਰਾੱ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਕਾੱਲੇਂਅਸ (koleos), ਜਿਸ ਦੇ ਅਰਥ ਹਨ 'ਮਿਆਨ' ਦੇ ਅਤੇ ਦੂਜਾ ਪਟ੍ਰਾਨ (pteron), ਜਿਸ ਦੇ ਅਰਥ ਹਨ 'ਪਰ' ਦੇ। ਭੂੰਡ-ਭੂੰਡੀਆਂ ਦੇ ਅਗਲੇ ਪਰ ਕਰੜੇ ਤੇ ਸਖ਼ਤ ਹੁੰਦੇ ਹਨ ਅਤੇ ਇਹ ਧੜ ਉਪਰ ਵਿਛੇ ਹੋਏ ਇਸ ਨੂੰ ਸੁਰੱਖਿਅਕ ਕੱਜੀ ਰਖਦੇ ਹਨ। ਇਨ੍ਹਾਂ ਕੀਟਾਂ ਦੇ ਵਰਗ (order) ਦਾ ਹੀ ਉਪਰੋਕਤ ਨਾਮ ਹੈ।

Coliform bacteria (ਕਾਲਿਫ਼ਾਰਮ ਬੈਕਟਿਰੀਆ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਯੂਨਾਨੀ ਸ਼ਬਦ ਕੋਲਨ (kolon) ਹੈ, ਜਿਸ ਦੇ ਅਰਥ ਹਨ 'ਵੱਡੀ ਆਂਦਰ' ਦੇ। ਜਿਹੜੇ ਬੈਕਟੀਰੀਆ (ਕੀਟਾਣੂ) ਕੋਲਨ (colon), ਭਾਵ ਵੱਡੀ ਆਂਦਰ 'ਚ ਸਥਾਈ ਨਿਵਾਸ ਕਰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ। ਇਨ੍ਹਾਂ ਦੀ ਹੋਂਦ ਸਰੀਰ ਲਈ ਹਾਨੀਕਾਰਕ ਨਹੀਂ, ਸਗੋਂ ਇਸ ਲਈ ਲਾਭਦਾਇਕ ਹੁੰਦੀ ਹੈ, ਕਿਉਂਕਿ ਇਹ ਵਿਟਾਮਿਨਾਂ ਦਾ ਨਿਰਮਾਣ ਵੀ ਕਰਦੇ ਹਨ।

Collagen (ਕਾਲੈਜਨ)

ਯੂਨਾਨੀ ਸ਼ਬਦ ਕਾਲੱਅ (kolla) ਅਤੇ ਜਿਨੱਸ (genos) ਇਸ ਪਦ ਦਾ ਮੂਲ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਗੂੰਦ' ਦੇ ਅਤੇ 'ਉਪਜ' ਦੇ। ਰੀੜ੍ਹਧਾਰੀ ਪ੍ਰਾਣੀਆਂ ਅੰਦਰਲੀ ਪ੍ਰੋਟੀਨੀ ਸੁਭਾਅ ਦੀ ਰੇਸ਼ੇਦਾਰ ਬੁਣਤ ਦਾ ਇਹ ਨਾਮ ਹੈ, ਜਿਹੜੀ ਸਖ਼ਤ ਅਤੇ ਮਜ਼ਬੂਤ ਹੈ ਅਤੇ ਜਿਸ ਦਾ ਕਾਰਜ ਹੋਰਨਾਂ ਬੁਣਤਾਂ ਨੂੰ ਇਕ ਦੂਜੀ ਨਾਲ ਜਕੜੀ ਰੱਖਣਾ ਹੈ। ਮਾਸਪੇਸ਼ੀਆਂ ਨੂੰ ਹੱਡੀਆਂ ਨਾਲ ਜੋੜਦੇ ਟੈਂਡਨ (tendon) ਤਾਂ ਨਿਰੋਲ ਕਾਲੈਜਨ ਹਨ, ਜਦ ਕਿ ਹੱਡੀਆਂ ਦੀ ਅਤੇ ਚਮੜੀ ਦੀ ਬਣਤਰ ਦਾ ਇਹ ਬੁਣਤ ਮੂਲ ਆਧਾਰ ਹੈ।

Colon (ਕੋਲਨ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵੱਡੀ ਆਂਦਰ' ਦੇ। ਪਰ ਇਹ ਨਾਮ ਵੱਡੀ ਆਂਦਰ ਦੇ ਪਹਿਲੇ ਭਾਗ ਦਾ ਹੈ, ਜਿਸ ਅੰਦਰ ਅਣਪਚੀ ਖ਼ੁਰਾਕ ਦਾ ਫ਼ੂਹੜ, ਹੋਰ ਅਗਾਂਹ ਜਾਣ ਤੋਂ ਪਹਿਲਾਂ, ਇਕੱਤਰ ਹੁੰਦਾ ਰਹਿੰਦਾ ਹੈ। ਕੋਲਨ 'ਚ ਵਿਚਰਦੇ ਕੀਟਾਣੂ ਇਸ ਫ਼ੂਹੜ ਚੋਂ ਆਪਣੇ ਲਈ ਉਪਯੋਗੀ ਪਦਾਰਥ ਉਪਜਾਉਂਦੇ ਰਹਿੰਦੇ ਹਨ, ਜਿਨ੍ਹਾਂ 'ਚ ਵਿਟਾਮਿਨ ਵੀ ਸ਼ਾਮਲ ਹਨ, ਜਿਹੜੇ ਕਿ ਸਰੀਰ ਦੇ ਕੰਮ ਆਉਂਦੇ ਰਹਿੰਦੇ ਹਨ, ਜਿਵੇਂ ਕਿ ਵਿਟਾਮਿਨ ਬੀ, ਵਿਟਾਮਿਨ ਕੇ ਆਦਿ।

Colony (ਕਾੱਲੱਨਿ)

ਲਾਤੀਨੀ ਸ਼ਬਦ ਕਾਲੱਨਿਆ (colonia) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ, 'ਫ਼ਾਰਮ (ਕਾਸ਼ਤੀ ਭੂਮੀ)' ਦੇ। ਇਕੋ ਥਾਵੇਂ ਵਿਚਰਦੇ ਹੋਏ ਅਤੇ ਇਕ ਦੂਜੇ ਉਪਰ ਨਿਰਭਰ ਜੀਵਨ ਬਿਤਾਉਂਦੇ ਜੀਵਾਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਕਈ ਪ੍ਰਕਾਰ ਦੇ ਕੀਟ ਅਤੇ ਕੀਟਾਣੂ ਇਸੇ ਪ੍ਰਕਾਰ ਦਾ ਜੀਵਨ ਭੋਗਦੇ ਹਨ।

Colostrum (ਕਾੱਲਾੱਸਟ੍ਰੱਮ)

ਇਹ ਲਾਤੀਨੀ ਸ਼ਬਦ ਹੈ, ਜਿਹੜਾ ਉਸ 'ਦੁੱਧ' ਲਈ ਵਰਤਿਆ ਜਾਂਦਾ ਹੈ, ਜਿਹੜਾ ਬੱਚੇ ਦੇ ਜਨਮ ਉਪਰੰਤ ਮਾਂ ਦਾ ਹੁੰਦਾ ਹੈ ਅਤੇ ਜਿਹੜਾ ਮਾਂ ਦੇ ਪਿਛੋਂ ਚੁੰਘਾਉਣ ਵਾਲੇ ਦੁੱਧ ਨਾਲੋਂ ਫ਼ਰਕ ਵਾਲਾ ਹੁੰਦਾ ਹੈ, ਇਸ ਲਈ ਕਿਉਂਕਿ ਇਹ ਰੋਗ-ਵਿਰੋਧੀ ਅਣੂਆਂ (antibodies) 'ਚ ਸਮ੍ਰਿਧ ਹੁੰਦਾ ਹੈ। ਵਿਸ਼ੇਸ਼ ਐਨਜ਼ਾਈਮ ਵੀ ਇਸ ਦੁੱਧ ਅੰਦਰ ਹੁੰਦੇ ਹਨ,

ਜਿਹੜੇ ਨਵਜੀਵ ਦੀ ਮਿਊਕਸ ਕਾਰਨ ਬੰਦ ਹੋਈ ਪਾਚਨ ਨਾਲੀ ਨੂੰ ਖੋਲ੍ਹ ਦਿੰਦੇ ਹਨ।

Colour blindness (ਕਲਰ ਬਲਾਇੰਡਨਸ)

ਅੱਖ ਦੀ ਰੰਗਾਂ ਬਾਰੇ ਅਪੂਰਣ ਸੋਝੀ ਨੂੰ ਇਹ ਪਦ ਦਰਸਾਉਂਦਾ ਹੈ। ਇਹ ਜੀਨ ਆਧਾਰਿਤ ਰੋਗ ਹੈ, ਜਿਹੜਾ ਮਾਂ ਵੱਲੋਂ ਕੇਵਲ ਮੁੰਡਿਆਂ ਨੂੰ ਵਿਰਸੇ 'ਚ ਮਿਲਦਾ ਹੈ, ਕਿਉਂਕਿ ਇਸ ਲਈ ਜ਼ਿੰਮੇਵਾਰ ਜੀਨ ਐਕਸ ਕ੍ਰੋਮੋਸੋਮ ਦਾ ਭਾਗ ਹੁੰਦਾ ਹੈ।

Columbiformes (ਕਾਲੱਮਬਿਫਾਰਮੀਜ਼)

ਲਾਤੀਨੀ ਸ਼ਬਦ ਕਾਲੱਮਬ (columb) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਘੁੱਗੀ' ਦੇ। ਘੁੱਗੀਆਂ-ਕਬੂਤਰਾਂ ਦੇ ਵਰਗ (order) ਦਾ ਉਪਰੋਕਤ ਨਾਮ ਹੈ, ਜਿਸ 'ਚ ਮੁਰੇਸ਼ੀਅਸ 'ਚ 200 ਵਰ੍ਹੇ ਪਹਿਲਾਂ ਰਹਿਣ ਵਾਲਾ ਡੋਡੋ ਪੰਛੀ ਵੀ ਸ਼ਾਮਲ ਹੈ, ਜਿਹੜਾ ਨਿਰੋਲ ਮਨੁੱਖ ਦਾ ਸ਼ਿਕਾਰ ਹੋਣ ਕਰਕੇ ਲੁਪਤ ਹੋਇਆ।

Columnar (ਕਾਲੱਮਨੈਰ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਕਾਲਮਨਾੱ (columna) ਹੈ, ਜਿਸ ਦੇ ਅਰਥ ਹਨ 'ਥੰਮ੍ਹੀ' ਦੇ। ਤਕਲੇ ਜਿਹੇ ਲੰਮੂਤਰੀ ਨੁਹਾਰ ਵਾਲੇ ਸੈੱਲਾਂ ਲਈ ਅਤੇ ਇਨ੍ਹਾਂ ਦੁਆਰਾ ਉਸਰੀ ਬੁਣਤ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Commensalism (ਕਾੱਮੈਨਸੈਲਿਜ਼ਮ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਕਮ (cum), ਜਿਸ ਦੇ ਅਰਥ ਹਨ 'ਨਾਲ' ਦੇ ਅਤੇ ਦੂਜਾ ਮੈਨਸਾੱ (mensa), ਜਿਸ ਦੇ ਅਰਥ ਹਨ 'ਮੇਜ਼' ਦੇ। ਖਾਣ-ਮੇਜ਼ ਦੁਆਲੇ ਖਾਣ-ਪੀਣ ਦੀ ਬਣੀ ਸਾਂਝ ਵਾਂਗ ਹੀ ਦੋ ਜੀਵਾਂ ਵਿਚਕਾਰ ਉਪਜੀ ਭਾਈਵਾਲਤਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਮੇਜ਼ ਦੁਆਲੇ ਬੈਠੇ ਦੋ ਵਿਅਕਤੀਆਂ ਵਾਂਗ, ਜੀਵਾਂ ਦੀ ਇਹ ਭਾਈਵਾਲਤਾ ਵੀ ਖਾਣ-ਪੀਣ ਤਕ ਹੀ ਸੀਮਤ ਰਹਿੰਦੀ ਹੈ।

Commiscum (ਕਾਮਿਸਕੱਮ)

ਇਕ ਨਸਲ ਦੇ ਜੀਵਾਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਪ੍ਰਸਪਰ ਸੰਭੋਗੀ ਸਬੰਧ ਹੋਣ ਕਰਕੇ, ਇਨ੍ਹਾਂ ਦੇ ਜੀਨਾਂ ਦਾ ਆਪਸ 'ਚ ਵਟਾਂਦਰਾ ਹੁੰਦਾ ਰਹਿੰਦਾ ਹੈ। ਭਾਰਤੀ ਸਮਾਜ ਦੇ ਉਸ ਵਰਣ ਲਈ ਵੀ ਇਹੋ ਪਦ ਵਰਤਿਆ ਜਾ ਸਕਦਾ ਹੈ, ਜਿਸ 'ਚ ਆਪਸ 'ਚ ਹੀ ਵਿਆਹ ਕਰਨ ਦੀ ਰੀਤ ਹੈ, ਵਰਣ ਦੀ ਹੱਦ ਨੂੰ ਪਾਰ ਕਰਕੇ ਨਹੀਂ।

Commissure (ਕਾੱਮਿਸ਼ਯੂਰ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਬਖੀਏ' ਦੇ। ਨਸ ਪ੍ਰਣਾਲੀ ਦੇ ਅਨੁਰੂਪਕ ਨਸ-ਕੇਂਦਰਾਂ (ਗੈਂਗਲਿਆ) ਨੂੰ ਇਕ ਦੂਜੇ ਨਾਲ ਜੋੜਦੇ ਨਸ-ਰੇਸ਼ਿਆਂ ਲਈ ਇਹ ਪਦ ਵਰਤਿਆ ਜਾਂਦਾ ਹੈ।

Community (ਕਮਯੂਨਿਟਿ)

ਇਕ ਖੇਤਰ 'ਚ ਵਿਚਰਦੇ ਅਤੇ ਇਕ ਦੂਜੇ ਉਪਰ ਨਿਰਭਰ, ਬਹੁਪਖੀ ਭਾਈਵਾਲਤਾ ਵਾਲਾ ਜੀਵਨ ਭੋਗਦੇ ਜੀਵਾਂ ਦੇ ਸਮੂਹ ਲਈ ਇਹ ਪਦ ਰਾਖਵਾਂ ਹੈ। ਬਰਾਦਰੀ, ਸ਼ਰੀਕਾ, ਭਾਈਚਾਰਾ ਇਸੇ ਪਦ ਦੇ ਅਨੁਰੂਪ ਸ਼ਬਦ ਹਨ।

Condyl (ਕਾਨਡਾਇਲ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਕਾਨਡਿਲੱਸ (kondylos) ਹੈ, ਜਿਸ ਦੇ ਅਰਥ ਹਨ 'ਉਂਗਲ ਦੀ ਗੰਢ' ਦੇ। ਇਕ ਹੱਡੀ ਦੇ ਗੋਲ ਸਿਰੇ ਵਾਲੇ ਉਭਾਰ ਨੂੰ ਇਹ ਪਦ ਦਰਸਾਉਂਦਾ ਹੈ, ਜਿਹੜਾ, ਜੋੜ ਵਾਲੇ ਸਥਾਨ ਤੇ, ਲਾਗਲੀ ਹੱਡੀ ਦੀ ਡੂੰਘ ਅੰਦਰ ਫਿੱਟ ਹੋਇਆ ਹੁੰਦਾ ਹੈ।

Connective (ਕਨੈੱਕਟਿਵ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ

ਕਨੇੱਕਟਰਿ (connectere) ਹੈ, ਜਿਸ ਦੇ ਅਰਥ ਹਨ 'ਜੋੜਨ' ਦੇ। ਪ੍ਰਾਣੀ ਸਰੀਰ ਅੰਦਰਲੇ ਉਨ੍ਹਾਂ ਨਸ-ਕੇਂਦਰਾਂ (ਗੈਂਗਲਿਆ) ਨੂੰ ਇਕ ਦੂਜੇ ਨਾਲ ਜੋੜਦੇ ਨਸ-ਰੇਸ਼ਿਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਕਿ ਅਨੁਰੂਪਕ ਨਹੀਂ ਹੁੰਦੇ।

Connective tissue (ਕਨੈੱਕਟਿਵ ਟਿਸ਼ੂ)

ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਕਨੇੱਕਟਰਿ (connectere) ਹੈ, ਜਿਸ ਦੇ ਅਰਥ ਹਨ 'ਜੋੜਨ' ਦੇ। ਉਪਰੋਕਤ ਪਦ ਸੰਯੋਜਕ ਟਿੱਸ਼ੂ ਲਈ ਵਰਤਿਆ ਜਾਂਦਾ ਹੈ, ਜਿਹੜਾ ਕਿ ਪ੍ਰਾਣੀ ਸਰੀਰ ਅੰਦਰਲੇ ਸੈੱਲਾਂ ਵਿਚਕਾਰਲੇ ਖਾਲੀ ਸਥਾਨਾਂ 'ਚ ਵਿਛਿਆ ਹੋਇਆ ਹੈ। ਇਸ ਬੁਣਤ ਦਾ ਲੇਸਲਾ ਮਾਧਿਅਮ ਹੈ, ਜਿਸ 'ਚ ਸੈੱਲਾਂ ਅਤੇ ਰੇਸ਼ਿਆਂ ਦਾ ਮੋਕਲਾ ਖਿਲਾਰ ਹੁੰਦਾ ਹੈ ਅਤੇ ਜਿਸ ਵਿਚ ਹੀ ਸਰੀਰ ਅੰਦਰਲੀ ਅਣਵਰਤੀ ਚਰਬੀ ਸਿਮਟੀ ਹੋਈ ਹੁੰਦੀ ਹੈ।

Conservation (ਕਨਸਰਵੇਸ਼ਨ)

ਇਸ ਪਦ ਦੇ ਅਰਥ ਹਨ 'ਉਚਿਤ ਸੰਭਾਲ' ਦੇ। ਵਣਾਂ ਦੀ ਅਤੇ ਹੋਰਨਾਂ ਕੁਦਰਤੀ ਸ੍ਰੋਤਾਂ ਦੀ ਇਸ ਢੰਗ ਨਾਲ ਕੀਤੀ ਜਾ ਰਹੀ ਸੰਭਾਲ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਕਿ ਇਹ ਵਰਤੋਂ 'ਚ ਆਉਂਦੇ ਹੋਏ ਵੀ ਥੁੜਦੇ ਨਹੀਂ।

Constant species (ਕਾਨਸਟੰਟ ਸਪੀਸ਼ੀਜ਼)

ਸਪੀਸ਼ੀਜ਼ ਦੇ ਮੁਹਰੈਲ ਵਜੋਂ ਵਰਤੇ ਜਾਂਦੇ ਪਦ ਦੇ ਅਰਥ ਹਨ 'ਅਡੋਲ' ਦੇ ਜਾਂ 'ਸਥਿਰ' ਦੇ। ਇਕ ਖੇਤਰ 'ਚੋਂ ਇਕੱਤਰ ਕੀਤੇ 90 ਪ੍ਰਤੀਸ਼ਤ ਤੋਂ ਵੀ ਉਪਰ ਸੈਂਪਲਾਂ ਚੋਂ ਜੇਕਰ ਹਰ ਇਕ 'ਚ ਇਕ ਜੀਵ-ਨਸਲ ਜ਼ਰੂਰ ਮਿਲੇ, ਤਦ ਅਜਿਹੀ ਜੀਵ-ਨਸਲ ਦੇ ਸਥਿਰ ਪਸਾਰ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Contact insecticide (ਕਾਨਟੈਕਟ ਇਨਸੈੱਕਟਿਸਾਇਡ)

ਇਨਸੈੱਕਟਿਸਾਇਡ ਦੇ ਅਰਥ ਹਨ 'ਕੀਟਨਾਸ਼ਕ' ਦੇ ਅਤੇ ਇਸ ਦੇ ਮੁਹਰੈਲ ਵਜੋਂ ਵਰਤੇ ਜਾ ਰਹੇ ਕਾਨਟੈਕਟ ਸ਼ਬਦ ਦੇ ਅਰਥ ਹਨ 'ਛੋਹ' ਦੇ ਜਾਂ 'ਸਪਰਸ਼' ਦੇ। ਕੀਟ ਉਪਰ ਜਿਸ ਕੀਟਨਾਸ਼ਕ ਦਾ ਮਾਰੂ ਪ੍ਰਭਾਵ ਸਪਰਸ਼ ਜਾਂ ਛੋਹ ਨਾਲ ਪਵੇ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਸ ਪ੍ਰਕਾਰ ਦੇ ਕੀਟਨਾਸ਼ਕ ਦਾ ਸਰੀਰ ਅੰਦਰ ਪ੍ਰਵੇਸ਼ ਕੀਟ ਦਿਆਂ ਸ੍ਵਾਸ-ਦੁਆਰਾਂ ਰਾਹੀਂ ਹੋ ਜਾਂਦਾ ਹੈ, ਕੀਟ ਭਾਵੇਂ ਇਸ ਨੂੰ ਨਾ ਵੀ ਚੱਖੇ।

Contamination (ਕਨਟੈਮਿਨੇਸ਼ਨ)

ਇਸ ਪਦ ਦੇ ਅਰਥ ਹਨ 'ਮਲੀਨਤਾ' ਦੇ ਜਾਂ 'ਭਿੱਟ' ਦੇ। ਪਦਾਰਥ ਜਾਂ ਜਲ ਜੇਕਰ ਰੋਗਾਣੂਆਂ ਜਾਂ ਵਿਹੁਲੇ ਪਦਾਰਥਾਂ ਨਾਲ ਭਿਟੇ ਜਾਣ, ਤਦ ਇਸ ਸਥਿਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Contractile vacuole (ਕਨਟ੍ਰੈਕਟਾਇਲ ਵੈਕਿਓਲ)

ਇਸ ਪਦ ਦਾ ਪਹਿਲਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਸੁੰਗੜਨਸ਼ੀਲ' ਦੇ ਅਤੇ ਦੂਸਰਾ ਭਾਗ ਲਾਤੀਨੀ ਸ਼ਬਦ ਵੈੱਕਸ (vacuus) ਦੀ ਦੇਣ ਹੈ, ਜਿਸ ਦੇ ਅਰਥ ਹਨ 'ਸੱਖਣੇਪਣ' ਦੇ, ਜਿਸ ਦਾ ਪ੍ਰਤੀਕ 'ਬੁਲਬੁਲਾ' ਹੈ। ਇਕ ਸੈੱਲ ਦੀ ਦੇਹ ਵਾਲੇ ਪ੍ਰਾਣੀਆਂ ਦੀ ਬੁਲਬੁਲੇ ਜਿਹੀ ਇਕ ਇੰਦਰੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਹ ਪ੍ਰਾਣੀ ਸੱਜਰੇ ਪਾਣੀਆਂ'ਚ ਵਿਚਰਦੇ ਹਨ ਅਤੇ ਇਨ੍ਹਾਂ ਅੰਦਰ, ਪਰਾਸਰਣ (osmosis) ਦੁਆਰਾ, ਜਲ ਦਾ ਬੇਲੋੜਾ ਪ੍ਰਵੇਸ਼ ਹੁੰਦਾ ਰਹਿੰਦਾ ਹੈ। ਇਹ ਇੰਦਰੀ, ਪਾਣੀ ਦੇ ਦੇਹ-ਸੈੱਲ ਅੰਦਰ ਇਕੱਠਾ ਹੋ ਜਾਣ ਕਾਰਨ ਫੈਲ

ਜਾਂਦੀ ਹੈ ਅਤੇ ਫਿਰ ਯਕਦਮ ਸੁੰਗੜ ਕੇ ਇਹ ਪਾਣੀ ਨੂੰ ਬਾਹਰ ਕੱਢ ਛੱਡਦੀ ਹੈ।

Convergent evolution (ਕਨਵਰਜੰਟ ਏਵੱਲਯੂਸ਼ਨ)

ਇਸ ਪਦ ਦਾ ਪਹਿਲਾ ਭਾਗ ਸਾਧਾਰਨ ਵਰਤੋਂ 'ਚ ਆਉਣ ਵਾਲਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਸਿਮਟਣ' ਦੇ; ਜਦ ਕਿ ਪਦ ਦੇ ਦੂਜੇ ਭਾਗ ਨੂੰ 'ਵਿਕਾਸ' ਸ਼ਬਦ ਦਰਸਾਉਂਦਾ ਹੈ। ਜੀਵਨ ਦਾ ਵਿਕਾਸ ਆਮ ਤੌਰ 'ਤੇ ਇਕ ਨੁਕਤੇ ਤੋਂ ਆਲੇ-ਦੁਆਲੇ ਪਸਰਵਾਂ ਹੁੰਦਾ ਹੈ, ਭਾਵ ਇਕ ਨਸਲ ਦਾ, ਕਈ ਨਸਲਾਂ 'ਚ ਵਟ ਕੇ, ਆਲੇ-ਦੁਆਲੇ ਦੂਰ ਦੂਰ ਖਿੰਡ ਜਾਣਾ। ਪਰ ਜਦ ਵਖਰੀਆਂ ਜੀਵ ਨਸਲਾਂ ਇਕ ਦੁਆਲੇ 'ਚ ਵਿਚਰਨ ਲਗਦੀਆਂ ਹਨ ਤਦ ਇਹ ਵਿਕਸਿਤ ਹੁੰਦੀਆਂ ਹੋਈਆਂ, ਬਾਹਰੋਂ ਇਕ ਦੂਜੀ ਜਿਹੀਆਂ ਲਗਣ ਲਗ ਜਾਂਦੀਆਂ ਹਨ। ਵਿਕਾਸ ਦੀ ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦੀਆਂ ਉਦਾਹਰਣਾਂ ਹਨ ਵ੍ਹੇਲ ਮੱਛੀ ਅਤੇ ਚਮਗਿਦੜ। ਵ੍ਹੇਲ ਮੱਛੀ ਹੈ ਤਾਂ ਪਸ਼ੂ, ਪਰ ਪਾਣੀ 'ਚ ਰਹਿਣ ਕਰਕੇ ਇਸ ਦੀ ਨੁਹਾਰ ਮੱਛੀ ਜਿਹੀ ਹੈ ਅਤੇ ਚਮਗਿਦੜ ਵੀ ਪਸ਼ੂ ਹੀ ਹੈ, ਪਰ ਹਵਾ 'ਚ ਉਡਣ ਕਰਕੇ ਇਹ ਪੰਛੀ ਜਿਹਾ ਲਗਦਾ ਹੈ।

Coral (ਕੱਾਰਲ)

ਯੂਨਾਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਮੂੰਗੇ' ਦੇ। ਮੂੰਗੇ ਕੁਝ ਸਿਲੇੱਨਟ੍ਰੇਟ (coelenterate) ਪ੍ਰਾਣੀਆਂ ਦੇ ਬਹੁਰੰਗੇ ਅਤੇ ਬਹੁਭਾਂਤੀ ਨੁਹਾਰ ਵਾਲੇ ਬਾਹਰੀ ਪਿੰਜਰ ਹੁੰਦੇ ਹਨ।

Corm (ਕੱਾਰਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਕੱਰਮੱਸ (kormos) ਹੈ, ਜਿਸ ਦੇ ਅਰਥ ਹਨ 'ਮੁੱਢ' ਦੇ ਜਾਂ 'ਗੰਢ' ਦੇ। ਬੂਟਿਆਂ ਦੇ ਤਣੇ ਦੀ ਭੂਮੀ ਹੇਠਲੀ ਗੰਢ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਵੇਂ ਕਿ 'ਹਲਦੀ ਦੀ ਗੰਢ' ਲਈ।

Cornea (ਕਾਰਨਿਆ)

ਲਾਤੀਨੀ ਸ਼ਬਦ ਕਾਰਨਿਅਸ (corneus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕਰੜੇਪਣ' ਦੇ ਜਾਂ ਸਖ਼ਤ ਦੇ। ਅੱਖ ਦੁਆਲੇ ਮੜ੍ਹੀ ਹੋਈ ਪਰਤ ਦੇ ਅਗਲੇ ਪਾਰਦਰਸ਼ੀ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੇ ਠੀਕ ਪਿਛਾਂਹ ਅੱਖ ਦੀ ਪੁਤਲੀ ਅਤੇ ਲੈਂਜ਼ ਸਥਿਤ ਹਨ।

Coronary artery (ਕਾਰਾਨਰਿ ਆਰਟ੍ਰਿ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ ਕਾਰੱਨਆ (corona) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਮੁਕਟ' ਦੇ ਜਾਂ 'ਤਾਜ' ਦੇ। ਪਦ ਦਾ ਦੂਜਾ ਭਾਗ 'ਲਹੂ-ਵਹਿਣੀ' ਲਈ ਵਰਤਿਆ ਜਾਂਦਾ ਸ਼ਬਦ ਹੈ। ਸਰੀਰ ਦੇ ਪ੍ਰਮੁੱਖ ਅੰਗ, ਦਿਲ ਦੀਆਂ ਮਾਸਪੇਸ਼ੀਆਂ ਨੂੰ ਸ਼ੁੱਧ ਲਹੂ ਨਾਲ ਸੰਚਾਰਦੀ ਲਹੂ-ਵਹਿਣੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Corpora allata (ਕਾਰਪੱਰਅ ਐਲੈਟਅ)

ਦੋ ਲਾਤੀਨੀ ਸ਼ਬਦ ਕਾਰਪਸ (corpus) ਅਤੇ ਐਲੈਟਮ (allatum) ਇਸ ਪਦ ਦਾ ਆਧਾਰ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਸਰੀਰ' ਦੇ ਜਾਂ 'ਦੇਹ' ਦੇ ਅਤੇ 'ਸਹਾਇਕ' ਦੇ। ਕੀਟਾਂ ਦੇ ਸਿਰ ਅੰਦਰਲੇ ਗ੍ਰੰਥੀਆਂ ਦੇ ਉਸ ਜੋੜੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਚੋਂ ਅਜਿਹੇ ਹਾਰਮੋਨੀ ਰਸ ਰਿਸਦੇ ਰਹਿੰਦੇ ਹਨ, ਜਿਹੜੇ ਕੀਟਾਂ ਦੀ ਕਾਇਆ-ਕਲਪ ਦਾ ਆਧਾਰ ਬਣਦੇ ਹਨ।

Corpus luteum (ਕਾਰਪਸ ਲਯੂਟਿਅਮ)

ਇਸ ਪਦ ਅੰਦਰਲੇ ਦੋਵੇਂ ਸ਼ਬਦ ਲਾਤੀਨੀ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੇਹ' ਦੇ ਅਤੇ 'ਸਤਰੰਗੀ ਪੀਂਘ' ਦੇ। ਅੰਡਕੋਸ਼ ਅੰਦਰਲੀ ਉਸ ਅਸਥਾਈ ਗ੍ਰੰਥੀ ਦਾ ਇਹ ਨਾਮ ਹੈ, ਜਿਹੜੀ ਅੰਡੇ

ਦੀ ਉਪਜ ਦੇ ਨਾਲ ਉਪਜਦੀ ਹੈ ਅਤੇ ਜੇਕਰ ਗਰਭ ਨਾ ਰੁਕੇ, ਤਦ ਇਹ ਆਪਣੇ-ਆਪ ਝੱੜ ਕੇ ਨਸ਼ਟ ਹੋ ਜਾਂਦੀ ਹੈ।

Cortex (ਕਾਰਟੈਕਸ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਤਣੇ ਉਪਰਲੀ ਛਾਲ' ਦੇ ਜਾਂ 'ਸੱਕ' ਦੇ। ਕਿਸੇ ਵੀ ਅੰਗ ਦੀ ਉਪਰਲੀ, ਬਾਹਰਲੀ ਪਰਤ ਲਈ ਇਹ ਪਦ ਵਰਤਿਆ ਜਾ ਸਕਦਾ ਹੈ।

Corvidae (ਕੋਰਵਿਡੀ)

ਕਾਵਾਂ ਤੇ ਗੁਟਾਰਾਂ ਦੇ ਪੰਛੀ-ਕੁਟੰਬ (family) ਦਾ ਇਹ ਨਾਮ ਹੈ।

Cranium (ਕਰੇਨਿਅਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਕਪਾਲ' ਦੇ। ਪ੍ਰਾਣੀਆਂ ਦੀ ਖੋਪੜੀ ਜਾਂ ਕਪਾਲ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਅੰਦਰ ਦਿਮਾਗ਼ ਸੁਰੱਖਿਅਤ ਸਥਿਤ ਹੈ।

Cretaceous (ਕ੍ਰਿਟੇਸ਼ਿਅਸ਼)

ਇਸ ਪਦ ਦਾ ਮੁਖ ਆਧਾਰ ਲਾਤੀਨੀ ਸ਼ਬਦ ਕ੍ਰਿਟਾ (creta) ਹੈ, ਜਿਸ ਦੇ ਅਰਥ ਹਨ 'ਚੂਨੇ' ਦੇ। ਉਪਰੋਕਤ ਪਦ ਮਿਜ਼ੁਜ਼ੁਇਕ (mesozoic) ਦੌਰ ਦੇ ਛੇਕੜਲੇ ਯੁਗ ਦਾ ਨਾਮ ਹੈ, ਜਿਹੜਾ ਅੱਜ ਤੋਂ 13.5 ਕ੍ਰੋੜ ਵਰ੍ਹੇ ਪਹਿਲਾਂ ਆਰੰਭ ਹੋਇਆ ਸੀ ਅਤੇ ਜਿਸ ਦਾ ਅੰਤ ਅੱਜ ਤੋਂ 6.5 ਵਰ੍ਹੇ ਪਹਿਲਾਂ ਹੋਇਆ। ਇਸ ਯੁਗ ਦੌਰਾਨ ਬਣੀਆਂ ਚਟਾਨਾਂ 'ਚ ਖੜੀਏ ਜਾਂ ਚੂਨੇ ਦੇ ਵਧੇਰੇ ਅੰਸ਼ ਹੋਣ ਕਰਕੇ, ਇਸ ਦਾ ਉਪਰੋਕਤ ਨਾਮ ਪਿਆ।

Cristae (ਕ੍ਰਿਸਟਿ)

ਇਹ ਪਦ ਕ੍ਰਿਸਟਾ (crista) ਦਾ ਬਹੁਵਚਨ ਹੈ, ਜਿਹੜਾ ਲਾਤੀਨੀ ਸ਼ਬਦ ਹੈ ਅਤੇ ਜਿਸ ਦੇ ਅਰਥ ਹਨ 'ਉਭਾਰ' ਦੇ। ਸੈੱਲ ਅੰਦਰਲੀ ਮਾਇਟੱਕਾਂਡਰਿਆ (mitochondria) ਸੱਦੀ ਜਾਂਦੀ ਇੰਦਰੀ ਅੰਦਰਲੇ ਉਭਾਰਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Crop (ਕਰੱਪ)

'ਪੋਟੇ' ਲਈ ਵਰਤਿਆ ਜਾਂਦਾ ਇਹ ਆਮ ਅੰਗ੍ਰੇਜ਼ੀ ਸ਼ਬਦ ਹੈ, ਜਿਹੜਾ ਕਿ ਮਿਹਦੇ ਦਾ ਮੋਕਲਾ ਹੋਇਆ ਖੇਤਰ ਹੈ ਅਤੇ ਜਿਸ 'ਚ ਨਿਗਲੀ ਜਾ ਰਹੀ ਖ਼ੁਰਾਕ, ਹਜ਼ਮ ਹੋਣ ਤੋਂ ਪਹਿਲਾਂ, ਇਕੱਤਰ ਹੁੰਦੀ ਰਹਿੰਦੀ ਹੈ। ਪੰਛੀਆਂ ਅਤੇ ਕੀਟਾਂ ਦੀ ਪਾਚਨ ਨਾਲੀ ਦੀ ਅਜਿਹੀ ਸਥਿਤੀ ਹੈ।

Crossing-over (ਕ੍ਰਾਸਿੰਗ ਓਵਰ)

ਜਦ ਸੈੱਲ ਪ੍ਰਜਣਨ-ਸੈੱਲ ਉਪਜਾਉਣ ਲਈ ਵੰਡਿਆਂ ਜਾ ਰਿਹਾ ਹੁੰਦਾ ਹੈ, ਤਦ ਅਨੁਰੂਪਕ ਕ੍ਰੋਮੋਸੋਮ, ਇਕ ਦੂਜੇ ਨਾਲੋਂ ਵਿਛੜਨ ਤੋਂ ਪਹਿਲਾਂ, ਆਪਣੀਆਂ ਟੁਕੜੀਆਂ ਦਾ ਵਟਾਂਦਰਾ ਕਰ ਲੈਂਦੇ ਹਨ। ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Cross-pollination (ਕ੍ਰੱਾਸ ਪਾਲਿਨੇਸ਼ਨ)

ਫੁੱਲਾਂ ਦੇ ਮਾਦਾ-ਅੰਗਾਂ ਦਾ ਨਰ-ਅੰਗਾਂ ਤੋਂ ਉਪਜੇ ਪਰਾਗ ਦੁਆਰਾ ਧੂੜੇ ਜਾਣ ਦੀ ਪ੍ਰਕ੍ਰਿਆ ਨੂੰ ਪਾਲਿਨੇਸ਼ਨ ਸੱਦਿਆ ਜਾਂਦਾ ਹੈ। ਜੇਕਰ ਧੂੜਿਆ ਜਾ ਰਿਹਾ ਪਰਾਗ ਕਿਸੇ ਹੋਰ ਬੂਟੇ ਦੇ ਫੁੱਲਾਂ ਦਾ ਹੋਵੇ, ਤਦ ਇਸ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Crossoptergie (ਕ੍ਰਾਸੱਟੈਰਿਜਿ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਟੈਰਿਜਿਅਨ (pterygion) ਹੈ, ਜਿਸ ਦੇ ਅਰਥ ਹਨ 'ਖੰਭੜੇ' ਦੇ। ਉਪਰੋਕਤ ਪਦ ਦੇ ਮੂਹਰੈਲ ਵਜੋਂ ਵਰਤੇ ਜਾ ਰਹੇ ਕ੍ਰਾਸ (cross) ਦੇ ਅਰਥ ਹਨ 'ਚੌੜੇ ਦਾਅ' ਦੇ। ਇਹ ਨਾਮ ਹੈ ਉਨ੍ਹਾਂ ਫੇਫੜੇਦਾਰ ਮੱਛੀਆਂ

ਦੀ ਉਪਸ਼੍ਰੇਣੀ ਦਾ, ਜਿਨ੍ਹਾਂ ਦੇ ਖੰਭੜੇ ਸਖ਼ਤ ਹੱਡੀਆਂ ਉਪਰ ਮੜ੍ਹੇ ਹੋਏ ਮਾਸ-ਲੋਥੜਿਆਂ ਦੇ ਰੂਪ 'ਚ ਹੁੰਦੇ ਹਨ ਅਤੇ ਜਿਹੜੇ ਚੌੜੇ ਦਾਅ ਸਰੀਰ ਨਾਲ ਜੁੜੇ ਹੁੰਦੇ ਹਨ।

Cruciferae (ਕਰੂਸਿਫ਼ਿ)

ਲਾਤੀਨੀ ਸ਼ਬਦ ਕਰੱਕਸ (crux) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕ੍ਰਾਸ' ਦੇ। ਅਜਿਹੇ ਬੂਟਿਆਂ ਦੇ ਕੁਟੰਬ ਦਾ ਇਹ ਨਾਮ ਹੈ, ਜਿਨ੍ਹਾਂ ਦੇ ਫੁੱਲਾਂ ਦੀਆਂ ਚਾਰ ਚਾਰ ਪੱਤੀਆਂ, ਇਨ੍ਹਾਂ ਨਾਲ ਕ੍ਰਾਸ ਬਣ ਕੇ, ਭਾਵ ਆਹਮਣੇ-ਸਾਹਮਣੇ ਜੜੀਆਂ ਹੁੰਦੀਆਂ ਹਨ। ਇਸ ਕੁਟੰਬ 'ਚ ਸ਼ਾਮਲ ਬੂਟੇ ਹਨ: ਸਰ੍ਹੋਂ, ਤੋਰੀਆਂ, ਤਾਰਾ-ਮੀਰਾ, ਮੂਲੀ, ਸ਼ਲਜਮ, ਫੁੱਲ-ਗੋਭੀ, ਪੱਤ-ਗੋਭੀ ਆਦਿ।

Crustacea (ਕਰੱਸਟੇਸ਼ੀਆ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਕਰੱਸਟਅ (crusta) ਹੈ, ਜਿਸ ਦੇ ਅਰਥ ਹਨ, 'ਖੋਲ' ਦੇ ਜਾਂ 'ਛਿਲੜ' ਦੇ। ਆਰਥੱਰਪੋਡਾ ਕਬੀਲੇ ਦੀ ਇਕ ਸ਼੍ਰੇਣੀ ਦਾ ਇਹ ਨਾਮ ਹੈ, ਜਿਸ 'ਚ ਸ਼ਾਮਲ ਪ੍ਰਾਣੀਆਂ ਦੇ ਸਰੀਰ ਬਾਹਰੋਂ ਕਿਊਟਿਕਲ (cuticle) ਦੀ ਬਣੀਆਂ ਪਲੇਟਾਂ ਅੰਦਰ ਲਿਪਟੇ ਹੁੰਦੇ ਹਨ। ਇਸ ਸ਼੍ਰੇਣੀ ਦੇ ਉਘੇ ਪ੍ਰਾਣੀ ਹਨ ਝੀਂਗੇ, ਕੇਕੜੇ, ਲਾਬਸਟਰ ਆਦਿ।

Cryptic colouration (ਕ੍ਰਿਪਟਿਕ ਕਲਰੇਸ਼ਨ)

ਦੋ ਆਮ ਵਰਤੋਂ 'ਚ ਆ ਰਹੇ ਸ਼ਬਦ ਇਸ ਪਦ 'ਚ ਸਮਾਏ ਹਨ ਅਤੇ ਇਨ੍ਹਾਂ ਦੇ ਮਿਲਵੇਂ ਅਰਥ ਹਨ, 'ਅਸਪਸ਼ਟ ਰੰਗਤ' ਦੇ । ਸ਼ਿਕਾਰੀ ਜਾਨਵਰਾਂ ਦੀ ਨਜ਼ਰੀਂ ਚੜ੍ਹਨ ਤੋਂ ਬਚਣ ਲਈ ਕੁਝ ਪ੍ਰਾਣੀਆਂ ਦੇ ਸਰੀਰਾਂ ਦੀ ਰੰਗਤ ਅਤੇ ਇਸ ਦੁਆਰਾ ਬਣੇ ਨਮੂਨੇ ਇਸ ਪ੍ਰਕਾਰ ਦੇ ਹੁੰਦੇ ਹਨ ਕਿ ਆਲੇ-ਦੁਆਲੇ ਨਾਲੋਂ ਇਨ੍ਹਾਂ ਨੂੰ ਨਿਖੇੜ ਸਕਣਾ ਸੰਭਵ ਨਹੀਂ ਹੁੰਦਾ। ਇਸੇ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Ctenophora (ਟੈਨਫੱਰਾ)

ਯੂਨਾਨੀ ਸ਼ਬਦ ਕਟਿਸ (kteis) ਅਤੇ ਫਿਰੱਨ (pherein) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕੰਘੀ' ਦੇ ਅਤੇ 'ਧਾਰਨ ਕਰਨ' ਦੇ। ਸਾਗਰੀ ਪ੍ਰਾਣੀਆਂ ਦੇ ਇਕ ਕਬੀਲੇ ਦਾ ਇਹ ਨਾਮ ਹੈ, ਜਿਨ੍ਹਾਂ ਦੇ ਪਾਰਦਰਸ਼ੀ, ਗੋਲ ਤੇ ਲਮੂੰਤਰੇ ਸਰੀਰ ਉਪਰ ਕੰਘੀਦਾਰ ਲਕੀਰਾਂ ਉਕਰੀਆਂ ਦਿਖਾਈ ਦਿੰਦੀਆਂ ਹਨ।

Cuculidae (ਕੱਕਯੂਲਿਡੀ)

ਲਾਤੀਨੀ ਸ਼ਬਦ ਕੱਕਯੂਲੱਸ (cucullus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਹੁੱਡ' ਜਾਂ 'ਟੋਪੀ' ਦੇ। ਕੋਇਲਾਂ ਦੇ ਪੰਛੀ-ਕੁਟੰਬ ਦਾ ਇਹ ਨਾਮ ਹੈ, ਜਿਹੜੀਆਂ ਕੂਕਣ ਲਈ ਪ੍ਰਸਿੱਧ ਹਨ ਅਤੇ ਜਿਹੜੀਆਂ ਆਪਣੇ ਅੰਡੇ ਹੋਰਨਾਂ ਪੰਛੀਆਂ ਦੇ ਆਲ੍ਹਣਿਆਂ 'ਚ ਧਰਦੀਆਂ ਰਹਿੰਦੀਆਂ ਹਨ, ਜਿਹੜੇ ਕਿ ਇਨ੍ਹਾਂ ਨੂੰ ਆਪਣੇ ਅੰਡਿਆਂ ਨਾਲ ਅਣਭੋਲ ਹੀ ਸਿਉਂ ਵੀ ਦਿੰਦੇ ਹਨ।

Cucurbitaceae (ਕਯੂਕਰਬਿਟੇਸਿ)

ਇਸ ਪਦ ਦਾ ਮੂਲ ਲਾਤੀਨੀ ਆਧਾਰ ਵਾਲਾ ਪੁਰਾਤਨ ਅੰਗ੍ਰੇਜ਼ੀ ਸ਼ਬਦ ਕਯੂਕਰਬਿਟ (cucurbit) ਹੈ, ਜਿਸ ਦੇ ਅਰਥ ਹਨ 'ਕੱਦੂ' ਦੇ। ਉਸ ਬਨਸਪਤੀ-ਕੁਟੰਬ ਦਾ ਇਹ ਨਾਮ ਹੈ ਜਿਸ 'ਚ ਕੱਦੂ, ਪੇਠਾ, ਕਰੇਲਾ, ਖੀਰਾ, ਖਰਬੂਜ਼ਾ ਆਦਿ ਸ਼ਾਮਲ ਹਨ।

Culicidae (ਕਯੂਲਿਸਿਡੀ)

ਲਾਤੀਨੀ ਸ਼ਬਦ ਕਯੂਲਿਕ (culic) ਤੋਂ ਇਹ ਪਦ ਬਣਿਆ ਹੈ, ਜਿਸ ਦੇ ਅਰਥ ਹਨ 'ਘਰੇਲੂ ਮੱਛਰ' ਦੇ। ਮੱਛਰਾਂ ਦੇ ਕੁਟੰਬ ਦਾ ਉਪਰੋਕਤ ਨਾਮ ਹੈ, ਜਿਹੜੇ ਕਿਉਂਕਿ ਲਹੂ ਚੂਸਦੇ ਹਨ, ਜਿਸ ਕਰਕੇ ਇਹ ਲਾਗ ਵਾਲੇ ਰੋਗਾਂ ਦੇ ਫੈਲਾਓ ਦਾ ਕਾਰਨ ਬਣਦੇ ਰਹਿੰਦੇ ਹਨ।

Cultivar (ਕਲਟਿਵੈਰ)

ਇਹ ਲਾਤੀਨੀ ਆਧਾਰ ਵਾਲਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਪਾਲ-ਪੋਸ ਕੇ ਉਪਜਾਈ ਜੀਵ ਦੀ ਕਿਸਮ' ਦੇ। ਬੂਟੇ ਦੀ ਜਿਸ ਨਵੀਂ ਕਿਸਮ ਨੂੰ ਚੋਣ ਕਰਕੇ ਅਤੇ ਫਿਰ ਪਾਲ-ਪੋਸ ਕੇ ਪੁਰਾਣੀਆਂ ਕਿਸਮਾਂ ਜਾਂ ਕਿਸਮ ਤੋਂ ਉਪਜਾਇਆ ਜਾਂਦਾ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Culture (ਕਲਚਰ; ਕਲਟਯੂਰ)

ਇਹ ਲਾਤੀਨੀ ਸ਼ਬਦ ਹੈ, ਜਿਹੜਾ ਕਿ 'ਕਾਸ਼ਤ ਕਰਨ' ਲਈ ਵਰਤਿਆ ਜਾਂਦਾ ਹੈ। ਪ੍ਰਯੋਗਸ਼ਾਲਾ 'ਚ ਕੀਟਾਣੂਆਂ ਨੂੰ ਅਤੇ ਸੈੱਲ-ਬੁਣਤਾਂ ਨੂੰ ਉਚਿਤ ਹਾਲਤਾਂ ਅਧੀਨ ਅਤੇ ਪੌਸ਼ਟਕ ਅੰਸਾਂ ਦੁਆਰਾ ਜੀਵਤ ਰੱਖਣ ਦੇ ਪ੍ਰਚਲਣ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Cuticle (ਕਯੂਟਿਕਲ)

ਇਹ ਲਾਤੀਨੀ ਸ਼ਬਦ ਹੈ ਜਿਸ ਦੇ ਅਰਥ ਹਨ 'ਪਤਲੀ ਪਰਤ' ਦੇ। ਬੂਟਿਆਂ ਦੇ ਤਣੇ ਅਤੇ ਕਈ ਰੀੜ੍ਹ ਰਹਿਤ ਪ੍ਰਾਣੀਆਂ ਦੇ ਸਰੀਰ ਬਾਹਰੋਂ ਇਕ ਵਿਸ਼ੇਸ਼ ਪ੍ਰਕਾਰ ਦੀ ਚਿਕਨੀ ਪਰਤ ਨਾਲ ਢੱਕੇ ਹੁੰਦੇ ਹਨ। ਤਣੇ ਨੂੰ ਤੇ ਸਰੀਰ ਨੂੰ ਹਰ ਪ੍ਰਕਾਰ ਸੁਰੱਖਿਅਕ ਰਖਦੀ ਇਸੇ ਪਰਤ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Cyanobacteria (ਸਾਇਅਨੱਬੈਕਟੀਰੀਆ)

ਇਸ ਪਦ ਦੇ ਦੋ ਭਾਗ ਹਨ। ਇਸ ਦਾ ਪਹਿਲਾ ਭਾਗ ਸਾਇਐੱਨ, ਯੂਨਾਨੀ ਸ਼ਬਦ ਕਾਇਨਸ (kynos) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਨੀਲੇ' ਦੇ। ਪਦ ਦਾ ਦੂਜਾ ਭਾਗ, ਯੂਨਾਨੀ ਆਧਾਰ ਵਾਲਾ 'ਕੀਟਾਣੂਆਂ' ਲਈ ਵਰਤਿਆ ਜਾਂਦਾ ਸ਼ਬਦ ਹੈ। ਉਪਰੋਕਤ ਪਦ ਆਕਸੀਜਨ ਉਪਜਾਉਂਦੇ ਕੀਟਾਣੂਆਂ ਲਈ ਰਾਖਵਾਂ ਹੈ, ਜਿਨ੍ਹਾਂ ਨੂੰ ਕਦੀ ਪਹਿਲਾਂ ਨੀਲੀਆਂ-ਹਰੀਆਂ ਸਾਂਵਲਾਂ (blue-green algae) ਵੀ ਸੱਦਿਆ ਜਾਂਦਾ ਸੀ।

Cybernetics (ਸਾਇਬਰਨੀਟਿਕਸ)

ਯੂਨਾਨੀ ਸ਼ਬਦ ਕਾਇਬਰਨਿਟਿਕੱਸ (kybernetikos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪ੍ਰਬੰਧ 'ਚ ਨਿਪੁੰਨ' ਦੇ। ਉਪਰੋਕਤ ਪਦ ਉਸ ਵਿਗਿਆਨਕ ਵਿਸ਼ੇ ਦਾ ਨਾਮ ਹੈ, ਜਿਸ ਦਾ ਸਬੰਧ ਦਿਮਾਗ਼ ਅਤੇ ਨਸ-ਪ੍ਰਣਾਲੀ ਦੇ ਉਸ ਪੱਖ ਨਾਲ ਹੈ, ਜਿਸ ਦੁਆਰਾ ਸਰੀਰਕ ਪ੍ਰਬੰਧ ਨਿਅੰਤਰਣ ਅਧੀਨ ਚਲਦਾ ਰਹਿੰਦਾ ਹੈ।

Cyclic AMP (ਸਾਇਕਲਿਕ ਏ ਐਮ ਪੀ)

ਪਦ ਦਾ ਪਹਿਲਾ ਭਾਗ, ਯੂਨਾਨੀ ਸ਼ਬਦ ਕਿਕਲੱਸ (kyklos) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਦਾਇਰੇ' ਦੇ ਜਾਂ 'ਸਿਲਸਿਲੇ' ਦੇ। ਪਦ ਦਾ ਦੂਜਾ ਭਾਗ, ਏ ਐਮ ਤੇ ਪੀ ਅੱਖਰ, ਐਡੀਨੱਸੀਨ ਮਾਨੱਫ਼ਾਸਫ਼ੇਟ (adenosine monophosphate) ਦਾ ਸੰਖੇਪ ਹਨ। ਸੈੱਲ ਅੰਦਰਲਾ ਇਹ ਮਹੱਤਵ ਰਸਾਇਣ ਹੈ, ਜਿਹੜਾ ਸਿਲਸਿਲੇਵਾਰ ਕਦੀ ਊਰਜਾ ਇਕੱਤਰ ਕਰਨ ਦਾ ਕਾਰਜ ਪੂਰਾ ਕਰਦਾ ਹੈ, ਕਦੀ ਐਨਜ਼ਾਈਮਾਂ ਨੂੰ ਅਤੇ ਹਾਰਮੋਨਾਂ ਨੂੰ ਕ੍ਰਿਆਸ਼ੀਲ ਹੋਣ ਲਈ ਪ੍ਰੇਰਦਾ ਹੈ ਅਤੇ ਜੀਨਾਂ ਨੂੰ ਵੀ ਪ੍ਰਗਟਾਵੇ ਲਈ ਉਕਸਾਉਂਦਾ ਹੈ। ਏ ਟੀ ਪੀ (ਐਡੀਨੱਸੀਨ ਟ੍ਰਾਈਫਾਸਫੇਟ) ਚੋਂ ਜਦ ਊਰਜਾ ਖ਼ਾਰਜ ਹੋ ਜਾਂਦੀ ਹੈ, ਤਦ ਉਸ ਦਾ ਛੇਕੜਲਾ ਰੂਪ ਏ ਐਮ ਪੀ (AMP) ਹੀ ਹੁੰਦਾ ਹੈ।

Cyclostomata (ਸਾਇਕਲੱਸਟੱਮੈਟਾ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਕਿਕਲੱਸ (kyklos) ਅਤੇ ਸਟੱਮਾ (stoma) ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ 'ਗੋਲ' ਦੇ ਅਤੇ ਦੂਜੇ ਦੇ 'ਮੂੰਹ' ਦੇ ਹਨ। ਬਿਨਾਂ ਜਬ੍ਹਾੜਿਓਂ, ਗੋਲ ਮੂੰਹ

ਵਾਲੇ ਜਲ ਪ੍ਰਾਣੀਆਂ ਦੀ ਸ਼੍ਰੇਣੀ ਦਾ ਇਹ ਨਾਮ ਹੈ, ਜਿਸ 'ਚ ਮੱਛੀਆਂ ਨਾ ਹੋਕੇ, ਪਰ ਮੱਛੀਆਂ ਜਿਹੀਆਂ ਲਗਦੀਆਂ , ਹੈਗ ਮੱਛੀਆਂ (hag fishes) ਅਤੇ ਲੈਂਪ ਰੇਆਂ (lamp reys) ਸ਼ਾਮਲ ਹਨ। ਇਨ੍ਹਾਂ ਚੋਂ ਪਹਿਲੀਆਂ ਨਿਰੋਲ ਸਾਗਰ ਵਾਸੀ ਹਨ ਅਤੇ ਪਿਛਲੀਆਂ ਦੀਆਂ ਕੁਝ ਨਸਲਾਂ ਸੱਜਰੇ ਪਾਣੀਆਂ 'ਚ ਵੀ ਵਿਚਰਦੀਆਂ ਹਨ।

Cyst (ਸਿੱਸਟ)

ਯੂਨਾਨੀ ਸ਼ਬਦ ਕਿਸਟਿਸ (kystis) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਮਸਾਨੇ' ਦੇ। ਸਰੀਰ ਅੰਦਰਲੀ ਕਿਸੇ ਵੀ ਗ਼ੈਰਕੁਦਰਤੀ ਗੰਢ ਜਾਂ ਰਸੌਲੀ ਲਈ ਇਹ ਪਦ ਵਰਤਿਆ ਜਾ ਸਕਦਾ ਹੈ, ਜਿਹੜੀ ਜੇਕਰ ਖੋਖਲੀ ਹੋਵੇ ਤਾਂ ਇਸ ਅੰਦਰ ਨਕਾਰਾ ਮੁਆਦ ਇਕੱਤਰ ਹੋਇਆ ਹੁੰਦਾ ਹੈ।

Cysteine (ਸਿਸਟਿਨ)

ਜੀਵਨ ਨਾਲ ਸਬੰਧ ਰਖਦੇ 20 ਐਮਿਨੋ ਤੇਜ਼ਾਬਾਂ 'ਚੋਂ ਇਕ ਦਾ ਇਹ ਨਾਮ ਹੈ ਅਤੇ ਜਿਸ ਦੀ ਵਿਸ਼ੇਸ਼ ਮਹੱਤਤਾ ਇਸ ਲਈ ਹੈ ਕਿਉਂਕਿ ਕੇਵਲ ਇਹੋ ਇਕ ਐਮਿਨੋ ਤੇਜ਼ਾਬ ਹੈ, ਜਿਸ ਅੰਦਰ ਗੰਧਕ ਸਮਾਈ ਹੁੰਦੀ ਹੈ।

Cystine (ਸਿਸਟੀਨ)

ਦੋ ਸਿਸਟਿਨ ਅਣੂ, ਗੰਧਕ ਵਾਲੇ ਸਥਾਨ ਤੇ, ਇਕ ਦੂਜੇ ਨਾਲ ਜੁੜ ਜਾਣ ਲਈ ਵਿਸ਼ੇਸ਼ ਹੁੰਦੇ ਹਨ। ਦੋ ਸਿਸਟਿਨ ਅਣੂਆਂ ਦੀ ਅਪਣਾਈ ਇਸ ਜੁੜਵੀਂ ਸਥਿਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Cytochromes (ਸਾਇਟਕ੍ਰੋਮਜ਼)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਕਾਇਟੌਸ (kytos) ਅਤੇ ਕ੍ਰੋਮ (chrome), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਖੋਖਲੇ' ਦੇ, ਜਿਹੜਾ ਸੈੱਲ ਦਾ ਪ੍ਰਤੀਕ ਸ਼ਬਦ ਹੈ ਅਤੇ ਦੂਜੇ ਦੇ, 'ਰੰਗ' ਦੇ। ਲੋਹਾ ਜਾਂ ਤਾਂਬਾ ਸਮਾਏ ਪ੍ਰੋਟੀਨੀ ਅਣੂਆਂ ਦੇ ਉਸ ਸਮੂਹ ਨੂੰ ਇਹ ਪਦ ਦਰਸਾਉਂਦਾ ਹੈ, ਜਿਹੜੇ ਸੈੱਲ ਅੰਦਰ ਊਰਜਾ ਉਪਜਾਉਂਦੇ ਐਨਜ਼ਾਈਮਾਂ ਦੀ, ਉਨ੍ਹਾਂ ਦੇ ਇਸੇ ਕਾਰਜ 'ਚ ਸਹਾਇਤਾ ਕਰਦੇ ਹਨ।

Cytogenetics (ਸਾਇਟੋਜਿਨੇੱਟਿਕਸ)

ਇਸ ਪਦ 'ਚ ਯੂਨਾਨੀ ਆਧਾਰ ਵਾਲੇ ਦੋ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਕਾਇਟੌਸ (kytos), ਜਿਹੜਾ 'ਸੈੱਲ' ਦਾ ਪ੍ਰਤੀਕ ਸ਼ਬਦ ਹੈ ਅਤੇ ਦੂਸਰਾ ਹੈ ਜਿਨੇੱਟਿਕਸ (genetics), ਜਿਹੜਾ 'ਜੀਨ-ਵਿਗਿਆਨ' ਲਈ ਵਰਤਿਆ ਜਾਂਦਾ ਸ਼ਬਦ ਹੈ। ਜੇਕਰ ਜੀਵਾਂ ਨੂੰ ਵਿਰਸੇ 'ਚ ਮਿਲ ਰਹੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਇਨ੍ਹਾਂ ਦੋਵਾਂ ਗਿਆਨ-ਖੇਤਰਾਂ ਦੇ ਸਹਿਯੋਗ ਦੁਆਰਾ ਕੀਤਾ ਜਾਵੇ, ਤਦ ਉਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Cytology (ਸਾਇਟੌਲਜਿ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਪਹਿਲਾ ਕਾਇਟੌਸ (kytos) ਅਤੇ ਦੂਜਾ ਲੋਗੌਸ (logos), ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਖੋਖਲੇ' ਦੇ, ਭਾਵ ਸੈੱਲ ਦੇ ਅਤੇ ਦੂਜੇ ਦੇ, 'ਅਧਿਐਨ' ਦੇ। ਸੈੱਲਾਂ ਦੀ ਬਣਤਰ, ਇਨ੍ਹਾਂ ਦੀ ਕ੍ਰਿਆ ਅਤੇ ਇਨ੍ਹਾਂ ਦੇ ਪ੍ਰਜਣਨ ਨਾਲ ਸਬੰਧ ਰਖਦੇ ਅਧਿਐਨ-ਵਿਸ਼ੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Cytolysis (ਸਾਇਟੌਲਿਸਿਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਕਾਇਟੌਸ (kytos) ਅਤੇ ਦੂਜਾ ਲਿਸਿਸ (lysis), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ

ਹਨ 'ਸੈੱਲ' ਦੇ ਅਤੇ 'ਢਿੱਲਾ ਕਰਨ' ਦੇ ਜਾਂ 'ਖੋਰਨ' ਦੇ। ਸਰੀਰ ਅੰਦਰ ਸੈੱਲ ਬਾਹਰੀ ਪ੍ਰਭਾਵ ਅਧੀਨ ਅਤੇ ਆਪਣੇ-ਆਪ ਵੀ, ਅਵਧੀ ਪੂਰੀ ਕਰ ਲੈਣ ਉਪਰੰਤ, ਨਸ਼ਟ ਹੁੰਦੇ ਰਹਿੰਦੇ ਹਨ। ਇਸੇ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Cytoplasm (ਸਾਇਟੱਪਲੈਜ਼ਮ)

ਦੋ ਯੂਨਾਨੀ ਸ਼ਬਦ ਕਾਇਟੱਸ (kytos) ਅਤੇ ਪਲੈਜ਼ੱਮ (plasma) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਖੋਖਲੇ' ਦੇ, ਭਾਵ ਸੈੱਲ ਦੇ ਅਤੇ 'ਕਿਸੇ ਵੀ ਨੁਹਾਰ 'ਚ ਢਾਲੇ ਜਾ ਸਕਣ ਵਾਲੇ ਲੇਸ' ਦੇ। ਸੈੱਲ ਅੰਦਰਲੇ, ਪਰ ਨਿਊਕਲੀਅਸ ਬਾਹਰਲੇ ਅਤੇ ਸੈੱਲ-ਝਿਲੀ ਨਾਲ ਘਿਰੇ ਹੋਏ ਗਾਹੜੇ ਲੇਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Cytotaxonomy (ਸਾਇਟੱਟੈਕਸਨੱਮਿ)

ਇਸ ਪਦ 'ਚ ਤਿੰਨ ਯੂਨਾਨੀ ਸ਼ਬਦ ਸਮਾਏ ਹੋਏ ਹਨ। ਇਨ੍ਹਾਂ ਚੋਂ ਪਹਿਲਾ ਹੈ 'ਸੈੱਲ' ਦਾ ਪ੍ਰਤੀਕ ਸ਼ਬਦ , ਕਾਇਟੱਸ (kytos); ਦੂਜਾ ਹੈ 'ਤਰਤੀਬ' ਨੂੰ ਦਰਸਾਉਣ ਲਈ ਵਰਤਿਆ ਜਾਂਦਾ ਸ਼ਬਦ , ਟੈਕਸਿਸ (taxis) ਅਤੇ ਤੀਜਾ ਹੈ 'ਨਿਯਮ' ਲਈ ਵਰਤਿਆ ਜਾਂਦਾ ਸ਼ਬਦ, ਨੱਮੱਸ (nomos)। ਜੀਵਾਂ ਦੇ ਵਰਗੀਕਰਨ ਦੇ ਕਈ ਆਧਾਰ ਹਨ ਅਤੇ ਜੇਕਰ ਕ੍ਰੋਮੋਸੋਮਾਂ ਨੂੰ ਵਰਗੀਕਰਨ ਦਾ ਆਧਾਰ ਬਣਾ ਲਿਆ ਜਾਵੇ ਤਦ ਇਸ ਵਿਧੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

D

Darwinism (ਡਾਰਵਿਨਿਜ਼ਮ)

ਜੀਵ ਵਿਗਿਆਨੀ ਚਾਰਲਜ਼ ਡਾਰਵਿਨ (1809-1882) ਦੇ 1858 'ਚ ਪੇਸ਼ ਕੀਤੇ ਉਸ ਸਿਧਾਂਤ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦਾ ਸਿਰਲੇਖ 'ਕੁਦਰਤੀ ਚੋਣ' ਵੀ ਹੈ ਅਤੇ ਜਿਹੜਾ ਜੀਵਨ ਦੇ ਵਿਕਾਸ ਨੂੰ ਪ੍ਰਮਾਣਿਕ ਆਧਾਰ ਅਰਪਣ ਕਰਦਾ ਹੋਇਆ, ਇਸ ਦਾ ਵੀ ਵਿਸਥਾਰ ਪੇਸ਼ ਕਰਦਾ ਹੈ ਕਿ ਇਹ ਪ੍ਰਕ੍ਰਿਆ ਵਾਪਰਦੀ ਕਿਵੇਂ ਹੈ ? ਇਸ ਸਿਧਾਂਤ ਦੇ ਸਵੀਕਾਰ ਹੋਣ 'ਚ ਕਾਫ਼ੀ ਸਮਾਂ ਲਗਾ; ਪਰ ਇਸ ਦੇ ਸਵੀਕਾਰ ਹੋ ਜਾਣ ਉਪਰੰਤ ਜੀਵਨ ਬਾਰੇ ਜਿਹੜੀ ਹਕੀਕਤ ਉਘੜੀ ਤਾਂ ਉਸ ਕਾਰਨ ਜੀਵਨ ਦੀ ਪ੍ਰੀਭਾਸ਼ਾ ਹੀ ਬਦਲ ਗਈ ਸੀ।

DDT (ਡੀ ਡੀ ਟੀ)

ਡਾਈਕਲੋਰ-ਡਾਈਫ਼ਿਨਾਇਲ-ਟ੍ਰਾਈਕਲੋਰੱਈਥੇਨ (dichloro-diphenyl-trichloroethane) ਦਾ ਇਹ ਸੰਕੇਤਕ ਨਾਮ ਹੈ, ਜਿਸ ਦਾ ਨਿਰਮਾਣ 1940 'ਚ ਇਕ ਕੀਟਨਾਸ਼ਕ ਵਜੋਂ ਕੀਤਾ ਗਿਆ ਸੀ। ਉਸ ਸਮੇਂ ਤੋਂ ਸਭਨਾਂ 'ਤੋਂ ਵਧ ਵਰਤੇ ਗਏ ਇਸ ਕੀਟਨਾਸ਼ਕ ਦੇ ਚਿਰਸਥਾਈ ਬਣੇ ਰਹਿਣ ਵਾਲੇ ਵਿਸ਼ੈਲੇ ਪ੍ਰਭਾਵ ਕਾਰਨ, ਇਸ ਦੀ ਵਰਤੋਂ 'ਤੇ ਅੱਜ ਪਾਬੰਦੀ ਲਾ ਦਿੱਤੀ ਗਈ ਹੈ।

Deamination (ਡੀਐਮਿਨੇਸ਼ਨ)

ਐਮਿਨੋ ਤੇਜ਼ਾਬ ਨਾਲੋਂ, ਇਸ ਦੇ ਐਮੀਨ (-NH) ਭਾਗ ਨੂੰ, ਐਨਜ਼ਾਈਮ ਦੀ ਸਹਾਇਤਾ ਨਾਲ ਤੋੜਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਹ ਜਿਗਰ ਅੰਦਰ ਵਾਪਰਦੀ ਆਮ ਪ੍ਰਕ੍ਰਿਆ ਹੈ ਅਤੇ ਯੂਰੀਏ ਦੀ ਉਪਜ ਇਸੇ ਦਾ ਸਿੱਟਾ ਹੈ।

Death (ਡੈੱਥ)

ਜੀਵ ਅੰਦਰਲੀਆਂ ਜੈਵਿਕ ਪ੍ਰਕ੍ਰਿਆਵਾਂ ਦੇ ਮੁਕੰਮਲ ਅਤੇ ਸਥਾਈ ਠੱਪੇ ਜਾਣ ਨਾਲ ਜਿਹੜੀ ਪਰਿਸਥਿਤੀ ਉਤਪੰਨ ਹੁੰਦੀ ਹੈ, ਉਸ ਲਈ ਇਹ ਪਦ ਰਾਖਵਾਂ ਹੈ।

Decapod (ਡੈਕੈਪੋਡ)

ਦੋ ਯੂਨਾਨੀ ਸ਼ਬਦ, ਡੈੱਕ (deka) ਅਤੇ ਪਾਅਸ (pous) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦਸ' ਅਤੇ 'ਪੈਰ' ਦੇ। ਇਹ ਪਦ ਕਰੱਸਟੇਸ਼ੀਆ (crustacea) ਸ਼੍ਰੇਣੀ ਦੇ ਪ੍ਰਾਣੀਆਂ ਲਈ ਇਸ ਲਈ ਵਰਤਿਆ ਜਾਂਦਾ ਹੈ, ਕਿਉਂਕਿ ਇਨ੍ਹਾਂ ਦੀਆਂ ਦਸ ਦਸ ਟੰਗਾਂ ਹਨ।

Decomposer (ਡੀਕਾਮਪੱਜ਼ਰ)

ਪਦ 'ਚ ਸਮਾਏ ਦੋ ਸ਼ਬਦਾਂ ਚੋਂ ਪਹਿਲੇ ਡੀ (de) ਦੇ ਅਰਥ ਹਨ 'ਲਾਂਭੇ ਹੋਣ' ਦੇ ਜਾਂ 'ਪਰ੍ਹਾਂ ਕਰਨ' ਦੇ ਅਤੇ ਦੂਜੇ ਕਾਮਪੱਜ਼ (compose) ਦੇ, 'ਅੰਸ਼ਾਂ ਜਾਂ ਜੁਜ਼ਾਂ ਦੇ ਸੰਘਟਕ ਹੋਣ' ਦੇ। ਜਿਹੜਾ ਜੀਵ ਜਾਂ ਪਦਾਰਥ ਸੰਘਟਕ ਹੋਏ ਅੰਸ਼ਾਂ ਨੂੰ ਵਿਘਟਤ ਕਰਦਾ ਹੈ, ਭਾਵ ਖਿੰਡਾ ਦਿੰਦਾ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਕੀਟ, ਕੀਟਾਣੂ, ਫਫੂੰਦੀ ਆਦਿ ਕਈ ਜੀਵ, ਇਹ ਕਾਰਜ ਪੂਰਾ ਕਰਨ ਦੇ ਯੋਗ ਹਨ।

Deficiency disease (ਡਿਫਿਸ਼ੰਸਿ ਡਿਜ਼ੀਜ਼)

ਡਿਫਿਸ਼ੰਸਿ ਦੇ ਅਰਥ ਹਨ 'ਘਾਟ' ਦੇ ਅਤੇ ਡਿਜ਼ੀਜ਼ ਦੇ, 'ਰੋਗ' ਦੇ। ਕਿਸੇ ਨਾ ਕਿਸੇ ਜ਼ਰੂਰੀ ਖ਼ੁਰਾਕੀ ਅੰਸ਼ ਦੀ ਘਾਟ ਕਾਰਨ ਉਤਪੰਨ ਹੋਏ ਰੋਗ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਅਤੇ ਇਹ ਅੰਸ਼ ਵਿਟਾਮਿਨ ਹੋ ਸਕਦਾ ਹੈ, ਐਮਿਨੋ ਐਸਿਡ ਹੋ ਸਕਦਾ ਹੈ ਅਤੇ ਸਰੀਰਕ ਕ੍ਰਿਆ ਲਈ ਲੋੜੀਂਦਾ ਕੋਈ ਖਣਿਜ ਹੋ ਸਕਦਾ ਹੈ, ਜਿਵੇਂ ਕਿ ਲੋਹਾ, ਜਿਸਤ, ਕੈਲਸ਼ੀਅਮ ਆਦਿ।

Defoliant (ਡੀਫੱਲਿਅੰਟ)

ਇਸ ਪਦ 'ਚ ਦੋ ਸ਼ਬਦ ਸਮਾਏ ਹੋਏ ਹਨ, ਇਕ ਡੀ (de), ਜਿਸ ਦੇ ਅਰਥ ਹਨ 'ਪਰ੍ਹਾਂ ਕਰਨ' ਦੇ ਅਤੇ ਦੂਜਾ ਫ਼ੋਲਿਏਜ (foliage), ਜਿਸ ਦੇ ਅਰਥ ਹਨ 'ਪੱਤਰਾਂ' ਦੇ। ਜਿਸ ਰਸਾਇਣ ਦੀ ਬੂਟਿਆਂ-ਰੁੱਖਾਂ ਉਪਰ ਵਰਤੋਂ ਕੀਤਿਆਂ ਇਨ੍ਹਾਂ ਦੇ ਪੱਤਰ ਝੜ ਜਾਂਦੇ ਹਨ ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Deforestation (ਡੀਫ਼ੱਰਿਸਟੇਸ਼ਨ)

ਇਸ ਪਦ ਅੰਦਰਲੇ ਪਹਿਲੇ ਸ਼ਬਦ ਡੀ (de) ਦੇ ਅਰਥ ਹਨ 'ਲਾਂਭੇ ਕਰਨ' ਦੇ ਅਤੇ ਦੂਜੇ ਸ਼ਬਦ ਫ਼ੱਰਿਸਟ (forest) ਦੇ ਅਰਥ ਹਨ 'ਵਣ' ਦੇ। ਵਣਾਂ ਅੰਦਰ ਬ੍ਰਿਛਾਂ-ਰੁੱਖਾਂ ਦੀ ਵੱਡੇ ਪੈਮਾਨੇ 'ਤੇ ਕਟਾਈ ਕਰਕੇ, ਇਨ੍ਹਾਂ ਅਧੀਨ ਭੂਮੀ ਨੂੰ ਸਾਫ਼ ਕਰਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Dehiscence (ਡਿਹਿਸੰਸ)

ਲਾਤੀਨੀ ਸ਼ਬਦ ਡਿਹਿਸੱਰਿ (dehiscere) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਇਕ ਝਟਕੇ ਨਾਲ ਖੁਲ੍ਹ ਜਾਣ' ਦੇ ਜਾਂ 'ਫੱਟ ਜਾਣ' ਦੇ। ਕਈ ਫਲ ਅਜਿਹੇ ਹਨ ਜਿਹੜੇ ਪੱਕ ਜਾਣ ਉਪਰੰਤ, ਆਪਣੇ ਅੰਦਰਲੇ ਬੀਜਾਂ ਨੂੰ ਦੂਰ ਦੂਰ ਖਿੰਡਾਉਣ ਲਈ, ਇਕ ਦਮ ਫੱਟ ਜਾਂਦੇ ਹਨ। ਬੂਟਿਆਂ ਦੇ ਇਸੇ ਵਤੀਰੇ ਲਈ ਉਪਰੋਕਤ ਪਦ ਵਰਤਿਆ ਜਾਦਾ ਹੈ।

Deletion (ਡੀਲੀਸ਼ੀਨ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ, 'ਕੱਢਣ' ਦੇ। ਡੀ ਐਨ ਏ ਅੰਦਰਲੀਆਂ ਖਾਰੀ-ਕੜੀਆਂ 'ਚੋਂ ਇਕ ਜਾਂ ਦੋ, ਕਈ ਵਾਰ ਅਤੇ ਕਿਸੇ ਵੀ ਕਾਰਨ, ਅਲੋਪ ਹੁੰਦੀਆਂ ਰਹਿੰਦੀਆਂ ਹਨ। ਇਸੇ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Deme (ਡੀਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਡਿਮੋਂਸ (demos) ਹੈ ਜਿਸ ਦੇ ਅਰਥ ਹਨ 'ਭਾਈਬੰਦੀਆਂ ਦੇ ਜੱਥੇ' ਦੇ। ਇਕ ਸਥਾਨ ਤੇ ਵਿਚਰਦੇ, ਇਕ ਨਸਲ ਦੇ ਜੀਵਾਂ ਦੇ ਸੰਘਠਨ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਆਪਸ 'ਚ ਸੰਭੋਗੀ ਸਬੰਧ ਵੀ ਹੁੰਦੇ ਹਨ।

Denaturation (ਡੀਨੇਚਰੇਸ਼ਨ)

ਇਸ ਪਦ 'ਚ ਦੋ ਸ਼ਬਦ ਸਮਾਏ ਹੋਏ ਹਨ, ਡੀ (de) ਅਤੇ ਨੇਚਰ (nature), ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਲਾਂਭੇ ਹੋਣ' ਦੇ ਜਾਂ 'ਲਾਂਭੇ ਕਰਨ' ਦੇ ਅਤੇ ਦੂਜੇ ਦੇ, 'ਕੁਦਰਤੀ ਗੁਣ' ਦੇ। ਜੈਵਿਕ ਅਣੂ, ਐਨਜ਼ਾਈਮ ਵੀ ਅਤੇ ਨਿਊਕਲਿਅਈ ਤੇਜ਼ਾਬ ਵੀ, ਆਪਣੀ ਨੁਹਾਰ ਸਦਕਾ ਆਪਣੇ ਜ਼ਿੰਮੇ ਲਗੀ ਕ੍ਰਿਆ ਨਿਭਾਉਂਦੇ ਰਹਿੰਦੇ ਹਨ। ਜੇਕਰ ਇਹ ਨੁਹਾਰ ਕਿਸੇ ਵੀ ਕਾਰਨ ਭੰਗ ਹੋ ਜਾਵੇ ਤਦ ਇਹ ਕ੍ਰਿਆ ਪਖੋਂ ਨਕਾਰਾ ਹੋ ਜਾਂਦੇ ਹਨ, ਹਾਲਾਂਕਿ ਇਨ੍ਹਾਂ ਅੰਦਰਲੀ ਤਰਤੀਬ ਜਾਂ ਬਣਤਰ 'ਚ ਕੋਈ ਫ਼ਰਕ ਨਹੀਂ ਆਉਂਦਾ। ਅਣੂਅਕ ਨੁਹਾਰ ਦੇ ਭੰਗ ਹੋਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Dendrite (ਡੈਂਡਰਾਇਟ)

ਯੂਨਾਨੀ ਸ਼ਬਦ ਡੈਂਡਰੋਂਨ (dendron) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਝਾੜ' ਦੇ। ਨਸ-ਸੈੱਲ ਹੋਰਨਾਂ ਸੈੱਲਾਂ ਨਾਲੋਂ ਆਪਣੀ ਬਣਤਰ 'ਚ ਭਿੰਨ ਹੁੰਦਾ ਹੈ: ਇਸ ਦੀ ਬਹੁਸ਼ਾਖੀ ਬਣਤਰ ਹੁੰਦੀ ਹੈ ਅਤੇ ਬਾਹਰੋਂ ਇਹ ਝਾੜੀ ਜਿਹਾ ਲਗਦਾ ਹੈ। ਆਪਣੀਆਂ ਸ਼ਾਖਾਂ ਦੁਆਰਾ, ਨਸ ਸੈੱਲ ਆਪਸ 'ਚ, ਇਕ ਦੂਜੇ ਨਾਲ ਸੰਪਰਕ ਬਣਾਈ ਰਖਦੇ ਹਨ। ਨਸ-ਸੈੱਲ ਦੀ ਹਰ ਇਕ ਸ਼ਾਖ਼ ਲਈ ਉਪਰੋਕਤ ਪਦ ਵਰਤਿਆ ਜਾ ਸਕਦਾ ਹੈ।

Denitrification (ਡੀਨਾਇਟ੍ਰਿਫਿਕੇਸ਼ਨ)

ਇਸ ਪਦ 'ਚ ਤਿੰਨ ਸ਼ਬਦ ਸਮਾਏ ਹੋਏ ਹਨ: ਪਹਿਲਾ ਡੀ (de), ਜਿਸ ਦੇ ਅਰਥ ਹਨ 'ਲਾਂਭੇ ਕਰਨ' ਦੇ; ਦੂਜਾ ਯੂਨਾਨੀ ਸ਼ਬਦ ਨਾਇਟ੍ਰਾਨ (nitron), ਜਿਸ ਦੇ ਅਰਥ ਹਨ 'ਨਾਈਟ੍ਰੋਜਨ' ਦੇ ਅਤੇ ਤੀਜਾ ਲਾਤੀਨੀ ਸ਼ਬਦ ਫਾਸੱਰਿ (facere), ਜਿਸ ਦੇ ਅਰਥ ਹਨ 'ਉਤਪੰਨ ਕਰਨ' ਦੇ। ਕੀਟਾਣੂ, ਭੂਮੀ ਅੰਦਰ ਸਮਾਏ ਨਾਈਟ੍ਰੇਟਾਂ ਚੋਂ ਨਾਈਟ੍ਰੋਜਨ ਗੈਸ ਮੁਕਤ ਕਰਵਾਉਂਦੇ ਰਹਿੰਦੇ ਹਨ ਅਤੇ ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Denovo (ਡੀਨੋਵੋ)

ਇਸ ਲਾਤੀਨੀ ਸ਼ਬਦ ਦੇ ਅਰਥ ਹਨ 'ਨਵੇਂ ਜਨਮ' ਦੇ। ਨਵੇਂ ਸਿਰਿਓਂ ਆਰੰਭ ਹੋਈ ਜਾਂ ਆਰੰਭ ਕੀਤੀ ਗਈ ਪ੍ਰਕ੍ਰਿਆ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Dentine (ਡੇਂਟਿਨ)

ਲਾਤੀਨੀ ਸ਼ਬਦ ਡੇਂਨਸ (dens) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਦੰਦ' ਦੇ। ਦੰਦਾਂ ਦੀ ਅਨੈਮਿਲ ਹੇਠਲੇ ਕਰੜੇ ਅਤੇ ਲਚਕੀਲੇ ਪਦਾਰਥ ਦਾ ਇਹ ਨਾਮ ਹੈ। ਹਾਥੀ-ਦੰਦ ਤਾਂ ਨਿਰੋਲ ਇਸੇ ਹੀ ਪਦਾਰਥ ਦੇ ਬਣੇ ਹੁੰਦੇ ਹਨ।

Dentition (ਡੇਂਟਿਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਡੇਂਨਸ (dens) ਹੈ, ਜਿਸ ਦੇ ਅਰਥ ਹਨ 'ਦੰਦ' ਦੇ। ਮੂੰਹ ਅੰਦਰ ਦੰਦਾਂ ਦੀ ਵੰਨਗੀ, ਗਿਣਤੀ ਅਤੇ ਤਰਤੀਬ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Deoxyribo-nuclease (ਡੀਆਕਸਿਰਾਬੋ-ਨਿਊਕਲਿਏਜ਼)

ਇਹ ਉਸ ਐਨਜ਼ਾਈਮ ਦਾ ਨਾਮ ਹੈ ਜਿਹੜਾ ਡੀ ਐਨ ਏ ਨੂੰ ਖੋਰ ਕੇ, ਇਸ ਅੰਦਰਲੀਆਂ

ਨਾਈਟ੍ਰੋਜਨ-ਖਾਰੀ ਕੜੀਆਂ ਨੂੰ ਇਕ ਦੂਜੀ ਨਾਲੋਂ ਨਿਖੇੜ ਦਿੰਦਾ ਹੈ।

Deoxyribose nucleic acid (ਡੀਆਕਸਿਰਾਇਬੋਜ਼ ਨਿਊਕਲਿਅਕ ਐਸਿਡ)

ਸੈੱਲ ਦੇ ਨਿਊਕਲੀਅਸ ਅੰਦਰ ਮੁਖ ਤੌਰ ਤੇ ਕੇਂਦ੍ਰਿਤ ਤੇਜ਼ਾਬੀ ਸੁਭਾਅ ਵਾਲੇ ਉਸ ਅਣੂ ਦਾ ਇਹ ਨਾਮ ਹੈ, ਜਿਸ ਦੇ ਜੁਜ਼ ਹਨ : ਡੀਆਕਸਿਰਾਇਬੋਜ਼ ਖੰਡ, ਫ਼ਾਸਫ਼ੇਟ ਅਤੇ ਨਾਈਟ੍ਰੋਜਨੀ ਖਾਰ। ਇਸੇ ਨੂੰ ਡੀ ਐਨ ਏ ਦੇ ਉਪਨਾਮ ਨਾਲ ਵੀ ਜਾਣਿਆ ਜਾਂਦਾ ਹੈ। ਡੀ ਐਨ ਏ ਦੀ ਅਰਬਾਂ ਕੜੀਆਂ ਦੀ ਦੋ-ਲੜੀ ਬਣਤਰ ਅੰਦਰ ਹੀ ਜੀਨ ਥਾਂ-ਪਰ-ਥਾਂ ਸਥਾਪਤ ਹਨ ਅਤੇ ਜੀਨਾਂ ਅੰਦਰਲੀ ਖਾਰੀ ਕੜੀਆਂ ਦੀ ਤਰਤੀਬ, ਉਨ੍ਹਾਂ ਦੀ ਵਿਸ਼ੇਸ਼ਤਾ ਉਜਾਗਰ ਕਰਦੀ ਹੈ। ਕ੍ਰੋਮੋਸੋਮ ਵੀ ਹੋਰ ਕੁਝ ਨਹੀਂ, ਤਹਿ-ਬਰ-ਤਹਿ ਸਿਮਟਿਆ ਡੀ ਐਨ ਏ ਹੈ। ਡੀ ਐਨ ਏ ਦੀ ਨੁਹਾਰ , ਇਕ ਦੂਜੀ ਦੀਆਂ ਪੂਰਕ ਦੋ ਲੜੀਆਂ ਵਾਲੀ ਹੈ, ਜਿਹੜੀਆਂ ਇਕ ਦੂਜੀ ਨਾਲ ਪੌੜੀ ਵਾਂਗ ਜੁੜੀਆਂ ਹੁੰਦੀਆਂ ਹਨ ਅਤੇ ਇਸ ਪੌੜੀ ਦੀ ਅਗੋਂ ਚੂੜੀਦਾਰ ਵਲੇਵਿਆਂ ਵਾਲੀ ਬਨਾਵਟ ਹੁੰਦੀ ਹੈ।

Deperulation (ਡੀਪੀਰਯੂਲੇਸ਼ਨ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਡੀ (de), ਜਿਸ ਦੇ ਅਰਥ ਹਨ 'ਲਾਂਭੇ ਕਰਨ' ਦੇ ਅਤੇ ਦੂਜਾ ਪੀਰਯੁਲਾ (perula), ਜਿਸ ਦੇ ਅਰਥ ਹਨ 'ਬਟੂਏ ਦੇ ਪੱਲੇ' ਦੇ। ਜਦ ਕਲੀ ਫੁੱਲ ਦਾ ਰੂਪ ਧਾਰਦੀ ਹੈ ਤਾਂ ਇਸ ਦੀਆਂ ਬੰਦ ਪੱਤੀਆਂ, ਖਿੜ ਕੇ ਇਕ ਦੂਜੀ ਨਾਲੋਂ ਲਾਂਭੇ ਹੋ ਜਾਂਦੀਆਂ ਹਨ। ਇਸੇ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Depigmentation (ਡੀਪਿਗਮਨਟੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਡੀ (de) ਅਤੇ ਪਿੰਗੱਰਿ (pingere) ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਲਾਂਭੇ ਕਰਨ' ਦੇ ਅਤੇ ਦੂਜੇ ਦੇ, 'ਰੰਗਣ' ਦੇ। ਸੈੱਲਾਂ ਅੰਦਰਲੇ ਰੰਗੀਜਲੇ ਕਣਾਂ ਨੂੰ ਕਿਸੇ ਵੀ ਪ੍ਰਕਾਰ ਨਸ਼ਟ ਕਰਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Depilation (ਡੈਪਿਲੇਸ਼ਨ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਇਕ ਡੀ (de), ਜਿਸ ਦੇ ਅਰਥ ਹਨ 'ਲਾਂਭੇ ਕਰਨ' ਦੇ ਅਤੇ ਦੂਜਾ ਪਿਲ਼ਸ (pilus), ਜਿਸ ਦੇ ਅਰਥ ਹਨ 'ਰੋਮ' ਦੇ ਜਾਂ 'ਲੂੰ' ਦੇ। ਸਰੀਰ ਦੇ ਕਿਸੇ ਅੰਗ ਤੋਂ ਜਾਂ ਅੰਗ ਦੇ ਭਾਗ ਤੋਂ ਰੋਮ ਲਾਹੁਣ ਦੀ ਪ੍ਰਕ੍ਰਿਆ ਨੂੰ ਇਹ ਪਦ ਦਰਸਾਉਂਦਾ ਹੈ। ਅੱਲੇ ਬੂਟਿਆਂ ਦੀ ਲੂੰਦਾਰ ਪਰਤ ਹੁੰਦੀ ਹੈ ਜਦ ਇਹ ਵੱਡੇ ਹੋ ਜਾਂਦੇ ਹਨ ਤਾਂ ਇਨ੍ਹਾਂ ਦੀ ਪਰਤ ਲੂੰ ਬਿਨਾਂ ਸਾਫ ਹੋ ਜਾਂਦੀ ਹੈ। ਇਸ ਪ੍ਰਕ੍ਰਿਆ ਲਈ ਵੀ ਉਪਰੋਕਤ ਪਦ ਹੀ ਵਰਤਿਆ ਜਾਂਦਾ ਹੈ।

Depressant (ਡੀਪ੍ਰੈਸੈਨਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਡੀਪ੍ਰਿਮੱਰਿ (deprimere) ਹੈ, ਜਿਸ ਦੇ ਅਰਥ ਹਨ 'ਦਬਾਈ ਰੱਖਣ' ਦੇ। ਸਰੀਰ ਦੀ ਉਤੇਜਨਾ ਜਿਸ ਪਦਾਰਥ ਜਾਂ ਦਵਾ ਖਾਣ ਨਾਲ ਢੈਲੀ ਪੈ ਜਾਵੇ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Depressor (ਡੀਪ੍ਰੈਸੱਰ)

ਲਾਤੀਨੀ ਸ਼ਬਦ ਡੀਪ੍ਰਿਮੱਰਿ (deprimere) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਦਬਾਈ ਰੱਖਣ' ਦੇ। ਇਹ ਪਦ ਉਨ੍ਹਾਂ ਮਾਸਪੇਸ਼ੀਆਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਸੁੰਗੜਨ ਨਾਲ ਇਨ੍ਹਾਂ ਨਾਲ ਪ੍ਰਣਾਈ ਹੋਈ ਸਰੀਰਕ ਬਣਤਰ ਜਾਂ ਅੰਗ ਹੇਠਾਂ ਵੱਲ ਨੂੰ ਹਰਕਤ ਕਰਦੇ ਹਨ।

Dermaptera (ਡਮੈੱਪਟਰਾ)

ਭੂੰਡੀ ਜਿਹੇ ਕੀਟਾਂ ਦੇ ਇਕ ਵਰਗ ਦਾ ਉਪਰੋਕਤ ਨਾਮ ਹੈ। ਇਨ੍ਹਾਂ ਕੀਟਾਂ ਦੇ ਅਗਲੇ ਪਰ ਚੀੜ੍ਹੇ ਤੇ ਕਰੜੇ ਹੁੰਦੇ ਹਨ ਅਤੇ ਇਨ੍ਹਾਂ ਦੇ ਧੜ੍ਹ ਨਾਲ ਪਿਛਾਂਹ ਨਿਕਲਵੇਂ ਤਕਲੇ ਜਿਹੇ ਵਧਾਆਂ ਦਾ ਜੋੜਾ ਜੜਿਆ ਹੁੰਦਾ ਹੈ, ਜਿਨ੍ਹਾਂ ਦੁਆਰਾ ਇਹ ਖਾਣ ਲਈ ਹੋਰਨਾਂ ਕੀਟਾਂ ਨੂੰ ਫੜਦੇ ਹਨ।

Dermis (ਡਰਮਿਸ)

ਇਹ ਯੂਨਾਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਖਲੜੀ' ਦੇ। ਪ੍ਰਾਣੀਆਂ ਦੀ ਤੁਚਾ ਦੀ ਬਾਹਰਲੀ ਤਹਿ ਹੇਠਲੀ ਪਰਤ ਦਾ ਇਹ ਨਾਮ ਹੈ, ਜਿਸ ਦੀ ਰਦਈ ਭਰਤ ਅੰਦਰ ਪਸੀਨਾਂ-ਗ੍ਰੰਥੀਆਂ, ਨਸਾਂ, ਲਹੂ-ਵਹਿਣੀਆਂ, ਲਿਮਫ ਨਾਲੀਆਂ ਅਤੇ ਚਰਬੀ ਸਥਿਤ ਹਨ।

Dermoptera (ਡਰਮੱਪਟਰਾ)

ਇਹ ਨਾਮ ਪਸ਼ੂਆਂ ਦੇ ਉਸ ਵਰਗ ਦਾ ਹੈ, ਜਿਸ 'ਚ ਵਾਯੂ ਉਪਰ ਤਿਲਕਦੇ ਲੀਮਰ ਸ਼ਾਮਲ ਹਨ। ਇਨ੍ਹਾਂ ਲੂਮੜੀ ਜਿਹੇ ਪ੍ਰਾਣੀਆਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਰਹਿੰਦੇ ਬ੍ਰਿਛਾਂ ਉਪਰ ਹਨ ਅਤੇ ਵਾਯੂ ਉਪਰ ਤਿਲਕਦੇ ਹੋਏ (ਗਲਾਈਡ ਕਰਕੇ) ਇਹ ਭੂਮੀ ਉਪਰ ਉਤਰਦੇ ਹਨ। ਅਜਿਹਾ ਇਹ ਇਨ੍ਹਾਂ ਦੀ ਵੱਖੀ ਦੀ ਚਮੜੀ ਦੇ ਪਾਸਿਆਂ ਵੱਲ ਨੂੰ ਪੱਲੇ ਜਿਉਂ ਵਧੇ ਹੋਏ ਹੋਣ ਕਾਰਨ ਕਰ ਸਕਦੇ ਹਨ।

Desert (ਡਿਜ਼ਰਟ)

ਵਸੋਂ ਰਹਿਤ ਰੋਹੀ-ਬੰਜਰ, ਭਾਵ ਮਾਰੂਥਲ ਦਾ ਇਹ ਨਾਮ ਹੈ, ਜਿਸ ਦੇ ਹੋਂਦ 'ਚ ਆਉਣ ਦਾ ਕਾਰਨ ਇਹ ਹੈ ਕਿ ਇਨ੍ਹਾਂ ਸਥਾਨਾਂ 'ਤੇ ਵਰਖਾ ਦੁਆਰਾ ਪ੍ਰਾਪਤ ਹੋਣ ਵਾਲੀ ਨਮੀ ਤੋਂ ਕਿਧਰੇ ਵਧ ਨਮੀ ਵਾਸ਼ਪ ਬਣ ਬਣ ਉਡਦੀ ਰਹਿੰਦੀ ਹੈ।

Devonian (ਡਵੋਨਿਅਨ)

ਇਸ ਪਦ ਦਾ ਆਧਾਰ ਡੇਵਨ (Devon) ਹੈ, ਜਿਹੜਾ ਕਿ ਉਸ ਸਥਾਨ ਦਾ ਨਾਮ ਹੈ ਜਿਥੋਂ, ਪਹਿਲੀ ਵਾਰ, ਅੱਜ ਤੋਂ ਸਾਢੇ 32 ਕ੍ਰੋੜ (325,000,000) ਵਰ੍ਹੇ ਪਹਿਲਾਂ ਹੋਂਦ 'ਚ ਆਈਆਂ ਚਟਾਨਾਂ ਮਿਲੀਆਂ ਸਨ ਅਤੇ ਇਸੇ ਕਰਕੇ ਉਸ ਪੁਰਾਤਨ ਯੁਗ ਨੂੰ ਉਪਰੋਕਤ ਨਾਮ ਨਾਲ ਜਾਣਿਆ ਗਿਆ, ਜਿਸ ਦਾ ਸਾਢੇ 32 ਕ੍ਰੋੜ ਵਰ੍ਹੇ ਪਹਿਲਾਂ ਆਰੰਭ ਹੋਇਆ ਅਤੇ ਅੱਜ ਤੋਂ 28 ਕ੍ਰੋੜ (280,000,000) ਵਰ੍ਹੇ ਪਹਿਲਾਂ ਜਿਸ ਦਾ ਅੰਤ ਹੋਇਆ। ਇਹ ਯੁਗ, ਇਕ ਪ੍ਰਕਾਰ, ਮੱਛੀਆਂ ਦਾ ਯੁਗ ਸੀ, ਜਿਸ ਦੌਰਾਨ ਇਨ੍ਹਾਂ ਦੀਆਂ ਅਨੇਕਾਂ ਨਸਲਾਂ ਵਿਕਸਿਤ ਹੋਈਆਂ।

Diapause (ਡਾਇਆਪੱਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਡਾਇਆਪੱਇਨ (diapauein) ਹੈ, ਜਿਸ ਦੇ ਅਰਥ ਹਨ 'ਰੋਕਣ' ਦੇ। ਕੀਟਾਂ ਦੀ ਕਾਰਜਹੀਣ ਸਿਥਲ ਜੀਵਨੀਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਨੂੰ ਕੀਟ ਉਸ ਸਮੇਂ ਅਪਣਾਉਂਦੇ ਹਨ ਜਦ ਆਲੇ ਦੁਆਲੇ ਦੇ ਹਾਲਾਤ, ਮੌਸਮੀ ਫੇਰ-ਬਦਲ ਕਾਰਨ, ਆਰਜ਼ੀ ਤੌਰ 'ਤੇ ਇਨ੍ਹਾਂ ਦੇ ਅਨੁਕੂਲ ਨਹੀਂ ਰਹਿੰਦੇ। ਇਸ ਸਥਿਤੀ ਦੌਰਾਨ ਇਨ੍ਹਾਂ ਦੀਆਂ ਸਰੀਰਕ ਕ੍ਰਿਆਵਾਂ, ਕੁਝ ਸਮੇਂ ਲਈ, ਰੁਕ ਜਾਂਦੀਆਂ ਹਨ।

Diaphragm (ਡਾਇਆਫ੍ਰੈਮ)

ਇਸ ਯੂਨਾਨੀ ਆਧਾਰ ਵਾਲੇ ਸ਼ਬਦ ਦੇ ਅਰਥ ਹਨ 'ਪੇਟ ਅੰਦਰਲੇ ਪਰਦੇ' ਦੇ। ਇਸ ਪਰਦੇ ਦੀ ਪੇਟ ਅੰਦਰ ਮੌਜੂਦਗੀ ਕੇਵਲ ਪਸ਼ੂਆਂ ਦੀ ਵਿਸ਼ੇਸ਼ਤਾ ਹੈ ਅਤੇ ਇਹ ਸ੍ਵਾਸ-ਪ੍ਰਣਾਲੀ ਦਾ ਸਹਾਇਕ ਅੰਗ ਹੈ, ਜਿਹੜਾ ਅਗਾਂਹ-ਪਿਛਾਂਹ, ਪਰ ਮਨੁੱਖ ਦੇ ਪ੍ਰਸੰਗ 'ਚ ਉਪਰ-ਥੱਲੇ ਹਰਕਤ ਕਰਦਾ ਹੋਇਆ, ਫੇਫੜਿਆਂ ਲਈ ਉਪਯੋਗੀ ਸਿੱਧ ਹੁੰਦਾ ਹੈ।

Diaspore (ਡਾਇਅਸਪੱਰ)

ਯੂਨਾਨੀ ਸ਼ਬਦ ਡਾਇਅਸਪਾਰੋਂ

(diaspora) ਇਸ ਪਦ ਦਾ ਆਧਾਰ ਹੈ, ਜਿਸਦੇ ਅਰਥ ਹਨ 'ਖਿੰਡਣ' ਦੇ। ਬੂਟਿਆਂ ਦੇ ਬੀਜਾਂ ਅਤੇ ਬੀਜਾਣੂਆਂ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜੇ ਆਸੀਂ-ਪਾਸੀਂ ਖਿੰਡ ਕੇ ਨਵੇਂ ਬੂਟਿਆਂ ਵਜੋਂ ਪੁੰਗਰਨ ਯੋਗ ਹੁੰਦੇ ਹਨ।

Dichlorvos (ਡਾਈਕਲੌਰਵੌਸ)

ਮੱਕੜੀਆਂ ਅਤੇ ਕੀਟਾਂ ਨੂੰ ਨਸ਼ਟ ਕਰਨ ਵਾਲੇ ਇਕ ਕੀਟਨਾਸ਼ਕ ਦਾ ਇਹ ਨਾਮ ਹੈ, ਜਿਸ ਦੇ ਜ਼ਹਿਰੀਲੇ ਪ੍ਰਭਾਵ ਦਾ ਥੋੜ੍ਹੇ ਸਮੇਂ 'ਚ ਅੰਤ ਹੋ ਜਾਂਦਾ ਹੈ।

Dichogamy (ਡਾਇਕੌਗੈਮਿ)

ਅਨੇਕਾਂ ਬੂਟੇ ਹਨ, ਜਿਨ੍ਹਾਂ ਦੇ ਫੁੱਲਾਂ ਅੰਦਰ ਨਰ ਅਤੇ ਮਾਦਾ ਪ੍ਰਜਣਨ ਅੰਗ ਨਾਲ ਨਾਲ ਸਥਿਤ ਹਨ, ਪਰ ਇਹ ਅੰਗ ਪਕਦੇ ਇਕ ਸਮੇਂ ਨਹੀਂ। ਸ੍ਵੈਪ੍ਰਾਗਣ ਤੋਂ ਬਚਣ ਲਈ ਇਹ ਅੱਡ ਅੱਡ ਸਮੇਂ ਪ੍ਰਜਣਨ-ਸੈੱਲ ਉਪਜਾਉਂਦੇ ਹਨ। ਇਸੇ ਸਥਿਤੀ ਲਈ ਉਪਰੋਕਤ ਪਦ ਰਾਖਵਾਂ ਹੈ।

Dicophane (ਡਾਇਕੌਫੇਨ)

ਜਿਸ ਕੀਟਨਾਸ਼ਕ ਨੂੰ ਆਮ ਤੌਰ ਤੇ ਡੀ ਡੀ ਟੀ ਵਜੋਂ ਜਾਣਿਆ ਜਾਂਦਾ ਹੈ, ਉਸੇ ਦਾ ਇਹ ਉਪਨਾਮ ਹੈ।

Dicotyledonous (ਡਈਕੌਟਿਲਿਡਨਸ)

ਇਸ ਪਦ ਅੰਦਰ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਡਾਈ (di) ਅਤੇ ਕਾਟਿਲਿਡਨ (kotyledon), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋ' ਦੇ ਅਤੇ ਦੂਜੇ ਦੇ 'ਖੋਖਲੇਪਣ' ਦੇ। ਫੁੱਲਦਾਰ ਰੁੱਖ ਅਤੇ ਬੂਟੇ ਜਿਹੜੇ ਬੀਜਾਂ ਤੋਂ ਪੁੰਗਰਦੇ ਹਨ ਅਤੇ ਜਿਹੜੇ ਬੀਜ ਇਹ ਉਪਜਾਉਂਦੇ ਹਨ, ਉਨ੍ਹਾਂ ਅੰਦਰ ਦੋ ਬੀਜ-ਪੱਤੀਆਂ ਹੁੰਦੀਆਂ ਹਨ। ਇਸੇ ਲਈ ਇਨ੍ਹਾਂ ਪੌਦਿਆਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Dictyopteca (ਡਿਕਟਿਔਪਟਰਾ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਡਿਕਟਿਅਨ (diktyon) ਅਤੇ ਟੈਰਿਕਸ (pteryx) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਜਾਲ' ਦੇ ਤੇ 'ਪਰ' ਦੇ। ਜਿਨ੍ਹਾਂ ਕੀਟਾਂ ਦੇ ਪਰਾਂ ਅੰਦਰ ਰੇਸ਼ੇਦਾਰ ਜਾਲ ਉਣਿਆ ਹੁੰਦਾ ਹੈ, ਉਨ੍ਹਾਂ ਦੇ ਵਰਗ ਦਾ ਉਪਰੋਕਤ ਨਾਮ ਹੈ। ਇਸ ਵਰਗ ਅੰਦਰ ਕਾਕਰੋਚ ਅਤੇ ਅਗਲੀਆਂ ਲੰਬੀਆਂ ਟੰਗਾਂ ਵਾਲੇ ਟਿੱਡੇ ਸ਼ਾਮਲ ਹਨ।

Dieldrin (ਡਾਇਅਲਡਰਿਨ)

ਇਕ ਕੀਟਨਾਸ਼ਕ ਦਾ ਇਹ ਨਾਮ ਹੈ, ਜਿਸ ਦਾ ਵਿਸ਼ੈਲਾ ਪ੍ਰਭਾਵ ਲੰਬੇ ਸਮੇਂ ਤਕ ਬਣਿਆ ਰਹਿੰਦਾ ਹੈ ਅਤੇ ਜਿਸ ਨਾਲ ਮਰੇ ਕੀਟਾਂ ਨੂੰ ਖਾ ਖਾ ਪੰਛੀ ਵੀ ਮਰਦੇ ਰਹਿੰਦੇ ਹਨ। ਇਸ ਲਈ ਕਈ ਦੇਸ਼ਾਂ 'ਚ ਇਸ ਦੀ ਵਰਤੋਂ ਉਪਰ ਪਾਬੰਦੀ ਹੈ।

Differentiation (ਡਿਫ਼ਰੈਨਸ਼ਿਏਸ਼ਨ)

ਲਾਤੀਨੀ ਸ਼ਬਦ ਡਿਫੱਰੱ (differre) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਵਖਰੇ ਬਣ ਜਾਣ' ਦੇ। ਜੀਵ ਦੀ ਸਰੀਰਕ ਪ੍ਰਗਤੀ ਦੌਰਾਨ ਨਵੇਂ ਹੋਂਦ 'ਚ ਆ ਰਹੇ ਸੈੱਲ, ਪਹਿਲਿਆਂ ਨਾਲੋਂ ਥੋੜ੍ਹੇ ਥੋੜ੍ਹੇ ਵਖਰੇ ਢਲਦੇ ਰਹਿੰਦੇ ਹਨ, ਇਸ ਲਈ ਕਿਉਂਕਿ ਇਨ੍ਹਾਂ ਨੇ ਭਿੰਨ ਭਿੰਨ ਅੰਗਾਂ ਦਾ ਰੂਪ ਧਾਰਨ ਕਰਨਾ ਹੁੰਦਾ ਹੈ। ਨਵਜੀਵ ਦੇ ਪ੍ਰੌਢ ਅਵਸਥਾ ਅਪਣਾਉਣ ਤਕ ਇਹ ਪ੍ਰਕ੍ਰਿਆ ਚਲਦੀ ਰਹਿੰਦੀ ਹੈ ਅਤੇ ਇਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Digenic (ਡਾਈਜੈਨਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਡਿਸ (dis), ਜਿਸ ਦੇ ਅਰਥ ਹਨ 'ਦੋ' ਦੇ ਅਤੇ ਦੂਜਾ ਜਿਨੱਸ (genos), ਜਿਸ ਦੇ ਅਰਥ ਹਨ 'ਉਤਪਤੀ' ਦੇ। ਜਿਹੜੀ ਸਰੀਰਕ

ਵਿਸ਼ੇਸ਼ਤਾ ਦੋ ਜੀਨਾਂ ਦੇ ਪ੍ਰਗਟਾਵੇ ਦਾ ਸਿੱਟਾ ਹੁੰਦੀ ਹੈ, ਉਸੇ ਲਈ ਇਹ ਪਦ ਵਰਤਿਆ ਜਾਂਦਾ ਹੈ।

Digestion (ਡਿਜੇੱਸਚਨ, ਡਿਜੇੱਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਡਿਜੇੱਸ਼ਿਓ (degestio) ਹੈ, ਜਿਸ ਦੇ ਅਰਥ ਹਨ 'ਹਜ਼ਮ ਹੋਣ' ਦੇ। ਖਾਧੀ ਖ਼ੁਰਾਕ ਦੇ ਮੂੰਹ ਅੰਦਰ ਚਬਾਏ ਗਏ ਟੁਕੜਿਆਂ ਨੂੰ ਮਿਹਦੇ ਅੰਦਰਲੇ ਐਨਜ਼ਾਈਮ ਹੋਰ ਵੀ ਮਹੀਨ, ਆਂਦਰਾਂ ਅੰਦਰ ਸਮੋਏ ਜਾਣ ਯੋਗ ਬਣਾ ਦਿੰਦੇ ਹਨ। ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Digit (ਡਿਜਿਟ)

ਲਾਤੀਨੀ ਸ਼ਬਦ ਡਿਜਿਟਸ (digitus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਉਂਗਲ' ਦੇ। ਰੀੜ੍ਹਧਾਰੀ ਪ੍ਰਾਣੀਆਂ ਦੀਆਂ ਟੰਗਾਂ ਦੇ ਸਿਰਿਆਂ ਤੇ ਪੰਜ ਉਂਗਲੀਆਂ ਸਥਿਤ ਹਨ, ਜਿਨ੍ਹਾਂ 'ਚੋਂ ਹਰ ਇਕ ਲਈ ਉਪਰੋਕਤ ਪਦ ਰਾਖਵਾਂ ਹੈ। ਮੱਛੀਆਂ 'ਚ ਕਿਉਂਕਿ ਟੰਗਾਂ ਨਹੀ, ਖੰਭੜੇ ਹੁੰਦੇ ਹਨ, ਇਸ ਲਈ ਉਨ੍ਹਾਂ 'ਚ ਇਹ ਸਥਿਤੀ ਨਹੀਂ ਹੁੰਦੀ।

Digitigrade (ਡਿਜਿਟਿਗ੍ਰੇਡ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਡਿਜਿਟਿਸ (digitus) ਅਤੇ ਗ੍ਰੇਡੱਸ (gradus), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਉਂਗਲ' ਦੇ ਅਤੇ ਦੂਜੇ ਦੇ 'ਪਗ' ਦੇ। ਉਪਰੋਕਤ ਪਦ ਅਜਿਹੇ ਪਸ਼ੂਆਂ ਲਈ ਰਾਖਵਾਂ ਹੈ, ਜਿਹੜੇ ਤੁਰਦਿਆਂ ਅਤੇ ਨਠਦਿਆਂ, ਪੈਰਾਂ ਦਾ ਨਹੀਂ, ਪੈਰਾਂ ਦੀਆਂ ਕੇਵਲ ਉਂਗਲਾਂ ਦਾ ਉਪਯੋਗ ਕਰਦੇ ਹਨ। ਕੁੱਤਿਆਂ, ਬਿੱਲਿਆਂ ਅਤੇ ਸ਼ੇਰਾਂ-ਚੀਤਿਆਂ ਦੀਆਂ ਕੇਵਲ ਉਂਗਲਾਂ ਜ਼ਮੀਨ ਉਪਰ ਟਿਕਦੀਆਂ ਹਨ, ਹਥੇਲੀਆਂ ਜਾਂ ਪਾਤਲੀਆਂ ਨਹੀਂ।

Diluvium (ਡਾਇਲੂਵੀਅਮ)

'ਭਾਰੀ ਹੜ੍ਹ' ਲਈ ਵਰਤਿਆ ਜਾਂਦਾ ਇਹ ਲਾਤੀਨੀ ਸ਼ਬਦ, ਮਿਟੀ ਦੀ ਉਸ ਪਰਤ ਲਈ ਵੀ ਵਰਤਿਆ ਜਾਂਦਾ ਹੈ, ਜਿਹੜੀ ਹੜ੍ਹਾਂ ਦੇ ਪਾਣੀ ਨਾਲ ਪਹਾੜੀ ਖੇਤਰਾਂ 'ਚੋਂ ਰੁੜ੍ਹ ਕੇ ਆਉਂਦੀ ਹੈ ਅਤੇ ਫਿਰ ਮੈਦਾਨਾਂ 'ਚ ਵਿਛ ਕੇ ਜੰਮ ਜਾਂਦੀ ਹੈ।

Dimorphism (ਡਾਇਮਾਰਫ਼ਿਜ਼ਮ)

ਦੋ ਯੂਨਾਨੀ ਸ਼ਬਦ, ਡਿਸ (dis) ਅਤੇ ਮਾਰਫ਼ਿ (morphe), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੋ' ਦੇ ਤੇ 'ਰਚਨਾਂ' ਦੇ। ਇਕ ਜੀਵ ਨਸਲ ਦੇ ਨਰ ਅਤੇ ਮਾਦਾ, ਆਪਣੀ ਸਰੀਰਕ ਰਚਨਾਂ 'ਚ, ਜੇਕਰ, ਇਕ ਦੂਜੇ ਨਾਲੋਂ ਭਿੰਨ ਹੋਣ, ਤਦ ਅਜਿਹੀ ਸਥਿਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਮਨੁੱਖ ਅਤੇ ਮੋਰ ਦੀ ਲਿੰਗ ਆਧਾਰਿਤ ਇਹੋ ਸਥਿਤੀ ਹੈ।

Dinitro insecticides (ਡਾਇਨਾਇਟ੍ਰੋ ਇਨਸੈੱਕਟਿਸਾਇਡਜ਼)

ਨਾਈਟ੍ਰੋਜਨ ਆਧਾਰ ਵਾਲੇ ਕੀਟਨਾਸ਼ਕਾਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦਾ ਸਰਬਗੀ ਉਪਯੋਗ ਕੀਟਾਂ ਉਪਰ, ਮੱਕੜੀਆਂ ਉਪਰ, ਉੱਲੀਆਂ ਉਪਰ, ਨਦੀਨਾਂ ਉਪਰ ਕੀਤਾ ਜਾਂਦਾ ਹੈ। ਇਹ ਕੀਟਨਾਸ਼ਕ ਅਤੀ ਪ੍ਰਭਾਵਸ਼ੀਲ ਹਨ ਅਤੇ ਇਨ੍ਹਾਂ ਦਾ ਪ੍ਰਭਾਵ ਹੁੰਦਾ ਵੀ ਥੋੜ੍ਹਚਿਰਾ ਹੈ, ਜਿਸ ਕਾਰਨ ਇਨ੍ਹਾਂ ਦੀ ਵਰਤੋਂ ਪਰਿਆਵਰਨ ਪੱਖੀ ਸਮਝੀ ਜਾਂਦੀ ਹੈ।

Dinosaurs (ਡਾਇਨੱਸਾਰਜ਼)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਡਾਇਨੱਸ (dinos) ਅਤੇ ਸਾਰ (saur) ਹਨ; ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਲਵਾਨ ਅਤੇ ਭਿਆਨਕ' ਦੇ ਅਤੇ ਦੂਜੇ ਦੇ, 'ਕਿਰਲੇ' ਦੇ। ਮੇਜ਼ੋਜ਼ੁਇਕ ਦੌਰ 'ਚ ਵਿਚਰਦੇ ਉਚੇ, ਲੰਬੇ ਅਤੇ ਬੋਝਲ ਸਰੀਰ ਵਾਲੇ ਕਿਰਲਿਆਂ ਨੂੰ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ, ਜਿਨ੍ਹਾਂ ਦੀਆਂ ਨਸਲਾਂ, ਹਜ਼ਾਰ

ਕੁ ਵਰ੍ਹਿਆਂ ਦੇ ਸਮੇਂ ਅੰਦਰ, ਅੱਜ ਤੋਂ ਸਾਢੇ ਛੇ ਕ੍ਰੋੜ ਵਰ੍ਹੇ ਪਹਿਲਾਂ, ਇਕ ਇਕ ਕਰਕੇ, ਸਾਰੀਆਂ ਦੀਆਂ ਸਾਰੀਆਂ ਲੁਪਤ ਹੋ ਗਈਆਂ ਸਨ।

Dioecious (ਡਾਇਈਸ਼ਸ਼)

ਦੋ ਯੂਨਾਨੀ ਸ਼ਬਦ, ਡਿਸ (dis) ਅਤੇ ਓਇਕਸ (oikos) ਇਸ ਪਦ ’ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਦੋ’ ਦੇ ਤੇ ‘ਘਰ’ ਦੇ। ਜੇਕਰ ਨਰ ਅਤੇ ਮਾਦਾ ਪ੍ਰਜਣਨ ਅੰਗ ਜਾਂ ਫੁੱਲ ਇਕੋ ਪ੍ਰਾਣੀ ’ਚ ਜਾਂ ਇਕ ਪੌਦੇ ’ਤੇ ਹੋਣ ਦੀ ਬਜਾਏ ਵੱਖ ਵੱਖ ਜੀਵਾਂ ’ਚ ਹੋਣ, ਤਦ ਇਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤੋਂ ’ਚ ਆਉਂਦਾ ਹੈ।

Diphycercal (ਡਿਫ਼ਿਸਰਕਲ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਡਿਫ਼ੀਸ (diphes) ਅਤੇ ਕਰਕੱਸ (kerkos) ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਦੂਹਰੇ’ ਦੇ ਅਤੇ ਦੂਜੇ ਦੇ, ‘ਪੂਛ’ ਦੇ। ਲੈਂਪਰੇਆਂ ਅਤੇ ਹੈਮ ਮੱਛੀਆਂ ਦਾ ਪੂਛਲ-ਖੰਭੜਾ (tail-fin), ਲੰਬੇ ਦਾਅ, ਦੋ ’ਚ ਵੰਡਿਆ ਹੁੰਦਾ ਹੈ। ਇਸ ਪ੍ਰਕਾਰ ਦੀ ਦੋ-ਰੁਖੀ ਪੂਛ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Diphyodont (ਡਿਫ਼ਿਆਡਾਂਟ)

ਇਸ ਪਦ ’ਚ ਦੋ ਯੂਨਾਨੀ ਸ਼ਬਦ, ਡਿਫ਼ੀਸ (diphyes) ਅਤੇ ਔਂਡਸ (odous) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਦੋ ਵਾਰ’ ਦੇ ਅਤੇ ‘ਦੰਦ’ ਦੇ। ਉਨ੍ਹਾਂ ਪ੍ਰਾਣੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਜਿਨ੍ਹਾਂ ਦੇ ਦੰਦ ਦੋ ਵਾਰ ਆਉਂਦੇ ਹਨ; ਪਹਿਲੇ ਅਸਥਾਈ, ਆ ਕੇ ਨਿਕਲ ਜਾਣ ਵਾਲੇ ਅਤੇ ਦੂਜੇ, ਸਥਾਈ, ਉਮਰ ਭਰ ਨਾਲ ਨਿਭਣ ਵਾਲੇ।

Diploid (ਡਿਪਲਾਇਡ)

ਯੂਨਾਨੀ ਸ਼ਬਦ, ਡਿਪਲੂਸ (diploos) ਅਤੇ ਇਡੋਸ (eidos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ’ਚੋਂ ਪਹਿਲੇ ਦੇ ਅਰਥ ਹਨ ‘ਦੂਹਰੇ’ ਦੇ ਅਤੇ ਦੂਜੇ ਦੇ, ‘ਰਚਨਾਂ’ ਦੇ। ਜੀਵਾਂ ਦਿਆਂ ਸਾਧਾਰਨ ਸੈੱਲਾਂ ਅੰਦਰ ਕ੍ਰੋਮੋਸੋਮਾਂ ਦਾ ਦੂਹਰਾ ਸੈੱਟ ਹੁੰਦਾ ਹੈ ਅਤੇ ਇਸੇ ਸਥਿਤੀ ਦਾ ਪ੍ਰਤੀਕ ਉਪਰੋਕਤ ਪਦ ਹੈ।

Diplotene (ਡਿਪਲੋਟੀਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਡਿਪਲੂਸ (diploos) ਅਤੇ ਟੇਨੀਆਂ (tainia) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ‘ਦੂਹਰੇ’ ਦੇ ਅਤੇ ‘ਪੱਟੀ’ ਦੇ। ਪ੍ਰਜਣਨ ਸੈੱਲ ਉਪਜਾਉਣ ਸਮੇਂ ਵਾਪਰਦੇ ਮੀਆਟਿਕ ਸੈੱਲ-ਵੰਡਾਰੇ ਦੇ ਪ੍ਰੋਫ਼ੇਜ਼ ਸੱਦੇ ਜਾਂਦੇ ਪੜਾਅ ਦੇ ਛੇਕੜਲੇ ਉਪ-ਪੜਾਅ ਦਾ ਉਪਰੋਕਤ ਨਾਮ ਹੈ, ਜਿਸ ਦੌਰਾਨ ਕ੍ਰੋਮੋਸੋਮੀ ਪੱਟੀ, ਲੰਮੇ ਦਾਅ, ਦੋ ’ਚ ਵੰਡੀ ਜਾਂਦੀ ਹੈ।

Dipnoi (ਡਿਪਨੋਈ)

ਦੋ ਯੂਨਾਨੀ ਸ਼ਬਦ ਡਿਸ (dis) ਅਤੇ ਪਨੀਅਨ (pnein) ਇਸ ਪਦ ਦਾ ਆਧਾਰ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਦੋ’ ਦੇ ਅਤੇ ‘ਸਾਹ ਲੈਣ’ ਦੇ। ਇਸ ਉਪਸ਼੍ਰੇਣੀ ’ਚ ਸ਼ਾਮਲ ਮੱਛੀਆਂ ’ਚ ਗਲਫੜੇ ਅਤੇ ਫੇਫੜੇ, ਦੋਵੇਂ ਸ੍ਵਾਸ ਅੰਗ ਹੋਣ ਕਰਕੇ, ਇਹ ਜਲ ’ਚ ਵੀ ਸਾਹ ਲੈ ਸਕਦੀਆਂ ਹਨ ਅਤੇ ਪੌਣ ’ਚ ਵੀ। 33 ਕ੍ਰੋੜ ਵਰ੍ਹਿਆਂ ਦੇ ਇਤਿਹਾਸ ਵਾਲੀਆਂ ਇਨ੍ਹਾਂ ਮੱਛੀਆਂ ਦੀਆਂ ਅੱਜ ਕੇਵਲ ਤਿੰਨ ਨਸਲਾਂ ਬਚੀਆਂ ਹਨ।

Diptera (ਡਿੱਪਟ੍ਰਾ)

ਇਸ ਪਦ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਡਿਸ (dis) ਅਤੇ ਪਟਰੱਾਨ (pteron)। ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਦੋ’ ਦੇ ਅਤੇ ਦੂਜੇ ਦੇ ‘ਪਰ’ ਦੇ। ਇਹ ਕੀਟਾਂ ਦੇ ਉਸ ਵਰਗ ਦਾ ਨਾਮ ਹੈ, ਜਿਸ ’ਚ ਸ਼ਾਮਲ ਕੀਟਾਂ ਦੇ 4 ਦੀ ਬਜਾਏ ਕੇਵਲ 2 ਪਰ ਹੁੰਦੇ ਹਨ। ਮਨੁੱਖ ਲਈ ਅਤੀ ਮਹੱਤਵ ਮੱਖੀਆਂ ਅਤੇ ਮੱਛਰ ਇਸੇ ਵਰਗ ਦੇ ਕੀਟ ਹਨ ਅਤੇ ਜਿਸ

'ਚ ਸ਼ਾਮਲ ਹੋਰ ਕੀਟ ਵੀ ਜਾਂ ਤਾਂ ਪਸ਼ੂਆਂ ਦਾ ਲਹੂ ਚੂਸਦੇ ਹਨ ਅਤੇ ਜਾਂ ਫਿਰ ਬੂਟਿਆਂ ਦੇ ਅਤੇ ਇਨ੍ਹਾਂ ਦੇ ਫਲਾਂ ਦੇ ਰਸ।

Disease (ਡਿਜ਼ੀਜ਼)

ਤਨ ਜਾਂ ਮਨ ਦੇ ਵਿਕਾਰ ਲਈ ਵਰਤਿਆ ਜਾਂਦਾ ਇਹ ਸਾਧਾਰਨ ਸ਼ਬਦ ਹੈ ਅਤੇ ਜਿਸ ਨੂੰ ਰੋਗ, ਬੀਮਾਰੀ ਜਾਂ ਮਰਜ਼ ਵੀ ਸੱਦਿਆ ਜਾਂਦਾ ਹੈ। ਇਸ ਪਦ ਦੇ ਸ਼ਾਬਦਕ ਅਰਥ ਵੀ ਸੁਖ-ਚੈਨ ਦੇ ਭੰਗ ਹੋ ਜਾਣ ਦੇ ਬਣਦੇ ਹਨ।

Disinfection (ਡਿਸਿਨਫ਼ੇੱਕਸ਼ਨ)

ਦੋ ਲਾਤੀਨੀ ਸ਼ਬਦਾਂ ਤੋਂ ਇਹ ਪਦ ਬਣਿਆ ਹੈ, ਜਿਨ੍ਹਾਂ ਚੋਂ ਪਹਿਲਾ ਹੈ ਡਿਸਪਰਜਰਿ (dispergere), ਜਿਸ ਦੇ ਅਰਥ ਹਨ 'ਖਿੰਡਾ ਦੇਣ' ਦੇ ਅਤੇ ਦੂਜਾ ਹੈ ਇਨਫਿਸਰਿ (inficere), ਜਿਸ ਦੇ ਅਰਥ ਹਨ 'ਲਾਗ' ਦੇ ਜਾਂ 'ਖ਼ਰਾਬੀ' ਦੇ। ਆਲੇ-ਦੁਆਲੇ ਨੂੰ, ਪ੍ਰਯੋਗਸ਼ਾਲਾ ਨੂੰ, ਪਹਿਨਣਯੋਗ ਬਸਤਰਾਂ ਨੂੰ, ਜਲ ਅਤੇ ਪੌਣ ਨੂੰ ਰੋਗਾਣੂਆਂ ਦੀ ਲਾਗ ਤੋਂ ਮੁਕਤ ਕਰਵਾਉਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Distal (ਡਿਸਟਲ)

ਲਾਤੀਨੀ ਸ਼ਬਦ ਡਿਸਟੇਅਰ (distare) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਹਟਵੇਂ' ਦੇ। ਇਹ ਪਦ ਸਰੀਰਕ ਅੰਗਾਂ ਦੇ ਸਰੀਰ ਦੇ ਮਧਕਾਰ ਤੋਂ ਹਟਵੇਂਪਣ ਵਾਲੀ ਸਥਿਤੀ ਦਾ ਪ੍ਰਤੀਕ ਹੈ, ਜਿਸ ਨੂੰ ਸਰੀਰਕ ਅੰਗਾਂ ਜਾਂ ਅੰਗਾਂ ਦਿਆਂ ਉਪਭਾਗਾਂ ਦੀ ਸਥਿਤੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Diversity (ਡਾਇਵਰਸਟਿ)

ਵਿਸ਼ੇਸ਼ ਨਿਰਧਾਰਤ ਚੁਗਿਰਦੇ 'ਚ ਜੀਵ-ਨਸਲਾਂ ਦੀ ਵਿਆਪਕ ਵਿਵਧਤਾ ਨੂੰ ਇਹ ਪਦ ਦਰਸਾਉਂਦਾ ਹੈ। ਜਿੰਨੀਆਂ ਵਧੀਕ ਜੀਵ ਜਾਤੀਆਂ ਇਸ ਚੁਗਿਰਦੇ 'ਚ ਵਿਚਰਦੀਆਂ ਹਨ, ਉਨੀ ਹੀ ਵਧੀਕ ਪਸਾਰ ਵਾਲੀ ਇਥੋਂ ਦੀ ਡਾਇਵਰਸਟਿ ਮੰਨੀ ਜਾਂਦੀ ਹੈ।

Diversity index (ਡਾਇਵਰਸਟਿ ਇੰਡੈਕਸ)

ਇਸ ਪਦ 'ਚ ਸਮਾਏ ਦੋ ਸ਼ਬਦਾਂ ਚੋਂ ਪਹਿਲੇ ਦੇ ਅਰਥ ਹਨ 'ਵਿਵਧਤਾ' ਦੇ ਜਾਂ 'ਵੰਨ-ਸੁਵੰਨੇਪਣ' ਦੇ ਅਤੇ ਦੂਜੇ ਦੇ, 'ਸੂਚਕ-ਸੰਕੇਤ' ਦੇ। ਨਿਰਧਾਰਤ ਚੁਗਿਰਦੇ 'ਚ ਵਿਚਰਦੀਆਂ ਜੀਵ ਨਸਲਾਂ ਦੀ ਵੰਨਗੀ ਦਾ ਜੋ ਅਨੁਪਾਤ ਉਥੇ ਵਿਚਰਦੇ ਜੀਵਾਂ ਦੀ ਵਿਅਕਤੀਗਤ ਗਿਣਤੀ ਨਾਲ ਹੁੰਦਾ ਹੈ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Dizygotic twins (ਡਾਈਜ਼ਿਗਾੱਟਿਕ ਟ੍ਵਿਨਜ਼)

ਇਸ ਪਦ ਦਾ ਪਹਿਲਾ ਭਾਗ ਦੋ ਯੂਨਾਨੀ ਸ਼ਬਦਾਂ ਦਾ ਜੁੜਵਾਂ ਰੂਪ ਹੈ, ਡਿਸ (dis) ਦਾ ਅਤੇ ਜ਼ਿਗਾੱਟਸ (zygotos) ਦਾ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋ' ਦੇ ਅਤੇ ਦੂਜੇ ਦੇ, 'ਜੋਟੇ' ਦੇ। ਪਦ ਦਾ ਦੂਜਾ ਭਾਗ 'ਜੌੜਿਆਂ' ਲਈ ਵਰਤਿਆ ਜਾਂਦਾ ਸਾਧਾਰਨ ਸ਼ਬਦ ਹੈ। ਉਨ੍ਹਾਂ ਜੌੜੇ ਬੱਚਿਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਦੋ ਆਂਡਿਆਂ ਦੇ, ਇਕੋ ਸਮੇਂ, ਪਰ ਵੱਖ ਵੱਖ ਨਿਸ਼ੇਚੇ ਜਾਣ ਉਪਰੰਤ ਪ੍ਰਗਟ ਹੋ ਕੇ ਜਨਮ ਲੈਂਦੇ ਹਨ। ਜੀਨਾਂ ਪਖੋਂ ਇਹ ਇਕ ਸਮਾਨ ਨਹੀਂ ਹੁੰਦੇ, ਜਿਵੇਂ ਕਿ ਸਮਰੂਪੀ ਜੌੜੇ ਹੁੰਦੇ ਹਨ।

DNA (ਡੀ ਐਨ ਏ)

ਕ੍ਰੋਮੋਸੋਮ, ਜੀਵਨ ਦਾ ਆਧਾਰ ਬਣਨ ਵਾਲੇ ਜਿਸ ਅਣੂ ਦਾ ਸਿਮਟਿਆ ਰੂਪ ਹੁੰਦੇ ਹਨ, ਉਸ ਦਾ ਵਿਗਿਆਨਕ ਨਾਮ ਹੈ, ਡੀਆਕਸਿਰਾਇਬੋਜ਼ ਨਿਊਕਲਿਅਕ ਐਸਿਡ ਅਤੇ ਉਸੇ ਦੇ ਸੰਕੇਤਕ ਚਿੰਨ੍ਹ ਵਜੋਂ ਅੰਗ੍ਰੇਜ਼ੀ ਵਰਣਮਾਲਾ ਦੇ ਉਪਰੋਕਤ ਤਿੰਨ ਅੱਖਰ ਵਰਤੇ ਜਾਂਦੇ ਹਨ।

DNA amplification (ਡੀ ਐਨ ਏ ਐਮਪਲਿਫ਼ਿਕੇਸ਼ਨ)

ਐਮਪਲਿਫ਼ਿਕੇਸ਼ਨ ਦੇ ਅਰਥ ਹਨ 'ਵਿਸਤਾਰ' ਦੇ ਜਾਂ 'ਫੈਲਾਓ' ਦੇ। ਪ੍ਰਯੋਗਸ਼ਾਲਾ 'ਚ ਡੀ ਐਨ ਏ ਦੇ ਪ੍ਰਤਿਚਿੱਤਰ ਉਪਜਾਉਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਸ ਪ੍ਰਕ੍ਰਿਆ ਲਈ ਪੀ ਸੀ ਆਰ (PCR) ਵਿਧੀ ਅਪਣਾਈ ਜਾਂਦੀ ਹੈ, ਜਿਸ ਅਧੀਨ ਐਨਜ਼ਾਈਮਾਂ ਦੁਆਰਾ ਮੁਢਲੇ ਡੀ ਐਨ ਏ ਦੀਆਂ ਅਣਗਿਣਤ ਕਾਪੀਆਂ ਅੱਖ-ਫੋਰੇ 'ਚ ਪ੍ਰਾਪਤ ਕਰਨੀਆਂ ਸੰਭਵ ਹੁੰਦੀਆਂ ਹਨ।

DNA bank (ਡੀ ਐਨ ਏ ਬੈਂਕ)

ਲੁਪਤ ਹੋਣ ਦੀ ਸੀਮਾ ਉਪਰ ਵਿਚਰ ਰਹੇ ਜੀਵਾਂ ਦੇ ਡੀ ਐਨ ਏ ਦੀ ਅਤੇ ਜਾਂ ਫਿਰ ਵਿਅਕਤੀਆਂ ਦੇ ਡੀ ਐਨ ਏ ਦੀ ਸੰਭਾਲ ਕਰ ਸਕਣ ਵਾਲੀ ਪ੍ਰਯੋਗਸ਼ਾਲਾ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

DNA fingerprinting (ਡੀ ਐਨ ਏ ਫਿੰਗ੍ਰ-ਪ੍ਰਿੰਟਿੰਗ)

ਫਿੰਗ੍ਰ-ਪ੍ਰਿੰਟਿੰਗ ਦੇ ਅਰਥ ਹਨ 'ਉਂਗਲ' ਦੀ, ਭਾਵ 'ਅੰਗੂਠੇ' ਦੀ ਛਾਪ ਦੇ, ਜਿਹੜਾ ਹਰ ਇਕ ਵਿਅਕਤੀ ਦਾ ਵਿਸ਼ੇਸ਼ ਹੁੰਦਾ ਹੈ ਅਤੇ ਜਿਸ ਦੀ ਜਾਂਚ ਦੁਆਰਾ ਵਿਅਕਤੀ ਦੀ ਪਛਾਣ ਕਰਨਾ ਸੰਭਵ ਹੈ। ਜੇਕਰ ਇਸੇ ਪਛਾਣ ਦਾ ਆਧਾਰ ਡੀ ਐਨ ਏ ਨੂੰ ਬਣਾ ਲਿਆ ਜਾਵੇ, ਜਿਹੜਾ ਕਿ ਹਰ ਇਕ ਵਿਅਕਤੀ ਦਾ ਅੰਗੂਠੇ ਦੀ ਛਾਪ ਨਾਲੋਂ ਵੀ ਵੱਧ ਵਿਸ਼ੇਸ਼ ਹੁੰਦਾ ਹੈ, ਤਦ ਉਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਅੱਜ ਡੀ ਐਨ ਏ ਦਾ ਇਸ ਪ੍ਰਕਾਰ ਦਾ ਉਪਯੋਗ ਕਈ ਉਦੇਸ਼ਾਂ ਨਾਲ ਕੀਤਾ ਜਾ ਰਿਹਾ ਹੈ। ਜੀਵਾਂ ਦੇ ਅਤੇ ਵਿਅਕਤੀਆਂ ਦੇ ਪ੍ਰਸਪਰ ਸਬੰਧ ਸਥਾਪਤ ਕਰਨ ਲਈ ਅਤੇ ਜੀਵ-ਨਸਲਾਂ ਦੇ ਇਤਿਹਾਸ ਉਘੇੜਨ ਲਈ ਵੀ ਡੀ ਐਨ ਏ ਨੂੰ ਹੀ ਆਧਾਰ ਬਣਾਇਆ ਜਾ ਰਿਹਾ ਹੈ।

DNA helicase (ਡੀ ਐਨ ਏ ਹੀਲਿਕੇਜ਼)

ਡੀ ਐਨ ਏ ਦੀਆਂ ਦੋ ਲੜੀਆਂ, ਇਕ ਦੂਜੀ ਨਾਲ ਬੱਝੀਆਂ ਹੋਈਆਂ, ਕੁੰਡਲਾਂ 'ਚ ਵਲੀਆਂ ਹੁੰਦੀਆਂ ਹਨ। ਪ੍ਰਜਣਨ ਲਈ ਡੀ ਐਨ ਏ ਦੇ ਪ੍ਰਤਿਚਿੱਤਰ ਚਿਤਰਨ ਸਮੇਂ, ਇਸ ਦੀਆਂ ਤਦ ਦੋ ਲੜੀਆਂ ਦਾ ਸਿੱਧੇ ਹੋ ਕੇ ਇਕ ਦੂਜੀ ਨਾਲੋਂ ਵੱਖ ਹੋਣਾ ਲਾਜ਼ਮੀ ਹੁੰਦਾ ਹੈ। ਡੀ ਐਨ ਏ ਦੇ ਵਲਾਂ ਨੂੰ ਸਿੱਧਾ ਕਰਨ ਦਾ ਕਾਰਜ ਜਿਹੜਾ ਐਨਜ਼ਾਈਮ ਪੂਰਾ ਕਰਦਾ ਹੈ, ਉਸੇ ਦਾ ਉਪਰੋਕਤ ਨਾਮ ਹੈ।

DNA hybridization (ਡੀ ਐਨ ਏ ਹਾਇਬ੍ਰਿਡਾਈਜ਼ੇਸ਼ਨ)

ਹਾਇਬ੍ਰਿਡਾਈਜ਼ੇਸ਼ਨ ਦੇ ਅਰਥ ਹਨ 'ਦੋਗਲਾਪਣ ਉਪਜਾਉਣ' ਦੇ, ਭਾਵ ਦੋ ਵਖਰੀਆਂ ਜੀਵ-ਨਸਲਾਂ ਦੇ ਡੀ ਐਨ ਏ ਨੂੰ ਆਪਸ 'ਚ ਮਿਲਾ ਦੇਣ ਦੇ। ਡੀ ਐਨ ਏ ਦੀਆਂ ਦੋ ਲੜੀਆਂ 'ਚੋਂ ਇਕ ਇਕ ਨੂੰ ਵਖਰੇ ਸ੍ਰੋਤਾਂ ਤੋਂ ਲੈ ਕੇ, ਫਿਰ ਇਨ੍ਹਾਂ ਨੂੰ ਜਦ ਇਕ ਦੂਜੀ ਨਾਲ ਜੋੜ ਦਿੱਤਾ ਜਾਂਦਾ ਹੈ, ਤਦ ਇਸ ਪ੍ਰਚਲਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

DNA ligase (ਡੀ ਐਨ ਏ ਲਾਈਗੇਜ਼)

ਲਾਤੀਨੀ ਸ਼ਬਦ ਲਿਗਾਮੈਂਟ (ligament) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪੱਟੀ ਬੰਨਣ' ਦੇ। ਡੀ ਐਨ ਏ ਜੇਕਰ ਕਿਧਰੋਂ ਵਿਚਕਾਰੋਂ ਜਾਂ ਪਾਸਿਆਂ ਤੋਂ ਟੁੱਟ ਜਾਵੇ ਤਾਂ ਇਸ ਨੂੰ ਮੁੜ ਕੇ ਜੋੜਨ ਵਾਲੇ ਐਨਜ਼ਾਈਮ ਦਾ ਉਪਰੋਕਤ ਨਾਮ ਹੈ।

DNA polymerases (ਡੀ ਐਨ ਏ ਪਾਲਿਮੀਰੇਜ਼ਜ਼)

ਯੂਨਾਨੀ ਆਧਾਰ ਵਾਲੇ ਪਾਲਿਮੀਰੇਜ਼ ਦੇ ਅਰਥ ਹਨ 'ਸਮੂਹਕ ਵਾਧੇ' ਦੇ। ਐਨਜ਼ਾਈਮਾਂ ਦੇ

ਜਿਸ ਸੈੱਟ ਦੁਆਰਾ ਡੀ ਐਨ ਏ ਦੀਆਂ ਪ੍ਰਤਿਰੂਪਕ ਕਾਪੀਆਂ ਉਪਜਦੀਆਂ ਹਨ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

DNA probe (ਡੀ ਐਨ ਏ ਪਰੋਬ)

ਪਰੋਬ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਘੋਖ' ਦੇ ਜਾਂ 'ਜਾਂਚ' ਦੇ। ਜਿਸ ਡੀ ਐਨ ਏ ਲੜੀ ਅੰਦਰਲੀ ਖਾਰਾਂ ਦੀ ਤਰਤੀਬ ਬਾਰੇ ਜਾਣਕਾਰੀ ਹੁੰਦੀ ਹੈ, ਉਸੇ ਦੀ ਜਦ ਵਰਤੋਂ ਹੋਰਨਾਂ ਅਜਿਹੀਆਂ ਲੜੀਆਂ ਅੰਦਰਲੀ ਖਾਰਾਂ ਦੀ ਤਰਤੀਬ ਉਘੇੜਨ ਲਈ ਕੀਤੀ ਜਾਂਦੀ ਹੈ, ਜਿਹੜੀਆਂ ਇਸ ਦੀਆਂ ਪੂਰਕ ਹੁੰਦੀਆਂ ਹਨ, ਤਾਂ ਇਸ ਵਿਧੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

DNA replication (ਡੀ ਐਨ ਏ ਰੈੱਪਲਿਕੇਸ਼ਨ)

ਰੈੱਪਲਿਕੇਸ਼ਨ ਦੇ ਅਰਥ ਹਨ 'ਪੁਨਰ-ਵ੍ਰਿਤੀ' ਦੇ ਜਾਂ 'ਪ੍ਰਕ੍ਰਿਤਕ ਢੰਗ ਨਾਲ ਨਕਲ ਤਿਆਰ ਕਰਨ' ਦੇ। ਪੁਰਾਣੇ ਡੀ ਐਨ ਏ ਤੋਂ ਪ੍ਰਕ੍ਰਿਤਕ ਢੰਗ ਨਾਲ ਨਵੇਂ ਡੀ ਐਨ ਏ ਦੀ ਰਚਨਾਂ ਕਰਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

DNase (ਡੀ ਐਨ-ਏਜ਼)

ਉਸ ਐਨਜ਼ਾਈਮ ਦਾ ਇਹ ਨਾਮ ਹੈ, ਜਿਹੜਾ ਡੀ ਐਨ ਏ ਅੰਦਰਲੇ ਅਣੂਇਕ ਬੰਧਨਾਂ ਨੂੰ ਭੰਗ ਕਰਕੇ, ਇਸ ਨੂੰ ਤੋੜ-ਭੰਨ ਦਿੰਦਾ ਹੈ।

DNA sequencing (ਡੀ ਐਨ ਏ ਸੀਕੁਸਿੰਗ)

ਸੀਕੁੰਸ ਦੇ ਅਰਥ ਹਨ 'ਤਰਤੀਬ' ਦੇ ਅਤੇ ਡੀ ਐਨ ਏ ਅੰਦਰਲੀ ਨਾਈਟ੍ਰੋਜਨੀ ਖਾਰਾਂ ਦੀ ਤਰਤੀਬ ਉਘੇੜਨ ਦੇ ਮੰਤਵ ਨਾਲ ਅਪਣਾਈ ਗਈ ਵਿਧੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Dominant (ਡਾਮਿਨੰਟ)

ਜਿਹੜਾ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹੈ, ਉਸਦੇ ਦੇ ਅਰਥ ਹਨ 'ਰਾਜ ਕਰਨ' ਦੇ। ਇਸ ਪਦ ਦਾ ਉਪਯੋਗ ਬੂਟਿਆਂ ਦੀਆਂ ਅਜਿਹੀਆਂ ਕਿਸਮਾਂ ਲਈ ਕੀਤਾ ਜਾਂਦਾ ਹੈ, ਜਿਹੜੀਆਂ ਇਕ ਖੇਤਰ 'ਚ, ਹੋਰਨਾਂ ਦੇ ਟਾਕਰੇ ਸਿਰਕੱਢ ਹੁੰਦੀਆਂ ਹਨ ਅਤੇ ਪ੍ਰਭਾਵਸ਼ੀਲ ਗਿਣਤੀ 'ਚ ਉਗਦੀਆਂ ਹਨ। ਜੀਨ-ਜੋੜੇ ਦੇ ਪ੍ਰਸੰਗ 'ਚ ਵੀ ਇਸ ਪਦ ਦਾ ਉਪਯੋਗ ਉਸ ਜੀਨ ਲਈ ਕੀਤਾ ਜਾਂਦਾ ਹੈ, ਜਿਸ ਦਾ ਪ੍ਰਗਟਾਵਾ ਵਿਸ਼ੇਸ਼ਤਾ ਬਣਕੇ ਉਘੜਦਾ ਹੈ।

Dormancy (ਡਾਰਮੈਂਸਿ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਡਾਰਮਿਰ (dormire) ਹੈ, ਜਿਸ ਦੇ ਅਰਥ ਹਨ 'ਸੌਂ ਜਾਣ' ਦੇ ਜਾਂ 'ਅਲਸਾਉਣ' ਦੇ। ਜੀਵਾਂ ਦੀ ਅਜਿਹੀ ਅਵਸਥਾ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਅਸੁਖਾਵੀਂ ਰੁੱਤੇ ਉਪਜਦੀ ਹੈ ਅਤੇ ਜਿਸ ਦੌਰਾਨ ਜੀਵਾਂ ਅੰਦਰਲੀਆਂ ਕ੍ਰਿਆਵਾਂ ਆਰਜ਼ੀ ਤੌਰ ਤੇ ਠੱਪੀਆਂ ਜਾਂਦੀਆਂ ਹਨ ਅਤੇ ਇਹ ਸਮਾਂ ਜੀਵ ਸਿਥਲ ਹੋ ਕੇ ਅਤੇ ਅਲਸਾਏ ਹੋਏ ਬਤੀਤ ਕਰਨ ਲਈ ਮਜਬੂਰ ਹੁੰਦੇ ਹਨ। ਰੁੱਤ ਦੇ ਬਦਲਣ ਉਪਰੰਤ ਜੀਵਾਂ ਅੰਦਰਲੀਆਂ ਕ੍ਰਿਆਵਾਂ ਮੁੜ ਜਾਗ ਉਠਦੀਆਂ ਹਨ ਅਤੇ ਇਹ ਸਾਧਾਰਨ ਜੀਵਨ ਮੁੜ ਕੇ ਭੋਗਣ ਲਗਦੇ ਹਨ।

Dorsal (ਡੌਰਸੈਲ)

ਲਾਤੀਨੀ ਸ਼ਬਦ ਡੌਰਸੱਮ (dorsum) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪਿੱਠ' ਦੇ। ਪ੍ਰਾਣੀ ਸਰੀਰ ਦੇ ਪਿੱਠ ਵਾਲੇ ਪਾਸੇ ਲਈ ਇਹ ਪਦ ਵਰਤਿਆ ਜਾਂਦਾ ਹੈ। ਆਮ ਤੌਰ 'ਤੇ ਪ੍ਰਾਣੀਆਂ ਦੇ ਸਰੀਰ ਦੇ ਆਕਾਸ਼ ਵੱਲ ਨੂੰ ਝਾਕਦੇ ਪਾਸੇ ਲਈ ਡੌਰਸੈਲ ਸ਼ਬਦ ਵਰਤਿਆ ਜਾਂਦਾ ਹੈ; ਪਰ ਮਨੁੱਖ ਦੇ ਦੋ ਟੰਗਾਂ ਉਪਰ ਸਿੱਧਾ ਖਲੋਣ ਕਰਕੇ, ਇਸ ਦੇ ਸਰੀਰ ਦੇ ਪਿਛਲੇ ਪਾਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Double helix (ਡੱਬਲ ਹੀਲਿਕਸ)

ਹੀਲਿਕਸ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵੱਟੀ ਹੋਈ ਰੱਸੀ' ਦੇ। ਡੀ ਐਨ ਏ ਦੀਆਂ ਦੋ ਲੜੀਆਂ ਵਾਲੀ ਨੁਹਾਰ, ਜਿਹੜੀ ਕਿ ਸਪਰਿੰਗ ਵਾਂਗ ਜਾਂ ਫਿਰ ਪੇਚ ਉਪਰ ਉਕਰੀਆਂ ਚੂੜੀਆਂ ਵਾਂਗ ਵਲੇਵਿਆਂ 'ਚ ਗ੍ਰਸੀ ਹੋਈ ਹੁੰਦੀ ਹੈ, ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Drives (ਡਰਾਈਵਜ਼)

ਸਾਧਾਰਨ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਰੁਚੀ' ਦੇ ਜਾਂ 'ਸੁਭਾਵਕ ਝੁਕਾਅ' ਦੇ ਅਤੇ ਪ੍ਰਾਣੀਆਂ ਦੇ ਪ੍ਰਸੰਗ 'ਚ ਇਹ ਪਦ ਉਨ੍ਹਾਂ ਦੀਆਂ ਅਜਿਹੀਆਂ ਕੁਦਰਤੀ ਪ੍ਰਵਿਰਤੀਆਂ ਲਈ ਵਰਤਿਆ ਜਾਂਦਾ ਹੈ, ਜਿਹੜੀਆਂ ਕਿ ਪ੍ਰਜਣਨ ਲਈ, ਪੇਟ ਭਰਨ ਲਈ ਅਤੇ ਸੁਰੱਖਿਆ ਲਈ ਕੀਤੇ ਜਾ ਰਹੇ ਯਤਨਾਂ ਦਾ ਆਧਾਰ ਬਣਦੀਆਂ ਹਨ।

Drosophila (ਡ੍ਰਾਸੱਫ਼ਿਲਾ)

ਛੋਟੇ ਆਕਾਰ ਦੀ, ਛੋਟੇ ਜੀਵਨ-ਕਾਲ ਵਾਲੀ ਅਤੇ ਉਘੜਵੇਂ ਤੇ ਨਿਖਰਵੇਂ ਕੇਵਲ 4 ਕ੍ਰੋਮੋਸੋਮਾਂ ਵਾਲੀ ਫਲ-ਮੱਖੀ ਦਾ ਉਪਰੋਕਤ ਵਿਗਿਆਨਕ ਨਾਮ ਹੈ, ਜਿਸ ਦਾ ਜੀਨਾਂ ਦੇ ਅਧਿਐਨ ਲਈ ਪ੍ਰਯੋਗਸ਼ਾਲਾ 'ਚ ਬਹੁਤ ਉਪਯੋਗ ਹੋਇਆ ਹੈ।

Drug resistance (ਡਰੱਗ ਰਜ਼ਿਸਟੰਸ)

ਡਰੱਗ 'ਦਵਾਈਆਂ ' ਲਈ ਅਤੇ ਰਜ਼ਿਸਟੰਸ 'ਪ੍ਰਤਿਰੋਧ' ਲਈ ਵਰਤੇ ਜਾਂਦੇ ਸਾਧਾਰਨ ਅੰਗ੍ਰੇਜ਼ੀ ਸ਼ਬਦ ਹਨ। ਕੀਟਾਣੂ, ਵਰਤੀਆਂ ਜਾ ਰਹੀਆਂ ਐਂਟਿਬਾਇਟਕ ਦਵਾਈਆਂ ਦੀ ਹੋਂਦ ਵਿਚ ਵੀ ਜੇਕਰ ਵਧਣ-ਫੁਲਣ ਯੋਗ ਹਨ, ਤਾਂ ਆਪਣੀ ਇਸੇ ਵਿਸ਼ੇਸ਼ਤਾ ਕਾਰਨ।

Drug resistance gene (ਡਰੱਗ ਰਜ਼ਿਸਟੰਸ ਜੀਨ)

ਇਸ ਪਦ ਅੰਦਰਲੇ ਤਿੰਨ ਸ਼ਬਦਾਂ ਦੇ ਕ੍ਰਮਵਾਰ ਅਰਥ ਹਨ 'ਦਵਾਈ' ਦੇ, 'ਪ੍ਰਤਿਰੋਧ' ਦੇ ਅਤੇ 'ਜੀਨ' ਦੇ। ਇਹ ਨਾਮ ਉਸ ਜੀਨ ਦਾ ਹੈ ਜਿਹੜਾ ਅਜਿਹਾ ਐਨਜ਼ਾਈਮ ਉਪਜਾਉਂਦਾ ਹੈ, ਜਿਸ ਸਦਕਾ ਦਵਾਈ ਕੀਟਾਣੂ ਲਈ ਘਾਤਕ ਸਿੱਧ ਨਹੀਂ ਹੁੰਦੀ। ਇਸ ਪ੍ਰਕਾਰ ਦੇ ਜੀਨ ਆਮ ਤੌਰ ਤੇ ਪਲੈਜ਼ਮਿਡ ਦਾ ਭਾਗ ਹੁੰਦੇ ਹਨ।

Drupe (ਡਰੂਪ)

ਯੂਨਾਨੀ ਸ਼ਬਦ ਡ੍ਰਿੱਪਾ (dryppa) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਜ਼ੈਤੂਨ' ਦੇ। ਰਸੀਲੇ ਫਲਾਂ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ, ਜਿਨ੍ਹਾਂ ਅੰਦਰ ਗਿਟਕ ਵੀ ਹੁੰਦੀ ਹੈ, ਜਿਵੇਂ ਕਿ ਅੰਬ, ਆੜੂ, ਬੇਰ, ਆਲੂਚਾ, ਜਾਮਨ ਆਦਿ।

Ductless glands (ਡੱਕਟਲੈੱਸ ਗਲੈਂਡਜ਼)

ਡੱਕਟਲੈੱਸ ਸ਼ਬਦ ਦੇ ਅਰਥ ਹਨ 'ਨਾੜੀਹੀਣਤਾ' ਦੇ। ਗਲੈਂਡਜ਼ 'ਗਦੂਦਾਂ' ਜਾਂ 'ਗ੍ਰੰਥੀਆਂ' ਲਈ ਵਰਤਿਆ ਜਾਂਦਾ ਸ਼ਬਦ ਹੈ। ਸਰੀਰ ਅੰਦਰ ਕਈ ਅਜਿਹੇ ਗਦੂਦ ਹਨ, ਜਿਨ੍ਹਾਂ ਦੇ ਨਿਕਾਸ ਨਲਕੀਆਂ ਨਹੀਂ ਹੁੰਦੀਆਂ ਅਤੇ ਇਨ੍ਹਾਂ ਲਈ ਹੀ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਨ੍ਹਾਂ ਗਦੂਦਾਂ ਅੰਦਰੋਂ ਰਿਸਦੇ ਰਸ ਸਿੱਧੇ ਹੀ ਲਹੂ ਨਾਲ ਸੰਮਿਲਤ ਹੋ ਕੇ, ਲਹੂ ਦੁਆਰਾ ਹੀ ਨਿਸ਼ਚਿਤ ਅੰਗਾਂ ਤਕ ਪੁਜਦੇ ਰਹਿੰਦੇ ਹਨ।

Duodenum (ਡਿਉਡੀਨੱਮ)

ਲਾਤੀਨੀ ਸ਼ਬਦ ਡਿਉਡੱਨੀ (duodeni) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ 'ਬਾਰਾਂ' ਦੇ ਹਨ। ਇਹ ਨਾਮ ਉਸ ਨਾਲੀ ਦਾ ਹੈ ਜਿਹੜੀ ਪਾਚਨ ਨਾਲੀ 'ਚ ਮਿਹਦੇ ਨੂੰ ਆਂਦਰਾਂ ਨਾਲ ਜੋੜਦੀ ਹੈ। ਮਨੁੱਖ 'ਚ ਡਿਉਡੀਨੱਮ ਦੀ ਲੰਬਾਈ 12 ਇੰਚ ਦੇ ਲਗਭਗ ਹੈ।

Dura mater (ਡਯੂਰੈ ਮੇਟੱਰ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ

ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਖ਼ਤ' ਦੇ ਅਤੇ 'ਮਾਂ' ਦੇ। ਦਿਮਾਗ਼ ਅਤੇ ਮੁੱਖ-ਨਸ ਦੁਆਲੇ, ਇਨ੍ਹਾਂ ਦੀ ਸੁਰੱਖਿਆ ਲਈ, ਇਕ ਸਖ਼ਤ ਤੇ ਕਰੜੀ ਝਿਲੀ ਲਿਪਟੀ ਹੋਈ ਹੈ। ਉਸੇ ਝਿਲੀ ਦਾ ਨਾਮ ਡਯੂਰੇ ਮੈੱਟਰ ਹੈ।

Dysgenesis (ਡਿਸਜੈਨੱਸਿਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਡਿਸ (dys) ਅਤੇ ਜੈਨੱਸਿਸ (gensis), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਦੂਰ' ਜਾਂ 'ਮੰਦ' ਦੇ ਅਤੇ 'ਵੰਸ਼ਕ ਉਤਪਤੀ' ਦੇ। ਉਸ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀ ਜੀਵ ਦੀ ਕੁਲ ਜਾਂ ਵੰਸ਼ ਦੇ ਚਲਦੇ ਰਹਿਣ ਦੇ ਰਾਹ ਦਾ ਅੜਿਕਾ ਬਣਦੀ ਹੈ, ਭਾਵ ਇਹ ਵੰਸ਼ਨਾਸ਼ਕ ਸਿੱਧ ਹੁੰਦੀ ਹੈ।

Dysphotic (ਡਿਸਫ਼ੋਟਿਕ)

ਯੂਨਾਨੀ ਸ਼ਬਦ, ਡਿਸ (dys) ਅਤੇ ਫ਼ੌਸ (phos) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਮੰਦ' ਦੇ ਅਤੇ ਦੂਜੇ ਦੇ 'ਪ੍ਰਕਾਸ਼' ਦੇ। ਸਾਗਰ ਅੰਦਰ 100 ਮੀਟਰਾਂ ਤੋਂ ਲੈ ਕੇ 600 ਮੀਟਰਾਂ ਦੀ ਡੂੰਘਾਣ ਤਕ ਫੈਲਿਆ ਹੋਇਆ ਖੇਤਰ ਮੱਧਮ ਪ੍ਰਕਾਸ਼ ਵਾਲਾ ਖੇਤਰ ਹੁੰਦਾ ਹੈ, ਜਿਸ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Dystrophic (ਡਿਸਟ੍ਰੌਫਿਕ)

ਦੋ ਯੂਨਾਨੀ ਸ਼ਬਦ, ਡਿਸ (dys) ਅਤੇ ਟ੍ਰਿਫ਼ੀਨ (trephein) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਮੰਦ' ਦੇ ਅਤੇ 'ਖ਼ੁਰਾਕ' ਦੇ। ਖ਼ੁਰਾਕੀ ਅੰਸ਼ਾਂ ਦੀ ਥੁੜ ਵਾਲੇ ਜਲ-ਭੰਡਾਰਾਂ ਲਈ, ਭਾਵ ਝੀਲਾਂ, ਟੋਭਿਆਂ, ਤਲਾਬਾਂ ਆਦਿ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ। ਅਜਿਹੇ ਜਲ-ਭੰਡਾਰ ਜਲ-ਬੂਟੀਆਂ ਤੋਂ ਲਗਭਗ ਸੱਖਣੇ ਹੁੰਦੇ ਹਨ।

E

Ear (ਈਅਰ)

ਇਸ ਪਦ ਦੇ ਅਰਥ ਹਨ 'ਕੰਨ' ਦੇ, ਜਿਹੜਾ ਕਿ ਧੁਨੀ ਲਹਿਰਾਂ ਲਈ ਸੰਵੇਦਨਸ਼ੀਲ ਅੰਗ ਹੈ। ਇਹ ਅੰਗ ਪਸ਼ੂਆਂ ਦੀ ਸ਼੍ਰੇਣੀ 'ਚ ਸੁਯੋਗ ਪੱਧਰ ਤਕ ਵਿਕਸਿਤ ਹੋਇਆ। ਜਲਵਾਸੀ ਮੱਛੀਆਂ ਨੂੰ ਤਾਂ ਇਸ ਅੰਗ ਦੀ ਲੋੜ ਨਹੀਂ ਪੈਂਦੀ ਅਤੇ ਵਿਸਰਪੀ ਪ੍ਰਾਣੀਆਂ 'ਚ ਵੀ ਇਹ ਕੰਮ ਨਹੀਂ ਕਰਦੇ, ਜਿਨ੍ਹਾਂ ਦੇ ਭੂਮੀ ਉਪਰ ਵਿਛੇ ਸਰੀਰ ਭੂਮੀ ਅੰਦਰਲੀ ਥਿਰਕਣ ਤੋਂ ਸਥਿਤੀਆਂ ਭਾਂਪਣ ਦੇ ਆਦੀ ਹਨ।

Earthworm (ਅਰਥਵਰਮ)

ਅਰਥ ਅਤੇ ਵਰਮ, ਦੋ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ: ਅਰਥ ਦੇ ਅਰਥ ਹਨ 'ਭੂਮੀ' ਦੇ ਅਤੇ ਵਰਮ ਦੇ, 'ਮਲ੍ਹੱਪ' ਦੇ। ਭੂਮੀ ਅੰਦਰ ਵਿਚਰਦੇ ਮਲ੍ਹੱਪ ਦਾ ਇਹ ਨਾਮ ਹੈ, ਜਿਹੜਾ ਕਿ ਭੂਮੀ ਨੂੰ ਕਾਸ਼ਤ ਯੋਗ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਭੂਮੀ ਨੂੰ ਇਹ ਅੰਦਰੋਂ ਪੋਲਾ ਕਰਦਾ ਰਹਿੰਦਾ ਹੈ, ਜਿਸ ਕਰਕੇ ਇਸ 'ਚੋਂ ਦੀ ਹਵਾ ਦੀ ਤੇ ਨਮੀ ਦੀ ਆਵਾਜ਼ਾਈ ਸਹਿਲ ਹੋ ਜਾਂਦੀ ਹੈ। ਮਿੱਟੀ ਅੰਦਰਲੇ ਤੱਤ ਇਨ੍ਹਾਂ ਮਲੱਪਾਂ ਦੀ ਖ਼ੁਰਾਕ ਹਨ, ਜਿਸ ਕਾਰਨ ਇਹ ਮਿੱਟੀ ਖਾਂਦੇ ਰਹਿੰਦੇ ਹਨ ਅਤੇ ਇਨ੍ਹਾਂ ਦੇ ਸਰੀਰ ਅੰਦਰੋਂ ਬਾਹਰ ਆਈ ਮਿੱਟੀ ਕਾਸ਼ਤ ਲਈ ਅਤੀ ਉਪਜਾਊ ਹੁੰਦੀ ਹੈ। ਇਸ ਮਲ੍ਹੱਪ ਨੂੰ 'ਗੰਡੋਆ' ਸੱਦਿਆ ਜਾਂਦਾ ਹੈ ਅਤੇ ਖਾਦ ਤਿਆਰ ਕਰਨ ਲਈ ਇਸ ਨੂੰ ਪਾਲਿਆ ਵੀ ਜਾ ਰਿਹਾ ਹੈ। ਵਰਮੀਕਾਮਪੋਸਟਿੰਗ ਲਈ ਇਸੇ ਮਲ੍ਹੱਪ ਦਾ ਉਪਯੋਗ ਕੀਤਾ ਜਾਂਦਾ ਹੈ।

Ecdysis (ਏੱਕਡਿਸਿਸ)

ਯੂਨਾਨੀ ਸ਼ਬਦ, ਏੱਕਡਿਸਈ (ekdysai) ਇਸ ਪਦ ਦਾ ਆਧਾਰ ਹੈ, ਜਿਸ ਦੇ

ਅਰਥ ਹਨ 'ਪਹਿਨੇ ਹੋਏ ਬਸਤਰ ਲਾਹੁਣ' ਦੇ। ਪ੍ਰਾਣੀਆਂ ਦੀ ਸਰੀਰਕ ਪਰਤ ਨੂੰ ਝਾੜਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਅਜਿਹਾ ਇਹ ਸਮੇਂ ਸਮੇਂ, ਸਰੀਰਕ ਵ੍ਰਿਧੀ ਲਈ ਗੁੰਜਾਇਸ਼ ਕੱਢਣ ਲਈ ਕਰਦੇ ਰਹਿੰਦੇ ਹਨ।

Ecdysone (ਏੱਕਡਿਸੋਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਏੱਕਡਿਸਈ (ekdysai) ਹੈ, ਜਿਸ ਦੇ ਅਰਥ ਹਨ 'ਪਹਿਨੇ ਹੋਏ ਬਸਤਰ ਉਤਾਰਨ' ਦੇ। ਪ੍ਰਾਣੀਆਂ ਦੀ ਕੰਜ ਲੁਹਾਈ ਦੀ ਪ੍ਰਕ੍ਰਿਆ ਨੂੰ 'ਏਕਡਿਸਿਸ' ਕਿਹਾ ਜਾਂਦਾ ਹੈ ਅਤੇ ਇਸ ਪ੍ਰਕ੍ਰਿਆ ਲਈ ਜ਼ਿੰਮੇਵਾਰ ਹਾਰਮੋਨ ਦਾ ਹੀ ਉਪਰੋਕਤ ਨਾਮ ਹੈ, ਜਿਸ ਦੇ ਸਰੀਰ ਅੰਦਰ ਰਿਸਣ ਨਾਲ ਇਹ ਪ੍ਰਕ੍ਰਿਆ ਛਿੜਦੀ ਅਤੇ ਪੂਰੀ ਹੁੰਦੀ ਹੈ। ਇਸ ਹਾਰਮੋਨ ਨੂੰ ਉਪਜਾਉਣ ਵਾਲੀ ਗ੍ਰੰਥੀ, ਕੀਟਾਂ 'ਚ ਅਤੇ ਉਨ੍ਹਾਂ ਦੇ ਸਬੰਧੀ ਪ੍ਰਾਣੀਆਂ 'ਚ, ਛਾਤੀ ਅੰਦਰ ਸਥਿਤ ਹੈ, ਜਦ ਕਿ ਰੀੜ੍ਹ ਸਹਿਤ ਪ੍ਰਾਣੀਆਂ 'ਚ ਪਿਟਯੂਟਰੀ ਗ੍ਰੰਥੀ 'ਚੋਂ ਇਹ ਹਾਰਮੋਨ ਰਿਸਦਾ ਹੈ।

ECG (ਈ ਸੀ ਜੀ)

ਰੋਮਨ ਲਿਪੀ ਦੇ ਇਹ ਤਿੰਨ ਅੱਖਰ ਇਲੈੱਕਟ੍ਰੋ (electro), ਕਾਰਡਿਓ (cardio) ਅਤੇ ਗ੍ਰੈਮ (gram) ਸ਼ਬਦਾਂ ਦੇ ਸੰਕੇਤ ਹਨ; ਅਤੇ ਇਨ੍ਹਾਂ ਸ਼ਬਦਾਂ ਦੇ ਕ੍ਰਮਵਾਰ ਅਰਥ ਹਨ 'ਬਿਜਲਈ' ਦੇ, 'ਦਿਲ ਨਾਲ ਸਬੰਧਤਾ' ਦੇ ਅਤੇ 'ਖਾਕੇ' ਦੇ। ਇਨ੍ਹਾਂ ਤਿੰਨ ਸ਼ਬਦਾਂ ਦੇ ਜੋੜਨ ਨਾਲ 'ਇਲੈੱਟਰੋਕਾਰਡਿਓਗ੍ਰੈਮ' ਸ਼ਬਦ ਬਣ ਜਾਂਦਾ ਹੈ, ਜਿਹੜਾ ਦਿਲ ਦੀਆਂ ਬਿਜਲਈ ਤਰੰਗਾਂ ਦੇ ਕਾਗਜ਼ ਉਪਰ ਉਲੀਕੇ ਜਾ ਰਹੇ ਖਾਕੇ ਲਈ ਵਰਤਿਆ ਜਾਂਦਾ ਸ਼ਬਦ ਹੈ। ਇਸ ਖਾਕੇ ਨੂੰ ਉਲੀਕਣ ਲਈ ਇਕ ਵਿਸ਼ੇਸ਼ ਉਪਕਰਨ ਦੀ ਵਰਤੋਂ ਕੀਤੀ ਜਾਂਦੀ ਹੈ।

Echinodermata (ਏੱਕਾਈਨੋੱਡਰਮੇਟਾ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਏੱਕਾਈਨੋੱਸ (echinos) ਅਤੇ ਡਰਮੈ (derma), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਕੰਡੇ' ਦੇ ਅਤੇ ਦੂਜੇ ਦੇ 'ਪਰਤ' ਦੇ। ਉਸ ਪ੍ਰਾਣੀ-ਕਬੀਲੇ (ਫ਼ਾਇਲਮ) ਦਾ ਉਪਰੋਕਤ ਨਾਮ ਹੈ, ਜਿਸ 'ਚ ਸ਼ਾਮਲ ਪ੍ਰਾਣੀਆਂ ਦੀ ਕੰਡਿਆਲੀ ਪਰਤ ਹੈ ਅਤੇ ਜਿਨ੍ਹਾਂ ਦੀ 'ਪੰਜਭੁਜੀ' ਸਰੀਰਕ ਸਮਿਟਰਿ (ਸਮਰਚਨਾ) ਹੈ। ਇਸ ਕਬੀਲੇ 'ਚ ਸ਼ਾਮਲ ਪ੍ਰਾਣੀ ਹਨ: ਸਟਾਰ-ਫਿੱਸ਼ (ਤਾਰਾ-ਮੱਛੀ), ਸੀ-ਲਿੱਲੀ (ਸਾਗਰ-ਲਿੱਲੀ), ਫੈਦਰ-ਸਟਾਰ, ਸੀ-ਅਰਚਨ ਆਦਿ।

Echolocation (ਏੱਕੋਲੋਕੇਸ਼ਨ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਏੱਕੋ (echo), ਜਿਸ ਦੇ ਅਰਥ ਹਨ 'ਪਰਤਵੀਂ ਗੂੰਜ' ਦੇ ਅਤੇ ਦੂਜਾ ਲੋਕੇਰੱ (locare), ਜਿਸ ਦੇ ਅਰਥ ਹਨ 'ਸਥਾਨ ਨਿਸ਼ਚਿਤ ਕਰਨ' ਦੇ। ਕਈ ਰਾਤਕਲੀਨ ਪ੍ਰਾਣੀ ਅਜਿਹੇ ਹਨ, ਜਿਹੜੇ ਦੇਖਣ ਦੇ ਅਸਮਰਥ ਹੋਣ ਕਰਕੇ, ਆਵਾਜ਼ ਉਪਜਾ ਕੇ ਇਸ ਦੀ ਪਰਤਵੀਂ ਗੂੰਜ ਦੇ ਅਨੁਭਵ ਦੁੰਆਰਾ ਸਥਾਨ ਨਿਸ਼ਚਿਤ ਕਰਨ ਯੋਗ ਹਨ। ਇਸੇ ਯੋਗਤਾ ਲਈ ਉਪਰੋਕਤ ਪਦ ਰਾਖਵਾਂ ਹੈ ਅਤੇ ਇਸ ਯੋਗਤਾ ਦਾ ਪ੍ਰਦਰਸ਼ਣ ਚਮਗਿੱਦੜ ਕਰਦੇ ਹਨ।

Ecological balance (ਈਕਾਲੱਾਂਜਿਕੈਲ ਬੈਲੰਸ)

ਪਦ ਦੇ ਪਹਿਲੇ ਭਾਗ ਦਾ ਸ੍ਰੋਤ ਯੂਨਾਨੀ ਆਧਾਰ ਵਾਲਾ ਸ਼ਬਦ, ਈਕਾਲੱਾਂਜਿ (ecology) ਹੈ, ਜਿਸ ਦੇ ਅਰਥ 'ਜੀਵ ਜਿਸ ਪਰਿਸਥਿਤੀ 'ਚ ਵਿਚਰਦਾ ਹੈ, ਉਸ ਦੇ ਅਧਿਐਨ' ਦੇ ਹਨ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ 'ਸੰਤੁਲਨ' ਦੇ ਹਨ। ਇਕ ਨਿਰਧਾਰਤ ਖੇਤਰ 'ਚ ਵਿਚਰਦੇ ਅਤੇ ਇਕ ਦੂਜੇ ਉਪਰ ਨਿਰਭਰ ਜੀਵਨ ਬਿਤਾ ਰਹੇ ਜੀਵਾਂ ਦੀ ਵਸੋਂ

ਜੇਕਰ ਨਾ ਘਟੇ ਅਤੇ ਨਾ ਵਧੇ, ਤਦ ਸੰਤੁਲਨ ਦਾ ਪ੍ਰਗਟਾਵਾ ਕਰ ਰਹੀ ਇਸ ਪਰਿਸਥਿਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Ecological factor (ਈਕਾਲੱਜਿਕੈਲ ਫ਼ੈਕਟਰ)

ਇਸ ਪਦ ਦੇ ਦੋ ਭਾਗ ਹਨ। ਪਹਿਲੇ ਭਾਗ ਦਾ ਮੂਲ ਯੂਨਾਨੀ ਆਧਾਰ ਵਾਲਾ ਈਕਾਲੱਜਿ (ecology) ਸ਼ਬਦ ਹੈ, ਜਿਸ ਦੇ ਅਰਥ 'ਪਰਿਸਥਿਤੀ ਦੇ ਅਧਿਐਨ' ਦੇ ਹਨ। ਦੂਜਾ ਭਾਗ ਆਮ ਵਰਤਿਆ ਜਾ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਅੰਸ਼' ਦੇ ਜਾਂ 'ਕਾਰਕ' ਦੇ। ਜੀਵ ਦੁਆਲੇ ਵਿਆਪਕ ਵਾਤਾਵਰਨ ਅੰਦਰਲਾ ਜਿਹੜਾ ਅੰਸ਼ ਇਸ ਦੇ ਵਿਚਰਨ ਢੰਗ ਨੂੰ ਪ੍ਰਭਾਵਿਤ ਕਰ ਰਿਹਾ ਹੋਵੇ, ਉਸੇ ਲਈ ਉਪਰੋਕਤ ਪਦ ਵਰਤਿਆ ਜਾ ਸਕਦਾ ਹੈ।

Ecological niche (ਈਕਾਲੱਜਿਕੈਲ ਨਿੱਚ)

ਇਸ ਪਦ ਅੰਦਰਲੇ ਦੋ ਸ਼ਬਦਾਂ 'ਚੋਂ ਪਹਿਲੇ ਦਾ ਮੂਲ ਯੂਨਾਨੀ ਆਧਾਰ ਵਾਲਾ ਈਕਾਲੱਜਿ (ecology) ਸ਼ਬਦ ਹੈ, ਜਿਸ ਦੇ ਅਰਥ ਹਨ 'ਪਰਿਸਥਿਤੀ ਵਿਗਿਆਨ' ਦੇ; ਅਤੇ ਦੂਜਾ ਫ੍ਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਕੰਧ ਵਿਚਲੇ ਰਖਣੇ' ਦੇ, ਭਾਵ 'ਆਲੇ' ਦੇ। ਕਿਸੇ ਦੁਆਲੇ 'ਚ ਜੀਵ ਭਾਵੇਂ ਕਿੰਨੇ ਵੀ ਵਿਚਰਨ, ਪਰ ਹਰ ਇਕ ਜੀਵ-ਨਸਲ ਦਾ ਆਪੋ-ਆਪਣਾ ਨਿਵੇਕਲਾ ਸਹਿਜਵਾਸ ਹੁੰਦਾ ਹੈ। ਜੀਵ-ਨਸਲ ਲਈ ਵਿਸ਼ੇਸ਼ ਤੌਰ ਤੇ ਨਿਰਧਾਰਤ ਪਰਿਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਜੀਵ-ਵਿਗਿਆਨਕ ਤੱਥ ਇਹ ਵੀ ਹੈ ਕਿ ਇਕ 'ਨਿੱਚ' ਅੰਦਰ ਇਕ ਤੋਂ ਵਧ ਜੀਵ-ਨਸਲਾਂ ਸਮਾ ਹੀ ਨਹੀਂ ਸਕਦੀਆਂ ਅਤੇ ਜੇਕਰ ਕਦੇ ਅਜਿਹਾ ਹੋ ਜਾਂਦਾ ਹੈ, ਤਦ ਇਕ ਨਿੱਚ 'ਚ ਸਮਾਉਣ ਦੇ ਯਤਨ ਕਰਦੀਆਂ ਦੋ ਜੀਵ-ਨਸਲਾਂ ਚੋਂ ਇਕ ਨੂੰ, ਸਮੇਂ ਨਾਲ, ਲੁਪਤ ਹੋਣਾ ਹੀ ਪੈਂਦਾ ਹੈ।

Ecology (ਈਕਾਲੱਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਆਇਕਸ (oikos), ਜਿਸ ਦੇ ਅਰਥ ਹਨ 'ਰਹਿਣ ਸਥਾਨ' ਦੇ ਅਤੇ ਦੂਜਾ ਲੋਗਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ ਜਾਂ 'ਵਿਆਖਿਆ' ਦੇ। ਉਪਰੋਕਤ ਪਦ ਜੀਵ-ਵਿਗਿਆਨ ਦੀ ਉਸ ਸ਼ਾਖ਼ ਦਾ ਸਿਰਲੇਖ ਹੈ, ਜਿਸ ਅਧੀਨ ਵਿਆਪਕ ਪਰਿਸਥਿਤੀ ਅਨੁਕੂਲ ਜੀਵਾਂ ਦੇ ਵਿਚਰਨ ਦਾ ਅਧਿਐਨ ਅਤੇ ਵਿਆਖਿਆ ਕੀਤੇ ਜਾਂਦੇ ਹਨ।

Escherichia coli (ਐਸ਼ਿਰੀਕੀਆ ਕੋਲਾਈ)

ਮਨੁੱਖ ਦੀ ਆਂਦਰ ਦੇ ਨਿਚਲੇ ਭਾਗ 'ਚ ਵਿਚਰਦੇ ਕੀਟਾਣੂ ਦਾ ਇਹ ਵਿਗਿਆਨਕ ਨਾਮ ਹੈ। ਡੀ ਐਨ ਏ ਦੀ ਖੋਜ ਦੇ ਪ੍ਰਸੰਗ 'ਚ ਇਸ ਕੀਟਾਣੂ ਦਾ ਅਤੀ ਮਹੱਤਵ ਰਿਹਾ ਵੀ ਹੈ ਅਤੇ ਹੁਣ ਵੀ ਹੈ। ਉਂਜ ਸਾਧਾਰਨ ਹਾਲੀਂ, ਇਹ ਕੀਟਾਣੂ ਮੀਜ਼ਬਾਨ ਲਈ ਹਾਨੀਕਾਰਕ ਸਿੱਧ ਨਹੀਂ ਹੁੰਦਾ।

Ecosystem (ਈਕੱਸਿਸਟੱਮ)

ਯੂਨਾਨੀ ਸ਼ਬਦ ਆਇਕਸ (oikos) ਅਤੇ ਸਿਸਟਿਮੱ (systema) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਰਹਿਣ ਸਥਾਨ' ਦੇ ਅਤੇ 'ਵਿਵਸਥਤ ਸਮੂਹ' ਦੇ। ਨਿਰਧਾਰਤ ਦੁਆਲੇ'ਚ ਵਿਚਰਦੇ ਜੀਵ ਆਪਸ 'ਚ ਇਕ ਦੂਜੇ ਉਪਰ ਨਿਰਭਰ ਅਤੇ ਦੁਆਲੇ ਵਿਆਪਕ ਪਰਿਸਥਿਤੀ ਅਨੁਕੂਲ ਜੀਵਨ ਬਿਤਾਉਂਦੇ ਹਨ। ਅਜਿਹੇ ਸਮੂਹਕ ਸਿਲਸਿਲਿਆਂ ਨੂੰ ਸਮੁੱਚੇ ਤੌਰ 'ਤੇ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Ecotone (ਈਕੱਟੋਨ)

ਇਸ ਪਦ ਦਾ ਆਧਾਰ ਹਨ ਦੋ ਯੂਨਾਨੀ ਸ਼ਬਦ, ਆਇਕਸ (oikos) ਅਤੇ ਟੋਨੱਸ (tonos), ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਰਹਿਣ ਸਥਾਨ'

ਦੇ ਅਤੇ ਦੂਜੇ ਦੇ 'ਜੋੜਵੀਂ ਪੱਟੀ' ਦੇ। ਦੋ ਨਿਸ਼ਚਿਤ ਵਾਤਾਵਰਣਕ ਦੁਆਲਿਆਂ ਵਿਚਕਾਰਲੇ ਅੰਤਰਵਰਤੀ ਖੇਤਰ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਥੇ ਵਿਚਰਦੇ ਜੀਵਾਂ ਨੂੰ ਅਨਿਸ਼ਚਿਤ ਵਿਵਸਥਾਵਾਂ ਨਾਲ ਨਿਭਣਾ ਪੈਂਦਾ ਹੈ, ਜਿਵੇਂ ਕਿ ਜਲ-ਭੰਡਾਰ ਦੇ ਕੰਢਿਆਂ ਦੇ ਵਾਸੀ ਜੀਵਾਂ ਨੂੰ ਜਾਂ ਫਿਰ ਵਣਾਂ ਜਾਂ ਘਾਹ-ਮਦਾਨਾਂ ਦੀਆਂ ਕਿਨਾਰੀਆਂ 'ਚ ਵਸਦੇ ਜੀਵਾਂ ਨੂੰ।

Ecotope (ਈਕੋਟੋਪ)

ਯੂਨਾਨੀ ਸ਼ਬਦ ਆਇਕਸ (oikos) ਅਤੇ ਟੋਪਸ (topos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਰਹਿਣ ਸਥਾਨ' ਦੇ ਅਤੇ 'ਸਥਾਨ' ਦੇ। ਦੁਆਲੇ ਅੰਦਰਲੇ ਵਿਆਖਿਅਕ ਕਿਸੇ ਵੀ ਜੀਵ- ਸਹਿਜਵਾਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਵੇਂ ਕਿ ਮੈਦਾਨ 'ਚ ਉਗਿਆ ਇਕ ਪੇੜ ਜਾਂ ਕੋਈ ਨਮਸਥਲ।

Ecotype (ਈਕੱਟਾਇਪ)

ਇਸ ਪਦ 'ਚ ਦੋ ਯੂਨਾਨੀ ਸ਼ਬਦ, ਆਇਕਸ (oikos) ਅਤੇ ਟਾਇੱਪਸ (typos) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਰਹਿਣ ਸਥਾਨ' ਦੇ ਅਤੇ 'ਵੰਨਗੀ' ਦੇ ਜਾਂ 'ਕਿਸਮ' ਦੇ। ਇਕ ਨਸਲ ਦੇ ਜੀਵ ਜੇਕਰ ਵਖਰੀਆਂ ਪਰਿਸਥਿਤੀਆਂ 'ਚ ਵਿਚਰਨ ਤਾਂ ਇਨ੍ਹਾਂ ਅਨੁਕੂਲ, ਇਨ੍ਹਾਂ ਅੰਦਰ ਪਰਿਵਰਤਨ ਆ ਜਾਂਦੇ ਹਨ। ਇਕ ਨਸਲ ਦੀਆਂ ਇਸ ਪ੍ਰਕਾਰ ਹੋਂਦ 'ਚ ਆਈਆਂ ਵੰਨਗੀਆਂ ਜਾਂ ਕਿਸਮਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Ectoblast (ਐੱਕਟੱਬਲੈਸਟ)

ਯੂਨਾਨੀ ਸ਼ਬਦ ਐੱਕਟੱਸ (ektos) ਅਤੇ ਬਲੈਸਟੱਸ (blastos) ਇਸ ਪਦ ਦਾ ਮੁਲ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ ' ਬਾਹਰਲੇ' ਦੇ ਅਤੇ ਦੂਜੇ ਦੇ 'ਅੱਧਖਿੜੀ ਕਲੀ' ਦੇ। ਪ੍ਰਗਤੀ ਦੇ ਦੁਆਰ 'ਤੇ ਖਲੋਤੇ ਭਰੂਣ ਦੀ ਬਾਹਰਲੀ ਪਰਤ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Ectoderm (ਐੱਕਟੱਡਰਮ)

ਇਸ ਪਦ ਦਾ ਸ੍ਰੋਤ ਦੋ ਯੂਨਾਨੀ ਸ਼ਬਦ ਹਨ, ਐੱਕਟੱਸ (ektos) ਅਤੇ ਡਰਮਾੱ (derma), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਾਹਰਲੇ' ਦੇ ਅਤੇ ਦੂਜੇ ਦੇ, 'ਪਰਤ' ਦੇ। ਪ੍ਰਗਤ ਹੋ ਰਹੇ ਭਰੂਣ ਦੀ ਸੈੱਲਾਂ ਸਭ ਤੋਂ ਬਾਹਰਲੀ ਪਰਤ ਲਈ ਉਪਰੋਕਤ ਪਦ ਰਾਖਵਾਂ ਹੈ। ਇਹੋ ਮੁਢਲੀ ਪਰਤ ਅਗਾਂਹ ਚਲਕੇ ਚਮੜੀ ਬਣ ਜਾਂਦੀ ਹੈ ਅਤੇ ਨਸ-ਪ੍ਰਣਾਲੀ ਦਾ ਆਧਾਰ ਵੀ।

Ectoparasite (ਏਕੱਟੱਪੈਰੱਸਾਇਟ)

ਜਿਹੜੇ ਦੋ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਹ ਹਨ ਐੱਕਟੱਸ (ektos) ਅਤੇ ਪੈਰਾਸਿਟੱਸ (parasitos), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਬਾਹਰਲੇ' ਦੇ ਅਤੇ ਦੂਜੇ ਦੇ, 'ਪ੍ਰਜੀਵ' ਦੇ। ਮੀਜ਼ਬਾਨ ਜੀਵ ਉਪਰ ਬਾਹਰ-ਬਾਰ, ਭਾਵ ਚਮੜੀ ਉਪਰ ਵਿਚਰਦੇ ਪ੍ਰਜੀਵ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Ectoplasm (ਐੱਕਟੱਪਲੈਜ਼ਮ)

ਯੂਨਾਨੀ ਸ਼ਬਦ ਐੱਕਟੱਸ (ektos) ਅਤੇ ਪਲੈਜ਼ਮ (plasma) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਾਹਰਲੇ' ਦੇ ਅਤੇ 'ਸਾਂਚੇ' ਦੇ। ਸੈੱਲ ਅੰਦਰ ਸਿਮਟੇ ਹੋਏ ਸਾਇਟੱਪਲੈਜ਼ਮ ਦੀ ਬਾਹਰਲੀ ਸਖ਼ਤ ਤੇ ਸੰਘਣੀ ਕਿਨਾਰੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਕਿ ਇਸ ਦੇ ਲੁਗਲੁਗੇ ਅੰਦਰਲੇ ਭਾਗ ਨਾਲੋਂ ਵਖਰੀ ਪਛਾਣੀ ਜਾ ਸਕਦੀ ਹੈ।

Edaphon (ਐੱਡੋੱਫ਼ਾਨ)

ਇਹ ਪਦ ਯੂਨਾਨੀ ਸ਼ਬਦ ਐੱਡੋੱਫ਼ਾਸ

(edaphos) ਤੋਂ ਬਣਿਆ ਹੈ, ਜਿਸ ਦੇ ਅਰਥ ਹਨ ‘ਭੂਮੀ’ ਦੇ। ਭੂਮੀ ਅੰਦਰ ਵਿਚਰਦੇ ਜੀਵਾਂ ਲਈ, ਭਾਵ ਕੀਟਾਣੂਆਂ, ਜੀਵਾਣੂਆਂ, ਪ੍ਰਾਣੀਆਂ ਅਤੇ ਫਫੂੰਦੀਆਂ ਦੇ ਸਮੂਹ ਲਈ ਉਪਰੋਕਤ ਪਦ ਵਰਤੋਂ ’ਚ ਆਉਂਦਾ ਹੈ।

Edentate (ਈਡੋੱਨਟੇਟ)

ਲਾਤੀਨੀ ਸ਼ਬਦ ਐਕਸ (ex) ਅਤੇ ਡੈਨਸ਼ (dens) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਬਿਨਾਂ’ ਦੇ ਅਤੇ ‘ਦੰਦ’ ਦੇ। ਜਿਨ੍ਹਾਂ ਪ੍ਰਾਣੀਆਂ ਦੇ ਦੰਦ ਨਹੀਂ ਹੁੰਦੇ, ਉਨ੍ਹਾਂ ਲਈ ਇਹ ਪਦ ਵਰਤਿਆ ਜਾਂਦਾ ਹੈ।

Edentata (ਈਡੋੱਨਟੇਟਾ)

ਇਸ ਪਦ ’ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਐਕਸ (ex) ਅਤੇ ਡੈਨਸ (dens), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਬਿਨਾਂ’ ਦੇ ਅਤੇ ਦੂਜੇ ਦੇ, ‘ਦੰਦ’ ਦੇ। ਦੰਦ ਰਹਿਤ ਸਥਿਤੀ ਦਾ ਪ੍ਰਤੀਕ ਉਪਰੋਕਤ ਪਦ, ਪਸ਼ੂਆਂ ਦੇ ਇਕ ਵਰਗ ਦਾ ਨਾਮ ਹੈ, ਜਿਸ ’ਚ ਦੰਦ ਹੀਣ ਪਸ਼ੂ ਸ਼ਾਮਲ ਹਨ, ਜਿਵੇਂ ਕਿ ਐਂਟਈਟਰ (anteater), ਸਲਾਥ (sloth), ਆਰਮਿੱਡਿਲੋ (armadillo) ਆਦਿ।

Edestin (ਏੱਡੱਸਟਿਨ)

ਯੂਨਾਨੀ ਸ਼ਬਦ ਏਡੱਸਟੱਸ (edestos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਖਾਣਯੋਗ’ ਦੇ। ਉਸ ਖਾਣਯੋਗ ਪ੍ਰੋਟੀਨ ਦਾ ਇਹ ਨਾਮ ਹੈ, ਜਿਹੜੀ ਸੂਰਜ-ਮੁੱਖੀ ਦੇ ਬੀਜਾਂ ਅੰਦਰ ਵਿਸ਼ੇਸ਼ ਤੌਰ ’ਤੇ ਉਪਲਬਧ ਹੈ। ਹੋਰ ਵੀ ਕਈ ਬੀਜ ਹਨ, ਜਿਨ੍ਹਾਂ ’ਚ ਇਹ ਪ੍ਰੋਟੀਨ ਮਿਲਦੀ ਹੈ।

Edominant (ਈਡਾਮਿਨੰਟ)

ਇਸ ਪਦ ਦਾ ਮੂਲ ‘ਡਾਮਿਨੰਟ’ ਆਮ ਵਰਤੋਂ ’ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ ‘ਪ੍ਰਭਾਵਸ਼ੀਲ’ ਦੇ ਜਾਂ ‘ਹਾਵੀ ਹੋਣ’ ਦੇ। ਪਦ ਦਾ ਮੂਹਰਲਾ ‘ਈ’ ਅੱਖਰ ‘ਬਿਨਾਂ’ ਦੇ ਅਰਥਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਉਪਰੋਕਤ ਪਦ ਇਸੇ ਲਈ ਉਨ੍ਹਾਂ ਜੀਵ-ਨਸਲਾਂ ਲਈ ਰਾਖਵਾਂ ਹੈ, ਜਿਹੜੀਆਂ, ਜਿਸ ਦੁਆਲੇ ’ਚ ਵਿਚਰਦੀਆਂ ਹਨ, ਉਸ ਉਪਰ ਇਨ੍ਹਾਂ ਦਾ ਪ੍ਰਤੱਖ ਪ੍ਰਭਾਵ ਪੈ ਰਿਹਾ ਦਿਖਾਈ ਨਹੀਂ ਦਿੰਦਾ।

Eel worms (ਈਲ੍ਹ ਵਰਮਜ਼)

ਇਸ ਪਦ ਦਾ ਪਹਿਲਾ ਸ਼ਬਦ ‘ਈਲ’, ਉਨ੍ਹਾਂ ਮੱਛੀਆਂ ਲਈ ਵਰਤਿਆ ਜਾਂਦਾ ਹੈ, ਜਿਹੜੀਆਂ ਪਤਲੀਆਂ, ਮਲੂਕ ਅਤੇ ਬਹੁਤ ਤਿਲਕਵੀਆਂ ਹਨ ਅਤੇ ਇਸੇ ਲਈ ਹੱਥ ’ਚ ਫੜੀਆਂ ਨਹੀਂ ਜਾ ਸਕਦੀਆਂ। ‘ਵਰਮ’, ਜਿਹੜਾ ਇਸ ਪਦ ਦਾ ਦੂਜਾ ਸ਼ਬਦ ਹੈ, ਮਲ੍ਹੱਪ ਲਈ ਵਰਤਿਆ ਜਾਂਦਾ ਹੈ ਅਤੇ ਮਲ੍ਹੱਪ ਕਈ ਪ੍ਰਕਾਰ ਦੇ ਹਨ। ਉਪਰੋਕਤ ਪਦ, ਪਰ ਨੈੱਮਟੋਡ ਮਲ੍ਹੱਪਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਲਮੂੰਤਰੇ ਗੋਲ ਸਰੀਰ ਅਤੀ ਮਹੀਨ ਅਤੇ ਮਲੂਕ ਵੀ ਹੁੰਦੇ ਹਨ ਅਤੇ ਇਨ੍ਹਾਂ ਦੀ ਈਲ ਵਾਂਗ ਤਿਲਕਵੀਂ ਛੋਹ ਹੁੰਦੀ ਹੈ।

Effector (ਏੱਫ਼ੈਕਟਰ)

ਲਾਤੀਨੀ ਸ਼ਬਦ ਏੱਫ਼ਿਸਿਰੱ (efficere) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਨੇਪਰੇ ਚਾੜ੍ਹਨ’ ਦੇ। ਉਸ ਅੰਗ ਜਾਂ ਟਿਸ਼ੂ ਲਈ ਇਹ ਪਦ ਰਾਖਵਾਂ ਹੈ, ਜਿਹੜਾ ਦਿਮਾਗ਼ ਜਾਂ ਨਸ-ਪ੍ਰਣਾਲੀ ਦੇ ਕਿਸੇ ਭਾਗ ਦੁਆਰਾ ਉਤੇਜਿਤ ਹੋ ਕੇ, ਜ਼ਿੰਮੇ ਲਗੇ ਕਾਰਜ ਨੂੰ ਨੇਪਰੇ ਚਾੜ੍ਹਦਾ ਹੈ। ਇਹ ਪਦ ਮਾਸ-ਪੇਸ਼ੀਆਂ ਲਈ ਵਿਸ਼ੇਸ਼ ਤੌਰ ਤੇ ਵਰਤਿਆ ਜਾਂਦਾ ਹੈ।

Effector molecule (ਏੱਫ਼ੈਕਟਰ ਮਾਲਿਕਿਊਲ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਏੱਫਿਸਿਰੱ (efficere) ਹੈ, ਜਿਸ ਦੇ ਅਰਥ ਹਨ ‘ਨੇਪਰੇ ਚਾੜ੍ਹਨ’ ਦੇ। ਉਸ ਮਾਲਿਕਿਊਲ

ਜਾਂ ਅਣੂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਰੈਗੂਲੇਟ੍ਰੀ (ਨਿਆਂਤਰਕ) ਜੀਨ ਨਾਲ ਜੁੜ ਕੇ, ਇਸ ਨੂੰ ਕ੍ਰਿਆਸ਼ੀਲ ਜਾਂ ਅਕ੍ਰਿਆਸ਼ੀਲ ਬਣਾ ਦਿੰਦਾ ਹੈ।

Efferent (ਏੱਫ਼ਰੰਟ)

ਲਾਤੀਨੀ ਸ਼ਬਦ ਐਕਸ (ex) ਅਤੇ ਫ਼ਰਿ (ferre) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਬਾਹਰ ਵੱਲ’ ਦੇ ਅਤੇ ਦੂਜੇ ਦੇ, ‘ਲੈ ਜਾਣ’ ਦੇ। ਜਿਹੜੀਆਂ ਨਾਲੀਆਂ ਤਰਲ ਨੂੰ, ਇਸ ਨੂੰ ਰਿਸਾਉਂਦੇ ਅੰਗ ਤੋਂ ਬਾਹਰ ਵੱਲ ਨੂੰ ਲੈ ਕੇ ਜਾਂਦੀਆਂ ਹਨ, ਉਨ੍ਹਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਉਨ੍ਹਾਂ ਨਸਾਂ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ, ਜਿਹੜੀਆਂ ਉਤੇਜਨਾਵਾਂ ਨੂੰ ਦਿਮਾਗ਼ ਅਤੇ ਮੁਖ-ਨਸ ਤੋਂ ਮਾਸਪੇਸ਼ੀਆਂ ਤਕ ਪਹੁੰਚਾਉਂਦੀਆਂ ਹਨ।

Efflorescence (ਏੱਫ਼ਲੌਰੇੱਸੰਸ)

ਲਾਤੀਨੀ ਸ਼ਬਦ ਏੱਫ਼ਲੱਰਿਸਰਿ (efflescere) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ ‘ਖਿੜਨ’ ਦੇ। ਬੂਟਿਆਂ-ਬ੍ਰਿਛਾਂ ਦੇ ਫੁੱਲਾਂ ਦੇ ਖਿੜਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Effluence (ਏੱਫ਼ਲੁਅੰਸ)

ਘਰਾਂ ਦੇ ਅਤੇ ਉਦਯੋਗਾਂ ਦੇ ਹਰ ਪ੍ਰਕਾਰ ਦੇ ਨਿਕਾਸ ਨੂੰ ਇਹ ਪਦ ਦਰਸਾਉਂਦਾ ਹੈ।

Effoliation (ਏੱਫ਼ਲਿਏਸ਼ਨ)

ਜਿਹੜੇ ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਉਹ ਹਨ ਐਕਸ (ex) ਅਤੇ ਫ਼ੋਲਿਅਮ (folium), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਬਾਹਰ’ ਦੇ ਜਾਂ ‘ਬਿਨਾਂ’ ਦੇ ਅਤੇ ਦੂਜੇ ਦੇ ‘ਪੱਤਰ’ ਦੇ। ਬੂਟਿਆਂ-ਬ੍ਰਿਛਾਂ ਦੀ ਪੱਤਰ ਝਾੜਨ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Egest (ਈਜੇੱਸਟ)

ਲਾਤੀਨੀ ਸ਼ਬਦ ਈਜੱਰਿਅਰ (egerere) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ ‘ਲਾਹੁਣ’ ਦੇ ਜਾਂ ‘ਉਤਾਰਨ’ ਦੇ। ਸਰੀਰ ਅੰਦਰੋਂ ਕਿਸੇ ਪਦਾਰਥ ਦੇ ਬਾਹਰ ਕੱਢਣ ਦੀ ਪ੍ਰਕ੍ਰਿਆ ਲਈ ਇਹ ਪਦ ਵਰਤਿਆ ਜਾਂਦਾ ਹੈ।

Egg (ਏੱਗ)

ਮਾਦਾ ਜੀਵ ਦੇ ਪਰਿਪੱਕ ਪ੍ਰਜਣਨ-ਸੈੱਲ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਨੂੰ ਪ੍ਰਾਣੀਆਂ ’ਚ ਅੰਡਾ ਅਤੇ ਬੂਟਿਆਂ-ਬ੍ਰਿਛਾਂ ’ਚ ਓਵਯੂਲ (ਅੰਡਾਣੂ) ਸੱਦਿਆ ਜਾਂਦਾ ਹੈ।

Ejaculatory duct (ਈਜੇੱਕਯੂਲੇਟ੍ਰਿ ਡੱਕਟ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਈਜੇੱਕਯੂਲਰਿ (ejaculare) ਹੈ, ਜਿਸ ਦੇ ਅਰਥ ਹਨ ‘ਬਾਹਰ ਸੁੱਟ ਦੇਣ’ ਦੇ। ਉਪਰੋਕਤ ਨਾਮ ਨਰ ਦੀ ਪ੍ਰਜਣਨ ਪ੍ਰਣਾਲੀ ਦੀ ਉਸ ਨਾਲੀ ਦਾ ਹੈ, ਜਿਸ ਦੁਆਰਾ ਤੁਖਮ ਰਚਿਆ ਰਸ ਜਾਂ ਵੀਰਜ ਝਟਕੇ ਨਾਲ ਸਰੀਰੋਂ ਬਾਹਰ ਖ਼ਾਰਜ ਹੁੰਦਾ ਹੈ।

Elaioplast (ਏੱਲਿਅਪਲੈਸਟ)

ਯੂਨਾਨੀ ਸ਼ਬਦ ਇਲੇਅਨ (elaion) ਅਤੇ ਪਲੈਸਟਸ (plastos) ਇਸ ਪਦ ’ਚ ਸਮਾਏ ਹੋਏ ਹਨ। ਇਨ੍ਹਾਂ ’ਚੋਂ ਪਹਿਲੇ ਸ਼ਬਦ ਦੇ ਅਰਥ ਹਨ ‘ਤੇਲ’ ਦੇ ਤੇ ਦੂਜੇ ਸ਼ਬਦ ਦੇ, ‘ਨੁਹਾਰ ਧਾਰਨ’ ਦੇ। ਬਨਸਪਤੀ ਸੈੱਲ ਅੰਦਰਲੀ ਪਲਾਸਟਿਡ ਸੱਦੀ ਜਾਂਦੀ ਉਸ ਇੰਦਰੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਅੰਦਰ ਤੇਲ-ਤੁਪਕੇ ਇਕੱਤਰ ਹੁੰਦੇ ਹਨ।

Elasmobranchii (ਇਲੇੱਜਮੱਬ੍ਰੈਂਕਇ)

ਮੁਰਕਣੀਆਂ ਹੱਡੀਆਂ ਵਾਲੀਆਂ ਮੱਛੀਆਂ ਦੀ ਉਸ ਉਪ-ਸ਼੍ਰੇਣੀ ਦਾ ਇਹ ਨਾਮ ਹੈ, ਜਿਸ ’ਚ ਸ਼ਾਰਕਾਂ ਅਤੇ ਰੇਆਂ ਸ਼ਾਮਲ ਹਨ ਅਤੇ

ਜਿਹੜੀਆਂ ਹੋਰਨਾਂ ਮੱਛੀਆਂ ਦਾ ਸ਼ਿਕਾਰ ਕਰਕੇ ਆਪਣਾ ਅਹਾਰ ਪੂਰਦੀਆਂ ਹਨ।

Elastin (ਅਲੈਸਟਿਨ)

ਯੂਨਾਨੀ ਸ਼ਬਦ ਅਲਯੂਨਿਨ (elaunein) ਇਸ ਪਦ ਦਾ ਆਧਾਰ ਹੈ ਅਤੇ ਜਿਸ ਦੇ ਅਰਥ ਹਨ 'ਖਿੱਚਣ' ਦੇ। ਪ੍ਰਾਣੀ ਸਰੀਰ ਅੰਦਰਲੇ ਫੈਲਣ ਅਤੇ ਸੁੰਗੜਨ ਯੋਗ ਰੇਸ਼ਿਆਂ ਦੀ ਪ੍ਰੋਟੀਨ ਲਈ ਉਪਰੋਕਤ ਪਦ ਰਾਖਵਾਂ ਹੈ।

Electric organ (ਅਲੈਕਟ੍ਰਿਕ ਆਰਗਨ)

ਕਈ ਮੱਛੀਆਂ ਦੀਆਂ, ਪਰ ਵਿਸ਼ੇਸ਼ ਰੇਆਂ ਦੀਆਂ ਮਾਸ-ਪੇਸ਼ੀਆਂ ਇਸ ਯੋਗ ਹਨ ਕਿ ਇਹ ਬਿਜਲੀ-ਰੌਆਂ ਉਪਜਾ ਸਕਦੀਆਂ ਹਨ। ਅਲੈਕਟ੍ਰਿਕ ਰੇਆਂ ਦੀ ਉਪਜਾਈ ਬਿਜਲੀ ਇੰਨੀ ਸ਼ਕਤੀਸ਼ਾਲੀ ਹੁੰਦੀ ਹੈ ਕਿ ਇਸ ਦਾ ਸਦਮਾ ਪ੍ਰਾਣੀਆਂ ਲਈ ਘਾਤਕ ਵੀ ਸਿੱਧ ਹੋ ਸਕਦਾ ਹੈ। ਰੇਆਂ ਦਾ ਬਿਜਲਈ-ਅੰਗ ਇਨ੍ਹਾਂ ਦੇ ਸ਼ਿਕਾਰ ਕਰਨ ਦਾ ਅਤੇ ਬਚਾਓ ਦਾ ਸਾਧਨ ਹੁੰਦਾ ਹੈ, ਜਿਸ ਲਈ ਹੀ ਉਪਰੋਕਤ ਪਦ ਰਾਖਵਾਂ ਹੈ।

Electron microscope (ਇਲੈਕਟ੍ਰਾਨ ਮਾਈਕ੍ਰੋਸਕੋਪ)

ਅਤੀ ਮਹੀਨ ਆਕਾਰ ਵਾਲੇ ਕੀਟਾਣੂਆਂ ਅਤੇ ਸੈੱਲਾਂ ਅੰਦਰਲੀ ਬਣਤਰ ਉਘੇੜਨ ਲਈ ਜਿਸ ਖ਼ੁਰਦਬੀਨ, ਭਾਵ ਮਾਈਕ੍ਰੋਸਕੋਪ ਦਾ ਉਪਯੋਗ ਕੀਤਾ ਜਾਂਦਾ ਹੈ, ਉਸੇ ਦਾ ਉਪਰੋਕਤ ਨਾਮ ਹੈ। ਇਸ ਖ਼ੁਰਦਬੀਨ 'ਚ ਵਸਤੂਆਂ ਨੂੰ ਦ੍ਰਿਸ਼ਮਾਨ ਕਰਨ ਦੇ ਸਾਧਨ ਵਜੋਂ ਪ੍ਰਕਾਸ਼ ਕਿਰਨਾਂ ਦੀ ਥਾਵੇਂ ਇਕੈਕਟ੍ਰਾਨੀ ਰਿਸ਼ਮਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਖ਼ੁਰਦਬੀਨ 'ਚੋਂ ਦੀ ਮਿਲੀਮੀਟਰ ਦੇ ਕ੍ਰੋੜਵੇਂ ਭਾਗ ਦੇ ਆਕਾਰ ਦੀਆਂ ਵਸਤੂਆਂ ਵੀ ਦੇਖੀਆਂ ਜਾ ਸਕਦੀਆਂ ਹਨ।

Electrophoresis (ਐਲੈਕਟ੍ਰੋਫਰਿਸਿਸ)

ਪ੍ਰਯੋਗਸ਼ਾਲਾ 'ਚ ਵਰਤੀ ਜਾਂਦੀ ਇਕ ਵਿਧੀ ਦਾ ਇਹ ਨਾਮ ਹੈ, ਜਿਸ ਦੁਆਰਾ ਜੈਵਿਕ ਮਹੱਤਤਾ ਵਾਲੇ ਅਣੂ ਇਕ ਦੂਜੇ ਨਾਲੋਂ, ਪਛਾਣ ਕਰਨ ਦੇ ਮੰਤਵ ਨਾਲ, ਨਿਖੇੜ ਲਏ ਜਾਂਦੇ ਹਨ। ਇਨ੍ਹਾਂ ਅਣੂਆਂ ਨੂੰ ਇਕ ਦੂਜੇ ਨਾਲੋਂ ਨਿਖੇੜਨ ਦਾ ਸਾਧਨ ਇਨ੍ਹਾਂ ਦੇ ਆਕਾਰ, ਨੁਹਾਰ ਅਤੇ ਇਨ੍ਹਾਂ ਦੇ ਬਿਜਲਈ ਚਾਰਜ ਹੁੰਦੇ ਹਨ।

Elytron (ਐਲਿਟ੍ਰਾੱਨ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਮਿਆਨ' ਦੇ। ਭੂੰਡੀਆਂ ਦੇ ਪਰਾਂ ਦੇ ਅਗਲੇ ਜੋੜੇ ਲਈ ਉਪਰੋਕਤ ਪਦ ਦਾ ਬਹੁਵਚਨ ਐਲਿਟ੍ਰਾ (elytra) ਵਰਤਿਆ ਜਾਂਦਾ ਹੈ। ਕਰੜੇ ਅਤੇ ਸਖ਼ਤ ਇਹ ਪਰ ਉਡਾਰੀ ਲਈ ਨਹੀਂ, ਸਗੋਂ ਸਰੀਰਕ ਸੁਰੱਖਿਆ ਲਈ ਵਰਤੇ ਜਾਂਦੇ ਹਨ।

Embryo (ਐਮਬ੍ਰਿਅ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਐਮਬ੍ਰਿਅਨ (embryon) ਹੈ, ਜਿਸ ਦੇ ਅਰਥ ਹਨ, 'ਅਪ੍ਰਗਤ ਜੀਵ' ਦੇ ਜਾਂ 'ਭਰੂਣ' ਦੇ। ਜੀਵ ਦੀ ਮੁਢਲੀ, ਪ੍ਰਗਤੀ ਅਧੀਨ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਮਾਂ ਦੀ ਕੁੱਖ 'ਚ ਪਲ ਰਹੇ ਬੱਚੇ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ।

Embryology (ਐਮਬ੍ਰਿਆੱਲਜਿ)

ਦੋ ਯੂਨਾਨੀ ਸ਼ਬਦ, ਐਮਬ੍ਰਿਅਨ (embryon) ਅਤੇ ਲੌਗਸ (logos), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਭਰੂਣ' ਦੇ ਅਤੇ ਦੂਜੇ ਦੇ, 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਇਹ ਨਾਮ ਹੈ, ਜਿਸ ਦਾ ਸਬੰਧ ਨਿਸ਼ੇਚੇ ਅੰਡੇ ਦੀ ਪ੍ਰਗਤੀ ਨਾਲ ਹੈ, ਜਿਸ ਦੌਰਾਨ ਇਹ ਵੰਡੀਦਾ ਵੰਡੀਦਾ, ਟਿੱਸ਼ੂਆਂ ਅਤੇ ਅੰਗਾਂ ਦਾ ਰੂਪ ਧਾਰਦਾ ਹੋਇਆ, ਜੀਵ ਦੀ ਪ੍ਰੌਢ ਅਵਸਥਾ ਨੂੰ ਪੁੱਜ ਜਾਂਦਾ ਹੈ।

Enamel (ਇਨੈਮਲ)

ਇਹ ਫ੍ਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਝਾਲ' ਜਾਂ 'ਮੁਲੰਮੇ' ਦੇ। ਰੀੜ੍ਹ ਸਹਿਤ ਪ੍ਰਾਣੀਆਂ ਦੇ ਦੰਦਾਂ ਉਪਰ ਫਿਰੀ ਹੋਈ ਚਿਲਕਵੀਂ ਝਾਲ ਦਾ ਇਹ ਨਾਮ ਹੈ, ਜਿਹੜੀ ਸਖ਼ਤ ਹੁੰਦੀ ਹੈ ਅਤੇ ਮੁੱਖ ਤੌਰ 'ਤੇ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦੇ ਖਾਰਾਂ ਦੁਆਰਾ ਰਚੀ ਹੋਈ ਹੁੰਦੀ ਹੈ।

Endemic (ਐਨਡੈਮਿਕ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ ਐਨਡੀਮੌਸ (endemos) ਹੈ, ਜਿਸ ਦੇ ਅਰਥ ਹਨ 'ਸਥਾਨਕ ਵਸਨੀਕ' ਦੇ। ਇਹ ਪਦ ਜੀਵਾਂ ਦੀ ਉਸ ਨਸਲ ਲਈ ਵਰਤਿਆ ਜਾਂਦਾ ਹੈ, ਜਿਹੜੀ ਨਿਰਧਾਰਤ ਹੱਦਾਂ ਅੰਦਰ ਪਸਰੇ ਖੇਤਰ 'ਚ ਲੰਬੇ ਸਮੇਂ ਤੋਂ ਵਿਚਰਦੀ ਆ ਰਹੀ ਹੋਵੇ।

Endergonic reaction (ਐਨਡੈਰਗਾੱਨਿਕ ਰਿਐਕਸ਼ਨ)

ਯੂਨਾਨੀ ਸ਼ਬਦ, ਐਨਡੱਨ (endon) ਅਤੇ ਅਰਗਨ (ergon), ਇਸ ਪਦ ਦੇ ਪਹਿਲੇ ਭਾਗ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅੰਦਰ' ਦੇ ਅਤੇ 'ਕੰਮ' ਦੇ। ਪਦ ਦਾ ਦੂਜਾ ਭਾਗ ਰਸਾਇਣਕ ਪ੍ਰਕ੍ਰਿਆ ਲਈ ਵਰਤਿਆ ਜਾਂਦਾ ਆਮ ਸ਼ਬਦ ਹੈ। ਉਪਰੋਕਤ ਪਦ ਉਸ ਪ੍ਰਕ੍ਰਿਆ ਨੂੰ ਦਰਸਾਉਂਦਾ ਹੈ, ਜਿਸ ਦੌਰਾਨ ਊਰਜਾ ਬਾਹਰੋਂ ਅੰਦਰ ਸਮੋਈ ਜਾਂਦੀ ਹੈ।

Endobiotic (ਐਨਡੱਬਾਇਔੱਟਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਐਨਡੱਨ (endon) ਅਤੇ ਬਾਇਓਟਿਕੱਸ (biotikos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅੰਦਰ' ਦੇ ਅਤੇ 'ਸਜੀਵ' ਦੇ। ਜੇਕਰ ਇਕ ਜੀਵ ਦੂਜੇ ਜੀਵ ਦੇ ਸਰੀਰ ਅੰਦਰ ਵਿਚਰੇ ਤਾਂ ਇਸ ਵਿਚਰਨ ਢੰਗ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Endocrine gland (ਐਨਡੱਕਰਾਈਨ ਗਲੈਂਡ)

ਇਸ ਪਦ ਦੇ ਪਹਿਲੇ ਭਾਗ ਦਾ ਮੂਲ ਦੋ ਯੂਨਾਨੀ ਸ਼ਬਦ, ਐਨਡੱਨ (endon) ਅਤੇ ਕ੍ਰਿਨੀਨ (krinein) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜੇ ਦੇ 'ਨਿਕਾਸ' ਦੇ। ਸਰੀਰ ਅੰਦਰਲੇ ਨਿਕਾਸ-ਨਾਲੀਆਂ ਰਹਿਤ ਗਦੂਦਾਂ ਜਾਂ ਗ੍ਰੰਥੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਰਸ ਸਿੱਧਿਆਂ ਲਹੂ 'ਚ ਰਿਸ ਕੇ ਨਿਰਧਾਰਤ ਟਿਕਾਣਿਆਂ ਤਕ ਪੁੱਜਦੇ ਰਹਿੰਦੇ ਹਨ।

Endocrinology (ਐਨਡੱਕ੍ਰਿਨਾੱਲੱਜਿ)

ਤਿੰਨ ਯੂਨਾਨੀ ਸ਼ਬਦ ਇਸ ਪਦ ਨੂੰ ਬਣਾਉਣ ਵਾਲੇ ਹਨ। ਪਹਿਲਾ ਐਨਡੱਨ (endon), ਜਿਸ ਦੇ ਅਰਥ ਹਨ 'ਅੰਦਰ' ਦੇ; ਦੂਜਾ ਕ੍ਰਿਨੀਨ (krinein), ਜਿਸ ਦੇ ਅਰਥ ਹਨ 'ਨਿਕਾਸ' ਦੇ ਅਤੇ ਤੀਜਾ ਲੋਗਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਵਿਸ਼ਾ-ਸ਼ਾਖ ਦਾ ਇਹ ਨਾਮ ਹੈ ਜਿਸ ਅਧੀਨ ਐਨਡੱਕ੍ਰਾਈਨ, ਭਾਵ ਨਿਕਾਸ-ਨਾਲੀਆਂ ਰਹਿਤ ਗ੍ਰੰਥੀਆਂ 'ਚੋਂ ਰਿਸਦੇ ਹਾਰਮੋਨੀ ਰਸਾਂ ਦੇ ਸਰੀਰ ਉਪਰ ਪੈ ਰਹੇ ਪ੍ਰਭਾਵਾਂ ਦਾ ਅਧਿਐਨ ਕੀਤਾ ਜਾਂਦਾ ਹੈ।

Endoderm (ਐਨਡੱਡਰਮ)

ਯੂਨਾਨੀ ਸ਼ਬਦ ਐਨਡੱਨ (endon) ਅਤੇ ਡਰਮ (derm) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜੇ ਦੇ ਪਰਤ ਦੇ। ਭਰੂਣ ਦੀ ਪ੍ਰਗਤੀ ਦੌਰਾਨ ਜਿਹੜੀਆਂ ਮੁਢਲੀਆਂ ਦੋ ਪਰਤਾਂ ਹੋਂਦ 'ਚ ਆਉਂਦੀਆਂ ਹਨ, ਉਨ੍ਹਾਂ ਚੋਂ ਅੰਦਰਲੀ ਦਾ ਇਹ ਨਾਮ ਹੈ। ਇਸੇ ਤੋਂ, ਪ੍ਰਗਤੀ ਦੌਰਾਨ, ਪਾਚਨ-ਪ੍ਰਣਾਲੀ ਅਤੇ ਸ੍ਵਾਸ ਪ੍ਰਣਾਲੀ ਦੇ ਮੁੱਖ ਭਾਗ ਉਪਜਦੇ ਹਨ।

Endogamy (ਐਨਡੱਗੈਮਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ

ਹਨ, ਐਨਡੱਨ (endon) ਅਤੇ ਗੈਮੱਸ (gamos), ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜੇ ਦੇ 'ਵਿਵਾਹ' ਦੇ। ਉਸ ਪ੍ਰਕਾਰ ਦੇ ਪ੍ਰਜਣਨ ਨੂੰ ਇਹ ਪਦ ਦਰਸਾਉਂਦਾ ਹੈ, ਜਿਸ 'ਚ ਭਾਗ ਲੈਂਦੇ ਦੋ ਜੀਵ, ਆਪਸ 'ਚ, ਜੀਨਾਂ ਦੀ ਪੱਧਰ ਉਪਰ, ਇਕ ਦੂਜੇ ਦੇ ਸਬੰਧੀ ਹੁੰਦੇ ਹਨ।

Endogenous (ਐਨਡੱਜੀਨੱਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਐਨਡੱਨ (endon), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਜਿਨੀਸ (genes), ਜਿਸ ਦੇ ਅਰਥ ਹਨ 'ਉਤਪਤੀ' ਦੇ। ਇਕ ਜੀਵ ਜੇਕਰ ਦੂਜੇ ਜੀਵ ਅੰਦਰ ਜਨਮ ਲੈ ਕੇ, ਇਸੇ 'ਚ ਪ੍ਰਗਤ ਹੋਵੇ ਅਤੇ ਫਿਰ ਇਸ ਅੰਦਰ ਵਿਚਰੇ ਵੀ, ਤਦ ਇਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Endometrium (ਐਨਡੱਮੀਟ੍ਰਿਅਮ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਇਨ੍ਹਾਂ 'ਚੋਂ ਪਹਿਲਾ ਹੈ ਐਨਡੱਨ (endon), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਹੈ ਮੀਟ੍ਰਾ (metra), ਜਿਸ ਦੇ ਅਰਥ ਹਨ 'ਕੁੱਖ' ਦੇ ਜਾਂ 'ਬੱਚੇਦਾਨੀ' ਦੇ। ਬੱਚੇਦਾਨੀ ਦਾ ਅੰਦਰਸ ਬਣ ਕੇ, ਇਸ ਨਾਲ ਚਿਪਕੀ ਹੋਈ ਉਸ ਪਰਤ ਦਾ ਇਹ ਨਾਮ ਹੈ, ਜਿਹੜੀ ਹਰ ਮਹੀਨੇ ਨਵੀਂ ਪੁੰਗਰਦੀ ਹੈ ਅਤੇ ਪੁਰਾਣੀ, ਜੇਕਰ ਗਰਭ ਨਾ ਠਹਿਰੇ, ਖੁਰ ਖੁਰ ਕੇ, ਮਾਹਵਾਰੀ ਦੇ ਰੂਪ 'ਚ, ਸਮੇਂਬਧ, ਸਰੀਰੋਂ ਖ਼ਾਰਜ ਹੁੰਦੀ ਰਹਿੰਦੀ ਹੈ।

Endomitosis (ਐਨਡੱਮਾਇਟੋਸਿਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਐਨਡੱਨ (endon), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਮਾਇਟੋਸ (mitos), ਜਿਸ ਦੇ ਅਰਥ ਹਨ 'ਡੋਰੇ' ਦੇ। ਕ੍ਰੋਮੋਸੋਮਾਂ, ਭਾਵ ਕ੍ਰੋਮ-ਡੋਰਿਆਂ ਦੀ ਮਾਇਟੋਸਿਸ (mitosis) ਸੈੱਲ-ਵੰਡਾਰੇ ਦੌਰਾਨ ਗਿਣਤੀ ਦੁਗਣੀ ਹੋ ਜਾਂਦੀ ਹੈ ਅਤੇ ਜੇਕਰ ਕ੍ਰੋਮ-ਡੋਰਿਆਂ ਦੀ ਗਿਣਤੀ ਤਾਂ ਦੁਗਣੀ ਹੋ ਜਾਵੇ, ਪਰ ਕਿਸੇ ਕਾਰਨ ਸੈੱਲ ਦਾ ਵਿਭਾਜਨ ਨਾ ਹੋਵੇ, ਤਦ ਸੈੱਲ ਅੰਦਰ ਕ੍ਰੋਮ ਡੋਰਿਆਂ ਦੀ ਗਿਣਤੀ ਸਾਧਾਰਨ ਨਾਲੋਂ ਦੁਗਣੀ ਹੋ ਜਾਂਦੀ ਹੈ। ਇਸੇ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Endonuclease (ਐਨਡੱਨਿਊਕਲੀਏਜ਼)

ਨਿਊਕਲਿਅਈ ਤੇਜ਼ਾਬ ਨਾਲ ਸਬੰਧਤ ਉਸ ਐਨਜ਼ਾਈਮ ਦਾ ਇਹ ਨਾਮ ਹੈ, ਜਿਹੜਾ ਇਸ ਨੂੰ ਟੁਕੜੀਆਂ 'ਚ ਵੰਡਣ ਦੀ ਪ੍ਰਕ੍ਰਿਆ ਪੂਰੀ ਕਰਦਾ ਹੈ। ਇਸ ਐਨਜ਼ਾਈਮ ਦੁਆਰਾ ਡੀ ਐਨ ਏ ਦੀਆਂ ਲੜੀਆਂ ਦੀ ਕਾਟ-ਛਾਂਟ ਕਰਨੀ ਸੰਭਵ ਹੁੰਦੀ ਹੈ।

Endoparasite (ਐਨਡੱਪੈਰੈਸਾਇਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਐਨਡੱਨ (endon) ਅਤੇ ਪੈਰੈਸਿਟੱਸ (parasitos), ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜੇ ਦੇ, 'ਪ੍ਰਜੀਵ' ਦੇ, ਭਾਵ 'ਹੋਰ ਜੀਵ ਆਸਰੇ ਪਲਣ ਵਾਲੇ ਜੀਵ' ਦੇ। ਉਸ ਪ੍ਰਜੀਵ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਮੀਜ਼ਬਾਨ ਜੀਵ ਦੇ ਸਰੀਰ ਅੰਦਰ ਵਿਚਰਦਾ ਹੈ।

Endoplasm (ਐਨਡੱਪਲੈਜ਼ਮ)

ਦੋ ਯੂਨਾਨੀ ਸ਼ਬਦ ਐਨਡੱਨ (endon) ਅਤੇ ਪਲੈਜ਼ਮਅ (plasma) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਅੰਦਰ' ਦੇ ਅਤੇ 'ਲਚਕੀਲੇ ਪਦਾਰਥ' ਦੇ। ਸੈੱਲ ਦੇ ਦੋ ਖੇਤਰ ਸਪਸ਼ਟ ਨਜ਼ਰ ਆਉਂਦੇ ਹਨ, ਸੈੱਲ ਨੂੰ ਬਾਹਰੋਂ ਫਿਰਨੀ ਜਿਉਂ ਘੇਰਦਾ ਬਗਲ ਅਤੇ ਅੰਦਰਲਾ ਲੇਸਲਾ ਪਦਾਰਥ। ਇਸੇ ਅੰਦਰਲੇ, ਦੁਆਲੇ ਦੇ ਬਗਲ ਨਾਲੋਂ ਘੱਟ ਸੰਘਣੇ ਸੈੱਲ ਦੇ ਭਾਗ ਨੂੰ ਉਪਰੋਕਤ ਪਦ ਦਰਸਾਉਂਦਾ ਹੈ ਅਤੇ ਇਹੋ ਹੀ ਜੈਵਿਕ ਪ੍ਰਕ੍ਰਿਆਵਾਂ ਦਾ ਕੇਂਦਰ ਹੈ।

Endoplamic reticulum (ਐਨਡੱਪਲੈਜ਼ਮਿਕ ਰਿਟਿਕਯੁਲਮ)

ਪਦ ਦਾ ਪਹਿਲਾ ਭਾਗ ਸੈੱਲ ਅੰਦਰਲੇ ਪਦਾਰਥ, ਐਨਡੱਪਲੈਜ਼ਮ ਨੂੰ ਦਰਸਾਉਂਦਾ ਵਿਸ਼ੇਸ਼ਣ ਹੈ ਅਤੇ ਲਾਤੀਨੀ ਆਧਾਰ ਵਾਲੇ ਪਦ ਦੇ ਦੂਜੇ ਭਾਗ ਦੇ ਅਰਥ ਹਨ 'ਜਾਲੀ' ਦੇ। ਸੈੱਲ ਦੇ ਐਨਡੱਪਲੈਜ਼ਮ ਵਿਖੇ ਜਿਹੜੀ ਝਿਲੀਆਂ ਦੀ ਜਾਲੀਦਾਰ ਬੁਣਤੀ ਸਾਰੇ ਪਸਰੀ ਹੋਈ ਹੁੰਦੀ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Endorphin (ਐਨਡੱਰਫ਼ਿਨ)

ਦਿਮਾਗ਼ ਅੰਦਰ ਪਿਟਯੁਟਰੀ ਗ੍ਰੰਥੀ ਚੋਂ ਰਿਸਦੀ ਨਸ ਸੰਚਾਲਕ ਪ੍ਰੋਟੀਨ ਦਾ ਇਹ ਨਾਮ ਹੈ, ਜਿਸ ਦੀ ਹੋਂਦ 'ਚ ਪੀੜ ਘੱਟ ਮਹਿਸੂਸ ਹੁੰਦੀ ਹੈ ਅਤੇ ਜਿਹੜੀ ਵਿਅਕਤੀ ਨੂੰ ਚੜ੍ਹਦੀ ਕਲਾ ਦਾ ਅਹਿਸਾਸ ਕਰਵਾਉਂਦੀ ਹੈ। ਇਸੇ ਲਈ ਇਸ ਨੂੰ ਸਰੀਰਕ ਅਫ਼ੀਮ ਦਾ ਨਾਮ ਵੀ ਦਿੱਤਾ ਜਾ ਰਿਹਾ ਹੈ।

Endoskeleton (ਐਨਡੱਸਕੇੱਲਟਨ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਭਾਗ ਹਨ, ਐਨਡੱਨ (endon) ਅਤੇ ਸਕੇੱਲਿਟੱਸ (skeletos), ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜੇ ਦੇ 'ਖੜ-ਸੁਕ' ਦੇ, ਭਾਵ ਪਿੰਜਰ ਦੇ। ਪ੍ਰਾਣੀ ਸਰੀਰ ਅੰਦਰਲੇ ਹੱਡੀਆਂ ਦੇ ਜਾਂ ਫਿਰ ਕਿਸੇ ਵੀ ਹੋਰ ਪ੍ਰਕਾਰ ਦੇ, ਸਰੀਰ ਨੂੰ ਅੰਦਰੋਂ ਸਹਾਰਾ ਦਿੰਦੇ ਪਿੰਜਰ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Endosperm (ਐਨਡੱਸਪੱਰਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਐਨਡੱਨ (endon) ਅਤੇ ਸਪੱਰਮਅ (sperma), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜੇ ਦੇ, 'ਬੀਜ' ਦੇ। ਬੀਜ ਦੇ ਕੇਂਦਰ 'ਚ ਸਥਿਤ ਅੰਕੁਰ ਦੁਆਲੇ ਇਕੱਤਰ ਹੋਏ ਖ਼ੁਰਾਕੀ ਤੱਤਾਂ ਲਈ, ਸਮੁੱਚੇ ਤੌਰ ਤੇ, ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਹੋ ਪੌਸ਼ਟਿਕ ਤੱਤ, ਅੰਕੁਰ ਦੇ ਪੁੰਗਰਨ ਸਮੇਂ, ਸਭ ਤੋਂ ਪਹਿਲੋਂ ਵਰਤੋਂ 'ਚ ਆਉਂਦੇ ਹਨ।

Endostyle (ਐਨਡੱਸਟਾਇਲ)

ਜਿਨ੍ਹਾਂ ਦੋ ਯੂਨਾਨੀ ਸ਼ਬਦਾਂ ਦੁਆਰਾ ਇਹ ਪਦ ਰਚਿਆ ਗਿਆ ਹੈ, ਉਹ ਹਨ ਐਨਡੱਨ (endon) ਅਤੇ ਸਟਾਇਲੱਸ (stylos) ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅੰਦਰ' ਦੇ ਅਤੇ 'ਥੰਮ੍ਹ' ਦੇ, ਅਰਥਾਤ 'ਸਹਾਰੇ' ਦੇ। ਪ੍ਰੋਟੱਕਾਰਡੇਟ ਪ੍ਰਾਣੀਆਂ ਦੇ ਅਹਾਰ ਦਾ ਆਸਰਾ ਬਣਦੇ ਅੰਗ ਦਾ ਉਪਰੋਕਤ ਨਾਮ ਹੈ, ਜਿਹੜਾ ਇਕ ਝਿਰੀ ਦੇ ਰੂਪ 'ਚ, ਇਨ੍ਹਾਂ ਦੀ ਪਾਚਨ ਨਾਲੀ ਦੇ ਮੂਹਰਲੇ ਭਾਗ ਦਾ ਅੰਗ ਹੈ। ਇਸ ਝਿਰੀ ਅੰਦਰਲੀਆਂ ਗ੍ਰੰਥੀਆਂ ਚੋਂ ਲੇਸ ਰਿਸ ਰਿਸ ਕੇ, ਦੁਆਲੇ ਦੇ ਜਲ ਚੋਂ ਖ਼ੁਰਾਕ-ਭੋਰੇ ਸਮੇਟਦਾ ਹੋਇਆ, ਫਿਰ ਝਿਰੀ ਅੰਦਰਲੇ ਹੀ ਲੂੰਆਂ ਦੁਆਰਾ, ਪਾਚਨ ਨਾਲੀ ਦੇ ਅਗਲੇ ਭਾਗ 'ਚ ਪ੍ਰਵੇਸ਼ ਕਰਦਾ ਰਹਿੰਦਾ ਹੈ। ਇਨ੍ਹਾਂ ਪ੍ਰਾਣੀਆਂ ਦਾ ਖ਼ੁਰਾਕ ਪ੍ਰਾਪਤ ਕਰਨ ਦਾ ਇਹੋ ਕਾਰਗਰ ਢੰਗ ਹੈ।

Endothelium (ਐਨਡੱਥਿਲੀਅਮ)

ਇਸ ਪਦ ਦਾ ਆਧਾਰ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਹ ਹਨ ਐਨਡੱਨ (endon) ਅਤੇ ਥੀਲੀ (thele), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅੰਦਰ' ਦੇ ਅਤੇ ਮੁਲਾਇਮਤਾ ਦੇ ਪ੍ਰਤੀਕ 'ਨਿਪਲ' (nipple)' ਦੇ। ਸੈੱਲਾਂ ਦੀ ਇਕ ਰਦੇ ਵਾਲੀ ਉਸ ਮੁਲਾਇਮ ਪਰਤ ਦਾ ਇਹ ਨਾਮ ਹੈ, ਜਿਸ ਨਾਲ ਲਹੂ ਅਤੇ ਲਿਮਫ ਵਹਿਣੀਆਂ ਅਤੇ ਦਿਲ ਦੇ ਖਾਨੇ ਅੰਦਰੋਂ ਲਿੰਬੇ ਹੋਏ ਹੁੰਦੇ ਹਨ। ਇਸ ਪਰਤ ਦਾ ਕੂਲਾਪਣ ਲਹੂ ਅਤੇ ਲਿਮਫ ਦੇ ਬਹਾਓ ਲਈ ਸਹਾਈ ਸਿੱਧ ਹੁੰਦਾ ਹੈ।

Endothermic (ਐਨਡੱਥਰਮਿਕ)

ਇਸ ਪਦ ਨੂੰ ਰਚਨ ਵਾਲੇ ਦੋ ਯੂਨਾਨੀ

ਸ਼ਬਦ ਐਨਡੱਨ (endon) ਅਤੇ ਥਰਮੀ (therme) ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜੇ ਦੇ 'ਤਪਸ਼' ਦੇ। ਜਿਸ ਰਸਾਇਣਕ ਪ੍ਰਕ੍ਰਿਆ ਦੌਰਾਨ ਪਦਾਰਥ ਹਰਾਰਤ ਨੂੰ ਬਾਹਰੋਂ ਆਪਣੇ ਅੰਦਰ ਸਮੋਂਦੇ ਰਹਿੰਦੇ ਹਨ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Endotoxin (ਐਨਡੱਟਾਕਸਿਨ)

ਇਸ ਪਦ 'ਚ ਜਿਹੜੇ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਉਹ ਹਨ ਐਨਡੱਨ (endon) ਅਤੇ ਟਾਕਸਿਕਨ (toxikon) ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅੰਦਰ' ਦੇ ਅਤੇ 'ਜ਼ਹਿਰ' ਦੇ। ਉਪਰੋਕਤ ਪਦ ਵਿਸ਼ੇਸ਼ ਤੌਰ ਤੇ ਕੀਟਾਣੂ-ਸੈੱਲ ਅੰਦਰ ਉਪਜਦੀ ਵਿਸ਼ ਜਾਂ ਵਿਹੁ ਲਈ ਵਰਤਿਆ ਜਾਂਦਾ ਹੈ, ਜਿਹੜੀ ਮੀਜ਼ਬਾਨ ਸਰੀਰ ਅੰਦਰ ਜਲਣ ਉਪਜਾਉਂਦੀ ਹੈ।

Endozoic (ਐਨਡੱਜ਼ੋਇਕ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਐਨਡੱਨ (endon) ਅਤੇ ਜ਼ੂਅਨ (zoon), ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜੇ ਦੇ, 'ਪ੍ਰਾਣੀ' ਦੇ। ਇਕ ਪ੍ਰਾਣੀ ਦੇ ਸਰੀਰ 'ਚ ਹੋਰ ਜੀਵ ਵੀ ਵਿਚਰਦੇ ਹਨ ਜਿਹੜੇ, ਜ਼ਰੂਰੀ ਨਹੀਂ, ਕਿ ਪ੍ਰਜੀਵ ਹੀ ਹੋਣ। ਇਸੇ ਸਥਿਤੀ ਦਾ ਉਪਰੋਕਤ ਪਦ ਪ੍ਰਤੀਕ ਹੈ।

End plate (ਐੱਨਡ ਪਲੇਟ)

ਮਾਸਪੇਸ਼ੀ ਦੇ ਉਸ ਭਾਗ ਦਾ ਇਹ ਨਾਮ ਹੈ, ਜਿਥੇ ਪ੍ਰੇਰਕ ਨਸ (moto nerve) ਦੀਆਂ ਮਹੀਨ ਜੜ੍ਹਾਂ ਫੈਲਵੀਆਂ ਵਿਛੀਆਂ ਹੁੰਦੀਆਂ ਹਨ।

Energy flow (ਏਨੱਰਜਿ ਫਲੋ)

ਇਸ ਪਦ ਦੇ ਸਿੱਧੇ ਅਰਥ 'ਊਰਜਾ ਦੇ ਵਹਾਓ' ਦੇ ਹਨ ਅਤੇ ਉਪਰੋਕਤ ਪਦ ਜੀਵ-ਸੰਸਾਰ ਵਿਖੇ ਨਿਰੰਤਰ ਵਗਦੇ ਰਹਿਣ ਵਾਲੇ ਊਰਜਾ ਦੇ ਵਹਾਓ ਨੂੰ ਦਰਸਾਉਂਦਾ ਹੈ। ਸੂਰਜੀ ਊਰਜਾ, ਬਨਸਪਤੀ ਸੰਸਾਰ ਦੁਆਰਾ ਨਿਅੰਤਰਿਤ ਹੋਕੇ, ਫਿਰ ਸਮੁੱਚੇ ਸੰਸਾਰ ਦੇ ਜੀਵਨ ਦਾ ਆਧਾਰ ਬਣਦੀ ਰਹਿੰਦੀ ਹੈ, ਭਾਵ ਜੀਵ ਇਕ ਦੂਜੇ ਲਈ ਅਹਾਰ ਉਪਜਾਉਂਦੇ ਵੀ ਰਹਿੰਦੇ ਹਨ ਅਤੇ ਇਹ ਇਕ ਦੂਜੇ ਦਾ ਅਹਾਰ ਬਣਦੇ ਵੀ ਰਹਿੰਦੇ ਹਨ।

Enology (ਇਨੱ'ਲਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਇਨੱ' (eno) ਅਤੇ ਲੌਗਸ (logos), ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੰਗੂਰ ਦੀ ਸ਼ਰਾਬ' ਦੇ ਅਤੇ ਦੂਜੇ ਦੇ, 'ਅਧਿਐਨ' ਦੇ। ਅੰਗੂਰਾਂ ਅਤੇ ਹੋਰਨਾਂ ਫਲਾਂ ਤੋਂ ਸ਼ਰਾਬ (ਵਾਈਨ) ਬਣਾਉਣ ਲਈ ਵਰਤੀਆਂ ਜਾਂਦੀਆਂ ਵਿਧੀਆਂ ਨਾਲ ਅਤੇ ਵਾਈਨ ਦੇ ਸਭਿਆਚਾਰ ਉਪਰ ਪੈ ਰਹੇ ਪ੍ਰਭਾਵ ਨਾਲ ਸਬੰਧਤ ਵਿਸ਼ਿਆਂ ਦੇ ਅਧਿਐਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Enteric (ਐਨਟੈਰਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਐਨਟ੍ਰਾਨ (enteron) ਹੈ, ਜਿਸ ਦੇ ਅਰਥ ਹਨ 'ਆਂਦਰਾਂ' ਦੇ। ਉਪਰੋਕਤ ਪਦ ਨੂੰ ਪਾਚਨ ਨਾਲੀ ਨਾਲ ਸਬੰਧਤਾ ਦਰਸਾਉਣ ਲਈ, ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Enteric bacteria (ਐਨਟੈਰਿਕ ਬੈਕਟੀਰੀਆ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਯੂਨਾਨੀ ਸ਼ਬਦ ਐਨਟ੍ਰਾਨ (enteron) ਹੈ, ਜਿਸ ਦੇ ਅਰਥ ਹਨ 'ਆਂਦਰਾਂ' ਦੇ ਅਤੇ ਪਦ ਦਾ ਦੂਜਾ ਭਾਗ 'ਕੀਟਾਣੂਆਂ' ਲਈ ਵਰਤਿਆ ਜਾਂਦਾ ਸ਼ਬਦ ਹੈ। ਮਨੁੱਖ ਦੀਆਂ ਆਂਦਰਾਂ 'ਚ ਭਾਂਤ ਭਾਂਤ ਦੇ ਕੀਟਾਣੂ ਵਿਚਰਦੇ ਹਨ, ਜਿਨ੍ਹਾਂ ਚੋਂ ਬਹੁਤੇ ਮੀਜ਼ਬਾਨ ਲਈ ਲਾਭਦਾਇਕ ਹਨ ਅਤੇ ਕੁਝ ਕੁ ਹਾਨੀਕਾਰਕ। ਇਨ੍ਹਾਂ ਲਈ ਹੀ ਉਪਰੋਕਤ ਪਦ ਦੀ ਵਰਤੋਂ ਹੋ ਰਹੀ ਹੈ।

Enterocoel (ਐਨਟੈਰੱਸੀਲ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਐਨਟ੍ਰਾਨ (enteron), ਜਿਸ ਦੇ ਅਰਥ ਹਨ 'ਆਂਦਰਾਂ' ਦੇ ਅਤੇ ਦੂਜਾ ਹੈ ਕੋਇਲਸ (koilos), ਜਿਸ ਦੇ ਅਰਥ ਹਨ 'ਖੋੜ' ਦੇ। ਉਪਰੋਕਤ ਪਦ ਉਸ ਪ੍ਰਕਾਰ ਦੀ ਦੇਹ-ਖੋੜ (coelom) ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਹੜੀ ਮੁਢਲੀ ਪਾਚਨ ਨਾਲੀ (archenteron) ਤੋਂ ਉਤਪੰਨ ਹੁੰਦੀ ਹੈ।

Enteron (ਐਨਟ੍ਰਾਨ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਆਂਦਰਾਂ' ਦੇ। ਇਹ ਪਦ ਇਸੇ ਲਈ ਪ੍ਰਾਣੀਆਂ ਅੰਦਰਲੀ ਪਾਚਨ ਨਾਲੀ ਲਈ ਆਮ ਵਰਤਿਆ ਜਾਂਦਾ ਹੈ।

Enterozoon (ਐਨਟੈਰੱਜ਼ੂਨ)

ਇਸ ਪਦ ਦੇ ਆਧਾਰ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਨ੍ਹਾਂ 'ਚੋਂ ਪਹਿਲਾ ਹੈ ਐਨਟ੍ਰਾਨ (enteron), ਜਿਸ ਦੇ ਅਰਥ ਹਨ 'ਆਂਦਰਾਂ' ਦੇ ਅਤੇ ਦੂਜਾ ਹੈ ਜ਼ੂਨ (zoon), ਜਿਸ ਦੇ ਅਰਥ ਹਨ 'ਪ੍ਰਾਣੀ' ਦੇ। ਪ੍ਰਾਣੀਆਂ ਦੀ ਪਾਚਨ ਨਾਲੀ 'ਚ ਵਿਚਰਦੇ ਪ੍ਰਜੀਵੀ ਪ੍ਰਾਣੀਆਂ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Entoderm (ਐਨਟੱਡਰਮ)

ਇਹ ਪਦ ਐਨਡੱਡਰਮ (endoderm) ਦਾ ਸਮਾਨਾਰਥਕ ਸ਼ਬਦ ਹੈ।

Entomology (ਐਨਟੱਮਾਲੱਜਿ)

ਦੋ ਯੂਨਾਨੀ ਸ਼ਬਦ, ਐਨਟੱਮਨ (entomon) ਅਤੇ ਲੋਗਸ (logos), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕੀਟ' ਦੇ ਅਤੇ 'ਅਧਿਐਨ' ਦੇ। ਇਹ ਪਦ ਪ੍ਰਾਣੀ-ਵਿਗਿਆਨ ਦੀ ਇਕ ਸਿਰਕੱਢ ਸ਼ਾਖ ਦਾ ਨਾਮ ਹੈ, ਜਿਸ ਅਧੀਨ ਕੀਟਾਂ ਦਾ ਵਿਗਿਆਨਕ ਅਧਿਐਨ ਕੀਤਾ ਜਾਂਦਾ ਹੈ।

Entomophagus (ਐਨਟੱਮਾੱਫ਼ੇਗਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਐਨਟੱਮਨ (entomon) ਅਤੇ ਫ਼ਾਜੀਨ (phagein) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕੀਟ' ਦੇ ਅਤੇ 'ਖਾਣ' ਦੇ। ਕੀਟਾਂ ਦਾ ਸ਼ਿਕਾਰ ਕਰਨ ਵਾਲੇ ਜੀਵਾਂ ਲਈ ਉਪਰੋਕਤ ਪਦ ਰਾਖਵਾਂ ਹੈ।

Entomophily (ਐਨਟੱਮਾੱਫ਼ਿਲਿ)

ਯੂਨਾਨੀ ਸ਼ਬਦ ਐਨਟੱਮਨ (entomon) ਅਤੇ ਫਿਲਸ (philes) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਕੀਟ' ਦੇ ਅਤੇ 'ਸਨੇਹੀ' ਦੇ। ਉਪਰੋਕਤ ਪਦ ਫੁੱਲਾਂ ਦੇ ਕੀਟਾਂ ਦੁਆਰਾ ਪਰਾਗਿਤ ਹੋਣ ਦੀ ਪਰਿਸਥਿਤੀ ਲਈ ਵਰਤਿਆ ਜਾਂਦਾ ਹੈ।

Entropy (ਐਨਟ੍ਰਾਪਿ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਐਨ (en), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਹੈ ਟ੍ਰਾਪੀਨ (tropein), ਜਿਸ ਦੇ ਅਰਥ ਹਨ 'ਬਦਲਣ' ਦੇ। ਹਰ ਇਕ ਕਾਰਜਸ਼ੀਲ ਪ੍ਰਣਾਲੀ ਅੰਦਰ, ਇਹ ਭਾਵੇਂ ਸਜੀਵ ਹੋਵੇ ਭਾਵੇਂ ਨਿਰਜੀਵ, ਸਮੇਂ ਨਾਲ ਬਦਲਾਓ ਆਉਂਦੇ ਰਹਿੰਦੇ ਹਨ ਅਤੇ ਇਨ੍ਹਾਂ ਅੰਦਰਲੇ ਬੇਤਰਤੀਬੇ ਖਿਲਾਰ 'ਚ ਵਾਧਾ ਹੁੰਦਾ ਰਹਿੰਦਾ ਹੈ। ਜਿਸ ਗਤੀ ਨਾਲ ਪ੍ਰਣਾਲੀ ਅੰਦਰਲੀ ਤਰਤੀਬ ਭੰਗ ਹੁੰਦੀ ਰਹਿੰਦੀ ਹੈ, ਉਸੇ ਦੇ ਮਾਪ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Environment (ਐਨਵਾਇਰਨਮੰਟ)

ਇਸ ਪਦ ਦਾ ਆਧਾਰ ਫ੍ਰਾਂਸੀਸੀ ਸ਼ਬਦ ਐਨਵਾਇਰਨ (environ) ਹੈ, ਜਿਸ ਦੇ ਅਰਥ ਹਨ 'ਚੁਗਿਰਦੇ' ਦੇ। ਜੀਵ ਜਿਸ ਦੁਆਲੇ 'ਚ ਵਿਚਰਦਾ

ਹੈ, ਉਸ ਅੰਦਰ ਵਿਆਪਕ ਸਜੀਵ ਅਤੇ ਨਿਰਜੀਵ ਆਧਾਰ ਵਾਲੀਆਂ ਪਰਿਸਥਿਤੀਆਂ ਦੇ ਸਮੂਹ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀਆਂ ਕਿ ਜੀਵ ਨੂੰ ਅਤੇ ਇਸ ਦੇ ਵਿਚਰਨ ਨੂੰ ਪ੍ਰਭਾਵਿਤ ਕਰਦੀਆਂ ਹਨ।

Environmental forecasting (ਐਨਵਾਇਰਨਮੰਟਲ ਫ਼ੌਰਕਾਸਟਿੰਗ)

ਫ਼ੌਰਕਾਸਟਿੰਗ ਸਾਧਾਰਨ ਵਰਤੋਂ 'ਚ ਆਉਣ ਵਾਲਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਪੇਸ਼ੀਨਗੋਈ ਕਰਨ' ਦੇ। ਜਦ ਵੀ ਪ੍ਰਗਤੀ ਲਈ ਕੋਈ ਯੋਜਨਾ ਹੱਥ 'ਚ ਲਈ ਜਾਂਦੀ ਹੈ, ਤਦ ਇਸ ਦੇ ਅਨੈਵਾਇਰਨਮੰਟ ਉਪਰ ਅਤੇ ਇਥੇ ਵਿਚਰਦੇ ਜੀਵਾਂ ਉਪਰ ਪੈਣ ਵਾਲੇ ਪ੍ਰਭਾਵ ਸਬੰਧੀ ਪੇਸ਼ਬੀਨੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Environmental impact assessment (ਐਨਵਾਇਰਨਮੰਟਲ ਇਮਪੈਕਟ ਅਸੈੱਸਮੰਟ)

ਯੋਜਨਾ ਤਿਆਰ ਕਰਨ ਸਮੇਂ, ਇਸ ਦਾ ਐਨਵਾਇਰਨਮੰਟ ਉਪਰ ਅਤੇ ਇਥੇ ਵਿਚਰਦੇ ਜੀਵਨ ਉਪਰ ਪੈਣ ਵਾਲੇ ਪ੍ਰਭਾਵ ਦੇ ਤਰਕਸ਼ੀਲ ਵਿਸ਼ਲੇਸ਼ਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਅਗੇਤਰੇ ਅਨੁਮਾਨ ਨਾਲੋਂ ਵੱਧ ਗੰਭੀਰ ਪ੍ਰਕ੍ਰਿਆ ਹੈ। ਉਪਰੋਕਤ ਪਦ ਅੰਦਰਲੇ ਇਮਪੈਕਟ ਸ਼ਬਦ ਦੇ ਅਰਥ ਹਨ 'ਪ੍ਰਭਾਵ' ਦੇ ਅਤੇ ਅਸੈੱਸਮੰਟ ਸ਼ਬਦ ਦੇ ਅਰਥ ਹਨ 'ਮੁੱਲਾਂਕਣ' ਦੇ।

Environmental protection (ਐਨਵਾਇਰਨਮੰਟਲ ਪ੍ਰੌਟੈੱਕਸ਼ਨ)

ਪਦ ਅੰਦਰਲੇ ਪ੍ਰੌਟੈੱਕਸ਼ਨ ਸ਼ਬਦ ਦੇ ਅਰਥ ਹਨ 'ਹਿਫਾਜ਼ਤ' ਦੇ ਜਾਂ 'ਰਖਵਾਲੀ' ਦੇ। ਐਨਵਾਇਰਨਮੰਟ ਅੰਦਰ ਉਪਲਬਧ ਸ੍ਰੋਤਾਂ ਦੀ ਵਰਤੋਂ ਜੇਕਰ ਇਸ ਢੰਗ ਨਾਲ ਕੀਤੀ ਜਾਵੇ ਕਿ ਇਥੇ ਵਿਆਪਕ ਕੁਦਰਤੀ ਸੰਤੁਲਨ 'ਚ ਉਲਾਰ ਨਾ ਆਵੇ, ਤਦ ਇਸ ਪ੍ਰਕਾਰ ਦੇ ਪ੍ਰਚਲਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Environmental resistance (ਐਨਵਾਇਰਨਮੰਟਲ ਰਿਜ਼ਿਸਟੰਸ)

ਪਦ ਅੰਦਰਲੇ ਰਿਜ਼ਿਸਟੰਸ ਸ਼ਬਦ ਦੇ ਅਰਥ ਹਨ, 'ਰੁਕਾਵਟ' ਦੇ। ਵਿਸ਼ੇਸ਼ ਦੁਆਲੇ 'ਚ ਵਿਚਰਦੇ ਜੀਵਾਂ ਦੀ ਵਸੋਂ ਜੇਕਰ ਇਨ੍ਹਾਂ ਦੀ ਕੁਦਰਤੀ ਵਿੱਤ ਅਨੁਕੂਲ ਨਾ ਵਧੇ, ਤਾਂ ਅਜਿਹਾ ਇਸ ਦੁਆਲੇ ਅੰਦਰਲੇ ਰੁਕਾਵਟ ਬਣੇ ਕਿਸੇ ਅੰਸ਼ ਕਾਰਨ ਹੁੰਦਾ ਹੈ, ਜਿਵੇਂ ਕਿ ਪੌਸ਼ਟਿਕ ਤੱਤਾਂ ਦੀ ਅਣਹੋਂਦ ਜਾਂ ਪ੍ਰਜੀਵਾਂ ਦੀ ਹੋਂਦ; ਅਤੇ ਇਸੇ ਸਥਿਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Enzyme (ਐਨਜ਼ਾਈਮ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਐਨ (en), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਜ਼ਾਇਮ (zyme), ਜਿਸ ਦੇ ਅਰਥ ਹਨ 'ਖ਼ਮੀਰ' ਦੇ। ਰਸਾਇਣਕ ਪ੍ਰਕ੍ਰਿਆਵਾਂ ਦੀ ਤਰਤੀਬ ਚੋਂ ਜੀਵਨ ਪੁੰਗਰਦਾ ਹੈ ਅਤੇ ਸੈੱਲਾਂ ਦੀ ਕੁੱਖ ਅੰਦਰਲੀਆਂ ਪ੍ਰਕ੍ਰਿਆਵਾਂ 'ਚੋਂ ਹਰ ਇਕ ਦਾ ਆਪੋ ਆਪਣਾ ਵਿਸ਼ੇਸ਼ ਉਤਪ੍ਰੇਰਿਕ ਹੁੰਦਾ ਹੈ। ਇਨ੍ਹਾਂ ਉਤਪ੍ਰੇਰਿਕਾਂ 'ਚੋਂ ਹਰ ਇਕ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਪ੍ਰੋਟੀਨੀ ਸੁਭਾਅ ਦੇ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਇਨ੍ਹਾਂ ਦੇ ਆਪੋ-ਆਪਣੇ ਜੀਨ ਉਪਜਾਉਂਦੇ ਹਨ।

Enzymology (ਐਨਜ਼ਾਇਮੌਲੱਜਿ)

ਯੂਨਾਨੀ ਆਧਾਰ ਵਾਲੇ ਜਿਹੜੇ ਦੋ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਹ ਹਨ ਐਨਜ਼ਾਈਮ (enzyme) ਅਤੇ ਲੌਗਸ (logos), ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ ਜੈਵਿਕ ਉਤਪ੍ਰੇਰਿਕ, ਭਾਵ ਜੈਵਿਕ ਕੈਟੱਲਿਸਟ ਦੇ ਅਤੇ ਦੂਜੇ ਦੇ 'ਅਧਿਐਨ' ਦੇ। ਉਪਰੋਕਤ ਪਦ ਜੀਵ-

ਵਿਗਿਆਨ ਦੀ ਉਸ ਸ਼ਾਖ ਲਈ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਐਨਜ਼ਾਈਮਾਂ ਦੇ ਵਿਗਿਆਨਕ ਅਧਿਐਨ ਨਾਲ ਹੈ।

Eocene (ਈਆੱਸੀਨ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਈਓਸ (eos), ਜਿਸ ਦੇ ਅਰਥ ਹਨ 'ਪਹੁਫੁਟਾਲੇ' ਦੇ ਅਤੇ ਦੂਜਾ ਕੇਨਾੱਸ (kainos), ਜਿਸ ਦੇ ਅਰਥ ਹਨ 'ਹਾਲ' ਦੇ, ਭਾਵ 'ਵਰਤਮਾਨ' ਦੇ। ਪ੍ਰਿਥਵੀ ਦੇ ਇਤਿਹਾਸ ਦੇ ਵਰਤਮਾਨ ਦੌਰ, ਸੇਨੱਜ਼ੁਇਕ ਇਰਾੱ (Cenozoic era) ਦੇ ਮੁੱਢਲੇ ਜੀਵ-ਕਾਲਾਂ, ਭਾਵ ਇਪਾੱਕਾਂ (epochs) 'ਚੋਂ ਇਕ ਦਾ ਇਹ ਨਾਮ ਹੈ, ਜਿਸ ਦਾ ਅੱਜ ਤੋਂ 540 ਲੱਖ ਵਰ੍ਹੇ ਪਹਿਲਾਂ ਆਰੰਭ ਹੋ ਕੇ, ਅੱਜ ਤੋਂ 380 ਲੱਖ ਵਰ੍ਹੇ ਪਹਿਲਾਂ ਅੰਤ ਹੋ ਗਿਆ ਸੀ।

Eon (ਈਆੱਨ)

ਇਕ ਅਰਬ ਵਰ੍ਹੇ ਦੇ ਸਮੇਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਅਤੇ ਪ੍ਰਿਥਵੀ ਦਾ ਇਤਿਹਾਸ ਸਾਢੇ ਚਾਰ ਈਆੱਨ ਲੰਬਾ ਹੈ।

Ephemeral (ਐੱਫ਼ਿਮਿਰਲ)

ਯੂਨਾਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਥੋੜ-ਚਿਰੇ' ਦੇ ਅਤੇ ਇਸ ਪਦ ਨੂੰ ਉਸ ਜੀਵਨ-ਕਾਲ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਹੜਾ ਵਰ੍ਹੇ ਦੇ ਅੰਦਰ ਅੰਦਰ ਪੂਰਾ ਹੋ ਜਾਂਦਾ ਹੈ।

Ephemeroptera (ਐੱਫਿਮਰਾੱਪਟਰਾੱ)

ਇਸ ਪਦ 'ਚ ਦੋ ਯੂਨਾਨੀ ਸ਼ਬਦ, ਐੱਫਿਮੀਰਾੱਸ (ephemeros) ਅਤੇ ਪੈਟਰਾੱਨ (pteron) ਸਮਾਏ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਥੋੜ੍ਹ-ਚਿਰੇ' ਦੇ ਅਤੇ ਦੂਜੇ ਦੇ, 'ਪਰ' ਦੇ। ਕੀਟ ਪਰਦਾਰ ਜੀਵ ਹਨ ਅਤੇ ਉਨ੍ਹਾਂ ਕੀਟਾਂ ਦੇ ਵਰਗ ਦਾ ਉਪਰੋਕਤ ਨਾਮ ਹੈ, ਜਿਨ੍ਹਾਂ ਦਾ ਮੁਢਲਾ ਜੀਵਨ-ਕਾਲ ਜਲ 'ਚ ਬੀਤਦਾ ਹੈ, ਭਾਵ ਇਨ੍ਹਾਂ ਦੇ ਲਾਰਵੇ ਜਲਜੀਵ ਹਨ। ਇਨ੍ਹਾਂ ਕੀਟਾਂ ਦੇ ਪ੍ਰੌਢ ਉਡਣ ਦੇ ਸਮਰਥ ਭਾਵੇਂ ਹਨ, ਪਰ ਇਹ ਕੇਵਲ ਇਕਦਿਵਸੀ ਜੀਵਨ ਹੀ ਭੋਗਦੇ ਹਨ, ਜਿਸ ਕਰਕੇ ਇਨ੍ਹਾਂ ਦੇ ਵਰਗ ਦਾ ਉਪਰੋਕਤ ਨਾਮ ਪਿਆ।

Epidemic (ਐੱਪਿਡੈਮਿਕ)

ਜੇਕਰ ਰੋਗ ਵਬਾ ਬਣ ਕੇ ਸਭਨੀਂ ਪਾਸੀਂ ਫੈਲ ਜਾਵੇ ਤਦ ਉਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Epidemiology (ਐੱਪੱਡੀਮੀਆੱਲੱਜਿ)

ਵਬਾ ਬਣਕੇ ਫੈਲਣ ਵਾਲੇ ਰੋਗਾਂ ਦੇ ਹਰ ਇਕ ਪੱਖ ਦੇ ਵਿਗਿਆਨਕ ਅਧਿਐਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Epidermis (ਐੱਪਿਡਰਮਿਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਅਤੇ ਇਨ੍ਹਾਂ ਚੋਂ ਪਹਿਲਾ ਹੈ ਐੱਪਿ (epi), ਜਿਸ ਦੇ ਅਰਥ ਹਨ 'ਉਪਰ' ਦੇ ਅਤੇ ਦੂਜਾ ਹੈ ਡਰਮਾੱ (derma), ਜਿਸ ਦੇ ਅਰਥ ਹਨ 'ਜਿਲਦ' ਦੇ ਜਾਂ 'ਚਮੜੀ' ਦੇ। ਉਸ ਮੋਟੀ ਅਤੇ ਕਰੜੀ ਪਰਤ ਦਾ ਉਪਰੋਕਤ ਨਾਮ ਹੈ, ਜਿਹੜੀ ਪ੍ਰਾਣੀਆਂ ਦੀ ਖਲੜੀ ਉਪਰ ਚੜ੍ਹੀ ਹੋਈ, ਸਰੀਰ ਦੀ ਸੁਰੱਖਿਆ ਦਾ ਸਾਧਨ ਹੈ। ਪੌਦਿਆਂ ਦੇ ਸੁੱਕੇ ਛਿਲੜਾਂ ਹੇਠਲੀ ਪਰਤ ਦਾ ਵੀ ਇਹੋ ਨਾਮ ਹੈ। ਪਸ਼ੂਆਂ ਦੇ ਰੋਮ, ਨਹੁੰ-ਨਹੁੰਦਰਾਂ ਅਤੇ ਸਿੰਗ ਅਤੇ ਪੰਛੀਆਂ ਦੀ ਚੁੰਝ ਅਤੇ ਖੰਭ ਇਸ ਪਰਤ ਦੀ ਉਪਜ ਹਨ।

Epigamic (ਐੱਪਿਗੈਮਿਕ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਹ ਹਨ ਐੱਪਿ (epi) ਅਤੇ ਗੈਮਾੱਸ (gamos), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਉਪਰ' ਦੇ ਅਤੇ 'ਵਿਵਾਹ' ਦੇ। ਉਨ੍ਹਾਂ ਸਰੀਰਕ ਜਾਂ ਵਿਚਰਨ ਵਿਸ਼ੇਸ਼ਤਾਵਾਂ ਨੂੰ ਦਰਸਾਉਣ ਲਈ

ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਨ੍ਹਾਂ ਦਾ ਸਿੱਧਾ ਸਬੰਧ ਤਾਂ ਭਾਵੇਂ ਪ੍ਰਜਣਨ ਨਾਲ ਨਹੀਂ ਹੁੰਦਾ, ਪਰ ਜਿਹੜੀਆਂ ਪ੍ਰਜਣਨ ਲਈ ਸਾਥ ਦੀ ਚੋਣ ਨੂੰ ਪ੍ਰਭਾਵਿਤ ਕਰਦੀਆਂ ਹਨ।

Epithelium (ਏੱਪਿਥੀਲੀਅਮ)

ਦੋ ਯੂਨਾਨੀ ਸ਼ਬਦ ਏੱਪਿ (epi) ਅਤੇ ਥੀਲੀ (thele), ਇਸ ਪਦ ਦਾ ਆਧਾਰ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਉਪਰ' ਦੇ ਅਤੇ 'ਉਭਾਰ' ਦੇ। ਸਰੀਰ ਅੰਦਰਲੇ ਖਾਲੀ ਸਥਾਨਾਂ ਦੁਆਲੇ ਵਲੀਆਂ ਤਹਿਆਂ ਨੂੰ ਅੰਦਰੋਂ ਲਿੰਬਦੀ-ਪੋਚਦੀ ਸੈੱਲਾਂ ਦੀ ਪਰਤ ਨੂੰ ਇਸੇ ਨਾਮ ਨਾਲ ਜਾਣਿਆ ਜਾਂਦਾ ਹੈ। ਪਾਚਨ ਨਾਲੀ, ਦਿਲ ਦੇ ਖਾਨੇ, ਰਸ ਉਪਜਾਊ ਗ੍ਰੰਥੀਆਂ ਆਦਿ ਇਸੇ ਪਰਤ ਨਾਲ ਅੰਦਰੋਂ ਲਿੰਬੇ-ਪੋਚੇ ਹੁੰਦੇ ਹਨ।

Epoch (ਇਪੱਕ)

ਪ੍ਰਿਥਵੀ ਉਪਰਲੇ ਜੀਵਨ ਦਾ ਇਤਿਹਾਸ, ਸਿਲਸਿਲੇਵਾਰ, ਛੋਟੀਆਂ ਲੰਬੀਆਂ ਕਾਲ ਇਕਾਈਆਂ 'ਚ ਵੰਡਿਆ ਹੋਇਆ ਹੈ ਅਤੇ ਜੀਵ-ਕਾਲ ਸੱਦੀ ਜਾਂਦੀ ਇਕਾਈ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਜੀਵਨ ਦੇ ਇਤਿਹਾਸਕ ਸਿਲਸਿਲੇ ਦਾ ਦੌਰ (era) ਨਾਲ ਆਰੰਭ ਹੋਕੇ, ਜ਼ਮਾਨੇ (age) ਤੇ ਅੰਤ ਹੁੰਦਾ ਹੈ ਅਤੇ ਜੀਵ-ਕਾਲ ਜ਼ਮਾਨਿਆਂ ਦਾ ਸਮੂਹ ਹੈ।

Era (ਇਅਰਾੱ)

ਪ੍ਰਿਥਵੀ ਉਪਰਲੇ ਜੀਵਨ ਦਾ ਇਤਿਹਾਸ ਸਿਲਸਿਲੇਵਾਰ ਕਾਲ ਇਕਾਈਆਂ 'ਚ ਵੰਡਿਆ ਹੋਇਆ ਹੈ ਅਤੇ ਪ੍ਰਮੁੱਖ ਕਾਲ ਇਕਾਈ ਦਾ ਉਪਰੋਕਤ ਨਾਮ ਹੈ, ਜਿਸ ਨੂੰ 'ਦੌਰ' ਵੀ ਸੱਦਿਆ ਜਾਂਦਾ ਹੈ। ਪ੍ਰਿਥਵੀ ਦਾ ਸਮੁੱਚਾ ਜੀਵਨ-ਇਤਿਹਾਸ ਕੇਵਲ ਤਿੰਨ ਦੌਰਾਂ 'ਚ ਵੰਡਿਆ ਹੋਇਆ ਹੈ ਅਤੇ ਹਰ ਇਕ ਦੌਰ ਅਗੋਂ ਯੁਗਾਂ (periods) 'ਚ ਵੰਡਿਆ ਗਿਆ ਹੈ।

Ergosterol (ਅਰਗੱਸਟੀਰੋਲ)

ਇਹ ਨਾਮ ਉਸ ਰਸਾਇਣ ਦਾ ਹੈ, ਜਿਹੜਾ ਪ੍ਰਾਣੀਆਂ ਅਤੇ ਮਨੁੱਖ ਦੀ ਤੁਚਾ (ਖਲੜੀ) 'ਚ ਰਚਿਆ ਰਹਿੰਦਾ ਹੈ। ਜਦ ਸੂਰਜ ਦੀਆਂ ਪਰਾਬੈਂਗਣੀ (ultravoilet) ਕਿਰਨਾਂ ਤੁਚਾ ਉਪਰ ਪੈਂਦੀਆਂ ਹਨ, ਤਦ ਇਹ ਰਸਾਇਣ ਵਿਟਾਮਿਨ 'ਡੀ' 'ਚ ਵਟ ਜਾਂਦਾ ਹੈ।

Ergot (ਐਰਗਾੱਟ)

ਕਈ ਵਾਰ ਕਣਕ ਅਤੇ ਰਾਈ ਦੀਆਂ ਬੱਲੀਆਂ ਕਾਲੀਆਂ ਪੈ ਜਾਂਦੀਆਂ ਹਨ ਅਤੇ ਅਜਿਹਾ ਇਕ ਉੱਲੀ ਦੀ ਲਾਗ ਕਾਰਨ ਹੁੰਦਾ ਹੈ। ਫ਼ਸਲਾਂ ਲਈ ਉਪਰੋਕਤ ਨਾਮ ਦੇ ਰੋਗ ਦਾ ਕਾਰਨ ਬਣਦੀ ਫਫੂੰਦੀ ਦੇ ਅਰਕ ਤੋਂ ਦਵਾ ਵੀ ਬਣਾਈ ਜਾਂਦੀ ਹੈ, ਜਿਹੜੀ ਸਰੀਰ ਅੰਦਰਲੀਆਂ ਕੂਲੀਆਂ ਮਾਸ-ਪੇਸ਼ੀਆਂ ਨੂੰ ਪਸਮਾਉਣ ਲਈ, ਭਾਵ ਢਿੱਲੀਆਂ ਕਰਨ ਲਈ ਵਰਤੀ ਜਾਂਦੀ ਹੈ। ਬੱਚੇ ਦੇ ਜਨਮ ਸਮੇਂ ਦਾਈਆਂ ਇਸ ਦਵਾ ਦਾ ਉਪਯੋਗ ਉਸ ਮਾਹੌਲ 'ਚ ਆਮ ਕਰਦੀਆਂ ਹਨ, ਜਿਥੇ ਜਣੇਪੇ ਲਈ ਡਾਕਟਰੀ ਸਹੂਲਤਾਂ ਨਹੀਂ ਹਨ।

Erosion (ਇਰੋਯਨ)

ਖੁਰਨ ਦੀ ਪ੍ਰਕ੍ਰਿਆ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੀ ਕਿ ਸੰਸਾਰ ਅੰਦਰ ਸਰਬਵਿਆਪਕ ਹੈ ਅਤੇ ਸੰਸਾਰ ਅੰਦਰਲੀ ਹਰ ਇਕ ਵਸਤੂ ਦਾ ਇਸ ਨਾਲ ਵਾਹ ਪੈਣਾ ਹੀ ਹੁੰਦਾ ਹੈ, ਇਹ ਭਾਵੇਂ ਕਿੰਨੀ ਵੀ ਪਾਏਦਾਰ ਲੱਗੇ। ਭੂਮੀ ਵੀ ਕਣ ਕਣ ਖੁਰਦੀ ਰਹਿੰਦੀ ਹੈ ਅਤੇ ਚਟਾਨਾਂ ਵੀ ਭੋਰਾ ਭੋਰਾ ਭੁਰਦੀਆਂ ਰਹਿੰਦੀਆਂ ਹਨ।

Erythrin (ਏੱਰਿਥਰਿਨ)

ਯੂਨਾਨੀ ਸ਼ਬਦ ਏੱਰਿਥਰੱਸ (erythros) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਲਾਲ' ਦੇ। ਕੁਝ ਕੁ ਕਾਈਆਂ, ਐਲਗਿ ਵੀ ਅਤੇ

ਲਿਚਨ (ਲਾਇਕਨ) ਵੀ, ਲਾਲ ਭਾਅ ਮਾਰਦੇ ਹਨ ਅਤੇ ਜਿਸ ਪਦਾਰਥ ਕਾਰਨ ਇਹ ਲਾਲ ਦਿਸਦੇ ਹਨ, ਉਸੇ ਦਾ ਉਪਰੋਕਤ ਨਾਮ ਹੈ।

Erythrism (ਏਂਰਿਥਰਿਜ਼ਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਏੱਰਿਥਰੱਸ (erythros) ਹੈ, ਜਿਸ ਦੇ ਅਰਥ ਹਨ 'ਲਾਲ' ਦੇ। ਉਪਰੋਕਤ ਪਦ ਉਸ ਸਥਿਤੀ ਲਈ ਵਰਤਿਆ ਜਾਂਦਾ ਹੈ ਜਿਸ 'ਚ ਲਾਲੀ ਦਾ ਪ੍ਰਮੁੱਖ ਪ੍ਰਭਾਵ ਹੋਵੇ ਅਤੇ ਆਲੇ-ਦੁਆਲੇ ਲਾਲੀ ਖਿਲਰੀ ਹੋਵੇ। ਪਦਾਰਥਾਂ 'ਚੋਂ, ਫੁੱਲਾਂ 'ਚੋਂ, ਪੰਛੀਆਂ ਦੇ ਖੰਭਾਂ 'ਚੋਂ ਅਤੇ ਪਸ਼ੂਆਂ ਦੇ ਵਾਲਾਂ 'ਚੋਂ ਲਾਲੀ ਲਿਸ਼ਕਦੀ ਆਮ ਹੀ ਦੇਖੀ ਜਾ ਸਕਦੀ ਹੈ।

Erythrocytes (ਏੱਰਥੱਰਸਾਇਟਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਏੱਰਿਥਰੱਸ (erythros), ਜਿਸ ਦੇ ਅਰਥ ਹਨ 'ਲਾਲ' ਦੇ ਅਤੇ ਦੂਜਾ ਕੀਟੱਸ (kytos), ਜਿਸ ਦੇ ਅਰਥ ਹਨ 'ਖੋਖਲੇਪਣ' ਦੇ, ਭਾਵ 'ਸੈੱਲ' ਦੇ। ਲਹੂ ਦੀ ਲਾਲੀ ਲਈ ਜ਼ਿੰਮੇਵਾਰ, ਇਸ ਅੰਦਰਲੇ ਸੂਹੇ-ਸੈੱਲਾਂ ਲਈ ਉਪਰੋਕਤ ਪਦ ਰਾਖਵਾਂ ਹੈ।

Erythron (ਏੱਰਿਥਰੱਾਨ)

ਯੂਨਾਨੀ ਸ਼ਬਦ ਏੱਰਿਥਰੱਸ (erythros) ਤੋਂ ਇਹ ਪਦ ਬਣਿਆ ਹੈ, ਜਿਸ ਦੇ ਅਰਥ ਹਨ 'ਲਾਲ' ਦੇ। ਸਰੀਰ ਵਿਖੇ ਗੇੜੇਗ੍ਰਸਤ ਲਹੂ ਅੰਦਰਲੇ ਅਤੇ ਹੱਡੀਆਂ ਦੀ ਮਿੱਝ ਅੰਦਰਲੇ ਸੂਹੇ ਸੈੱਲਾਂ ਦੇ ਸਮੂਹ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Erythrophyll (ਏੱਰਿਥਰੱਾਫਿਲ)

ਦੋ ਯੂਨਾਨੀ ਸ਼ਬਦ, ਏੱਰਿਥਰੱਸ (erythros) ਅਤੇ ਫ਼ਾਇਲਨ (phyllon), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਲਾਲ' ਦੇ ਅਤੇ ਦੂਜੇ ਦੇ 'ਪੱਤਰ' ਦੇ। ਪੱਤਰਾਂ ਅੰਦਰਲੇ ਅਤੇ ਕਾਈ ਅੰਦਰਲੇ ਉਸ ਰੰਗੀਜਲੇ ਪਦਾਰਥ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਕਿ ਇਨ੍ਹਾਂ ਨੂੰ ਲਾਲੀ ਅਰਪਣ ਕਰਦਾ ਹੈ।

Erythropoiesis (ਏੱਰਿਥਰੱਾਪੱਇਸਿੱਸ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਨ੍ਹਾਂ 'ਚੋਂ ਪਹਿਲਾ ਹੈ ਏੱਰਿਥਰੱਸ (erythros), ਜਿਸ ਦੇ ਅਰਥ ਹਨ 'ਲਾਲ' ਦੇ ਅਤੇ ਦੂਜਾ ਹੈ ਪੱਇਸਿਸ (poiesis), ਜਿਸ ਦੇ ਅਰਥ ਹਨ 'ਉਤਪੰਨ ਕਰਨ' ਦੇ। ਉਸ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੁਆਰਾ ਸਰੀਰ ਅੰਦਰ ਸੂਹੇ ਸੈੱਲ ਲਗਾਤਾਰ ਉਤਪੰਨ ਹੁੰਦੇ ਰਹਿੰਦੇ ਹਨ।

Erythropsin (ਏੱਰਿਥਰੱਪਸਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਏੱਰਿਥਰੱਸ (erythros) ਅਤੇ ਔੱਪਸਿਸ (opsis) ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਲਾਲ' ਦੇ ਅਤੇ 'ਨਿਗਾਹ' ਦੇ। ਅਜਿਹੇ ਕੀਟ ਵੀ ਹਨ, ਜਿਨ੍ਹਾਂ ਦੀ ਅੱਖ 'ਚੋਂ ਲਾਲੀ ਝਲਕਦੀ ਹੈ। ਅੱਖ ਅੰਦਰਲੇ ਜਿਸ ਪਦਾਰਥ ਕਾਰਨ ਅਜਿਹਾ ਹੁੰਦਾ ਹੈ, ਉਸੇ ਦਾ ਉਪਰੋਕਤ ਨਾਮ ਹੈ।

Escherichia coli (ਐਸ਼ੱਰਿਕੀਆ ਕੱਲਾਈ)

ਜਰਮਨ ਡਾਕਟਰ ਐਸ਼ਰਿਕ (Escherich) ਨੇ ਜਿਸ ਕੀਟਾਣੂ ਨੂੰ ਮਨੁੱਖ ਦੀਆਂ ਆਂਦਰਾਂ 'ਚੋਂ ਖੋਜਿਆ ਸੀ, ਉਸੇ ਦਾ ਉਪਰੋਕਤ ਨਾਮ ਇਸ ਦੇ ਖੋਜਕਾਰ ਦੇ ਨਾਮ 'ਤੇ ਪਿਆ। ਇਹ ਕੀਟਾਣੂ ਜਲ 'ਚ ਵੀ ਵਿਚਰਦਾ ਹੈ ਅਤੇ ਭੂਮੀ ਅੰਦਰ ਵੀ। ਪਰ ਇਸ ਦਾ ਵਿਸ਼ੇਸ਼ ਮਹੱਤਵ, ਇਸ ਦੇ ਡੀ ਐਨ ਏ ਦੀ ਖੋਜ ਲਈ ਉਪਯੋਗੀ ਸਿੱਧ ਹੋਣ ਕਾਰਨ ਹੈ।

Essential amino acids (ਇਸੇੱਨਸ਼ਲ ਐਮਿਨੋ ਐਸਿਡਜ਼)

ਐਮਿਨੋ ਐਸਿਡ ਨਾਲ ਜੁੜੇ ਇਸੇੱਨਸ਼ਲ ਸ਼ਬਦ ਦੇ ਅਰਥ ਹਨ 'ਜ਼ਰੂਰੀ' ਦੇ ਅਤੇ ਉਪਰੋਕਤ ਪਦ

ਉਨ੍ਹਾਂ ਐਮਿਨੋ ਐਸਿਡਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਲੋੜ ਤਾਂ ਸਰੀਰ ਨੂੰ ਹੁੰਦੀ ਹੈ, ਪਰ ਜਿਨ੍ਹਾਂ ਦਾ ਨਿਰਮਾਣ ਸਰੀਰ ਅੰਦਰ ਨਾ ਹੋਣ ਕਰਕੇ, ਇਨ੍ਹਾਂ ਦੀ ਖ਼ੁਰਾਕ ਦੁਆਰਾ ਪ੍ਰਾਪਤੀ ਅਨਿਵਾਰੀ ਹੁੰਦੀ ਹੈ।

Ethology (ਇਥੋਲਜਿ)

ਦੋ ਯੂਨਾਨੀ ਸ਼ਬਦ ਈਥੱਸ (ethos) ਅਤੇ ਲੋਗੱਸ (logos), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵਰਤਾਰੇ' ਦੇ ਅਤੇ ਪਿਛਲੇ ਦੇ 'ਅਧਿਐਨ' ਦੇ। ਜਿੱਥੇ ਪ੍ਰਾਣੀ-ਜੀਵ ਵਿਚਰਦੇ ਹਨ, ਉਸੇ ਅਨੁਕੂਲ ਜਿਹੜਾ ਵਿਚਰਨ ਢੰਗ ਇਨ੍ਹਾਂ ਨੇ ਅਪਣਾਇਆ ਹੁੰਦਾ ਹੈ, ਉਸੇ ਦੇ ਅਧਿਐਨ ਲਈ ਉਪਰੋਕਤ ਪਦ ਰਾਖਵਾਂ ਹੈ।

Etiolin (ਇਟਿਅਲਿਨ)

ਫ੍ਰਾਂਸੀਸੀ ਸ਼ਬਦ ਇਟਿਔਲ (etioler) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪੀਲਿਆਉਣ' ਦੇ। ਬੂਟਿਆਂ ਨੂੰ ਸੂਰਜ ਦੀ ਰੋਸ਼ਨੀ ਤੋਂ ਵੰਚਿਤ ਕਰਕੇ ਉਗਾਉਣ ਨਾਲ, ਇਹ ਜਿਸ ਪਦਾਰਥ ਦੇ ਉਪਜਣ ਕਰਕੇ ਪੀਲੇ ਪੈ ਜਾਂਦੇ ਹਨ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Eugenics (ਯੂਜੇਂਨਿਕਸ)

ਯੂਨਾਨੀ ਸ਼ਬਦ, ਯੂ (eu) ਦੇ ਅਰਥ ਹਨ, 'ਠੀਕ' ਦੇ ਜਾਂ 'ਵਧੀਆ' ਦੇ ਅਤੇ ਯੂਨਾਨੀ ਸ਼ਬਦ ਜਿਨੱਸ (genos) ਦੇ ਅਰਥ ਹਨ 'ਜਨਮ' ਦੇ। ਮਨੁੱਖ ਦੀ ਨਸਲ ਸੁਧਾਰਨ ਲਈ ਕੀਤੇ ਜਾ ਰਹੇ ਵਿਗਿਆਨਕ ਆਧਾਰ ਵਾਲੇ ਉਪਰਾਲਿਆਂ ਨੂੰ ਇਸ ਪਦ ਅਧੀਨ ਸੰਮਿਲਤ ਕੀਤਾ ਜਾਂਦਾ ਹੈ।

Eukaryotes (ਯੂਕੇਰਿਔਟਸ)

ਦੋ ਯੂਨਾਨੀ ਸ਼ਬਦ, ਇਸ ਪਦ ਦਾ ਆਧਾਰ ਹਨ ਯੂ (eu) ਅਤੇ ਕੇਰਿਔਨ (karyon), ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਠੀਕ' ਦੇ ਜਾਂ 'ਵਾਲੇ' ਦੇ ਅਤੇ ਦੂਜੇ ਦੇ 'ਨਿਊਕਲੀਅਸ' ਦੇ। ਜਿਨ੍ਹਾਂ ਜੀਵਾਂ ਦਿਆਂ ਸੈੱਲਾਂ ਅੰਦਰ ਨਿਊਕਲੀਅਸ ਹੁੰਦਾ ਹੈ, ਉਨ੍ਹਾਂ ਲਈ 'ਯੂਕੇਰਿਔਟ' ਸ਼ਬਦ ਦਾ ਉਪਯੋਗ ਕੀਤਾ ਜਾਂਦਾ ਹੈ। ਇਸ ਸੰਸਾਰ 'ਚ ਵਿਚਰਦੇ ਕੀਟਾਣੂਆਂ ਤੋਂ ਬਿਨਾਂ ਹੋਰ ਸਾਰੇ ਜੀਵ ਯੂਕੇਰਿਔਟ ਹੀ ਹਨ।

Euphotic zone (ਯੂਫ਼ੋਟਿਕ ਜ਼ੋਨ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਯੂ (eu) ਅਤੇ ਫ਼ੋਸ (phos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਭਲੀ ਪ੍ਰਕਾਰ' ਦੇ ਅਤੇ 'ਪ੍ਰਕਾਸ਼' ਦੇ। ਇਸ ਪਦ ਦਾ ਦੂਜਾ ਭਾਗ, ਜ਼ੋਨ, 'ਖੇਤਰ' ਨੂੰ ਦਰਸਾਉਣ ਲਈ ਵਰਤਿਆ ਜਾਂਦਾ ਆਮ ਸ਼ਬਦ ਹੈ। ਸਾਗਰ ਦੇ ਸਭ ਨਾਲੋਂ ਉਪਰਲੇ ਖੇਤਰ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਲਗਭਗ 80 ਮੀਟਰਾਂ ਦੀ ਡੂੰਘਾਈ ਤਕ ਫੈਲਿਆ ਹੋਇਆ ਹੈ ਅਤੇ ਜਿਹੜਾ ਸੂਰਜੀ ਪ੍ਰਕਾਸ਼ ਨਾਲ ਭਲੀ ਪ੍ਰਕਾਰ ਪ੍ਰਕਾਸ਼ਮਾਨ ਹੈ।

Euryphagous (ਯੂਰਿਫ਼ੈਗੱਸ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਯੂਰਿਸ (eurys) ਅਤੇ ਫ਼ੈਜੀਅਨ (phagein), ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਚੌੜੇ' ਦੇ ਅਤੇ ਦੂਜੇ ਦੇ, 'ਖਾਣ' ਦੇ। ਉਨ੍ਹਾਂ ਪ੍ਰਾਣੀਆਂ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜੇ ਬਹੁਵੰਨਗੀ ਦੀ ਖ਼ੁਰਾਕ ਉਪਰ ਨਿਰਭਰ ਜੀਵਨ ਬਤੀਤ ਕਰਦੇ ਹਨ।

Eurythermic (ਯੂਰਿਥਰਮਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਯੂਰਿਸ (eurys) ਅਤੇ ਥਰਮੀ (therme), ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਚੌੜੇ' ਦੇ ਅਤੇ 'ਤਪਸ਼' ਦੇ। ਉਨ੍ਹਾਂ ਪ੍ਰਾਣੀਆਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੇ ਤਪਸ਼ ਦੇ ਮੋਕਲੇ ਦਾਇਰੇ 'ਚ ਵਿਚਰਨ ਲਈ ਢਲੇ ਹੋਏ ਹਨ ਅਤੇ ਇਹ ਗਰਮੀ ਅਤੇ ਸਰਦੀ, ਦੋਵਾਂ ਅਧੀਨ ਵਿਚਰਨ ਯੋਗ ਹਨ।

Eurytopic (ਯੁਰਿਟੱਪਿਕ)

ਇਸ ਪਦ ਦਾ ਆਧਾਰ ਯੁਨਾਨੀ ਸ਼ਬਦ, ਯੁਰਿਸ (eurys) ਅਤੇ ਟਾਪੱਸ (topos) ਹਨ। ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਚੌੜੇ' ਦੇ ਅਤੇ ਦੂਜੇ ਦੇ, 'ਸਥਾਨ' ਦੇ। ਵਿਸ਼ਾਲ ਖੇਤਰ 'ਚ ਵਿਚਰਦੀ ਜੀਵ-ਨਸਲ ਲਈ ਉਪਰੋਕਤ ਪਦ ਰਾਖਵਾਂ ਹੈ।

Eustachian tube (ਯੁਸਟੇਕਿਅਨ ਟਯੂਬ)

ਕੰਨ ਅੰਦਰਲੀ ਉਸ ਨਾਲੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਕੰਨ ਦੇ ਪਰਦੇ ਨੂੰ ਸੰਘ ਨਾਲ ਜੋੜਦੀ ਹੈ। ਇਸ ਦਾ ਉਪਰੋਕਤ ਨਾਮ, ਇਸ ਦੇ ਖੋਜ-ਕਰਤਾ, ਅਤਾਲਵੀ ਡਾਕਟਰ ਯੁਸਟੇਕਿਓ (Eustachio) ਦੇ ਨਾਮ 'ਤੇ ਪਿਆ।

Eutheria (ਯੁਥੀਰਿਆ)

ਦੋ ਯੁਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਯੁ (eu),ਜਿਸ ਦੇ ਅਰਥ ਹਨ 'ਠੀਕ' ਜਾਂ 'ਸਹੀ' ਦੇ ਅਤੇ ਦੂਜਾ ਥਿਰਿਅਨ (therion), ਜਿਸ ਦੇ ਅਰਥ ਹਨ 'ਛੋਟੇ ਪ੍ਰਾਣੀ' ਦੇ। ਪਸ਼ੂਆਂ ਦੀ ਮੁੱਖ ਉਪਸ਼੍ਰੇਣੀ ਦਾ ਇਹ ਨਾਮ ਹੈ, ਜਿਸ 'ਚ ਅੱਜ ਵਿਚਰਦੇ ਔਲ ਵਾਲੇ ਪਸ਼ੂ ਸ਼ਾਮਲ ਹਨ।

Eutrophic (ਯੁਟਰੱਫ਼ਿਕ)

ਇਸ ਪਦ ਦਾ ਆਧਾਰ ਦੋ ਯੁਨਾਨੀ ਸ਼ਬਦ ਹਨ, ਯੁ (eu) ਅਤੇ ਟ੍ਰਾਫ਼ੀ (trophe), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਠੀਕ' ਜਾਂ 'ਸਹੀ' ਦੇ ਅਤੇ 'ਖ਼ੁਰਾਕ' ਦੇ। ਜਲ-ਭੰਡਾਰ, ਭਾਵ ਟੋਭੇ, ਝੀਲਾਂ ਘਰੇਲੂ ਨਿਕਾਸ ਦੁਆਰਾ ਅਤੇ ਖੇਤਾਂ ਚੋਂ ਦੀ ਹੋ ਕੇ ਆਏ ਵਰਖਾ ਦੇ ਪਾਣੀ ਦੁਆਰਾ ਖ਼ੁਰਾਕੀ ਅੰਸ਼ਾਂ 'ਚ ਸਮ੍ਰਿਧ ਹੁੰਦੇ ਰਹਿੰਦੇ ਹਨ। ਇਨ੍ਹਾਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Eutrophication (ਯੁਟਰੱਫ਼ਿਕੇਸ਼ਨ)

ਦੋ ਯੁਨਾਨੀ ਸ਼ਬਦ, ਯੁ (eu) ਅਤੇ ਟ੍ਰਾਫ਼ੀ (trophe), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਠੀਕ' ਦੇ ਅਤੇ 'ਖ਼ੁਰਾਕ' ਦੇ। ਟੋਭਿਆਂ ਤੇ ਝੀਲਾਂ ਦੇ ਖ਼ੁਰਾਕੀ ਅੰਸਾਂ 'ਚ ਸਮ੍ਰਿਧ ਹੋਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Evergreen (ਏਵਰਗ੍ਰੀਨ)

ਇਸ ਪਦ ਦੇ ਅਰਥ ਹਨ ' ਸਦਾ ਹਰਾ ਰਹਿਣ' ਦੇ ਅਤੇ ਇਸ ਨੂੰ ਸਦਾਬਹਾਰ ਪੇੜਾਂ-ਪੌਦਿਆਂ ਲਈ ਵਰਤਿਆ ਜਾਂਦਾ ਹੈ, ਜਿਹੜੇ ਵਰ੍ਹਾ ਭਰ ਸਾਵੇ ਪੱਤਰਾਂ ਨਾਲ ਖਿੜੇ ਦਿਖਾਈ ਦਿੰਦੇ ਹਨ। ਇਨ੍ਹਾਂ ਦੇ ਪੁਰਾਣੇ ਪੱਤਰ ਝੜਨ ਦੇ ਨਾਲ ਨਾਲ ਨਵੇਂ ਪੱਤਰ ਪੁੰਗਰਦੇ ਰਹਿੰਦੇ ਹਨ।

Evolution (ਇਵੱਲਯੁਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਇਵੱਲਵਰਿ (evolvere) ਹੈ, ਜਿਸ ਦੇ ਅਰਥ ਹਨ 'ਉਧੜਦੇ ਰਹਿਣ' ਦੇ ਜਾਂ 'ਖੁਲ੍ਹਦੇ ਰਹਿਣ' ਦੇ। ਜੀਵਨ ਦੇ ਨਿਰੰਤਰ ਹੋ ਰਹੇ ਵਿਕਾਸ ਦੀ ਪ੍ਰਕ੍ਰਿਆ ਨੂੰ ਇਹ ਪਦ ਦਰਸਾਉਂਦਾ ਹੈ। ਅੱਜ ਵਿਖਾਈ ਦਿੰਦਾ ਜੀਵ-ਸੰਸਾਰ ਇਸ ਪ੍ਰਕ੍ਰਿਆ ਦੁਆਰਾ ਹੋਂਦ 'ਚ ਆਇਆ। ਜਿੰਨੀਆਂ ਵੀ ਜੀਵ-ਨਸਲਾਂ ਸੰਸਾਰ ਵਿਖੇ ਹਨ, ਇਹ ਪੁਰਾਣੀਆਂ ਜੀਵ-ਨਸਲਾਂ ਤੋਂ ਪੁੰਗਰੀਆਂ ਹਨ, ਜਿਵੇਂ ਕਿ ਉਹ ਪਹਿਲੀਆਂ, ਆਪਣੇ ਤੋਂ ਪੁਰਾਣੀਆਂ ਜੀਵ ਨਸਲਾਂ ਤੋਂ। ਜੀਵਨ ਦੇ ਮੁੱਢ ਤੋਂ ਲੈ ਕੇ ਅੱਜ ਤਕ ਇਹੋ ਸਿਲਸਿਲਾ ਬਣਿਆ ਰਿਹਾ ਹੈ। ਪੁਰਾਣੀਆਂ ਜੀਵ ਨਸਲਾਂ ਲੁਪਤ ਹੁੰਦੀਆਂ ਰਹੀਆਂ ਹਨ ਅਤੇ ਲੁਪਤ ਹੋਣ ਤੋਂ ਪਹਿਲਾਂ ਨਵੀਆਂ ਨਸਲਾਂ ਨੂੰ ਇਹ ਜਨਮ ਦਿੰਦੀਆਂ ਰਹੀਆਂ ਹਨ।

Excretion (ਐਕਸਕ੍ਰੀਸ਼ਨ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਐਕਸ (ex) ਅਤੇ ਸਰਨਰਿ (cernere),ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਾਹਰ ਕੱਢਣ' ਦੇ ਅਤੇ 'ਛਾਣਨ' ਦੇ। ਸਰੀਰ

ਅੰਦਰਲੀਆਂ ਰਸਾਇਣਕ ਪ੍ਰਕ੍ਰਿਆਵਾਂ ਤੋਂ ਉਪਜੀ ਰਾਖ ਦਾ ਤਿਆਗ ਗੁਰਦਿਆਂ ਅਤੇ ਹੋਰ ਉਪਯੋਗੀ ਸਾਧਨਾਂ ਦੁਆਰਾ ਲਗਾਤਾਰ ਹੁੰਦਾ ਰਹਿੰਦਾ ਹੈ। ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Ecocrine (ਇਕਸੱਕਰਾਇਨ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਏੱਕਸੋ (exo) ਅਤੇ ਕ੍ਰਿਨੀਨ(krinein), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਾਹਰ ਨੂੰ' ਅਤੇ 'ਵੱਖ ਹੋ ਜਾਣ' ਦੇ। ਸਰੀਰ ਅੰਦਰਲੀਆਂ ਜਿਨ੍ਹਾਂ ਗ੍ਰੰਥੀਆਂ (ਗਲੈਂਡਜ਼) ਦਾ ਰਸ ਸਿੱਧਾ ਲਹੂ ਅੰਦਰ ਰਿਸਣ ਦੀ ਥਾਵੇਂ, ਇਨ੍ਹਾਂ ਦੀਆਂ ਆਪੋ-ਆਪਣੀਆਂ ਵਹਿਣ ਨਾਲੀਆਂ 'ਚ ਰਿਸਦਾ ਹੈ, ਉਨ੍ਹਾਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Exon (ਏੱਕਸੱਾਨ)

ਡੀ ਐਨ ਏ ਦੇ ਉਸ ਭਾਗ ਲਈ ਇਹ ਪਦ ਰਾਖਵਾਂ ਹੈ, ਜਿਸ ਉਪਰ ਆਰ ਐਨ ਏ ਦਾ ਅਨੁਕਰਣ (ਨਕਲ-ਉਤਾਰਾ) ਹੋ ਕੇ, ਫਿਰ ਅਗਾਂਹ ਇਸ ਦੁਆਰਾ ਪ੍ਰੋਟੀਨ ਦਾ ਸੰਸਲੇਸ਼ਣ (ਸੰਮਿਲਣ) ਹੁੰਦਾ ਹੈ।

Exonuclease (ਏੱਕਸੋਨਿਊਕਲੀਏਜ਼)

ਉਸ ਐਨਜ਼ਾਈਮ ਦਾ ਇਹ ਨਾਮ ਹੈ, ਜਿਹੜਾ ਡੀ ਐਨ ਏ ਅਤੇ ਆਰ ਐਨ ਏ ਅੰਦਰਲੀਆਂ ਨਿਊਕਲੀਟਾਈਡੀ ਕੜੀਆਂ ਨੂੰ ਇਕ ਦੂਜੀ ਨਾਲੋਂ ਨਿਖੇੜਨ ਦੀ ਪ੍ਰਕ੍ਰਿਆ ਪੂਰੀ ਕਰਦਾ ਹੈ, ਭਾਵ ਇਨ੍ਹਾਂ ਨਿਊਕਲੀ ਤੇਜ਼ਾਬਾਂ ਨੂੰ ਵਿਘਟਤ ਕਰਦਾ ਹੈ।

Exoskeleton (ਏੱਕਸੋ-ਸਕੈਲਟੱਨ)

ਦੋ ਯੂਨਾਨੀ ਸ਼ਬਦ, ਏੱਕਸੋ (exo) ਅਤੇ ਸਕੈਲਟੱਸ (skeletos) ਇਸ ਪਦ ਦਾ ਆਧਾਰ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਾਹਰਲੇ' ਦੇ ਅਤੇ 'ਪਿੰਜਰ' ਦੇ। ਸਰੀਰ ਨੂੰ ਬਾਹਰੋਂ ਸਹਾਰਾ ਦਿੰਦੀ ਕਰੜੀ ਪਰਤ ਜਾਂ ਫਿਰ ਸਖ਼ਤ ਪਦਾਰਥਾਂ ਦੁਆਰਾ ਰਚੇ ਹੋਏ ਢਾਂਚੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਸ ਸਿਰਲੇਖ ਅਧੀਨ ਕੀਟਾਂ ਦੁਆਲੇ ਲਿਪਟੀ ਕਿਊਟਿਕਲ, ਘੋਗੇ-ਸਿੱਪਾਂ ਦੇ ਕਰੜੇ ਖੋਪੇ, ਪੰਛੀਆਂ ਦੇ ਖੰਭ ਅਤੇ ਪਸ਼ੂਆਂ ਦੇ ਰੋਮ ਆ ਜਾਂਦੇ ਹਨ।

Exothermic (ਏੱਕਸੋਥਰਮਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਏੱਕਸੋ (exo), ਜਿਸ ਦੇ ਅਰਥ ਹਨ 'ਬਾਹਰਲੇ' ਦੇ ਅਤੇ ਦੂਜਾ 'ਥਰਮੀ' (Etherme), ਜਿਸ ਦੇ ਅਰਥ ਹਨ 'ਤਪਸ਼' ਦੇ। ਉਨ੍ਹਾਂ ਰਸਾਇਣਕ ਪ੍ਰਕ੍ਰਿਆਵਾਂ ਲਈ ਇਹ ਪਦ ਰਾਖਵਾਂ ਹੈ, ਜਿਨ੍ਹਾਂ ਚੋਂ ਤਪਸ਼ ਉਪਜ ਉਪਜ ਬਾਹਰ ਨਿਕਲਦੀ ਰਹਿੰਦੀ ਹੈ।

Extra-cellular (ਏੱਕਸਟ੍ਰਾ - ਸੈੱਲਯੂਲਰ)

ਸੈੱਲਯੂਲਰ ਸੈੱਲ ਨਾਲ ਸਬੰਧਤਾ ਦਰਸਾਉਂਦਾ ਸ਼ਬਦ ਹੈ ਅਤੇ ਏੱਕਸਟ੍ਰਾ (extra) ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਬਾਹਰ' ਦੇ। ਅਜਿਹੀਆਂ ਪ੍ਰਕ੍ਰਿਆਵਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀਆਂ ਪੂਰੀਆਂ ਤਾਂ ਭਾਵੇਂ ਸਰੀਰ ਅੰਦਰ ਹੀ ਹੁੰਦੀਆਂ ਹਨ, ਪਰ ਸੈੱਲਾਂ ਅੰਦਰ ਨਹੀਂ; ਇਨ੍ਹਾਂ ਤੋਂ ਬਾਹਰ, ਕਿਸੇ ਨਾ ਕਿਸੇ ਨਿਵੇਕਲੇਪਣ 'ਚ, ਜਿਵੇਂ ਕਿ ਮਿਹਦੇ 'ਚ ਜਾਂ ਫਿਰ ਆਂਦਰਾਂ 'ਚ।

Extra-nuclear (ਏੱਕਸਟ੍ਰਾ-ਨਿਊਕਲੀਅਰ)

ਏੱਕਸਟ੍ਰਾ (extra) ਲਾਤੀਨੀ ਸ਼ਬਦ ਦੇ ਅਰਥ ਹਨ 'ਬਾਹਰ' ਦੇ ਅਤੇ ਨਿਊਕਲੀਅਰ, ਨਿਊਕਲੀਅਸ ਨਾਲ ਸਬੰਧਤਾ ਦਾ ਪ੍ਰਤੀਕ ਸ਼ਬਦ ਹੈ। ਇਸ ਲਈ ਉਪਰੋਕਤ ਪਦ ਸੈੱਲ ਅੰਦਰਲੀਆਂ ਅਜਿਹੀਆਂ ਸੰਰਚਨਾਵਾਂ ਜਾਂ ਪ੍ਰਕ੍ਰਿਆਵਾਂ ਲਈ ਵਰਤਿਆ ਜਾਂਦਾ ਹੈ, ਜਿਹੜੀਆਂ ਨਿਊਕਲੀਅਸ ਲਈ ਗ਼ੈਰ ਹੁੰਦੀਆਂ ਹਨ।

Extrinsic muscles (ਏੱਕਸਟ੍ਰਿਨਸਿਕ ਮੱਸਲਜ਼)

ਲਾਤੀਨੀ ਸ਼ਬਦ, ਏੱਕਸਟ੍ਰਿਨਸਿਕੱਸ (extrinsecus) ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਬਾਹਰ ਵੱਲ' ਦੇ ਅਤੇ ਪਦ ਦੇ ਦੂਜੇ ਭਾਗ ਦੇ ਅਰਥ ਹਨ 'ਮਾਸਪੇਸ਼ੀ' ਦੇ। ਉਨ੍ਹਾਂ ਮਾਸ-ਪੇਸ਼ੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀਆਂ, ਜਿਸ ਅੰਗ ਜਾਂ ਸੰਰਚਨਾਂ ਦੀ ਹਰਕਤ ਲਈ ਜ਼ਿਮੇਵਾਰ ਹਨ, ਉਸ ਦੇ ਬਾਹਰ ਸਥਿਤ ਹੁੰਦੀਆਂ ਹਨ।

Eye (ਆਈ)

ਇਹ ਐਂਗਲੋ ਸੈਕਸਨ ਸ਼ਬਦ ਪ੍ਰਾਣੀਆਂ ਦੇ ਵੇਖਣ ਦੇ ਅੰਗ ਦੇ ਨਾਮ ਵਜੋਂ ਵਰਤਿਆ ਜਾਂਦਾ ਹੈ, ਜਿਸ ਦਾ ਕਿ ਪ੍ਰਾਣੀ ਜਗਤ 'ਚ ਇਕਸਾਰ ਰੂਪ ਨਹੀਂ । ਰੀੜ੍ਹਸਹਿਤ ਪ੍ਰਾਣੀਆਂ 'ਚ 'ਆਈ' ਜਾਂ 'ਅੱਖ' ਦੀ ਅਤੀ ਗੁੰਝਲਦਾਰ ਬਣਤਰ ਹੈ।

ਪੌਦਿਆਂ 'ਚ ਵੀ ਇਸ ਪਦ ਦਾ ਉਪਯੋਗ ਤਣੇ ਉਪਰ ਜੜੀਆਂ ਡੋਡੀਆਂ ਲਈ ਕੀਤਾ ਜਾਂਦਾ ਹੈ, ਜਿਨ੍ਹਾਂ 'ਚੋਂ ਨਵੇਂ ਪੌਦੇ ਜਨਮ ਲੈਂਦੇ ਹਨ।

Eye of storm (ਆਈ ਆਫ਼ ਸਟਾਰਮ)

ਵਾਵਰੋਲਿਆਂ ਅਤੇ ਚੱਕਰਦਾਰ ਤੂਫਾਨਾਂ ਦੇ ਕੇਂਦਰ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਥੇ ਦਬਾਅ ਦੀ ਲਗਭਗ ਅਣਹੋਂਦ ਕਾਰਨ ਹਵਾ ਉਪਰੋਂ ਹੇਠਾਂ ਵੱਲ ਨੂੰ ਹਰਕਤ ਕਰਦੀ ਹੈ। ਤੂਫਾਨ ਦੇ ਇਸ ਕੇਂਦਰ 'ਚ ਕੁਝ ਵੀ ਨਹੀਂ ਹੋ ਰਿਹਾ ਹੁੰਦਾ, ਜਿਸ ਦਾ ਕੁਝ ਕੁ ਮੀਲਾਂ 'ਚ ਸੁੰਗੜਵਾਂ ਫੈਲਾਓ ਹੁੰਦਾ ਹੈ, ਪਰ ਇਸ ਦੇ ਚੁਫ਼ੇਰੇ ਮੀਂਹ ਵਰ੍ਹ ਰਿਹਾ ਹੁੰਦਾ ਹੈ, ਝਖੜ ਝੂਲ ਰਹੇ ਹੁੰਦੇ ਹਨ ਅਤੇ ਜੀਵ ਨਸ਼ਟ ਹੋ ਰਹੇ ਹੁੰਦੇ ਹਨ।

Eye-spots (ਆਈ-ਸਪਾੱਟਸ)

ਕੁਝ ਜੀਵਾਂ ਦਾ ਭਾਗ, ਪ੍ਰਾਣੀਆਂ ਦਾ ਵੀ ਅਤੇ ਪੌਦਿਆਂ ਦਾ ਵੀ, ਬਿੰਦੀ ਜਿਹੇ ਨਿਸ਼ਾਨ ਹਨ, ਜਿਹੜੇ ਕਿ ਪ੍ਰਕਾਸ਼ ਲਈ ਅਤੀ ਸੰਵੇਦਨਸ਼ੀਲ ਹਨ। ਇਨ੍ਹਾਂ ਲਈ ਹੀ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਕੀਟਾਂ 'ਚ ਅਤੇ ਮੱਛੀਆਂ 'ਚ ਇਨ੍ਹਾਂ ਨੂੰ ਔੱਸਿਲਾਈ (ocelle) ਵੀ ਸੱਦਿਆ ਜਾਂਦਾ ਹੈ।

F

F+ (ਐਫ਼+)

ਇਹ ਸੰਕੇਤ ਨਰ ਅੰਸ਼ਾਂ ਵਾਲੇ ਕੀਟਾਣੂ ਲਈ ਵਰਤਿਆ ਜਾਂਦਾ ਹੈ।

F- (ਐਫ਼-)

ਇਹ ਸੰਕੇਤ ਮਾਦਾ ਅੰਸ਼ਾਂ ਵਾਲੇ ਕੀਟਾਣੂ ਲਈ ਵਰਤਿਆ ਜਾਂਦਾ ਹੈ।

F1 (ਐਫ਼ 1)

ਇਹ ਸੰਕੇਤ ਫਿਲਿਅਲ ਇਕ, ਭਾਵ ਪਹਿਲੀ ਪੁਸ਼ਤ ਲਈ ਵਰਤਿਆ ਜਾਂਦਾ ਹੈ। ਫ਼ਿਲਿਅਲ ਦਾ ਆਧਾਰ ਫ਼ਿਲਿਅਸ (filius) ਸ਼ਬਦ ਹੈ, ਅਤੇ ਇਸ ਲਾਤੀਨੀ ਬੋਲੀ ਦੇ ਸ਼ਬਦ ਦੇ ਅਰਥ ਹਨ 'ਪੁੱਤਰ' ਦੇ। ਪ੍ਰਯੋਗਾਂ ਲਈ ਚੁਣੇ ਗਏ ਨਰ ਅਤੇ ਮਾਦਾ ਜੀਵਾਂ ਦੀ ਪਹਿਲੀ ਪੀਹੜੀ ਦੀ ਸੰਤਾਨ ਲਈ ਉਪਰੋਕਤ ਸੰਕੇਤ ਵਰਤਿਆ ਜਾਂਦਾ ਹੈ।

F2 (ਐਫ਼ 2)

ਇਹ ਸੰਕੇਤ ਫ਼ਿਲਿਅਲ ਦੋ, ਭਾਵ ਦੂਸਰੀ ਪੁਸ਼ਤ ਲਈ ਵਰਤਿਆ ਜਾਂਦਾ ਹੈ। ਫਿਲਿਅਲ ਦਾ ਆਧਾਰ ਲਾਤੀਨੀ ਸ਼ਬਦ ਫ਼ਿਲਿਅਸ (filius) ਹੈ, ਜਿਸ ਦੇ ਅਰਥ ਹਨ 'ਪੁੱਤਰ' ਦੇ। ਪ੍ਰਯੋਗਾਂ ਲਈ ਚੁਣੇ ਗਏ ਨਰ ਅਤੇ ਮਾਦਾ ਜੀਵਾਂ ਦੀ ਦੂਜੀ ਪੀਹੜੀ ਦੀ ਸੰਤਾਨ ਲਈ ਉਪਰੋਕਤ ਸੰਕੇਤ ਵਰਤਿਆ ਜਾਂਦਾ ਹੈ।

Facial (ਫੇਸ਼ਲ)

ਲਾਤੀਨੀ ਸ਼ਬਦ ਫੇਸ਼ੀਜ਼ (facies) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਚਿਹਰੇ' ਦੇ। ਚਿਹਰੇ ਦੇ ਕਿਸੇ ਵੀ ਭਾਗ ਲਈ, ਇਹ ਭਾਵੇਂ ਅੰਗ ਹੋਵੇ ਜਾਂ ਕੋਈ ਬੁਣਤ, ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

FAD (ਐਫ਼ ਏ ਡੀ)

ਇਹ ਤਿੰਨ ਅੱਖਰ ਉਸ ਸਹਿ ਐਨਜ਼ਾਈਮ (co-enzyme) ਦੇ ਸੰਕੇਤ ਵਜੋਂ ਵਰਤੇ ਜਾਂਦੇ ਹਨ, ਜਿਸ ਦਾ ਵਿਸਥਾਰ ਹੈ: ਫਲਾਵਨ ਐਡਿਨੀਨ ਡਾਈਨਿਊਕਲੀਅਟਾਈਡ (flavin adenine dinucleotide)। ਇਹ ਸਹਿ-ਐਨਜ਼ਾਈਮ ਰਾਇਬੋਫ਼ਲਾਵਨ (riboflavin) ਵਿਟਾਮਿਨ ਦੁਆਰਾ ਸਰੀਰ ਅੰਦਰ ਪ੍ਰਵੇਸ਼ ਕਰਦਾ ਹੈ ਅਤੇ ਫਿਰ ਉਸ ਨਾਲੋਂ ਵੱਖ ਹੋ ਕੇ, ਆਪਣੇ ਜ਼ਿੰਮੇ ਲਗੀ ਪ੍ਰਕ੍ਰਿਆਵੀ ਭੂਮਿਕਾ ਨਿਭਾਉਂਦਾ ਹੈ।

Faeces (ਫੀਸੀਜ਼)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਫੂਹੜ-ਫੋਕ' ਦੇ ਜਾਂ 'ਟੋਭਿਆਂ 'ਚ ਬੈਠਦੀ ਤਲ-ਹੂੰਝ' ਦੇ। ਖ਼ੁਰਾਕ ਅੰਦਰਲੇ ਨਾ ਪਚਾਏ ਜਾ ਸਕਣ ਵਾਲੇ ਪਦਾਰਥਾਂ ਨੂੰ, ਪ੍ਰਾਣੀ, ਪਾਚਨ ਨਾਲੀ ਦੇ ਪਿਛਲੇ ਦੁਆਰ ਦੁਆਰਾ ਸਰੀਰੋਂ ਬਾਹਰ ਕਢਦੇ ਰਹਿੰਦੇ ਹਨ। ਤਿਆਗੇ ਜਾਣ ਵਾਲੇ ਇਸੇ ਖ਼ੁਰਾਕੀ ਫੂਹੜ-ਫੋਕ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Falconiformes (ਫੌਲਕਨਿਫਾਰਮਿਜ਼)

ਸ਼ਿਕਾਰੀ ਪੰਛੀਆਂ ਦੇ ਵਰਗ (order) ਦਾ ਇਹ ਵਿਗਿਆਨਕ ਨਾਮ ਹੈ, ਜਿਸ 'ਚ ਸ਼ਾਮਲ ਹਨ : ਸ਼ਾਹੀਨ, ਬਾਜ਼, ਸ਼ਿਕਰੇ, ਗਿੱਧ, ਇਲ੍ਹਾਂ ਆਦਿ। ਇਹ ਪੰਛੀ ਉਚੀਆਂ ਉਚੀਆਂ ਉਡਾਣਾਂ ਉਡਣ ਯੋਗ ਹਨ ਅਤੇ ਇਨ੍ਹਾਂ ਦੀਆਂ ਕੁੰਢੀਆਂ ਚੁੰਝਾਂ ਅਤੇ ਤਿਖੀਆਂ ਨਹੁੰਦਰਾਂ ਵਾਲੇ ਮਜ਼ਬੂਤ ਪੰਜੇ ਹਨ।

Fallopian tube (ਫ਼ਲੋਪਿਅਨ ਟਿਊਬ)

ਪਸ਼ੂਆਂ ਦੀ ਅੰਡਾ-ਨਾਲੀ ਦੇ ਉਪਰਲੇ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ। ਅੰਡ-ਕੋਸ਼ (ovary) ਦਾ ਤਿਆਗਿਆ ਅੰਡਾ ਇਸੇ 'ਚ ਪ੍ਰਵੇਸ਼ ਕਰਕੇ, ਛੇਕੜ ਬੱਚੇਦਾਨੀ ਤਕ ਪੁੱਜਦਾ ਹੈ।

ਅਤਾਲਵੀ ਵਿਗਿਆਨੀ ਫਲੋਪਿਓ (Fallopio) ਦਾ ਨਾਮ ਉਪਰੋਕਤ ਪਦ ਦਾ ਆਧਾਰ ਬਣਿਆ, ਜਿਸ ਨੇ ਇਸ ਨਾਲੀ ਦੀ ਖੋਜ ਕੀਤੀ ਸੀ।

False fruits (ਫ਼ਾਲਸ ਫ੍ਰੂਟਸ)

ਉਨ੍ਹਾਂ ਫਲਾਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਫੁੱਲਾਂ ਦੇ ਪ੍ਰਜਣਨ ਅੰਗਾਂ 'ਚੋਂ ਨਹੀਂ ਪੁੰਗਰਦੇ ਅਤੇ ਜਾਂ ਫਿਰ ਇਹ ਫੁੱਲਾਂ ਦੇ ਗੁੱਛਿਆਂ ਦਾ ਬਦਲਿਆ ਰੂਪ ਹੁੰਦੇ ਹਨ।

False ribs (ਫ਼ਾਲਸ ਰਿਬਜ਼)

ਉਨ੍ਹਾਂ ਪਸਲੀਆਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀਆਂ ਕਿ ਛਾਤੀ ਦੀ ਹੱਡੀ ਨਾਲ ਜੁੜੀਆਂ ਨਹੀਂ ਹੁੰਦੀਆਂ।

Family (ਫ਼ੈਮਲਿ)

ਲਾਤੀਨੀ ਸ਼ਬਦ ਫੈਮਿਲਿਆ (familia) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਪਰਿਵਾਰ' ਦੇ। ਜੀਵਾਂ ਦੀ ਵਿਗਿਆਨਕ ਆਧਾਰ ਵਾਲੀ ਵਿਉਂਤ 'ਚ, ਵਿਸ਼ੇਸ਼ਤਾਵਾਂ ਦੀ ਸਾਂਝ ਰੱਖਣ ਵਾਲੀਆਂ ਪ੍ਰਜਾਤੀਆਂ (genera) ਦੇ ਸਮੂਹ ਲਈ ਉਪਰੋਕਤ ਪਦ ਰਾਖਵਾਂ ਹੈ।

Fang (ਫ਼ੈਂਗ)

ਸੱਪ ਦੇ ਲੰਬੇ ਅਤੇ ਨੁਕੀਲੇ ਦੰਦ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਅੰਦਰ ਖੁਦੀ ਹੋਈ ਝਿਰੀ 'ਚੋਂ ਦੀ ਹੋ ਕੇ, ਡੱਸਣ ਸਮੇਂ, ਵਿਸ਼ ਦਾ ਨਿਕਾਸ ਹੁੰਦਾ ਹੈ।

Fascia (ਫ਼ੇਸ਼ਿਐ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਪੱਟੀ' ਦੇ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਪਦ ਨੂੰ ਮਾਸ-ਪੇਸ਼ੀਆਂ ਦੁਆਲੇ ਲਿਪਟੀ ਹੋਈ ਕੁਨੈਕਟਿਵ ਟਿੱਸ਼ੂ (ਸੰਯੋਜਕ ਬੁਣਤ) ਦੀ ਬਣੀ ਪੱਟੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Fat (ਫ਼ੈਟ)

ਚਿਕਨੇ ਪਦਾਰਥਾਂ ਲਈ ਵਰਤਿਆ ਜਾਂਦਾ ਇਹ ਆਮ ਸ਼ਬਦ ਹੈ; ਪਰ ਪ੍ਰਾਣੀਆਂ ਦੇ ਪ੍ਰਸੰਗ 'ਚ ਇਸ ਦੀ ਵਰਤੋਂ ਸਰੀਰਕ ਸੈੱਲਾਂ ਅੰਦਰ ਸਿਮਟੇ ਹੋਏ ਚਿਕਨਾਈ ਦੇ ਭੰਡਾਰ ਲਈ ਕੀਤੀ ਜਾਂਦੀ ਹੈ, ਜਿਸ ਨੂੰ ਲੋੜ ਪੈਣ 'ਤੇ ਊਰਜਾ ਦੇ ਸ੍ਰੋਤ ਵਜੋਂ ਪ੍ਰਾਣੀ ਵਰਤਦੇ ਰਹਿੰਦੇ ਹਨ। ਪ੍ਰਾਣੀਆਂ ਦੀ ਪਚਾਈ ਖ਼ੁਰਾਕ ਦੁਆਰਾ ਚਿਕਨਾਈ ਸਰੀਰ ਅੰਦਰ ਰਚਦੀ ਰਹਿੰਦੀ ਹੈ, ਜਦ ਕਿ ਪੌਦੇ ਇਸ ਨੂੰ ਆਪ ਉਪਜਾਉਂਦੇ ਹਨ ਅਤੇ ਬੀਜ ਇਸ ਦਾ ਵਿਸ਼ੇਸ਼ ਭੰਡਾਰ ਹੁੰਦੇ ਹਨ। ਪ੍ਰਾਣੀਆਂ ਦੇ ਕੁਝ ਹਾਰਮੋਨਾਂ ਦੀ ਅਤੇ ਉਨ੍ਹਾਂ ਦਿਆਂ ਸੈੱਲਾਂ ਦੀਆਂ ਝਿਲੀਆਂ ਦੀ ਬਣਤਰ ਦਾ ਆਧਾਰ ਵੀ ਚਿਕਨਾਈ ਹੈ।

Fauna (ਫ਼ੌਨਾ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਫ਼ੌਨਸ (faunus) ਹੈ, ਜਿਹੜਾ ਕਿ 'ਵਣਾਂ ਦੇ ਦੇਵਤੇ' ਦਾ ਅਤਾਲਵੀ ਨਾਮ ਹੈ। ਇਸ ਪਦ ਨੂੰ ਨਿਰਧਾਰਤ ਖੇਤਰ 'ਚ ਵਿਚਰਦੇ ਪ੍ਰਾਣੀਆਂ ਦੇ ਸਮੂਹ ਲਈ ਸਾਂਝੇ ਤੌਰ ਤੇ ਵਰਤਿਆ ਜਾਂਦਾ ਹੈ।

Feather (ਫ਼ੈਦਰ)

ਇਸ ਸਾਧਾਰਨ ਵਰਤੋਂ 'ਚ ਆ ਰਹੇ ਸ਼ਬਦ ਦੇ ਅਰਥ ਹਨ 'ਖੰਭ' ਦੇ। ਪੰਛੀਆਂ ਦਾ ਸਾਰਾ ਸਰੀਰ ਬਾਹਰੋਂ ਖੰਭਾਂ ਨਾਲ ਕਜਿਆ ਹੁੰਦਾ ਹੈ, ਜਿਹੜੇ ਸਰੀਰ ਦਾ ਬਚਾਓ ਸਾਧਨ ਤਾਂ ਹੁੰਦੇ ਹੀ ਹਨ, ਪਰ ਨਾਲ ਹੀ ਇਹ ਸਰੀਰਕ ਤਾਪਮਾਨ ਦੀ ਪੱਧਰ ਨੂੰ ਵੀ ਕਾਇਮ ਰਖਦੇ ਹਨ। ਪੰਛੀਆਂ ਦੇ ਪਰਾਂ ਉਪਰ ਜੜੇ ਖੰਭ, ਇਨ੍ਹਾਂ ਦੀਆਂ ਉਡਾਰੀਆਂ ਨੂੰ ਸੰਭਵ ਬਣਾਉਂਦੇ ਹਨ।

Feed-back (ਫ਼ੀਡ-ਬੈਕ)

ਇੰਜੀਨੀਅਰੀ ਤੋਂ ਉਧਾਰਾ ਲਿਆ ਗਿਆ ਇਹ ਪਦ ਜੀਵਾਂ ਦੇ ਉਸ ਪ੍ਰਚਲਣ ਲਈ ਵਰਤਿਆ ਜਾਂਦਾ ਹੈ, ਜਿਸ ਅਧੀਨ ਸਰੀਰ ਅੰਦਰਲੀਆਂ ਜੈਵਿਕ ਕ੍ਰਿਆਵਾਂ, ਸਰੀਰਕ ਲੋੜ ਅਨੁਕੂਲ, ਆਰੰਭ ਹੁੰਦੀਆਂ ਰਹਿੰਦੀਆਂ ਹਨ ਅਤੇ ਫਿਰ ਲੋੜ ਪੂਰੀ ਹੋ ਜਾਣ ਉਪਰੰਤ ਰੁੱਕ ਵੀ ਜਾਂਦੀਆਂ ਹਨ। ਜੀਵਨ ਦੀ ਸੰਤੁਲਿਤ ਰਵਾਨੀ ਦਾ, ਜੀਵਾਂ ਦਾ ਇਹੋ ਪ੍ਰਚਲਣ ਭੇਦ ਹੈ।

Fecundity (ਫ਼ਿਕੰਡਿਟਿ)

ਲਾਤੀਨੀ ਸ਼ਬਦ ਫ਼ਿਕੰਡਿਟੱਸ (fecunditas) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਫਲਦਾਇਕਤਾ' ਦੇ। ਇਹ ਪਦ ਜੀਵ ਦੀ ਸੰਤਾਨ ਉਪਜਾਉਣ ਦੀ ਯੋਗਤਾ ਦਾ ਪ੍ਰਤੀਕ ਹੈ ਅਤੇ ਜਿਸ ਗਤੀ ਨਾਲ ਇਕ ਜੀਵ-ਨਸਲ ਦੀ ਵਸੋਂ 'ਚ, ਪੁਸ਼ਤ-ਦਰ-ਪੁਸ਼ਤ, ਵਾਧਾ ਹੁੰਦਾ ਰਹਿੰਦਾ ਹੈ, ਉਸ ਦੇ ਸੰਕੇਤ ਲਈ ਵੀ ਇਸੇ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Female (ਫ਼ੀਮੇਲ)

ਇਸ ਪਦ ਨੂੰ ਰਚਣਹਾਰਾ ਲਾਤੀਨੀ ਸ਼ਬਦ ਫ਼ੈਮਿਨਾ (famina) ਹੈ, ਜਿਸ ਦੇ ਅਰਥ ਹਨ 'ਇਸਤ੍ਰੀ' ਦੇ। ਉਨ੍ਹਾਂ ਪ੍ਰਾਣੀਆਂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਅੰਡੇ ਦਿੰਦੇ ਹਨ ਅਤੇ ਸੰਤਾਨ ਨੂੰ ਜਨਮ ਦਿੰਦੇ ਹਨ। ਉਨ੍ਹਾਂ ਬੂਟਿਆਂ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਨਾਲ ਕੇਵਲ ਮਾਦਾ-ਕੇਸਰ (pistillate) ਵਾਲੇ ਫੁੱਲ ਲਗਦੇ ਹਨ।

Femur (ਫ਼ੀਮਰ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ

ਅਰਥ ਹਨ, 'ਪੱਟ' ਦੇ। ਰੀੜ੍ਹ ਸਹਿਤ ਪ੍ਰਾਣੀਆਂ ਦੇ ਪੱਟ ਅੰਦਰਲੀ ਹੱਡੀ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ, ਜਿਹੜੀ ਕਿ ਆਪਣੇ ਉਪਰਲੇ ਸਿਰੇ ਤੇ ਚੂਲੇ ਨਾਲ ਜੁੜੀ ਹੋਈ ਹੈ ਅਤੇ ਦੂਜੇ ਪਾਸੇ, ਪਿੰਜਣੀ ਅੰਦਰਲੀ ਹੱਡੀ, ਟਿਬਿਆ ਨਾਲ।

Fen (ਫ਼ੈੱਨ)

ਦਲਦਲਾਂ ਦੀ ਆਮ ਤੌਰ ਤੇ ਤੇਜ਼ਾਬੀ ਵਿਸ਼ੇਸ਼ਤਾ ਹੈ। ਪਰ ਇਕਾ-ਦੁੱਕਾ ਦਲਦਲਾਂ ਖਾਰੀ ਸੁਭਾਅ ਵਾਲੀਆਂ ਵੀ ਹਨ ਅਤੇ ਇਨ੍ਹਾਂ 'ਚ ਉਚੇ-ਲੰਬੇ ਘਾਹ ਦਾ ਅਤੇ ਕਾਨੀਆਂ ਦਾ ਸਮ੍ਰਿਧ ਪਸਾਰ ਹੁੰਦਾ ਹੈ। ਇਨ੍ਹਾਂ ਖਾਰੀ ਦਲਦਲਾਂ ਲਈ ਉਪਰੋਕਤ ਪਦ ਰਾਖਵਾਂ ਹੈ।

Fenitrothion (ਫ਼ੈੱਨਿਟ੍ਰਥਿਅਨ)

ਇਹ ਉਸ ਕੀਟਨਾਸ਼ਕ ਦਾ ਨਾਮ ਹੈ, ਜਿਸ ਦਾ ਉਪਯੋਗ ਏਫਿਸ (ਤੇਲਾ) ਨੂੰ, ਸੁੰਡੀਆਂ ਨੂੰ ਅਤੇ ਸੁਸਰੀ-ਢੋਰੇ ਨੂੰ ਨਸ਼ਟ ਕਰਨ ਲਈ ਕੀਤਾ ਜਾਂਦਾ ਹੈ। ਇਸੇ ਮੰਤਵ ਨਾਲ ਇਸ ਦਾ ਛਿੜਕਾਅ ਫਲਦਾਰ ਰੁੱਖਾਂ ਉਪਰ ਅਤੇ ਦਾਣਿਆਂ ਦੇ ਗੁਦਾਮਾਂ ਵਿਖੇ ਕੀਤਾ ਜਾਂਦਾ ਹੈ। ਹੋਰਨਾਂ ਕੀਟਨਾਸ਼ਕਾਂ ਵਾਂਗ, ਇਸ ਦਾ ਵੀ ਪਾਲਤੂ ਪ੍ਰਾਣੀਆਂ ਉਪਰ ਭੈੜਾ ਪ੍ਰਭਾਵ ਪੈਂਦਾ ਹੈ।

Fentin (ਫ਼ੈੱਨਟਿਨ)

ਇਹ ਨਾਮ ਉਸ ਪਦਾਰਥ ਦਾ ਹੈ, ਜਿਹੜਾ ਉੱਲੀਆਂ-ਫਫੂੰਦੀਆਂ ਲਈ ਵਿਸ਼ੈਲਾ ਸਿੱਧ ਹੋਇਆ ਹੈ ਅਤੇ ਇਸ ਦਾ ਆਲੂਆਂ ਦੀ ਫ਼ਸਲ ਉਪਰ, ਇਸ ਨੂੰ 'ਕੰਗੀ' ਤੋਂ ਬਚਾਉਣ ਲਈ, ਛਿੜਕਾਅ ਕੀਤਾ ਜਾਂਦਾ ਹੈ। ਨਿਰੋਲ ਉੱਲੀਆਂ ਲਈ ਹੀ ਨਹੀਂ, ਹੋਰਨਾਂ ਪ੍ਰਾਣੀਆਂ ਲਈ ਵੀ ਇਹ ਹਾਨੀਕਾਰਕ ਹੈ।

Fermentation (ਫ਼ਰਮੰਟੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਫ਼ਰਮੰਟਮ (fermentum) ਹੈ, ਜਿਸ ਦੇ ਅਰਥ ਹਨ 'ਖ਼ਮੀਰ' ਦੇ। ਖ਼ਮੀਰ ਉਠਾਉਣ ਦੀ ਪ੍ਰਕ੍ਰਿਆ ਲਈ ਹੀ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਆਕਸੀਜਨ ਰਹਿਤ ਵਾਤਾਵਰਨ 'ਚ ਸੰਪੰਨ ਹੁੰਦੀ ਹੈ ਅਤੇ ਜਿਸ ਅਧੀਨ ਯੀਸਟ ਅਵੈਵੀ ਪਦਾਰਥਾਂ ਤੋਂ ਊਰਜਾ ਉਪਜਾਉਂਦੇ ਹਨ। ਇਸ ਪ੍ਰਕਾਰ, ਇਸ ਪ੍ਰਕ੍ਰਿਆ ਨੂੰ 'ਆਕਸੀਜਨ ਬਿਨਾਂ ਦੀ ਸੁਾਸ-ਕ੍ਰਿਆ' ਦਾ ਸਿਰਲੇਖ ਵੀ ਅਰਪਣ ਕੀਤਾ ਜਾ ਸਕਦਾ ਹੈ।

Fertilization (ਫ਼ਰਟਿਲਾਇਜ਼ੇਸ਼ਨ)

ਲਾਤੀਨੀ ਸ਼ਬਦ ਫ਼ਰਟਿਲਿਸ (fertilis) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ 'ਉਪਜਾਊ' ਦੇ ਹਨ। ਅੰਡੇ ਦੇ ਸ਼ੁਕਰਾਣੂ ਦੁਆਰਾ ਨਿਸ਼ੇਚੇ ਜਾਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ। ਪੌਦਿਆਂ 'ਚ ਇਹੋ ਪ੍ਰਕ੍ਰਿਆ ਅੰਡਾਣੂ (ovule) ਦੇ ਪਰਾਗੇ ਜਾਣ ਨਾਲ ਪੂਰੀ ਹੁੰਦੀ ਹੈ। ਜੀਵ ਦੀ ਅਗਲੀ ਪੁਸ਼ਤ ਦਾ ਆਰੰਭ ਇਸੇ ਪ੍ਰਕ੍ਰਿਆ ਨਾਲ ਹੁੰਦਾ ਹੈ, ਜਿਹੜੀ ਕਿ ਜੀਵ-ਸੰਸਾਰ ਅੰਦਰ ਵਿਆਪਕ ਵੰਨਗੀ ਦਾ ਵੀ ਆਧਾਰ ਹੈ, ਇਸ ਲਈ ਕਿਉਂਕਿ ਹਰ ਇਕ ਨਵੀਂ ਜੀਵ-ਪੁਸ਼ਤ ਆਪਣੀ ਪਹਿਲੀ ਪੁਸ਼ਤ ਨਾਲੋਂ ਕੁਝ ਕੁ ਵਖਰੀ ਹੁੰਦੀ ਹੈ।

Fertility vitamin (ਫ਼ਰਟਿਲਿਟਿ ਵਿਟਾਮਿਨ)

ਜਿਸ ਨੂੰ ਵਿਟਾਮਿਨ ਈ (E) ਸੱਦਿਆ ਜਾਂਦਾ ਹੈ, ਉਸ ਦਾ ਵਿਗਿਆਨਕ ਨਾਂ ਹੈ ਟੱਕੱਫ਼ਿਰੱਲ (tocopherol) ਅਤੇ ਜਿਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਇਸ ਲਈ ਕਿਉਂਕਿ ਇਸ ਦੀ ਬਾਂਝਪਣ-ਰੋਧਕ ਵਿਸ਼ੇਸ਼ਤਾ ਹੈ।

Fibre (ਫ਼ਾਇਬਰ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਫ਼ਾਇਬੱਰ (fibra) ਹੈ, ਜਿਸ ਦੇ ਅਰਥ ਹਨ 'ਰੇਸ਼ੇ' ਦੇ। ਪੌਦਿਆਂ ਅਤੇ ਪ੍ਰਾਣੀਆਂ ਅੰਦਰਲੀ ਰੇਸ਼ੇਦਾਰ ਬੁਣਤ ਅਤੇ ਬਣਤਰ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਵੇਂ ਕਿ ਪੌਦਿਆਂ ਦੇ ਤਣੇਂ

ਅੰਦਰਲੇ ਸੈਲਯੁਲੋਸ 'ਚ ਗਲੇਫੇ ਲਮੂਤਰੇ ਸੈੱਲ, ਪ੍ਰਾਣੀਆਂ ਅੰਦਰਲੀਆਂ ਮਾਸ-ਪੇਸ਼ੀਆਂ ਅਤੇ ਨਸ-ਰੇਸ਼ੇ।

Fibrin (ਫ਼ਾਇਬਰਿਨ)

ਲਾਤੀਨੀ ਸ਼ਬਦ ਫ਼ਾਇਬੱਰ (fibra) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਰੇਸ਼ੇ' ਦੇ। ਲਹੂ ਅੰਦਰਲੀ ਰੇਸ਼ੇਦਾਰ ਪ੍ਰੋਟੀਨ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀ ਸੱਟ-ਫੇਟ ਲਗਣ ਸਮੇਂ ਇਸ ਲਈ ਉਤਪੰਨ ਹੁੰਦੀ ਹੈ, ਤਾਂ ਜੋ ਘਾਓ 'ਚੋਂ ਦੀ ਲਹੂ ਸਰੀਰੋਂ ਬਾਹਰ ਨਾ ਜਾ ਸਕੇ। ਇਸ ਮੰਤਵ ਨਾਲ ਲਹੂ ਨੂੰ ਜਮਾ ਦੇਣ ਦੀ ਪ੍ਰਕ੍ਰਿਆ 'ਚ ਫ਼ਾਇਬਰਿਨ ਦੀ ਭੂਮਿਕਾ ਹੈ।

Fibrinogen (ਫ਼ਾਇਬਰਿਨੱਜੈਨ)

ਇਕ ਲਾਤੀਨੀ ਅਤੇ ਦੂਜਾ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ: ਲਾਤੀਨੀ ਸ਼ਬਦ ਹੈ ਫਾਇਬਰੱ (fibra), ਜਿਸ ਦੇ ਅਰਥ ਹਨ 'ਰੇਸ਼ੇ' ਦੇ ਅਤੇ ਯੂਨਾਨੀ ਸ਼ਬਦ ਹੈ ਜੇੱਨੀਸ (genes), ਜਿਸ ਦੇ ਅਰਥ ਹਨ 'ਉਪਜਾਉਣ' ਦੇ। ਲਹੂ ਅੰਦਰਲੀ ਘੁਲਣਸ਼ੀਲ ਪ੍ਰੋਟੀਨ ਦਾ ਉਪਰੋਕਤ ਨਾਮ ਹੈ, ਜਿਸ ਦੀ ਲਹੂ ਨੂੰ ਜਮਾ ਦੇਣ 'ਚ ਭੂਮਿਕਾ ਹੈ। ਸੱਟ-ਫੇਟ ਲਗਣ ਸਮੇਂ ਇਹੋ ਰੇਸ਼ੇਦਾਰ ਪ੍ਰੋਟੀਨ, ਫ਼ਾਇਬਰਿਨ ਉਪਜਾਉਂਦੀ ਹੈ।

Fibrinolysis (ਫ਼ਾਇਬਰਿਨੱਲਾਇਸਿਸ)

ਦੋ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ: ਪਹਿਲਾ ਲਾਤੀਨੀ ਫ਼ਾਇਬਰੱ (fibra), ਜਿਸ ਦੇ ਅਰਥ ਹਨ 'ਰੇਸ਼ੇ' ਦੇ ਅਤੇ ਦੂਜਾ ਯੂਨਾਨੀ ਲਾਇਸਿਸ (lysis), ਜਿਸ ਦੇ ਅਰਥ ਹਨ 'ਢਿੱਲਾ ਕਰ ਦੇਣ ' ਦੇ। ਰੇਸ਼ੇਦਾਂਰ ਪ੍ਰੋਟੀਨ, ਫ਼ਾਇਬਰਿਨ ਦੇ ਉਤਪੰਨ ਹੋਣ ਨਾਲ ਜਿਹੜਾ ਲਹੂ ਜੰਮ ਕੇ ਨਿਕਾਰਾ ਹੋ ਜਾਂਦਾ ਹੈ, ਉਸੇ ਨੂੰ ਨਸ਼ਟ ਕਰਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ। ਇਹ ਪ੍ਰਕ੍ਰਿਆ ਵਿਸ਼ੇਸ਼ ਐਨਜ਼ਾਈਮ ਦੁਆਰਾ ਪੂਰੀ ਹੁੰਦੀ ਹੈ, ਜਿਸ ਦਾ ਨਾਮ ਹੈ ਫ਼ਾਇਬਰਿਨੱਲਾਇਸਿਨ (fibrinlysin)।

Fibroblast (ਫ਼ਾਇਬਰੱਬਲੈਸਟ)

ਇਸ ਪਦ 'ਚ ਲਾਤੀਨੀ ਸ਼ਬਦ ਫ਼ਾਇਬਰੱ (fibra) ਅਤੇ ਯੂਨਾਨੀ ਸ਼ਬਦ ਬਲੈਸਟੱਸ (blastos) ਸਮਾਏ ਹੋਏ ਹਨ ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਰੇਸ਼ੇ' ਦੇ ਅਤੇ 'ਕਲੀ' ਦੇ। ਸਰੀਰਕ ਪ੍ਰਗਤੀ ਦੌਰਾਨ, ਜਿਹੜਾ ਮੁੱਢਲਾ ਸੈੱਲ ਹੋਂਦ 'ਚ ਆਉਂਦਾ ਹੈ ਅਤੇ ਜਿਸ ਤੋਂ ਕਿ ਅਗਾਂਹ ਚਲਕੇ ਸੰਯੋਜਕ ਬੁਣਤ ਜਨਮ ਲੈਂਦੀ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Fibroin (ਫ਼ਾਇਬਰੋਇਨ)

ਲਾਤੀਨੀ ਸ਼ਬਦ ਫ਼ਾਇਬਰੱ (fibra) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਰੇਸ਼ੇ' ਦੇ। ਰੇਸ਼ਮ ਦੀਆਂ ਤਾਰਾਂ ਅੰਦਰਲੀ ਰੇਸ਼ੇਦਾਰ ਪ੍ਰੋਟੀਨ ਦਾ ਇਹ ਨਾਮ ਹੈ।

Fibula (ਫ਼ਿਬਯੁੱਲ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਬੰਨ੍ਹਣ' ਦੇ। ਗੋਡਿਓਂ ਥੱਲੇ ਦੀ ਲੱਤ, ਭਾਵ ਪਿੰਨੀ ਅੰਦਰਲੀ ਬਾਹਰਲੀ ਹੱਡੀ ਦਾ ਉਪਰੋਕਤ ਨਾਮ ਹੈ, ਜਿਹੜੀ ਕਿ ਇਸੇ ਦੀ ਮੁੱਖ ਹੱਡੀ, ਟਿਬਿਆ (tibia) ਦੇ ਸਹਾਇਕ ਦੀ ਭੂਮਿਕਾ ਨਿਭਾਉਂਦੀ ਹੈ।

Field (ਫ਼ੀਲਡ)

'ਖੇਤਰ' ਲਈ ਆਮ ਵਰਤੋਂ 'ਚ ਆ ਰਹੇ ਇਸ ਪਦ ਦੇ ਵਿਗਿਆਨ ਦੇ ਪ੍ਰਸੰਗ 'ਚ 'ਗਤੀਕਾਰਕ ਪ੍ਰਣਾਲੀ' ਦੇ ਅਰਥ ਹਨ, ਜਿਸ ਅੰਦਰਲੇ ਸਾਰੇ ਭਾਗ ਇਕ ਦੂਜੇ ਉਪਰ ਨਿਰਭਰ ਹੁੰਦੇ ਹਨ ਅਤੇ ਜਿਨ੍ਹਾਂ 'ਚੋਂ ਜੇਕਰ ਇਕ ਵੀ ਆਪਣੀ ਥਾਂ ਨਾ ਰਹੇ ਤਾਂ ਪ੍ਰਣਾਲੀ ਦਾ ਸੰਤੁਲਨ ਡੋਲ ਜਾਂਦਾ ਹੈ।

Field capacity (ਫ਼ੀਲਡ ਕਪੈਸਿਟਿ)

ਇਸ ਪਦ ਅੰਦਰ ਸਮਾਏ ਦੋ ਸਾਧਾਰਨ

ਸ਼ਬਦ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਭੂਮੀ' ਦੇ ਅਤੇ 'ਸਮਰੱਥਾ' ਦੇ। ਵਰਖਾ ਜਾਂ ਹੜ੍ਹ ਦੇ ਜਿੰਨੇ ਪਾਣੀ ਨੂੰ ਆਪਣੇ ਅੰਦਰ ਸਮੋ ਲੈਣ ਦੇ ਸਮਰੱਥ ਭੂਮੀ ਹੁੰਦੀ ਹੈ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Filament (ਫ਼ਿਲਾਮੈਂਟ)

ਸਾਧਾਰਨ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਤਾਰ' ਦੇ ਜਾਂ 'ਸੂਤਰ' ਦੇ। ਜੀਵਾਂ ਅੰਦਰਲੀ ਸੂਤਰ ਨੁਮਾ ਜਾਂ ਤਾਰ ਜਿਹੀ ਕਿਸੇ ਵੀ ਬਣਤਰ ਜਾਂ ਬੁਣਤ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ।

Filaria (ਫ਼ਿਲੇਰਿਆ)

ਉਸ ਗੋਲ ਮਲ੍ਹੱਪ (nematode) ਦਾ ਇਹ ਨਾਮ ਹੈ, ਜਿਹੜਾ ਮਨੁੱਖ ਦੇ ਲੱਤ-ਪੈਰ ਸੁੱਜਾ ਦੇਣ ਵਾਲੇ ਏਲਿਫ਼ਨਟੱਐਇਸਿਸ (elephantiasis) ਨਾਮ ਦੇ ਰੋਗ ਦਾ ਕਾਰਨ ਬਣਦਾ ਹੈ।

Filter feeding (ਫ਼ਿਲਟਰ ਫ਼ੀਡਿੰਗ)

ਇਸ ਪਦ ਦਾ ਪਹਿਲਾ ਭਾਗ ਫ਼ਿਲਟਰ, ਫ਼੍ਰਾਂਸੀਸੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਛਾਨਣ' ਦੇ ਅਤੇ ਦੂਜਾ ਭਾਗ, 'ਖਾਣ ਦੀ ਪ੍ਰਕ੍ਰਿਆ' ਨੂੰ ਦਰਸਾਉਂਦਾ ਸਾਧਾਰਨ ਸ਼ਬਦ ਹੈ। ਪਾਣੀ 'ਚੋਂ ਖ਼ੁਰਾਕ ਭੋਰਿਆਂ ਨੂੰ ਛਾਣ-ਪੁਣ ਕੇ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਕਿ ਜਲ ਵਾਸੀ ਪ੍ਰਾਣੀਆਂ ਦਾ ਆਮ ਵਤੀਰਾ ਹੈ। ਸਭਨਾਂ ਨਾਲੋਂ ਪ੍ਰਭਾਵਸ਼ੀਲ ਸਰੀਰਕ ਜੁੱਸੇ ਵਾਲੀਆਂ ਬੇਲੀਨ ਵ੍ਹੇਲਾਂ ਵੀ ਇਸੇ ਢੰਗ ਨਾਲ ਖ਼ੁਰਾਕ ਪ੍ਰਾਪਤ ਕਰਦੀਆਂ ਹਨ ਅਤੇ ਅਤੀ ਛੋਹਲੀਆਂ ਤਿਰਦੀਆਂ ਸ਼ਾਰਕਾਂ ਵੀ।

Fin (ਫ਼ਿਨ)

ਮੱਛੀਆਂ ਦੇ ਖੰਭੜਿਆਂ ਲਈ ਇਹ ਪਦ ਰਾਖਵਾਂ ਹੈ, ਜਿਹੜੇ ਕਿ ਇਨ੍ਹਾਂ ਦੇ ਤੈਰਨ ਅੰਗ ਹਨ। ਸਰੀਰ ਦੇ ਪਾਸਿਆਂ ਵੱਲ ਦੇ ਇਨ੍ਹਾਂ ਚਾਰ ਵਧਾਆਂ ਨੂੰ ਅੰਦਰੋਂ ਕਿਰਨਾਂ ਜਹੀਆਂ ਮਹੀਨ ਹੱਡੀਆਂ ਦਾ ਸਹਾਰਾ ਮਿਲਿਆ ਹੁੰਦਾ ਹੈ, ਜਿਸ ਕਾਰਨ ਇਹ ਚੱਪੂਆਂ ਵਾਂਗ ਕ੍ਰਿਆਸ਼ੀਲ ਰਹਿੰਦੇ ਹਨ।

Fission (ਫ਼ਿੱਸ਼ਨ)

ਲਾਤੀਨੀ ਸ਼ਬਦ ਫ਼ਿੱਸਸ (fissus) ਦਾ ਉਪਰੋਕਤ ਪਦ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਦਰਾੜ' ਦੇ। ਇਕ ਸੈੱਲ ਦੀ ਦੇਹ ਵਾਲੇ ਜੀਵ, ਸਾਧਾਰਨ, ਦੋ ਫਾੜਵੀਂ ਵੰਡ ਦੁਆਰਾ ਪ੍ਰਜਣਨ ਦੀ ਕ੍ਰਿਆ ਪੂਰੀ ਕਰਦੇ ਹਨ, ਜਿਸ ਲਈ ਕਿ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਸ ਪ੍ਰਕ੍ਰਿਆ ਦੌਰਾਨ ਪਹਿਲਾਂ ਤਾਂ ਸੈੱਲ ਅੰਦਰਲਾ ਨਿਊਕਲੀਅਸ ਦੋ 'ਚ ਵੰਡਿਆ ਜਾਂਦਾ ਹੈ ਅਤੇ ਦੁਆਲੇ ਦੇ ਸਾਇਟੋਪਲੈਜ਼ਮ 'ਚ ਫਿਰ ਦੋ ਪਾਸਿਓਂ ਦਰਾੜ ਉਤਪੰਨ ਹੋਕੇ, ਡੂੰਘੀ ਹੁੰਦੀ ਹੋਈ ਤੇ ਛੇਕੜ ਆਪਸ 'ਚ ਮਿਲਕੇ, ਇਹ ਇਸ ਨੂੰ ਵੀ ਦੋ ਬਰਾਬਰ ਭਾਗਾਂ 'ਚ ਵੰਡ ਦਿੰਦੀ ਹੈ। ਇਸ ਪ੍ਰਕਾਰ, ਇਕ ਸੈੱਲ ਤੋਂ ਦੋ ਸੈੱਲ ਹੋਂਦ 'ਚ ਆ ਜਾਂਦੇ ਹਨ।

Fitness (ਫ਼ਿਟਨਿਸ)

ਸਾਧਾਰਨ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ 'ਅਨੁਕੂਲਤਾ' ਦੇ ਹਨ, ਭਾਵ ਜੀਵਾਂ ਦੀ ਦੁਆਲੇ ਅਨੁਕੂਲ ਅਨੁਕੂਲਤਾ ਦੇ। ਡਾਰਵਿਨ ਨੇ ਆਪਣੇ 'ਕੁਦਰਤੀ ਚੋਣ' ਦੇ ਸਿਧਾਂਤ ਦੀ ਵਿਆਖਿਆ 'ਚ ਉਪਰੋਕਤ ਪਦ ਦਾ ਖੁਲ੍ਹਾ ਉਪਯੋਗ ਕੀਤਾ ਹੈ ਅਤੇ ਅਜਿਹੀਆਂ ਜੀਵ-ਨਸਲਾਂ ਲਈ ਉਪਯੋਗ ਕੀਤਾ ਹੈ, ਜਿਹੜੀਆਂ ਦੁਆਲੇ ਅਨੁਕੂਲ ਢੱਲੀਆਂ ਹੋਈਆਂ ਵਿਚਰਦੀਆਂ ਹਨ ਅਤੇ ਇਸੇ ਲਈ ਇਨ੍ਹਾਂ ਦੀ ਵਸੋਂ ਲੰਬੇ ਸਮੇਂ ਤਕ ਸਥਿਰ ਬਣੀ ਰਹਿੰਦੀ ਹੈ; ਇਹ ਨਾ ਘਟਦੀ ਹੈ ਅਤੇ ਨਾ ਵਧਦੀ ਹੈ।

Fixative (ਫ਼ਿਕਸਟਿਵ)

ਜੈਵਿਕ ਟਿੱਸ਼ੂਆਂ ਦਾ ਪ੍ਰਯੋਗਸ਼ਾਲਾ 'ਚ

ਅਧਿਐਨ ਕਰਨ ਲਈ ਅਜਿਹੇ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜੇ ਸੈੱਲਾਂ ਦੀ ਨੁਹਾਰ ਅਤੇ ਆਕਾਰ ਨੂੰ ਵਿਗੜਨ ਨਹੀਂ ਦਿੰਦੇ। ਅਜਿਹੇ ਹਰ ਇਕ ਰਸਾਇਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Flagellum (ਫ਼ਲੈਜੇੱਲਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਛਾਂਟੇ' ਦੇ। ਇਕ ਸੈੱਲ ਦੀ ਦੇਹ ਵਾਲੇ ਪ੍ਰੋਟੋਜ਼ੁਆ ਪ੍ਰਾਣੀਆਂ 'ਚੋਂ ਕੁਝ ਕੁ 'ਚ ਲਹਿਰੀਏਦਾਰ ਹਰਕਤ ਕਰਦਾ ਹੋਇਆ ਛਮਕ ਜਿਹਾ ਲੰਬਾ-ਪਤਲਾ ਵਧਾਅ, ਇਨ੍ਹਾਂ ਦੀ ਆਵਾਜ਼ਾਈ ਦਾ ਸਾਧਨ ਹੁੰਦਾ ਹੈ, ਜਿਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Flame-cells (ਫ਼ਲੇਮ ਸੈੱਲਜ਼)

ਪਦ ਦੇ ਪਹਿਲੇ ਭਾਗ, ਫ਼ਲੇਮ ਦੇ ਅਰਥ ਹਨ 'ਦੀਵੇ ਦੀ ਲੋਅ' ਦੇ ਅਤੇ ਅਜਿਹੇ ਸੈੱਲਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਨੁਹਾਰ ਤੋਂ ਟਿਮਟਿਮਾਉਂਦੀ ਲੋਅ ਦਾ ਝਾਉਲਾ ਪੈਂਦਾ ਹੈ। ਕਈ ਰੀੜਰਹਿਤ ਪ੍ਰਾਣੀਆਂ ਦੇ ਸਰੀਰਕ ਮੈਲ ਦਾ ਤਿਆਗ ਕਰਦੇ ਅੰਗ ਇਸੇ ਨੁਹਾਰ ਦੇ ਹੁੰਦੇ ਹਨ ਅਤੇ ਇਨ੍ਹਾਂ 'ਚ ਵਿਸ਼ੇਸ਼ ਤੌਰ ਤੇ ਸ਼ਾਮਲ ਪ੍ਰਾਣੀ ਹਨ, ਮਲੱਪ ਅਤੇ ਰਾਟਿਫਰ।

Flavin (ਫ਼ਲੇਵਿਨ)

ਲਾਤੀਨੀ ਸ਼ਬਦ ਫ਼ਲੇਵਸ (flavus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪੀਲੇ' ਦੇ। ਬਨਸਪਤੀ ਸੈੱਲਾਂ ਅੰਦਰਲੇ ਪੀਲੇ ਰੰਗ ਦੇ ਪਦਾਰਥ ਲਈ ਇਹ 'ਪਦ' ਵਰਤਿਆ ਜਾਂਦਾ ਹੈ, ਜਿਹੜਾ ਪਾਣੀ 'ਚ ਘੁਲਣਸ਼ੀਲ ਹੈ।

Flavonoids (ਫ਼ਲੇਵਨਾਇਡਜ਼)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਫ਼ਲੇਵਸ (flavus) ਹੈ, ਜਿਸ ਦੇ ਅਰਥ 'ਪੀਲੇ' ਦੇ ਹਨ। ਨਿੰਬੂ-ਸੰਗਤਰੇ ਜਿਹੇ ਸਿਟਰਸ (citrus) ਅਤੇ ਹੋਰਨਾਂ ਫਲਾਂ 'ਚ ਮਿਲਦੇ ਪੀਲੇ ਪਦਾਰਥਾਂ ਲਈ ਉਪਰੋਕਤ ਪਦ ਰਾਖਵਾਂ ਹੈ। ਇਹ ਪੀਲੇ ਪਦਾਰਥ ਖ਼ੁਰਾਕ ਦੁਆਰਾ ਸਰੀਰ ਅੰਦਰ ਪ੍ਰਵੇਸ਼ ਕਰਦੇ ਰਹਿੰਦੇ ਹਨ ਅਤੇ ਸਰੀਰ ਅੰਦਰਲੇ ਰਸਾਇਣਕ ਸੰਤੁਲਨ ਨੂੰ ਕਾਇਮ ਰੱਖਣ 'ਚ ਭੂਮਿਕਾ ਨਿਭਾਉਂਦੇ ਹਨ।

Flexor (ਫ਼ਲੈਕਸਰ)

ਲਾਤੀਨੀ ਸ਼ਬਦ ਫ਼ਲੈਕਸੱਸ (flexus) ਇਸ ਪਦ ਦਾ ਸ੍ਰੋਤ ਹੈ ਅਤੇ ਇਸ ਦੇ ਅਰਥ ਹਨ 'ਮੋੜ ਦੇਣ' ਦੇ। ਉਨ੍ਹਾਂ ਮਾਸਪੇਸ਼ੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀਆਂ ਜਦ ਸੁੰਗੜਦੀਆਂ ਹਨ ਤਾਂ ਜਿਨ੍ਹਾਂ ਅੰਗਾਂ ਨਾਲ ਇਹ ਜੜੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਮੋੜ ਦਿੰਦੀਆਂ ਹਨ। ਗੋਡੇ, ਗਿਟੇ, ਕੂਹਣੀਆਂ ਦੀਆਂ ਹਰਕਤਾਂ ਦਾ ਕਾਰਨ ਇਹ ਮਾਸਪੇਸ਼ੀਆਂ ਹਨ।

Floating ribs (ਫ਼ਲੋਟਿੰਗ ਰਿਬਜ਼)

ਇਸ ਪਦ ਦੇ ਸ਼ਾਬਦਕ ਅਰਥ ਹਨ 'ਤਿਰਦੀਆਂ ਪਸਲੀਆਂ' ਦੇ ਅਤੇ ਇਸ ਪਦ ਨੂੰ ਉਨ੍ਹਾਂ ਪਸਲੀਆਂ ਲਈ ਵਰਤਿਆ ਜਾਂਦਾ ਹੈ, ਜਿਹੜੀਆਂ ਛਾਤੀ ਦੀ ਹੱਡੀ ਨਾਲ ਜੁੜੀਆਂ ਹੋਈਆਂ ਨਹੀਂ ਹਨ।

Flora (ਫ਼ਲੋਰਾ)

ਇਸ ਪਦ ਦਾ ਆਧਾਰ ਹੈ ਫ਼ਲੋੱਸ (floas), ਜਿਹੜਾ ਲਾਤੀਨੀ ਸ਼ਬਦ ਹੈ ਅਤੇ ਜਿਸ ਦੇ ਅਰਥ ਹਨ 'ਫੁੱਲ' ਦੇ। ਟਾਪੂਆਂ ਅਤੇ ਮੁਲਕਾਂ 'ਚ ਉਗਣ ਵਾਲੀ ਬਨਸਪਤੀ ਦੇ ਸਮੂਹ ਨੂੰ ਦਰਸਾਉਣ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ। ਬੀਤ ਚੁਕੇ ਕਾਲ ਜਾਂ ਯੁਗ ਦੌਰਾਨ ਉਗਣ ਵਾਲੀ ਬਨਸਪਤੀ ਦੇ ਸਮੂਹ ਲਈ ਵੀ ਇਹੋ ਹੀ ਪਦ ਵਰਤਿਆ ਜਾਂਦਾ ਹੈ।

Florescence (ਫਲੋਰੱਸੰਸ)

ਇਸ ਪਦ ਦਾ ਸ੍ਰੋਤ ਲਾਤੀਨੀ ਸ਼ਬਦ ਫ਼ਲੋਰਿਸਰਿ (floroscere) ਹੈ, ਜਿਸ ਦੇ ਅਰਥ ਹਨ

'ਫੁੱਲਾਂ ਦੇ ਖੇੜੇ' ਦੇ। ਇਹ ਪਦ ਵੀ ਫੁੱਲਾਂ ਦੀ ਬਹਾਰ ਨੂੰ ਦਰਸਾਉਣ ਲਈ ਆਮ ਵਰਤੋਂ 'ਚ ਆ ਰਿਹਾ ਹੈ, ਪਰ ਇਸ ਪਦ ਦਾ ਉਪਯੋਗ ਇਕ ਪੌਦੇ ਦੇ 'ਫੁੱਲਾਂ ਦੇ ਸੰਗ੍ਰਥਿਤ ਗੁੱਛੇ' ਲਈ ਵਿਸ਼ੇਸ਼ ਕੀਤਾ ਜਾਂਦਾ ਹੈ।

Floret (ਫ਼ਲੋਰਟ)

ਇਹ ਪਦ ਲਾਤੀਨੀ ਸ਼ਬਦ ਫ਼ਲੌਸ (flos) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਫੁੱਲ' ਦੇ। ਇਕ ਪੌਦੇ ਦੇ ਫੁੱਲਾਂ ਦੇ ਸੰਗ੍ਰਥਿਤ ਗੁੱਛੇ ਅੰਦਰਲੇ ਹਰ ਇਕ ਫੁੱਲ ਲਈ ਇਹ ਪਦ ਵਰਤਿਆ ਜਾਂਦਾ ਹੈ।

Floriculture (ਫ਼ਲੋਰਿਕਲਚਰ)

ਫੁੱਲਦਾਰ ਬੂਟਿਆਂ ਦੀ ਕਾਸ਼ਤ ਕਰਨ ਦੇ ਕਿੱਤੇ ਦਾ ਇਹ ਨਾਮ ਹੈ।

Florigen (ਫ਼ਲੋਰਿਜੈਨ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਇਕ ਫ਼ਲੌਸ (flos) ਅਤੇ ਦੂਜਾ ਜਿੰਜਨਰਿ (gingnere), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਫੁੱਲ' ਦੇ ਅਤੇ 'ਉਪਜਾਉਣ' ਦੇ। ਉਸ ਹਾਰਮੋਨ ਦਾ ਇਹ ਨਾਮ ਹੈ, ਜਿਹੜਾ ਕਲੀਆਂ ਨੂੰ ਫੁੱਲਾਂ 'ਚ ਖਿੜਾ ਦਿੰਦਾ ਹੈ।

Florology (ਫ਼ਲੋਰੌਲਜਿ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਫ਼ਲੌਸ (flos) ਹੈ, ਜਿਸ ਦੇ ਅਰਥ ਹਨ 'ਫੁੱਲ' ਦੇ ਅਤੇ ਦੂਜੇ ਭਾਗ ਦਾ ਆਧਾਰ ਯੂਨਾਨੀ ਸ਼ਬਦ ਲੋਗੌਸ (logos) ਹੈ, ਜਿਸ ਦੇ ਅਰਥ ਹਨ 'ਅਧਿਐਨ' ਦੇ। ਨਿਰਧਾਰਤ ਖੇਤਰ ਵਿਖੇ ਉਗਦੇ ਪੇੜਾਂ-ਪੌਦਿਆਂ ਦੇ ਪ੍ਰਸਪਰ ਸਬੰਧਾਂ ਦਾ, ਇਨ੍ਹਾਂ ਦੀ ਪ੍ਰਗਤੀ ਦਾ, ਇਨ੍ਹਾਂ ਦੇ ਜੀਵਨ ਅਤੇ ਵਸੋਂ ਦਾ ਅਧਿਐਨ ਕਰਦੇ ਵਿਸ਼ੇ ਦਾ ਉਪਰੋਕਤ ਪਦ ਸਿਰਲੇਖ ਹੈ।

Florula (ਫ਼ਲੋਰਯੁਲਾ)

ਇਕਲਵਾਂਡੇ ਸਥਿਤ ਖੇਤਰ 'ਚ ਉਗਣ ਵਾਲੇ ਪੇੜ-ਪੌਦਿਆਂ ਦੇ ਸਮੂਹ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ, ਜਿਵੇਂ ਕਿ ਰੂੜੀ ਦੇ ਢੇਰ ਦੀ ਬਨਸਪਤੀ, ਝੀਲ ਜਾਂ ਟੋਭੇ ਦੀ ਬਨਸਪਤੀ, ਪਹਾੜੀ ਦੀ ਬਨਸਪਤੀ ਆਦਿ। ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਫ਼ਲੌਸ (flos) ਹੈ, ਜਿਸ ਦੇ ਅਰਥ ਹਨ 'ਫੁੱਲ' ਦੇ।

Flower (ਫ਼ਲਾਵਰ)

ਲਾਤੀਨੀ ਸ਼ਬਦ ਫ਼ਲੌਸ (flos) ਇਸ ਪਦ ਦਾ ਸ੍ਰੋਤ ਹੈ, ਜਿਸ ਦੇ ਅਰਥ ਹਨ 'ਫੁੱਲ' ਦੇ। ਉਪਰੋਕਤ ਪਦ ਦੇ ਸ਼ਬਦਾਰਥਕ ਅਰਥ ਵੀ 'ਫੁੱਲ' ਦੇ ਹੀ ਹਨ, ਜਿਹੜਾ ਕਿ ਪੌਦੇ ਦਾ ਰੰਗ ਅਤੇ ਸੁਗੰਧ ਬਖੇਰਦਾ ਪ੍ਰਜਣਨ ਅੰਗ ਹੈ। ਮਾਦਾ ਅਤੇ ਨਰ ਪ੍ਰਜਣਨ ਅੰਗਾਂ ਨੂੰ ਰੰਗਦਾਰ ਅਤੇ ਸੁਗੰਧਤ ਪਤੀਆਂ ਦੁਆਲਿਓਂ ਘੇਰੀ ਰਖਦੀਆਂ ਹਨ ਅਤੇ ਇਸੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Fluke (ਫ਼ਲੂਕ)

ਚਪਟੇ ਸਰੀਰ ਵਾਲੇ ਉਸ ਟ੍ਰੈਮੇਟੋਡ (trematode) ਪ੍ਰਜੀਵੀ ਮਲੱਪ ਲਈ ਇਹ ਨਾਮ ਰਾਖਵਾਂ ਹੈ, ਜਿਹੜਾ ਆਪਣੇ ਜੀਵਨ ਦੌਰਾਨ, ਭੇਡ ਅਤੇ ਮਨੁੱਖ ਅੰਦਰ ਵਾਰੋ-ਵਾਰੀ ਵਾਸ ਕਰਦਾ ਹੈ। ਫਲੂਕ ਸਾਧਾਰਨ ਵਰਤੋਂ 'ਚ ਆਉਣ ਵਾਲਾ ਸ਼ਬਦ ਹੈ ਅਤੇ ਹੋਰਨਾਂ ਕਈ ਅਰਥਾਂ ਤੋਂ ਬਿਨਾਂ ਇਸ ਦੇ ਅਰਥ 'ਚਪਟੇ' ਜਾਂ 'ਪਧਰਾਏ ਹੋਣ' ਦੇ ਵੀ ਹਨ।

Flurosis (ਫ਼ਲਯੂਰੌਸਿਸ)

ਇਹ ਉਸ ਰੋਗ ਦਾ ਨਾਮ ਹੈ, ਜਿਹੜਾ ਫਲਯੂਰਾਇਡ ਪਦਾਰਥਾਂ ਦੇ ਸਰੀਰ ਅੰਦਰ ਪ੍ਰਵੇਸ਼ ਕਰ ਜਾਣ ਕਾਰਨ ਉਪਜਦਾ ਹੈ। ਇਨ੍ਹਾਂ ਪਦਾਰਥਾਂ ਦੇ ਸਰੀਰ ਅੰਦਰ ਪ੍ਰਵੇਸ਼ ਕਰਨ ਦਾ ਸਾਧਨ ਪਾਣੀ ਵੀ ਹੋ ਸਕਦਾ ਹੈ ਅਤੇ ਖ਼ੁਰਾਕ ਵੀ। ਇਸ ਰੋਗ ਵਜੋਂ ਸਰੀਰਕ ਹੱਡ ਸੁੰਗੜ ਕੇ ਕਾਠੇ ਹੋ ਜਾਂਦੇ ਹਨ ਅਤੇ ਦੰਦ ਪੀਲੇ ਪੈ ਜਾਂਦੇ ਹਨ।

Fluvial (ਫ਼ਲਯੁਵਂਅਲ)

ਲਾਤੀਨੀ ਸ਼ਬਦ, ਫ਼ਲੂਵੀ (fluvi) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਨਦੀ' ਦੇ। ਜਿਸ ਭੂਮੀ ਦੀ ਰਚਨਾਂ 'ਚ ਨਦੀਆਂ ਦੀ ਭੂਮਿਕਾ ਹੁੰਦੀ ਹੈ, ਉਸੇ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Flux (ਫਲੱਕਸ)

ਇਹ ਪਦ ਲਾਤੀਨੀ ਸ਼ਬਦ, ਫ਼ਲੂਰਿ (fluere) ਤੋਂ ਰਚਿਆ ਗਿਆ ਹੈ, ਜਿਸ ਦੇ ਅਰਥ ਹਨ 'ਬਹਾਓ' ਦੇ ਜਾਂ 'ਪ੍ਰਵਾਹ' ਦੇ। ਉਸ ਜੀਵ-ਨਸਲ ਦੀ ਸਥਿਤੀ ਦਰਸਾਉਣ ਲਈ ਉਪਰੋਕਤ ਪਦ ਵਰਤੋਂ 'ਚ ਆ ਰਿਹਾ ਹੈ, ਜਿਸ ਦੀ ਵਸੋਂ ਘਟਦੀ-ਵਧਦੀ ਰਹਿੰਦੀ ਹੈ ਅਤੇ ਜਿਸ ਨੇ, ਭਵਿਖ 'ਚ, ਹਾਲੀਂ, ਆਪਣੇ ਵਾਤਾਵਰਨ ਨਾਲ ਸੰਤੁਲਨ ਕਾਇਮ ਕਰਨਾ ਹੁੰਦਾ ਹੈ।

Foetus (ਫ਼ੀਟਸ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਸੰਤਾਨ' ਦੇ। ਰੀੜ੍ਹਸਹਿਤ ਪ੍ਰਾਣੀਆਂ ਦੀ ਕੁੱਖ ਅੰਦਰ ਜਾਂ ਇਨ੍ਹਾਂ ਦੇ ਅੰਡਿਆਂ ਅੰਦਰ ਪ੍ਰਗਤ ਹੋ ਰਹੇ ਭਰੂਣ ਲਈ ਇਹ ਪਦ ਵਰਤਿਆ ਜਾਂਦਾ ਹੈ।

Fog (ਫ਼ਾਗ)

ਇਸ ਪਦ ਦੇ ਸ਼ਾਬਦਕ ਅਰਥ ਹਨ 'ਧੁੰਦ' ਦੇ ਜਾਂ 'ਕੋਹਰੇ' ਦੇ। ਵਾਯੂਮੰਡਲ ਅੰਦਰਲੀ ਨਮੀ ਜਦ ਸਰਦੀਆਂ 'ਚ ਰਾਤ ਨੂੰ ਵਧੀਕ ਠੰਢੀ ਭੂਮੀ ਦੇ ਸੰਪਰਕ 'ਚ ਆਉਂਦੀ ਹੈ ਤਾਂ ਦ੍ਰਿਸ਼ਟਤਾ ਨੂੰ ਧੁੰਧਲਾ ਦੇਣ ਵਾਲੀ ਜਿਹੜੀ ਸਥਿਤੀ ਪੈਦਾ ਹੁੰਦੀ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Folic acid (ਫ਼ੋਲਿਕ ਐਸਿਡ)

ਤੇਜ਼ਾਬ ਦੀ ਖਾਸੀਅਤ ਵਾਲੇ ਇਸ ਪਦਾਰਥ ਨੂੰ ਸਭ ਤੋਂ ਪਹਿਲਾਂ ਪਾਲਕ ਦੇ ਪੱਤਰ ਚੋਂ ਪ੍ਰਾਪਤ ਕੀਤਾ ਗਿਆ ਸੀ, ਜਿਸ ਕਰਕੇ ਇਸ ਦਾ ਉਪਰੋਕਤ ਨਾਮ ਪਿਆ। ਫ਼ੋਲੀਅਮ (folium) ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸਾਵੇ ਪੱਤਰ' ਦੇ, ਅਤੇ ਇਹੋ ਇਸ ਪਦ ਦਾ ਆਧਾਰ ਹੈ। ਵਿਟਾਮਿਨ ਬੀ ਦੇ ਸਮੂਹ ਚੋਂ ਇਕ ਵਿਟਾਮਨ ਦਾ ਇਹ ਨਾਮ ਹੈ, ਜਿਸ ਨੂੰ ਬੀ 12 (B_{12}) ਵੀ ਸੱਦਿਆ ਜਾਂਦਾ ਹੈ। ਪਾਣੀ 'ਚ ਘੁਲਣਸ਼ੀਲ ਇਸ ਵਿਟਾਮਿਨ ਦੀ ਸਰੀਰ ਅੰਦਰ ਘਾਟ ਅਨੀਮੀਆ ਰੋਗ ਦਾ ਕਾਰਨ ਬਣ ਸਕਦੀ ਹੈ।

Follicle (ਫ਼ੌਲਿਕਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਫੌਲਿਕਯੂਲਸ (Folliculus) ਹੈ, ਜਿਸ ਦੇ ਅਰਥ ਹਨ 'ਗੁਥਲੀ' ਦੇ। ਸਰੀਰ ਅੰਦਰਲੇ ਅਨੇਕਾਂ ਮਹੀਨ ਰਖਣਿਆਂ ਚੋਂ ਹਰ ਇਕ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ 'ਚ ਸਰੀਰ ਅੰਦਰੋਂ ਰਿਸਦੇ ਰਸ ਇਕੱਤਰ ਹੁੰਦੇ ਰਹਿੰਦੇ ਹਨ ਅਤੇ ਜਿਨ੍ਹਾਂ ਅੰਦਰੋਂ ਵਿਸ਼ੇਸ਼ ਬਣਤਾਂ ਵੀ ਪੁੰਗਰਦੀਆਂ ਰਹਿੰਦੀਆਂ ਹਨ, ਜਿਵੇਂ ਕਿ ਵਾਲ, ਅੰਡੇ ਆਦਿ।

Follicle-stimulating hormone (ਫ਼ੌਲਿਕਲ ਸਟਿਮੁਲੇਟਿੰਗ ਹਾਰਮੋਨ)

ਇਹ ਨਾਮ ਹੈ ਉਸ ਹਾਰਮੋਨ ਦਾ, ਜਿਹੜਾ ਪਿਟਯੂਟਰਿ ਗ੍ਰੰਥੀ ਚੋਂ ਰਿਸਦਾ ਹੈ ਅਤੇ ਜਿਸ ਦੀ ਕ੍ਰਿਆ ਹੈ ਪ੍ਰਜਣਨ ਅੰਗਾਂ ਦੀ ਕ੍ਰਿਆਸ਼ੀਲਤਾ ਨੂੰ ਉਤੇਜਿਤ ਕਰਦੇ ਰਹਿਣਾ, ਤਾਂ ਜੋ ਇਹ ਆਪੋ-ਆਪਣੇ ਪ੍ਰਜਣਨ ਸੈੱਲ, ਭਾਵ ਅੰਡੇ ਤੇ ਸ਼ੁਕਰਾਣੂ ਉਪਜਾਉਂਦੇ ਰਹਿਣ। ਉਪਰੋਕਤ ਪਦ ਦੇ ਮੱਧ 'ਚ ਸਥਿਤ ਸ਼ਬਦ ਸਟਿਮੁਲੇਟਿੰਗ ਦੇ ਅਰਥ ਵੀ 'ਉਤੇਜਿਤ ਕਰਨ' ਦੇ ਹਨ।

Food-chain (ਫ਼ੂਡ-ਚੇਨ)

ਇਸ ਪਦ ਦੇ ਸ਼ਬਦਾਰਥਕ ਅਰਥ ਹਨ 'ਅਹਾਰੀ-ਲੜੀ' ਦੇ। ਸਮੁੱਚੇ ਸੰਸਾਰ ਅੰਦਰ ਜੀਵ, ਆਪਣੇ ਅਹਾਰ ਲਈ, ਇਕ ਦੂਜੇ ਉਪਰ ਨਿਰਭਰ

ਹਨ। ਹਰ ਇਕ ਜੀਵ, ਵਿਆਪਕ ਸਥਿਤੀਆਂ ਅਨੁਕੂਲ, ਅਗਾਂਹ ਤੋਂ ਅਗਾਂਹ, ਇਕ ਇਕ ਕਰਕੇ, ਇਕ ਦੂਜੇ ਦੀ ਖ਼ੁਰਾਕ ਬਣਦੇ ਰਹਿੰਦੇ ਹਨ। ਖ਼ੁਰਾਕ ਲਈ ਇਕ ਦੂਜੇ ਉਪਰ ਨਿਰਭਰ ਜੀਵਾਂ ਦੇ ਸਿਲਸਿਲੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਕਾਈਆਂ ਉਪਰ ਨਿਰਭਰ ਝੀਂਗਿਆਂ ਨੂੰ ਮੱਛੀਆਂ ਖਾਂਦੀਆਂ ਰਹਿੰਦੀਆਂ ਹਨ, ਛੋਟੀਆਂ ਮੱਛੀਆਂ ਨੂੰ ਵੱਡੀਆਂ ਮੱਛੀਆਂ ਅਤੇ ਮੱਛੀਆਂ ਨੂੰ ਪੰਛੀ ਅਤੇ ਪੰਛੀਆਂ ਨੂੰ ਮਨੁੱਖ ਖਾਂਦੇ ਰਹਿੰਦੇ ਹਨ। ਇਹ ਕੇਵਲ ਇਕ ਅਹਾਰ-ਲੜੀ ਜਾਂ ਫੂਡ-ਚੇਨ ਹੈ, ਜਦ ਕਿ ਸਮੁੱਚਾ ਜੀਵ-ਸੰਸਾਰ ਇਸ ਪ੍ਰਕਾਰ ਅਟੇਰੀਆਂ ਅਨੇਕਾਂ ਲੜੀਆਂ ਆਸਰੇ ਚਲ ਰਿਹਾ ਹੈ।

Food-web (ਫ਼ੂਡ-ਵੈਬ)

ਵੈਬ ਦੇ ਅਰਥ ਹਨ ਜਾਲ ਦੇ ਅਤੇ ਇਸ ਪਦ ਦੇ ਸ਼ਾਬਦਕ ਅਰਥ 'ਅਹਾਰੀ-ਜਾਲ' ਦੇ ਹਨ। ਸੰਸਾਰ ਵਿਖੇ ਅਹਾਰੀ-ਲੜੀਆਂ ਦੇ ਇਕਲਵਾਂਡੇ ਆਪੋ-ਆਪਣੇ ਵਖਰੇ ਰਾਹ ਜਾਂ ਖੇਤਰ ਨਹੀਂ ਹੁੰਦੇ; ਇਹ ਇਕ ਦੂਜੀ 'ਚ ਉਲਝਵੀਆਂ ਅਟਕੀਆਂ ਹੋਈਆਂ ਹਨ। ਅਹਾਰੀ-ਲੜੀਆਂ ਦੇ ਇਸ ਪ੍ਰਕਾਰ ਉਣੇ ਹੋਏ ਜਾਲ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Foot (ਫ਼ੁੱਟ)

ਇਸ ਪਦ ਦੇ ਅਰਥ ਹਨ 'ਪੈਰ' ਦੇ। ਪ੍ਰਾਣੀਆਂ ਦੇ ਆਵਾਜ਼ਾਈ ਲਈ ਵਰਤੇ ਜਾਂਦੇ ਉਸ ਅੰਗ ਲਈ ਇਹ ਪਦ ਰਾਖਵਾਂ ਹੈ, ਜਿਹੜਾ ਰੀੜ੍ਹਰਹਿਤ ਪ੍ਰਾਣੀਆਂ 'ਚ ਵਖਰੀ ਵਖਰੀ ਵੰਨਗੀ ਅਤੇ ਨੁਹਾਰ ਦਾ ਹੁੰਦਾ ਹੈ ਅਤੇ ਰੀੜ੍ਹਸਹਿਤ ਪ੍ਰਾਣੀਆਂ 'ਚ, ਇਸ ਦੀ ਬਣਤਰ ਦਾ ਇਕ ਮੂਲ ਆਧਾਰ ਹੈ, ਜਿਥੇ ਇਸ ਨੂੰ 'ਪੈਰ' ਜਾਂ 'ਪੰਜੇ' ਦੇ ਨਾਮ ਨਾਲ ਜਾਣਿਆ ਜਾਂਦਾ ਹੈ।

Foramen (ਫ਼ੌਰੈਮਨ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਸੁਰਾਖ਼' ਦੇ। ਹੱਡੀਆਂ ਅੰਦਰ ਲਹੂ ਵਹਿਣੀਆਂ ਦੇ ਅਤੇ ਨਸਾਂ ਦੇ ਪ੍ਰਸਾਰ ਲਈ ਜਿਹੜੇ ਸੁਰਾਖ਼ ਬਣੇ ਹੁੰਦੇ ਹਨ, ਉਨ੍ਹਾਂ ਚੋਂ ਹਰ ਇਕ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Foramen magnum (ਫ਼ੌਰੈਮਨ ਮੈਗਨੱਮ)

ਇਹ ਦੋਵੇਂ ਲਾਤੀਨੀ ਸ਼ਬਦ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਸੁਰਾਖ਼' ਦੇ ਅਤੇ ਦੂਜੇ ਦੇ 'ਵੱਡੇ' ਦੇ। ਰੀੜ੍ਹਸਹਿਤ ਪ੍ਰਾਣੀਆਂ 'ਚ ਰੀੜ੍ਹ ਅੰਦਰਲੀ ਮੁੱਖ-ਨਸ ਦਿਮਾਗ਼ ਨਾਲ ਨਿਰਵਿਘਨ ਜੁੜੀ ਹੁੰਦੀ ਹੈ ਅਤੇ ਉਸ ਨੂੰ ਰਾਹ ਦੇਣ ਲਈ ਖੋਪੜੀ ਅੰਦਰ ਬਣੇ 'ਮੋਕਲੇ ਸੁਰਾਖ਼' ਲਈ ਉਪਰੋਕਤ ਪਦ ਰਾਖਵਾਂ ਹੈ।

Fore-brain (ਫ਼ੋਰ-ਬਰੇਨ)

ਦਿਮਾਗ਼ ਦੇ ਤਿੰਨ ਮੁੱਖ ਭਾਗਾਂ ਚੋਂ, ਅਗਲੇ ਭਾਗ ਨੂੰ ਇਸੇ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸ 'ਚ ਸ਼ਾਮਲ ਹਨ: ਸੈਰਿਬੱਰਮ (cerebrum), ਥੈਲੇਮਸ (thalamus) ਅਤੇ ਹਾਇਪੱਥੈਲੇਮਸ (hypothalamus)।

Fore-gut (ਫ਼ੋਰ-ਗੱਟ)

ਪਾਚਨ ਨਾਲੀ ਲੰਬੇ ਦਾਅ ਜਾਂ ਉਪਰੋਂ ਹੇਠਾਂ ਨੂੰ ਸਰੀਰ ਅੰਦਰ ਪਸਰੀ ਹੋਈ ਹੈ। ਇਸੇ ਦੇ ਅਗਲੇ ਜਾਂ ਉਪਰਲੇ ਭਾਗ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ। ਪਾਚਨ ਨਾਲੀ ਦੇ ਇਸ ਭਾਗ 'ਚ ਸ਼ਾਮਲ ਅੰਗ ਹਨ: ਸੰਘ (pharynx) ਇਸੱਫੇਗੱਸ (oesophagus) ਅਤੇ ਮਿਹਦਾ (stomach)। ਕੀਟਾਂ ਵਿਖੇ ਮਿਹਦਾ ਅਗੋਂ ਕ੍ਰਾਪ (crop) ਅਤੇ ਗਿਜ਼ਰਡ (gizzard) 'ਚ ਵੱਖ ਹੋਇਆ ਹੁੰਦਾ ਹੈ।

Forest (ਫ਼ਾਰੈਸਟ)

ਵਣ ਸੱਦੇ ਜਾਂਦੇ, ਵਿਸ਼ਾਲ ਹਰੇ-ਭਰੇ ਖੇਤਰ ਲਈ ਇਹ ਪਦ ਰਾਖਵਾਂ ਹੈ, ਜਿਸ ਅੰਦਰ

ਆਪ-ਮੁਹਾਰੇ ਝਾੜ-ਝਾੜੀਆਂ, ਬੂਟੇ-ਬੂਟੀਆਂ ਅਤੇ ਰੁਖੜੇ-ਰੁੱਖ ਉਗਦੇ ਰਹਿੰਦੇ ਹਨ। ਜੀਵ-ਵੰਨਗੀ ਦੇ ਬਣੇ ਰਹਿਣ ਦਾ ਵਣ ਆਧਾਰ ਹਨ ਅਤੇ ਇਹੋ ਭੂਗੋਲਕ ਤਾਪਮਾਨ ਨੂੰ ਨਿਅੰਤਰਣ ਅਧੀਨ ਰਖਣ ਦਾ ਵੀ ਸਾਧਨ ਹਨ। ਜਿਸ ਭੂਗੋਲਕ ਖੇਤਰ 'ਚ ਵਣ ਹੁੰਦੇ ਹਨ, ਉਸੇ ਨੂੰ ਮੁੱਖ ਰਖਕੇ ਇਨ੍ਹਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ, ਜਿਵੇਂ ਕਿ ਵਰਖਾ-ਵਣ, ਪਰਬਤੀ ਵਣ, ਦਰਿਆਈ ਰੱਖਾਂ ਅਤੇ ਥਲੀ ਝਿੜੀਆਂ।

Fossa (ਫ਼ਾੱਂਸਾ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਖਾਈ' ਦੇ। ਸਰੀਰ ਅੰਦਰਲੇ ਅੰਗਾਂ ਦੇ ਅੰਦਰ ਵੱਲ ਨੂੰ ਧੱਸੇ ਭਾਗ ਕਾਰਨ ਬਣੇ ਟੋਏ ਨੂੰ ਇਹ ਪਦ ਦਰਸਾਉਂਦਾ ਹੈ।

Fossil (ਫ਼ਾੱਂਸਿਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਫ਼ਾੱਂਸਿਲਿਸ (fossilis) ਹੈ, ਜਿਸ ਦੇ ਅਰਥ ਹਨ 'ਪੁਟਾਈ ਕਰਨ' ਦੇ। ਉਪਰੋਕਤ ਪਦ ਚਟਾਨ ਅੰਦਰ ਉਕਰੇ, ਪੁਰਾਣੇ ਵੇਲਿਆਂ 'ਚ ਵਿਚਰਦੇ ਕਿਸੇ ਜੀਵ ਦੇ ਚਿੰਨ੍ਹ ਨੂੰ ਦਰਸਾਉਂਦਾ ਹੈ। ਇਹ ਚਿੰਨ੍ਹ ਉਨ੍ਹਾਂ ਜੀਵਾਂ ਦੇ ਹਨ, ਜਿਹੜੇ ਤਲਛਟੀ ਨਰਮ ਭੂਮੀ ਅੰਦਰ ਬਹੁਤ ਪਹਿਲਾਂ ਦੱਬੇ ਗਏ ਸਨ ਅਤੇ ਜਿਹੜੇ ਕਿ ਭੂਮੀ ਦੇ ਚਟਾਨਾਂ ਬਣਨ ਸਮੇਂ, ਉਨ੍ਹਾਂ ਦੇ ਨਾਲ ਹੀ ਪਥਰਾਏ ਗਏ ਸਨ। ਖੁਦਾਈ ਕਰਦਿਆਂ ਇਹ ਚਿੰਨ੍ਹ ਅਸਾਡੀ ਨਜ਼ਰੀ ਪੈਂਦੇ ਰਹੇ ਹਨ, ਜਿਸ ਕਾਰਨ ਇਨ੍ਹਾਂ ਚੋਂ ਹਰ ਇਕ ਨੂੰ ਉਪਰੋਕਤ ਨਾਮ ਨਾਲ ਜਾਣਿਆ ਗਿਆ।

Fossil fuel (ਫ਼ਾੱਂਸਿਲ ਫ਼ਯੂਅਲ)

ਭੂਗੋਲ ਉਪਰ ਉੱਥਲ-ਪੁੱਥਲ ਸਦਾ ਹੀ ਹੁੰਦੀ ਰਹੀ ਹੈ ਅਤੇ ਪੁਰਾਣੇ ਸਮਿਆਂ 'ਚ ਅਜਿਹੀ ਹਲਚਲ ਕਾਰਨ ਵਣਾਂ ਦੇ ਵਣ ਧਰਤੀ ਥੱਲੇ ਦੱਬੇ ਗਏ ਸਨ, ਜਿਹੜੇ ਕਿ ਦਬਾਓ ਅਧੀਨ ਕੋਇਲੇ ਦੇ ਭੰਡਾਰ ਬਣ ਗਏ। ਇਸੇ ਪ੍ਰਕਾਰ ਧਰਤੀ ਹੇਠ ਗ਼ਰਕ ਹੋਏ ਪ੍ਰਾਣੀ, ਤੇਲ ਅਤੇ ਗੈਸ 'ਚ ਬਦਲ ਗਏ ਸਨ। ਊਰਜਾ ਉਪਜ ਲਈ ਅੱਜ ਵਰਤੇ ਜਾ ਰਹੇ ਬਾਲਣ ਦੇ ਇਨ੍ਹਾਂ ਭੰਡਾਰਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Fovea (ਫ਼ੋਵਿਐ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਅੰਦਰ ਨੂੰ ਧੱਸੇ ਹੋਏ ਸਥਾਨ' ਦੇ। ਅੱਖ ਦਾ ਪਰਦਾ ਲੈਂਜ਼ ਦੇ ਠੀਕ ਸਾਹਮਣੇ, ਇਕ ਨੁਕਤੇ ਤੇ ਅੰਦਰ ਨੂੰ ਧੱਸਿਆ ਹੋਇਆ ਹੈ, ਜਿਸ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ। ਅੱਖ-ਪਰਦੇ ਅੰਦਰਲੀ ਇਸ ਦਾਬ ਦਾ ਕਾਰਨ ਇਹ ਹੈ ਕਿ ਪਿੰਨ ਦੇ ਸਿਰ ਕੁ ਜਿੰਨੇ ਇਸ ਸਥਾਨ ਤੇ ਅੱਖ-ਪਰਦੇ ਦੀ ਦੂਹਰ ਇਕਹਿਰੀ ਪਰਤ 'ਚ ਬਦਲ ਜਾਂਦੀ ਹੈ।

Fruit (ਫ਼ਰੂਟ)

ਬੂਟੇ ਜਾਂ ਰੁੱਖ ਦੇ ਖਾਣਯੋਗ ਭਾਗ ਨੂੰ ਫਲ ਜਾਂ ਮੇਵਾ ਸੱਦਿਆ ਜਾਂਦਾ ਹੈ, ਜਿਹੜਾ ਕਿ ਉਪਰੋਕਤ ਪਦ ਦਾ ਉਲੱਥਾ ਹੈ। ਫੁੱਲ ਅੰਦਰਲੀ ਬੀਜਦਾਨੀ ਜਦ ਪੱਕ ਜਾਂਦੀ ਹੈ ਤਾਂ ਇਹ ਫਲ ਦਾ ਰੂਪ ਧਾਰ ਲੈਂਦੀ ਹੈ। ਇਹੋ ਕਾਰਨ ਹੈ ਕਿ ਫਲਾਂ ਅੰਦਰ ਬੀਜ ਵੀ ਹੁੰਦੇ ਹਨ।

Fruit-fly (ਫ਼ਰੂਟ-ਫ਼ਲਾਇ)

ਜੀਨ-ਵਿਗਿਆਨ ਦੀ ਖੋਜ ਲਈ ਅਤੀ ਉਪਯੋਗੀ ਉਸ ਕੀਟ ਦਾ ਇਹ ਆਮ ਵਰਤੋਂ 'ਚ ਆ ਰਿਹਾ ਨਾਮ ਹੈ, ਜਿਸ ਦਾ ਵਿਗਿਆਨਕ ਨਾਮ ਹੈ, ਡਰਾੱਸੱਫ਼ਿਲਾ (Drosophila)। ਡਿਪਟਰਾ (diptera) ਵਰਗ ਦੇ ਵਧੇਰੇ ਕੀਟ 'ਮੱਖੀ' ਸੱਦੇ ਜਾਂਦੇ ਹਨ ਅਤੇ ਫਰੂਟ-ਫਲਾਇ ਜਾਂ ਫਲ-ਮੱਖੀ ਵੀ ਇਸੇ ਵਰਗ ਚੋਂ ਹੈ, ਜਿਸ ਦਾ ਉਪਰੋਕਤ ਨਾਮ ਇਸ ਲਈ ਪਿਆ ਕਿਉਂਕਿ ਇਹ ਮੱਖੀ ਵਧੀਕ ਪੱਕੇ ਹੋਏ ਫਲਾਂ ਦੇ ਰਸ ਉਪਰ ਪਲਦੀ ਹੈ।

Fumigation (ਫ਼ਯੂਮਿਗੇਸ਼ਨ)

ਕੀਟਨਾਸ਼ਕਾਂ ਦੁਆਰਾ ਧੂਣੀ ਧੁਖਾਉਣ ਦੀ

ਪ੍ਰਕ੍ਰਿਆ ਦਾ ਇਹ ਨਾਮ ਹੈ ਅਤੇ ਅਜਿਹਾ ਕੀਟਾਂ ਨੂੰ ਨਸ਼ਟ ਕਰਨ ਲਈ ਬੰਦ ਕਮਰੇ 'ਚ ਕੀਤਾ ਜਾਂਦਾ ਹੈ।

Fungi (ਫੰਜਾਇ)

ਉੱਲੀਆਂ ਜਾਂ ਫਫੂੰਦੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਅਤੇ ਜਿਸ ਦਾ ਇਕ-ਵਚਨ ਹੈ, ਫੰਗਸ (fungus)। ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਖੁੰਭ' ਦੇ।

Fungicide (ਫੰਜਿਸਾਇਡ)

ਉੱਲੀਆਂ ਜਾਂ ਫਫੂੰਦੀਆਂ ਨੂੰ ਨਸ਼ਟ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

G

Galactose (ਗੈਲੈਕਟੋਜ਼)

ਯੂਨਾਨੀ ਸ਼ਬਦ ਗੈਲਾੱ (gala) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਦੁੱਧ' ਦੇ। ਦੁੱਧ ਅੰਦਰਲੀ ਖੰਡ ਦਾ ਨਾਮ ਹੈ ਲੈਕਟੋਜ਼ (lactose), ਜਿਸ ਅੰਦਰਲੇ ਇਕ ਅੰਸ਼ ਦਾ ਉਪਰੋਕਤ ਨਾਮ ਹੈ।

Gall (ਗਾੱਲ)

ਕੀਟਾਂ, ਕੁਤਕੀਆਂ ਜਾਂ ਫਫੂੰਦੀਆਂ ਦੀ ਬੂਟਿਆਂ ਨੂੰ ਲਗੀ ਲਾਗ ਵਾਲੇ ਸਥਾਨੋਂ ਹੋਏ ਰਸਾਓ ਕਾਰਨ ਬਣੇ ਰਸੌਲੀ ਜਿਹੇ ਉਭਾਰ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Gall-bladder (ਗਾੱਲ-ਬਲੈਡਰ)

ਜਿਗਰ ਵਿਖੇ ਸਥਿਤ ਗੋਲ ਆਕਾਰ ਦੇ ਇਕ ਅੰਗ ਦਾ ਇਹ ਨਾਮ ਹੈ, ਜਿਸ ਅੰਦਰ ਜਿਗਰ 'ਚੋਂ ਰਿਸਦਾ ਬਾਇਲ ਰਸ ਇਕੱਤਰ ਹੁੰਦਾ ਰਹਿੰਦਾ ਹੈ। ਗਾੱਲ-ਬਲੈਡਰ ਤੋਂ ਇਕ ਨਲਕੀ ਦੁਆਰਾ ਇਹ ਰਸ ਛੇਕੜ ਪਾਚਨ ਨਾਲੀ ਅੰਦਰ ਹਰਕਤ ਕਰਦੀ ਖ਼ੁਰਾਕ 'ਚ ਰਚਦਾ ਹੋਇਆ, ਇਸ ਦੇ ਹਾਜ਼ਮ ਹੋਣ 'ਚ ਸਹਾਈ ਹੁੰਦਾ ਹੈ। ਜਿਗਰ ਦਾ ਉਪਜਾਇਆ ਕਲਿਸਟ੍ਰਾਲ ਵੀ ਬਾਇਲ ਦਾ ਹੀ ਭਾਗ ਬਣਕੇ ਖ਼ੁਰਾਕ 'ਚ ਸੰਮਿਲਤ ਹੁੰਦਾ ਰਹਿੰਦਾ ਹੈ।

Galliformes (ਗੈਲਿਫਾਰਮਿਜ਼)

ਪੰਛੀਆਂ ਦੇ ਉਸ ਵਰਗ ਦਾ ਇਹ ਨਾਮ ਹੈ, ਜਿਸ 'ਚ ਤਿੱਤਰ, ਬਟੇਰ, ਭਟਿੱਟਰ, ਮੋਰ, ਮੁਰਗ਼ਾ ਆਦਿ ਸ਼ਾਮਲ ਹਨ। ਮੁਰਗ਼ੇ ਦਾ ਵਿਗਿਆਨਕ ਨਾਮ ਗੋੱਲਸ (Gallus) ਹੈ, ਅਤੇ ਲਾਤੀਨੀ ਆਧਾਰ ਵਾਲੇ ਇਸੇ ਸ਼ਬਦ ਦੇ ਆਧਾਰ ਤੇ ਇਸ ਪੰਛੀ-ਵਰਗ ਦਾ ਉਪਰੋਕਤ ਨਾਮ ਪਿਆ। ਇਹ ਪੰਛੀ ਮਾਮੂਲੀ ਉਡਾਰੀ ਹੀ ਮਾਰ ਸਕਦੇ ਹਨ ਅਤੇ ਵਧੇਰੇ ਇਹ ਭੂਮੀ ਉਪਰ ਹੀ ਵਿਚਰਦੇ ਹਨ।

Game-birds (ਗੇਮ-ਬਰਡਜ਼)

ਆਮ ਤੌਰ ਤੇ ਸ਼ਿਕਾਰ ਲਈ ਚੁਣੇ ਜਾਂਦੇ ਪੰਛੀਆਂ ਦੇ ਸਮੂਹ ਲਈ ਇਹ ਪਦ ਵਰਤਿਆ ਜਾਂਦਾ ਹੈ ਅਤੇ ਇਨ੍ਹਾਂ 'ਚ ਤਿੱਤਰ, ਬਟੇਰ, ਜੰਗਲੀ ਮੁਰਗ਼ਾ, ਮੁਰਗ਼ਾਬੀਆਂ, ਹਰੀਅਲ, ਇਮਪੀਰੀਅਲ ਕਬੂਤਰ ਆਦਿ ਗਿਣੇ ਜਾਂਦੇ ਹਨ।

Gamete (ਗੇੱਮੀਟ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵਿਆਹੁਤਾ ਸਾਥ' ਦੇ। ਪ੍ਰਜਣਨ ਦੀ ਪ੍ਰਕ੍ਰਿਆ ਪੂਰੀ ਕਰਨ ਲਈ ਉਪਜਾਏ ਜਾਂਦੇ ਸੈੱਲਾਂ ਲਈ ਇਹ ਪਦ ਵਰਤਿਆ ਜਾਂਦਾ ਹੈ। ਨਰ ਦੇ ਸ਼ੁਕਰਾਣੂ ਲਈ ਅਤੇ ਮਾਦਾ ਦੇ ਅੰਡੇ ਲਈ ਇਹ ਪਦ ਸਾਂਝੇ ਤੌਰ ਤੇ ਵਰਤੋਂ 'ਚ ਆ ਰਿਹਾ ਹੈ।

Gamma rays (ਗੈਮਾ ਰੇਅਜ਼)

ਵਿਕਰਨਕ ਪਦਾਰਥਾਂ ਚੋਂ ਨਿਕਲਦੀਆਂ ਲਘੂ ਤਰੰਗੀ ਵਿਕਿਰਨਾਂ ਦਾ ਇਹ ਨਾਮ ਹੈ, ਜਿਹੜੀਆਂ ਜੀਵਾਂ ਚੋਂ ਦੀ ਸਹਿਲ ਪਾਰ ਹੋ ਜਾਂਦੀਆਂ ਹਨ ਅਤੇ ਜਿਸ ਕਾਰਨ ਜੀਵਾਂ ਅੰਦਰਲਾ ਪ੍ਰਕ੍ਰਿਆਵੀ ਸੰਤੁਲਨ ਨਸ਼ਟ ਹੋ ਜਾਂਦਾ ਹੈ।

Ganglion (ਗੈਂਗਲੀਅਨ)

ਇਹ ਯੂਨਾਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਗੰਢ' ਦੇ। ਸਰੀਰ ਵਿਖੇ ਨਸ-ਸੈੱਲਾਂ ਦੇ ਗੁਛਾ-ਮੁਛਾ ਹੋਣ ਨਾਲ ਬਣੇ ਉਭਾਰ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ। ਇਨ੍ਹਾਂ ਨਸ-ਉਭਾਰਾਂ 'ਚੋਂ, ਜਿਹੜੇ-ਕਿ ਸਰੀਰ ਅੰਦਰ ਸਾਰੇ ਖਿੰਡੇ-ਪੁੰਡੇ ਹੁੰਦੇ ਹਨ, ਨਸ ਰੇਸ਼ੇ ਜਨਮ ਲੈਂਦੇ ਹਨ।

Gastric juice (ਗੈਸਟ੍ਰਿਕ ਜੂਸ)

ਪਦ ਦਾ ਪਹਿਲਾ ਭਾਗ ਯੂਨਾਨੀ ਸ਼ਬਦ ਗੈਸਟਰ (Gaster) ਤੋਂ ਬਣਿਆ ਹੈ ਅਤੇ ਇਸ ਦੇ ਅਰਥ ਹਨ 'ਮਿਹਦੇ' ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਰਸ' ਦੇ। ਮਿਹਦੇ ਅੰਦਰ ਰਿਸਦੇ ਰਸਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਕਿ ਤੇਜ਼ਾਬੀ ਖਾਸੀਅਤ ਦੇ ਹੋਣ ਕਰਕੇ, ਮਿਹਦੇ ਅੰਦਰ ਪੁੱਜੀ ਖ਼ੁਰਾਕ ਨੂੰ ਖੋਰ ਕੇ, ਇਸ ਅੰਦਰਲੇ ਤੱਤਾਂ ਨੂੰ ਪਾਚਨ ਯੋਗ ਬਣਾਉਂਦੇ ਰਹਿੰਦੇ ਹਨ।

Gastrin (ਗੈਸਟ੍ਰਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਗੈਸਟਰ (gaster) ਹੈ, ਜਿਸ ਦੇ ਅਰਥ ਹਨ 'ਮਿਹਦੇ' ਦੇ। ਮਿਹਦੇ ਦੇ ਪਿਛਲੇ ਭਾਗ 'ਚ ਰਿਸਦੇ ਇਕ ਹਾਰਮੋਨੀ ਰਸ ਦਾ ਇਹ ਨਾਮ ਹੈ, ਜਿਹੜਾ ਕਿ ਮਿਹਦੇ ਦੇ ਹੋਰਨਾਂ ਪਾਚਕ ਰਸਾਂ ਦੀ ਉਪਜ ਨੂੰ ਉਕਸਾਉਂਦਾ ਹੈ। ਮਧੂ (ਸ਼ਰਾਬ) ਦੀ ਹੋਂਦ 'ਚ ਇਹ ਰਸ ਸਮ੍ਰਿਧ ਰਿਸਦਾ ਹੈ।

Gastropoda (ਗੈਸਟਰੱਪੱਡਾ)

ਦੋ ਯੂਨਾਨੀ ਸ਼ਬਦ ਗੈਸਟਰ (Gaster) ਅਤੇ ਪਾਉਸ (pous) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਮਿਹਦੇ' ਦੇ ਅਤੇ ਦੂਜੇ ਦੇ, 'ਪੈਰ' ਦੇ। ਮਾਲੱਸਕਾ ਕਬੀਲੇ (ਫ਼ਾਇਲਮ) ਦੀ ਇਕ ਸ਼੍ਰੇਣੀ ਦਾ ਉਪਰੋਕਤ ਨਾਮ ਹੈ, ਜਿਸ 'ਚ ਕਰੜੇ ਛਿਲੜਾਂ ਅੰਦਰ ਸਿਮਟੇ ਸਰੀਰਾਂ ਵਾਲੇ ਸਿੱਪ ਅਤੇ ਘੋਗੇ ਸ਼ਾਮਲ ਹਨ। ਇਹ ਪ੍ਰਾਣੀ ਮਾਮੂਲੀ ਹਰਕਤ ਕਰਨ ਦੇ ਯੋਗ ਹਨ, ਜਿਸ ਲਈ ਇਨ੍ਹਾਂ ਦਾ ਅਜਿਹਾ ਪੈਰ ਹੈ, ਜਿਸ ਅੰਦਰ ਮਿਹਦੇ ਦਾ ਕੁਝ ਕੁ ਭਾਗ ਸਮਾਇਆ ਹੁੰਦਾ ਹੈ। ਇਸੇ ਲਈ ਇਨ੍ਹਾਂ ਦੀ ਸ਼੍ਰੇਣੀ ਦਾ ਉਪਰੋਕਤ ਨਾਮ ਪਿਆ।

Gastrula (ਗੈਸਟਰੂਲਾ)

ਯੂਨਾਨੀ ਸ਼ਬਦ ਗੈਸਟਰ (gaster) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਮਿਹਦੇ' ਦੇ। ਭਰੂਣ ਦੀ ਪ੍ਰਗਤੀ ਦੌਰਾਨ, ਇਸ ਦੇ ਮੁੱਢ 'ਚ, ਭਰੂਣ ਇਕ ਪਾਸਿਓਂ ਅੰਦਰ ਨੂੰ ਧੱਸ ਕੇ ਇਕ ਦੂਹਰੀ ਦੀਵਾਰ ਵਾਲੇ ਕੱਪ ਦਾ ਰੂਪ ਅਪਣਾ ਲੈਂਦਾ ਹੈ। ਇਸੇ ਪ੍ਰਗਤੀ ਪੜਾਅ ਦਾ ਉਪਰੋਕਤ ਨਾਮ ਹੈ।

Gavidae (ਗੈਵਿਡੀ)

ਗੋਤਾਖੋਰ ਜਲ-ਪੰਛੀਆਂ ਦੇ ਕੁਟੰਬ ਦਾ ਇਹ ਨਾਮ ਹੈ, ਜਿਸ 'ਚ ਡੁਬਕੀਆਂ, ਮੁਰਗ਼ਾਬੀਆਂ ਆਦਿ ਸ਼ਾਮਲ ਹਨ। ਇਨ੍ਹਾਂ ਦੇ ਝਿਲੀਦਾਰ ਪੈਰ ਹੁੰਦੇ ਹਨ। ਜਲ 'ਚ ਵਿਚਰਦੇ ਇਹ ਪੰਛੀ ਪਰ ਆਂਡੇ ਦੇਣ ਲਈ ਭੂਮੀ ਉਪਰ ਵੀ ਆਉਂਦੇ ਜਾਂਦੇ ਰਹਿੰਦੇ ਹਨ।

Gelatin (ਜੈੱਲਟੀਨ)

ਲੇਸਲੀ ਪ੍ਰੋਟੀਨ ਦਾ ਇਹ ਨਾਮ ਹੈ, ਜਿਹੜੀ ਕਿ ਪ੍ਰਾਣੀ ਸਰੀਰ ਅੰਦਰਲੀ ਕੁਲੈਜਨ (collagen) ਬੁਣਤ 'ਚ ਸਮਾਈ ਹੁੰਦੀ ਹੈ। ਇਸੇ ਸ੍ਰੋਤ ਤੋਂ ਇਸ ਨੂੰ ਪ੍ਰਾਪਤ ਕਰਕੇ, ਇਸ ਦਾ ਉਪਯੋਗ ਕਾਗਜ਼, ਫਿਲਮਾਂ ਅਤੇ ਕਪੜੇ ਦੇ ਉਦਯੋਗ ਕਰਦੇ ਹਨ। ਦਵਾਈਆਂ ਅਤੇ ਖਾਣ-ਪਦਾਰਥਾਂ ਨਾਲ ਜੁੜੇ ਉਦਯੋਗ ਵੀ ਇਸ ਪ੍ਰੋਟੀਨ ਦੀ ਕਾਫੀ ਵਰਤੋਂ ਕਰਦੇ ਹਨ।

Gemule (ਜੈਮਿਊਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਜੈਮਿਊਲਾ (gemmula) ਹੈ, ਜਿਸ ਦੇ ਅਰਥ ਹਨ 'ਡੋਡੀ' ਦੇ। ਅਸਫੰਜ ਅੰਦਰ ਉਪਜਦੀ ਡੋਡੀ ਨੂੰ

ਇਹ ਪਦ ਦਰਸਾਉਂਦਾ ਹੈ, ਜਿਹੜੀ ਕਿ ਪ੍ਰਾਣੀ ਦੇ ਮਰ-ਮੁੱਕ ਜਾਣ ਉਪਰੰਤ, ਨਵੇਂ ਪ੍ਰਾਣੀ ਨੂੰ ਜਨਮ ਦੇ ਦਿੰਦੀ ਹੈ। ਸੋਕੇ ਦੌਰਾਨ ਜੈਮਿਊਲ ਹਰਕਤਹੀਣ ਪਿਆ ਰਹਿੰਦਾ ਹੈ ਅਤੇ ਜਦ ਨਮਦਾਰ ਵਾਤਾਵਰਣ ਪਰਤਦਾ ਹੈ, ਤਦ ਇਹ ਪੁੰਗਰ ਕੇ ਨਵੇਂ ਅਸਫੰਜ ਦਾ ਰੂਪ ਧਾਰ ਲੈਂਦਾ ਹੈ।

Gene (ਜੀਨ)

ਯੂਨਾਨੀ ਸ਼ਬਦ ਜਿਨੌਂਸ (genos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਜਨਮ' ਦੇ। ਉਸ ਜਣਨ-ਇਕਾਈ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਕਿ ਕ੍ਰੋਮੋਸੋਮ ਉਪਰ ਥਾਂ-ਪਰ-ਥਾਂ ਸਥਿਤ ਹੈ। ਡੀ ਐਨ ਏ ਉਪਰਲੇ ਅਜਿਹੇ ਵਿਸ਼ੇਸ਼ ਸਥਾਨ ਦਾ ਇਹ ਨਾਮ ਹੈ, ਜਿਹੜਾ ਪ੍ਰੋਟੀਨ ਉਪਜਾਉਂਦਾ ਹੈ। ਜੀਵ ਦਾ ਸਮੁੱਚਾ ਸਰੀਰ ਉਸ ਨੂੰ ਵਿਰਸੇ 'ਚ ਮਿਲੇ ਹੋਏ ਜੀਨਾਂ ਦੀਆਂ ਪ੍ਰਕ੍ਰਿਆਵਾਂ ਦਾ ਸਾਂਝਾ ਫਲ ਹੁੰਦਾ ਹੈ।

Gene flow (ਜੀਨ ਫ਼ਲੋ)

'ਫ਼ਲੋ' ਸਾਧਾਰਨ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਵਗਣ' ਦੇ। ਜੀਨਾਂ ਦੇ ਇਕ ਵਸੋਂ ਤੋਂ ਦੂਜੀ ਵੱਲ ਨੂੰ ਹੋ ਰਹੇ ਪ੍ਰਵਾਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਵਖਰੀ ਥਾਵੇਂ, ਵਖਰੇ ਸੰਗਠਨਾਂ 'ਚ ਵਿਚਰਦੇ ਜੀਵਾਂ 'ਚ ਪੁੰਗਰ ਰਹੀ ਪ੍ਰਜਣਨਕ ਸਾਂਝ ਦਾ ਜੀਨ ਫਲੋ ਆਧਾਰ ਬਣਦਾ ਰਹਿੰਦਾ ਹੈ।

Gene frequency (ਜੀਨ ਫ੍ਰੀਕ੍ਵਿੰਸਿ)

ਫ੍ਰੀਕ੍ਵਿੰਸਿ ਆਮ ਵਰਤੋਂ 'ਚ ਆਉਣ ਵਾਲਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਆਉਣ-ਜਾਣ' ਦੇ ਜਾਂ 'ਆਵ੍ਰਿਤੀ' ਦੇ। ਨਿਰਧਾਰਤ ਜੀਵ ਵਸੋਂ ਅੰਦਰ ਵਿਆਪਕ ਜੀਨਾਂ ਦੀ ਘੱਟ ਜਾਂ ਵੱਧ ਪ੍ਰਤਿਨਿਧਤਾ ਨੂੰ ਇਹ ਪਦ ਦਰਸਾਉਂਦਾ ਹੈ।

Gene mutation (ਜੀਨ ਮਿਊਟੇਸ਼ਨ)

ਮਿਊਟੇਸ਼ਨ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪਰਿਵਰਤਨ' ਦੇ। ਜੀਨ ਅੰਦਰਲੇ ਕਿਸੇ ਇਕ ਨੁਕਤੇ ਤੇ ਨਿਊਕਲਈਓਟਾਈਡੀ ਕੜੀ 'ਚ ਆਏ ਬਦਲਾਓ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਹ ਬਦਲਾਓ ਵਿਰਸੇ 'ਚ ਮਿਲਣ ਯੋਗ ਹੁੰਦਾ ਹੈ।

Gene pool (ਜੀਨ ਪੂਲ)

ਪੂਲ ਸਾਧਾਰਨ ਵਰਤੋਂ 'ਚ ਆਉਣ ਵਾਲਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਸਾਂਝੀ ਪੂੰਜੀ' ਦੇ। ਜੀਵ ਵਸੋਂ ਅੰਦਰ ਵਿਆਪਕ ਸਮੁੱਚੀ ਜੀਨ ਪੂੰਜੀ ਨੂੰ ਇਹ ਪਦ ਦਰਸਾਉਂਦਾ ਹੈ।

Generic name (ਜੈਨੈਰਿਕ ਨੇਮ)

ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ ਜੀਨਸ (genus) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਬੰਸ', 'ਨਸਲ' ਜਾਂ 'ਜਾਤੀ' ਦੇ। ਦੋ ਪਦੀ ਨਾਮਕਰਨ ਦੇ ਪਹਿਲੇ ਭਾਗ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਕਿ ਪ੍ਰਸਪਰ ਸਬੰਧਤਾ ਵਾਲੀਆਂ ਸਪੀਸ਼ੀਜ਼ (ਨਸਲਾਂ) ਦਾ ਸਾਂਝਾ ਨਾਮ ਹੁੰਦਾ ਹੈ।

Genesis (ਜੈਨੱਸਿਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਉਤਪਤੀ' ਦੇ। ਹਰ ਪ੍ਰਕਾਰ ਦੀ ਉਤਪਤੀ ਲਈ ਇਹ ਪਦ ਰਾਖਵਾਂ ਹੈ, ਜਿਹੜੀ ਭਾਵੇਂ ਜੀਵਨ ਦੀ ਹੋਵੇ, ਜੀਵ ਦੀ ਹੋਵੇ, ਅੰਗ ਦੀ ਹੋਵੇ ਅਤੇ ਜਾਂ ਫਿਰ ਸੈੱਲ ਦੀ।

Gene splicing (ਜੀਨ ਸਪਲਾਇਸਿੰਗ)

ਸਪਲਾਇਸਿੰਗ ਦੇ ਅਰਥ ਹਨ 'ਗੰਢਣ' ਦੇ ਜਾਂ 'ਜੋੜ ਦੇਣ' ਦੇ। ਇਹ ਪਦ ਉਸ ਵਿਧੀ ਲਈ ਵਰਤਿਆ ਜਾਂਦਾ ਹੈ, ਜਿਸ ਦੁਆਰਾ ਇਕ ਜੀਵ ਦੇ ਜੀਨ ਜਾਂ ਡੀ ਐਨ ਏ ਦੀ ਟੁਕੜੀ ਨੂੰ ਦੂਜੇ ਜੀਵ ਦੇ ਡੀ ਐਨ ਏ ਨਾਲ ਗੰਢ ਦਿੱਤਾ ਜਾਂਦਾ ਹੈ।

Genetic alphabet (ਜਿਨੋੱਟਿਕ ਐਲਫ਼ੱਬੈਟ)

ਪਦ ਦਾ ਪਹਿਲਾ ਭਾਗ 'ਜੀਨ ਨਾਲ ਸਬੰਧਤਾ' ਦਰਸਾਉਂਦਾ ਹੈ ਅਤੇ ਦੂਜਾ ਭਾਗ 'ਵਰਣਮਾਲਾ' ਲਈ ਵਰਤਿਆ ਜਾਂਦਾ ਸ਼ਬਦ ਹੈ। ਲਿਪੀ ਵਾਂਗ, ਜੀਨਾਂ ਦੀ ਵਰਣਮਾਲਾ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਕੇਵਲ 4 ਅੱਖਰਾਂ ਉਪਰ ਨਿਰਭਰ ਹੈ: ਏ, ਟੀ, ਸੀ ਤੇ ਜੀ ਉਪਰ, ਜਿਹੜੇ ਕਿ 4 ਨਾਈਟ੍ਰੋਜਨੀ ਖਾਰਾਂ ਐਡਿਨੀਨ, ਥਾਇਮਿਨ, ਸਾਇਟੱਸੀਨ ਅਤੇ ਗੁਆਨੀਨ ਦੇ ਕ੍ਰਮਵਾਰ ਸੰਕੇਤ ਹਨ।

Genetic code (ਜਿਨੋੱਟਿਕ ਕੋਡ)

ਜਿਨੋੱਟਿਕ ਦੇ ਅਰਥ ਹਨ 'ਜੀਨ ਸਬੰਧਤਾ' ਦੇ ਅਤੇ ਕੋਡ ਦੇ ਅਰਥ ਹਨ 'ਸੰਕੇਤਕ ਭਾਸ਼ਾ' ਦੇ। ਜੀਨ ਅੰਦਰਲੇ ਖਾਰ, ਜਿਸ ਤਰਤੀਬ ਨਾਲ ਸੰਕੇਤ ਬਣ ਕੇ, ਐਮਿਨੋ ਤੇਜ਼ਾਬਾਂ ਦੀ ਚੋਣ ਪ੍ਰੋਟੀਨੀ ਉਪਜ ਲਈ ਕਰਦੇ ਹਨ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਜੀਨ ਅੰਦਰਲੇ 4 ਖਾਰ 20 ਪ੍ਰਕਾਰ ਦੇ ਐਮਿਨੋ ਤੇਜ਼ਾਬਾਂ ਦੀ ਚੋਣ ਕਰ ਸਕਣ ਦੇ ਜੇਕਰ ਯੋਗ ਹਨ, ਤਾਂ ਇਸੇ ਸੰਕੇਤਕ ਭਾਸ਼ਾ ਦੇ ਉਪਯੋਗ ਕਾਰਨ।

Genetic drift (ਜਿਨੋੱਟਿਕ ਡਰਿਫਟ)

ਪਦ ਦਾ ਪਹਿਲਾ ਭਾਗ 'ਜੀਨ ਸਬੰਧਤਾ' ਦਾ ਪ੍ਰਤੀਕ ਹੈ ਅਤੇ ਦੂਜਾ ਭਾਗ 'ਵਹਾਓ' ਨੂੰ ਦਰਸਾਉਂਦਾ ਸਾਧਾਰਨ ਸ਼ਬਦ ਹੈ। ਇਹ ਵੇਖਿਆ ਗਿਆ ਹੈ ਕਿ ਕਿਸੀ ਵੀ ਸੀਮਤ ਖੇਤਰ 'ਚ, ਜਿਵੇਂ ਕਿ ਟਾਪੂ 'ਚ ਵਿਚਰਦੀ ਜੀਵ-ਵਸੋਂ ਅੰਦਰਲੇ ਕੁਝ ਕੁ ਜੀਨਾਂ ਦਾ ਹੋਰਨਾਂ ਨਾਲੋਂ, ਪੁਸ਼ਤ-ਦਰ-ਪੁਸ਼ਤ, ਵੱਧ ਪ੍ਰਸਾਰ ਹੁੰਦਾ ਰਹਿੰਦਾ ਹੈ। ਅਜਿਹਾ ਕੁਦਰਤੀ ਚੋਣ ਕਰਕੇ ਨਹੀਂ, ਕੇਵਲ ਸੰਜੋਗ-ਵਸ ਹੁੰਦਾ ਹੈ। ਇਸੇ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Genetic engineering (ਜਿਨੋੱਟਿਕ ਇੰਜੀਨੀਅਰਿੰਗ)

ਇਸ ਪਦ ਦੇ ਦੋ ਭਾਗਾਂ ਚੋਂ ਪਹਿਲੇ ਦੇ ਅਰਥ 'ਜੀਨ ਸਬੰਧਤਾ' ਦੇ ਹਨ ਅਤੇ ਦੂਜੇ ਦੇ, 'ਵਿਉਂਤਕਾਰੀ ਨਿਰਮਾਣ ਕਰਨ' ਦੇ। ਜੀਵਾਂ ਵਿਖੇ ਜੀਨਾਂ ਦੀ ਵਿਸ਼ੇਸ਼ ਮੰਤਵ ਨਾਲ ਅਦਲਾ ਬਦਲੀ ਕਰਦੇ ਪ੍ਰਯੋਗਕ ਕਾਰ-ਵਿਹਾਰ ਲਈ ਉਪਰੋਕਤ ਪਦ ਰਾਖਵਾਂ ਹੈ। ਇਸ ਉਪਚਾਰ ਦੀਆਂ ਅਨੇਕਾਂ ਸੰਭਾਵਨਾਵਾਂ ਹਨ, ਜਿਸ ਦਾ ਪਰ ਅੱਜ ਸੰਕੋਚਵਾਂ ਉਪਯੋਗ ਹੋ ਰਿਹਾ ਹੈ।

Genetics (ਜਿਨੋੱਟਿਕਸ)

ਯੂਨਾਨੀ ਸ਼ਬਦ ਜੈਨੱਸਿਸ (genesis) ਇਸ ਪਦ ਦਾ ਅਧਾਰ ਹੈ ਅਤੇ ਇਸ ਦੇ ਅਰਥ ਹਨ 'ਜਨਮ' ਦੇ ਜਾਂ 'ਹੋਂਦ 'ਚ ਆਉਣ' ਦੇ। ਜੀਵ ਵਿਗਿਆਨ ਦੀ ਉਸ ਸ਼ਾਖ਼ ਦਾ ਇਹ ਨਾਮ ਹੈ, ਜਿਸ ਅਧੀਨ 'ਜੀਨ' ਦੇ ਹਰ ਪੱਖ ਦਾ ਵਿਸਥਾਰ ਪੂਰਬਕ ਅਧਿਐਨ ਕੀਤਾ ਜਾਂਦਾ ਹੈ: ਇਸ ਦੀ ਬਣਤਰ ਦਾ, ਇਸ ਦੀ ਕ੍ਰਿਆ ਦਾ ਅਤੇ ਵਿਰਸੇ 'ਚ ਮਿਲਦੀ ਰਹਿਣ ਵਾਲੀ ਇਕ ਇਕਾਈ ਵਜੋਂ। ਇਸ ਅਧਿਐਨ ਸ਼ਾਖ ਨੂੰ 'ਜੀਨ-ਵਿਗਿਆਨ' ਵੀ ਸੱਦਿਆ ਜਾ ਸਕਦਾ ਹੈ।

Genome (ਜੋੱਨੋਮ)

ਦੋ ਯੂਨਾਨੀ ਸ਼ਬਦ ਜਿਨੱਸ (genos) ਅਤੇ ਓਮੱ (oma) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਤੁਖ਼ਮ' ਦੇ, ਭਾਵ 'ਜੀਨ' ਦੇ ਅਤੇ 'ਸਮੂਹ' ਦੇ। ਇਕ ਜੀਵ-ਨਸਲ ਦੀ ਸਾਂਝੀ ਜੀਨ ਸੰਪਤੀ ਨੂੰ ਇਹ ਪਦ ਦਰਸਾਉਂਦਾ ਹੈ। ਇਕ ਜੀਵ ਦੇ ਜੀਨਾਂ ਦੇ ਮੁਕੰਮਲ ਸੈੱਟ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ।

Genotype (ਜੋੱਨਟਾਇਪ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਜਿਨੱਸ

(genos) ਅਤੇ ਟਾਇਪੱਸ (typos) ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਤੁਖ਼ਮ' ਦੇ, ਭਾਵ 'ਜੀਨ' ਦੇ ਅਤੇ ਦੂਜੇ ਦੇ 'ਪ੍ਰਤਿਰੂਪ' ਦੇ। ਜੀਵ ਨੂੰ ਵਿਰਸੇ 'ਚ ਮਿਲੇ ਜੀਨਾਂ ਕਾਰਨ ਉਸਦੀ ਨਿਖਰੀ ਨੁਹਾਰ ਨੂੰ ਇਹ ਪਦ ਦਰਸਾਉਂਦਾ ਹੈ, ਜਿਹੜੀ ਕਿ ਦੁਆਲੇ ਦੇ ਪ੍ਰਭਾਵ ਅਧੀਨ ਸਮੇਂ ਨਾਲ ਬਦਲਦੀ ਵੀ ਰਹਿੰਦੀ ਹੈ।

Genus (ਜੀਨਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵੰਸ਼' ਜਾਂ 'ਕੁੱਲ' ਦੇ। ਆਪਸ 'ਚ ਸਬੰਧ ਰਖਦੀਆਂ ਜੀਵ-ਨਸਲਾਂ ਲਈ ਵਰਤੇ ਜਾਣ ਵਾਲੇ ਸਾਂਝੇ ਨਾਮ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਜੀਵਾਂ ਦੇ ਵਰਗਕੀ ਸਿਲਸਿਲੇ ਵਿਚ ਜੀਨਸ ਦਾ ਸਥਾਨ ਸਪੀਸ਼ੀਜ਼ ਉਪਰਲਾ ਅਗਲਾ ਅਤੇ ਫੈਮਲਿ (ਕੁਟੰਬ) ਹੇਠਲਾ ਦੂਜਾ ਹੈ।

Geobotany (ਜੀਔਬਾੱਟਨਿ)

ਯੂਨਾਨੀ ਸ਼ਬਦ ਜੀ (ge) ਅਤੇ ਬਾਟਨੀ (botne) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪ੍ਰਿਥਵੀ' ਦੇ ਅਤੇ 'ਚਰਾਗਾਹ' ਦੇ। ਬਨਸਪਤੀ-ਵਿਗਿਆਨ ਨੂੰ ਬੱਾਟਨਿ ਸੱਦਿਆ ਜਾਂਦਾ ਹੈ ਅਤੇ ਵਿਗਿਆਨ ਦੀ ਇਸ ਸ਼ਾਖ਼ ਅਧੀਨ ਜੇਕਰ ਬਨਸਪਤੀ ਦਾ ਅਧਿਐਨ ਭੁਗੋਲਕ ਅਤੇ ਪਰਿਸਥਿਤਕ ਪਖੋਂ ਕੀਤਾ ਜਾਵੇ ਤਦ ਉਸ ਲਈ ਉਪਰੋਕਤ ਪਦ ਰਾਖਵਾਂ ਹੈ।

Geological time (ਜੀਆੱਲਜਿਕਲ ਟਾਇਮ)

ਯੂਨਾਨੀ ਆਧਾਰ ਵਾਲਾ ਜੀਆੱਲਜਿ (geology) ਸ਼ਬਦ 'ਪ੍ਰਿਥਵੀ-ਵਿਗਿਆਨ' ਲਈ ਵਰਤਿਆ ਜਾਂਦਾ ਹੈ ਅਤੇ ਉਪਰੋਕਤ ਪਦ ਪ੍ਰਿਥਵੀ ਦੇ 4.5 ਅਰਬ ਵਰ੍ਹਿਆਂ ਦੇ ਲੰਬੇ ਇਤਿਹਾਸ ਨੂੰ ਦਰਸਾਉਣ ਲਈ ਵਰਤੋਂ 'ਚ ਆਉਂਦਾ ਹੈ। ਇਹ ਇਤਿਹਾਸ, ਹੋਂਦ 'ਚ ਆਈਆਂ ਚਟਾਨਾਂ ਦੇ ਆਧਾਰ ਤੇ, ਅਗੋਂ ਦੌਰਾਂ (eras), ਯੁਗਾਂ (periods) ਅਤੇ ਜ਼ਮਾਨਿਆਂ (epochs) 'ਚ ਵੰਡਿਆ ਹੋਇਆ ਹੈ। ਇਨ੍ਹਾਂ ਅਨੁਭਾਗਾਂ ਦੇ ਸਨਮੁਖ ਹੀ ਜੀਵਨ ਦੇ ਇਤਿਹਾਸ ਨੂੰ ਵੀ ਵਾਚਿਆ ਜਾਂਦਾ ਹੈ।

Geometric growth (ਜੀਆੱਮੈਟ੍ਰਿਕ ਗ੍ਰੋਥ)

ਤੇਜ਼ ਗਤੀ ਨਾਲ ਹੋ ਰਹੀ ਵ੍ਰਿਧੀ ਜਾਂ ਪ੍ਰਸਾਰ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਨੂੰ ਏੱਕਸਪੋਨੈੱਨਸ਼ਲ ਗ੍ਰੋਥ (exponential growth) ਵੀ ਸੱਦਿਆ ਜਾਂਦਾ ਹੈ। ਸਹੀ ਅਰਥਾਂ 'ਚ, ਜਿਸ ਵਾਧੇ ਨੂੰ ਇਹ ਪਦ ਦਰਸਾਉਂਦਾ ਹੈ ਉਹ ਗੁਣੋਤਰੀ ਹੁੰਦਾ ਹੈ, ਭਾਵ ਇਕ ਤੋਂ ਦੋ, ਦੋ ਤੋਂ ਚਾਰ, ਚਾਰ ਤੋਂ ਅੱਠ ਅਤੇ ਇਸੇ ਪ੍ਰਕਾਰ ਅਗਾਂਹ ਤੋਂ ਅਗਾਂਹ। ਮਨੁੱਖੀ ਵਸੋਂ 'ਚ ਹੋ ਰਿਹਾ ਵਾਧਾ ਇਸੇ ਦੀ ਉਦਾਹਰਣ ਹੈ।

Geosphere (ਜੀਔਸਫ਼ਿਅਰ)

ਯੂਨਾਨੀ ਸ਼ਬਦ ਜੀ (ge) ਅਤੇ ਸਫ਼ੇਰਾ (sphaira) ਇਸ ਪਦ ਦੇ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪ੍ਰਿਥਵੀ' ਦੇ ਅਤੇ 'ਭੂਗੋਲ' ਦੇ। ਪ੍ਰਿਥਵੀ ਦੁਆਲੇ ਚੜ੍ਹੇ ਹੋਏ ਚਟਾਨੀ ਗਿਲਾਫ਼ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ ਵਾਯੂਮੰਡਲ ਤੋਂ, ਜੈਵਿਕ-ਮੰਡਲ ਤੋਂ ਤੇ ਸਾਗਰਾਂ ਤੋਂ ਵਖਰਾ ਹੈ।

Geothermal energy (ਜੀਆੱਥਰਮਲ ਏੱਨਰਜੀ)

ਇਸ ਪਦ ਦੇ ਦੋ ਭਾਗ ਹਨ। ਪਹਿਲੇ ਭਾਗ 'ਚ ਦੋ ਯੂਨਾਨੀ ਸ਼ਬਦ ਜੀ (ge) ਅਤੇ ਥਰਮੀ (therme) ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਪ੍ਰਿਥਵੀ' ਦੇ ਅਤੇ ਦੂਜੇ ਦੇ, 'ਤਪਸ਼' ਦੇ। ਪਦ ਦਾ ਦੂਜਾ ਭਾਗ 'ਊਰਜਾ' ਲਈ ਵਰਤਿਆ ਜਾਂਦਾ ਸ਼ਬਦ ਹੈ। ਭੂਮੀ ਅੰਦਰ ਕੈਦ ਤਪਸ਼ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਜਵਾਲਾਮੁਖੀਆਂ ਦੁਆਰਾ ਬਾਹਰ ਵੀ ਆਉਂਦੀ

ਰਹਿੰਦੀ ਹੈ। ਜਿਹੜੇ ਚਸ਼ਮੇ ਗਰਮ ਪਾਣੀ ਉਗਲਦੇ ਹਨ, ਉਨ੍ਹਾਂ ਅੰਦਰਲੀ ਤਪਸ਼ ਦਾ ਸ੍ਰੋਤ ਵੀ ਇਹੋ ਭੂਮੀ ਗ੍ਰਸਤ ਊਰਜਾ ਹੀ ਹੈ।

Geotropism (ਜੀਔੱਟਰਾਪਿਜ਼ਮ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ: ਪਹਿਲਾ ਜੀ (ge), ਜਿਸ ਦੇ ਅਰਥ ਹਨ 'ਪ੍ਰਿਥਵੀ' ਦੇ ਅਤੇ ਦੂਜਾ ਟ੍ਰਾਪੀ (trope), ਜਿਸ ਦੇ ਅਰਥ ਹਨ 'ਘੁਮਾਓ' ਦੇ ਜਾਂ 'ਮੁੜ ਜਾਣ' ਦੇ। ਭੂਮੀ ਦੀ ਗੁਰੂਤਾ ਖਿੱਚ, ਭਾਵ ਆਕਰਸ਼ਣ ਸ਼ਕਤੀ ਦਾ ਹੁੰਗਾਰਾ ਜੀਵ ਵੀ ਭਰਦੇ ਰਹਿੰਦੇ ਹਨ ਅਤੇ ਬਨਸਪਤੀ 'ਚ ਤਾਂ ਇਹ ਪ੍ਰਗਟਾਵਾ ਸਰਬਵਿਆਪਕ ਹੈ। ਰੁੱਖਾਂ-ਬੂਟਿਆਂ ਦੀਆਂ ਜੜ੍ਹਾਂ ਇਸ ਦਾ ਸਵੀਕਾਰਕ ਹੁੰਗਾਰਾ ਭਰਦੀਆਂ ਹਨ ਜਦ ਕਿ ਇਨ੍ਹਾਂ ਦੇ ਸਾਵੇ ਪੱਤਰ ਇਨਕਾਰਕ ਹੁੰਗਾਰਾ ਭਰਦੇ ਹਨ।

Germ cell (ਜਰਮ ਸੈੱਲ)

ਜਰਮ, ਲਾਤੀਨੀ ਸ਼ਬਦ ਜਰਮੇਨ (germen) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਅਣਖਿੜੀ ਕਲੀ' ਦੇ। ਜਿਹੜਾ ਸੈੱਲ ਪ੍ਰਜਣਨ ਦੀ ਕ੍ਰਿਆ ਲਈ ਵਿਸ਼ੇਸ਼ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਸੇ ਨੂੰ ਗੇੱਮੀਟ (gamete) ਵੀ ਸੱਦਿਆ ਜਾਂਦਾ ਹੈ ਅਤੇ ਆਂਡਾ ਜਾਂ ਸ਼ੁਕਰਾਣੂ ਵੀ।

Germ layers (ਜਰਮ ਲੇਅਰਜ਼)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਜਰਮੇਨ (germen) ਹੈ, ਜਿਸ ਦੇ ਅਰਥ ਹਨ 'ਅਣਖਿੜੀ ਕਲੀ' ਦੇ। ਪਦ ਦਾ ਦੂਜਾ ਭਾਗ 'ਪਰਤ' ਨੂੰ ਦਰਸਾਉਂਦਾ ਸ਼ਬਦ ਹੈ। ਭਰੂਣ ਦੀ ਪ੍ਰਗਤੀ ਦੌਰਾਨ ਸਭ ਤੋਂ ਪਹਿਲਾਂ ਹੋਂਦ 'ਚ ਆਉਣ ਵਾਲੀਆਂ ਸੈੱਲ-ਪਰਤਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਤੋਂ ਕਿ ਅਗੋਂ ਸਰੀਰਕ ਇੰਦਰੀਆਂ ਅਤੇ ਪ੍ਰਣਾਲੀਆਂ ਉਪਜਦੀਆਂ ਹਨ। ਇਨ੍ਹਾਂ ਪਰਤਾਂ ਚੋਂ ਬਾਹਰਲੀ ਨੂੰ ਐਕਟੱਡਰਮ (ectoderm), ਅੰਦਰਲੀ ਨੂੰ ਐਂਡੱਡਰਮ (endoderm) ਅਤੇ ਵਿਚਕਾਰਲੀ ਨੂੰ ਮੇਜ਼ੱਡਰਮ (mesoderm) ਸੱਦਿਆ ਜਾਂਦਾ ਹੈ।

Germ plasm (ਜਰਮ ਪਲੈਜ਼ਮ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ ਜਰਮੇਨ (germen) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਅਣਖਿੜੀ ਕਲੀ' ਦੇ ਅਤੇ ਦੂਜਾ ਭਾਗ ਯੂਨਾਨੀ ਸ਼ਬਦ ਪਲੈਜ਼ਮਾ (plasma) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਨੁਹਾਰ' ਦੇ ਜਾਂ 'ਆਕਾਰ' ਦੇ। ਉਪਰੋਕਤ ਪਦ ਦਾ ਪਹਿਲਾ ਉਪਯੋਗ ਜਰਮਨ ਵਿਗਿਆਨੀ ਵੀਜ਼ਮੱਾਨ (weismann) ਨੇ ਜੀਵਾਂ ਨੂੰ ਪੁਸ਼ਤ-ਦਰ-ਪੁਸ਼ਤ ਵਿਰਸੇ 'ਚ ਮਿਲਣ ਵਾਲੇ ਪਦਾਰਥ, ਭਾਵ ਪ੍ਰਜਣਨ ਸੈੱਲਾਂ ਲਈ ਕੀਤਾ ਸੀ। ਇਹ ਉਹ ਸਮੇਂ ਸਨ ਜਦ ਜੀਨਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ।

Gestation period (ਜੇੱਸਟੇਸ਼ਨ ਪੀਰੀਅਡ)

ਲਾਤੀਨੀ ਸ਼ਬਦ ਜੇੱਸਟੇਅਰਿ (gestare) ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਜਨਮ ਦੇਣ' ਦੇ। ਉਸ ਸਮੇਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦੌਰਾਨ ਭਰੂਣ ਮਾਂ ਦੇ ਗਰਭ 'ਚ ਪਲ ਰਿਹਾ ਹੁੰਦਾ ਹੈ। ਪਦ ਦਾ ਦੂਜਾ ਭਾਗ 'ਸਮੇਂ' ਦਾ ਪ੍ਰਤੀਕ ਸਾਧਾਰਨ ਸ਼ਬਦ ਹੈ।

Gill (ਗਿਲ)

ਜਲ-ਪ੍ਰਾਣੀਆਂ ਦੀ ਸ੍ਵਾਸ ਕ੍ਰਿਆ ਪੂਰੀ ਕਰਦੇ ਅੰਗ ਦਾ ਇਹ ਨਾਮ ਹੈ, ਜਿਸ ਨੂੰ 'ਗਲਫੜਾ' ਵੀ ਸੱਦਿਆ ਜਾਂਦਾ ਹੈ। ਇਹ ਅੰਗ ਪਾਣੀ ਅੰਦਰ ਘੁਲੀ ਹੋਈ ਆਕਸੀਜਨ ਨੂੰ ਲਹੂ ਅੰਦਰ ਸਮੋਣ ਯੋਗ ਹੈ। ਮੱਛੀ 'ਚ ਇਹ ਅੰਗ ਗਲੇ ਅੰਦਰ ਸਥਿਤ ਹੋਣ ਕਾਰਨ ਹੀ ਇਸ ਨੂੰ 'ਗਲਫੜਾ' ਸੱਦਿਆ ਗਿਆ।

Gill arch (ਗਿਲ ਆਰਚ)

ਆਰਚ ਦੇ ਅਰਥ ਹਨ 'ਮਹਿਰਾਬ' ਦੇ ਜਾਂ 'ਡਾਟ' ਦੇ ਅਤੇ ਗਿਲ ਜਾਂ ਗਲਫੜੇ ਨੂੰ ਜਿਸ ਮੁਰਕਣੀ ਹੱਡੀ ਦੀ ਬਣੀ ਮਹਿਰਾਬ ਦਾ ਸਹਾਰਾ ਮਿਲਿਆ ਹੁੰਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Gizzard (ਗਿਜ਼ੈਰਡ)

ਫ੍ਰਾਂਸੀਸੀ ਆਧਾਰ ਵਾਲੇ ਇਸ ਪਦ ਨੂੰ ਪਾਚਨ ਨਾਲੀ ਦੇ ਉਸ ਵਿਸ਼ੇਸ਼ ਭਾਗ ਲਈ ਵਰਤਿਆ ਜਾਂਦਾ ਹੈ, ਜਿਹੜਾ ਮਜ਼ਬੂਤ ਮਾਸਪੇਸ਼ੀਆਂ ਨਾਲ ਘਿਰਿਆ ਹੁੰਦਾ ਹੈ ਅਤੇ ਜਿਹੜਾ ਅਣਚਿੱਥੀ ਖ਼ੁਰਾਕ ਦੀ ਪਿਸਾਈ ਦੀ ਕ੍ਰਿਆ ਨਿਭਾਉਂਦਾ ਹੈ। ਪਾਚਨ ਨਾਲੀ ਦੇ ਇਸ ਭਾਗ ਨੂੰ 'ਪੋਟਾ' ਵੀ ਸੱਦਿਆ ਜਾਂਦਾ ਹੈ ਅਤੇ ਇਹ ਕੀਟਾਂ ਅਤੇ ਪੰਛੀਆਂ ਦੀ ਵਿਸ਼ੇਸ਼ਤਾ ਹੈ, ਕਿਉਂਕਿ ਇਹ ਆਪਣੀ ਖ਼ੁਰਾਕ ਬਿਨਾਂ ਚਿੱਥਿਆਂ ਨਿਗਲਦੇ ਹਨ।

Glands (ਗਲੈਂਡਜ਼)

ਲਾਤੀਨੀ ਸ਼ਬਦ ਗਲੈਂਸ (glans) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਗੰਢ' ਦੇ। ਉਪਰੋਕਤ ਪਦ ਸਰੀਰ ਅੰਦਰਲੀਆਂ ਗ੍ਰੰਥੀਆਂ (ਗਦੂਦਾਂ) ਲਈ ਰਾਖਵਾਂ ਹੈ, ਜਿਨ੍ਹਾਂ ਚੋਂ ਰਿਸਦੇ ਰਸ ਵਿਸ਼ੇਸ਼ ਕ੍ਰਿਆਵਾਂ ਪੂਰੀਆਂ ਕਰਨ ਲਈ ਨਿਰਧਾਰਤ ਹਨ। ਗ੍ਰੰਥੀਆਂ ਨਲਕੀ ਸਹਿਤ ਵੀ ਹੁੰਦੀਆਂ ਹਨ, ਜਿਵੇਂ ਕਿ ਜਿਗਰ, ਪੈਂਕਰਿਆਸ, ਲੁਆਬ ਉਪਜਾਊ ਗਲੈਂਡ ਆਦਿ ਅਤੇ ਇਹ ਨਲਕੀ ਰਹਿਤ ਵੀ ਹੁੰਦੀਆਂ ਹਨ, ਜਿਵੇਂ ਕਿ ਥਾਇਰਾਇਡ, ਐਡਰੀਨਲ, ਪਿਟਿਊਟਰਿ ਆਦਿ।

Glenoid cavity (ਗਲਿਨਾਇਡ ਕੈਵਿਟਿ)

ਇਸ ਪਦ ਦਾ ਪਹਿਲਾ ਭਾਗ ਦੋ ਯੂਨਾਨੀ ਸ਼ਬਦਾਂ ਦਾ ਸਮਿਲਨ ਹੈ, ਗਲਿਨਿ (glene) ਦਾ ਅਤੇ ਇਡੋਸ (eidos) ਦਾ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਡੂੰਘ' ਦੇ ਜਾਂ ਸਾਕਿੱਟ (socket) ਦੇ ਅਤੇ 'ਨੁਹਾਰ' ਦੇ। ਪਦ ਦਾ ਦੂਜਾ ਭਾਗ 'ਖੋੜ' ਲਈ ਵਰਤਿਆ ਜਾਂਦਾ ਆਮ ਸ਼ਬਦ ਹੈ। ਉਪਰੋਕਤ ਪਦ ਮੋਢੇ ਦੀ ਸਕੈਪੁਲਾ (scapula) ਹੱਡੀ ਅੰਦਰਲੇ ਉਸ ਸਾਕਿੱਟ ਜਾਂ ਖੋੜ ਲਈ ਵਰਤਿਆ ਜਾਂਦਾ ਹੈ, ਜਿਸ ਅੰਦਰ ਡੌਲੇ ਦੀ ਹਿਉਮਰਸ (humerus) ਹੱਡੀ ਦਾ ਉਪਰਲਾ ਗੋਲ ਸਿਰਾ ਫਿੱਟ ਹੋਇਆ ਹੁੰਦਾ ਹੈ।

Glial cells (ਗਲਾਇਲ ਸੈੱਲਜ਼)

ਪਦ ਦਾ ਪਹਿਲਾ ਭਾਗ ਯੂਨਾਨੀ ਸ਼ਬਦ ਗਲਾਇਆ (glia) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਗੂੰਦ' ਦੇ। ਹਰ ਇਕ ਨਸ ਸੈੱਲ ਦੁਆਲੇ ਹੋਰ ਵਾਧੂ ਸੈੱਲ ਚਿਪਕੇ ਰਹਿੰਦੇ ਹਨ, ਜਿਨ੍ਹਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਗਲਾਇਲ ਸੈੱਲ ਆਪਣੇ ਸੁਭਾਅ 'ਚ ਨਸ ਸੈੱਲਾਂ ਜਿਹੇ ਨਹੀਂ ਹੁੰਦੇ, ਪਰ ਇਹ ਉਨ੍ਹਾਂ ਦੀ ਕ੍ਰਿਆਵੀ ਨਿਪੁੰਨਤਾ 'ਚ ਸਹਾਈ ਜ਼ਰੂਰ ਹੁੰਦੇ ਹਨ।

Globulin (ਗਲੱਾਬਯੂਲਿਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਗਲੱਾਬਸ (globus) ਹੈ, ਜਿਸ ਦੇ ਅਰਥ ਹਨ 'ਗੋਲ' ਦੇ। ਇਸ ਪਦ ਨੂੰ ਗੋਲ ਨੁਹਾਰ ਵਾਲੇ ਪ੍ਰੋਟੀਨੀ ਅਣੂਆਂ ਲਈ ਵਰਤਿਆ ਜਾਂਦਾ ਹੈ ਅਤੇ ਇਸ ਵੰਨਗੀ ਦੇ ਸਰੀਰ ਅੰਦਰਲੇ ਅਣੂ ਹਨ : ਲਹੂ ਨੂੰ ਲਾਲੀ ਅਰਪਣ ਕਰਦੇ ਹੀਮੋਗਲਾਬਿਨ, ਰੋਗ ਵਿਰੋਧੀ ਐਂਟਿਬਾਡਿਜ਼ ਆਦਿ।

Glomerulus (ਗਲੱਮੈਰਯੁਲਸ)

ਲਾਤੀਨੀ ਸ਼ਬਦ ਗਲੱਮਸ (glomus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਗੇਂਦ' ਦੇ। ਗੁਰਦੇ ਅੰਦਰ ਮਹੀਨ ਲਹੂ-ਨਾਲੀਆਂ ਦੇ ਗੇਂਦ ਦੀ ਨੁਹਾਰ ਦੇ ਗੁੱਛੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ 'ਚੋਂ ਲਹੂ ਅੰਦਰਲੇ ਵਿਸ਼ੈਲੇ ਅੰਸ਼ ਛਣ-ਪੁਣ ਕੇ ਬਾਹਰ ਆਉਂਦੇ ਰਹਿੰਦੇ ਹਨ।

Glottis (ਗਲਾੱਟਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਗਲੱਾਟਾ (glotta) ਹੈ, ਜਿਸ ਦੇ ਅਰਥ ਹਨ ' ਜੀਭ' ਦੇ। ਫੇਫੜਿਆਂ ਦੀ ਮੁੱਖ ਨਾਲੀ ਦੇ ਸੰਘ ਅੰਦਰ ਖੁਲ੍ਹਦੇ ਦੁਆਰ ਲਈ ਉਪਰੋਕਤ ਪਦ ਰਾਖਵਾਂ ਹੈ।

Glucagon (ਗਲੂਕੱਾਗੱਨ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਗਲਿਕਿਸ (glykys) ਅਤੇ ਅਗੋਨ (agon), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਮਿਠਾਸ' ਦੇ ਅਤੇ 'ਇਕੱਤਰ ਹੋਣ' ਦੇ। ਪੈਂਕਰਿਅਸ ਚੋਂ ਰਿਸਦੇ ਇਕ ਹਾਰਮੋਨ ਦਾ ਉਪਰੋਕਤ ਨਾਮ ਹੈ, ਜਿਹੜਾ ਜਿਗਰ ਅਤੇ ਮਾਸਪੇਸ਼ੀਆਂ 'ਚ ਇਕੱਤਰ ਹੋਏ ਗਲਾਇਕੱਜਨ (glycogen) ਨੂੰ ਵਰਤੋਂ ਯੋਗ ਗੁਲੂਕੋਸ 'ਚ ਬਦਲਣ ਦੀ ਕ੍ਰਿਆ ਪੂਰਦਾ ਹੈ।

Glucase (ਗਲੂਕੇਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਗਲਿਕਿਸ (glykys) ਹੈ, ਜਿਸ ਦੇ ਅਰਥ ਹਨ 'ਮਿਠਾਸ' ਦੇ। ਬ੍ਰਿਛਾਂ-ਬੂਟਿਆਂ ਅੰਦਰੋਂ ਰਿਸਦੇ ਉਸ ਐਨਜ਼ਾਈਮ ਦਾ ਇਹ ਨਾਮ ਹੈ, ਜਿਹੜਾ ਮਾਲਟੋਜ਼ ਨਾਮ ਦੀ ਖੰਡ ਨੂੰ ਅੰਗੂਰੀ ਖੰਡ, ਭਾਵ ਗਲੂਕੋਸ ਦਾ ਰੂਪ ਦੇ ਦਿੰਦਾ ਹੈ।

Glucokinin (ਗਲੂਕੱਕਿਨਿਨ)

ਇਸ ਪਦ ਨੂੰ ਰਚਨਹਾਰੇ ਦੋ ਯੂਨਾਨੀ ਸ਼ਬਦ ਹਨ, ਪਹਿਲਾ ਗਲਿਕਿਸ (glykys), ਜਿਸ ਦੇ ਅਰਥ ਹਨ 'ਮਿਠਾਸ' ਦੇ ਅਤੇ ਦੂਜਾ ਕਿਨੀਨ (kinein), ਜਿਸ ਦੇ ਅਰਥ ਹਨ 'ਹਰਕਤ ਕਰਨ' ਦੇ। ਉਪਰੋਕਤ ਨਾਮ ਇਕ ਵਿਸ਼ੇਸ਼ ਰਸਾਇਣ ਦਾ ਹੈ, ਜਿਹੜਾ ਉਪਜ ਤਾਂ ਹੈ ਬਨਸਪਤੀ ਸੰਸਾਰ ਦੀ, ਪਰ ਜਿਸ ਦਾ ਉਪਯੋਗ ਕੀਤਿਆਂ ਲਹੂ ਅੰਦਰ ਰਲੀ ਹੋਈ ਮਿਠਾਸ ਘੱਟ ਜਾਂਦੀ ਹੈ।

Glucose (ਗਲੂਕੋਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਗਲਿਕਿਸ (glykys) ਹੈ, ਜਿਸ ਦੇ ਅਰਥ ਹਨ 'ਮਿਠਾਸ' ਦੇ। ਜੀਵਾਂ 'ਚ, ਬੂਟਿਆਂ 'ਚ ਵੀ ਅਤੇ ਪ੍ਰਾਣੀਆਂ 'ਚ ਵੀ, ਆਮ ਮਿਲਣ ਵਾਲੀ ਅੰਗੂਰੀ ਖੰਡ ਦਾ ਇਹ ਨਾਮ ਹੈ, ਜਿਹੜੀ ਕਿ ਸੈੱਲਾਂ ਅੰਦਰ ਊਰਜਾ ਉਪਜ ਦਾ ਅਦੁੱਤੀ ਸ੍ਰੋਤ ਹੈ।

Glutamic acid (ਗਲੂਟੱੈਮਿਕ ਐਸਿਡ)

ਜੀਵਾਂ 'ਚ ਵਰਤੀਆਂ ਜਾਂਦੀਆਂ ਪ੍ਰੋਟੀਨਾਂ ਨੂੰ ਰਚਨਹਾਰੇ 20 ਐਮਿਨੋ ਤੇਜ਼ਾਬਾਂ ਚੋਂ ਇਕ ਦਾ ਉਪਰੋਕਤ ਨਾਮ ਹੈ।

Glycine (ਗਲਾਇਸਿਨ)

ਜੀਵਾਂ ਅੰਦਰਲੀਆਂ ਪ੍ਰੋਟੀਨਾਂ ਦੀ ਰਚਨਾਂ 'ਚ ਭਾਗ ਲੈਂਦੇ 20 ਐਮਿਨੋ ਤੇਜ਼ਾਬਾਂ 'ਚ ਇਕ ਦਾ ਇਹ ਨਾਮ ਹੈ।

Glycogen (ਗਲਾਇਕੱਜਨ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸੰਮਿਲਤ ਹਨ, ਪਹਿਲਾ ਗਲਿਕਿਸ (glykys), ਜਿਸ ਦੇ ਅਰਥ ਹਨ 'ਮਿਠਾਸ' ਦੇ ਅਤੇ ਦੂਜਾ ਜਿਨੀਸ (genes), ਜਿਸ ਦੇ ਅਰਥ ਹਨ 'ਨਿਕਾਸ' ਦੇ ਜਾਂ 'ਸ੍ਰੋਤ' ਦੇ। ਲਹੂ ਅੰਦਰ ਰਚੇ ਹੋਏ ਵਾਧੂ ਗਲੂਕੋਸ ਨੂੰ ਇਨਸੁਲੀਨ ਹਾਰਮੋਨ ਜਿਹੜਾ ਅਣਵਰਤੋਂ ਯੋਗ ਰੂਪ ਜਿਗਰ 'ਚ ਅਤੇ ਮਾਸਪੇਸ਼ੀਆਂ 'ਚ ਇਕੱਤਰ ਹੋਣ ਲਈ ਦਿੰਦਾ ਹੈ, ਉਸੇ ਦਾ ਉਪਰੋਕਤ ਨਾਮ ਹੈ।

Glycolysis (ਗਲਾਇਕੱਲਿਸਿਸ)

ਦੋ ਯੂਨਾਨੀ ਸ਼ਬਦ, ਗਲਿਕਿਸ (glykys) ਅਤੇ ਲਿਇਨ (lyein) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਮਿਠਾਸ' ਦੇ ਅਤੇ 'ਢਿੱਲਾ ਕਰਨ' ਦੇ ਜਾਂ 'ਨਿਖੇੜਨ' ਦੇ। ਗਲੂਕੋਸ ਅੰਦਰਲੇ ਪ੍ਰਮਾਣੂਆਂ ਨੂੰ ਸੈੱਲਾਂ ਅੰਦਰਲੇ

ਐਨਜ਼ਾਈਮ ਸਿਲਸਿਲੇਵਾਰ ਨਿਖੇੜਦੇ ਹੋਏ, ਥੋੜੀ ਥੋੜੀ ਊਰਜਾ ਉਪਜਾਉਂਦੇ ਰਹਿੰਦੇ ਹਨ। ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Gnathostomata (ਨੇਥੱਔਸਟੱਮੇੱਟਾ)

ਯੂਨਾਨੀ ਸ਼ਬਦ ਨੇਥੱਸ (gnathos) ਅਤੇ ਸਟੱਮਾ (stoma) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਜਬਾੜ੍ਹੇ’ ਦੇ ਅਤੇ ਦੂਜੇ ਦੇ, ‘ਮੂੰਹ’ ਦੇ। ਕੁਝ ਕੁ ਮੱਛੀ ਨਸਲਾਂ ਨੂੰ ਛੱਡ ਕੇ, ਬਾਕੀ ਦੇ ਸਭਨਾਂ ਰੀੜਸਹਿਤ ਪ੍ਰਾਣੀਆਂ ਦੇ ਜਬਾੜ੍ਹੇਦਾਰ ਮੂੰਹ ਹੁੰਦੇ ਹਨ। ਇਨ੍ਹਾਂ ਰੀੜਸਹਿਤ ਪ੍ਰਾਣੀਆਂ ਲਈ ਉਪਰੋਕਤ ਪਦ ਸਾਂਝੇ ਤੌਰ ’ਤੇ ਵਰਤਿਆ ਜਾਂਦਾ ਹੈ।

Golgi complex (ਗਾਲਜਿ ਕਾਮਪਲੈਕਸ)

ਸੈੱਲ ਅੰਦਰ, ਪਰ ਨਿਊਕਲੀਅਸ ਦੇ ਬਾਹਰ ਅਤੇ ਇਸ ਦੇ ਨਾਲ ਹੀ ਸਥਿਤ ਤਹਿਦਾਰ ਝਿਲੀਆਂ ਦੀ ਬਣੀ ਇੰਦਰੀ ਦਾ ਇਹ ਨਾਮ ਹੈ, ਜਿਸ ਨੂੰ ਅਤਾਲਵੀ ਵਿਗਿਆਨੀ ਕੈਮਿਲੋ ਗਾਲਜਿ (Camillo Golgi) ਨੇ ਖੋਜਿਆ ਸੀ, ਜਿਸ ਕਰਕੇ ਇਸ ਦਾ ਉਪਰੋਕਤ ਨਾਮ ਪਿਆ। ਸੈੱਲ ਅੰਦਰ ਉਪਜਦੇ ਰਸਾਂ ਦੀ ਰਚਨਾਂ ਦਾ ਸਥਾਨ ਇਹ ਇੰਦਰੀ ਹੈ, ਜਿਹੜੇ ਇਸੇ ’ਚੋਂ ਰਿਸ ਰਿਸ ਕੇ ਬਾਹਰ ਆਉਂਦੇ ਹਨ।

Gonad (ਗੋਨੈਡ)

ਯੂਨਾਨੀ ਸ਼ਬਦ ਗੋਨੀ (gone) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ ‘ਬੀਜ’ ਦੇ। ਜਿਹੜਾ ਅੰਗ ਵੀ ਪ੍ਰਜਣਨ ਨਾਲ ਸਬੰਧਤ ਸੈੱਲ, ਭਾਵ ਅੰਡੇ ਜਾਂ ਸ਼ੁਕਰਾਣੂ ਉਪਜਾਉਂਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ। ਅੰਡਕੋਸ਼ (ovary) ਅਤੇ ਟੈਸਟਿਸ (testis) ਇਸੇ ਸਿਰਲੇਖ ਅਧੀਨ ਆਉਂਦੇ ਹਨ।

Gonad hormones (ਗੋਨੈਡ ਹਾਰਮੋਨਜ਼)

ਪ੍ਰਜਣਨ ਦੀ ਪ੍ਰਕ੍ਰਿਆ ’ਚ ਭੂਮਿਕਾ ਨਿਭਾਉਣ ਵਾਲੇ ਜਿਹੜੇ ਹਾਰਮੋਨ ਅੰਡਕੋਸ਼ ਅਤੇ ਟੈਸਟਿਸ ਉਪਜਾਉਂਦੇ ਹਨ, ਉਹ ਸਭ ਇਸੇ ਸਿਰਲੇਖ ਅਧੀਨ ਆਉਂਦੇ ਹਨ, ਜਿਵੇਂ ਕਿ ਐਂਡਰੋਜਨ (androgen), ਇਸਟਰੱਜਨ (oestrogen), ਪਰੋਜੈੱਸਟਰੱਨ (progesterone),ਟੈੱਸਟੱਸਟਿਰੱਨ (testosterone) ਆਦਿ।

Gonadotrophic hormones (ਗੋਨੈਡੱਟ੍ਰਾਫਿਕ ਹਾਰਮੋਨਜ਼)

ਯੂਨਾਨੀ ਸ਼ਬਦ ਗੋਨੀ (gone) ਅਤੇ ਟ੍ਰਿਫ਼ੀਨ (tryphein) ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਬੀਜ’ ਦੇ ਅਤੇ ‘ਪਾਲਣਾ ਕਰਨ’ ਦੇ। ਪਦ ਦਾ ਦੂਜਾ ਭਾਗ ਵੀ ਯੂਨਾਨੀ ਸ਼ਬਦ ਹਾਰਮੱਈਨ (hormaein) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ, ‘ਉਤੇਜਿਤ ਕਰਨ’ ਦੇ। ਪਿਟਿਊਟਰਿ ਗ੍ਰੰਥੀ ਚੋਂ ਕਈ ਹਾਰਮੋਨ ਰਿਸਦੇ ਹਨ, ਜਿਨ੍ਹਾਂ ’ਚ ਉਹ ਵੀ ਸ਼ਾਮਲ ਹਨ, ਜਿਹੜੇ ਨਿਰੋਲ ਅੰਡਕੋਸ਼ ਜਾਂ ਟੈਸਟਿਸ ਦੀ ਕ੍ਰਿਆ ਨੂੰ ਉਤੇਜਿਤ ਕਰਨ ਦਾ ਕਾਰਜ ਪੂਰਾ ਕਰਦੇ ਹਨ। ਇਹੋ ਹਾਰਮੋਨ ਉਪਰੋਕਤ ਸਿਰਲੇਖ ਅਧੀਨ ਆਉਂਦੇ ਹਨ।

Gonocyte (ਗੋਨੱਸਾਇਟ)

ਦੋ ਯੂਨਾਨੀ ਸ਼ਬਦ, ਗੋਨੀ (gone) ਅਤੇ ਕਾਇਟਸ (koytos), ਇਸ ਪਦ ’ਚ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਬੀਜ’ ਦੇ ਅਤੇ ਦੂਜੇ ਦੇ, ‘ਖੋਖਲੇਪਣ’ ਦੇ, ਭਾਵ ‘ਸੈੱਲ’ ਦੇ। ਪ੍ਰਜਣਨ ਨਾਲ ਸਬੰਧਤ ਉਪਜਾਊ ਸੈੱਲ, ਭਾਵ ਗੋਨੈਡ ਨੂੰ ਜਨਮ ਦੇਣ ਵਾਲੇ ਸੈੱਲ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Gossypium (ਗਾੱਸਿਪਿਅਮ)

ਕਪਾਹ ਦੇ ਬੂਟੇ ਦਾ ਇਹ ਵਿਗਿਆਨਕ ਨਾਮ ਹੈ, ਜਿਹੜਾ ਕਿ ਰੂੰ ਅਤੇ ਵੜੇਵਿਆਂ ਦਾ

ਸ੍ਰੋਤ ਹੈ ਜਿਨ੍ਹਾਂ ਦੀ ਅਸਾਡੇ ਜੀਵਨ ਲਈ ਅਦੁੱਤੀ ਭੂਮਿਕਾ ਹੈ।

Graminae (ਗ੍ਰੇਮਿਨੀ)

ਲਾਤੀਨੀ ਸ਼ਬਦ ਗ੍ਰੇਮਿਨ (gramen) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਘਾਹ' ਦੇ। ਘਾਹਾਂ ਦੇ ਕੁਟੰਬ ਦਾ ਇਹ ਵਿਗਿਆਨਕ ਨਾਮ ਹੈ, ਜਿਨ੍ਹਾਂ ਦੀਆਂ 10,000 ਨਸਲਾਂ ਸੰਸਾਰ ਵਿਖੇ ਹਨ। ਕਣਕ, ਚਾਵਲ, ਮੱਕੀ, ਜੌਂ, ਜਵਾਰ, ਬਾਜਰਾ ਅਤੇ ਗੰਨਾ ਇਸ ਕੁਟੰਬ 'ਚ ਸ਼ਾਮਲ ਬੂਟੇ ਹਨ।

Grassland (ਗ੍ਰਾਸਲੈਂਡ)

ਇਸ ਪਦ ਦੇ ਸ਼ਬਦਾਰਥਕ ਅਰਥ ਹਨ 'ਘਾਹ-ਮੈਦਾਨ' ਦੇ। ਖੁਲ੍ਹੇ ਪਸਾਰ ਵਾਲੇ ਅਜਿਹੇ ਖੇਤਰ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ 'ਚ ਵਣ ਤਾਂ ਨਹੀਂ ਉਗਦੇ ਪਰ ਝਾੜ, ਝਾੜੀਆਂ ਅਤੇ ਉੱਚਾ ਲੰਬਾ ਘਾਹ ਚੁਫੇਰੇ ਉਗੇ ਵਿਖਾਈ ਦਿੰਦੇ ਹਨ ਅਤੇ ਜਿਨ੍ਹਾਂ ਵਿਚਕਾਰ ਕਿਧਰੇ ਕਿਧਰੇ ਰੁੱਖ ਵੀ ਉਗੇ ਹੋਏ ਹੁੰਦੇ ਹਨ।

Green belt (ਗ੍ਰੀਨ ਬੈਲਟ)

ਮਾਨਵੀ ਵਸੋਂ ਲਾਗਲੇ ਉਸ ਖੇਤਰ ਦਾ ਇਹ ਨਾਮ ਹੈ, ਜਿਸ ਦਾ ਉਪਯੋਗ ਨਾ ਉਸਾਰੀ ਲਈ ਕੀਤਾ ਜਾਂਦਾ ਹੈ ਅਤੇ ਨਾ ਹੀ ਕਾਸ਼ਤ ਲਈ, ਸਗੋਂ ਜਿਸ ਨੂੰ ਕੁਦਰਤੀ ਪਾਰਕ ਦਾ ਰੂਪ ਦੇ ਕੇ ਖਾਲੀ ਛੱਡ ਦਿੱਤਾ ਜਾਂਦਾ ਹੈ।

Green-house effect (ਗ੍ਰੀਨ-ਹਾਊਸ ਇਫ਼ੈੱਕਟ)

ਗ੍ਰੀਨ-ਹਾਊਸ ਦੇ ਅਰਥ ਹਨ 'ਨਿਰੋਲ ਸ਼ੀਸ਼ੇ ਦੇ ਬਣੇ ਘਰ' ਦੇ ਅਤੇ ਇਫ਼ੈੱਕਟ ਦੇ ਅਰਥ ਹਨ 'ਪ੍ਰਭਾਵ' ਦੇ। ਪਾਲੇ 'ਚ ਮੁਰਝਾ ਜਾਣ ਵਾਲੇ ਬੂਟਿਆਂ ਦੀ ਸੰਭਾਲ ਸ਼ੀਸ਼-ਘਰਾਂ ਅੰਦਰ ਕੀਤੀ ਜਾਂਦੀ ਹੈ, ਜਿਨ੍ਹਾਂ ਦਾ, ਧੁੱਪ ਦੇ ਅੰਦਰੇ-ਅੰਦਰ ਕੈਦ ਹੋ ਜਾਣ ਕਰਕੇ, ਨਿਘਾ ਵਾਤਾਵਰਨ ਲੰਬੇ ਸਮੇਂ ਤਕ ਬਣਿਆ ਰਹਿੰਦਾ ਹੈ। ਕੁਝ ਅਜਿਹੀ ਸਥਿਤੀ ਅੱਜ ਪ੍ਰਿਥਵੀ ਉਪਰ ਵੀ ਉਪਜਦੀ ਆ ਰਹੀ ਹੈ, ਜਿਸ ਦੇ ਵਾਯੂਮੰਡਲ 'ਚ, ਮਾਨਵੀ ਕਾਰਗੁਜ਼ਾਰੀਆਂ ਕਰਕੇ, ਕਾਰਬਨਡਾਇਆਕਸਾਈਡ ਦੀ ਮਾਤਰਾ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਜਿਸ ਕਾਰਨ ਪ੍ਰਿਥਵੀ ਦੇ ਔਸਤ ਤਾਪਮਾਨ 'ਚ ਵੀ ਵਾਧਾ ਹੋਈ ਜਾ ਰਿਹਾ ਹੈ। ਪ੍ਰਿਥਵੀ ਉਪਰ ਪੈ ਰਹੇ ਇਸ ਪ੍ਰਕਾਰ ਦੇ ਪ੍ਰਭਾਵ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾ ਰਹੀ ਹੈ।

Green manuring (ਗ੍ਰੀਨ ਮੈਨਯੂਰਿੰਗ)

ਕੁਝ ਫ਼ਸਲਾਂ ਕੇਵਲ ਭੂਮੀ ਨੂੰ ਵੱਧ ਉਪਜਾਊ ਬਣਾਉਣ ਲਈ ਬੀਜੀਆਂ ਜਾਂਦੀਆਂ ਹਨ। ਇਨ੍ਹਾਂ ਫ਼ਸਲਾਂ ਨੂੰ ਕੱਟ ਕੇ ਤੇ ਫਿਰ ਵਾਹ ਕੇ ਭੂਮੀ ਅੰਦਰ ਹੀ ਖਪਾ ਦਿੱਤਾ ਜਾਂਦਾ ਹੈ,ਜਿਥੇ ਇਹ ਖਾਦ ਦੀ ਭੂਮਿਕਾ ਨਿਭਾਉਂਦੀਆਂ ਹਨ।

Green revolution (ਗ੍ਰੀਨ ਰੇਵੱਲਯੂਸ਼ਨ)

ਇਸ ਪਦ ਦੇ ਸਿੱਧੇ ਅਰਥ ਹਨ 'ਹਰੀ ਕ੍ਰਾਂਤੀ' ਦੇ ਅਤੇ ਇਹ ਕ੍ਰਾਂਤੀ ਕਾਸ਼ਤੀ ਪ੍ਰਚਲਣ 'ਚ ਆਏ ਪਰਿਵਰਤਨਾਂ ਦੀ ਪ੍ਰਤੀਕ ਹੈ, ਜਿਹੜੇ ਕਿ ਤਦ ਸਾਰਥਕ ਹੋਣ ਲਗੇ, ਜਦ ਰਵਾਇਤੀ ਢੰਗ ਨਾਲ ਕੀਤੀ ਜਾ ਰਹੀ ਕਾਸ਼ਤ ਦਾ ਤਿਆਗ ਹੋਇਆ ਅਤੇ ਵੱਧ ਝਾੜ ਦੇਣ ਵਾਲੀ ਬੇਰੜੀਆਂ ਫ਼ਸਲਾਂ ਬੀਜਣ ਦਾ ਰਿਵਾਜ ਚਲ ਪਿਆ। ਅੱਜ ਕਈ ਵਿਗਿਆਨੀ ਅਜਿਹਾ ਕਰਨ ਨੂੰ ਮਨੁੱਖ ਤੋਂ ਹੋਈ ਭੁੱਲ ਗਿਣ ਰਹੇ ਹਨ।

Grey matter (ਗ੍ਰੇ ਮੈਟਰ)

ਦਿਮਾਗ਼ ਅਤੇ ਰੀੜ ਅੰਦਰਲੀ ਮੁੱਖ-ਨਸ ਦਾ ਪਦਾਰਥ ਦੋ-ਰੰਗਾਂ ਦਾ ਵਿਖਾਈ ਦਿੰਦਾ ਹੈ, ਸਫੇਦ ਅਤੇ ਸੁਰਮਈ। ਸੁਰਮਈ ਨਸ ਪਦਾਰਥ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਕਿ ਨਸ ਰੇਸ਼ਿਆਂ

ਨਾਲੋਂ, ਨਸ ਸੈੱਲਾਂ ਦੀ ਹੋਂਦ ਦਾ ਪ੍ਰਤੀਕ ਹੈ।

Growth hormone (ਗ੍ਰੋਥ ਹਾਰਮੋਨ)

ਪਿਟਿਊਟਰਿ ਗ੍ਰੰਥੀ ਚੋਂ ਰਿਸਦੇ ਇਕ ਵਿਸ਼ੇਸ਼ ਹਾਰਮੋਨ ਦਾ ਆਮ ਵਰਤੋਂ 'ਚ ਆ ਰਿਹਾ ਇਹ ਨਾਮ ਹੈ, ਜਿਹੜਾ ਕਿ, ਜਿਵੇਂ ਇਸ ਦੇ ਨਾਮ ਤੋਂ ਹੀ ਪ੍ਰਤੀਤ ਹੁੰਦਾ ਹੈ, ਸਰੀਰਕ ਵ੍ਰਿਧੀ ਨੂੰ ਉਤੇਜਿਤ ਕਰਦਾ ਹੈ।

Guanine (ਗੁਆਨਿਨ)

ਦੋਵਾਂ ਨਿਊਕਲੀ ਤੇਜ਼ਾਬਾਂ, ਭਾਵ ਡੀ ਐਨ ਏ ਅਤੇ ਆਰ ਐਨ ਏ 'ਚ ਮਿਲਦੇ ਨਾਈਟ੍ਰੋਜਨੀ ਖਾਰਾਂ 'ਚੋਂ ਇਕ ਦਾ ਇਹ ਨਾਮ ਹੈ।

Guano (ਗੁਆਨੋ)

ਸਾਗਰ ਅੰਦਰਲੇ ਟਾਪੂਆਂ ਉਪਰ ਰੈਣ ਬਸੇਰਾ ਕਰਦੇ ਸਾਗਰੀ ਪੰਛੀਆਂ ਦੀਆਂ ਵਿੱਠਾਂ ਦੇ ਉਸਰੇ ਹੋਏ ਅੰਬਾਰਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਵਰਤੋਂ ਯੋਗ ਨਾਈਟ੍ਰੋਜਨ ਦੇ ਵਧੀਆ ਭੰਡਾਰ ਹੋਣ ਕਰਕੇ, ਇਨ੍ਹਾਂ ਦਾ ਕੀਮਤੀ ਖਾਦ ਵਜੋਂ ਉਪਯੋਗ ਕੀਤਾ ਜਾਂਦਾ ਹੈ।

Gymnosperm (ਜਿਮਨੋਸਪੱਰਮ)

ਯੂਨਾਨੀ ਸ਼ਬਦ ਜਿਮਨੋਸ (gymnos) ਅਤੇ ਸਪੱਰਮੱ (sperma) ਇਸ ਪਦ ਦਾ ਆਧਾਰ ਹਨ ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਨੰਗੇ' ਦੇ ਅਤੇ 'ਬੀਜ' ਦੇ। ਉਸ ਰੁੱਖ ਜਾਂ ਬੂਟੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦੇ ਬੀਜ ਕੋਸ਼ ਅੰਦਰ ਕੈਦ ਹੋਣ ਦੀ ਬਜਾਏ ਨੰਗੇ ਹੁੰਦੇ ਹਨ, ਜਿਵੇਂ ਕਿ ਚੀੜ੍ਹ ਜਾਂ ਦਿਆਰ 'ਚ।

Gynandrous (ਜਿਨਐਨਡਰਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਗਾਈਨੀ (gyne) ਅਤੇ ਏਨੀਰ (aner), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਇਸਤ੍ਰੀ' ਦੇ ਅਤੇ ਦੂਜੇ ਦੇ, 'ਪੁਰਸ਼' ਦੇ। ਉਸ ਜੀਵ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜਾ ਨਰ ਅਤੇ ਮਦੀਨ, ਦੋਵਾਂ ਦੀਆਂ ਵਿਸ਼ੇਸ਼ਤਾਵਾਂ ਦਾ ਵਿਖਾਲਾ ਕਰਦਾ ਹੈ। ਅਜਿਹੀਆਂ ਉਦਾਹਰਣਾਂ ਕੀਟਾਂ 'ਚ ਅਤੇ ਪੰਛੀਆਂ 'ਚ ਬਹੁਤ ਮਿਲ ਜਾਂਦੀਆਂ ਹਨ, ਜਦ ਕਿ ਬੂਟਿਆਂ 'ਚ ਆਰਕਿਡ (orchid) ਦਵੱਲੀ ਅੰਤਰ ਲਿੰਗੀ ਵਿਸ਼ੇਸ਼ਤਾ ਲਈ ਪ੍ਰਸਿੱਧ ਹਨ।

H

Habitat (ਹੈਬਿਟੈਟ)

ਲਾਤੀਨੀ ਸ਼ਬਦ ਬਿਟਰਿ (habitare) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਨਿਵਾਸ ਕਰਨ' ਦੇ। ਜੀਵ ਜਿਥੇ ਜਿਥੇ ਵੀ ਵਿਚਰਦੇ ਹਨ, ਇਥੇ ਵਿਆਪਕ ਹਾਲਤ ਅਨੁਕੂਲ ਇਹ ਜੀਵਨ ਬਤੀਤ ਕਰਦੇ ਹਨ ਅਤੇ ਇਸੇ ਕਰਕੇ ਇਹ ਇਥੇ ਵਿਚਰ ਵੀ ਰਹੇ ਹਨ। ਜੀਵ ਦੇ ਇਸੇ ਪ੍ਰਕਾਰ ਦੇ ਸਹਿਜਵਾਸ ਲਈ ਉਪਰੋਕਤ ਪਦ ਰਾਖਵਾਂ ਹੈ।

Haem (ਹੀਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਹੈੱਮ (haima) ਹੈ, ਜਿਸ ਦੇ ਅਰਥ ਹਨ 'ਲਹੂ' ਦੇ। ਲਹੂ ਦੇ ਸੂਹੇ ਸੈੱਲਾਂ ਨੂੰ ਸੂਹਾਂ ਰੰਗ, ਇਨ੍ਹਾਂ ਅੰਦਰਲੇ ਹੀਮੋਗਲੋਬਨ ਅਣੂ ਅਰਪਣ ਕਰਦੇ ਹਨ, ਜਿਨ੍ਹਾਂ ਅੰਦਰ ਅਗੋਂ ਲੋਹ ਕਣ ਸਮਾਏ ਹੁੰਦੇ ਹਨ, ਜਿਹੜੇ ਕਿ ਸੂਹੇਪਣ ਲਈ ਜ਼ਿੰਮੇਵਾਰ ਹਨ । ਲੋਹ ਕਣ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Haematophagus (ਹੀਮੈੱਟਫ਼ੇਗਸ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਹੈੱਮ (haima) ਅਤੇ ਫੱਜੀਨ (phagein) ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਲਹੂ' ਦੇ ਅਤੇ

'ਖਾਣ' ਦੇ। ਅਜਿਹੇ ਪ੍ਰਾਣੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਲਹੂ ਚੂਸਦਾ ਹੈ, ਜਿਵੇਂ ਕਿ ਮੱਛਰ ਜਾਂ ਪਿੱਸੂ।

Haemocoel (ਹੀਮੱਸੀਲ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਹੈਮੱ (haima), ਜਿਸ ਦੇ ਅਰਥ ਹਨ 'ਲਹੂ' ਦੇ ਅਤੇ ਦੂਜਾ ਕੋਇਲਸ (koilos), ਜਿਸ ਦੇ ਅਰਥ ਹਨ 'ਦੇਹ-ਖੋੜ' ਦੇ, ਭਾਵ ਸਿਲੋਮ (coelom) ਦੇ। ਕੁਝ ਪ੍ਰਾਣੀ ਹਨ ਜਿਵੇਂ ਕਿ ਕੀਟ-ਝੀਂਗੇ ਅਤੇ ਘੋਗੇ-ਸਿੱਪ, ਜਿਨ੍ਹਾਂ ਦੀ ਦੇਹ-ਖੋੜ (coelom) ਅੰਦਰ ਲਹੂ, ਵਿਸ਼ੇਸ਼ ਵਹਿਣੀਆਂ ਦੀ ਥਾਵੇਂ, ਖੁਲ੍ਹਾ ਵਗਦਾ ਹੈ। ਇਸ ਪ੍ਰਕਾਰ ਦੀ ਦੇਹ-ਖੋੜ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Haemocyte (ਹੀਮੱਸਾਇਟ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹੈਮੱ (haima), ਜਿਸ ਦੇ ਅਰਥ ਹਨ 'ਲਹੂ' ਦੇ ਅਤੇ ਦੂਜਾ ਹੈ ਕਿਟਸ (kytos), ਜਿਸ ਦੇ ਅਰਥ ਹਨ 'ਖੋਖਲੇਪਣ' ਦੇ, ਭਾਵ 'ਸੈੱਲ' ਦੇ। ਲਹੂ ਅੰਦਰਲੇ ਸੂਹੇ ਸੈੱਲ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Haemoglobin (ਹੀਮੱਗਲਾਬਿਨ)

ਇਸ ਪਦ 'ਚ ਇਕ ਯੂਨਾਨੀ ਅਤੇ ਇਕ ਲਾਤੀਨੀ ਸ਼ਬਦ ਸਮਾਏ ਹੋਏ ਹਨ; ਯੂਨਾਨੀ ਸ਼ਬਦ ਹੈ ਹੈਮੱ (haima), ਜਿਸ ਦੇ ਅਰਥ ਹਨ 'ਲਹੂ' ਦੇ ਅਤੇ ਲਾਤੀਨੀ ਸ਼ਬਦ ਹੈ ਗਲਾੱਬਸ (globus), ਜਿਸ ਦੇ ਅਰਥ ਹਨ 'ਗੋਲੇ' ਦੇ। ਇਹ ਨਾਮ ਲੋਹ ਕਣ ਸਮਾਏ ਅਤੇ ਗੋਲ ਨੁਹਾਰ ਵਾਲੇ ਪ੍ਰੋਟੀਨੀ ਅਣੂ ਦਾ ਹੈ, ਜਿਹੜੇ ਕਿ ਲਹੂ ਦੇ ਸੂਹੇ ਸੈੱਲਾਂ 'ਚ ਸਮਾਏ ਹੋਏ, ਇਨ੍ਹਾਂ ਨੂੰ ਲਾਲੀ ਅਰਪਣ ਕਰਦੇ ਹਨ। ਆਕਸੀਜਨ ਅਤੇ ਕਾਰਬਨਡਾਇਆਕਸਾਈਡ ਦੀ ਸਰੀਰ ਅੰਦਰਲੀ ਆਵਾਜ਼ਾਈ ਲਈ ਵੀ ਇਹੋ ਅਣੂ ਜ਼ਿੰਮੇਵਾਰ ਹਨ।

Haemolysis (ਹੀਮੱਲਾਇਸਿਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਹੈਮੱ (haima), ਜਿਸ ਦੇ ਅਰਥ ਹਨ 'ਲਹੂ' ਦੇ ਅਤੇ ਦੂਜਾ ਲਾਇਸਿਸ (lysis), ਜਿਸ ਦੇ ਅਰਥ ਹਨ 'ਢਿੱਲਾ ਕਰਨ' ਦੇ। ਲਹੂ ਅੰਦਰਲੇ ਸੂਹੇ ਸੈੱਲਾਂ ਦੇ ਹੁੰਦੇ ਰਹਿੰਦੇ ਕੁਦਰਤੀ ਜਾਂ ਗ਼ੈਰਕੁਦਰਤੀ ਵਿਨਾਸ਼ ਨੂੰ ਇਹ ਪਦ ਦਰਸਾਉਂਦਾ ਹੈ। ਇਸ ਪ੍ਰਕ੍ਰਿਆ ਦੌਰਾਨ ਸੈੱਲਾਂ ਦੀ ਬਾਹਰੀ ਝਿਲੀ ਤਿੜ ਜਾਂਦੀ ਹੈ ਅਤੇ ਅੰਦਰਲੇ ਪਦਾਰਥ ਬਾਹਰ ਰਿਸਣ ਲਗਦੇ ਹਨ।

Haemophilia (ਹੀਮੱਫ਼ਿਲੀਆ)

ਦੋ ਯੂਨਾਨੀ ਸ਼ਬਦ, ਹੈਮੱ (haima) ਅਤੇ ਫ਼ਿਲੋੱਸ (philos), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਲਹੂ' ਦੇ ਅਤੇ 'ਸਨੇਹ ਕਰਨ' ਦੇ। ਇਹ ਇਕ ਰੋਗ ਦਾ ਨਾਮ ਹੈ, ਜਿਸ 'ਚ ਵਿਅਕਤੀ ਦਾ ਲਹੂ ਬੁਥਿਆਉਂਦਾ ਨਹੀਂ, ਜਿਸ ਕਰਕੇ ਲੱਗੇ ਘਾਓ 'ਚੋਂ ਵਗਦਾ ਲਹੂ ਰੁਕਦਾ ਨਹੀਂ, ਅਤੇ ਇਹੋ ਰੋਗੀ ਦੀ ਮੌਤ ਦਾ ਕਾਰਨ ਬਣ ਜਾਂਦਾ ਹੈ। ਇਹ ਲਿੰਗ ਆਧਾਰਿਤ ਅਤੇ ਵਿਰਸੇ 'ਚ ਮਿਲਣ ਵਾਲਾ ਰੋਗ ਹੈ, ਜਿਹੜਾ ਵਿਰਸੇ 'ਚ ਤਾਂ ਮਾਵਾਂ ਤੋਂ ਮਿਲਦਾ ਹੈ, ਪਰ ਜਿਸ ਦੇ ਰੋਗੀ ਪੁੱਤਰ ਬਣਦੇ ਹਨ, ਧੀਆਂ ਨਹੀਂ।

Haemopoiesis (ਹੀਮੱਪੱਇਸਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਹੈਮੱ (haima) ਅਤੇ ਪੱਇਸਿਸ (poiesis) ਹਨ, ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਲਹੂ' ਦੇ ਅਤੇ ਦੂਜੇ ਦੇ, 'ਨਿਰਮਾਣ' ਦੇ। ਸਰੀਰਕ ਲਹੂ ਅੰਦਰ ਵਿਨਾਸ਼ ਹੁੰਦੇ ਰਹਿੰਦੇ ਸੂਹੇ ਸੈੱਲਾਂ ਦਾ ਨਾਲੋਂ ਨਾਲ ਪਰਿਸਥਾਪਨ ਵੀ ਹੁੰਦਾ ਰਹਿੰਦਾ ਹੈ, ਜਿਨ੍ਹਾਂ ਦਾ ਨਿਰਮਾਣ ਹੱਡੀਆਂ ਦੀ ਮਿੱਝ ਅੰਦਰ ਲਗਾਤਾਰ ਹੋਈ ਜਾਂਦਾ ਹੈ। ਸੂਹੇ ਸੈੱਲਾਂ ਦੇ ਨਿਰਮਾਣ ਦੀ ਪ੍ਰਕ੍ਰਿਆ

ਲਈ ਉਪਰੋਕਤ ਪਦ ਰਾਖਵਾਂ ਹੈ।

Hair (ਹੇਅਰ)

ਇਹ ਪਦ 'ਵਾਲਾਂ' ਲਈ ਵਰਤਿਆ ਜਾਂਦਾ ਹੈ, ਜਿਹੜੇ ਕਿ ਪਸ਼ੂਆਂ ਦੇ ਸਰੀਰ ਉਪਰ ਸਾਰੇ ਖਿੰਡੇ ਹੋਏ, ਇਨ੍ਹਾਂ ਦੇ ਬਚਾਓ ਦਾ ਅਤੇ ਇਨ੍ਹਾਂ ਦੇ ਸਰੀਰਕ ਤਾਪਮਾਨ ਨੂੰ ਬਣਾਈ ਰਖਣ ਦਾ ਸਾਧਨ ਹੁੰਦੇ ਹਨ। ਚਮੜੀ ਅੰਦਰ ਸਥਿਤ ਵਿਸ਼ੇਸ਼ ਸੈੱਲਾਂ 'ਚੋਂ ਰੇਸ਼ੇ ਜਿਹੇ ਇਨ੍ਹਾਂ ਲੰਬੇ ਵਧਾਆਂ ਦਾ ਜਨਮ ਹੁੰਦਾ ਰਹਿੰਦਾ ਹੈ, ਕਿਉਂਕਿ ਇਹ ਸਮੇਂ ਨਾਲ ਭੁਰਦੇ ਤੇ ਝੜਦੇ ਵੀ ਰਹਿੰਦੇ ਹਨ।

Hair follicle (ਹੇਅਰ ਫ਼ਾਲਿਕਲ)

ਪਦ ਅੰਦਰਲੇ ਪਹਿਲੇ ਸ਼ਬਦ ਦੇ ਅਰਥ ਹਨ 'ਵਾਲ' ਦੇ ਅਤੇ ਦੂਜੇ ਦੇ, 'ਖੋੜ' ਦੇ। ਵਾਲ ਦੀ ਜੜ੍ਹ ਚਮੜੀ ਦੀ ਉਪਰਲੀ ਪਰਤ, ਐਪਿਡਰਮਿਸ (epidermis) ਦੇ ਅੰਦਰ ਨੂੰ ਧਸ ਜਾਣ ਨਾਲ ਬਣੀ ਡੂੰਘ ਅੰਦਰ ਖੁੱਭੀ ਹੋਈ ਹੁੰਦੀ ਹੈ। ਇਸੇ ਡੂੰਘ ਜਾਂ ਖੋੜ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਅੰਦਰ ਵਾਲ ਨੂੰ ਜਨਮ ਦਿੰਦੇ ਸੈੱਲ ਦੇ ਨਾਲ, ਚਿਕਨਾਈ ਉਪਜਾਉਂਦੀ ਸਬੇਸ਼ੀਅਸ (sebaceous) ਗ੍ਰੰਥੀ ਵੀ ਟਿਕੀ ਹੁੰਦੀ ਹੈ।

Half-life (ਹੱਫ-ਲਾਇਫ਼)

ਇਸ ਪਦ ਦੇ ਸ਼ਬਦਾਰਥਕ ਅਰਥ ਹਨ 'ਅਰਧ-ਆਯੂ' ਦੇ। ਵਿਘਟਨਾਭਿਕ (radioactive) ਤੱਤਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਨਿਰਧਾਰਤ ਗਤੀ ਨਾਲ ਖੀਣਦੇ ਹੋਏ, ਦੂਜੇ ਤੱਤਾਂ ਦਾ ਰੂਪ ਧਾਰਦੇ ਰਹਿੰਦੇ ਹਨ, ਜਿਵੇਂ ਕਿ ਯੂਰੇਨੀਅਮ ਲਗਾਤਾਰ ਸਿੱਕੇ (lead) 'ਚ ਬਦਲਦਾ ਰਹਿੰਦਾ ਹੈ। ਇਸ ਪ੍ਰਕਾਰ ਬਦਲਦਿਆਂ, ਜਿੰਨੇ ਸਮੇਂ 'ਚ ਇਨ੍ਹਾਂ ਦੀ ਮੁਢਲੀ ਨਾਲੋਂ ਅਧੀ ਮਿਕਦਾਰ ਰਹਿ ਜਾਂਦੀ ਹੈ, ਉਹੋ ਇਨ੍ਹਾਂ ਦੀ 'ਅਰਧ-ਆਯੂ' ਹੁੰਦੀ ਹੈ। ਪਦਾਰਥਾਂ ਦੀ ਅਰਧ-ਆਯੂ ਨੂੰ ਆਧਾਰ ਬਣਾ ਕੇ ਚਟਾਨਾਂ ਦੀ ਅਤੇ ਚਟਾਨਾਂ 'ਚ ਦੱਬੇ ਫਾਸਿਲਾਂ ਦੀ ਆਯੂ ਦਾ ਅਨੁਮਾਨ ਲਾਉਣਾ ਸੰਭਵ ਹੈ। ਹਰ ਇਕ ਵਿਘਟਨਾਭਿਕ ਤੱਤ ਦੀ ਆਪੋ-ਆਪਣੀ ਵਿਸ਼ੇਸ਼ ਅਰਧ-ਆਯੂ ਹੁੰਦੀ ਹੈ।

Hallux (ਹੈਲੱਕਸ)

ਇਹ ਲਾਤੀਨੀ ਸ਼ਬਦ ਹੈ ਅਤੇ ਪੈਰ ਦੇ 'ਅੰਗੂਠੇ' ਲਈ ਇਹ ਰਾਖਵਾਂ ਪਦ ਹੈ।

Halophyte (ਹੈਲੱਫ਼ਾਇਟ)

ਇਸ ਪਦ 'ਚ ਦੋ ਯੂਨਾਨੀ ਸ਼ਬਦ, ਹੈਲਜ਼ (hals) ਅਤੇ ਫ਼ਾਇਟਨ (phyton) ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਲੂਣ' ਦੇ ਅਤੇ 'ਬੂਟੇ' ਦੇ। ਖਾਰੀ ਕੱਲਰਾਂ 'ਚ ਉਗਣ ਵਾਲੇ ਬੂਟਿਆਂ ਲਈ ਉਪਰੋਕਤ ਪਦ ਰਾਖਵਾਂ ਹੈ।

Halteres (ਹੈਲਟੀਰੀਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਹਾਲਟੀਰ (halter) ਹੈ, ਜਿਸ ਦੇ ਅਰਥ ਹਨ ਤੋਲ 'ਚ ਸਾਂਵਾਂਪਣ ਲਿਆਉਣ ਲਈ ਵਰਤੇ ਜਾਣ ਵਾਲੇ 'ਬੋਝ' ਦੇ। ਮੱਛਰਾਂ-ਮੱਖੀਆਂ ਦੇ ਕੁਟੰਬ ਨੂੰ ਡਿਪਟਰਾ (Diptera) ਸੱਦਿਆ ਜਾਂਦਾ ਹੈ ਅਤੇ ਇਸ ਕੁਟੰਬ ਦੇ ਕੀਟਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਨ੍ਹਾਂ ਦੇ ਪਰਾਂ ਦਾ ਪਿਛਲਾ ਜੋੜਾ ਮੁੰਗਲੀਆਂ ਜਿਹੀਆਂ ਡੰਡੀਆਂ 'ਚ ਵਟਿਆ ਹੁੰਦਾ ਹੈ, ਜਿਹੜਾ ਕਿ ਇਸ ਰੂਪ 'ਚ, ਉਡਣ ਸਮੇਂ, ਸਰੀਰਕ ਸੰਤੁਲਨ ਨੂੰ ਬਣਾਈ ਰੱਖਣ ਦੀ ਕ੍ਰਿਆ ਨਿਭਾਉਂਦਾ ਹੈ। ਮੱਖੀਆਂ-ਮੱਛਰਾਂ ਦੇ ਪਿਛਲੇ ਪਰਾਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Haploid (ਹੈਪਲਾਇਡ)

ਯੂਨਾਨੀ ਸ਼ਬਦ, ਹੈਪਲੂਸ (haploos) ਅਤੇ ਇਡਸ (eidos) ਇਸ ਪਦ ਦੇ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਰਲ' ਦੇ ਅਤੇ 'ਨੁਹਾਰ' ਦੇ। ਸਰੀਰ ਦੇ ਹਰ ਇਕ ਸੈੱਲ 'ਚ ਕ੍ਰੋਮੋਸੋਮਾਂ ਦੀ ਦੂਹਰੀ ਗਿਣਤੀ ਹੁੰਦੀ ਹੈ, ਸਿਵਾਏ ਪ੍ਰਜਣਨ

ਸੈੱਲਾਂ ਦੇ, ਭਾਵ ਸ਼ੁਕਰਾਣੂਆਂ ਦੇ ਅਤੇ ਆਂਡਿਆਂ ਦੇ, ਜਿਨ੍ਹਾਂ 'ਚ ਕ੍ਰੋਮੋਸੋਮਾਂ ਦੀ ਇਕਿਹਰੀ ਗਿਣਤੀ ਹੁੰਦੀ ਹੈ। ਕ੍ਰੋਮੋਸੋਮਾਂ ਦੇ ਇਕਿਹਰੇਪਣ ਵਾਲੀ ਸਥਿਤੀ ਨੂੰ ਹੀ ਉਪਰੋਕਤ ਪਦ ਦਰਸਾਉਂਦਾ ਹੈ।

Haplophyte (ਹੈਪਲੋਫ਼ਾਇਟ)

ਦੋ ਯੂਨਾਨੀ ਸ਼ਬਦ, ਹੈਪਲੂਸ (haploos) ਅਤੇ ਫਾਇਟਨ (phyton) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਸਰਲ' ਦੇ ਅਤੇ ਦੂਜੇ ਦੇ, 'ਬੂਟੇ' ਦੇ। ਉਸ ਬੂਟੇ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਿਆਂ ਸੈੱਲਾਂ 'ਚ ਕ੍ਰੋਮੋਸੋਮਾਂ ਦੀ ਇਕਿਹਰੀ ਗਿਣਤੀ ਹੁੰਦੀ ਹੈ। ਬੂਟਿਆਂ ਦੇ ਜੀਵਨ-ਕਾਲ ਨੂੰ ਦੋ ਪ੍ਰਤੱਖ ਪੱਖਾਂ 'ਚ ਵੰਡਿਆ ਜਾ ਸਕਦਾ ਹੈ, ਅਤੇ ਜਿਸ ਪੱਖ ਨੂੰ ਗੈਮੇੱਟੋਫਾਇਟ (gametophyte) ਸੱਦਿਆ ਜਾਂਦਾ ਹੈ, ਉਸ ਦੌਰਾਨ ਬੂਟਿਆਂ ਦੀ ਇਹੋ ਸਥਿਤੀ ਹੁੰਦੀ ਹੈ।

Haplosis (ਹੈਪਲੋੱਸਿਸ)

ਯੂਨਾਨੀ ਸ਼ਬਦ, ਹੈਪਲੂਸ (haploos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਸਰਲ' ਦੇ। ਇਹ ਪਦ ਉਸ ਪ੍ਰਕ੍ਰਿਆ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਸ ਦੁਆਰਾ ਕ੍ਰੋਮੋਸੋਮਾਂ ਦੀ ਦੂਹਰੀ ਗਿਣਤੀ, ਘੱਟ ਕੇ, ਇਕਿਹਰੀ ਹੋ ਜਾਂਦੀ ਹੈ। ਮੀਓਸਿਸ (meiosis) ਸੈੱਲ ਵੰਡਾਰੇ ਦੌਰਾਨ ਇਹੋ ਹੁੰਦਾ ਹੈ।

Haplotype (ਹੈਪਲੋੱਟਾਇਪ)

ਦੋ ਯੂਨਾਨੀ ਸ਼ਬਦ, ਹੈਪਲੂਸ (haploos) ਅਤੇ ਟਾਇਪਸ (typos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਸ਼ਬਦ ਦੇ ਅਰਥ ਹਨ 'ਸਰਲ' ਦੇ ਅਤੇ ਦੂਜੇ ਦੇ, 'ਨਮੂਨੇ' ਦੇ। ਇਕ ਦੂਜੀ ਨਾਲ ਸਬੰਧ ਰਖਦੀਆਂ ਜੀਵ-ਨਸਲਾਂ ਦੇ ਸਮੂਹ ਚੋਂ ਉਸ ਇਕ ਨਸਲ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਕਿ ਸਮੂਹ ਦੀ ਪ੍ਰਤਿਨਿਧਤਾ ਕਰੇ। ਭਾਵ, ਇਕ ਜਿਨਸ (genus) ਜਾਂ ਪ੍ਰਜਾਤੀ ਦੀਆਂ ਜਾਤੀਆਂ 'ਚੋਂ ਉਸ ਇਕ ਜਾਤੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਪ੍ਰਜਾਤੀ ਦੀ ਪ੍ਰਤਿਨਿਧ ਸਮਝੀ ਜਾ ਸਕਦੀ ਹੈ।

Haptotropism (ਹੈਪਟੋੱਟ੍ਰਾਪਿਜ਼ਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹੈਪਟੀਨ (haptein), ਜਿਸ ਦੇ ਅਰਥ ਹਨ 'ਛੂਹਣ' ਦੇ ਅਤੇ ਦੂਜਾ ਹੈ ਟ੍ਰਾਪਿ (trope), ਜਿਸ ਦੇ ਅਰਥ ਹਨ 'ਮੁੜਨ' ਦੇ। ਕਈ ਬੂਟੇ ਅਤੇ ਜਾਂ ਫਿਰ ਇਨ੍ਹਾਂ ਦੇ ਵਿਸ਼ੇਸ਼ ਅੰਗ ਅਜਿਹੇ ਹਨ, ਜਿਹੜੇ ਛੋਹ ਨਾਲ ਪ੍ਰਭਾਵਿਤ ਹੋ ਜਾਂਦੇ ਹਨ, ਜਿਵੇਂ ਕਿ ਛੂਈ-ਮੂਈ ਜਾਂ ਫਿਰ ਬੂਟਿਆਂ ਦੇ ਟੈਂਡਰਿਲ (tendril), ਜਿਹੜੇ ਨਿਰੋਲ ਸਪਰਸ਼ ਨਾਲ ਉਤੇਜਿਤ ਹੋ ਜਾਂਦੇ ਹਨ। ਬੂਟਿਆਂ ਦੀ ਇਸੇ ਵਿਸ਼ੇਸ਼ਤਾ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Hardy-weinberg principle (ਹਾਰਡਿ-ਵਿਨਬਰਗ ਪ੍ਰਿੰਸੀਪਲ)

ਅੰਗ੍ਰੇਜ਼ ਗਣਿਤ ਵਿਗਿਆਨੀ, ਹਾਰਡਿ ਅਤੇ ਜਰਮਨ ਜੀਵ-ਵਿਗਿਆਨੀ, ਵਿਨਬਰਗ ਨੇ, ਵਖਰੇ ਵਖਰੇ, 1908 'ਚ ਇਹ ਵਿਚਾਰ ਪੇਸ਼ ਕੀਤਾ ਕਿ ਇਕ ਸਾਰ ਦੁਆਲੇ 'ਚ ਵਿਚਰਦੀ ਜੀਵ-ਵਸੋਂ ਦਿਆਂ ਜੀਨਾਂ ਦੀ ਪੁਸ਼ਤ-ਦਰ-ਪੁਸ਼ਤ ਆਵ੍ਰਤੀ 'ਚ ਕੋਈ ਫ਼ਰਕ ਨਹੀਂ ਆਉਂਦਾ, ਜੇਕਰ ਇਸ ਵਸੋਂ 'ਚ ਜੀਵਾਂ ਦਾ ਨਾ ਆਵਾਸ ਹੋਵੇ ਅਤੇ ਨਾ ਹੀ ਪ੍ਰਵਾਸ, ਜੀਵਾਂ ਦੇ ਕੁਦਰਤੀ ਹੀ ਸੰਭੋਗੀ ਸਬੰਧ ਬਣਦੇ ਰਹਿਣ ਅਤੇ ਇਨ੍ਹਾਂ ਦੀ ਵਸੋਂ ਉਪਰ ਕੁਦਰਤੀ ਚੋਣ ਦਾ ਪ੍ਰਭਾਵ ਵੀ ਨਾ ਪਵੇ। ਇਸ ਧਾਰਨਾਂ ਨੂੰ ਅੱਜ ਪ੍ਰਮਾਣਿਕ ਸਿਧਾਂਤ ਵਜੋਂ ਸਵੀਕਾਰ ਕੀਤਾ ਜਾ ਰਿਹਾ ਹੈ।

Haustellum (ਹਾਸਟੈੱਲਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਹਾਰਿਅਰਿ (haurire) ਹੈ, ਜਿਸ ਦੇ ਅਰਥ ਹਨ 'ਸੁੜਾਕਣ' ਦੇ। ਕੀਟਾਂ ਦੇ ਉਸ ਪ੍ਰਕਾਰ ਦੇ ਮੂੰਹ-ਉਪਅਾਂਗਾਂ ਲਈ ਇਹ ਪਦ ਰਾਖਵਾਂ ਹੈ, ਜਿਸ ਦੁਆਰਾ ਇਹ ਰਸ ਚੂਸਦੇ ਹਨ। ਮੱਖੀ ਦੇ ਮੂੰਹ ਉਪਅਾਂਗ ਇਸੇ ਪ੍ਰਕਾਰ ਦੇ ਹਨ।

Haustarium (ਹਾਸਟੱਰੀਅਮ)

ਲਾਤੀਨੀ ਸ਼ਬਦ, ਹਾਰਿਆਰਿ (haurire) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਸੁੜਾਕਣ' ਦੇ। ਪ੍ਰਜੀਵੀ ਬੂਟਿਆਂ ਦੇ ਉਸ ਅੰਗ ਨੂੰ ਇਹ ਪਦ ਦਰਸਾਉਂਦਾ ਹੈ, ਜਿਸ ਦੁਆਰਾ ਇਹ ਮੀਜ਼ਬਾਨ ਬੂਟੇ ਦਾ ਰਸ ਚੂਸਦੇ ਹਨ।

He (ਐਚ ਈ)

ਹੀਲੀਅਮ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਇਹ ਸੰਕੇਤਕ ਚਿੰਨ੍ਹ ਹੈ, ਜਿਸ ਦਾ ਆਧਾਰ ਅੰਗ੍ਰੇਜ਼ੀ ਵਰਣਮਾਲਾ ਦੇ ਦੋ ਅੱਖਰ, ਐਚ (H) ਅਤੇ ਈ (e) ਹਨ।

Heart (ਹਾਰਟ)

ਆਮ ਵਰਤੋਂ 'ਚ ਆਉਣ ਵਾਲਾ ਇਹ ਪਦ ਪ੍ਰਾਣੀ ਸਰੀਰ ਦੇ ਇਕ ਮਹੱਤਵਪੂਰਨ ਕੇਂਦਰੀ ਅੰਗ ਲਈ ਰਾਖਵਾਂ ਹੈ, ਜਿਹੜਾ ਵਿਸ਼ੇਸ਼ ਪ੍ਰਕਾਰ ਦੀਆਂ ਮਾਸ-ਪੇਸ਼ੀਆਂ ਦਾ ਬਣਿਆ ਹੋਇਆ ਹੈ ਅਤੇ ਜਿਹੜਾ ਅੰਦਰੋਂ ਖੋਖਲਾ ਅਤੇ ਖਾਨਿਆਂ 'ਚ ਵੰਡਿਆ ਹੋਇਆ ਹੈ। ਇਹ ਅੰਗ ਨਿਰੰਤਰ ਧੜਕਦਾ ਹੋਇਆ, ਸਰੀਰ ਅੰਦਰ ਲਹੂ ਦੇ ਦੌਰੇ ਨੂੰ ਨਿਸ਼ਚਿਤ ਬਣਾਉਂਦਾ ਹੈ।

Heart beat (ਹਾਰਟ ਬੀਟ)

ਦਿਲ ਦੀ ਲੈਅਬੱਧ ਧੜਕਣ ਨੂੰ ਇਹ ਪਦ ਢਰਸਾਉਂਦਾ ਹੈ, ਜਿਹੜਾ ਕਿ ਇਕਸੁਰ ਨਿਰੰਤਰ ਸੁੰਗੜਦਾ ਅਤੇ ਪਸਰਦਾ ਰਹਿੰਦਾ ਹੈ।

Heart wood (ਹਾਰਟ ਵੁੱਡ)

ਰੁੱਖਾਂ ਦੇ ਤਣੇ ਅੰਦਰਲੇ ਗਹਿਰੇ ਰੰਗ ਦੇ ਗਠੀਲੇ ਕੇਂਦਰੀ ਭਾਗ ਨੂੰ ਇਹ ਪਦ ਦਰਸਾਉਂਦਾ ਹੈ। ਸਜੀਵ ਸੈੱਲਾਂ ਬਿਨਾਂ ਦੇ ਇਸ ਕਾਠ ਆਸਰੇ ਰੁੱਖ ਸਿੱਧੇ ਖਲੋਣ ਯੋਗ ਹੋ ਜਾਂਦੇ ਹਨ।

Heath (ਹੀਥ)

ਬੀੜ ਅੰਦਰ ਉਗਦੇ ਝਾੜਾਂ ਦੇ ਸਮੂਹ ਲਈ ਇਹ ਪਦ ਰਾਖਵਾਂ ਹੈ, ਜਿਹੜੇ ਹਰ ਪ੍ਰਕਾਰ ਦੀ ਭੂਮੀ 'ਚ ਉਗਣ ਯੋਗ ਹਨ।

Heavy hydrogen (ਹੈੱਵਿ ਹਾਈਡ੍ਰੋਜਨ)

ਡਯਟਿਅਰੀਅਮ (deuterium) ਦਾ ਇਹ ਆਮ ਵਰਤੋਂ 'ਚ ਆ ਰਿਹਾ ਨਾਮ ਹੈ।

Heavy water (ਹੈੱਵਿ ਵਾਟਰ)

ਜਿਸ ਪਾਣੀ 'ਚ ਸਾਧਾਰਨ ਹਾਈਡ੍ਰੋਜਨ ਦਾ ਸਥਾਨ ਡਯਟਿਅਰੀਅਮ (deuterium), ਭਾਵ ਹੈੱਵਿ ਹਾਈਡ੍ਰੋਜਨ ਨੇ ਲੈ ਰੱਖਿਆ ਹੋਵੇ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Hekistotherm (ਹਕਿਸਟੱਥਰਮ)

ਦੋ ਯੂਨਾਨੀ ਸ਼ਬਦ, ਹਕਿਸਟੱਸ (hekistos) ਅਤੇ ਥਰਮਿ (therme) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਘਟ' ਦੇ ਅਤੇ ਦੂਜੇ ਦੇ, 'ਤਪਸ਼' ਦੇ। ਆਰਕਟਿਕਾ ਅਤੇ ਐਂਟਆਰਕਟਿਕਾ ਜਿਹੇ ਠੰਢੇ-ਯਖ਼ ਖੇਤਰਾਂ 'ਚ ਉਗਦੇ ਬੂਟਿਆਂ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Heliophobe (ਹੀਲਿਅੱਫ਼ੋਬ)

ਯੂਨਾਨੀ ਸ਼ਬਦ, ਹੀਲਿਅੱਸ (helios) ਦੇ ਅਰਥ ਹਨ 'ਸੂਰਜ' ਦੇ ਅਤੇ ਫ਼ੋਬੱਸ (phobos) ਦੇ, 'ਡਰਨ' ਦੇ। ਇਹ ਦੋ ਯੂਨਾਨੀ ਸ਼ਬਦ ਉਪਰੋਕਤ ਪਦ ਦਾ ਆਧਾਰ ਹਨ, ਜਿਸ ਨੂੰ ਕਿ ਅਜਿਹੇ ਬੂਟਿਆਂ

ਦੇ ਸੁਭਾਅ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਹੜੇ ਛਾਂਵੇਂ ਵਧੀਆ ਫਲਦੇ-ਫੁਲਦੇ ਹਨ ਅਤੇ ਧੁੱਪੇ ਕੁਮਲਾ ਜਾਂਦੇ ਹਨ।

Heliophyte (ਹੀਲਿਅੱਫ਼ਾਇਟ)

ਯੂਨਾਨੀ ਸ਼ਬਦ, ਹੀਲਿਅੱਸ (helios) ਅਤੇ ਫ਼ਾਇਟਨ (phyton) ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਸੂਰਜ' ਦੇ ਅਤੇ ਦੂਜੇ ਦੇ 'ਬੂਟੇ' ਦੇ। ਧੁੱਪ 'ਚ ਵਧੀਆ ਫਲਦੇ-ਫੁਲਦੇ ਬੂਟਿਆਂ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Heliosis (ਹੀਲਿਅੱਸਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਹੀਲਿਅੱਸ (helios) ਹੈ, ਜਿਸ ਦੇ ਅਰਥ ਹਨ 'ਸੂਰਜ' ਦੇ। ਕਈ ਬੂਟੇ ਹਨ ਜਿਨ੍ਹਾਂ ਨੂੰ ਧੁੱਪ 'ਚ ਰੱਖਿਆਂ, ਇਨ੍ਹਾਂ ਦੇ ਪੱਤਰ ਬੇਰੰਗੇ ਧੱਬਿਆਂ ਨਾਲ ਚਿਤਲੇ ਜਾਂਦੇ ਹਨ। ਇਸੇ ਪ੍ਰਕ੍ਰਿਆ ਦਾ ਉਪਰੋਕਤ ਨਾਮ ਹੈ।

Helium (ਹੀਲਿਅਮ)

ਬਿਨਾਂ ਬੂ ਅਤੇ ਬਿਨਾਂ ਰੰਗ ਦੀ ਜਿਸ ਗੈਸ ਦਾ ਇਹ ਨਾਮ ਹੈ, ਉਹ ਜੇਕਰ ਬੋਝਲ ਹੈ ਤਾਂ ਕੇਵਲ ਹਾਈਡ੍ਰੋਜਨ ਤੋਂ। ਸੂਰਜ ਉਪਰ ਇਸ ਦੀ ਸਮ੍ਰਿਧ ਮੌਜੂਦਗੀ ਕਾਰਨ ਇਸ ਦਾ ਉਪਰੋਕਤ ਨਾਮ ਪਿਆ, ਇਸ ਲਈ ਕਿਉਂਕਿ ਯੂਨਾਨੀ ਸ਼ਬਦ, ਹੀਲਿਅੱਸ (helios) ਦੇ ਅਰਥ 'ਸੂਰਜ' ਦੇ ਹਨ।

Helix (ਹੀਲਿਕਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ 'ਵਲੇਵੇਂਦਾਰ' ਦੇ ਹਨ। ਇਸ ਪਦ ਨੂੰ ਡੀ ਐਨ ਏ ਦੀ ਦੋ ਲੜੀਆਂ ਵਾਲੀ ਵਲੇਵੇਂਦਾਰ ਬਣਤਰ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Helminth (ਹੈਲਮਿਨਥ)

ਯੂਨਾਨੀ ਸ਼ਬਦ, ਹੈਲਮਿਨਸ (helmins) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਮਲੱਪ' ਦੇ। ਧਰਤੀ ਉਪਰ ਵਿਛੇ ਹੋਏ ਲਮੂੰਤਰੇ ਸਰੀਰ ਵਾਲੇ ਪ੍ਰਾਣੀਆਂ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ, ਜਿਹੜੇ ਆਪਣੀ ਨੁਹਾਰ 'ਚ ਗੋਲ ਵੀ ਹਨ ਅਤੇ ਚਪਟੇ ਵੀ ਅਤੇ ਜਿਨ੍ਹਾਂ ਚੋਂ ਵਧੇਰੇ ਪ੍ਰਜੀਵੀ ਜੀਵਨ ਭੋਗਦੇ ਹਨ।

Helminthology (ਹੈਲਮਿਨਥਾੱਲਜਿ)

ਦੋ ਯੂਨਾਨੀ ਸ਼ਬਦ, ਹੈਲਮਿਨਸ (helimins) ਅਤੇ ਲੋਗੱਸ (logos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਮਲੱਪ' ਦੇ ਅਤੇ ਦੂਜੇ ਦੇ, 'ਅਧਿਐਨ' ਦੇ। ਹੈਲਮਿਨਥ ਮਲੱਪਾਂ ਦਾ ਅਧਿਐਨ ਕਰਦੇ ਵਿਸ਼ੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Hemelytron (ਹੈਮੈਲਿਟਰਾੱਨ)

ਇਸ ਪਦ ਨੂੰ ਬਣਾਉਣ ਵਾਲੇ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹੀਮਿ (hemi), ਜਿਸ ਦੇ ਅਰਥ ਹਨ 'ਅੱਧੇ' ਦੇ ਅਤੇ ਦੂਜਾ ਹੈ ਇਲਿਟ੍ਰਾਨ (elytron), ਜਿਸ ਦੇ ਅਰਥ ਹਨ 'ਪਰ' ਦੇ। ਕੁਝ ਕੀਟ ਹਨ, ਜਿਵੇਂ ਕਿ ਕਪਾਹ ਦੇ ਬੂਟੇ ਉਪਰ ਰਹਿੰਦੀ ਲਾਲ ਭੂੰਡੀ (red cotton bug), ਜਿਨ੍ਹਾਂ ਦੇ ਅਗਲੇ ਪਰ ਅੱਧੇ ਕਰੜੇ ਅਤੇ ਅੱਧੇ ਝਿਲੀਦਾਰ ਹਨ। ਅਜਿਹੇ ਪਰ ਲਈ ਹੀ ਉਪਰੋਕਤ ਪਦ ਵਰਤਿਆ ਜਾਂਦਾ ਹੈ।

Hemichordates (ਹੈਮਿਕਾਰਡੇਟਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹੀਮਿ (hemi), ਜਿਸ ਦੇ ਅਰਥ ਹਨ 'ਅੱਧੇ' ਦੇ ਅਤੇ ਦੂਜਾ ਹੈ ਕਾਰਡੀ (chorde), ਜਿਸ ਦੇ ਅਰਥ ਹਨ 'ਡੋਰ' ਦੇ। ਪ੍ਰਾਰੰਭਕ ਬਣਤਰ ਵਾਲੇ ਰੀੜ੍ਹ ਸਹਿਤ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਸਾਗਰਵਾਸੀ ਹਨ ਅਤੇ ਜਿਨ੍ਹਾਂ ਦੀ ਅਵਿਕਸਿਤ ਨੋਟੋਕਾਰਡ ਹੈ।

Hemimetabolic insects (ਹੈਮਿਮੈਟੱਬੱਲਿਕ ਇਨਸੈੱਕਟਸ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਹੀਮਿ (hemi) ਅਤੇ ਮੈਟੱਬੱਲੀ (metabole), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੱਧੇ' ਦੇ ਅਤੇ ਦੂਜੇ ਦੇ, 'ਪਰਿਵਰ੍ਤਨ' ਦੇ। ਪਦ ਦੇ ਦੂਜੇ ਭਾਗ ਦੇ ਅਰਥ ਹਨ 'ਕੀਟਾਂ' ਦੇ। ਉਪਰੋਕਤ ਪਦ ਉਨ੍ਹਾਂ ਕੀਟਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਜੀਵਨੀ ਦੇ ਮੁੱਢਲੇ ਪੜਾਅ ਨੁਹਾਰ ਪਖੋਂ ਹਨ ਭਾਵੇਂ ਪ੍ਰੋਢ ਜਿਹੇ, ਪਰ ਇਹ ਆਕਾਰ 'ਚ ਛੋਟੇ ਅਤੇ ਪਰਾਂ ਬਿਨਾਂ ਹੁੰਦੇ ਹਨ। ਕਪਾਹ ਦੀ ਲਾਲ ਭੂੰਡੀ, ਖਟਮਲ, ਬੀਂਡਾ ਅਤੇ ਟਿੱਡੇ ਇਸੇ ਪ੍ਰਕਾਰ ਦੇ ਕੀਟ ਹਨ।

Hemiptera (ਹੈਮਿਪਟਰਾ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਹੀਮਿ (hemi), ਜਿਸਦੇ ਅਰਥ ਹਨ 'ਅੱਧੇ' ਦੇ ਅਤੇ ਟੈਰਿਕਸ (pteryx), ਜਿਸ ਦੇ ਅਰਥ ਹਨ 'ਪਰ' ਦੇ। ਇਕ ਕੀਟ ਵਰਗ (insect order) ਦਾ ਉਪਰੋਕਤ ਨਾਮ ਹੈ, ਜਿਸ 'ਚ ਅਜਿਹੀਆਂ ਭੂੰਡੀਆਂ ਸ਼ਾਮਲ ਹਨ, ਜਿਨ੍ਹਾਂ ਦੇ ਅਗਲੇ ਪਰ ਅੱਧੇ ਸਖ਼ਤ ਅਤੇ ਅੱਧੇ ਝਿਲੀਦਾਰ ਨਰਮਾਹਟ ਵਾਲੇ ਹਨ। ਇਸ ਵਰਗ 'ਚ ਸ਼ਾਮਲ ਕੀਟ ਹਨ: ਕਪਾਹ ਦੀ ਲਾਲ ਭੂੰਡੀ, ਖਟਮਲ, ਐਫਿਸ (ਤੇਲਾ), ਬੀਂਡਾ ਆਦਿ।

Heparin (ਹਿਪੈਰਿਨ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਹਿੱਪਰ (heper) ਹੈ, ਜਿਸ ਦੇ ਅਰਥ ਹਨ 'ਜਿਗਰ' ਦੇ। ਜਿਗਰ 'ਚੋਂ ਉਪਜਦੇ ਇਕ ਰਸਾਇਣ ਦਾ ਇਹ ਨਾਮ ਹੈ, ਜਿਹੜਾ ਲਹੂ ਨੂੰ ਬੁਥਿਆਉਣ ਨਹੀਂ ਦਿੰਦਾ।

Hepatic portal system (ਹਿਪੈਟਿਕ ਪੋਰਟਲ ਸਿਸਟਮ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਯੂਨਾਨੀ ਸ਼ਬਦ, ਹਿੱਪਰ (heper) ਹੈ, ਜਿਸ ਦੇ ਅਰਥ ਹਨ 'ਜਿਗਰ' ਦੇ; ਦੂਜੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਪੋਰਟੱ (porta) ਹੈ, ਜਿਸ ਦੇ ਅਰਥ ਹਨ 'ਦੁਆਰ' ਦੇ ਅਤੇ ਤੀਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਤੇ 'ਪ੍ਰਣਾਲੀ' ਲਈ ਵਰਤਿਆ ਜਾਂਦਾ ਸ਼ਬਦ ਹੈ। ਸਰੀਰ ਅੰਦਰਲੀ ਲਹੂ ਪ੍ਰਣਾਲੀ ਦੇ ਉਸ ਭਾਗ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੁਆਰਾ ਹਜ਼ਮ ਹੋਕੇ ਲਹੂ 'ਚ ਸਮਾਏ ਖ਼ੁਰਾਕੀ ਤੱਤ, ਪੋਰਟਲ ਰਗ (portal vein) ਰਾਹੀਂ, ਜਿਗਰ 'ਚ, ਅਗਲੀਆਂ ਪ੍ਰਕ੍ਰਿਆਵਾਂ ਲਈ ਖਿੰਡ-ਪੁੰਡ ਜਾਂਦੇ ਹਨ ਅਤੇ ਜਿਥੋਂ ਫਿਰ ਇਹ, ਹਿਪੈਟਕ ਰਗ (hepatic vein) ਰਾਹੀਂ, ਸਰੀਰਕ ਅੰਗਾਂ ਦੀ ਲੋੜ ਅਨੁਕੂਲ, ਉਨ੍ਹਾਂ ਤਕ ਪੁੱਜਦੇ ਰਹਿੰਦੇ ਹਨ।

Herb (ਹਰਬ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਹਰਬੱ (herba) ਹੈ, ਜਿਸ ਦੇ ਅਰਥ ਹਨ 'ਸਾਵੀ ਬੂਟੀ' ਦੇ। ਉਪਰੋਕਤ ਪਦ ਬਿਨਾਂ ਤਣੇ ਵਾਲੀ ਜੜ੍ਹਦਾਰ ਬੂਟੀ ਲਈ ਵਰਤੋਂ 'ਚ ਆ ਰਿਹਾ ਹੈ।

Herbicide (ਹਰਬਿਸਾਇਡ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ। ਪਦ ਦਾ ਪਹਿਲਾ ਭਾਗ ਹਰਬੱ (herba) ਦੀ ਦੇਣ ਹੈ, ਜਿਸ ਦੇ ਅਰਥ ਹਨ 'ਸਾਵੀ ਬੂਟੀ' ਦੇ; ਅਤੇ ਦੂਜਾ ਭਾਗ ਸਿੱਡ (cida) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਮਾਰਨ' ਦੇ। ਉਪਰੋਕਤ ਪਦ ਬੂਟੀਨਾਸ਼ਕ ਦਵਾਈਆਂ ਲਈ ਆਮ ਵਰਤਿਆ ਜਾਂਦਾ ਹੈ।

Herbivore (ਹਰਬਿਵੋਰ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਹਰਬੱ (hreba) ਅਤੇ ਵੋਰੇਰੱ (vorare)

ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਸਾਵੀ ਬੂਟੀ' ਦੇ ਅਤੇ 'ਖਾਣ' ਦੇ। ਜਿਸ ਪ੍ਰਾਣੀ ਦੇ ਅਹਾਰ ਦਾ ਆਧਾਰ ਘਾਹ ਜਾਂ ਜੜੀਆਂ ਤੇ ਬੂਟੀਆਂ ਹਨ, ਉਸ ਲਈ ਉਪਰੋਕਤ ਪਦ ਰਾਖਵਾਂ ਹੈ।

Heredity (ਹਿਰਿਡਿਟਿ)

ਲਾਤੀਨੀ ਸ਼ਬਦ, ਹਿਰਿਡਿਟਸ (hereditas) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਵਿਰਾਸਤ' ਦੇ। ਮਾਂ-ਪਿਓ ਤੋਂ ਸੰਤਾਨ ਨੂੰ ਵਿਰਸੇ 'ਚ ਮਿਲਣ ਵਾਲੇ ਜੀਨ-ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਤੋਂ ਅਗਾਂਹ ਸੰਤਾਨ 'ਚ ਸਰੀਰਕ ਅਤੇ ਮਾਨਸਿਕ ਵਿਸ਼ੇਸ਼ਤਾਵਾਂ ਪੁੰਗਰਦੀਆਂ ਹਨ।

Hermaphrodite (ਹੈਰਮੈਫਰੱਡਾਇਟ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਹੈਰਮੈਫ਼ਰੱਡਿਟਸ (hermaphroditos) ਹੈ, ਜਿਸ ਦੇ ਅਰਥ 'ਦੋਵਾਂ ਲਿੰਗਾਂ ਨੂੰ ਰਲਾ ਦੇਣ' ਦੇ ਹਨ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਦੀ ਵਰਤੋਂ ਵਿਸ਼ੇਸ਼ਣ ਵਜੋਂ ਕੀਤੀ ਜਾਂਦੀ ਹੈ, ਜਿਨ੍ਹਾਂ 'ਚ ਇਕ ਦੀ ਬਜਾਏ, ਦੋਵੇਂ ਲਿੰਗ-ਪ੍ਰਣਾਲੀਆਂ ਨਾਲ ਨਾਲ ਸਥਿਤ ਹਨ, ਜਿਵੇਂ ਕਿ ਗੰਡਗੰਡੋਏ (earthworm) ਅੰਦਰ।

Herpetile (ਹੈਰਪੱਟਾਇਲ)

ਇਸ ਪਦ ਦਾ ਸ੍ਰੋਤ ਯੂਨਾਨੀ ਸ਼ਬਦ, ਹੈਰਪੱਟਾਨ (herpeton) ਹੈ, ਜਿਸ ਦੇ ਅਰਥ ਹਨ 'ਵਿਸਰਪੀ ਪ੍ਰਾਣੀ' ਦੇ। ਉਪਰੋਕਤ ਪਦ ਵਿਸਰਪੀ ਪ੍ਰਾਣੀਆਂ (ਮੱਗਰ-ਮੱਛ, ਕਿਰਲੇ, ਸੱਪ, ਕੱਛੂ), ਡੱਡੂਆਂ ਅਤੇ ਇਨ੍ਹਾਂ ਦੇ ਸਬੰਧੀਆਂ ਲਈ ਸਾਂਝੇ ਤੌਰ 'ਤੇ ਵਰਤਿਆ ਜਾਂਦਾ ਹੈ।

Herpetology (ਹੈਰਪੱਟਾਲੱਜਿ)

ਦੋ ਯੂਨਾਨੀ ਸ਼ਬਦਾਂ ਦੀ ਇਹ ਪਦ ਦੇਣ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਹੈਰਪੱਟਾਨ (herpeton), ਜਿਸ ਦੇ ਅਰਥ ਹਨ 'ਵਿਸਰਪੀ ਪ੍ਰਾਣੀ' ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਇਹ ਨਾਮ ਹੈ, ਜਿਸ ਦਾ ਸਬੰਧ ਵਿਸਰਪੀ ਪ੍ਰਾਣੀਆਂ ਬਾਰੇ ਗਿਆਨ ਨਾਲ ਹੈ।

Hesperidin (ਹੈਸਪੈਰਿਡਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਹੈਸਪਰਿਡਿਜ਼ (hesperides) ਹੈ, ਜਿਸ ਨੂੰ ਯੂਨਾਨੀ ਮਿਥਿਹਾਸ 'ਚੋਂ ਲਿਆ ਗਿਆ ਹੈ। ਉਪਰੋਕਤ ਪਦ ਵਿਟਾਮਿਨ ਪੀ (P) ਲਈ ਵਰਤਿਆ ਜਾਂਦਾ ਹੈ, ਜਿਹੜਾ ਕਿ ਨਿੰਬੂਆਂ-ਸੰਗਤਰਿਆਂ ਦੇ ਛਿਲੜਾਂ 'ਚ ਅਧਿਕ ਮਾਤ੍ਰਾ 'ਚ ਮਿਲਦਾ ਹੈ।

Hesperidium (ਹੈਸਪੈਰਿਡਿਅਮ)

ਇਸ ਪਦ ਦਾ ਆਧਾਰ ਯੂਨਾਨੀ ਮਿਥਿਹਾਸ 'ਚੋਂ ਲਿਆ ਗਿਆ ਹੈਸਪੱਰਿਡਿਜ਼ (hesperides) ਸ਼ਬਦ ਹੈ। ਇਹ ਪਦ ਸੰਗਤਰੇ, ਨਿੰਬੂ ਜਿਹੇ ਫਲਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਅੰਦਰ ਫਾਕਾਂ ਹੁੰਦੀਆਂ ਹਨ ਅਤੇ ਬਾਹਰ ਪੋਲਾ ਮੁਸਾਮਦਾਰ ਛਿਲੜ ਹੁੰਦਾ ਹੈ।

Heteroauxin (ਹੈਟਰੱਆਕਸਿਨ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਹੈਟਰੱਸ (heteros), ਜਿਸ ਦੇ ਅਰਥ ਹਨ 'ਵਖਰੇ' ਦੇ ਅਤੇ ਦੂਜਾ ਹੈ ਆਕਸੀਨ (auxein), ਜਿਸ ਦੇ ਅਰਥ ਹਨ 'ਫੁਟਾਰੇ' ਦੇ। ਬੂਟਿਆਂ ਦੇ ਫੁਟਾਰੇ ਲਈ ਜ਼ਿੰਮੇਵਾਰ ਇਕ ਰਸ (ਹਾਰਮੋਨ) ਦਾ ਇਹ ਨਾਮ ਹੈ, ਜਿਸ ਦਾ ਫਫੂੰਦੀਆਂ (ਉੱਲੀਆਂ) ਸਮ੍ਰਿਧ ਸ੍ਰੋਤ ਹਨ।

Heterocarpous (ਹੈਟਰੱਕਾਰਪਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹੈਟਰੱਸ (heteros), ਜਿਸ ਦੇ ਅਰਥ ਹਨ 'ਵਖਰੇ' ਦੇ ਅਤੇ ਦੂਜਾ ਹੈ

ਕਾਰਪਸ (karpos), ਜਿਸ ਦੇ ਅਰਥ ਹਨ 'ਫਲ' ਦੇ। ਉਨ੍ਹਾਂ ਪੌਦਿਆਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਨਾਲ ਦੋ ਪ੍ਰਕਾਰ ਦੇ ਫਲ ਲਗਦੇ ਹਨ।

Heterocercal (ਹੈਟਰੋੱਸਰਕੈਲ)

ਇਸ ਪਦ ਦਾ ਸ੍ਰੋਤ ਦੋ ਯੂਨਾਨੀ ਸ਼ਬਦ ਹਨ, ਪਹਿਲਾ ਹੈਟਰੋੱਸ (heteros), ਜਿਸ ਦੇ ਅਰਥ ਹਨ 'ਵਖਰੇ' ਦੇ ਅਤੇ ਦੂਜਾ ਕਰਕੋੱਸ (kerkos), ਜਿਸ ਦੇ ਅਰਥ ਹਨ 'ਪੂਛ' ਦੇ। ਦੋ ਖੰਨਾਂ ਵਾਲੀ ਪੂਛ ਦੀਆਂ ਮਾਲਿਕ ਮੱਛੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਪੂਛ ਦਾ ਉਪਰਲਾ ਖੰਨ ਹੇਠਲੇ ਨਾਲੋਂ ਵੱਡਾ ਹੁੰਦਾ ਹੈ।

Heterodont (ਹੈਟਰੋੱਡਾਂਟ)

ਯੂਨਾਨੀ ਸ਼ਬਦ, ਹੈਟਰੋੱਸ (heteros) ਇਸ ਪਦ ਦੇ ਪਹਿਲੇ ਭਾਗ ਦਾ ਸ੍ਰੋਤ ਹੈ, ਜਦ ਕਿ ਯੂਨਾਨੀ ਸ਼ਬਦ, ਅਡੋੱਸ (odous) ਇਸ ਦੇ ਦੂਜੇ ਭਾਗ ਦਾ; ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵਖਰੇ' ਦੇ ਅਤੇ 'ਦੰਦ' ਦੇ। ਉਸ ਪ੍ਰਕਾਰ ਦੀ ਦੰਦਬੀੜ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਅੰਦਰਲੇ ਦੰਦ ਇਕਸਾਰ ਨਹੀਂ ਹੁੰਦੇ, ਜਿਵੇਂ ਕਿ ਪਸ਼ੂਆਂ ਦੇ ਅਤੇ ਮਨੁੱਖ ਦੇ, ਜਿਨ੍ਹਾਂ ਦੇ ਦੋ ਪ੍ਰਕਾਰ ਦੀਆਂ ਜਾੜ੍ਹਾਂ ਹਨ, ਸੂਏ ਹਨ ਅਤੇ ਮੂਹਰਲੇ ਦੰਦ ਇਨ੍ਹਾਂ ਨਾਲੋਂ ਭਿੰਨ ਹਨ।

Heterolysis (ਹੈਟਰੋੱਲਾਇਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹੈਟਰੋੱਸ (heteros), ਜਿਸ ਦੇ ਅਰਥ ਹਨ 'ਵਖਰੇ' ਦੇ; ਅਤੇ ਦੂਜਾ ਹੈ ਲਾਇਸਿਸ (lysis), ਜਿਸ ਦੇ ਅਰਥ ਹਨ 'ਢਿੱਲਾ ਕਰਨ' ਦੇ। ਆਪਣੇ ਅੰਦਰੋਂ ਉਪਜਾਏ ਐਨਜ਼ਾਈਮ ਦੀ ਬਜਾਏ, ਬਾਹਰੋਂ ਸੈੱਲ ਅੰਦਰ ਪ੍ਰਵੇਸ਼ ਕੀਤੇ ਅਨਜ਼ਾਈਮ ਦੁਆਰਾ ਸੈੱਲ ਦੇ ਖੁਰਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤੋਂ ਰਾਖਵਾਂ ਹੈ।

Heterotrophic (ਹੈਟਰੋੱਟਰੋੱਫ਼ਿਕ)

ਯੂਨਾਨੀ ਸ਼ਬਦ, ਹੈਟਰੋੱਸ (heteros) ਅਤੇ (trophe) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਵਖਰੇ' ਦੇ ਅਤੇ ਦੂਜੇ ਦੇ 'ਆਹਾਰ' ਦੇ। ਉਪਰੋਕਤ ਪਦ ਉਨ੍ਹਾਂ ਜੀਵਾਂ ਲਈ ਰਾਖਵਾਂ ਹੈ, ਜਿਹੜੇ ਹੋਰਨਾਂ ਦੀ ਉਪਜਾਈ ਖ਼ੁਰਾਕ ਉਪਰ ਨਿਰਭਰ ਜੀਵਨ ਭੋਗਦੇ ਹਨ ਅਤੇ ਅਜਿਹੇ ਜੀਵ ਹਨ: ਸਾਰੇ ਪ੍ਰਾਣੀ, ਉੱਲੀਆਂ (ਫਫੂੰਦੀਆਂ) ਅਤੇ ਕੀਟਾਣੂ।

Hetrozygous (ਹੈਟੋੱਰਜ਼ਾਇਗਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਹੈਟਰੋੱਸ (heteros), ਜਿਸ ਦੇ ਅਰਥ ਹਨ 'ਵਖਰੇ' ਦੇ ਅਤੇ ਦੂਜਾ ਜ਼ਾਇਗਨ (zygon), ਜਿਸ ਦੇ ਅਰਥ ਹਨ 'ਜੋੜੀਦਾਰ' ਦੇ। ਸਮਰੂਪੀ (homologous) ਕ੍ਰੋਮੋਸੋਮਾਂ ਦੇ ਜੋੜੇ ਉਪਰ ਆਹਮਣੇ-ਸਾਹਮਣੇ ਸਥਿਤ ਜੀਨ ਜੇਕਰ ਸਰੀਰ ਦੀ ਉਸੇ ਵਿਸ਼ੇਸ਼ਤਾ ਲਈ ਜ਼ਿੰਮੇਵਾਰ ਨਾ ਹੋਣ, ਤਦ ਅਜਿਹੀ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Hexacanth (ਹੈਕਸਾਕੈਂਥ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਹੈਕਸ (hex) ਅਤੇ ਅਕੈਂਥਾੱ (akantha) ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਛੇ' ਦੇ ਅਤੇ ਦੂਜੇ ਦੇ 'ਕੰਡੇ' ਦੇ। ਟੇਪ-ਮਲ੍ਹੱਪ (tape-worm) ਦੇ ਲਾਰਵੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦੇ 6 ਨੁਕੀਲੇ ਹੁੱਕ ਹਨ, ਜਿਨ੍ਹਾਂ ਦਾ ਇਹ ਉਪਯੋਗ ਮੀਜ਼ਬਾਨ ਪ੍ਰਾਣੀ ਦੀ ਪਾਚਨ-ਨਾਲੀ ਦੀ ਦੀਵਾਰ 'ਚੋਂ ਦੀ ਪਾਰ ਹੋਣ ਲਈ ਕਰਦਾ ਹੈ।

Hexapod (ਹੈਕਸਾਪੋੱਡ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ: ਪਹਿਲਾ ਹੈਕਸ (hex), ਜਿਸ ਦੇ ਅਰਥ ਹਨ

'ਛੇ' ਦੇ ਅਤੇ ਦੂਜਾ ਪਾਉਸ (pous), ਜਿਸ ਦੇ ਅਰਥ ਹਨ 'ਪੈਰ' ਦੇ। ਛੇ ਟੰਗੇ ਪ੍ਰਾਣੀਆਂ, ਭਾਵ ਕੀਟਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Hexicology (ਹੈਕਸਿਕਾਲੱਜਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ, ਹੈਕਸਿਸ (hexis) ਅਤੇ ਲੋਗੱਸ (logos) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵਿਚਰਨ ਢੰਗ' ਦੇ ਅਤੇ 'ਅਧਿਐਨ' ਦੇ। ਜੀਵਾਂ ਦੇ ਪਰਿਸਥਿਤੀ-ਵਿਗਿਆਨ (bionomics) ਲਈ ਉਪਰੋਕਤ ਪਦ ਰਾਖਵਾਂ ਹੈ।

Hibernation (ਹਾਇਬਰਨੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਹਿਬਰਨਸ (hibernus) ਹੈ, ਜਿਸ ਦੇ ਅਰਥ ਹਨ 'ਸਰਦੀ' ਦੇ। ਪ੍ਰਾਣੀਆਂ ਦੇ ਸਿਆਲ ਦੀ ਰੁੱਤ ਦੌਰਾਨ, ਬਿਨਾਂ ਹਿਲ-ਜੁਲ ਦੇ ਤੇ ਬਿਨਾਂ ਖਾਧਿਆਂ-ਪੀਤਿਆਂ, ਆਲਸੀ ਸਿਥਲਤਾ ਵਾਲਾ ਜੀਵਨ ਬਿਤਾਉਣ ਦੀ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਡੱਡੂ, ਸੱਪ, ਕਿਰਲੇ ਤੇ ਕਿਰਲੀਆਂ ਸਿਆਲ ਦੀ ਰੁੱਤ ਇਸੇ ਪ੍ਰਕਾਰ ਬਿਤਾਉਂਦੇ ਹਨ, ਜਿਸ ਦੌਰਾਨ ਇਨ੍ਹਾਂ ਦਾ ਸਰੀਰਕ ਤਾਪਮਾਨ ਦੁਆਲੇ ਵਿਆਪਕ ਤਾਪਮਾਨ ਦੇ ਪ੍ਰਭਾਵ ਅਧੀਨ ਥੱਲੇ ਆ ਜਾਂਦਾ ਹੈ।

Hind brain (ਹਾਇੰਡ ਬ੍ਰੇਨ)

ਦਿਮਾਗ਼ ਦੇ ਪਿਛਲੇ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ 'ਚ ਮੈਡੁਲਾ ਆਬਲਾਂਗੇਟਾ (medulla ablongata), ਪਾਨਸ (pons) ਅਤੇ ਸੇੱਰਿਬੇਲੱਮ (cerebellum) ਸ਼ਾਮਲ ਹਨ।

Hind gut (ਹਾਇੰਡ ਗੱਟ)

ਪਾਚਨ ਨਾਲੀ ਦੇ ਪਿਛਲੇ ਭਾਗ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ 'ਚ ਕੋਲਨ (colon) ਅਤੇ ਰੈਕਟਮ (rectum) ਸ਼ਾਮਲ ਹਨ।

Hippocampus (ਹਿੱਪੋਕੈਂਪੱਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ ਪਹਿਲਾ, ਹਿਪਸ (hippos), ਜਿਸ ਦੇ ਅਰਥ ਹਨ 'ਘੋੜੇ' ਦੇ ਅਤੇ ਦੂਜਾ ਕਾਂਪੀ (kampe), ਜਿਸ ਦੇ ਅਰਥ ਹਨ, 'ਮੋੜ' ਦੇ। ਸਮੁੰਦਰੀ ਘੋੜੇ ਨੂੰ ਉਪਰੋਕਤ ਨਾਮ ਨਾਲ ਸੱਦਿਆ ਜਾਂਦਾ ਹੈ ਅਤੇ ਜਿਸ ਦੀ ਨੁਹਾਰ ਵਾਲੇ ਦਿਮਾਗ਼ ਦੇ ਉਸ ਭਾਗ ਲਈ ਵੀ ਇਹੋ ਪਦ ਰਾਖਵਾਂ ਹੈ, ਜਿਸ 'ਚੋਂ ਮਾਨਸਿਕ ਪ੍ਰਵਿਰਤੀਆਂ ਅਤੇ ਮਨ ਦੇ ਰਉਂ ਜਨਮ ਲੈਂਦੇ ਹਨ ਅਤੇ ਯਾਦਾਸ਼ਤ ਦੇ ਦਿਮਾਗ਼ ਅੰਦਰ ਖੁਣੇ ਜਾਣ ਨਾਲ ਵੀ ਜਿਸ ਦਾ ਸਬੰਧ ਹੈ।

Hirudin (ਹਿਰਯੁਡਿਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਹਿਰਯੁਡੱ (hirudo) ਹੈ, ਜਿਸ ਦੇ ਅਰਥ ਹਨ 'ਜੋਕ' ਦੇ। ਚੂਸਣ ਤੋਂ ਪਹਿਲਾਂ ਜੋਕ ਲਹੂ ਨਾਲ ਇਕ ਅਜਿਹਾ ਰਸਾਇਣ ਮਿਲਾ ਦਿੰਦੀ ਹੈ, ਜਿਹੜਾ ਇਸ ਦੇ ਮੂੰਹ ਅੰਦਰੋਂ ਰਿਸਦਾ ਹੈ ਅਤੇ ਜਿਸ ਕਰਕੇ ਲਹੂ ਜੰਮਦਾ ਨਹੀਂ। ਇਸੇ ਰਸਾਇਣ ਦਾ ਉਪਰੋਕਤ ਨਾਮ ਹੈ।

Hirudinea (ਹਿਰਯੁਡਿਨੀਆ)

ਲਾਤੀਨੀ ਸ਼ਬਦ, ਹਿਰਯੁਡੱ (hirudo) ਇਸ ਪਦ 'ਚ ਸਮਾਇਆ ਹੋਇਆ ਹੈ, ਜਿਸ ਦੇ ਅਰਥ ਹਨ 'ਜੋਕ' ਦੇ। ਪ੍ਰਾਣੀਆਂ ਦੀ ਉਸ ਸ਼੍ਰੇਣੀ (class) ਦਾ ਇਹ ਵਿਗਿਆਨਕ ਨਾਮ ਹੈ, ਜਿਸ 'ਚ ਜੋਕਾਂ ਅਤੇ ਇਨ੍ਹਾਂ ਜਿਹੇ ਹੋਰ ਮਲ੍ਹੱਪ ਸ਼ਾਮਲ ਹਨ ਅਤੇ ਜਿਹੜੀ ਕਿ ਆਪ ਅਗੋਂ ਐਨੱਲਿਡ ਕਬੀਲੇ (phylum) ਦਾ ਭਾਗ ਹੈ।

Histidine (ਹਿਸਟਿਡਿਨ)

ਮਾਨਵੀ ਪ੍ਰਕ੍ਰਿਆਵਾਂ 'ਚ ਭਾਗ ਲੈਣ ਵਾਲੇ ਉਸ ਐਮਿਨੋ ਐਸਿਡ ਦਾ ਇਹ ਨਾਮ ਹੈ, ਜਿਸ ਨੂੰ ਸਰੀਰ ਆਪ ਨਹੀਂ ਉਪਜਾਉਂਦਾ ਅਤੇ ਇਸੇ ਲਈ ਖ਼ੁਰਾਕ ਦੁਆਰਾ ਇਸ ਨੂੰ ਪ੍ਰਾਪਤ ਕਰਨਾ ਜ਼ਰੂਰੀ ਹੈ।

Histochemistry (ਹਿਸਟੱਕੈਮਿਸਟਰਿ)

ਇਸ ਪਦ ਦਾ ਭਾਗ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹਿਸਟੱਸ (histos), ਜਿਸ ਦੇ ਅਰਥ ਹਨ 'ਸਰੀਰਕ ਬੁਣਤ' ਦੇ, ਭਾਵ ਟਿੱਸ਼ੂ (tissue) ਦੇ ਅਤੇ ਦੂਜਾ ਹੈ ਕੀਮੀਆ (chemeia), ਜਿਸ ਦੇ ਅਰਥ ਹਨ 'ਰਸਾਇਣਕ ਉਧੇੜ ਬੁਣ' ਦੇ। ਸਰੀਰਕ ਬੁਣਤਾਂ ਦਾ ਰਸਾਇਣਕ ਪਖੋਂ ਅਧਿਐਨ ਕਰਦੀ ਵਿਗਿਆਨਕ ਸ਼ਾਖ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Histogenesis (ਹਿਸਟੱਜੇਨੱਸਿਸ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਹਿਸਟੱਸ (histos), ਜਿਸ ਦੇ ਅਰਥ ਹਨ 'ਸਰੀਰਕ ਬੁਣਤ', ਭਾਵ ਟਿੱਸ਼ੂ (tissue) ਦੇ ਅਤੇ ਦੂਜਾ ਜੇਨੱਸਿਸ (genesis), ਜਿਸ ਦੇ ਅਰਥ ਹਨ 'ਉਤਪਤੀ' ਦੇ। ਉਪਰੋਕਤ ਪਦ ਸਰੀਰ ਅੰਦਰਲੀਆਂ ਅਜਿਹੀਆਂ ਪ੍ਰਕ੍ਰਿਆਵਾਂ ਦੇ ਸਮੂਹ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦਾ ਸਬੰਧ ਬੁਣਤਾਂ (ਟਿੱਸ਼ੂਆਂ) ਦੀ ਉਪਜ ਅਤੇ ਪ੍ਰਗਤੀ ਨਾਲ ਹੈ।

Histology (ਹਿਸਟੌਲਜਿ)

ਦੋ ਯੂਨਾਨੀ ਸ਼ਬਦ, ਹਿਸਟੱਸ (histos) ਅਤੇ ਲੋਗੱਸ (logos) ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਸਰੀਰਕ ਬੁਣਤ' ਭਾਵ ਟਿੱਸ਼ੂ (tissue) ਦੇ ਅਤੇ 'ਅਧਿਐਨ' ਦੇ। ਵਿਗਿਆਨ ਦੀ ਉਸ ਸ਼ਾਖ਼ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਸਰੀਰਕ ਬੁਣਤਾਂ ਦੇ ਖ਼ੁਰਦਬੀਨ ਦੁਆਰਾ ਕੀਤੇ ਜਾਂਦੇ ਵਿਸਤ੍ਰਿਤ ਅਧਿਐਨ ਨਾਲ ਹੈ।

Histolysis (ਹਿਸਟੌਲਿਸਿਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹਿਸਟੱਸ (histos), ਜਿਸ ਦੇ ਅਰਥ ਹਨ 'ਸਰੀਰਕ ਬੁਣਤ', ਭਾਵ ਟਿੱਸ਼ੂ (tissue) ਦੇ ਅਤੇ ਦੂਜਾ ਹੈ ਲਿਅਨ (lyein), ਜਿਸ ਦੇ ਅਰਥ ਹਨ 'ਖੁਰ ਜਾਣ' ਦੇ। ਸਰੀਰ ਅੰਦਰਲੀ ਉਸ ਪ੍ਰਕ੍ਰਿਆ ਨੂੰ ਇਸ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸ ਕਾਰਨ ਨਕਾਰਾ ਹੋਏ ਸੈੱਲ, ਆਪਣੇ ਹੀ ਅੰਦਰੋਂ ਉਪਜੇ ਐਨਜ਼ਾਈਮਾਂ ਦੁਆਰਾ ਆਪਣੇ-ਆਪ ਖੁਰ ਕੇ ਅਲੋਪ ਹੋ ਜਾਂਦੇ ਹਨ।

Histone (ਹਿਸਟੋਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਹਿਸਟੱਸ (histos) ਹੈ, ਜਿਸ ਦੇ ਅਰਥ ਹਨ 'ਸਰੀਰਕ ਬੁਣਤ', ਭਾਵ ਟਿੱਸ਼ੂ (tissue) ਦੇ। ਪਰ ਉਪਰੋਕਤ ਪਦ ਉਸ ਸਡੌਲ ਅਤੇ ਸਥਿਰ ਬਣਤਰ ਵਾਲੀ ਪ੍ਰੋਟੀਨ ਦਾ ਨਾਮ ਹੈ, ਜਿਹੜੀ ਕ੍ਰੋਮੋਸੋਮਾਂ ਅੰਦਰ ਡੀ ਐਨ ਏ ਦੇ ਪੈਕਿੰਗ ਪਦਾਰਥ ਵਜੋਂ ਵਰਤੋਂ 'ਚ ਆਉਂਦੀ ਹੈ।

Holocene (ਹਾਲੱਸੀਨ)

ਦੋ ਯੂਨਾਨੀ ਸ਼ਬਦ, ਹਾਲੱਸ (holos) ਅਤੇ ਕੇਨੱਸ (kainos) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਮੁੱਚੇ' ਦੇ ਅਤੇ 'ਵਰਤਮਾਨ' ਦੇ। ਪ੍ਰਿਥਵੀ ਦੇ ਇਤਿਹਾਸ ਨੂੰ ਦੌਰਾਂ (eras), ਯੁਗਾਂ (periods) ਅਤੇ ਜ਼ਮਾਨਿਆਂ (epochs) 'ਚ ਵੰਡਿਆ ਗਿਆ ਹੈ ਅਤੇ ਬੀਤ ਰਹੇ ਵਰਤਮਾਨ ਜ਼ਮਾਨੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Holoenzyme (ਹਾਲੱਐਨਜ਼ਾਈਮ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ। ਇਨ੍ਹਾਂ ਚੋਂ ਪਹਿਲਾ ਹੈ ਹਾਲੱਸ (holos), ਜਿਸ ਦੇ ਅਰਥ ਹਨ 'ਸਮੁੱਚੇ' ਦੇ ਅਤੇ ਦੂਜਾ ਹੈ ਐਨਜ਼ਾਈਮ (enzyme), ਜਿਸ ਦੇ ਅਰਥ ਹਨ 'ਖ਼ਮੀਰੀ ਅਣੂ' ਦੇ। ਦੋ ਭਾਗਾਂ ਵਾਲੇ ਉਸ ਐਨਜ਼ਾਈਮ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਚੋਂ ਇਕ ਦਾ ਪ੍ਰੋਟੀਨੀ ਸੁਭਾਅ ਹੁੰਦਾ ਹੈ ਅਤੇ ਦੂਜੇ ਦਾ ਗ਼ੈਰ-ਪ੍ਰੋਟੀਨੀ ਸੁਭਾਅ, ਅਤੇ ਜਿਨ੍ਹਾਂ ਦੇ ਇਕ

ਦੂਜੇ ਨਾਲ ਪ੍ਰਣਾਇਆਂ ਬਿਨਾਂ ਐਨਜ਼ਾਈਮ ਕ੍ਰਿਆਸ਼ੀਲ ਨਹੀਂ ਹੁੰਦਾ। ਐਨਜ਼ਾਈਮ ਦਾ ਗ਼ੈਰ-ਪ੍ਰੋਟੀਨੀ ਭਾਗ ਖਣਿਜ ਪਦਾਰਥ ਜਾਂ ਫਿਰ ਕੋਈ ਨਾ ਕੋਈ ਵਿਟਾਮਿਨ ਹੁੰਦਾ ਹੈ, ਜਿਸ ਨੂੰ ਸਰੀਰ ਖ਼ੁਰਾਕ ਦੁਆਰਾ ਹੀ ਪ੍ਰਾਪਤ ਕਰਦਾ ਹੈ।

Holometabolism (ਹਾਲੱਮਟੈਬੱਲਿਜ਼ਮ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਹਾਲੱਸ (holos), ਜਿਸ ਦੇ ਅਰਥ ਹਨ 'ਸੰਪੂਰਣ' ਦੇ ਅਤੇ ਦੂਜਾ ਮਟੈਬੱਲਿ (metabole), ਜਿਸ ਦੇ ਅਰਥ ਹਨ 'ਪਰਿਵਰਤਨ' ਦੇ। ਉਪਰੋਕਤ ਪਦ ਉਸ ਪ੍ਰਕ੍ਰਿਆ ਲਈ ਵਰਤੋਂ 'ਚ ਆਉਂਦਾ ਹੈ, ਜਿਹੜੀ ਅਜਿਹੇ ਕੀਟਾਂ ਦੀ ਵਿਸ਼ੇਸ਼ਤਾ ਹੈ, ਜਿਨ੍ਹਾਂ ਦੀ ਜੀਵਨੀ ਦੇ ਭਿੰਨ ਭਿੰਨ ਪੜਾਅ ਇਕ ਦੂਜੇ ਨਾਲੋਂ ਸਰੀਰਕ ਬਣਤਰ 'ਚ ਵਖਰੇ ਹੁੰਦੇ ਹਨ। ਅਜਿਹੇ ਕੀਟ ਹਨ ਤਿਤਲੀਆਂ, ਭੰਵਟ, ਆਮ ਮੱਖੀ, ਮਧੂ-ਮੱਖੀ, ਭੂੰਡੀਆਂ ਆਦਿ, ਜਿਨ੍ਹਾਂ ਦੇ ਦਿੱਤੇ ਆਂਡਿਆਂ ਚੋਂ ਪਹਿਲਾਂ ਸੁੰਡੀਆਂ ਦਾ ਜਨਮ ਹੁੰਦਾ ਹੈ, ਜਿਹੜੀਆਂ ਪਿਛੋਂ ਪਿਊਪਿਆਂ ਦਾ ਰੂਪ ਧਾਰ ਲੈਂਦੀਆਂ ਹਨ ਅਤੇ ਇਨ੍ਹਾਂ ਪਿਊਪਿਆਂ ਤੋਂ ਫਿਰ ਪਰਦਾਰ ਪ੍ਰੌਢ ਜਨਮ ਲੈ ਲੈਂਦੇ ਹਨ।

Holophytic (ਹਾਲੱਫ਼ਿਟਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਹਾਲੱਸ (holos), ਜਿਸ ਦੇ ਅਰਥ ਹਨ 'ਸੰਪੂਰਣ' ਦੇ ਅਤੇ ਦੂਜਾ ਫ਼ਾਇਟਨ (phyton), ਜਿਸ ਦੇ ਅਰਥ ਹਨ 'ਪੌਦੇ' ਦੇ। ਉਪਰੋਕਤ ਪਦ ਜੀਵਾਂ ਦੀ ਉਸ ਆਹਾਰ ਪ੍ਰਾਪਤੀ ਦੀ ਵਿਧੀ ਲਈ ਵਰਤਿਆ ਜਾਂਦਾ ਵਿਸ਼ੇਸ਼ਣ ਹੈ ਜਿਹੜੀ ਕਿ ਨਿਰੋਲ ਪੌਦਿਆਂ ਦੀ ਵਿਸ਼ੇਸ਼ਤਾ ਹੈ।

Holothuria (ਹਾਲੱਥੁਰਿਆ)

ਇਕਾਇਨੱਡਰਮ (echinoderm) ਪ੍ਰਾਣੀਆਂ ਦੇ ਕਬੀਲੇ ਦੀ ਇਕ ਸ਼੍ਰੇਣੀ ਦਾ ਇਹ ਨਾਮ ਹੈ। ਇਸ ਸ਼੍ਰੇਣੀ 'ਚ ਸ਼ਾਮਲ ਪ੍ਰਾਣੀਆਂ ਦੇ ਸਰੀਰ ਗੋਲ ਅਤੇ ਲਮੂੰਤਰੇ ਹਨ ਅਤੇ ਇਹ ਬਿਨਾਂ ਬਾਜ਼ੂਆਂ ਦੇ ਹਨ। ਖੀਰੇ ਨਾਲ ਮਿਲਦੀ-ਜੁਲਦੀ ਸਰੀਰਕ ਨੁਹਾਰ ਵਾਲੇ ਇਨ੍ਹਾਂ ਪ੍ਰਾਣੀਆਂ ਨੂੰ ਸੀ-ਕਯੂਕਮਬਰ (sea-cucumber) ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

Holotype (ਹਾਲੱਟਾਇਪ)

ਦੋ ਯੂਨਾਨੀ ਸ਼ਬਦ, ਹਾਲੱਸ (holos) ਅਤੇ ਟਾਇਪਸ (typos) ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਸੰਪੂਰਣ' ਦੇ ਅਤੇ ਦੂਜੇ ਦੇ, 'ਸੈਂਪਲ' ਦੇ ਜਾਂ 'ਨਮੂਨੇ' ਦੇ। ਉਸ ਜੀਵ ਨੂੰ ਇਸ ਖ਼ਿਤਾਬ ਨਾਲ ਨਿਵਾਜਿਆ ਜਾਂਦਾ ਹੈ, ਜਿਸ ਦੀਆਂ ਸਰੀਰਕ ਵਿਸ਼ੇਸ਼ਤਾਵਾਂ ਨੂੰ ਨਵੀਂ ਨਸਲ ਦੀ ਉਪਾਧੀ ਦਾ ਆਧਾਰ ਮੰਨ ਲਿਆ ਜਾਂਦਾ ਹੈ।

Holozoic (ਹਾਲੱਜ਼ੁਇਕ)

ਇਸ ਪਦ ਦੇ ਰਚਣਹਾਰ ਦੋ ਯੂਨਾਨੀ ਸ਼ਬਦ ਹਨ, ਹਾਲੱਸ (holos) ਅਤੇ ਜ਼ੁਅਨ (zoon), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸੰਪੂਰਨ' ਦੇ ਅਤੇ 'ਪ੍ਰਾਣੀ' ਦੇ। ਇਹ ਪਦ ਜੀਵਾਂ ਦੀ ਅਹਾਰ ਪ੍ਰਾਪਤ ਕਰਨ ਦੀ ਵਿਧੀ ਦਾ ਪ੍ਰਤੀਕ ਹੈ ਅਤੇ ਇਹ ਪ੍ਰਾਣੀਆਂ ਦੀ ਖ਼ੁਰਾਕ ਪ੍ਰਾਪਤੀ ਲਈ ਅਪਣਾਈ ਗਈ ਵਿਧੀ ਲਈ ਵਰਤਿਆ ਜਾਂਦਾ ਪਦ ਹੈ, ਜਿਹੜੇ ਕਿ ਆਪਣੀ ਖ਼ੁਰਾਕ ਆਪ ਨਹੀਂ ਉਪਜਾਉਂਦੇ ਅਤੇ ਜਿਹੜੇ ਹੋਰਨਾਂ ਦੀ ਉਪਜਾਈ ਖ਼ੁਰਾਕ ਉਪਰ ਨਿਰਭਰ ਜੀਵਨ ਭੋਗਦੇ ਹਨ।

Homeostasis (ਹਾਮਿਔਸਟੈਸਿਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਹਾਮੱਇਓਸ (homoios), ਜਿਸ ਦੇ ਅਰਥ ਹਨ 'ਸੰਤੁਲਨ' ਦੇ ਅਤੇ ਦੂਜਾ ਹੈ ਸਟੈਸਿੱਸ (stasis), ਜਿਸ ਦੇ ਅਰਥ ਹਨ 'ਸਥਿਤੀ' ਦੇ ਜਾਂ 'ਪਦਵੀ' ਦੇ। ਸਰੀਰਕ ਕ੍ਰਿਆਵਾਂ ਜੇਕਰ ਪ੍ਰਸਪਰ ਸੁਮੇਲ ਵਾਲੀ ਸਥਿਤੀ 'ਚ

ਹੋਣ ਤਾਂ ਉਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀਆਂ ਕਿ ਵਾਤਾਵਰਣ ਅੰਦਰਲੇ ਉਤਾਰ-ਚੜ੍ਹਾਅ ਤੋਂ ਪ੍ਰਭਾਵਿਤ ਨਹੀਂ ਹੁੰਦੀਆਂ ਅਤੇ ਜਿਨ੍ਹਾਂ ਦਾ ਸਰੀਰ ਅੰਦਰਲਾ ਕਾਇਮ ਹੋਇਆ ਸੰਤੁਲਨ ਦੁਆਲੇ ਦੇ ਪਰਿਵਰਤਨਾਂ ਦੇ ਸਨਮੁੱਖ ਡੋਲਦਾ ਨਹੀਂ।

Home range (ਹੋਮ ਰੇਂਜ)

ਇਸ ਪਦ 'ਚ ਸਾਧਾਰਨ ਵਰਤੋਂ 'ਚ ਆਉਣ ਵਾਲੇ ਦੋ ਸ਼ਬਦ ਸਮਾਏ ਹੋਏ ਹਨ, ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਟਿਕਾਣੇ' ਦੇ ਅਤੇ ਦੂਜੇ ਦੇ 'ਖੇਤਰ' ਦੇ। ਜੰਗਲੀ ਪ੍ਰਾਣੀ ਆਪੋ-ਆਪਣੇ ਨਿਰਧਾਰਤ ਟਿਕਾਣਿਆਂ 'ਤੇ ਜੇਕਰ ਲੰਮੇ ਸਮੇਂ ਤਕ ਰਹਿੰਦੇ ਰਹਿਣ, ਤਦ ਇਨ੍ਹਾਂ ਟਿਕਾਣਿਆਂ ਦੁਆਲੇ ਦੇ ਖੇਤਰਾਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Hominidae (ਹਾੱਮਿਨਿਡਿ)

ਪਸ਼ੂ ਸ਼੍ਰੇਣੀ ਦੇ ਇਕ ਕੁਟੰਬ (family) ਦਾ ਇਹ ਨਾਮ ਹੈ, ਜਿਸ 'ਚ ਇਕੋ ਇਕ ਜੀਨਸ (genus) ਹੋਮੋ (Homo) ਸ਼ਾਮਲ ਹੈ, ਅਤੇ ਇਹ ਜੀਨਸ ਮਨੁੱਖ ਦਾ ਹੈ, ਜਿਸ ਦੀ ਕੇਵਲ ਇਕੋ ਇਕ ਨਸਲ (species) ਅੱਜ ਜਿਉਂਦੀ ਵਿਚਰ ਰਹੀ ਹੈ, ਹੋਮੋ ਸੇਪੀਅਨਜ਼ (Homo sapiens) ਨਸਲ।

Hominoidea (ਹਾੱਮਿਨਾਇਡਿਆ)

ਪਸ਼ੂ ਸ਼੍ਰੇਣੀ ਦੇ ਉਸ ਉਚ-ਕੁਟੰਬ ਜਾਂ ਪਰਾ-ਕੁਟੰਬ (super family) ਦਾ ਇਹ ਨਾਮ ਹੈ, ਜਿਸ 'ਚ ਮਨੁੱਖ, ਮਨੁੱਖ ਦੇ ਲੁਪਤ ਹੋ ਚੁੱਕੇ ਪੂਰਵਜ ਅਤੇ ਅੱਜ ਵਿਚਰਦੇ ਬਣਮਾਨਸਾਂ ਦੀਆਂ ਚਾਰ ਨਸਲਾਂ ਸ਼ਾਮਲ ਹਨ।

Homo (ਹੋਮੋ)

ਮਨੁੱਖ ਦੇ ਜੀਨਸ (genus) ਜਾਂ ਪ੍ਰਜਾਤੀ ਦਾ ਇਹ ਵਿਗਿਆਨਕ ਨਾਮ ਹੈ। ਅੱਜ ਤਾਂ ਇਸ ਜੀਨਸ ਦੀ ਇਕੋ ਇਕ ਨਸਲ, ਸੇਪੀਅਨਜ਼ (sapiens) ਜਿਉਂਦੀ ਵਿਚਰ ਰਹੀ ਹੈ, ਪਰ ਇਸ ਦੀਆਂ ਕੁਝ ਕੁ ਹੋਰ ਨਸਲਾਂ, ਤੀਹ-ਚਾਲੀ ਲੱਖ ਵਰ੍ਹੇ ਪਹਿਲਾਂ, ਸੰਸਾਰ ਵਿਖੇ ਵਿਚਰੀਆਂ ਸਨ, ਜਿਹੜੀਆਂ ਸਮੇਂ ਨਾਲ ਫਿਰ ਲੁਪਤ ਹੋ ਗਈਆਂ ਅਤੇ ਜਿਨ੍ਹਾਂ ਦੇ ਨਾਮ ਹਨ: ਹੋਮੋ ਹੈਬਿਲਿਸ (H.habils), ਹੋਮੋ ਇਰੈਕਟੱਸ (H. erectus), ਹੋਮੋ ਅਰਗੈੱਸਟਰ (H. ergaster) ਆਦਿ।

Homocercal (ਹਾੱਮੱਸਰਕਲ)

ਦੋ ਯੂਨਾਨੀ ਸ਼ਬਦ, ਹਾੱਮੱਸ (Homos) ਅਤੇ ਕਰਕੱਸ (Kerkos), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕਸਾਰ' ਜਾਂ 'ਇਕੋ ਜਿਹੇ' ਦੇ ਅਤੇ 'ਪੂਛ' ਦੇ। ਮੱਛੀਆਂ ਦੀ ਅਜਿਹੀ ਪੂਛ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦੇ ਦੋ ਖੰਨ ਹੁੰਦੇ ਹਨ, ਉਪਰਲਾ ਅਤੇ ਹੇਠਲਾ, ਅਤੇ ਇਹ ਦੋਵੇਂ ਇਕੋ ਆਕਾਰ ਦੇ ਹੁੰਦੇ ਹਨ।

Homodont (ਹਾੱਮੱਡਾਂਟ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਹਾੱਮੱਸ (homos), ਜਿਸ ਦੇ ਅਰਥ ਹਨ 'ਇਕਸਾਰ' ਦੇ ਜਾਂ 'ਇਕੋ ਜਿਹੇ' ਦੇ ਅਤੇ ਦੂਜਾ ਹੈ ਓਡਸ (odous), ਜਿਦ ਦੇ ਅਰਥ ਹਨ ਦੰਦ ਦੇ। ਉਨ੍ਹਾਂ ਪ੍ਰਾਣੀਆਂ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਦੰਦਬੀੜ ਅੰਦਰਲੇ ਸਾਰੇ ਦੰਦ ਇਕਸਾਰ ਬਣਤਰ ਦੇ ਹੁੰਦੇ ਹਨ। ਮੱਛੀਆਂ, ਡੱਡੂ ਅਤੇ ਵਿਸਰਪੀ ਪ੍ਰਾਣੀ ਇਸੇ ਪ੍ਰਕਾਰ ਦੀ ਦੰਦਬੀੜ ਦੇ ਮਾਲਿਕ ਪ੍ਰਾਣੀ ਹਨ।

Homologous (ਹਾੱਮੱਲੱਗਸ)

'ਅਨੁਰੂਪਕਤਾ' ਨੂੰ ਦਰਸਾਉਂਦਾ ਇਹ ਯੂਨਾਨੀ ਸ਼ਬਦ ਹੈ ਅਤੇ ਇਸ ਦਾ ਉਪਯੋਗ ਪ੍ਰਾਣੀਆਂ ਦੇ ਅਜਿਹੇ ਅੰਗਾਂ ਲਈ ਕੀਤਾ ਜਾਂਦਾ ਹੈ, ਜਿਹੜੇ

ਅਪਣੀ ਬਣਤਰ 'ਚ ਅਨੁਰੂਪਕ, ਭਾਵ ਇਕ ਸਮਾਨ ਹੁੰਦੇ ਹਨ, ਕ੍ਰਿਆ ਭਾਵੇਂ ਇਹ ਇਕ ਸਮਾਨ ਨਾ ਵੀ ਨਿਭਾਉਣ, ਜਿਵੇਂ ਮਨੁੱਖ ਦੀਆਂ ਬਾਹਵਾਂ, ਪੰਛੀਆਂ ਦੇ ਪਰ, ਮੱਛੀਆਂ ਦੇ ਅਗਲੇ ਖੰਭੜੇ ਅਤੇ ਘੋੜੇ ਦੀਆਂ ਅਗਲੀਆਂ ਟੰਗਾਂ।

Homonym (ਹਾੱਮੱਨਿਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਹਾੱਮੱਸ (homos), ਜਿਸ ਦੇ ਅਰਥ ਹਨ 'ਇਕਸਾਰ' ਦੇ ਜਾਂ 'ਇਕੋ ਜਿਹੇ' ਦੇ ਅਤੇ ਦੂਜਾ ਹੈ ਅਨਿਮੱ (onyma), ਜਿਸ ਦੇ ਅਰਥ ਹਨ 'ਨਾਮ' ਦੇ। ਪ੍ਰਾਣੀ ਦੇ ਪਹਿਲਾਂ ਤੋਂ ਹੀ ਵਰਤੋਂ 'ਚ ਆ ਰਹੇ ਵਿਗਿਆਨਕ ਨਾਮ ਲਈ, ਜਿਸ ਦੀ ਹੋਰ ਪ੍ਰਾਣੀ ਲਈ ਵਰਤੋਂ ਨੂੰ ਉਚਿਤ ਨਹੀਂ ਗਿਣਿਆ ਜਾਂਦਾ, ਇਹ ਪਦ ਰਾਖਵਾਂ ਹੈ।

Homophyllous (ਹਾੱਮੱਫ਼ਾਇਲੱਸ)

ਹਾੱਮੱਸ (homos) ਅਤੇ ਫਾਇਲਨ (phyllon), ਦੋ ਯੂਨਾਨੀ ਸ਼ਬਦ ਇਸ ਪਦ ਦਾ ਅਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕਸਾਰ' ਦੇ ਅਤੇ 'ਪੱਤਰ' ਦੇ। ਉਸ ਬੂਟੇ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦੇ ਸਾਰੇ ਪੱਤਰ ਇਕਸਾਰ ਬਣਤਰ ਦੇ ਹੁੰਦੇ ਹਨ।

Homopterous (ਹਾੱਮੱਪਟਰਸ)

ਦੋ ਯੂਨਾਨੀ ਸ਼ਬਦ, ਹਾੱਮੱਸ (homos) ਅਤੇ ਪਟਰੱਨ (pteron), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕਸਾਰ' ਦੇ ਅਤੇ 'ਪਰ' ਦੇ। ਉਨ੍ਹਾਂ ਕੀਟਾਂ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਦੇ ਦੋਵੇਂ, ਅਗਲੇ ਅਤੇ ਪਿਛਲੇ ਪਰ ਇਕਸਾਰ ਹੁੰਦੇ ਹਨ।

Homosporous (ਹਾੱਮੱਸਪੱਰੱਸ)

ਦੋ ਯੂਨਾਨੀ ਸ਼ਬਦ, (homos) ਅਤੇ ਸਪੋਰੱਸ (sporos) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕੋ ਜਿਹੇ' ਦੇ ਅਤੇ 'ਬੀਜ' ਦੇ। ਉਸ ਬੂਟੇ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ, ਜਿਹੜਾ ਇਕ ਪ੍ਰਕਾਰ ਦੇ ਬੀਅ ਉਪਜਾਉਂਦਾ ਹੈ।

Homotherm (ਹਾੱਮੱਥਰਮ)

ਇਸ ਪਦ ਦਾ ਮੂਲ ਦੋ ਯੂਨਾਨੀ ਸ਼ਬਦ ਹਨ, ਇਕ ਹਾੱਮੱਸ (homos), ਜਿਸ ਦੇ ਅਰਥ ਹਨ "ਇਕਸਾਰ" ਦੇ ਅਤੇ ਦੂਜਾ ਥਰਮੀ (therme), ਜਿਸ ਦੇ ਅਰਥ ਹਨ 'ਹਰਾਰਤ' ਦੇ। ਉਸ ਪ੍ਰਾਣੀ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਸਰੀਰਕ ਤਾਪਮਾਨ ਹਰ ਰੁੱਤ 'ਚ ਅਪ੍ਰਭਾਵਿਤ ਰਹਿੰਦਾ ਹੋਇਆ, ਇਕਸਾਰ ਬਣਿਆ ਰਹਿੰਦਾ ਹੈ। ਅਜਿਹੇ ਪ੍ਰਾਣੀ ਹਨ ਪਸ਼ੂ ਅਤੇ ਪੰਛੀ।

Homozygous (ਹਾੱਮੱਜ਼ਾਇਗਸ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਦਾ ਭਾਗ ਹਨ, ਉਹ ਹਨ ਹਾੱਮਸ (homos) ਅਤੇ ਜ਼ਾਇਗਨ (zygon) ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕੋ ਜਿਹੇ' ਦੇ ਅਤੇ 'ਜੋਟੀਦਾਰ' ਦੇ। ਅਨੁਰੂਪੀ ਕ੍ਰੋਮੋਸੋਮਾਂ ਉਪਰ ਸਥਿਤ ਜੋਟੀਦਾਰ ਜੀਨਾਂ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ, ਜਿਹੜੇ ਕਿ ਇਕੋ ਪ੍ਰਕਾਰ ਦੀ ਸਰੀਰਕ ਵਿਸ਼ੇਸ਼ਤਾ ਉਪਜਾਉਂਦੇ ਹਨ।

Homunculus (ਹਾੱਮੱਅੰਕਯੂਲਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵਾਮਨ' ਦੇ ਜਾਂ 'ਬੌਣੇ ਮਨੁੱਖ' ਦੇ। ਲੰਬੇ ਸਮੇਂ ਤਕ ਇਹ ਵਿਚਾਰ ਬਣਿਆ ਰਿਹਾ ਕਿ ਸ਼ੁਕਰਾਣੂ 'ਚ ਮਨੁੱਖ ਦਾ ਲਘੂ ਆਕਾਰ ਸਮਾਇਆ ਹੁੰਦਾ ਹੈ, ਜਿਸ ਲਈ ਉਪਰੋਕਤ ਪਦ ਦੀ ਵਰਤੋਂ ਹੁੰਦੀ ਰਹੀ ਸੀ।

Honey (ਹਨੀ)

ਮਧੂ ਜਾਂ ਸ਼ਹਿਦ ਲਈ ਇਹ ਪਦ

ਵਰਤਿਆ ਜਾਂਦਾ ਹੈ, ਜਿਸ ਨੂੰ ਕਿ ਮਧੂ-ਮੱਖੀ ਫੁੱਲਾਂ ਤੋਂ ਇਕੱਤਰ ਕੀਤੇ ਮਰਕੰਦ ਨੂੰ ਖੰਡ ਅਤੇ ਐਨਜ਼ਾਈਮਾਂ ਨਾਲ ਰਲਾ ਕੇ ਉਗਲਦੀ ਰਹਿੰਦੀ ਹੈ।

Honey-dew (ਹਨੀ-ਡਯੂ)

ਐਫ਼ਿਸ ਮੱਖੀਆਂ (aphids) ਦੇ ਸਰੀਰ 'ਚੋਂ ਰਿਸਦੇ ਲੇਸਦਾਰ ਮਿਠਾਸ ਭਿੰਨੇ ਰਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਸਾਵੇ-ਪੱਤਰਾਂ ਉਪਰ ਜੰਮਿਆ ਹੋਇਆ ਤ੍ਰੇਲ-ਤੁਪਕਿਆਂ ਜਿਹਾ ਲਗਦਾ ਹੈ।

Hookworm (ਹੁੱਕਵਰਮ)

ਇਕ ਪ੍ਰਜੀਵੀ ਮਲ੍ਹੱਪ ਦਾ ਆਮ ਵਰਤੋਂ 'ਚ ਆ ਰਿਹਾ ਇਹ ਨਾਮ ਹੈ, ਜਿਹੜਾ ਨੇਮੱਟੋਡ (nematode) ਕਬੀਲੇ ਦਾ ਪ੍ਰਾਣੀ ਹੈ ਅਤੇ ਜਿਹੜਾ ਮਨੁੱਖ ਦੀਆਂ ਆਂਦਰਾਂ 'ਚ ਵਾਸ ਕਰਦਾ ਹੋਇਆ, ਲਹੂ ਚੂਸਦਾ ਰਹਿੰਦਾ ਹੈ। ਇਸ ਦਾ ਵਿਗਿਆਨਕ ਨਾਮ ਨਿਕੇਟਰ (Necator) ਹੈ ਅਤੇ ਸਫਾਈ ਮੰਗਦੇ ਮੈਲੇ-ਗੰਦੇ ਦੁਆਲੇ 'ਚ ਇਸ ਦੀ ਲਾਗ ਨੰਗੇ ਪੈਰਾਂ ਵਾਲੇ ਵਿਅਕਤੀਆਂ ਨੂੰ ਅਗਾਂਹ ਤੋਂ ਅਗਾਂਹ ਲਗਦੀ ਰਹਿੰਦੀ ਹੈ।

Hormones (ਹਾਰਮੋਨਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਹਾਰਮਇਨ (harmaein) ਹੈ, ਜਿਸ ਦੇ ਅਰਥ 'ਉਤੇਜਿਤ ਕਰਨ' ਦੇ ਹਨ। ਨਲਕੀ ਰਹਿਤ ਗ੍ਰੰਥੀਆਂ (ਗਲੈਂਡਜ਼) 'ਚੋਂ ਰਿਸਦੇ ਰਸਾਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਰਸ, ਲਹੂ ਦੁਆਰਾ, ਪ੍ਰਭਾਵਿਤ ਹੋਣ ਵਾਲੇ ਅੰਗਾਂ ਜਾਂ ਟਿਸ਼ੂਆਂ (ਬੁਣਤਾਂ) ਤਕ ਪੁੱਜ ਕੇ, ਉਨ੍ਹਾਂ ਦੀ ਕ੍ਰਿਆਸ਼ੀਲਤਾ ਨੂੰ ਉਤੇਜਿਤ ਕਰਦੇ ਰਹਿੰਦੇ ਹਨ।

Host (ਹੋਸਟ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਹਸਪਿਜ਼ (hospes) ਹੈ, ਜਿਸ ਦੇ ਅਰਥ ਹਨ 'ਮੀਜ਼ਬਾਨ' ਦੇ। ਮੀਜ਼ਬਾਨ ਜੀਵ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਉਪਰ ਪ੍ਰਜੀਵ ਪਲਦਾ ਹੈ। ਅਜਿਹੇ ਪੋਸ਼ਕੀ ਆਧਾਰ ਵਾਲੇ ਸਬੰਧ ਆਰਜ਼ੀ ਵੀ ਹੋ ਸਕਦੇ ਹਨ ਅਤੇ ਜੀਵਨ ਭਰ ਲਈ ਵੀ।

Humerus (ਹਯੂਮਰੱਸ)

ਇਹ ਲਾਤੀਨੀ ਸ਼ਬਦ ਹੈ ਜਿਸ ਦੇ ਅਰਥ ਹਨ 'ਮੋਢੇ' ਦੇ। ਪਰ ਵਿਗਿਆਨਕ ਪ੍ਰਸੰਗ 'ਚ, ਰੀੜ੍ਹ-ਸਹਿਤ ਪ੍ਰਾਣੀਆਂ ਦੇ ਡੌਲੇ ਅੰਦਰਲੀ ਹੱਡੀ ਦਾ ਇਹ ਨਾਮ ਹੈ, ਜਿਹੜੀ ਉਪਰਲੇ ਸਿਰੇ ਤੋਂ ਮੋਢੇ ਦੀ ਹੱਡੀ ਨਾਲ ਜੁੜੀ ਹੁੰਦੀ ਹੈ ਅਤੇ ਹੇਠਲੇ ਸਿਰੇ 'ਤੇ ਕੂਹਣੀ ਨਾਲ।

Humus (ਹਯੂਮਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਭੂਮੀ' ਦੇ। ਉਪਰੋਕਤ ਪਦ ਨੂੰ ਪਰ ਕਾਲੀ ਭੂਮੀ ਲਈ ਵਿਸ਼ੇਸ਼ ਵਰਤਿਆ ਜਾਂਦਾ ਹੈ, ਜਿਸ ਦਾ ਕਾਲਾ ਰੰਗ ਗਲ-ਸੜ੍ਹ ਰਹੇ ਪੱਤਰਾਂ ਦੇ ਇਸ ਅੰਦਰ ਸਮਾਏ ਹੋਏ ਹੋਣ ਕਾਰਨ ਹੁੰਦਾ ਹੈ। ਕਾਸ਼ਤ ਲਈ ਅਤੇ ਬਾਗ਼ਬਾਨੀ ਲਈ ਇਹ ਉਪਯੋਗੀ ਭੂਮੀ ਇਸ ਲਈ ਹੈ, ਕਿਉਂਕਿ ਇਹ ਪੌਸ਼ਟਿਕਤਾ 'ਚ ਸਮ੍ਰਿਧ ਹੁੰਦੀ ਹੈ ਅਤੇ ਜਲ ਵੀ ਇਸ ਅੰਦਰ ਵਧੀਕ ਸਮੇਂ ਤਕ ਰਚਿਆ ਰਹਿੰਦਾ ਹੈ।

Husk (ਹੱਸਕ)

ਦਾਣਿਆਂ-ਦਾਲਾਂ ਦੇ ਬਾਹਰੀ ਛਿੱਲੜ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਨੂੰ ਫੱਕ ਅਤੇ ਫੋਕ ਵੀ ਸੱਦਿਆ ਜਾਦਾ ਹੈ।

Hyaline cartilage (ਹਾਇਲਿਨ ਕਾਰਟਿਲਿਜ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਯੂਨਾਨੀ ਸ਼ਬਦ, ਹਾਇਲੱਸ (hyalos) ਹੈ, ਜਿਸ ਦੇ ਅਰਥ ਹਨ 'ਨਿਰਮਲ ਪਾਰਦਰਸ਼ਤਾ' ਦੇ। ਪਦ ਦਾ ਦੂਜਾ ਭਾਗ ਲਾਤੀਨੀ ਸ਼ਬਦ, ਕਾਰਟਿਲੇਗੋ

(cartilago) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ ‘ਉਪ-ਅਸਥੀ’ ਦੇ। ਨੀਲੀ ਭਾਅ ਮਾਰਦੀਆਂ ਅਤੇ ਅਤੀ ਲਚਕੀਲੀਆਂ ਮੁਰਕਣੀਆਂ ਹੱਡੀਆਂ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਭਰੂਣ ਦਾ ਪਿੰਜਰ ਇਸੇ ਪ੍ਰਕਾਰ ਦੀਆਂ ਹੱਡੀਆਂ ਦਾ ਬਣਿਆ ਹੁੰਦਾ ਹੈ, ਜਦ ਕਿ ਪ੍ਰੌਢ ਅਵਸਥਾ ਦੌਰਾਨ ਪਿੰਜਰ ਦਿਆਂ ਜੋੜਾਂ ਅੰਦਰ ਵੀ ਇਹੋ ਲਚਕੀਲੀਆਂ ਹੱਡੀਆਂ ਸਮਾਈਆਂ ਹੁੰਦੀਆਂ ਹਨ।

Hybrid (ਹਾਇਬ੍ਰਿਡ)

ਇਹ ਪਦ ਲਾਤੀਨੀ ਸ਼ਬਦ, ਹਾਇਬ੍ਰਿਡੱ (hybrida) ਤੋਂ ਬਣਿਆ ਹੈ, ਜਿਸ ਦੇ ਅਰਥ ਹਨ ‘ਦੋਗਲੇਪਣ’ ਦੇ, ਭਾਵ ‘ਦੋ ਨਸਲਾਂ ਦੇ ਸੰਭੋਗੀ ਸਬੰਧ ’ਚੋਂ ਉਪਜੀ ਸੰਤਾਨ’ ਦੇ। ਖੱਚਰ ਜਿਹੀ ਦੋਗਲੀ ਸੰਤਾਨ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Hydrogen (ਹਾਈਡ੍ਰੋਜਨ)

ਵਿਸ਼ਵ ਅੰਦਰਲੇ ਸਭਨਾਂ ਨਾਲੋਂ ਹੌਲੇ ਮੂਲ ਤੱਤ ਦਾ ਇਹ ਨਾਮ ਹੈ, ਜਿਹੜਾ ਕਿ ਗੈਸ ਦੇ ਰੂਪ ’ਚ ਸਰਬਵਿਆਪਕ ਹੈ ਅਤੇ ਹਰ ਇਕ ਜੀਵ ਦੀ ਬਣਤਰ ’ਚ, ਯੌਗਿਕ ਦੇ ਰੂਪ ’ਚ ਸਮਾਇਆ ਹੋਇਆ ਹੈ।

Hydrogen cyanide (ਹਾਈਡ੍ਰੋਜਨ ਸਾਇਅਨਾਈਡ)

ਇਹ ਗੈਸ ਦਾ ਨਾਮ ਹੈ, ਜਿਹੜੀ ਵਿਹੁਲੀ ਹੈ ਅਤੇ ਜਿਸ ਦਾ ਉਦਯੋਗ ਉਪਯੋਗ ਦਵਾਈਆਂ, ਨਾਇਲੱਨ ਅਤੇ ਰੰਗਾਂ ਦੀ ਰਚਨਾਂ ਲਈ ਕਰਦੇ ਰਹਿੰਦੇ ਹਨ।

Hydrogen peroxide (ਹਾਈਡ੍ਰੋਜਨ ਪਰਆਕਸਾਈਡ)

ਉਸ ਰੰਗ ਰਹਿਤ ਤਰਲ ਦਾ ਇਹ ਨਾਮ ਹੈ, ਜਿਹੜਾ ਆਕਸੀਕਰਨ ਦਾ ਕਾਰਗਰ ਸਾਧਨ ਇਸ ਲਈ ਹੈ, ਕਿਉਂਕਿ ਇਸ ਅੰਦਰਲੀ ਆਕਸੀਜਨ ਇਸ ਨਾਲੋਂ ਸਹਿਲ ਹੀ ਵੱਖ ਹੋ ਜਾਂਦੀ ਹੈ। ਇਸ ਦਾ ਉਪਯੋਗ ਰੰਗ ਕੱਟਣ ਲਈ, ਜੀਵਾਣੂਆਂ ਨੂੰ ਮਾਰਨ ਲਈ ਅਤੇ ਰਾਕਟ ਅੰਦਰਲੇ ਬਾਲਣ ਦੇ ਇਕ ਅੰਸ਼ ਵਜੋਂ ਕੀਤਾ ਜਾ ਰਿਹਾ ਹੈ।

Hydrogen sulphide (ਹਾਈਡ੍ਰੋਜਨ ਸਲਫ਼ਾਈਡ)

ਸਿਰ ਨੂੰ ਚੜ੍ਹ ਜਾਣ ਵਾਲੀ ਅਤੀ ਬਦਬੂਦਾਰ ਗੈਸ ਦਾ ਇਹ ਨਾਮ ਹੈ, ਜਿਸ ਨੂੰ ਰੇਅਨ ਦੇ ਉਤਪਾਦ ਲਈ ਵਰਤਿਆ ਜਾ ਰਿਹਾ ਹੈ। ਉਚਿਤ ਨਿਪਟਾਰੇ ਬਿਨਾਂ ਇਕੱਤਰ ਹੋਇਆ ਫਾਰਮਾਂ ਦਾ ਅਤੇ ਉਦਯੋਗਾਂ ਦਾ ਕੂੜਾ, ਇਸ ਗੈਸ ਦਾ ਉਦਾਰ ਸ੍ਰੋਤ ਹੈ।

Hydrolysis (ਹਾਇਡਰੱਲਿਸਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ ਅਤੇ ਇਨ੍ਹਾਂ ’ਚੋਂ ਪਹਿਲਾ ਹੈ ਹਾਇਡਰ (hydor), ਜਿਸ ਦੇ ਅਰਥ ਹਨ ‘ਜਲ’ ਦੇ ਅਤੇ ਦੂਜਾ ਹੈ ਲੀਅਇਨ (lyein), ਜਿਸ ਦੇ ਅਰਥ ਹਨ ‘ਖੋਰਨ’ ਦੇ। ਜਲ ਦਾ ਉਪਯੋਗ ਕਰਦੀ ਉਸ ਪ੍ਰਕ੍ਰਿਆ ਦਾ ਇਹ ਨਾਮ ਹੈ, ਜਿਹੜੀ ਅਵੈਵੀ ਪਦਾਰਥਾਂ ਅਤੇ ਪ੍ਰੋਟੀਨਾਂ ਦੇ ਅਪਘਟਨ ਜਾਂ ਵਿਖੰਡਨ ਦਾ ਸਾਧਨ ਬਣਦੀ ਹੈ।

Hydrolytic enzyme (ਹਾਇਡਰੱਲਾਇਟਿਕ ਐਨਜ਼ਾਈਮ)

ਪਦ ਦਾ ਪਹਿਲਾ ਭਾਗ ਦੋ ਯੂਨਾਨੀ ਸ਼ਬਦਾਂ ਤੋਂ ਮਿਲ ਕੇ ਬਣਿਆ ਹੈ, ਜਿਨ੍ਹਾਂ ’ਚੋਂ ਪਹਿਲਾ ਹੈ ਹਾਇਡਰ (hydor), ਜਿਸ ਦੇ ਅਰਥ ਹਨ ‘ਜਲ’ ਦੇ ਅਤੇ ਦੂਜਾ ਹੈ ਲੀਅਇਨ (lyein), ਜਿਸ ਦੇ ਅਰਥ ਹਨ ‘ਖੋਰਨ’ ਦੇ। ਉਸ ਐਨਜ਼ਾਈਮ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਆਸਰੇ ਹਾਇਡਰੱਲਿਸਸ ਦੀ ਪ੍ਰਕ੍ਰਿਆ ਛਿੜਦੀ ਅਤੇ ਸੰਪੰਨ ਹੁੰਦੀ ਹੈ।

Hydroponics (ਹਾਇਡਰੱਪੱਨਿਕਸ)

ਯੂਨਾਨੀ ਸ਼ਬਦ, ਹਾਇਡਰ (hydor) ਅਤੇ ਪੱਨਸ (ponos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਜਲ' ਦੇ ਅਤੇ 'ਪ੍ਰਯਾਸ' ਦੇ। ਪੌਦਿਆਂ ਨੂੰ, ਬਿਨਾਂ ਭੂਮੀ ਵਰਤਿਆਂ, ਨਿਰੋਲ ਨਿਰਵੈਵੀ ਪੌਸ਼ਟਿਕਤਾ ਰਚੇ ਤਰਲ ਮਾਧਿਅਮ 'ਚ ਉਗਾਉਣ ਦੀ ਵਿਧੀ ਲਈ ਉਪਰੋਕਤ ਪਦ ਰਾਖਵਾਂ ਹੈ।

Hydrosphere (ਹਾਇਡਰੱਸਫ਼ਿਅਰ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਹਾਇਡਰ (hydor) ਅਤੇ ਸਫ਼ੇਰੱ (sphaira) ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ 'ਜਲ' ਦੇ ਹਨ ਅਤੇ ਦੂਜੇ ਦੇ 'ਭੂਗੋਲ' ਦੇ। ਭੂਗੋਲ ਦੁਆਲੇ ਲਿਪਟੇ ਹੋਏ ਜਲ-ਮੰਡਲ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ 'ਚ ਸਾਰੇ ਸਾਗਰ, ਝੀਲਾਂ, ਦਰਿਆ, ਨਦੀਆਂ, ਨਹਿਰਾਂ, ਨਾਲੇ ਅਤੇ ਹਰ ਪ੍ਰਕਾਰ ਦੇ ਜਲ-ਭੰਡਾਰ ਸ਼ਾਮਲ ਹਨ। ਪਹਾੜਾਂ ਉਪਰਲੇ ਗਲੇਸ਼ੀਅਰ ਅਤੇ ਧੁਰਿਆਂ ਉਪਰਲੀ ਬਰਫ ਵੀ ਇਸੇ ਦਾ ਭਾਗ ਹਨ।

Hydrotropism (ਹਾਇਡਰੱਟ੍ਰਾਪਿਜ਼ਮ)

ਯੂਨਾਨੀ ਸ਼ਬਦ, ਹਾਇਡਰ (hydor) ਅਤੇ ਟ੍ਰੱਪਿ (trope) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਜਲ' ਦੇ ਅਤੇ 'ਝੁਕਾਓ' ਦੇ। ਨਮੀ ਲਈ ਖਿੱਚ ਵਾਲੀ ਬੂਟਿਆਂ ਦੀ ਪ੍ਰਵਿਰਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Hygrophytes (ਹਾਇਗਰੱਫਾਇਟਸ)

ਯੂਨਾਨੀ ਸ਼ਬਦ, ਹਾਇਗਰਸ (hygras) ਅਤੇ ਫ਼ਾਇਟਨ (phyton) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਨਮੀਦਾਰ' ਦੇ ਅਤੇ 'ਬੂਟੇ' ਦੇ। ਜਿਹੜੇ ਬੂਟੇ ਨਮੀਦਾਰ ਸਾਲ੍ਹਾਬੇ ਦੁਆਲਿਆਂ 'ਚ ਭਲੀ ਪ੍ਰਕਾਰ ਉਗਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Hygroscopic (ਹਾਇਗਰੱਸਕੋਪਿਕ)

ਇਸ ਪਦ 'ਚ ਯੂਨਾਨੀ ਸ਼ਬਦ, ਹਾਇਗਰਸ (hygros) ਅਤੇ ਸਕੋਪੀਨ (skopein) ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਨਮੀਦਾਰ' ਅਤੇ ਦੂਜੇ ਦੇ 'ਵਾਸਤਾ ਰਖਣ' ਦੇ। ਅਜਿਹੇ ਪਦਾਰਥਾਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਵਾਯੂਮੰਡਲ ਅੰਦਰਲੀ ਨਮੀ ਨੂੰ ਆਪਣੇ ਅੰਦਰ ਸਮੋ ਲੈਣ ਯੋਗ ਹੁੰਦੇ ਹਨ।

Hymenoptera (ਹਾਇਮਨੱਪਟੱਰਾ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਹਾਇਮਨ (hymen) ਅਤੇ ਟੈਰਿਕਸ (pteryx) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਝਿਲੀ' ਦੇ ਅਤੇ 'ਪਰ' ਦੇ। ਕੀਟਾਂ ਦੇ ਇਕ ਵਰਗ ਦਾ ਉਪਰੋਕਤ ਨਾਮ ਹੈ, ਜਿਸ 'ਚ ਸ਼ਾਮਲ ਕੀਟਾਂ ਦੀ ਅਤੀ ਮਹੀਨ ਪਤਲੀ ਕਮਰ ਹੁੰਦੀ ਹੈ ਅਤੇ ਚਾਰ ਝਿਲੀਦਾਰ ਪਰ ਹੁੰਦੇ ਹਨ, ਜਿਵੇਂ ਕਿ ਮਧੂਮੱਖੀ, ਕੀੜੇ, ਭ੍ਰਿੰਡਾਂ, ਡੂਮਣੇ ਆਦਿ।

Hyoid (ਹਾਇਅਡ)

ਯੂਨਾਨੀ ਸ਼ਬਦ, ਹਾਇਅਡੀਜ਼ (hyoeides) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'Y ਜਿਹੀ ਨੁਹਾਰ' ਦੇ। ਜੀਭ ਦੇ ਪਿਛਲੇ ਪਾਸੇ, ਇਸ ਦੀ ਜੜ੍ਹ 'ਚ, Y-ਨੁਹਾਰ ਵਾਲੀ ਇਕ ਹੱਡੀ ਜੜੀ ਹੋਈ ਹੁੰਦੀ ਹੈ, ਜਿਸ ਨੂੰ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ।

Hypertrophy (ਹਾਇਪਰਟ੍ਰਾਫ਼ਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਹਾਇਪਰ (hyper), ਜਿਸ ਦੇ ਅਰਥ ਹਨ 'ਉਤਾਂਹ' ਦੇ ਜਾਂ 'ਵੱਧ' ਦੇ

ਅਤੇ ਦੂਜਾ ਹੈ ਟ੍ਰਾਫ਼ਿ (trophe), ਜਿਸ ਦੇ ਅਰਥ ਹਨ 'ਪੌਸ਼ਟਿਕ ਖ਼ੁਰਾਕ' ਦੇ। ਸਰੀਰ ਜਾਂ ਸਰੀਰ ਦੇ ਕਿਸੇ ਅੰਗ ਦੇ ਜੁੱਸੇ 'ਚ ਹੋਏ ਵਾਧੇ ਲਈ ਉਪਰੋਕਤ ਪਦ ਰਾਖਵਾਂ ਹੈ ਅਤੇ ਅਜਿਹਾ, ਸੈੱਲਾਂ ਦੀ ਗਿਣਤੀ 'ਚ ਹੋਏ ਵਾਧੇ ਕਾਰਨ ਹੋਇਆ ਹੁੰਦਾ ਹੈ।

Hypha (ਹਾਇਫਾੱ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਹਾਇਫੀ (hyphe) ਹੈ, ਜਿਸ ਦੇ ਅਰਥ ਹਨ 'ਬੁਣਤੀ' ਦੇ ਜਾਂ 'ਜਾਲੇ' ਦੇ। ਫਫੂੰਦੀਆਂ ਦੇ ਰੇਸ਼ੇ ਭੂਮੀ ਅੰਦਰ ਫੈਲਵੇਂ ਵਿਛੇ ਹੋਏ ਹੁੰਦੇ ਹਨ ਅਤੇ ਇਨ੍ਹਾਂ 'ਚੋਂ ਹਰ ਇਕ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Hypnospore (ਹਿਪਨੌਸਪੋਰ)

ਯੂਨਾਨੀ ਸ਼ਬਦ, ਹਿਪਨੌਸ (hypnos) ਅਤੇ ਸਪੋਰੌਸ (sporos) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਨੀਂਦਰ' ਦੇ ਅਤੇ 'ਬੀਜ' ਦੇ। ਉਸ ਬੀਜ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਸਰਦੀ ਰੁੱਤੇ, ਪੁੰਗਰਨ ਦੀ ਬਜਾਏ, ਸਿਥਲ ਸਥਿਤੀ 'ਚ ਇਹ ਸਮਾਂ ਲੰਘਾ ਦਿੰਦਾ ਹੈ।

Hypodermis (ਹਾਇਪੋੱਡਰਮਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਹਾਇਪੌ (hypo) ਅਤੇ ਡਰਮੌ (derma) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਹੇਠ' ਦੇ ਅਤੇ 'ਚਮੜੀ' ਦੇ। ਪੌਦਿਆਂ ਵਿਖੇ ਐਪਿਡਰਮਿਸ ਥਲਵੀਂ ਅਤੇ ਪਸ਼ੂਆਂ ਵਿਖੇ ਡਰਮਿਸ ਥਲਵੀਂ ਪਰਤ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Hypopharynx (ਹਾਇਪੋੱਫੇਰਿੰਗਕਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਹਾਇਪੌ (hypo), ਜਿਸ ਦੇ ਅਰਥ ਹਨ 'ਹੇਠ' ਦੇ ਅਤੇ ਦੂਜਾ ਹੈ ਫੇਰਿੰਗਕਸ (pharyngx), ਜਿਸ ਦੇ ਅਰਥ ਹਨ 'ਸੰਘ' ਦੇ। ਕੀਟਾਂ ਦੇ ਮੁੱਖ-ਉਪਅੰਗਾਂ ਚੋਂ ਇਕ ਦਾ ਇਹ ਨਾਮ ਹੈ, ਜਿਸ ਦਾ ਹੋਰਨਾਂ ਵਿਚਕਾਰ ਮੱਧ-ਵਰਤੀ ਸਥਾਨ ਹੈ ਅਤੇ ਜਿਸ ਅੰਦਰ ਲੁਆਬ ਗ੍ਰੰਥੀਆਂ (salivary glands) ਦਾ ਨਿਕਾਸ ਦੁਆਰ ਖੁਲ੍ਹਦਾ ਹੈ।

Hypothalamus (ਹਾਇਪੋੱਥੈਲੇਮਸ)

ਯੂਨਾਨੀ ਸ਼ਬਦ, ਹਾਇਪੋੱ (hypo) ਅਤੇ ਥੈਲੇਮਸ (thalamus) ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਹੇਠ' ਦੇ ਅਤੇ 'ਸੌਣ ਵਾਲੇ ਕਮਰੇ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਦਿਮਾਗ਼ ਅੰਦਰਲੇ ਮੱਧ-ਵਰਤੀ ਫਰਸ਼ ਲਈ ਇਹ ਪਦ ਵਰਤਿਆ ਜਾਂਦਾ ਹੈ। ਦਿਮਾਗ਼ ਦਾ ਇਹ ਭਾਗ ਸਰੀਰ ਦੀਆਂ ਨਿਰ-ਇੱਛਕ ਕ੍ਰਿਆਵਾਂ ਦੀ ਅਗਵਾਈ ਕਰਦਾ ਰਹਿੰਦਾ ਹੈ।

Hyther (ਹਾਇਥਰ)

ਦੋ ਯੂਨਾਨੀ ਸ਼ਬਦ, ਹਾਇ (hy) ਅਤੇ ਥਰ (ther) ਇਸ ਪਦ ਦਾ ਆਧਾਰ ਹਨ। ਹਾਇ, ਹਾਇਡਰ (hydor) ਦਾ ਲਘੂ ਰੂਪ ਹੈ, ਜਿਸ ਦੇ ਅਰਥ ਹਨ 'ਜਲ' ਦੇ ਜਾਂ 'ਨਮੀ' ਦੇ। ਇਸ ਪ੍ਰਕਾਰ ਥਰ ਵੀ ਥਰਮੀ (therme) ਦਾ ਲਘੂ ਰੂਪ ਹੈ, ਜਿਸ ਦੇ ਅਰਥ ਹਨ 'ਤਪਸ਼' ਦੇ ਜਾਂ 'ਗਰਮੀ' ਦੇ। ਜੀਵਾਂ ਉਪਰ ਪੈ ਰਹੇ ਨਮੀ ਦੇ ਅਤੇ ਤਪਸ਼ ਦੇ ਮਿਲਵੇਂ ਪ੍ਰਭਾਵ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

I

I (ਆਈ)

ਅੰਗਰੇਜ਼ੀ ਵਰਣਮਾਲਾ ਦੇ ਇਸ ਅੱਖਰ ਨੂੰ ਆਇਓਡੀਨ (iodine) ਦੇ ਸੰਕੇਤਕ ਚਿੰਨ੍ਹ ਵਜੋਂ ਵਰਤਿਆ ਜਾਂਦਾ ਹੈ।

Ice age (ਆਇਸ ਏਜ)

ਪ੍ਰਿਥਵੀ ਦੇ ਇਤਿਹਾਸ 'ਚ ਵਾਰ ਵਾਰ ਅਜਿਹਾ ਹੁੰਦਾ ਰਿਹਾ ਕਿ ਇਸ ਦਾ ਤਾਪਮਾਨ ਇਸ ਹੱਦ ਤਕ ਨੀਵਾਂ ਹੋ ਜਾਂਦਾ ਸੀ ਕਿ ਸਾਗਰ ਆਂਸ਼ਿਕ ਰੂਪ 'ਚ ਜੰਮ ਜਾਂਦੇ ਸਨ ਅਤੇ ਖ਼ੁਸ਼ਕ ਭੂਮੀ ਦਾ ਵੱਡਾ ਭਾਗ ਬਰਫ ਦੀ ਚਾਦਰ ਹੇਠ ਆ ਜਾਂਦਾ ਸੀ। ਇਸੇ ਨੂੰ ਆਇਸ ਏਜ ਜਾਂ ਹਿਮ-ਯੁਗ ਸੱਦਿਆ ਜਾਂਦਾ ਹੈ, ਜਿਹੜਾ ਹਜ਼ਾਰਾਂ ਵਰ੍ਹਿਆਂ ਤਕ ਚਲਦਾ ਰਹਿੰਦਾ ਸੀ। ਛੇਕੜਲਾ ਹਿਮ-ਯੁਗ ਅੱਜ ਤੋਂ 12000 ਵਰ੍ਹੇ ਪਹਿਲਾਂ ਤਕ ਬਣਿਆ ਰਿਹਾ, ਜਿਸ ਦੌਰਾਨ ਮਨੁੱਖ ਦੀ ਅੱਜ ਵਾਲੀ ਨੁਹਾਰ ਨਿਖਰੀ।

Ice cap (ਆਇਸ ਕੈਪ)

ਘੱਟ ਤਾਪਮਾਨ ਵਾਲੇ ਖੇਤਰ ਨੂੰ ਢਕਦੀ ਬਰਫ਼ਾਨੀ ਤਹਿ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਐਨਟਾਰਕਟਿਕਾ ਦੀ ਆਇਸ ਕੈਪ ਜਾਂ ਬਰਫ਼ਾਨੀ ਤਹਿ ਦੀ ਮੁਟਾਈ ਕਿਧਰੇ ਕਿਧਰੇ 4 ਕਿਲੋਮੀਟਰ ਤਕ ਹੈ। ਇਸ ਦਾ ਪਸਾਰ 1ਕਰੋੜ 40 ਲੱਖ ਵਰਗ ਕਿਲੋਮੀਟਰ ਦੇ ਲਗਭਗ ਹੈ ਅਤੇ ਇਹ ਅੱਜ ਤੋਂ ਲਗਭਗ 4 ਕਰੋੜ ਵਰ੍ਹੇ ਪਹਿਲਾਂ ਹੋਂਦ 'ਚ ਆ ਗਈ ਸੀ।

Ichthyology (ਇਕਥਿਆੱਲੱਜਿ)

ਇਸ ਸ਼ਬਦ ਦਾ ਅੰਗ ਦੋ ਯੂਨਾਨੀ ਸ਼ਬਦ ਹਨ। ਇਨ੍ਹਾਂ ਚੋਂ ਪਹਿਲਾ ਹੈ ਇਕਥਿਸ (ichthys), ਜਿਸ ਦੇ ਅਰਥ ਹਨ 'ਮੱਛੀ' ਦੇ ਅਤੇ ਦੂਜਾ ਹੈ ਲੋਗਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਪ੍ਰਾਣੀ ਵਿਗਿਆਨ ਦੇ ਉਸ ਅਧਿਐਨ- ਵਿਸ਼ੇ ਦਾ ਇਹ ਨਾਮ ਹੈ, ਜਿਸ ਦਾ ਸਬੰਧ ਮੱਛੀਆਂ ਨਾਲ ਹੈ।

Ichthyophagous (ਇਕਥਿਅਫ਼ੇਗੱਸ)

ਇਸ ਪਦ ਲਈ ਜਿਹੜੇ ਦੋ ਯੂਨਾਨੀ ਸ਼ਬਦ ਵਰਤੇ ਗਏ ਹਨ, ਉਹ ਹਨ ਇਕਥਿਸ (ichthys) ਅਤੇ ਫਾਜੀਨ (phagein), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਮੱਛੀ' ਦੇ ਅਤੇ 'ਖਾਣ' ਦੇ। ਉਨ੍ਹਾਂ ਪ੍ਰਾਣੀਆਂ ਲਈ ਉਪਰੋਕਤ ਪਦ ਦੀ ਵਿਸ਼ੇਸ਼ ਵਰਤੋਂ ਕੀਤੀ ਜਾਦੀ ਹੈ, ਜਿਨ੍ਹਾਂ ਦਾ ਆਹਾਰ ਨਿਰੋਲ ਮੱਛੀਆਂ ਉਪਰ ਨਿਰਭਰ ਹੈ।

Ichthyosauria (ਇਕਥਿਅਸੱਰਿਆ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਇਕਥਿਸ (ichthys), ਜਿਸ ਦੇ ਅਰਥ ਹਨ 'ਮੱਛੀ' ਦੇ ਅਤੇ ਦੂਜਾ ਸੱਅਰਸ (sauros), ਜਿਸ ਦੇ ਅਰਥ ਹਨ 'ਕਿਰਲੇ' ਦੇ। ਲੁਪਤ ਹੋ ਚੁਕੇ ਜਲਵਾਸੀ ਕਿਰਲਿਆਂ ਦੇ ਵਰਗ ਦਾ ਇਹ ਨਾਮ ਹੈ, ਜਿਨ੍ਹਾਂ ਦੇ ਸਰੀਰ ਮੱਛੀ ਦੀ ਨੁਹਾਰ ਵਾਲੇ ਸਨ ਅਤੇ ਜਿਨ੍ਹਾਂ ਦੀਆਂ ਚਾਰੇ ਟੰਗਾਂ, ਤੈਰਨ ਲਈ, ਚੱਪੂਆਂ ਵਾਂਗ ਢਲੀਆਂ ਹੋਈਆਂ ਸਨ। ਅੱਜ ਤੋਂ ਲਗਭਗ 7 ਕਰੋੜ ਵਰ੍ਹੇ ਪਹਿਲਾਂ ਇਹ ਲੰਬੀ ਧੌਣ ਅਤੇ ਤਿੱਖੇ ਦੰਦਾਂ ਵਾਲੇ ਜਲਵਾਸੀ ਡਾਇਨੱ-ਕਿਰਲੇ ਲੁਪਤ ਹੋ ਗਏ ਸਨ।

Identical twins (ਆਇਡੈੱਨਟਿਕਲ ਟਵਿਨਜ਼)

ਜੇਕਰ ਅਣੂਆਏ ਜਾਣ ਉਪਰੰਤ ਇਕ ਅੰਡਾ, ਕਿਸੇ ਵੀ ਕਾਰਨ, ਦੋ 'ਚ ਵੰਡਿਆ ਜਾਵੇ ਅਤੇ ਫਿਰ ਇਸ ਦੇ ਇਹ ਦੋ ਟੋਟੇ, ਵੱਖ ਵੱਖ ਦੋ ਭਰੂਣਾਂ 'ਚ ਪ੍ਰਗਟ ਹੋ ਕੇ, ਜੌੜੇ ਬੱਚਿਆਂ ਦੇ ਰੂਪ 'ਚ ਜਨਮ ਲੈਣ, ਤਦ ਅਜਿਹੇ ਜੌੜੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਨ੍ਹਾਂ ਦੋ ਬੱਚਿਆਂ ਦਾ ਇਕਸਾਰ ਜੀਨ-ਵਿਰਸਾ ਹੋਵੇਗਾ।

Igneous rocks (ਇਗਨੀਅਸ ਰੱਕਸ)

ਜੁਆਲਾ-ਮੁਖੀਆਂ ਦੁਆਰਾ ਉਗਲਿਆ ਲਾਵਾ ਠੰਢਾ ਹੋ ਕੇ ਚਟਾਨਾਂ ਦਾ ਰੂਪ ਧਾਰ ਲੈਂਦਾ ਹੈ। ਇਨ੍ਹਾਂ ਚਟਾਨਾਂ ਲਈ ਹੀ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

ILE (ਆਈ ਐਲ ਈ)

ਆਇਸੱਲਯੂਸਿਨ ਨਾਮ ਦੇ ਐਮਿਨੋ ਤੇਜ਼ਾਬ ਨੂੰ ਦਰਸਾਉਣ ਲਈ ਉਪਰੋਕਤ ਪਦ ਨੂੰ ਇਸ ਦੇ ਸੰਖਿਪਤ ਚਿੰਨ੍ਹ ਵਜੋਂ ਵਰਤਿਆ ਜਾਂਦਾ ਹੈ।

Ileum (ਇਲੱਅਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਇਲੋ (eilo) ਹੈ, ਜਿਸ ਦੇ ਅਰਥ ਹਨ 'ਲਪੇਟਣ' ਦੇ। ਆਂਦਰਾਂ ਦੇ ਲੰਬੇ ਅਤੇ ਵਲਾਂ 'ਚ ਉਲਝੇ ਹੋਏ ਭਾਗ ਦਾ ਇਹ ਨਾਮ ਹੈ। ਮਨੁੱਖ ਦੀਆਂ ਆਂਦਰਾਂ ਦੇ ਇਸ ਭਾਗ ਦੀ ਲੰਬਾਈ 6 ਮੀਟਰ ਤਕ ਵੀ ਹੋ ਸਕਦੀ ਹੈ।

Ilium (ਇਲਿਅਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵੱਖੀ' ਦੇ। ਪੁੜੇ ਜਾਂ ਚੂਲੇ ਦੀ ਪ੍ਰਮੁੱਖ ਹੱਡੀ ਦਾ ਇਹ ਨਾਮ ਹੈ, ਜਿਨ੍ਹਾਂ ਦਾ ਜੋੜਾ ਦੋਵਾਂ ਵੱਖੀਆਂ ਲਈ ਸਹਾਰੇ ਵਜੋਂ ਹੁੰਦਾ ਹੈ।

Imago (ਇਮੇਗੋ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਕਾਇਆ' ਦੇ। ਤਿੱਤਲੀ, ਭੰਵਰ, ਮੱਖੀ ਅਤੇ ਮਧੂਮੱਖੀ ਜਿਹੇ ਕੀਟ, ਜੀਵਨ-ਕਾਲ ਦੌਰਾਨ, ਆਪਣੀ ਕਾਇਆ ਬਦਲਦੇ ਰਹਿੰਦੇ ਹਨ। ਇਨ੍ਹਾਂ ਕੀਟਾਂ ਦੀ ਛੇਕੜਲੀ ਪ੍ਰੌਢ ਅਵਸਥਾ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜੀ ਕਿ ਪ੍ਰਜਣਨ ਦੇ ਅਤੇ ਉੱਡਣ ਦੇ ਸਮਰੱਥ ਹੈ।

Immission (ਇਮਿੱਸ਼ਨ)

ਅਜਿਹੇ ਪ੍ਰਦੂਸ਼ਿਤ ਨਿਕਾਸ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਸ੍ਰੋਤ ਤਾਂ ਕਿਧਰੇ ਹੋਰ ਹੁੰਦਾ ਹੈ ਅਤੇ ਜਿਸ ਦਾ ਆਲੇ-ਦੁਆਲੇ ਉਪਰ ਮਾੜਾ ਪ੍ਰਭਾਵ ਕਿਧਰੇ ਹੋਰ ਪੈਂਦਾ ਰਹਿੰਦਾ ਹੈ।

Immune (ਇਮਯੂਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਇਮਯੂਨਿਸ (immunis) ਹੈ, ਜਿਸ ਦੇ ਅਰਥ ਹਨ 'ਮੁਕਤੀ' ਦੇ। ਰੋਗ ਮੁਕਤ ਹੋਣ ਦੀ ਸਥਿਤੀ ਨੂੰ ਇਹ ਪਦ ਦਰਸਾਉਂਦਾ ਹੈ।

Immunity (ਇਮਯੂਨਿਟਿ)

ਲਾਤੀਨੀ ਸ਼ਬਦ, ਇਮਯੂਨਿਸ (immunis) ਇਸ ਪਦ ਦਾ ਮੂਲ ਹੈ ਅਤੇ ਜਿਸ ਦੇ ਅਰਥ ਹਨ 'ਮੁਕਤੀ' ਦੇ। ਇਹ ਪਦ ਜੀਵ ਦੀ ਰੋਗ ਜਾਂ ਰੋਗਾਂ ਦੀ ਵਿਰੋਧਤਾ ਕਰਨ ਦੀ ਯੋਗਤਾ ਦਾ ਪ੍ਰਤੀਕ ਹੈ ਅਤੇ ਇਹ ਯੋਗਤਾ ਕੁਦਰਤੀ ਵੀ ਹੋ ਸਕਦੀ ਹੈ ਅਤੇ ਮਨੁੱਖ ਵਿਖੇ ਇਸ ਨੂੰ ਟੀਕਿਆਂ ਰਾਹੀਂ ਉਪਜਾਇਆ ਵੀ ਜਾ ਸਕਦਾ ਹੈ।

Immunization (ਇਮਯੂਨਾਇਜ਼ੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਇਮਯੂਨਿਸ (immunis) ਹੈ, ਜਿਸ ਦੇ ਅਰਥ ਹਨ 'ਮੁਕਤੀ' ਦੇ। ਵਿਅਕਤੀ ਨੂੰ ਲੋੜਿਆਂ ਜਾਂ ਟੀਕਿਆਂ ਰਾਹੀਂ ਲਾਗ ਦੇ ਰੋਗਾਂ ਤੋਂ ਮੁਕਤ ਕਰਵਾਉਣ ਦੇ ਪ੍ਰਚਲਣ ਲਈ ਇਹ ਪਦ ਵਰਤਿਆ ਜਾਂਦਾ ਹੈ।

Immunology (ਇਮਯੂਨਾਲੱਜਿ)

ਇਸ ਪਦ ਦਾ ਆਧਾਰ ਇਕ ਲਾਤੀਨੀ ਅਤੇ ਇਕ ਯੂਨਾਨੀ ਸ਼ਬਦ ਹਨ ਅਤੇ ਇਨ੍ਹਾਂ 'ਚੋਂ ਪਹਿਲਾ ਲਾਤੀਨੀ ਸ਼ਬਦ ਹੈ ਇਮਯੂਨਿਸ (immunis), ਜਿਸ ਦੇ ਅਰਥ ਹਨ 'ਮੁਕਤੀ' ਦੇ ਅਤੇ ਦੂਜਾ ਯੂਨਾਨੀ ਸ਼ਬਦ ਹੈ ਲੋਗਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੇ ਉਸ ਅਧਿਐਨ-ਵਿਸ਼ੇ ਲਈ ਉਪਰੋਕਤ ਪਦ ਦੀ ਵਰਤੋਂ

ਕੀਤੀ ਜਾਂਦੀ ਹੈ, ਜਿਸ ਦਾ ਸਬੰਧ ਮਨੁੱਖੀ ਸਰੀਰ ਨੂੰ ਲਾਗ ਦੇ ਰੋਗਾਂ ਤੋਂ ਮੁਕਤ ਕਰਵਾਉਣ ਨਾਲ ਹੈ।

Improductive forest (ਇਮਪ੍ਰੋਡਕਟਿਵ ਫ਼ਾਰਿਸਟ)

ਉਸ ਪ੍ਰਕਾਰ ਦੇ ਅਣਉਪਜਾਊ ਵਣ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਮਾਨਵਤਾ ਲਈ ਹੋਰ ਕਿਸੇ ਪੱਖੋਂ ਵੀ ਲਾਭਵੰਦ ਨਹੀਂ ਹੁੰਦਾ, ਸਿਵਾਏ ਬਾਲਣ ਦੇ ਸ੍ਰੋਤ ਦੇ।

Imprinting (ਇਮਪ੍ਰਿੰਟਿੰਗ)

ਸਾਧਾਰਨ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਜੀਵ-ਵਿਗਿਆਨ ਦੇ ਪ੍ਰਸੰਗ 'ਚ ਅਰਥ ‘ਸਿੱਖਣ’ ਦੇ ਹਨ। ਭਿੰਨ ਭਿੰਨ ਪ੍ਰਾਣੀ, ਭਿੰਨ ਭਿੰਨ ਹੱਦ ਤਕ, ਕੁਝ ਨਾ ਕੁਝ ਨਵਾਂ, ਆਪਣੇ ਅੰਤ੍ਰੀਵੀ ਅਨੁਭਵਾਂ ਤੋਂ ਬਿਨਾਂ ਵੀ ਸਿੱਖ ਸਕਦੇ ਹਨ। ਇਸੇ ਪ੍ਰਕ੍ਰਿਆ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Impulse (ਇਮਪੱਲਸ)

ਲਾਤੀਨੀ ਸ਼ਬਦ, ਇਮਪੱਲਸੱਸ (impulsus) ਇਸ ਪਦ ਦਾ ਆਧਾਰ ਹੈ ਅਤੇ ਜਿਸ ਦੇ ਅਰਥ ਹਨ ‘ਸੰਚਾਲਨ ਕਰਨ’ ਦੇ। ਜਿਹੜੀ ਉਕਸਾਹਟ ਦਾ ਸਰੀਰ ਵਿਖੇ ਸੰਚਾਲਨ ਨਸ ਦੁਆਰਾ ਹੁੰਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ। ਇਸ ਉਕਸਾਹਟ ਦਾ ਰਲਵਾਂ ਸੁਭਾਓ ਹੁੰਦਾ ਹੈ: ਰਸਾਇਣਕ ਵੀ ਅਤੇ ਬਿਜਲਈ ਵੀ।

Inbreeding (ਇਨਬ੍ਰੀਡਿੰਗ)

ਜੀਵਾਂ ਅੰਦਰ ਵਿਆਪਕ ਅੰਤਰ-ਪ੍ਰਜਣਨ ਦੀ ਪ੍ਰਕ੍ਰਿਆ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਇਸ ਦੇ ਅਰਥ ਇਹ ਹਨ ਕਿ ਪ੍ਰਜਣਨ 'ਚ ਭਾਗ ਲੈਂਦੇ ਨਰ ਅਤੇ ਮਦੀਨ ਇਕ ਦੂਜੇ ਦੇ ਨੇੜੇ ਦੇ ਸਬੰਧੀ ਹੁੰਦੇ ਹਨ।

Incaparina (ਇਨਕੇਂੱਪੇਰਿਨਾ)

ਅੰਨ ਅਤੇ ਤੇਲ ਦੇ ਮਿਸ਼ਰਣ ਨਾਲ ਉਦਯੋਗਕ ਪੱਧਰ ਤੇ ਤਿਆਰ ਕੀਤੀ ਖ਼ੁਰਾਕ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਨੂੰ ਪੌਸ਼ਟਿਕ ਬਣਾਉਣ ਲਈ ਇਸ 'ਚ ਵਿਟਾਮਿਨ ਵੀ ਰਲਾ ਦਿੱਤੇ ਜਾਂਦੇ ਹਨ।

Incinerator (ਇਨਸਿਨਰੱਟਰ)

ਪਦਾਰਥਾਂ ਨੂੰ ਸਾੜ੍ਹ ਕੇ ਸੁਆਹ ਕਰਨ ਦੀ ਪ੍ਰਕ੍ਰਿਆ ਨੂੰ ਇਨਸਿਨਰੱਸ਼ਨ (incineration) ਸੱਦਿਆ ਜਾਂਦਾ ਹੈ। ਜਿਸ ਵਿਸ਼ੇਸ਼ ਪ੍ਰਕਾਰ ਦੀ ਭੱਠੀ 'ਚ ਘਰੇਲੂ ਅਤੇ ਉਦਯੋਗੀ ਕੂੜੇ ਦਾ ਨਿਪਟਾਰਾ ਕਰਨ ਲਈ, ਇਸ ਨੂੰ ਸਾੜ ਕੇ ਸੁਆਹ ਬਣਾ ਦਿੱਤਾ ਜਾਂਦਾ ਹੈ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Incisor (ਇਨਸਾਇਜ਼ਰ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਇਨਸਾਇਸੱਸ (incisus) ਹੈ, ਜਿਸ ਦੇ ਅਰਥ ‘ਚੀਰ-ਫਾੜ ਕਰਨ’ ਦੇ ਹਨ। ਪਸ਼ੂਆਂ ਦੇ, ਅਤੇ ਮਨੁੱਖ ਦੇ ਵੀ, ਛੈਣੀ ਜਿਹੇ ਤਿੱਖੇ ਸਿਰੇ ਵਾਲੇ ਮੂਹਰਲੇ ਦੰਦ ਦਾ ਇਹ ਨਾਮ ਹੈ। ਮਨੁੱਖ ਵਿਖੇ ਇਨ੍ਹਾਂ ਦੰਦਾਂ ਦੀ ਕੁੱਲ ਗਿਣਤੀ ਅੱਠ ਹੈ।

Incubation (ਇਨਕਯੂਬੇਸ਼ਨ)

ਲਾਤੀਨੀ ਸ਼ਬਦ, ਇਨਕਯੂਬਰਿ (incubare) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ ‘ਉਪਰ ਲੇਟਣ’ ਦੇ। ਮਦੀਨ ਪੰਛੀ ਨਿਯਤ ਸਮੇਂ ਲਈ, ਆਪਣੇ ਦਿੱਤੇ ਅੰਡਿਆਂ ਉਪਰ ਬੈਠਦੀ ਰਹਿੰਦੀ ਹੈ। ਅਜਿਹਾ ਇਹ ਅੰਡਿਆਂ ਚੋਂ ਚੂਜ਼ੇ ਬਾਹਰ ਆਉਣ ਤਕ ਕਰਦੀ ਰਹਿੰਦੀ ਹੈ। ਇਸ ਪ੍ਰਚਲਣ ਲਈ ਉਪਰੋਕਤ ਪਦ ਰਾਖਵਾਂ ਹੈ।

Incus (ਇੰਕਸ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ ‘ਐਨਵਿਲ’ ਦੇ, ਭਾਵ ‘ਅਹਿਰਣ’

ਦੇ, ਜਿਹੜਾ ਕਿ ਲੁਹਾਰੀ ਉਪਕਰਣ ਹੈ। ਕੰਨ ਅੰਦਰਲੀ ਵਿਚਕਾਰਲੀ ਮਹੀਨ ਅਸਥੀ ਨੂੰ ਉਪਰੋਕਤ ਨਾਮ ਨਾਲ ਇਸ ਲਈ ਜਾਨਿਆ ਜਾਂਦਾ ਹੈ, ਕਿਉਂਕਿ ਇਸ ਦੀ ਨੁਹਾਰ ਐਨਵਿਲ (ਅਹਿਰਣ) ਜਿਹੀ ਹੈ।

Indehiscent (ਇਨਡਿਹਿਸੰਟ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ। ਇਨ੍ਹਾਂ 'ਚੋਂ ਪਹਿਲਾ ਹੈ ਇਨ (in), ਜਿਸ ਦੇ ਅਰਥ ਹਨ ‘ਅਣਹੋਂਦ’ ਦੇ ਅਤੇ ਦੂਜਾ ਹੈ ਡਿਹਿਸੰਸ (dehiscens), ਜਿਸ ਦੇ ਅਰਥ ਹਨ ‘ਖੁਲ੍ਹ ਜਾਣ’ ਦੇ। ਕਈ ਫਲ ਪੱਕ ਕੇ ਤਿੜ ਜਾਂਦੇ ਹਨ ਅਤੇ ਇਨ੍ਹਾਂ ਅੰਦਰਲੇ ਬੀਜ ਆਲੇ-ਦੁਆਲੇ ਖਿੰਡ ਜਾਂਦੇ ਹਨ। ਜਿਹੜੇ ਫਲ ਪੱਕ ਕੇ ਖੁਲ੍ਹਦੇ ਜਾਂ ਤਿੜਦੇ ਨਹੀਂ, ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Independent assortment (ਇਨਡਿਪੈੱਨਡੰਟ ਅਸਾਰਟਮੰਟ)

ਸਾਧਾਰਨ ਵਰਤੋਂ 'ਚ ਆ ਰਹੇ ਇਨ੍ਹਾਂ ਦੋਵਾਂ ਸ਼ਬਦਾਂ ਦੇ ਕ੍ਰਮਵਾਰ ਅਰਥ ਹਨ ‘ਸਵਾਧੀਨ’ ਦੇ ਅਤੇ ‘ਵੰਨਗੀ ਸਮੂਹ’ ਦੇ। ਵਿਰਸੇ 'ਚ ਮਿਲਣ ਵਾਲੇ ਜੀਨਾਂ ਦੇ ਸਵਾਧੀਨ ਸੁਭਾਉ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਇਸ ਪਦ ਦੀ ਪਹਿਲੀ ਵਰਤੋਂ ਮੈਂਡਲ ਨੇ ਕੀਤੀ ਸੀ। ਜਿਹੜੇ ਜੀਨ ਵੱਖਰੇ ਕ੍ਰੋਮੋਸੋਮਾਂ ਉਪਰ ਸਥਿਤ ਹੁੰਦੇ ਹਨ, ਉਨ੍ਹਾਂ ਦਾ ਅਗਲੀ ਪੁਸ਼ਤ ਨੂੰ ਵਿਰਸੇ 'ਚ ਮਿਲਣਾ ਕਿਸੇ ਨਿਯਮ ਦਾ ਪਾਬੰਦ ਨਹੀਂ ਹੁੰਦਾ। ਇਸੇ ਸਥਿਤੀ ਨੂੰ ਦਰਸਾਉਣ ਲਈ ਮੈਂਡਲ ਨੇ ਉਪਰੋਕਤ ਪਦ ਰਚਿਆ ਸੀ।

Index species (ਇਨਡੇਕਸ ਸਪੀਸ਼ੀਜ਼)

ਉਪਰੋਕਤ ਪਦ ਦੇ ਪਹਿਲੇ ਭਾਗ, ਇਨਡੇਕਸ ਦੇ ਅਰਥ ਹਨ ‘ਸੰਕੇਤ’ ਦੇ ਅਤੇ ਦੂਜੇ ਭਾਗ, ਸਪੀਸ਼ੀਜ਼ ਦੇ ਅਰਥ ਹਨ ‘ਜੀਵ-ਜਾਤੀ’ ਦੇ ਜਾਂ ‘ਜੀਵ-ਨਸਲ’ ਦੇ। ਕੁਝ ਜੀਵ-ਜਾਤੀਆਂ ਹਨ, ਜਿਹੜੀਆਂ ਨਿਰਧਾਰਤ ਦੁਆਲੇ 'ਚ ਹੀ ਜਿਉਂਦੀਆਂ ਰਹਿ ਸਕਦੀਆਂ ਹਨ ਅਤੇ ਅਜਿਹੀਆਂ ਜਾਤੀਆਂ ਲਈ ਹੀ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਉਦਾਹਰਣ ਵਜੋਂ ਕਰੀਰ ਦਾ ਬੂਟਾ ਕੇਵਲ ਖੁਸ਼ਕ ਦੁਆਲੇ 'ਚ ਹੀ ਉਗਦਾ ਹੈ ਅਤੇ ਦਿਉਦਾਰ ਦਾ ਬੂਟਾ ਕੇਵਲ ਪਹਾੜੀ ਉਚਾਈਆਂ ਤੇ। ਮਗਰਮੱਛ ਵੀ ਜੇਕਰ ਵਿਚਰ ਸਕਦੇ ਹਨ ਤਾਂ ਨਦੀਆਂ-ਦਰਿਆਵਾਂ ਦੇ ਦਲਦਲੀ ਕਿਨਾਰਿਆਂ 'ਚ।

Indicator species (ਇਨਡਿਕੇਟਰ ਸਪੀਸ਼ੀਜ਼)

ਇਸ ਪਦ ਦੇ ਪਹਿਲੇ ਭਾਗ, ਇਨਡਿਕੇਟਰ ਦੇ ਅਰਥ ਹਨ ‘ਸੂਚਕ’ ਦੇ ਅਤੇ ਦੂਜੇ ਭਾਗ, ਸਪੀਸ਼ੀਜ਼ ਦੇ ਅਰਥ ਹਨ ‘ਜੀਵ-ਜਾਤੀ’ ਜਾਂ ‘ਜੀਵ-ਨਸਲ’ ਦੇ। ਵਿਸ਼ੇਸ਼ ਦੁਆਲੇ 'ਚ ਵਿਚਰਦੀ ਕਿਸੇ ਜੀਵ-ਜਾਤੀ ਦੀ ਉਪਸਥਿਤੀ ਤੋਂ ਜੇਕਰ ਦੁਆਲੇ ਵਿਆਪਕ ਹਾਲਤ ਪ੍ਰਤੀ ਅਨੁਮਾਨ ਲਾ ਸਕਣਾ ਸੰਭਵ ਹੋਵੇ, ਤਦ ਉਸ ਜੀਵ-ਜਾਤੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾ ਸਕਦੀ ਹੈ। ਸ਼ਰਿੰਪ ਨਾਮ ਦੇ ਪ੍ਰਾਣੀ ਕੇਵਲ ਨਿਰਮਲ ਜਲ 'ਚ ਵਿਚਰਦੇ ਹਨ ਅਤੇ ਜਿਥੇ ਇਹ ਹੋਣ ਉਸ ਜਲ ਦੇ ਪ੍ਰਦੂਸ਼ਣ ਰਹਿਤ ਹੋਣ ਦੀ ਨਿਸ਼ਚਿਤ ਸੰਭਾਵਨਾ ਹੁੰਦੀ ਹੈ।

Indifferent species (ਇਨਡਿਫ਼ਰੰਟ ਸਪੀਸ਼ੀਜ਼)

ਇਸ ਪਦ ਦੇ ਪਹਿਲੇ ਭਾਗ, ਇਨਡਿਫਰੰਟ ਦੇ ਅਰਥ ਹਨ ‘ਮਹੱਤਵਹੀਣ’ ਦੇ ਅਤੇ ਦੂਜੇ ਭਾਗ, ਸਪੀਸ਼ੀਜ਼ ਦੇ ਅਰਥ ਹਨ ‘ਜੀਵ-ਜਾਤੀ’ ਦੇ। ਉਸ ‘ਜੀਵ-ਜਾਤੀ’ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੀ ਕਿ ਜਿਸ ਵੀ ਸ਼ਰੀਕੇ ਜਾਂ ਭਾਈਚਾਰੇ 'ਚ ਵਿਚਰਦੀ ਹੈ, ਉਸ ਲਈ ਉਸ ਦੀ ਹੋਂਦ ਜਾਂ ਅਣਹੋਂਦ ਮਹੱਤਵ ਬਿਨਾਂ ਹੁੰਦੀ ਹੈ।

Indegenous species (ਇਨਡਿਜਿਨਸ ਸਪੀਸ਼ੀਜ਼)

ਇਸ ਪਦ ਦੇ ਪਹਿਲੇ ਭਾਗ, ਇਨਡਿਜਿਨਸ ਦੇ ਅਰਥ ਹਨ ‘ਦੇਸੀ’ ਦੇ ਅਤੇ ਦੂਜੇ ਭਾਗ, ਸਪੀਸ਼ੀਜ਼ ਦੇ ਅਰਥ ਹਨ ‘ਜੀਵ-ਜਾਤੀ’ ਦੇ। ਉਸ ਸਥਾਨਕ ਨਿਵਾਸੀ ਜੀਵ-ਜਾਤੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਉਸੇ ਸਥਾਨ ਦੀ ਜੰਮ-ਪਲ ਹੁੰਦੀ ਹੈ, ਜਿਥੇ ਉਹ ਵਿਚਰ ਰਹੀ ਹੈ।

Individual (ਇਨਡਿਵਿਯੂਅਲ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਇਨ (in), ਜਿਸ ਦੇ ਅਰਥ ਹਨ “ਨਾਂਹ” ਦੇ ਅਤੇ ਦੂਜਾ ਹੈ ਡਿਵਿਡਿਯੂਸ (dividuus), ਜਿਸ ਦੇ ਅਰਥ ਹਨ “ਵੰਡੇ ਜਾਣ ਯੋਗ ਹੋਣ” ਦੇ। ਅਜਿਹੀ ਅਵਿਭਾਜਿਤ ਜੈਵਿਕ ਇਕਾਈ ਜਾਂ ਵਿਅਕਤੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਜਾਂ ਜਿਹੜਾ ਆਪਣੇ ਆਪ, ਸਵਾਧੀਨ ਤੌਰ ਤੇ, ਜੀਵਨ ਬਿਤਾਉਣ ਅਤੇ ਆਪਣੇ ਜਿਹਾ ਹੋਰ ਉਪਜਾ ਸਕਣ ਦੇ ਯੋਗ ਹੈ।

Inducer (ਇਨਡਯੂਸਰ)

ਆਮ ਵਰਤੋਂ ’ਚ ਆ ਰਹੇ ਇਸ ਸ਼ਬਦ ਦੇ ਅਰਥ ਹਨ ‘ਪ੍ਰੇਰਕ’ ਦੇ। ਪਰ ਜੀਵ-ਵਿਗਿਆਨ ਦੇ ਪ੍ਰਸੰਗ ’ਚ ਇਸ ਦੀ ਵਰਤੋਂ ਉਸ ਪਦਾਰਥ ਲਈ ਕੀਤੀ ਜਾਂਦੀ ਹੈ, ਜਿਹੜਾ ਸੈੱਲਾਂ ਵਿਖੇ ਪ੍ਰੋਟੀਨੀ ਉਪਜ ਨੂੰ ਪ੍ਰੇਰਣ ਦਾ ਸਾਧਨ ਬਣਦਾ ਹੈ।

Industrial malanism (ਇਨਡੱਸਟ੍ਰੀਅਲ ਮੈਲੇਨਿਜ਼ਮ)

ਇਸ ਪਦ ਦੇ ਸਿੱਧੇ ਅਰਥ ਹਨ ‘ਉਦਯੋਗਕ ਕਲੱਤਣ’ ਦੇ, ਭਾਵ ਉਦਯੋਗਾਂ ਦੁਆਰਾ ਉਪਜਾਏ ਧੂੰਏਂ ਕਾਰਨ ਆਲੇ-ਦੁਆਲੇ ’ਚ ਖਿੰਡ ਰਹੀ ਕਾਲਖ ਦੇ। ਪਰਿਆਵਰਣ ਦੇ ਪ੍ਰਸੰਗ ’ਚ ਤਾਂ ਇਸ ਸਥਿਤੀ ਦੀ ਮਹੱਤਤਾ ਹੈ ਹੀ, ਪਰ ਇਸੇ ਸਥਿਤੀ ਦਾ ਕੁਦਰਤੀ ਚੋਣ ਦੇ ਪ੍ਰਮਾਣ ਵਜੋਂ ਵੀ ਹਵਾਲਾ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਭੰਵਟਾਂ ਦੀ ਨਵੀਂ ਕਾਲੀ ਨਸਲ ਦਾ ਵਿਕਾਸ ਸ਼ਹਿਰੀ ਪਾਰਕਾਂ ਵਿਖੇ ਹੋਇਆ ਹੈ।

Industrial microbiology (ਇਨਡੱਸਟ੍ਰੀਅਲ ਮਾਇਕ੍ਰੋਬਾਇਆਲੱਜਿ)

ਜੇਕਰ ਜੈਵਿਕ ਵਿਰੋਧੀ ਦਵਾਈਆਂ, ਟੀਕੇ, ਖ਼ਮੀਰੇ ਹੋਏ ਖਾਣ ਵਾਲੇ ਅਤੇ ਪੀਣ ਵਾਲੇ ਪਦਾਰਥ, ਹਾਰਮੋਨ ਆਦਿ ਜੀਵਾਣੂਆਂ ਦੁਆਰਾ ਉਦਯੋਗਕ ਪੱਧਰ ਉਪਰ ਉਪਜਾਏ ਜਾਣ, ਤਦ ਇਸ ਪ੍ਰਚਲਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Infection (ਇਨਫ਼ੈਕਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਇਨਫਿਸਰਿ (inficere) ਹੈ, ਜਿਸ ਦੇ ਅਰਥ ‘ਕਲੰਕਿਤ ਕਰਨ’ ਦੇ ਹਨ। ਜੇਕਰ ਕਿਸੇ ਜੀਵ ਅੰਦਰ ਕੀਟਾਣੂ, ਵਿਸ਼ਾਣੂ, ਜੀਵਾਣੂ ਜਾਂ ਫਿਰ ਉੱਲੀ ਜਾਂ ਮਲ੍ਹੱਪ ਪ੍ਰਵੇਸ਼ ਕਰਕੇ ਰੋਗ ਦਾ ਕਾਰਨ ਬਣ ਜਾਣ, ਤਦ ਇਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Infiltration (ਇਨਫਿਲਟ੍ਰੇਸ਼ਨ)

ਜਿਸ ਪ੍ਰਕ੍ਰਿਆ ਦੁਆਰਾ ਭੂਮੀ ਉਪਰਲਾ ਪਾਣੀ ਇਸ ਅੰਦਰ ਰਿਸ ਰਿਸ ਕੇ ਸਮੋਇਆ ਜਾਂਦਾ ਹੈ, ਉਸੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Inflammation (ਇਨਫ਼ਲੱਮੇਸ਼ਨ)

ਸਰੀਰ ਨੂੰ ਜਿਥੇ ਸੱਟ ਲਗਦੀ ਹੈ ਜਾਂ ਫਿਰ ਜਿਥੇ ਜ਼ਖ਼ਮ ਹੋ ਜਾਂਦਾ ਹੈ, ਇਹ ਸਥਾਨ ਸੋਜ਼ਸ਼ ਗ੍ਰਸਤ ਹੋ ਜਾਂਦਾ ਹੈ, ਇਸ ਲਈ ਕਿਉਂਕਿ ਇਥੇ ਰੱਤ ਵਹਿਣੀਆਂ ਫੁੱਲ ਜਾਂਦੀਆਂ ਹਨ ਤਾਂ ਜੋ ਰੱਤ ਬਾਹਰ

ਨਾ ਨਿਕਲੇ ਅਤੇ ਰੱਤ ਵਿਚਲੇ ਬੱਗੇ ਸੈੱਲ ਵੀ ਇਥੇ ਇਕੱਤਰ ਹੋ ਜਾਣ। ਸਰੀਰ ਦੀ ਇਸੇ ਪ੍ਰਤਿਕ੍ਰਿਆਕਾਰਕਤਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Inflorescence (ਇਨਫਲੱਰੇਸੰਸ)

ਲਾਤੀਨੀ ਸ਼ਬਦ, ਇਨਫਲੱਰੇਸਰਿ (inflorescere) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ 'ਖੇੜੇ ਦੇ ਆਰੰਭ ਹੋਣ' ਦੇ ਹਨ। ਜਿਸ ਵਿਉਂਤ ਨਾਲ ਇਕ ਬੂਟੇ ਦੇ ਫੁੱਲ ਖਿੜਦੇ ਹਨ, ਉਸ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Infrasonic (ਇਨਫ੍ਰਾਸਾੱਨਿਕ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਇਨਫਰਾ (infra), ਜਿਸ ਦੇ ਅਰਥ ਹਨ 'ਨਿਮਨ' ਦੇ ਅਤੇ ਦੂਜਾ ਸਾੱਨਸ (sonus), ਜਿਸ ਦੇ ਅਰਥ ਹਨ 'ਧੁਨੀ' ਦੇ। ਧੁਨੀ ਜਾਂ ਆਵਾਜ਼ ਦੀਆਂ ਅਜਿਹੀਆਂ ਲਹਿਰਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਨੂੰ ਮਨੁੱਖ ਦੇ ਕੰਨ ਸੁਣਨ ਯੋਗ ਨਹੀਂ ਹਨ, ਇਸ ਲਈ ਕਿਉਂਕਿ ਇਨ੍ਹਾਂ ਦੀ ਸੁਣਨ ਨਾਲੋਂ ਨਿਮਨ ਆਵ੍ਰਿਤੀ ਹੈ।

Infundibulum (ਇਨਫੰਡਿਬਯੂਲਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਝਰੋਖੇ' ਦੇ। ਪਿਟਯੂਟਰਿ ਗ੍ਰੰਥੀ ਦਾ ਦਿਮਾਗ਼ ਦੇ ਹਾਇਪੱਥੈਲੇਮਸ (hypothalamus) ਭਾਗ ਨਾਲ ਇਕ ਅਜਿਹੀ ਡੰਡੀ ਦੁਆਰਾ ਸੰਪਰਕ ਬਣਿਆ ਹੋਇਆ ਹੈ, ਜਿਹੜੀ ਕਿ ਨਸ-ਸੈੱਲਾਂ ਦੀ ਬਣੀ ਹੋਈ ਹੈ। ਇਸੇ ਡੰਡੀ ਦਾ ਉਪਰੋਕਤ ਨਾਮ ਹੈ।

Infusoria (ਇਨਫਯੂਸਾੱਰਿਆ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਇਨਫਯੂਸੱਸ (infusus) ਹੈ, ਜਿਸ ਦੇ ਅਰਥ ਹਨ 'ਵਿਚ ਉਂਡੇਲਣ' ਦੇ। ਜਿਥੇ ਵੀ ਜਲ ਅੰਦਰ ਘੁਲੇ ਹੋਏ ਅਵੈਵੀ ਪਦਾਰਥ ਗਲ੍ਹ ਕੇ ਸੜ੍ਹਨ ਲਗਦੇ ਹਨ, ਉਸ ਜਲ 'ਚ ਜੀਵਾਣੂ ਪੈਦਾ ਹੋ ਜਾਂਦੇ ਹਨ। ਅਜਿਹੇ ਜੀਵਾਣੂਆਂ ਦੇ ਸਮੂਹ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Ingestion (ਇਨਜੈਸ਼ਨ)

ਲਾਤੀਨੀ ਸ਼ਬਦ, ਇਨਜੈਸਟਸ (ingestus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਅੰਦਰ ਲੈ ਜਾਣ' ਦੇ। ਪ੍ਰਾਣੀਆਂ ਦੀ ਖ਼ੁਰਾਕ ਨਿਗਲਣ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Iherited character (ਇਨਹੇੱਰਿਟਿਡ ਕੈਰੱਕਟਰ)

ਇਸ ਪਦ ਦੇ ਅਰਥ ਹਨ 'ਵਿਰਸੇ 'ਚ ਮਿਲੀ ਵਿਸ਼ੇਸ਼ਤਾ' ਦੇ। ਜਿਹੜਾ ਗੁਣ ਜਾਂ ਜਿਹੜੀ ਵਿਸ਼ੇਸ਼ਤਾ ਇਕ ਪੁਸ਼ਤ ਤੋਂ ਅਗਲੀ ਪੁਸ਼ਤ ਨੂੰ ਵਿਰਸੇ 'ਚ ਮਿਲੇ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ। ਕੇਵਲ ਉਹੋ ਵਿਸ਼ੇਸ਼ਤਾਵਾਂ ਹੀ ਵਿਰਸੇ 'ਚ ਮਿਲਣ ਯੋਗ ਹਨ, ਜਿਹੜੀਆਂ ਜੀਨ ਆਧਾਰਿਤ ਹਨ।

Inhibition (ਇਨਹਿਬਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਇਨਹਿਬਰਿ (inhibere) ਹੈ, ਜਿਸ ਦੇ ਅਰਥ ਹਨ 'ਨਿਅੰਤਰਣ ਅਧੀਨਤਾ' ਦੇ। ਸਰੀਰ ਅੰਦਰਲੀਆਂ ਕ੍ਰਿਆਵਾਂ ਅਤੇ ਇਸ ਦੀ ਪ੍ਰਗਤੀ ਨਿਅੰਤਰਣਹੀਣ ਨਹੀਂ ਵਾਪਰਦੇ; ਇਨ੍ਹਾਂ ਦਾ ਆਧਾਰ ਐਨਜ਼ਾਈਮ ਹਨ, ਜਿਨ੍ਹਾਂ ਦੀ ਉਪਜ ਕੇਵਲ ਲੋੜ ਅਨੁਕੂਲ ਹੀ ਹੁੰਦੀ ਹੈ, ਲਗਾਤਾਰ ਨਿਅੰਤਰਣ ਬਾਹਰੀ ਨਹੀਂ। ਉਪਰੋਕਤ ਪਦ ਇਸੇ ਸਥਿਤੀ ਨੂੰ ਦਰਸਾਉਂਦਾ ਹੈ, ਜਿਹੜੀ ਕਿ ਹਰ ਇਕ ਜੀਵ ਦੀ ਵਿਸ਼ੇਸ਼ਤਾ ਹੈ।

Initiation codon (ਇਨਿਸਿਏਸ਼ਨ ਕਾੱਡਾਨ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਇਨਿਸ਼ਿਅਮ (initium) ਹੈ,

ਜਿਸ ਦੇ ਅਰਥ ਹਨ 'ਆਰੰਭ' ਦੇ। ਜਿਸ ਕਾੱਡਾਨ ਦੀ ਪ੍ਰੇਰਣਾ ਅਧੀਨ ਪ੍ਰੋਟੀਨੀ ਉਪਜ ਦੀ ਪ੍ਰਕ੍ਰਿਆ ਆਰੰਭ ਹੁੰਦੀ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Inner ear (ਇਨਰ ਈਅਰ)

ਕੰਨ ਦੇ ਤਿੰਨ ਸਪਸ਼ਟ ਖੇਤਰ ਹਨ ਅਤੇ ਉਪਰੋਕਤ ਪਦ ਇਨ੍ਹਾਂ 'ਚੋਂ ਸਭਨਾਂ ਨਾਲੋਂ ਅੰਦਰਲੇ ਖੇਤਰ ਲਈ ਵਰਤੋਂ 'ਚ ਆਉਂਦਾ ਹੈ, ਜਿਸ ਦਾ ਸਬੰਧ ਸੁਣਨ ਨਾਲ ਤਾਂ ਹੈ ਹੀ, ਪਰ ਸਰੀਰਕ ਸੰਤੁਲਨ ਨੂੰ ਬਣਾਈ ਰਖਣਾ ਵੀ ਇਸੇ ਦੀ ਜ਼ਿੰਮੇਵਾਰੀ ਹੈ।

Innominate (ਇਨ-ਨਾੱਮਿਨੇਟ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਬੇਨਾਮ' ਦੇ। ਇਸ ਪਦ ਨੂੰ ਸਰੀਰ ਅੰਦਰਲੀ ਮੁੱਖ ਨਾੜ, ਮੁੱਖ ਰਗ ਅਤੇ ਮੁੱਖ ਹੱਡੀ ਦੇ ਨਾਮ ਵਜੋਂ ਵਰਤਿਆ ਗਿਆ ਹੈ।

Inoculum (ਇਨਆੱਕਯੂਲਮ)

ਲਾਤੀਨੀ ਸ਼ਬਦ, ਇਨਆੱਕਲੇਅਰ (inoclare) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ "ਪਿਉਂਦ ਲਾਉਣ" ਦੇ। ਸੈੱਲਾਂ, ਕੀਟਾਣੂਆਂ ਜਾਂ ਜੀਵਾਣੂਆਂ ਦੀ ਪ੍ਰਯੋਗਸ਼ਾਲਾ ਵਿਖੇ ਵਸੋਂ 'ਚ ਵਾਧਾ ਕਰਨ ਲਈ, ਇਨ੍ਹਾਂ ਨੂੰ ਜਿਸ ਪੌਸ਼ਟਿਕ ਮਾਧਿਅਮ 'ਚ ਰੱਖਿਆ ਜਾਂਦਾ ਹੈ, ਉਸੇ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Inositol (ਇਨਾੱਸਿਟੱਲ)

ਚਿਕਨਾਈ 'ਚ ਘੁਲਣਸ਼ੀਲ ਇਕ ਪਦਾਰਥ ਦਾ ਇਹ ਨਾਮ ਹੈ, ਜਿਸ ਬਿਨਾਂ ਸਰੀਰਕ ਵ੍ਰਿਧੀ ਅਤੇ ਪ੍ਰਗਤੀ ਸੰਭਵ ਨਹੀਂ। ਕਈ ਪ੍ਰਾਣੀ ਤਾਂ ਇਸ ਦਾ ਆਪਣੇ ਸਰੀਰ ਅੰਦਰ ਹੀ ਨਿਰਮਾਣ ਕਰਨ ਦੇ ਯੋਗ ਹਨ ਅਤੇ ਇਨ੍ਹਾਂ ਪ੍ਰਾਣੀਆਂ 'ਚ ਮਨੁੱਖ ਵੀ ਸ਼ਾਮਲ ਹੈ। ਸੈੱਲਾਂ ਦੀ ਝਿਲੀ ਦਾ ਇਹ ਪਦਾਰਥ ਜ਼ਰੂਰੀ ਜੁਜ਼ ਹੈ।

Inquiline (ਇਨਕਯੂਲਿਨ)

ਇਹ ਪਦ ਲਾਤੀਨੀ ਸ਼ਬਦ, ਇਨਕਯੂਲਿਨਸ (inquilinus) ਦਾ ਬਦਲਿਆ ਰੂਪ ਹੈ, ਜਿਸ ਦੇ ਆਪਣੇ ਅਰਥ ਹਨ 'ਕਿਰਾਏਦਾਰ' ਦੇ। ਉਸ ਪ੍ਰਾਣੀ ਲਈ ਇਸ ਪਦ ਦਾ ਉਪਯੋਗ ਉਚਿਤ ਹੈ, ਜਿਹੜਾ ਦੂਜੇ ਪ੍ਰਾਣੀ ਦੀ, ਉਸ ਦੇ ਆਪਣੇ ਲਈ ਬਣਾਈ ਹੋਈ ਰਿਹਾਇਸ਼ਗਾਹ 'ਚ ਧੱਕੇ ਨਾਲ ਰਹਿੰਦਾ ਹੈ। ਇਹੋ ਨਹੀਂ, ਇਨਕਯੂਲਿਨ ਪ੍ਰਾਣੀ, ਧੱਕੇ ਨਾਲ ਮੀਜ਼ਬਾਨ ਬਣਾਏ ਗਏ ਪ੍ਰਾਣੀ ਨਾਲ ਖ਼ੁਰਾਕ ਦੀ ਸਾਂਝ ਵੀ ਪਾ ਲੈਂਦਾ ਹੈ।

Insecta (ਇਨਸੈੱਕਟਾੱ)

ਪ੍ਰਾਣੀਆਂ ਦੇ ਆਰਥਰੱਪੋਡਾ (Arthropoda) ਕਬੀਲੇ ਦੀ ਉਸ ਸ਼੍ਰੇਣੀ ਦਾ ਇਹ ਨਾਮ ਹੈ, ਜਿਸ 'ਚ ਕੀਟ ਸ਼ਾਮਲ ਹਨ ਅਤੇ ਜਿਨ੍ਹਾਂ ਦੀਆਂ ਸੰਸਾਰ ਵਿਖੇ 20 ਲੱਖ ਦੇ ਲਗਭਗ ਜਾਤੀਆਂ ਹਨ। ਕੀਟ ਅਜਿਹਾ ਪ੍ਰਾਣੀ ਹੈ, ਜਿਸ ਦਾ ਸਰੀਰ ਤਿੰਨ ਸਪਸ਼ਟ ਭਾਗਾਂ 'ਚ ਵੰਡਿਆ ਹੈ: ਸਿਰ, ਛਾਤੀ ਤੇ ਧੜ 'ਚ ਅਤੇ ਇਸ ਦੇ ਤਿੰਨ ਜੋੜੇ ਟੰਗਾਂ ਦੇ ਤੇ ਦੋ ਜੋੜੇ ਪਰਾਂ ਦੇ ਹਨ।

Insecticide (ਇਨਸੈੱਕਟਿਸਾਇਡ)

ਰਸਾਇਣਕ ਜਾਂ ਜੈਵਿਕ ਆਧਾਰ ਵਾਲੇ ਉਸ ਪਦਾਰਥ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਕਿਸੇ ਵੀ ਪ੍ਰਕਾਰ ਕੀਟਾਂ ਲਈ ਘਾਤਕ ਸਿੱਧ ਹੁੰਦਾ ਹੈ।

Insectivore (ਇਨਸੈੱਕਟਿਵੋਰ)

ਇਨਸੈੱਕਟ, ਭਾਵ ਕੀਟ ਨਾਲ ਜੁੜੇ ਪਦ ਦੇ ਦੂਜੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਵਰੇਅਰ (vorare) ਹੈ, ਜਿਸ ਦੇ ਅਰਥ ਹਨ 'ਨਿਗਲ ਜਾਣ' ਦੇ। ਜਿਸ ਦਾ ਭੋਜਨ ਕੀਟ ਬਣਦੇ ਹਨ, ਉਸ ਜੀਵ ਲਈ, ਜਿਹੜਾ ਭਾਵੇਂ ਪ੍ਰਾਣੀ ਹੋਵੇ ਅਤੇ ਭਾਵ ਪੌਦਾ, ਉਪਰੋਕਤ ਪਦ ਦੀ ਵਰਤੋਂ ਕੀਤੀ

ਜਾਂਦੀ ਹੈ।

Inseminator (ਇਨਸੇੱਮਿਨੇਟਰ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਪਹਿਲਾ ਇਨ (in), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਸੇਮਿਨੇਸ਼ਯੂ (seminatio), ਜਿਸ ਦੇ ਅਰਥ ਹਨ 'ਭੂਮੀ 'ਚ ਬੀਜ ਬੀਜਣ' ਦੇ। ਮਾਦਾ ਪ੍ਰਾਣੀ ਦੀ ਬੱਚੇਦਾਨੀ 'ਚ ਸ਼ੁਕਰਾਣੂਆਂ ਦੇ ਪ੍ਰਵੇਸ਼ ਕਰਵਾਉਣ ਦੇ ਪ੍ਰਚਲਣ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

In situ (ਇਨ ਸਾਇਟੂ)

ਇਹ ਲਾਤੀਨੀ ਸ਼ਬਦ ਹਨ, ਜਿਹੜੇ ਕਿ ਉਸ ਕੁਦਰਤੀ ਸਥਿਤੀ ਨੂੰ ਦਰਸਾਉਣ ਲਈ ਵਰਤੇ ਜਾਂਦੇ ਹਨ, ਜਿਸ ਅਧੀਨ ਇਕ ਜੀਵ ਵਿਚਰਦਾ ਹੈ।

Instar (ਇਨਸਟਾਰ)

ਇਸ ਲਾਤੀਨੀ ਸ਼ਬਦ ਦੇ ਅਰਥ ਹਨ 'ਨੁਹਾਰ' ਦੇ। ਇਸ ਨੂੰ ਕੀਟ ਦੀ ਜੀਵਨੀ ਦੇ ਪ੍ਰਸੰਗ 'ਚ ਲਾਰਵਿਆਂ ਦੇ ਭਿੰਨ ਭਿੰਨ ਪੜਾਵਾਂ ਨੂੰ ਦਰਸਾਉਣ ਲਈ ਵਿਸ਼ੇਸ਼ ਤੌਰ 'ਤੇ ਵਰਤਿਆ ਜਾਂਦਾ ਹੈ।

Instinct (ਇਨਸਟਿੰਕਟ)

ਪ੍ਰਾਣੀ ਦੀ ਸੁਭਾਵਿਕ ਪ੍ਰਵਿਰਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਨੂੰ ਪ੍ਰਾਣੀ ਸਿਖਦਾ ਨਹੀਂ; ਇਹ ਇਸ ਨੂੰ ਵਿਰਸੇ 'ਚ ਮਿਲਦੀ ਹੈ ਅਤੇ ਉਚਿਤ ਹਾਲਾਤ ਅਧੀਨ ਇਸ ਦਾ ਪ੍ਰਗਟਾਵਾ ਪ੍ਰਾਣੀ ਆਪ-ਮੁਹਾਰੇ ਕਰਦਾ ਰਹਿੰਦਾ ਹੈ।

Insulin (ਇਨਸਯੂਲਿਨ)

ਲਾਤੀਨੀ ਸ਼ਬਦ, ਇਨਸਯੂਲੱ (insula) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਟਾਪੂ' ਦੇ। ਇਹ ਗੰਧਕ ਸਮਾਏ ਹੋਏ ਹਾਰਮੋਨ ਦਾ ਨਾਮ ਹੈ, ਜਿਹੜਾ ਪੈਂਕ੍ਰੀਅਸ ਗ੍ਰੰਥੀ 'ਚੋਂ ਸਿੱਧਾ ਲਹੂ ਅੰਦਰ ਰਿਸਦਾ ਹੈ ਅਤੇ ਲਹੂ ਅੰਦਰਲੇ ਵਾਧੂ ਗੁਲੂਕੋਸ (ਸ਼ਕਰ-ਮਿਠਾਸ) ਦੀ ਸੰਭਾਲ ਕਰਨਾ, ਇਸ ਦੀ ਕ੍ਰਿਆ ਹੈ। ਇਸ ਹਾਰਮੋਨ ਦੀ ਘਾਟ ਸ਼ਕਰ-ਰੋਗ ਦਾ ਕਾਰਨ ਬਣ ਜਾਂਦੀ ਹੈ।

Interferon (ਇੰਟਰਫੇਰਾਨ)

ਲਾਤੀਨੀ ਸ਼ਬਦ, ਇੰਟਰਫਰਿ (interfere) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਵਿਘਨ ਪਾਉਣ' ਦੇ। ਵਿਸ਼ਾਣੂ ਜਦ ਸੈੱਲ ਉਪਰ ਧਾਵਾ ਬੋਲਦੇ ਹਨ ਤਦ ਇਨ੍ਹਾਂ ਦੇ ਪਸਾਰ 'ਚ ਵਿਘਨ ਪਾਉਣ ਲਈ ਸੈੱਲ ਜਿਹੜਾ ਪ੍ਰੋਟੀਨੀ ਪਦਾਰਥ ਉਪਜਾਉਂਦਾ ਹੈ, ਉਸੇ ਦਾ ਇਹ ਉਪਰੋਕਤ ਨਾਮ ਹੈ। ਇਹ ਵਿਸ਼ਾਣੂ ਵਿਰੋਧੀ ਪਦਾਰਥ ਪਰ ਐਂਟਿਬਾਡਿ ਵਾਂਗ ਵਿਸ਼ੇਸ਼ ਨਹੀਂ ; ਇਹ ਹਰ ਇਕ ਵਿਸ਼ਾਣੂ ਦੀ ਵਿਰੋਧਤਾ ਕਰਨ ਦੇ ਸਮਰੱਥ ਹੁੰਦਾ ਹੈ।

Internal environment (ਇਨਟਰਨਲ ਇਨਵਾਇਰਨਮੰਟ)

ਉਪਰੋਕਤ ਪਦ ਦੇ ਸ਼ਾਬਦਕ ਅਰਥ 'ਅੰਤਰੀਵੀ ਚੁਗਿਰਦੇ' ਦੇ ਹਨ। ਸਰੀਰ ਅੰਦਰਲੇ ਹਰ ਇਕ ਸੈੱਲ ਦਾ ਆਪੋ-ਆਪਣਾ ਵਿਸ਼ੇਸ਼ ਤਰਲ ਇਨਵਾਇਰਨਮੰਟ ਹੈ, ਜਿਸ ਦੁਆਰਾ ਇਹ ਖ਼ੁਰਾਕ ਅਤੇ ਆਕਸੀਜਨ ਪ੍ਰਾਪਤ ਕਰਦਾ ਹੈ। ਸੈੱਲ ਦੁਆਲੇ ਵਿਆਪਕ ਇਸ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Interphase (ਇੰਟਰ-ਫੇਜ਼)

ਇਸ ਪਦ 'ਚ ਇਕ ਲਾਤੀਨੀ ਅਤੇ ਇਕ ਯੂਨਾਨੀ ਸ਼ਬਦ ਸਮਾਏ ਹੋਏ ਹਨ: ਲਾਤੀਨੀ ਸ਼ਬਦ ਹੈ ਇੰਟਰ (inter), ਜਿਸ ਦੇ ਅਰਥ ਹਨ 'ਵਿਚਕਾਰ' ਦੇ ਅਤੇ ਯੂਨਾਨੀ ਸ਼ਬਦ ਹੈ ਫ਼ੇਸਿਸ (phasis), ਜਿਸ ਦੇ ਅਰਥ ਹਨ 'ਪੱਖ' ਦੇ। ਸੈੱਲ

ਦੀ ਜੀਵਨੀ ਦੇ ਉਸ ਪੱਖ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਇਸ ਦਾ ਦੋ ਸੈੱਲ-ਵੰਡਾਰਿਆਂ ਵਿਚਕਾਰਲਾ ਹੈ।

Intersex (ਇੰਟਰ-ਸੈੱਕਸ)

ਦੋ ਲਾਤੀਨੀ ਸ਼ਬਦ, ਇੰਟਰ (inter) ਅਤੇ ਸੈਕਸੱਸ (sexus), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਵਿਚਕਾਰ’ ਦੇ ਅਤੇ ‘ਲਿੰਗ’ ਦੇ। ਅਜਿਹੇ ਅੰਤਰ-ਲਿੰਗੀ ਜੀਵ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ’ਚ ਨਾ ਨਿਰੋਲ ਨਰ ਵਾਲੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਅਤੇ ਨਾ ਹੀ ਮਦੀਨ ਵਾਲੀਆਂ। ਇਹ ਦੋਵਾਂ ਦੇ ਕੁਮੇਲਕ ਰਲਾ ਦਾ ਪ੍ਰਗਟਾਵਾ ਕਰਦਾ ਜੀਵ ਹੁੰਦਾ ਹੈ। ਲਿੰਗ ਕ੍ਰੋਮੋਸੋਮ ’ਚ ਪਏ ਵਿਗਾੜ ਕਾਰਨ ਅਜਿਹਾ ਹੋ ਜਾਂਦਾ ਹੈ।

Intestine (ਇਨਟੈੱਸਟਾਈਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਇਨਟੇਸਟਿਨੱ (intestina) ਹੈ, ਜਿਸ ਦੇ ਅਰਥ ਹਨ ‘ਆਂਦਰਾਂ’ ਦੇ। ਪਾਚਨ ਨਾਲ਼ੀ ਦੇ ਉਸ ਖੇਤਰ ਦਾ ਇਹ ਨਾਮ ਹੈ, ਜਿਹੜਾ ਮਿਹਦੇ ਤੋਂ ਆਰੰਭ ਹੋ ਕੇ ਧੁਰ ਗੁਦਾ ਦੁਆਰ (anus) ਤਕ ਚਲਾ ਜਾਂਦਾ ਹੈ। ਇਸ ਖੇਤਰ ’ਚ ਖ਼ੁਰਾਕ ਹਜ਼ਮ ਹੁੰਦੀ ਰਹਿੰਦੀ ਹੈ ਤੇ ਹਜ਼ਮ ਹੋਈ ਖ਼ੁਰਾਕ ਲਹੂ ’ਚ ਰਚਦੀ ਵੀ ਰਹਿੰਦੀ ਹੈ।

Intima (ਇਨਟਿਮਾ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਇਨਟਿਮਸ (intimus) ਹੈ, ਜਿਸ ਦੇ ਅਰਥ ਹਨ ‘ਸਭ ਤੋਂ ਅੰਦਰਲੇ’ ਦੇ। ਸਰੀਰ ਅੰਦਰ ਜਿਹੜੇ ਅੰਗ ਖੋਖਲੇ ਹਨ, ਉਨ੍ਹਾਂ ਦੁਆਲੇ ਉਸਰੀ ਦੀਵਾਰ ਦੀ ਸਭਨਾਂ ਨਾਲੋਂ ਅੰਦਰਲੀ ਪਰਤ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਅਸਤਰ ਬਣ ਕੇ ਖੋਖਲੇਪਣ ਦੁਆਲੇ ਲਿਪਟੀ ਹੋਈ ਹੁੰਦੀ ਹੈ।

Intracellular (ਇੰਟਰਾ-ਸੈੱਲਯੂਲਰ)

ਦੋ ਲਾਤੀਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਇੰਟਰਾ (intra), ਜਿਸ ਦੇ ਅਰਥ ਹਨ ‘ਅੰਦਰ’ ਦੇ ਅਤੇ ਦੂਜਾ ਹੈ ਸੈੱਲਯੂਲੱ (cellula), ਜਿਹੜਾ ਸੈੱਲ ਦਾ ਪ੍ਰਤੀਕ ਹੈ। ਸੈੱਲ ਅੰਦਰਲੀਆਂ ਬਣਤਰਾਂ ਨੂੰ ਦਰਸਾਉਣ ਲਈ ਅਤੇ ਉਸ ਸਭੋ ਕੁਝ ਨੂੰ ਦਰਸਾਉਣ ਲਈ ਜੋ ਕਿ ਸੈੱਲ ਵਿਖੇ ਵਾਪਰਦਾ ਹੈ, ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Intraspecific (ਇੰਟਰਾ-ਸਪੈਸਿਫ਼ਿਕ)

ਇਸ ਪਦ ’ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਇੰਟਰਾ (intra), ਜਿਸ ਦੇ ਅਰਥ ਹਨ ‘ਅੰਦਰ’ ਦੇ ਅਤੇ ਦੂਜਾ ਸਪੀਸ਼ੀਜ਼ (species), ਜਿਸ ਦੇ ਅਰਥ ਹਨ ‘ਜਾਤੀ’ ਦੇ। ਜੀਵਨ ਦਾ ਵਿਕਾਸ ਕਈ ਪੱਧਰਾਂ ਤੇ ਚਲਦਾ ਰਹਿੰਦਾ ਹੈ ਅਤੇ ਜਾਤੀ ਦੀ ਪੱਧਰ ਤੇ ਆ ਰਹੇ ਪਰਿਵਰਤਨਾਂ ਨੂੰ ਦਰਸਾਉਣ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Intron (ਇੰਟਰੱਨ)

ਇਸ ਪਦ ਦਾ ਆਧਾਰ ਇਕ ਲਾਤੀਨੀ ਅਤੇ ਇਕ ਯੂਨਾਨੀ ਸ਼ਬਦ ਹਨ: ਲਾਤੀਨੀ ਸ਼ਬਦ ਹੈ ਇੰਟਰਾ (Intra), ਜਿਸ ਦੇ ਅਰਥ ਹਨ ‘ਅੰਦਰ’ ਦੇ ਅਤੇ ਯੂਨਾਨੀ ਸ਼ਬਦ ਹੈ ਅਨ (On), ਜਿਸ ਦੇ ਅਰਥ ਹਨ ‘ਹੋਣ’ ਦੇ। ਡੀ ਐਨ ਏ ਅੰਦਰਲੀ ਉਸ ਟੁਕੜੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੀ ਕਿ ਜੀਨ ਨਹੀਂ ਹੁੰਦੀ ਅਤੇ ਇਸੇ ਲਈ ਇਸ ਤੋਂ ਆਰ ਐਨ ਏ ਤਾਂ ਭਾਵੇਂ ਉਪਜੇ, ਪਰ ਮੇਸੈਂਜਰ (massenger) ਆਰ ਐਨ ਏ ਉਪਜਾਉਣ ਦੇ ਯੋਗ ਇਹ ਨਹੀਂ ਹੁੰਦੀ।

In utero (ਇਨ ਯੂਟਰੱ)

ਇਸ ਪਦ ਦੇ ਦੋ ਭਾਗ ਹਨ, ਪਹਿਲਾ

ਅੰਗਰੇਜ਼ੀ ਸ਼ਬਦ, ਇਨ (in), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਲਾਤੀਨੀ ਸ਼ਬਦ, ਯੂਟਰੋ (utero), 'ਜਿਹੜਾ ਬੱਚੇਦਾਨੀ' ਦਾ ਪ੍ਰਤੀਕ ਹੈ। ਬੱਚੇਦਾਨੀ ਅੰਦਰ ਪਲ ਰਹੇ ਭਰੂਣ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Invertebrata (ਇਨਵਰਟਿਬ੍ਰਟਾ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਇਨ (in), ਜਿਸ ਦੇ ਅਰਥ ਹਨ "ਬਿਨਾਂ" ਦੇ ਅਤੇ ਦੂਜਾ ਵਰਟਿਬ੍ਰਾ (vertebra), ਜਿਸ ਦੇ ਅਰਥ ਹਨ 'ਰੀੜ੍ਹ-ਮਣਕੇ' ਦੇ। ਉਨ੍ਹਾਂ ਪ੍ਰਾਣੀ ਕਬੀਲਿਆਂ ਲਈ ਉਪਰੋਕਤ ਸਿਰਲੇਖ ਸਾਂਝੇ ਤੌਰ ਤੇ ਵਰਤਿਆ ਜਾਂਦਾ ਹੈ, ਜਿਨ੍ਹਾਂ 'ਚ ਬਿਨਾਂ ਰੀੜ੍ਹ ਦੀ ਹੱਡੀ ਦੇ ਅਤੇ ਬਿਨਾਂ ਹੱਡੀ-ਪਿੰਜਰਾਂ ਦੇ ਪ੍ਰਾਣੀ ਸ਼ਾਮਲ ਹਨ।

In vitro (ਇਨ ਵਿਟਰੋ)

ਇਕ ਅੰਗਰੇਜ਼ੀ ਅਤੇ ਇਕ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਅੰਗਰੇਜ਼ੀ ਸ਼ਬਦ ਹੈ ਇਨ (in), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਲਾਤੀਨੀ ਸ਼ਬਦ ਹੈ ਵਿਟਰੋ (vitro), ਜਿਸ ਦੇ ਅਰਥ ਹਨ 'ਸ਼ੀਸ਼ੇ' ਦੇ। ਪ੍ਰਯੋਗਸ਼ਾਲਾ ਵਿਖੇ ਵਿਆਪਕ ਹਰ ਪ੍ਰਕਾਰ ਦੀ ਪ੍ਰਯੋਗਕ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

In vivo (ਇਨ ਵਿਵੋ)

ਇਸ ਪਦ ਅੰਦਰਲੇ ਦੋ ਸ਼ਬਦਾਂ 'ਚੋਂ ਪਹਿਲਾ ਹੈ ਅੰਗਰੇਜ਼ੀ ਬੋਲੀ ਦਾ ਇਨ (in), ਜਿਸ ਦੇ ਅਰਥ ਹਨ 'ਅੰਦਰ' ਦੇ ਅਤੇ ਦੂਜਾ ਹੈ ਲਾਤੀਨੀ ਬੋਲੀ ਦਾ ਵਿਵੋ (vivo), ਜਿਸ ਦੇ ਅਰਥ ਹਨ 'ਜੀਵਨ ਮਈ' ਦੇ। ਜੀਵਾਂ ਵਿਖੇ ਵਿਆਪਕ ਹਰ ਪ੍ਰਕਾਰ ਦੀ ਜੈਵਿਕ ਪ੍ਰਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Involuntry muscles (ਇਨਵਾੱਲੰਟਰਿ ਮੱਸਲਜ਼)

ਪਦ ਦੇ ਪਹਿਲੇ ਭਾਗ, ਇਨਵਾੱਲੰਟਰਿ ਦੇ ਅਰਥ ਹਨ 'ਨਿਰਇੱਛਤ' ਦੇ ਅਤੇ ਦੂਜੇ ਭਾਗ ਦੇ, ਮਾਸਪੇਸ਼ੀਆਂ ਦੇ। ਸਰੀਰ ਅੰਦਰਲੀਆਂ ਅਨੇਕਾਂ ਮਾਸਪੇਸ਼ੀਆਂ ਅਜਿਹੀਆਂ ਹਨ, ਜਿਹੜੀਆਂ ਆਪਣੀ ਕ੍ਰਿਆ ਲਈ ਪ੍ਰਾਣੀ ਦੀ ਇੱਛਾ ਉਪਰ ਨਿਰਭਰ ਨਹੀਂ ਹੁੰਦੀਆਂ। ਸਰੀਰ ਅੰਦਰਲੀਆਂ ਕੂਲੀ ਬਣਤਰ ਵਾਲੀਆਂ ਮਾਸਪੇਸ਼ੀਆਂ (smooth-muscles), ਦਿਮਾਗੀ ਨਿਅੰਤਰਣ ਤੋਂ ਸਵਾਧੀਨ ਨਸ-ਪ੍ਰਣਾਲੀ (autonomic nervous system) ਅਧੀਨ ਕ੍ਰਿਆਸ਼ੀਲ ਹੁੰਦੀਆਂ ਰਹਿੰਦੀਆਂ ਹਨ। ਇਹ ਇਸੇ ਵੰਨਗੀ ਦੀਆਂ ਮਾਸਪੇਸ਼ੀਆਂ ਹਨ। ਸਵਾਸ ਦਾ ਆਉਂਦੇ ਜਾਂਦੇ ਰਹਿਣਾ, ਖ਼ੁਰਾਕ ਦਾ ਪਚਦੇ ਰਹਿਣਾ ਅਤੇ ਅਜਿਹਾ ਹੋਰ ਵੀ ਬਹੁਤ ਕੁਝ ਜੀਵਨ ਲਈ ਜ਼ਰੂਰੀ ਸਰੀਰ ਅੰਦਰ ਆਪਣੇ ਆਪ ਹੋਈ ਜਾਂਦਾ ਹੈ, ਜਿਨ੍ਹਾਂ ਲਈ ਸਰੀਰ ਅੰਦਰਲੀਆਂ ਕੂਲੀਆਂ ਮਾਸਪੇਸ਼ੀਆਂ ਜ਼ਿੰਮੇਵਾਰ ਹਨ, ਅਤੇ ਜਿਨ੍ਹਾਂ ਲਈ ਉਪਰੋਕਤ ਪਦ ਦੀ ਵੀ ਵਰਤੋਂ ਕੀਤੀ ਜਾਂਦੀ ਹੈ।

Iodine (ਆਇਅਡੀਨ)

ਇਕ ਠੋਸ ਤੱਤ ਦਾ ਇਹ ਨਾਮ ਹੈ, ਜਿਸ ਦਾ ਸਿਆਹੀ-ਮੈਲ ਰੰਗ ਹੈ ਅਤੇ ਜਿਹੜਾ ਜਲ 'ਚ ਤਾਂ ਮਾਮੂਲੀ, ਪਰ ਮਦਸਾਰ (alcohol) 'ਚ ਭਲੀ ਪ੍ਰਕਾਰ ਘੁਲਣਸ਼ੀਲ ਹੈ। ਇਸ ਤੱਤ ਦਾ ਬਹੁ-ਪੱਖਾ ਉਪਯੋਗ ਭਾਂਤ ਭਾਂਤ ਦੇ ਉਦਯੋਗ ਕਰ ਰਹੇ ਹਨ: ਦਵਾਈਆਂ ਬਣਾਉਣ ਲਈ, ਰਸਾਇਣਕ ਵਿਸ਼ਲੇਸ਼ਣ ਲਈ, ਫੋਟੋਗ੍ਰਾਫੀ ਲਈ ਇਤਿਆਦਿ।

Ion (ਆਇਨ)

ਅਜਿਹੇ ਅਣੂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਇਸ ਲਈ

ਬਿਜਲਈ ਸੁਭਾਅ ਹੁੰਦਾ ਹੈ, ਕਿਉਂਕਿ ਜਾਂ ਤਾਂ ਇਸ ਨੇ ਵਾਧੂ ਇਲੈਕਟ੍ਰਾਨ (electron) ਪ੍ਰਾਪਤ ਕਰ ਲਿਆ ਹੁੰਦਾ ਹੈ ਅਤੇ ਜਾਂ ਫਿਰ ਇਸ ਦੇ ਆਪਣੇ ਇਲੈਕਟ੍ਰਾਨਾਂ 'ਚੋਂ ਇਕ ਦਾ ਇਸ ਨੇ ਤਿਆਗ ਕਰ ਦਿੱਤਾ ਹੁੰਦਾ ਹੈ।

Ionosphere (ਆਇਨੋਸਫ਼ਿਅਰ)

ਵਾਯੂਮੰਡਲ ਦੀ ਸਭਨਾਂ ਨਾਲੋਂ ਉਪਰਲੀ ਤਹਿ, ਪ੍ਰਿਥਵੀ ਤੋਂ 80 ਕਿਲੋਮੀਟਰ ਉਤਾਂਹ ਆਰੰਭ ਹੋ ਕੇ ਵਾਯੂਮੰਡਲ ਦੀ ਛੇਕੜਲੀ ਸੀਮਾ ਤਕ ਪਸਰੀ ਹੋਈ ਹੈ ਅਤੇ ਇਹ ਬਿਜਲਈ ਅਣੂਆਂ, ਭਾਵ ਆਇਨਾਂ (ions) 'ਚ ਸਮ੍ਰਿਧ ਹੈ। ਇਸੇ ਕਰਕੇ ਇਸ ਨੂੰ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਖੇਤਰ 'ਚ ਸੂਰਜ ਦਾ ਵਿਕਿਰਨੀ ਕਟਾਖਸ਼ ਤੀਬਰ ਹੋਣ ਕਰਕੇ, ਇਥੇ ਵਾਯੂ-ਕਣ ਆਇਨੀ ਰੂਪ ਧਾਰੀ ਰੱਖਦੇ ਹਨ।

Iris (ਆਇਰਿਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸਤਰੰਗੀ ਪੀਂਘ' ਦੇ। ਅੱਖ ਅੰਦਰ ਅਣਇੱਛਤ ਕੂਲੀਆਂ ਮਾਸਪੇਸ਼ੀਆਂ ਦੇ ਬਣੇ ਹੋਏ ਉਸ ਖੇਤਰ ਨੂੰ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ, ਜਿਹੜਾ ਪੁਤਲੀ ਦੁਆਲੇ ਗੋਲ ਘੇਰੇ 'ਚ ਤਣਿਆ ਹੋਇਆ ਹੈ। ਅੱਖਾਂ ਦਾ ਜਿਹੜਾ ਰੰਗ ਦਿਖਾਈ ਦਿੰਦਾ ਹੈ, ਉਹ ਇਸੇ ਖੇਤਰ ਵਿਚਲੇ ਰੰਗੀਜਲੇ ਕਣਾਂ ਵਜੋਂ ਹੈ।

Iron (ਆਇਰਨ)

ਜਿਸ ਤੱਤ ਨੂੰ ਅਸੀਂ ਲੋਹੇ ਦੇ ਨਾਮ ਨਾਲ ਜਾਣਦੇ ਹਾਂ ਅਤੇ ਜਿਹੜਾ ਚੁੰਬਕ ਵੱਲ ਆਕਰਸ਼ਿਤ ਹੁੰਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ। ਇਸ ਦੇ ਕਰੜੇਪਣ ਕਾਰਨ ਅਤੇ ਇਸ ਦੀ ਚੁੰਬਕੀ ਵਿਸ਼ੇਸ਼ਤਾ ਕਾਰਨ ਉਦਯੋਗ ਤਾਂ ਇਸ ਦਾ ਉਪਯੋਗ ਕਰਦੇ ਹੀ ਹਨ, ਪਰ ਇਸ ਦਾ ਆਕਸੀਜਨ ਨਾਲ ਵਿਸ਼ੇਸ਼ ਲਗਾਉ ਹੋਣ ਕਾਰਨ, ਜੀਵ ਵੀ ਭਾਂਤ ਭਾਂਤ ਪ੍ਰਕਾਰ ਇਸ ਦਾ ਉਪਯੋਗ ਕਰਦੇ ਰਹਿੰਦੇ ਹਨ।

irritability (ਇਰਿਟੱਬਿਲਿਟਿ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਇਰਿਟੱਰਿ (irritare) ਹੈ, ਜਿਸ ਦੇ ਅਰਥ ਹਨ 'ਉਕਸਾਉਣ' ਦੇ। ਜੀਵ ਆਲੇ-ਦੁਆਲੇ ਵਿਆਪਕ ਹਾਲਾਤ ਤੋਂ ਲਗਾਤਾਰ ਪ੍ਰਭਾਵਿਤ ਹੁੰਦੇ ਰਹਿੰਦੇ ਹਨ। ਜੀਵਾਂ ਦੀ ਬਾਹਰੀ ਉਤੇਜਨਾ ਦੁਆਰਾ ਉਕਸਾਏ ਜਾਣ ਦੀ ਵਿਸ਼ੇਸ਼ਤਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Ischium (ਇਸਕਿਅੱਮ)

ਯੂਨਾਨੀ ਸ਼ਬਦ, ਇਸਕਿਅੱਨ (ischion) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਚੂਲੇ' ਦੇ ਜਾਂ 'ਪੁੜੇ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਪੁੜੇ 'ਚ ਪਿਛਾਂਹ ਕਰਕੇ ਅਤੇ ਹੇਠ ਸਥਿਤ ਇਕ ਹੱਡੀ ਦਾ ਉਪਰੋਕਤ ਨਾਮ ਹੈ, ਜਿਹੜੀ ਕਿ ਮੱਛੀਆਂ 'ਚ ਨਹੀਂ ਹੁੰਦੀ।

Islets of langerhans (ਇਲੱਟਸ ਆਫ ਲਾਂਗਰਹਾਂਸ)

ਲਾਂਗਰਹਾਂਸ, ਜਰਮਨ ਵਿਗਿਆਨੀ ਸੀ, ਜਿਸ ਨੇ ਪੈਂਕਰੀਅਸ ਗ੍ਰੰਥੀ ਵਿਖੇ ਉਨ੍ਹਾਂ ਸੈੱਲਾਂ ਬਾਰੇ ਦੱਸ ਪਾਈ, ਜਿਨ੍ਹਾਂ 'ਚੋਂ ਇਨਸਯੂਲਿਨ (insulin) ਨਾਮ ਦਾ ਹਾਰਮੋਨ ਰਿਸਦਾ ਰਹਿੰਦਾ ਹੈ। ਇਲੱਟ ਦੇ ਅਰਥ ਹਨ 'ਛੋਟੇ ਟਾਪੂ' ਦੇ ਅਤੇ ਇਨਸਯੂਲਿਨ ਉਪਜਾਊ ਸੈੱਲਾਂ ਦੇ ਸਮੂਹ, ਪੈਂਕਰੀਅਸ ਵਿਖੇ ਇੰਜ ਖਿੰਡੇ-ਪੁੰਡੇ ਹਨ, ਜਿਵੇਂ ਕਿ ਸਾਗਰ 'ਚ ਟਾਪੂ। ਇਸ ਵਜੋਂ ਅਤੇ ਇਨ੍ਹਾਂ ਬਾਰੇ ਦੱਸ ਪਾਉਣ ਵਾਲੇ ਵਿਗਿਆਨੀ ਦੇ ਨਾਮ ਨੂੰ ਆਧਾਰ ਬਣਾ ਕੇ, ਇਨ੍ਹਾਂ ਸੈੱਲਾਂ ਲਈ ਉਪਰੋਕਤ ਨਾਮ ਤਰਾਸ਼ਿਆ ਗਿਆ ਹੈ।

Isolating mechanism (ਆਇਸੱਲੇਟਿੰਗ ਮੈੱਕੱਨਿਜ਼ਮ)

ਜੀਵਾਂ ਵਿਖੇ ਅੰਤਰ-ਪ੍ਰਜਣਨ ਨੂੰ

ਸੀਮਤ ਰਖਣ ਲਈ ਕੁਦਰਤ 'ਚ ਵੱਡੇ ਪੈਮਾਨੇ 'ਤੇ ਵਿਆਪਕ ਪ੍ਰਚਲਣ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਕੁਦਰਤ 'ਚ ਵਿਆਪਕ ਇਸ ਸਥਿਤੀ ਦਾ ਮੂਲ ਖੇਤਰੀ ਨਿਵੇਕਲਾਪਣ ਹੋ ਸਕਦਾ ਹੈ, ਪਰਿਸਥਿਤੀਵਾਦਕ ਹੋ ਸਕਦਾ ਹੈ ਜਾਂ ਜੀਨ ਆਧਾਰਿਤ ਹੋ ਸਕਦਾ ਹੈ। ਮਨੁੱਖ ਦੇ ਪ੍ਰਸੰਗ 'ਚ ਇਸ ਦਾ ਮੂਲ, ਉਪਰੋਕਤ ਤੋਂ ਇਲਾਵਾ, ਨਿਰੋਲ ਸਮਾਜਿਕ ਵੀ ਹੋ ਸਕਦਾ ਹੈ, ਸਗੋਂ ਵੱਡੇ ਪੈਮਾਨੇ 'ਤੇ ਅਜਿਹਾ ਹੀ ਹੈ।

Isoleucine (ਆਇਸੋਲਯੂਸਿਨ)

ਜੈਵਿਕ ਪ੍ਰਕ੍ਰਿਆਵਾਂ ਲਈ ਜ਼ਰੂਰੀ ਐਮਿਨੋ ਤੇਜ਼ਾਬਾਂ 'ਚੋਂ ਇਕ ਦਾ ਇਹ ਨਾਮ ਹੈ। ਮਨੁੱਖ ਅੰਦਰ ਇਹ ਆਪਣੇ ਆਪ ਨਹੀਂ ਉਪਜਦਾ, ਇਸ ਲਈ ਖ਼ੁਰਾਕ ਦੁਆਰਾ ਇਸ ਨੂੰ ਪ੍ਰਾਪਤ ਕਰਨਾ ਪੈਂਦਾ ਹੈ।

Isomer (ਆਇਸੋਮਰ)

ਅਜਿਹੇ ਅਣੂਆਂ ਲਈ ਉਪਰੋਕਤ ਪਦ ਦਾ ਉਪਯੋਗ ਉਚਿਤ ਹੈ, ਜਿਨ੍ਹਾਂ 'ਚ ਉਹੋ ਹੀ ਪ੍ਰਮਾਣੂ ਇਕਸਾਰ ਮਾਤਰਾ 'ਚ ਸਮਾਏ ਹੁੰਦੇ ਹਨ, ਪਰ ਜਿਨ੍ਹਾਂ ਦੀ ਤਰਤੀਬ ਫ਼ਰਕ ਵਾਲੀ ਹੁੰਦੀ ਹੈ, ਜਿਸ ਕਰਕੇ ਇਨ੍ਹਾਂ ਦੀ ਤਾਸੀਰ ਵੀ ਫ਼ਰਕ ਵਾਲੀ ਹੋ ਜਾਂਦੀ ਹੈ।

Isomorph (ਆਇਸੋਮਾੱਰਫ਼)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਆਇਸੋਸ (Isos), ਜਿਸ ਦੇ ਅਰਥ ਹਨ 'ਇਕਸਾਰ' ਦੇ ਅਤੇ ਦੂਜਾ ਹੈ ਮਾਰਫਿ (morphe), ਜਿਸ ਦੇ ਅਰਥ ਹਨ 'ਨੁਹਾਰ' ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਦਾ ਉਪਯੋਗ ਉਚਿਤ ਹੈ, ਜਿਹੜੇ ਬਾਹਰੋਂ ਦੇਖਣ ਨੂੰ ਇਕੋ ਜਿਹੇ ਲਗਦੇ ਹਨ, ਪਰ ਜਿਨ੍ਹਾਂ ਦੇ ਜੀਨ ਫ਼ਰਕ ਵਾਲੇ ਹੁੰਦੇ ਹਨ।

Isoptera (ਆਇਸੋਪਟਰਾੱ)

ਕੀਟਾਂ ਦੀ ਸ਼੍ਰੇਣੀ ਦੇ ਇਕ ਉਘੇ ਵਰਗ (order) ਦਾ ਇਹ ਨਾਮ ਹੈ, ਜਿਸ 'ਚ ਸਿਉਂਕ (ਦੀਮਕ) ਸੱਦੇ ਜਾਣ ਵਾਲੇ ਸਮਾਜਿਕ ਕੀਟ ਸ਼ਾਮਲ ਹਨ ਅਤੇ ਜਿਨ੍ਹਾਂ ਵਜੋਂ ਲਕੜੀ ਤੇ ਕਾਗ਼ਜ਼ ਦਾ ਬਣਿਆ ਕੁਝ ਵੀ ਸੁਰੱਖਿਅਤ ਨਹੀਂ ਹੈ।

Itai-Itai (ਇਟਾਇ-ਇਟਾਇ)

ਜਾਪਾਨੀ ਬੋਲੀ ਦੇ ਇਹ ਦੋ ਸ਼ਬਦ ਉਸ ਰੋਗ ਦਾ ਨਾਮ ਹਨ, ਜਿਹੜਾ ਕੈਡਮਿਅਮ (cadmium) ਤੱਤ ਦੇ ਸਰੀਰ ਅੰਦਰ ਪ੍ਰਵੇਸ਼ ਕਰਨ ਨਾਲ ਉਪਜਦਾ ਹੈ। ਇਸ ਰੋਗ ਦੇ ਪ੍ਰਭਾਵ ਅਧੀਨ ਹੱਡੀਆਂ ਖੁਰਨ ਲਗਦੀਆਂ ਹਨ।

Ivory (ਆਇਵਰਿ)

ਹਾਥੀ ਦੇ ਦਰਸ਼ਨੀ ਦੰਦ ਤੋਂ ਪ੍ਰਾਪਤ ਪਦਾਰਥ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਕਿ ਸਭਿਆਚਾਰ ਦੇ ਇਤਿਹਾਸ 'ਚ ਉੱਘਾ ਸਥਾਨ ਰਿਹਾ ਹੈ।

J

Jacobson's organ (ਜੈਕਬਸਨ ਆਰਗਨ)

ਡੈਨਿਸ਼ ਵਿਗਿਆਨੀ, ਐਲ.ਐਲ. ਜੈਕਬਸਨ (1783-1843) ਦੇ ਖੋਜੇ ਉਸ ਅੰਗ ਨੂੰ ਉਪਰੋਕਤ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ, ਜਿਹੜਾ ਰੀੜ੍ਹ-ਸਹਿਤ ਪ੍ਰਾਣੀਆਂ ਦੇ ਮੂੰਹ ਅੰਦਰਲੇ ਤਾਲੂ ਅੰਦਰ ਸਥਿਤ ਹੈ ਅਤੇ ਜਿਸ ਦੀ ਕ੍ਰਿਆ ਸੁੰਘ ਕੇ ਖਾਣ ਵਸਤੂਆਂ ਦੀ ਤਮੀਜ਼ (ਪਛਾਣ) ਕਰਨਾ ਹੈ।

Jaw (ਜਾਅ)

ਰੀੜ੍ਹ-ਸਹਿਤ ਪ੍ਰਾਣੀਆਂ ਦਾ ਮੁੱਖ-ਦੁਆਰ, ਇਕ ਦੂਜੇ ਵਿਰੁੱਧ ਹਰਕਤ ਕਰਦੇ ਉਪਰਲੇ ਅਤੇ ਨਿਚਲੇ ਜਬਾੜ੍ਹੇ ਵਿਚਕਾਰ ਸਥਿਤ ਹੈ। ਜਬਾੜ੍ਹੇ ਨੂੰ ਹੀ ਉਪਰੋਕਤ ਪਦ ਦਰਸਾਉਂਦਾ ਹੈ।

Jejunum (ਜੀਜੂਨਮ)

ਲਾਤੀਨੀ ਸ਼ਬਦ, ਜੀਜੂਨਸ (jejunus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਖੋਖਲੇਪਣ' ਦੇ। ਛੋਟੀ ਆਂਦਰ ਦੇ ਉਸ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਡਯੂਡਿਨਮ (duodenum) ਅਤੇ ਇਲਿਅਮ (ileum) ਵਿਚਕਾਰ ਵਿਛਿਆ ਹੋਇਆ ਹੈ।

Joint (ਜਾੱਇੰਟ)

ਇਕ ਦੂਜੀ ਵਿਰੁੱਧ ਹਰਕਤ ਕਰਦੀਆਂ ਹੱਡੀਆਂ ਸਰੀਰ ਅੰਦਰ ਜਿਥੇ ਜਿਥੇ ਇਕ ਦੂਜੀ ਨਾਲ ਜੁੜੀਆਂ ਹੋਈਆਂ ਹਨ, ਉਸੇ ਸਥਾਨ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਜਾੱਇੰਟ ਜਾਂ ਸਰੀਰਕ ਜੋੜ ਇਕ-ਤਰਫੀ ਹਰਕਤ ਵਾਲਾ ਵੀ ਹੋ ਸਕਦਾ ਹੈ ਅਤੇ ਚੁਤਰਫੀ ਹਰਕਤ ਕਰਦਾ ਹੋਇਆ ਵੀ।

Joule (ਜੂਲ)

ਜੇਮਜ਼ ਪ੍ਰੈਸਕਾੱਟ ਜੂਲ (1818-1889) ਦੇ ਨਾਮ 'ਤੇ ਆਧਾਰਿਤ ਊਰਜਾ ਦੀ ਮਾਪ-ਇਕਾਈ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਇਹ ਮਾਪ-ਇਕਾਈ ਊਰਜਾ ਦੀ ਉਸ ਮਾਤਰਾ ਦੀ ਪ੍ਰਤੀਕ ਹੈ, ਜਿੰਨੀ ਕਿ ਇਕ ਵਸਤੂ ਦੇ ਇਕ ਮੀਟਰ ਤਕ ਦੀ ਦੂਰੀ ਤਕ ਹਰਕਤ ਕਰਨ ਲਈ ਲੋੜੀਂਦੀ ਹੁੰਦੀ ਹੈ।

Jugular (ਜੂਗਯੂਲਰ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਜੂਗਯੂਲਮ (jugulum) ਹੈ, ਜਿਸ ਦੇ ਅਰਥ ਹਨ ਗਰਦਨ ਹੇਠਲੀ ਹੱਡੀ, ਭਾਵ ਹੰਸਲੀ ਦੇ। ਸਰੀਰ ਦੇ ਇਸ ਭਾਗ, ਭਾਵ ਗਰਦਨ 'ਚ ਸਥਿਤ ਰਗ, ਨਾੜ, ਨਸ ਜਾਂ ਹੱਡੀ ਲਈ ਉਪਰੋਕਤ ਪਦ ਦੀ ਵਰਤੋਂ ਵਿਸ਼ੇਸ਼ਣ ਵਜੋਂ ਕੀਤੀ ਜਾਂਦੀ ਹੈ।

Jumping gene (ਜੰਪਿੰਗ ਜੀਨ)

ਇਹ ਨਿਰਵਿਸ਼ੇਸ਼ ਨਾਮ ਡੀ ਐਨ ਏ ਦੀ ਉਸ ਟੁਕੜੀ ਲਈ ਰਾਖਵਾਂ ਹੈ, ਜਿਸ ਦਾ ਕ੍ਰੋਮੋਸੋਮ ਵਿਖੇ ਨਿਸ਼ਚਿਤ ਸਥਾਨ ਨਹੀਂ ਹੁੰਦਾ ਅਤੇ ਨਾ ਹੀ ਜਿਸ ਦਾ ਨਿਸ਼ਚਿਤ ਕ੍ਰੋਮੋਸੋਮ ਹੁੰਦਾ ਹੈ। ਡੀ ਐਨ ਏ ਦੀ ਅਜਿਹੀ ਟੁਕੜੀ ਨੂੰ ਟ੍ਰੈਂਸਪੋਜ਼ਾਨ (transposon) ਵੀ ਸੱਦਿਆ ਜਾਂਦਾ ਹੈ।

Jurassic (ਜੁਰੈਸਿਕ)

ਫਰਾਂਸ ਅਤੇ ਸਵਿਟਜ਼ਰਲੈਂਡ ਲਾਗਲੀਆਂ ਪਹਾੜੀਆਂ ਦੇ ਸਿਲਸਿਲੇ ਨੂੰ ਜੁਰਾੱ (jura) ਸੱਦਿਆ ਜਾਂਦਾ ਹੈ ਅਤੇ ਇਹੋ ਸ਼ਬਦ ਉਪਰੋਕਤ ਪਦ ਦਾ ਆਧਾਰ ਹੈ, ਜਿਹੜਾ ਕਿ ਪ੍ਰਿਥਵੀ ਦੇ ਇਤਿਹਾਸ ਦੇ ਉਸ ਉਘੇ ਯੁਗ-ਕਾਲ ਦਾ ਨਾਮ ਹੈ, ਜਿਸ ਦੌਰਾਨ ਡਾਇਨੋਸਾਰ ਸੰਸਾਰ ਉਪਰ ਛਾਏ ਹੋਏ ਸਨ। ਇਸ ਯੁਗ-ਕਾਲ ਦਾ ਆਰੰਭ ਅੱਜ ਤੋਂ ਲਗਭਗ 20 ਕਰੋੜ ਵਰ੍ਹੇ ਪਹਿਲਾਂ ਹੋਇਆ ਸੀ ਅਤੇ ਇਸ ਦਾ ਅੰਤ, ਅੱਜ ਤੋਂ 14.4 ਕਰੋੜ ਵਰ੍ਹੇ ਪਹਿਲਾਂ ਹੋਇਆ।

Juvenile hormone (ਜੁਵਿਨਾਇਲ ਹਾਰਮੋਨ)

ਕੀਟਾਂ ਅੰਦਰ ਕਾਰਪੱਰਾ ਐਲੈੱਟਾ (corpora allata) ਨਾਮ ਦੀ ਗ੍ਰੰਥੀ ਦੁਆਰਾ ਉਪਜਾਏ ਜਾ ਰਹੇ ਉਸ ਹਾਰਮੋਨ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਲਾਰਵੇ ਨੂੰ ਲਾਰਵਾ ਹੀ ਰਹਿਣ ਦਿੰਦਾ ਹੈ ਅਤੇ ਇਸ ਦਾ ਪਿਊਪੇ 'ਚ ਕਾਇਆ ਪਲਟ ਨਹੀਂ ਹੋਣ ਦਿੰਦਾ। ਜੁਵਿਨਾਇਲ, ਉਸ ਲਾਤੀਨੀ ਸ਼ਬਦ ਦਾ ਥੋੜ੍ਹਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਜਵਾਨੀ' ਦੇ। ਕੀਟ ਨੂੰ ਜਵਾਨ ਬਣਾਈ ਰਖਣ ਵਾਲੇ ਹਾਰਮੋਨ ਦਾ ਇਸੇ ਲਈ ਉਪਰੋਕਤ ਨਾਮ ਹੈ।

Juvenile water (ਜੂਵਿਨਾਇਲ ਵਾਟਰ)

ਇਸ ਪਦ ਦੇ ਮੁੱਖ ਭਾਗ ਦਾ ਆਧਾਰ ਲਾਤੀਨੀ ਸ਼ਬਦ, ਜੂਵਿਨੇਲਿਸ (juvenalis) ਹੈ, ਜਿਸ ਦੇ ਅਰਥ ਹਨ 'ਯੁਵਾਮਈ' ਜਾਂ 'ਜਵਾਨੀ' ਦੇ। ਜਿਸ ਭੂਮੀ ਗ੍ਰਸਤ ਪਾਣੀ ਦਾ ਸਥਾਨ ਲਾਵੇ ਦੀ

ਬਣੀ ਪਰਤ ਹੁੰਦੀ ਹੈ ਅਤੇ ਲਾਵੇ ਅੰਦਰਲੇ ਖਣਿਜ ਇਸੇ ਲਈ ਜਿਸ ਪਾਣੀ ਅੰਦਰ ਘੁਲੇ ਹੋਏ ਹੁੰਦੇ ਹਨ, ਉਸੇ ਨੂੰ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ। ਖਣਿਜਾਂ ਭਰਿਆ ਇਹ ਪਾਣੀ ਮਨੁੱਖ ਨੂੰ ਸਦਾ ਜਵਾਨ ਤਾਂ ਭਾਵੇਂ ਨਾ ਰੱਖੇ, ਪਰ ਇਹ ਕਈਆਂ ਰੋਗਾਂ ਦੀ ਦਾਰੂ ਜ਼ਰੂਰ ਸਿੱਧ ਹੋ ਰਿਹਾ ਹੈ।

K

K (ਕੇ)

ਅੰਗਰੇਜ਼ੀ ਵਰਣਮਾਲਾ ਦਾ ਇਹ ਅਜਿਹਾ ਅੱਖਰ ਹੈ, ਜਿਸ ਨੂੰ ਪੋਟਾਸ਼ੀਅਮ (potassium) ਦੇ ਅਤੇ ਤੋਲ ਅਤੇ ਮਾਪ ਦੀ ਇਕਾਈ, ਕਿਲੋ (kilo) ਦੇ ਸੰਕੇਤਕ ਚਿੰਨ੍ਹ ਵਜੋਂ ਵਰਤਿਆ ਜਾਂਦਾ ਹੈ।

Katabatic (ਕੈਟੱਬੈਟਿਕ)

ਪਹਾੜੀ ਸਿਖਰਾਂ ਵੱਲੋਂ ਪਹਾੜੀ ਹੇਠਲੀਆਂ ਵਾਦੀਆਂ ਵੱਲ ਨੂੰ, ਪਹਾੜੀ ਢਲਵਾਨਾਂ ਉਪਰੋਂ ਦੀ ਤਿਲਕਦੀਆਂ ਵਗਦੀਆਂ ਹਵਾਵਾਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ। ਇਹ ਹਵਾਵਾਂ ਠੰਢੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਦੀ ਗਤੀ ਤੇਜ਼ ਹੁੰਦੀ ਹੈ।

Katabolism (ਕਟੈਬਲਿਜ਼ਮ)

ਇਹ ਪਦ ਕਟੈਬਲਿਜ਼ਮ (catabolism) ਦਾ ਸਮਾਨਾਰਥਕ ਪਦ ਹੈ।

Keel (ਕੀਲ)

ਉਡਣ ਵਾਲੇ ਪੰਛੀਆਂ ਦੀ ਛਾਤੀ ਦੀ ਹੱਡੀ ਵਿਚਕਾਰੋਂ ਲੰਬੇ ਦਾਅ ਉਭਰੀ ਹੋਈ ਹੁੰਦੀ ਹੈ। ਇਸੇ ਨੁਕੀਲੇ ਉਭਾਰ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਨਾਲ ਕਿ ਉਡਣ ਲਈ ਜ਼ਿੰਮੇਵਾਰ ਮਾਸ-ਪੇਸ਼ੀਆਂ ਜੜੀਆਂ ਹੁੰਦੀਆਂ ਹਨ।

Kenaf (ਕੇੱਨਫ਼)

ਇਹ ਇਕ ਰੇਸ਼ੇਦਾਰ ਬੂਟੇ ਦਾ ਨਾਮ ਹੈ, ਜਿਸ ਦੀ ਰੂਸ, ਅਮਰੀਕਾ ਅਤੇ ਨਿਊਜ਼ੀਲੈਂਡ ਵਿਖੇ ਕਾਸ਼ਤ, ਕਾਗਜ਼ ਦੇ ਉਤਪਾਦ ’ਚ ਵਰਤੋਂ ਕਰਨ ਲਈ ਕੀਤੀ ਜਾਂਦੀ ਹੈ।

Keratin (ਕੱਰੈਟਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਕੱਰੈਸ (keras) ਹੈ, ਜਿਸ ਦੇ ਅਰਥ ਹਨ ‘ਸਿੰਗ’ ਦੇ। ਚਮੜੀ ਦੀ ਬਾਹਰੀ ਪਰਤ ’ਚੋਂ ਰਿਸਦੀ ਗੰਧਕ ਭਿੰਨੀ ਪ੍ਰੋਟੀਨ ਦਾ ਇਹ ਨਾਮ ਹੈ, ਜਿਸ ਦੇ ਕਿ ਖੁਰ, ਸਿੰਗ, ਨਹੁੰ-ਨਹੁੰਦਰਾਂ, ਚੁੰਝਾਂ, ਵਾਲ ਅਤੇ ਖੰਭ ਬਣੇ ਹੋਏ ਹਨ।

Kidney (ਕਿਡਨਿ)

ਰੀੜ੍ਹ-ਸਹਿਤ ਪ੍ਰਾਣੀਆਂ ਦੀ ਪਿੱਠ ਦੇ ਵਿਚਕਾਰ ਜਿਹੇ, ਰੀੜ੍ਹ ਦੇ ਆਸੀਂ-ਪਾਸੀਂ ਸਥਿਤ ਅੰਗ ਦਾ ਇਹ ਨਾਮ ਹੈ, ਜਿਸ ਨੂੰ ‘ਗੁਰਦਾ’ ਸੱਦਿਆ ਜਾਂਦਾ ਹੈ। ਲਹੂ ਨੂੰ ਪੁਣ-ਛਾਣ ਕੇ, ਇਸ ਚੋਂ ਬੇਲੋੜੇ ਪਦਾਰਥਾਂ ਨੂੰ ਵੱਖ ਕਰਨਾ, ਇਸ ਅੰਗ ਦੀ ਮੁੱਖ ਕ੍ਰਿਆ ਹੈ।

Knee (ਨੀ)

ਪੱਟ ਅਤੇ ਪਿੰਜਣੀ ਵਿਚਕਾਰਲੇ ਕਬਜ਼ੇ ਨੁਮਾ ਜੋੜ ਦਾ ਇਹ ਨਾਮ ਹੈ, ਜਿਸ ਨੂੰ ਆਮ ਬੋਲੀ ’ਚ ‘ਗੋਡਾ’ ਸੱਦਿਆ ਜਾਂਦਾ ਹੈ ਅਤੇ ਜਿਹੜਾ ਪੱਟ ਦੀ ਹੱਡੀ, ਫੀਮਰ (femur) ਨੂੰ ਪਿੰਜਣੀ ਦੀ ਹੱਡੀ, ਟਿੱਬਿਆ (tibia) ਨਾਲ ਜੋੜਦਾ ਹੈ।

Krebs cycle (ਕਰੇੱਬਜ਼ ਸਾਇਕਲ)

ਸੈੱਲ ਅੰਦਰਲੀ, ਮਾਇਟੱਕਾਂਡਰੀਆ ਨਾਮ ਦੀ ਇੰਦਰੀ ਵਿਖੇ, ਗੁਲੂਕੋਸ ਅਤੇ ਆਕਸੀਜਨ ਦੇ ਰਲਾ ਤੋਂ ਉਪਜਾਈ ਜਾ ਰਹੀ ਊਰਜਾ, ਕਈ

ਪ੍ਰਕ੍ਰਿਆਵਾਂ ਦੇ ਸਿਲਸਿਲੇਵਾਰ ਨੇਪਰੇ ਚੜ੍ਹਦੇ ਰਹਿਣ ਦਾ ਉਪਫਲ ਹੁੰਦੀ ਹੈ ਅਤੇ ਇਹ ਪ੍ਰਕ੍ਰਿਆਵੀ ਸਿਲਸਿਲਾ ਲਗਾਤਾਰ ਚਲਦਾ ਰਹਿੰਦਾ ਹੈ। ਇਸ ਪ੍ਰਕ੍ਰਿਆਵੀ ਸਿਲਸਿਲੇ ਨੂੰ ਸਿਟਰਿਕ ਐਸਿਡ ਸਾਇਕਲ ਸੱਦਿਆ ਜਾਂਦਾ ਹੈ ਅਤੇ ਉਪਰੋਕਤ ਪਦ ਇਸੇ ਦਾ ਉਪਨਾਮ ਹੈ। ਸਰ ਹਾਨਸ ਅਡਲਫ ਕਰੈੱਬਜ਼ (Sir Hans Adolf Krebs) (1900-1981) ਨੇ ਇਸ ਪ੍ਰਕ੍ਰਿਆਵੀ ਸਿਲਸਿਲੇ ਦੀ ਖੋਜ ਕੀਤੀ ਸੀ, ਜਿਸ ਕਰਕੇ ਇਸ ਪ੍ਰਕ੍ਰਿਆਵੀ ਸਿਲਸਿਲੇ ਲਈ ਉਪਰੋਕਤ ਉਪਨਾਮ ਵੀ ਵਰਤਿਆ ਜਾ ਰਿਹਾ ਹੈ।

L

Labellum (ਲੈਬੱਲੱਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਬੁਲ੍ਹੀ’ ਦੇ। ਕੀਟਾਂ ਦੇ ਮੂੰਹ ਦੁਆਲੇ ਉਪਰ-ਹੇਠਾਂ ਅਤੇ ਆਸੀਂ-ਪਾਸੀਂ ਕਈ ਉਪਆਂਗ ਜੜੇ ਹੋਏ ਹਨ। ਇਨ੍ਹਾਂ ਚੋਂ ਅਗਲੇ ਜਾਂ ਉਪਰਲੇ ਬੁੱਲ੍ਹ, ਭਾਵ ਲੈਬਰੱਮ ਹੇਠ ਸਥਿਤ ਉਪਆਂਗ ਦਾ ਇਹ ਨਾਮ ਹੈ। ਮੱਖੀ ਦਾ ਇਹ ਉਪਆਂਗ ਵਿਸ਼ੇਸ਼ ਤੌਰ ਤੇ ਖ਼ੁਰਾਕੀ ਘੋਲ ਸੁੜਾਕਣ ’ਚ ਸਹਾਈ ਹੁੰਦਾ ਹੈ।

Labiatae (ਲੇਬਿਅਟਿ)

ਖੁਸ਼ਬੂਦਾਰ ਮਹਿਕ ਛਡਦੇ ਝਾੜਾਂ-ਬੂਟਿਆਂ ਦੇ ਕੁਟੰਬ ਦਾ ਇਹ ਵਿਗਿਆਨਕ ਨਾਮ ਹੈ; ਅਤੇ ਇਸ ਕੁਟੰਬ ’ਚ ਪੂਦਨਾ, ਲਵਿੰਡਰ ਆਦਿ ਬੂਟੇ ਸ਼ਾਮਲ ਹਨ।

Labium (ਲੇਬਿਅੱਮ)

ਇਸ ਲਾਤੀਨੀ ਸ਼ਬਦ ਦੇ ਅਰਥ ਹਨ ‘ਬੁੱਲ੍ਹ’ ਦੇ। ਕੀਟਾਂ ਦੇ ਮੂੰਹ ਦੁਆਲੇ ਚੁਫ਼ੇਰੇ ਸਥਿਤ ਉਪਆਂਗਾਂ ਚੋਂ ਮਧਵਰਤੀ ਸਥਿਤ ਇਕ ਉਪਆਂਗ ਦਾ ਇਹ ਨਾਮ ਹੈ, ਜਿਸ ਦੀ ਤੁਲਣਾ ‘ਹੇਠਲੇ ਬੁੱਲ੍ਹ’ ਨਾਲ ਕੀਤੀ ਜਾ ਸਕਦੀ ਹੈ।

Labrum (ਲੈਬਰੱਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਬੁੱਲ੍ਹ’ ਦੇ। ਕੀਟਾਂ ਦੇ ਮੂੰਹ ਦੁਆਲੇ ਜੜੇ ਉਪਆਂਗਾਂ ਚੋਂ ਸਭਨਾਂ ਤੋਂ ਮੂਹਰੇ ਅਤੇ ਅਗਾਂਹ ਸਥਿਤ ਉਪਆਂਗ ਦਾ ਇਹ ਨਾਮ ਹੈ, ਜਿਸ ਨੂੰ ‘ਉਪਰਲਾ ਬੁੱਲ੍ਹ’ ਵੀ ਸੱਦਿਆ ਜਾ ਸਕਦਾ ਹੈ।

Labyrinth (ਲੈਬਿਰਿੰਥ)

ਲਾਤੀਨੀ ਸ਼ਬਦ, ਲੈਬਿਰਿੰਥਸ (labyrinthus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਗੁੰਝਲਦਾਰ ਵਿਉਂਤ’ ਦੇ, ਭਾਵ ‘ਭੁੱਲ-ਭੁਲਈਆਂ’ ਦੇ। ਅੰਦਰਲੇ ਕੰਨ ਦੀ ਉਸਾਰੀ, ਨਾਲੀਆਂ ਅਤੇ ਖੋੜਾਂ ਦੀ ਗੁੰਝਲਦਾਰ ਵਿਉਂਤ ਦਾ ਸਿੱਟਾ ਹੁੰਦੀ ਹੈ ਅਤੇ ਅੰਦਰਲੇ ਕੰਨ ਦੀ ਅਜਿਹੀ ਸਥਿਤੀ ਨੂੰ ਦਰਸਾਉਣ ਲਈ ਹੀ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Lachrymal gland (ਲੈਕਰਿਮਲ ਗਲੈਂਡ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ, ਲੈਕਰਿਮਾ (lacrima) ਤੋਂ ਬਣਿਆ ਹੈ, ਜਿਸ ਦੇ ਅਰਥ ਹਨ ‘ਹੰਝੂ’ ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੀ ਅੱਖ ਅੰਦਰ ਸਥਿਤ ਹੰਝੂ ਉਪਜਾਊ ਗ੍ਰੰਥੀ ਲਈ ਉਪਰੋਕਤ ਪਦ ਰਾਖਵਾਂ ਹੈ।

Lachrymal duct (ਲੈਕਰਿਮਲ ਡੱਕਟ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਲੈਕਰਿਮਾ (lacrima) ਹੈ, ਜਿਸ ਦੇ ਅਰਥ ਹਨ ‘ਹੰਝੂ’ ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ ’ਚ ਆ ਰਿਹਾ ਸ਼ਬਦ ਹੈ, ਜਿਹੜਾ ‘ਨਲਕੀ’ ਨੂੰ ਦਰਸਾਉਂਦਾ ਹੈ। ਲੈਕਰਿਮਲ ਗਲੈਂਡ ਦੀ ਨਲਕੀ ਦਾ ਉਪਰੋਕਤ ਨਾਮ ਹੈ, ਜਿਹੜੀ ਕਿ

ਨੱਕ ਅੰਦਰ ਖੁੱਲ੍ਹਦੀ ਹੈ।ਅੱਖਾਂ 'ਚੋਂ ਛਲਕਣ ਦੇ ਨਾਲ ਨਾਲ, ਹੰਝੂ ਇਸ ਨਲਕੀ ਦੁਆਰਾ ਨੱਕ 'ਚੋਂ ਦੀ ਹੋ ਕੇ ਵੀ ਬਾਹਰ ਵਗਦੇ ਰਹਿੰਦੇ ਹਨ। ਹੰਝੂ, ਰੋਗਾਣੂ ਨਾਸ਼ਕ ਹੋਣ ਕਰਕੇ, ਅੱਖ ਅਤੇ ਨੱਕ ਦੋਹਾਂ ਨੂੰ ਰੋਗਾਣੂ ਮੁਕਤ ਰਖਣ 'ਚ ਸਹਾਈ ਹੁੰਦੇ ਹਨ।

Lactase (ਲੈਕਟੇਜ਼)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਲੈਕ (lac) ਹੈ, ਜਿਸ ਦੇ ਅਰਥ ਹਨ 'ਦੁੱਧ' ਦੇ। ਉਪਰੋਕਤ ਪਦ ਉਸ ਐਨਜ਼ਾਈਮ ਲਈ ਵਰਤਿਆ ਜਾਂਦਾ ਹੈ, ਜਿਹੜਾ ਕਿ ਆਂਦਰਾਂ 'ਚ ਰਿਸਦਾ ਹੈ ਅਤੇ ਜਿਹੜਾ ਦੁੱਧ ਅੰਦਰ ਰਚੀ ਹੋਈ ਲੈਕਟੋਜ਼ ਖੰਡ ਨੂੰ ਗੁਲੂਕੋਸ ਅਤੇ ਗੈਲੈਕਟੋਜ਼ (golactose) ਖੰਡ 'ਚ ਬਦਲ ਦਿੰਦਾ ਹੈ।

Lactation (ਲੈਕਟੇਸ਼ਨ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਲੈਕ (lac) ਹੈ, ਜਿਸ ਦੇ ਅਰਥ ਹਨ 'ਦੁੱਧ' ਦੇ।ਮਾਂ ਦੇ ਸਰੀਰ ਅੰਦਰ ਦੋਧੀ ਗ੍ਰੰਥੀਆਂ ਦੇ ਦੁੱਧ ਉਪਜਾਉਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।ਇਹ ਪ੍ਰਕ੍ਰਿਆ ਸਦਾ ਬਣੀ ਨਹੀਂ ਰਹਿੰਦੀ।ਇਹ ਬੱਚੇ ਜਾਂ ਵੱਛੜੇ ਦੇ ਜਨਮ ਸਮੇਂ, ਵਿਸ਼ੇਸ਼ ਹਾਰਮੋਨਾਂ ਦੇ ਪ੍ਰਭਾਵ ਅਧੀਨ ਆਰੰਭ ਹੁੰਦੀ ਹੈ, ਅਤੇ ਫਿਰ ਇਨ੍ਹਾਂ ਦੇ ਦੁੱਧ ਚੁੰਘਣਾਂ ਛੱਡਣ ਤਕ ਜਾਰੀ ਰਹਿੰਦੀ ਹੈ।

Lactic acid (ਲੈਕਟਿੱਕ ਐਸਿਡ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਲੈਕ (lac) ਹੈ, ਜਿਸ ਦੇ ਅਰਥ ਹਨ 'ਦੁੱਧ' ਦੇ।ਪਦ ਦਾ ਦੂਜਾ ਭਾਗ ਆਮ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਤੇਜ਼ਾਬ' ਦੇ। ਉਪਰੋਕਤ ਨਾਮ ਰੰਗ-ਹੀਣ ਅਤੇ ਗੰਧ-ਹੀਣ ਤੇਜ਼ਾਬ ਦਾ ਹੈ, ਜਿਸ ਨੂੰ ਦੁੱਧ ਅੰਦਰਲੇ ਲੈਕਟੋਬੈਸਿਲਾਈ (lacto bacilli) ਨਾਮ ਦੇ ਕੀਟਾਣੂ ਉਪਜਾਉਂਦੇ ਹਨ ਅਤੇ ਜਿਸ ਕਾਰਨ ਦੁੱਧ ਖੱਟਾ ਹੋ ਜਾਂਦਾ ਹੈ। ਸਰੀਰ ਅੰਦਰਲੀਆਂ ਮਾਸ-ਪੇਸ਼ੀਆਂ, ਆਕਸੀਜਨ ਦੀ ਅਣਹੋਂਦ 'ਚ ਜਦ ਕ੍ਰਿਆਸ਼ੀਲ ਹੁੰਦੀਆਂ ਹਨ, ਤਦ ਇਨ੍ਹਾਂ ਦੇ ਸੈੱਲ ਵੀ ਇਹੋ ਤੇਜ਼ਾਬ ਉਪਜਾਉਣ ਲਗਦੇ ਹਨ।

Lactose (ਲੈਕਟੋਜ਼)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਲੈਕ (lac) ਹੈ, ਜਿਸ ਦੇ ਅਰਥ ਹਨ 'ਦੁੱਧ' ਦੇ। ਦੁੱਧ ਅੰਦਰ ਰਚੀ ਹੋਈ ਖੰਡ ਦਾ ਇਹ ਨਾਮ ਹੈ, ਜਿਸ ਨੂੰ ਕਿ ਦੁੱਧ ਨੂੰ ਜਮਾਉਣ ਵਾਲੇ ਲੈਕਟੋਬੈਸਿਲਾਈ (Lactobacilli) ਆਪਣੀ ਖ਼ੁਰਾਕ ਵਜੋਂ ਵਰਤਦੇ ਹਨ।

Lagomorpha (ਲੈਗੱਮਾਰਫਾੱ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਲੈਗੱਸ (lagos), ਜਿਸ ਦੇ ਅਰਥ ਹਨ 'ਖ਼ਰਗੋਸ਼' ਦੇ ਅਤੇ ਦੂਜਾ ਮਾੱਰਫਿ (morphe), ਜਿਸ ਦੇ ਅਰਥ ਹਨ 'ਨੁਹਾਰ' ਦੇ। ਖ਼ਰਗੋਸ਼ਾਂ ਅਤੇ ਸਹਿਆਂ ਦੇ ਪਸ਼ੂ-ਵਰਗ (mammaliam order) ਦਾ ਇਹ ਵਿਗਿਆਨਕ ਨਾਮ ਹੈ। ਖਰਗੋਸ਼ ਅਤੇ ਸਹੇ ਆਸਟਰੇਲੀਆ ਦੇ ਸਥਾਨਕ ਵਸਨੀਕ ਨਹੀਂ ਸਨ, ਮਨੁੱਖ ਨੇ ਇਨ੍ਹਾਂ ਦਾ ਇਸ ਮਹਾਂਦੀਪ 'ਚ ਪ੍ਰਵੇਸ਼ ਕਰਵਾਇਆ।ਇਸ ਮਹਾਂਦੀਪ 'ਚ ਇਨ੍ਹਾਂ ਦਾ ਸ਼ਿਕਾਰ ਕਰਨ ਵਾਲੇ ਪ੍ਰਾਣੀਆਂ ਦੀ ਅਣਹੋਂਦ ਕਾਰਨ, ਅੱਜ ਇਥੇ ਇਹ ਵਬਾ ਬਣ ਕੇ ਫੈਲੇ ਹੋਏ ਹਨ।

Lamarckism (ਲਮਾਰ੍ਕਿਜ਼ਮ)

ਜੀਵਨ ਦੇ ਵਿਕਾਸ ਨਾਲ ਸਬੰਧ ਰਖਦੇ ਇਕ ਸਿਧਾਂਤ ਦਾ ਇਹ ਸਿਰਲੇਖ ਹੈ, ਜਿਸ ਦਾ ਕਰਤਾ ਫਰਾਂਸੀਸੀ ਜੀਵ-ਵਿਗਿਆਨੀ, ਜੀਨ ਬਪਟਿੱਸ 'ਡ ਲਮਾਰਕ (Jean Baptiste de Lamarek) (1744-1829) ਸੀ ਅਤੇ ਜਿਸ ਅਨੁਸਾਰ ਜੀਵ ਦੀਆਂ ਆਪਣੇ ਜੀਵਨ ਦੌਰਾਨ

ਅਪਣਾਈਆਂ ਵਿਸ਼ੇਸ਼ਤਾਵਾਂ ਸੰਤਾਨ ਨੂੰ ਵਿਰਸੇ 'ਚ ਮਿਲਦੀਆਂ ਰਹਿੰਦੀਆਂ ਹਨ। ਇਸ ਸਿਧਾਂਤ ਨੂੰ ਵਿਗਿਆਨਕ ਮਾਨਤਾ ਤਾਂ ਨਹੀਂ ਸੀ ਮਿਲੀ, ਪਰ ਕਈਆਂ ਵਿਚਾਰਵਾਨਾਂ ਅਤੇ ਸਾਹਿਤਕਾਰਾਂ ਦੀ ਸੋਚ ਇਸ ਤੋਂ ਪ੍ਰਭਾਵਿਤ ਜ਼ਰੂਰ ਹੋਈ।

Lamellibranchiata
(ਲੈਮੱਲਿਬਰੈਂਗਕਿਏਟਾੱ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਲੈਮੱਲਾੱ (lamella), ਜਿਸ ਦੇ ਅਰਥ ਹਨ 'ਪਰਤ ਜਿਹੇ ਪੋਚਵੇਂਪਣ' ਦੇ ਅਤੇ ਦੂਜਾ ਹੈ ਬਰੈਂਗਕੀ (branchiae), ਜਿਸ ਦੇ ਅਰਥ ਹਨ 'ਗਲਫੜਿਆਂ' ਦੇ। ਮੁਲੱਸਕਾ ਕਬੀਲੇ ਦੀ ਇਕ ਸ਼੍ਰੇਣੀ (class) ਦਾ ਇਹ ਵਿਗਿਆਨਕ ਨਾਮ ਹੈ, ਜਿਸ 'ਚ ਚਪਟੇ ਸਰੀਰਾਂ ਵਾਲੇ ਸਿੱਪ ਅਤੇ ਸਿੱਪੀਆਂ ਸ਼ਾਮਲ ਹਨ। ਇਨ੍ਹਾਂ ਪ੍ਰਾਣੀਆਂ ਦੇ ਗਲਫੜੇ ਝਿਲੀਦਾਰ ਪਰਤ ਦੇ ਰੂਪ 'ਚ ਹਨ ਅਤੇ ਇਨ੍ਹਾਂ ਦੇ ਆਸਿਓਂ-ਪਾਸਿਓਂ ਪਧਰਾਏ ਸਰੀਰ ਦੋ ਪਲੇਟਾਂ ਜਿਹੇ ਖੋਲਾਂ ਅੰਦਰ ਸੁਰੱਖਿਅਤ ਹਨ।

Lampbrush chromosome (ਲੈਂਪਬਰੱਸ਼ ਕ੍ਰੋਮੋਸੋਮ)

ਕਈ ਰੀੜ੍ਹ-ਸਹਿਤ ਪ੍ਰਾਣੀਆਂ ਦੇ ਆਂਡਿਆਂ ਅੰਦਰਲੇ ਨਿਊਕਲੀਅਸ ਵਿਖੇ ਇਕ ਕ੍ਰੋਮੋਸੋਮ ਹੋਰਨਾਂ ਨਾਲੋਂ ਵੱਡੇ ਆਕਾਰ ਦਾ ਹੁੰਦਾ ਹੈ। ਅਜਿਹੇ ਕ੍ਰੋਮੋਸੋਮ ਲਈ ਹੀ ਉਪਰੋਕਤ ਪਦ ਰਾਖਵਾਂ ਹੈ। ਇਹ ਕ੍ਰੋਮੋਸੋਮ ਹੋਰਨਾਂ ਨਾਲੋਂ ਲੰਬਾ ਵੀ ਹੁੰਦਾ ਹੈ ਅਤੇ ਆਸੀਂ-ਪਾਸੀਂ ਇਸ ਦਾ ਕੁੰਡਲਦਾਰ ਫੈਲਾਓ ਹੁੰਦਾ ਹੈ। ਇਹ ਕ੍ਰੋਮੋਸੋਮ, ਆਪਣੇ ਹੋਰਨਾਂ ਸਾਥੀਆਂ ਦੇ ਟਾਕਰੇ, ਵਧੇਰੇ ਆਰ ਐਨ ਏ ਉਪਜਾ ਰਿਹਾ ਹੁੰਦਾ ਹੈ।

Landfil site (ਲੈਂਡਫਿੱਲ ਸਾਇਟ)

ਉਸ ਸਥਾਨ ਲਈ ਉਪਰੋਕਤ ਪਦ ਰਾਖਵਾਂ ਹੈ, ਜਿਥੇ ਠੋਸ ਘਰੇਲੂ ਕੂੜੇ ਦਾ ਨਿਪਟਾਰਾ ਕੀਤਾ ਜਾਂਦਾ ਹੈ ਅਤੇ ਜਿਸ ਸਥਾਨ ਤੋਂ ਮੀਥੇਨ ਤੇ ਕਾਰਬਨਡਾਈਆਕਸਾਈਡ ਗੈਸਾਂ ਲਗਾਤਾਰ ਉਪਜਦੀਆਂ ਰਹਿੰਦੀਆਂ ਹਨ। ਇਸ ਕਰਕੇ ਇਹ ਦੁਆਲਾ ਵਸੋਂ ਦੇ ਯੋਗ ਨਹੀਂ ਰਹਿੰਦਾ।

Lanugo (ਲੈਨਯਗਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਨਰਮ ਲੂੰ' ਦੇ। ਗਰਭ 'ਚ ਪਲਦੇ ਬੱਚੇ ਦੇ ਸਰੀਰ ਉਪਰ ਨਰਮ ਲੂੰ ਖਿੰਡੇ ਹੁੰਦੇ ਹਨ। ਇਹ ਲੂੰ ਪਰ ਜਨਮ ਤੋਂ ਪਹਿਲਾਂ ਝੜ ਜਾਂਦੇ ਹਨ। ਭਰੂਣ ਦੇ ਇਸੇ ਲੂੰਦਾਰ ਜਾਮੇ ਲਈ ਉਪਰੋਕਤ ਪਦ ਰਾਖਵਾਂ ਹੈ।

Lapilli (ਲੈੱਪਿਲਿ)

ਇਹ ਲਾਤੀਨੀ ਸ਼ਬਦ ਹੈ, ਜਿਸ ਨੂੰ ਸਾਧਾਰਨ ਕੰਕਰਾਂ, ਗੀਟਿਆਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਵਿਗਿਆਨਕ ਪ੍ਰਸੰਗ 'ਚ ਪਰ ਇਸ ਦੇ ਅਰਥ ਅਜਿਹੇ ਕੰਕਰਾਂ ਤੇ ਗੀਟਿਆਂ ਦੇ ਹਨ, ਜਿਨ੍ਹਾਂ ਨੂੰ ਜਵਾਲਾਮੁਖੀਆਂ ਉਗਲਦੀਆਂ ਹਨ ਅਤੇ ਜਿਹੜੇ ਆਕਾਰ 'ਚ 4 ਮਿਲੀਮੀਟਰ ਤੋਂ ਲੈ ਕੇ 32 ਮਿਲੀਮੀਟਰ ਦੇ ਵਿਚ ਵਿਚ ਹੁੰਦੇ ਹਨ।

Lapse rate (ਲੈਪਸ ਰੇਟ)

ਇਸ ਦੋ-ਸ਼ਬਦੇ ਪਦ ਦੇ ਆਮ ਅਰਥ ਹਨ'ਗਿਰਾਵਟ ਦੀ ਦਰ ਜਾਂ ਗਤੀ'ਦੇ। ਪਰ ਵਿਗਿਆਨ 'ਚ ਇਸ ਪਦ ਦਾ ਵਿਸ਼ੇਸ਼ ਉਪਯੋਗ ਵਾਯੂਮੰਡਲ 'ਚ ਉਤਾਂਹ ਨੂੰ ਜਾਂਦਿਆਂ ਘਟਦੇ ਜਾ ਰਹੇ ਤਾਪਮਾਨ ਦੀ ਦਰ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਿਹੜੀ ਕਿ 6°C ਤੋਂ 8°C ਪ੍ਰਤੀ ਕਿਲੋਮੀਟਰ ਹੈ।

Large intestine
(ਲਾਰਜ ਇਨਟੱਸਟਾਇਨ)

ਆਂਦਰਾਂ ਦਾ ਪਿਛਲਾ ਭਾਗ ਕੋਲਨ (colon) ਅਤੇ ਰੈਕਟੱਮ (rectum) ਦਾ ਬਣਿਆ

ਹੈ ਅਤੇ ਆਂਦਰਾਂ ਦਾ ਇਨ੍ਹਾਂ ਦੋ ਖੇਤਰਾਂ 'ਚ ਵਿਆਸ ਵੀ ਮੋਕਲਾ ਹੈ। ਇਸੇ ਲਈ ਆਂਦਰਾਂ ਦੇ ਇਸ ਭਾਗ ਨੂੰ ਉਪਰੋਕਤ ਸਿਰਲੇਖ ਨਾਲ ਵੀ ਜਾਣਿਆ ਜਾਂਦਾ ਹੈ।

Laridae (ਲਾਰਿਡਿ)

ਸਾਗਰ 'ਚੋਂ ਆਪਣੀ ਖ਼ੁਰਾਕ ਬਟੋਰਦੇ ਪੰਛੀਆਂ 'ਚ ਆਬੀ-ਮੁਰਗ਼ੀਆਂ (gulls) ਅਤੇ ਟੱਟੀਹਰੀਆਂ (terns) ਵੀ ਸ਼ਾਮਲ ਹਨ। ਇਨ੍ਹਾਂ ਦੇ ਹੀ ਕੁਟੰਬ (family) ਦਾ ਉਪਰੋਕਤ ਨਾਮ ਹੈ। ਇਨ੍ਹਾਂ ਪੰਛੀਆਂ ਦੇ ਚੌੜੇ-ਚਪਟੇ ਝਿਲੀਦਾਰ ਪੰਜੇ ਹੁੰਦੇ ਹਨ, ਜਿਸ ਕਰਕੇ ਇਹ ਜਲ ਉਪਰ ਲੰਬੇ ਸਮੇਂ ਤਕ ਬੈਠੇ ਰਹਿ ਸਕਦੇ ਹਨ। ਇਹ ਸਾਗਰੀ ਪੰਛੀ ਲੰਬੀਆਂ ਲੰਬੀਆਂ ਉਡਾਰੀਆਂ ਮਾਰਨ ਦੇ ਵੀ ਯੋਗ ਹਨ।

Larva (ਲਾਰਵਾ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਛਲਾਵੇ' ਦੇ। ਛਲਾਵੇ ਵਾਂਗ ਹੀ ਛਾਈਂ-ਮਾਈਂ ਹੋਣ ਵਾਲੀ ਕੁਝ ਕੁ ਪ੍ਰਾਣੀਆਂ ਦੀ, ਵਿਸ਼ੇਸ਼ ਤੌਰ ਤੇ ਕੀਟਾਂ ਦੀ ਅਲ੍ਹੜ ਅਵਸਥਾ ਹੁੰਦੀ ਹੈ, ਜਿਸ ਦੀ ਪ੍ਰੌਢ ਨਾਲੋਂ ਭਿੰਨ ਨੁਹਾਰ ਹੁੰਦੀ ਹੈ। ਪ੍ਰਾਣੀਆਂ ਦੀ ਇਸ ਪ੍ਰਕਾਰ ਦੀ ਅਲ੍ਹੜ ਅਵਸਥਾ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਆਪਣੀ ਇਸ ਅਵਸਥਾ ਦੌਰਾਨ ਪ੍ਰਾਣੀ ਖਾਂਦਾ-ਪੀਂਦਾ ਬਹੁਤ ਹੈ, ਪਰ ਇਹ ਪ੍ਰਜਣਨ ਦੇ ਯੋਗ ਨਹੀਂ ਹੁੰਦਾ।

Larynx (ਲੇਰਿੰਗਕਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਘੰਡੀ' ਦੇ। ਆਵਾਜ਼ ਉਤਪੰਨ ਕਰਨ ਵਾਲੇ ਅੰਗ ਲਈ ਇਹ ਪਦ ਰਾਖਵਾਂ ਹੈ, ਜਿਸ ਨੂੰ ਪੰਛੀ ਚਹਿਕਣ ਲਈ ਵਰਤਦੇ ਹਨ, ਜਦ ਕਿ ਪਸ਼ੂ ਰਿੰਗਣ, ਚੰਘਾੜਨ ਜਾਂ ਬੁੱਕਣ ਲਈ ਅਤੇ ਮਨੁੱਖ ਬੋਲਣ ਲਈ ਵਰਤਦੇ ਹਨ।

Laser (ਲੇਜ਼ਰ)

ਇਹ ਚਾਰ ਅੰਗਰੇਜ਼ੀ ਅੱਖਰ ਪ੍ਰਕਾਸ਼ ਦੇ ਅਤਿ ਤੇਜ਼ ਪੁੰਜ ਨੂੰ ਦਰਸਾਉਣ ਲਈ ਵਰਤੇ ਜਾਂਦੇ ਹਨ ਅਤੇ ਜਿਸ ਵਿਸਥਾਰ ਦਾ ਇਹ ਚਾਰ ਅੱਖਰ ਸੰਕੇਤਕ ਚਿੰਨ੍ਹ ਹਨ, ਉਹ ਹਨ: ਲਾਇਟ ਐਮਪਲਿਫਿਕੇਸ਼ਨ ਬਾਈ ਸਟਿਮਯੂਲੇਟਿਡ ਇਮਿੱਸ਼ਨ ਆਫ ਰੇਡਿਏਸ਼ਨ (Light Amplification by Stimulated Emission of Radiation), ਭਾਵ ਵਿਕਰਨਾਂ ਦੇ ਉਤੇਜਿਕ ਨਿਕਾਸ ਦੁਆਰਾ ਪ੍ਰਕਾਸ਼ ਦੀ ਪੁੰਜਕ ਵ੍ਰਿਧੀ।

Latent virus (ਲੇਟੰਟ ਵਾਇਰਸ)

ਲੇਟੰਟ ਦੇ ਅਰਥ ਹਨ 'ਲੁਕਵੇਂ' ਦੇ ਅਤੇ ਉਸ ਵਾਇਰਸ ਜਾਂ ਵਿਸ਼ਾਣੂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਮੀਜ਼ਬਾਨ ਦੇ ਸਰੀਰ 'ਚ ਬਿਨਾਂ ਪ੍ਰਤੱਖ ਪ੍ਰਭਾਵ ਉਪਜਾਇਆਂ ਰਹਿ ਰਿਹਾ ਹੋਵੇ।

Latex (ਲੇਟੇੱਕਸ)

ਬੂਟਿਆਂ ਅੰਦਰੋਂ ਦੁੱਧ ਜਿਹੇ ਰਿਸਦੇ ਸੰਘਣੇ ਅਵੈਵੀ ਤਰਲ ਦਾ ਇਹ ਨਾਮ ਹੈ। ਕੁਦਰਤੀ ਰਬੜ ਦਾ ਸ੍ਰੋਤ ਵੀ ਇਹੋ ਪਦਾਰਥ ਹੈ, ਜਿਸ ਅੰਦਰ ਕਿ ਬੋਝਲ ਅਣੂ ਸਮਾਏ ਹੋਏ ਹੁੰਦੇ ਹਨ।

Leaching (ਲਿਚਿੰਗ)

ਚਟਾਨਾਂ ਅੰਦਰਲੇ ਅਤੇ ਮਿੱਟੀ ਅੰਦਰਲੇ ਘੁਲਣਸ਼ੀਲ ਪਦਾਰਥ ਵਰਖਾ ਦੇ ਅਤੇ ਵਗਦੇ ਪਾਣੀਆਂ 'ਚ ਘੁਲ ਘੁਲ ਕੇ ਬਾਹਰ ਆਉਂਦੇ ਰਹਿੰਦੇ ਹਨ। ਇਸੇ ਪ੍ਰਕ੍ਰਿਆ ਦਾ ਉਪਰੋਕਤ ਨਾਮ ਹੈ, ਜਿਸ ਦੁਆਰਾ ਪੌਦਿਆਂ ਅਤੇ ਪ੍ਰਾਣੀਆਂ ਦੇ ਵਰਤੋਂ ਯੋਗ ਪਦਾਰਥਾਂ ਦਾ ਆਲੇ-ਦੁਆਲੇ ਲਗਾਤਾਰ ਪ੍ਰਸਾਰ ਹੁੰਦਾ ਰਹਿੰਦਾ ਹੈ।

Learning (ਲਰਨਿੰਗ)

ਇਸ ਪਦ ਦੇ ਸਿੱਧੇ ਅਰਥ ਹਨ 'ਸਿੱਖਣ' ਦੇ ਅਤੇ ਪ੍ਰਾਣੀ ਇਸ ਪ੍ਰਕ੍ਰਿਆ ਦਾ ਵਿਖਾਲਾ ਆਪਣੇ ਕੁਦਰਤੀ ਵਤੀਰੇ ਨੂੰ, ਦੁਆਲੇ ਦੇ ਪ੍ਰਭਾਵ ਅਧੀਨ

ਅਪਣਾਏ ਤਜਰਬੇ ਦੇ ਆਧਾਰ ਤੇ ਬਦਲਦੇ ਹੋਏ ਕਰਦੇ ਰਹਿੰਦੇ ਹਨ। ਸਿੱਖਣ ਨੇ, ਮਨੁੱਖ 'ਚ, ਓੜਕਾਂ ਦੀ ਹੱਦ ਛੋਹ ਰੱਖੀ ਹੈ।

Lecithine (ਲੇੱਸਿਥਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਲੱਕਿੱਥਿਸ (lekithos) ਹੈ, ਜਿਸ ਦੇ ਅਰਥ ਹਨ 'ਆਂਡੇ ਦੀ ਜ਼ਰਦੀ' ਦੇ। ਉਪਰੋਕਤ ਨਾਮ ਨਾਲ ਜਾਣਿਆ ਜਾਣ ਵਾਲਾ ਫਾਸਫੋਰਸ ਭਿੰਨਾ ਪਦਾਰਥ ਆਂਡੇ ਦੀ ਜ਼ਰਦੀ 'ਚ ਬਹੁਤ ਹੁੰਦਾ ਹੈ ਅਤੇ ਸੈੱਲਾਂ ਦੁਆਲੇ ਵਲੀ ਹੋਈ ਅਤੇ ਇਨ੍ਹਾਂ ਅੰਦਰ ਪਰਤ-ਦਰ-ਪਰਤ ਜੜੀ ਹੋਈ ਝਿਲੀ ਦੀ ਉਸਾਰੀ ਇਸ ਪਦਾਰਥ ਬਿਨਾਂ ਸੰਭਵ ਨਹੀਂ।

Legume (ਲੱਗਯੂਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਲੱਗਯੂਮਨ (legumen) ਹੈ, ਜਿਸ ਦੇ ਅਰਥ ਹਨ 'ਦਾਲ' ਦੇ। ਦਾਲਾਂ, ਮਟਰ, ਛੋਲੇ, ਸੇਮ, ਲੋਬੀਆ ਜਿਹੇ ਪੌਦਿਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਨਾਲ ਦਾਣੇਦਾਰ ਫਲੀਆਂ ਲਗਦੀਆਂ ਹਨ।

Leguminosae (ਲੱਗਯੂਮੱਨਸੀ)

ਲਾਤੀਨੀ ਸ਼ਬਦ, ਲੱਗਯੂਮਨ (legumen) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਦਾਲ' ਦੇ। ਦਾਲਾਂ, ਮਟਰ, ਛੋਲੇ, ਸੇਮ, ਲੋਬੀਆ ਆਦਿ ਪੌਦਿਆਂ ਦੇ ਕੁਟੰਬ ਦਾ ਉਪਰੋਕਤ ਵਿਗਿਆਨਕ ਨਾਮ ਹੈ। ਮਾਨਵੀ ਖ਼ੁਰਾਕ ਅੰਦਰਲੇ ਪ੍ਰੋਟੀਨੀ ਅੰਸ਼ਾਂ ਦਾ ਸ੍ਰੋਤ ਇਹ ਪੌਦੇ ਹਨ ਅਤੇ ਕਾਸ਼ਤ 'ਚ ਵੀ ਇਨ੍ਹਾਂ ਦਾ ਵਿਸ਼ੇਸ਼ ਮਹੱਤਵ ਹੈ।

Leishmania (ਲਿਸ਼ਮੈਨਿਅ)

ਇਕ ਸੈੱਲ ਦੀ ਦੇਹ ਵਾਲੇ ਜੀਵਾਂ ਦੇ ਪ੍ਰੋਟੋਜ਼ੁਅ (Protozoa) ਕਬੀਲੇ ਦੇ ਇਕ ਜੀਵ ਦਾ ਇਹ ਵਿਗਿਆਨਕ ਨਾਮ ਹੈ, ਜਿਸ ਨੂੰ ਅੰਗਰੇਜ਼ ਵਿਗਿਆਨੀ ਲਿਸ਼ਮੱਨ (Leishman) (1865-1926) ਨੇ ਖੋਜਿਆ ਸੀ। ਇਹ ਜੀਵ ਮਨੁੱਖ ਦਾ ਪ੍ਰਜੀਵੀ ਹੈ, ਜਿਸ ਦੀ ਲਾਗ ਕਾਰਨ ਕਾਲਾ-ਆਜ਼ਾਰ (kala-azar) ਅਤੇ ਓਰੀਐਂਟਲ ਸੋਰ (oriental sore) ਸੱਦੇ ਜਾਂਦੇ ਰੋਗਾਂ ਦਾ ਮਨੁੱਖ ਰੋਗੀ ਬਣਦਾ ਰਹਿੰਦਾ ਹੈ।

Lens (ਲੈਨਜ਼)

ਇਹ ਨਾਮ ਰੀੜ੍ਹ-ਸਹਿਤ ਪ੍ਰਾਣੀਆਂ ਦੀ ਅੱਖ ਦੇ ਅਗਲੇ ਪਾਰਦਰਸ਼ੀ ਅੰਗ ਦਾ ਹੈ, ਜਿਸ 'ਚੋਂ ਦੀ ਪਾਰ ਹੋ ਕੇ ਪ੍ਰਕਾਸ਼ ਕਿਰਨਾਂ, ਅਕਸ ਚਿਤਰਨ ਲਈ, ਰੇਟਿਨਾ (retina) ਉਪਰ ਕੇਂਦਰਿਤ ਹੁੰਦੀਆਂ ਰਹਿੰਦੀਆਂ ਹਨ।

Lepidoptera (ਲੇੱਪਿਡਾੱਪਟ੍ਰਾ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਲੇਪਿਸ (lepis), ਜਿਸ ਦੇ ਅਰਥ ਹਨ 'ਪੇਪੜੀ' ਦੇ ਅਤੇ ਦੂਜਾ ਹੈ ਟੈਰਿਕਸ (pteryx), ਜਿਸ ਦੇ ਅਰਥ ਹਨ 'ਪਰ' ਦੇ। ਕੀਟਾਂ ਦੇ ਉਸ ਵਰਗ ਦਾ ਇਹ ਵਿਗਿਆਨਕ ਨਾਮ ਹੈ, ਜਿਸ ਵਿਚ ਭੰਵਟ ਅਤੇ ਤਿੱਤਲੀਆਂ ਸ਼ਾਮਲ ਹਨ ਅਤੇ ਜਿਨ੍ਹਾਂ ਦੇ ਪਰ ਮਹੀਨ ਆਕਾਰ ਦੀਆਂ ਰੰਗੀਜਲੀਆਂ ਪੇਪੜੀਆਂ ਨਾਲ ਕੱਜੇ ਹੁੰਦੇ ਹਨ। ਤਿੱਤਲੀਆਂ, ਭੰਵਟਾਂ ਉਪਰ ਉਕਰੇ ਹੋਏ ਮਨਲੁਭਾਉਣੇ ਨਮੂਨਿਆਂ ਨੂੰ ਇਹੋ ਪੇਪੜੀਆਂ ਚਿਤਰਦੀਆਂ ਹਨ।

Leptotene (ਲੋੱਪਟੱਟੀਨ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਲੋੱਪਟੱਸ (leptos), ਜਿਸ ਦੇ ਅਰਥ ਹਨ 'ਸੁਬਕ' ਜਾਂ 'ਪਤਲੇ' ਦੇ ਅਤੇ ਦੂਜਾ ਹੈ ਟੇਨਿਆ (tainia), ਜਿਸ ਦੇ ਅਰਥ ਹਨ 'ਫੀਤੇ' ਦੇ, ਭਾਵ 'ਕ੍ਰੋਮੋਸੋਮ' ਦੇ। ਪ੍ਰਜਣਨ-ਸੈੱਲ ਉਪਜਾਉਣ ਸਮੇਂ ਹੋਣ ਵਾਲੇ ਸੈੱਲ-ਵੰਡਾਰੇ ਦੇ

ਪਹਿਲੇ ਪੜਾਅ, ਪ੍ਰੋਫੇਜ਼ (prophase) ਦੇ ਮੁਢਲੇ ਉਪ-ਪੜਾਅ ਦਾ ਉਪਰੋਕਤ ਨਾਮ ਹੈ, ਜਿਸ ਦੌਰਾਨ ਕ੍ਰੋਮੋਸੋਮ ਲੰਬੇ-ਦਾਅ ਦੋ ਦੋ 'ਚ ਵੰਡੇ ਜਾਣ ਕਰਕੇ, ਸੁਬਕ ਪਤਲੀਆਂ ਤਣੀਆਂ ਜਿਹੇ ਦਿਖਾਈ ਦਿੰਦੇ ਹਨ।

Leptus (ਲੈਪਟੱਸ)

ਉਪਰੋਕਤ ਪਦ ਯੂਨਾਨੀ ਸ਼ਬਦ, ਲੈਪਟੱਸ (leptos) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਸੁਬਕ' ਦੇ ਜਾਂ 'ਮਹੀਨ' ਦੇ। ਉਪਰੋਕਤ ਪਦ ਪੱਤ-ਜੂੰਆਂ, ਭਾਵ ਮਾਈਟਾਂ (mites) ਦੇ ਨਵਜੀਵਾਂ (larvae) ਲਈ ਵਰਤਿਆ ਜਾਂਦਾ ਹੈ, ਜਿਹੜੇ ਆਕਾਰ 'ਚ ਅਤਿ ਮਹੀਨ ਹਨ ਅਤੇ ਇਹ ਕੀਟਾਂ ਵਾਂਗ ਛੇ-ਟੰਗੇ ਹਨ, ਪ੍ਰੌਢ ਪੱਤ-ਜੂੰਆਂ ਜਾਂ ਮਾਈਟਾਂ ਵਾਂਗ ਅੱਠ-ਟੰਗੇ ਨਹੀਂ।

Lethal gene (ਲੀਥੈਲ ਜੀਨ)

ਜੀਨ ਦੇ ਵਿਸ਼ੇਸ਼ਣ, ਲੀਥੈਲ ਦਾ ਆਧਾਰ ਲਾਤੀਨੀ ਸ਼ਬਦ, ਲਿਟੈਲਿਸ (letalis) ਹੈ, ਜਿਸ ਦੇ ਅਰਥ ਹਨ 'ਮਾਰੂ' ਦੇ ਜਾਂ 'ਘਾਤਕ' ਦੇ। ਜੀਵ ਦੀ ਮੌਤ ਦਾ ਕਾਰਨ ਬਣਦੇ ਜੀਨ ਲਈ ਉਪਰੋਕਤ ਪਦ ਰਾਖਵਾਂ ਹੈ।

Leucine (ਲਯੂਸਿਨ)

ਜੀਵਨ ਲਈ ਜ਼ਰੂਰੀ ਐਮਿਨੋ-ਤੇਜ਼ਾਬਾਂ 'ਚੋਂ ਇਕ ਦਾ ਇਹ ਨਾਮ ਹੈ।

Leucocytes (ਲਯੂਕੱਸਾਇਟਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਲਯੂਕਸ (leukos) ਅਤੇ ਕਾਇਟੱਸ (Kytos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਚਿੱਟੇ' ਦੇ ਅਤੇ 'ਸੈੱਲ' ਦੇ। ਲਹੂ ਦਾ ਲਾਲ ਰੰਗ ਇਸ ਅੰਦਰਲੇ ਸੂਹੇ ਰੰਗ ਦੇ ਸੈੱਲਾਂ ਕਰਕੇ ਹੈ, ਜਿਸ 'ਚ ਪਰ ਰੰਗ-ਰਹਿਤ ਚਿੱਟੇ ਜਾਂ ਬੱਗੇ ਸੈੱਲ ਵੀ ਰਲੇ ਹੋਏ ਹੁੰਦੇ ਹਨ। ਇਨ੍ਹਾਂ ਪਿਛਲਿਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਲਹੂ ਨੂੰ ਰੋਗਾਣੂਆਂ ਤੋਂ ਮੁਕਤ ਰਖਣ ਲਈ ਇਹੋ ਸੈੱਲ ਜ਼ਿਮੇਵਾਰ ਹਨ।

Leukemia (ਲਿਊਕੀਮਿਆ)

ਮਨੁੱਖ ਦੇ ਇਕ ਘਾਤਕ ਰੋਗ ਦਾ ਇਹ ਵਿਗਿਆਨਕ ਨਾਮ ਹੈ, ਜਿਸ ਨੂੰ ਬਲੱਡ ਕੈਂਸਰ (blood cancer) ਵੀ ਸੱਦਿਆ ਜਾਂਦਾ ਹੈ। ਲਹੂ ਵਿਚਲੇ ਰੰਗ-ਰਹਿਤ ਬੱਗੇ ਸੈੱਲਾਂ 'ਚ, ਭਾਵ ਲਯੂਕੱਸਾਇਟਸ 'ਚ ਨਿਅੰਤਰਣ ਬਾਹਰਾ ਹੋਇਆ ਵਾਧਾ ਇਸ ਰੋਗ ਦਾ ਕਾਰਨ ਬਣਦਾ ਹੈ, ਜਿਸ ਕਰਕੇ ਲਹੂ ਆਪਣੀ ਨਿਰਧਾਰਤ ਕ੍ਰਿਆ ਪੂਰੀ ਕਰਨ 'ਚ ਪੱਛੜਨ ਲਗਦਾ ਹੈ।

Levator (ਲੈਵੇਟਰ)

ਲਾਤੀਨੀ ਸ਼ਬਦ, ਲੈਵੇਅਰ (levare) ਇਸ ਪਦ ਦਾ ਆਧਾਰ ਹੈ ,ਜਿਸ ਦੇ ਅਰਥ ਹਨ 'ਉਤਾਂਹ ਉਠਾਉਣ' ਦੇ। ਪ੍ਰਾਣੀ ਸਰੀਰ ਅੰਦਰਲੀਆਂ ਉਨ੍ਹਾਂ ਮਾਸ-ਪੇਸ਼ੀਆਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਸੁੰਗੜਨ ਨਾਲ ਕੋਈ ਅੰਗ ਜਾਂ ਉਸ ਦਾ ਕੋਈ ਭਾਗ, ਭੂਮੀ-ਖਿੱਚ ਵਿਰੁੱਧ, ਉਤਾਂਹ ਉਠ ਜਾਂਦਾ ਹੈ।

Lichen (ਲਿਚਿਨ)

ਇਸ ਪਦ ਦਾ ਸ੍ਰੋਤ ਇਸੇ ਨਾਮ ਦਾ ਯੂਨਾਨੀ ਸ਼ਬਦ ਹੈ, ਜਿਸ ਨੂੰ 'ਕਾਈ' ਅਤੇ 'ਉੱਲੀ' ਦੇ ਸਹਿਜੀਵੀ ਮੇਲ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਇਸ ਸੁਮੇਲ 'ਚ ਉਪਰ ਸਥਿਤ ਕਾਈ ਸਾਵੇ ਪੱਤਰ ਦੀ ਕ੍ਰਿਆ ਪੂਰੀ ਕਰਦੀ ਹੈ ਅਤੇ ਥੱਲੇ ਸਥਿਤ ਉੱਲੀ, ਜੜ੍ਹ ਦੀ। ਦੋਵਾਂ ਪੌਦਿਆਂ ਦੀ ਇਹ ਸਹਿਜੀਵਤਾ ਸਦੀਵੀ ਹੁੰਦੀ ਹੈ ਅਤੇ ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Lichenology (ਲਿਚਿਨਾਲੱਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ

ਹਨ, ਇਕ ਲਿਚੀਨ (leichen), ਜਿਹੜਾ 'ਲਿਚਿਨ' ਲਈ ਵਰਤਿਆ ਜਾਂਦਾ ਸ਼ਬਦ ਹੈ, ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਲਿਚਿਨਾਂ ਦਾ ਅਧਿਐਨ ਕਰਦੇ ਵਿਸ਼ੇ ਨੂੰ ਉਪਰੋਕਤ ਨਾਮ ਦਿੱਤਾ ਗਿਆ ਹੈ।

Life (ਲਾਈਫ)

ਜੀਵਨ, ਜਿੰਦ ਜਾਂ ਜਾਨ 'ਚ ਇਸ ਸ਼ਬਦ ਦਾ ਉਲੱਥਾ ਤਾਂ ਕੀਤਾ ਜਾ ਸਕਦਾ ਹੈ, ਪਰ ਇਸ ਦੀ ਗੁੰਦਵੀਂ ਪ੍ਰੀਭਾਸ਼ਾ ਨਿਰਧਾਰਤ ਕਰਨਾ ਸੰਭਵ ਨਹੀਂ। ਹਾਂ, ਇਕ ਵਿਸ਼ੇਸ਼ ਆਰੋਪ ਇਸ ਨਾਲ ਸਦੀਵੀ ਪ੍ਰਣਾਇਆ ਹੋਇਆ ਹੈ ਅਤੇ ਉਹ ਹੈ ਪ੍ਰਜਣਨ, ਜਿਸ ਦਾ ਆਧਾਰ ਸੈੱਲਾਂ ਅੰਦਰ ਸਥਿਤ ਡੀ ਐਨ ਏ ਹੈ।

Life cycle (ਲਾਈਫ ਸਾਈਕਲ)

ਉਪਰੋਕਤ ਪਦ ਜੀਵ ਦੇ ਜੀਵਨ-ਚੱਕਰ ਨੂੰ ਦਰਸਾਉਂਦਾ ਹੈ, ਜਿਹੜਾ ਆਂਡੇ ਦੇ ਨਿਸ਼ੇਚੇ ਜਾਣ ਨਾਲ ਆਰੰਭ ਹੋ ਕੇ, ਫਿਰ ਪ੍ਰਗਤੀ, ਜਨਮ, ਅਲ੍ਹੜਪਣੇ, ਜਵਾਨੀ, ਮਧ-ਆਯੂ ਅਤੇ ਬੁਢੇਪੇ ਦੇ ਦੌਰਾਂ ਚੋਂ ਦੀ ਹੁੰਦਾ ਹੋਇਆ ਛੇਕੜ ਮੌਤ ਤੇ ਆ ਕੇ ਮੁੱਕ ਜਾਂਦਾ ਹੈ।

Ligament (ਲਿਗੈਮੰਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਲਿਗੈਮੰਟਮ (ligamentum) ਹੈ, ਜਿਸ ਦੇ ਅਰਥ ਹਨ 'ਪੱਟੀ' ਦੇ। ਸਰੀਰ ਅੰਦਰਲੀ ਉਸ ਲਚਕੀਲੀ ਅਤੇ ਮਜ਼ਬੂਤ ਬੁਣਤ ਦਾ ਇਹ ਨਾਮ ਹੈ, ਜਿਸ ਨੇ ਹੱਡੀਆਂ ਦੇ ਸਿਰਿਆਂ ਨੂੰ ਇਕ ਦੂਜੇ ਨਾਲ ਪੀਡਾ ਜਕੜਿਆ ਹੁੰਦਾ ਹੈ। ਇਸ ਬੁਣਤ ਸਦਕਾ ਹੱਡੀਆਂ ਇਕ ਦੂਜੀ ਵਿਰੁੱਧ ਹਰਕਤ ਤਾਂ ਕਰ ਸਕਦੀਆਂ ਹਨ, ਪਰ ਇਕ ਦੂਜੀ ਨਾਲੋਂ ਵੱਖ ਨਹੀਂ ਹੋ ਸਕਦੀਆਂ।

Ligand (ਲਿਗੈਂਡ)

ਲਾਤੀਨੀ ਸ਼ਬਦ, ਲਿਗੇਅਰ (ligare) ਤੋਂ ਇਹ ਪਦ ਪੁੰਗਰਿਆ ਹੈ, ਜਿਸ ਦੇ ਅਰਥ ਹਨ 'ਜੋੜਨ' ਦੇ। ਸੈੱਲਾਂ ਅੰਦਰ, ਰਸਾਇਣਕ ਸਰਗਰਮੀਆਂ ਦੌਰਾਨ, ਅਣੂ ਇਕ ਦੂਜੇ ਨਾਲ, ਸਥਾਈ ਵੀ ਅਤੇ ਅਸਥਾਈ ਵੀ, ਜੁੜਦੇ ਰਹਿੰਦੇ ਹਨ। ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Ligase (ਲਿਗੇਜ਼)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਲਿਗੇਅਰ (ligare) ਹੈ, ਜਿਸ ਦੇ ਅਰਥ ਹਨ 'ਜੋੜਨ' ਦੇ। ਉਸ ਐਨਜ਼ਾਈਮ ਦਾ ਉਪਰੋਕਤ ਨਾਮ ਹੈ, ਜਿਹੜਾ ਡੀ ਐਨ ਏ ਦੇ ਵਿਛੇਦਕ ਹੋਏ ਖੰਡਾਂ ਨੂੰ ਇਕ ਦੂਜੇ ਨਾਲ ਟਾਂਕ ਦਿੰਦਾ ਹੈ।

Lignin (ਲਿਗਨਨ)

ਇਹ ਪਦ ਲਾਤੀਨੀ ਸ਼ਬਦ, ਲਿਗਨਮ (lignum) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਲੱਕੜ' ਦੇ ਜਾਂ 'ਕਾਠ' ਦੇ। ਇਸ ਪਦਾਰਥ ਦੀ ਪੇੜਾਂ-ਪੌਦਿਆਂ 'ਚ ਹੋਂਦ, ਇਨ੍ਹਾਂ ਨੂੰ ਨਰੋਆਪਣ ਅਤੇ ਕਾਠਾਪਣ ਅਰਪਣ ਕਰਦੀ ਹੈ। ਪੇੜਾਂ-ਪੌਦਿਆਂ ਦੇ ਸੈੱਲ ਲਿਗਨਨ ਨੂੰ ਆਪ ਹੀ ਉਪਜਾਉਂਦੇ ਹਨ ਅਤੇ ਇਹ ਪਦਾਰਥ ਫਿਰ ਸੈੱਲਾਂ ਦੁਆਲੇ ਦੇ ਬਗਲ 'ਚ ਰਚ ਜਾਂਦਾ ਹੈ।

Lignivorous (ਲਿਗਨਿਵੱਰੱਸ)

ਇਸ ਸ਼ਬਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਲਿਗਨਮ (lignum), ਜਿਸ ਦੇ ਅਰਥ ਹਨ 'ਲੱਕੜ' ਦੇ ਜਾਂ 'ਕਾਠ' ਦੇ ਅਤੇ ਦੂਜਾ ਵੱਰੇਅਰ (vorare), ਜਿਸ ਦੇ ਅਰਥ ਹਨ 'ਨਿਗਲਣ' ਦੇ। ਕਾਠ ਜਾਂ ਲੱਕੜ ਨੂੰ ਖਾ ਕੇ ਹਜ਼ਮ ਕਰਨ ਵਾਲੇ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ। ਦੀਮਕ ਅਤੇ ਕਈ ਪ੍ਰਕਾਰ ਦੀਆਂ ਭੂੰਡੀਆਂ ਦੇ ਲਾਰਵੇ ਅਜਿਹੇ ਪ੍ਰਾਣੀ ਹਨ।

Liliaceae (ਲਿਲਿਏਸਿ)

ਇਹ ਬਨਸਪਤੀ ਕੁਟੰਬ (family) ਦਾ ਨਾਮ ਹੈ, ਜਿਸ 'ਚ ਸ਼ਾਮਲ ਪੌਦਿਆਂ ਦੇ ਪੱਤਰ, ਭੂਮੀ ਅੰਦਰ ਬਣੀ ਹੋਈ ਗੰਢ 'ਚੋਂ ਪੁੰਗਰਦੇ ਹਨ। ਇਸ ਕੁਟੰਬ 'ਚ ਬਗ਼ੀਚਿਆਂ ਦਾ ਸ਼ਿੰਗਾਰ, ਲਿਲੀਆਂ ਅਤੇ ਟਯੂਲਪ ਸ਼ਾਮਲ ਹਨ ਅਤੇ ਰਸੋਈ ਲਈ ਅਤਿ ਉਪਯੋਗੀ ਪਿਆਜ਼ (ਗੰਢੇ) ਅਤੇ ਲੂਸਣ (ਲਸਣ) ਵੀ।

Limb (ਲਿਮਬ)

ਰੀੜ੍ਹ-ਸਹਿਤ ਪ੍ਰਾਣੀਆਂ ਦੇ ਧੜ ਨਾਲ ਜੁੜੇ, ਪਰ ਇਸ ਨਾਲੋਂ ਵੱਖਰਿਆਂ ਹਰਕਤ ਕਰਦੇ ਵਧਾਅ ਦਾ ਇਹ ਨਾਮ ਹੈ, ਜਿਸ ਨੂੰ ਕਿਰਲਿਆਂ ਤੇ ਪਸ਼ੂਆਂ ਵਿਖੇ 'ਟੰਗ' ਸੱਦਿਆ ਜਾਂਦਾ ਹੈ, ਅਤੇ ਮੱਛੀਆਂ ਅਤੇ ਪੰਛੀਆਂ ਵਿਖੇ 'ਪਰ'। ਟੰਗ ਤੁਰਨ ਅਤੇ ਭੱਜਣ ਦੀ ਕ੍ਰਿਆ ਨਿਭਾਉਂਦੀ ਹੈ, ਜਦ ਕਿ ਪਰ, ਪੰਛੀਆਂ 'ਚ ਉਡਣ ਦੀ ਅਤੇ ਮੱਛੀਆਂ 'ਚ ਤੈਰਨ ਦੀ।

Limbic system (ਲਿਮਬਿਕ ਸਿਸਟਮ)

ਲਾਤੀਨੀ ਸ਼ਬਦ, ਲਿਮਬਸ (limbus) ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕਿਨਾਰੇ" ਦੇ। ਲਿਮਬਿਕ ਪ੍ਰਣਾਲੀ ਦਿਮਾਗ਼ ਦਾ ਉਹ ਭਾਗ ਹੈ, ਜਿਹੜਾ ਭਾਵਨਾਵਾਂ, ਆਵੇਗਾਂ ਅਤੇ ਉਤੇਜਨਾਵਾਂ ਦਾ ਸ੍ਰੋਤ ਹੈ, ਅਤੇ ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Limestone (ਲਾਇਮਸਟੋਨ)

ਇਸ ਪਦ ਦੇ ਅਰਥ ਹਨ 'ਚੂਨੇ ਦੇ ਪੱਥਰ' ਦੇ। ਇਹ ਪੱਥਰ, ਪੁਰਾਣੇ ਸਮਿਆਂ 'ਚ, ਸਾਗਰਾਂ 'ਚ ਵਿਚਰਦੇ ਮਹੀਨ ਆਕਾਰ ਦੇ ਪ੍ਰਾਣੀਆਂ ਦੇ ਪਿੰਜਰਾਂ ਦੇ ਤਲਛਟੀ ਜਮਾਓ ਕਾਰਨ ਹੋਂਦ 'ਚ ਆਇਆ ਸੀ। ਇਨ੍ਹਾਂ ਪਿੰਜਰਾਂ ਦਾ ਕਾਰਬਨੇਟੀ ਸੁਭਾਓ ਸੀ ਅਤੇ ਜਿਨ੍ਹਾਂ ਪ੍ਰਾਣੀਆਂ ਦੇ ਇਹ ਪਿੰਜਰ ਸਨ, ਉਹ ਵਹੀਰਾਂ ਬਣ ਕੇ ਸਾਗਰੀ ਵਿਸ਼ਾਲਤਾ 'ਚ ਫੈਲੇ ਹੋਏ ਸਨ।

Limiting factor (ਲਿਮਿਟਿੰਗ ਫੈਕਟਰ)

ਇਸ ਪਦ ਦੇ ਅਰਥ ਹਨ 'ਸੀਮਾਕਾਰੀ ਸਾਧਨ' ਦੇ ਅਤੇ ਜਿਹੜਾ ਸਾਧਨ ਕਿਸੇ ਜੀਵ ਦੀ ਵਸੋਂ ਨੂੰ, ਵਿਆਪਕ ਹਾਲਾਤ ਅਧੀਨ, ਨਿਰਧਾਰਤ ਹੱਦੋਂ ਵਧਣ ਨਹੀਂ ਦਿੰਦਾ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Limiting nutrient (ਲਿਮਿਟਿੰਗ ਨਯੂਟ੍ਰਿਅੰਟ)

ਇਸ ਪਦ ਦੇ ਅਰਥ ਹਨ 'ਸੀਮਾਕਾਰੀ ਗਿਜ਼ਾ' ਦੇ। ਕਿਸੇ ਨਮਸਥਲ ਜਾਂ ਜਲ-ਭੰਡਾਰ ਅੰਦਰ ਕਿੰਨੀ ਕੁ ਵਸੋਂ ਮੁਢਲੇ ਉਤਪਾਦਕ ਜੀਵਾਂ ਦੀ ਹੋਵੇਗੀ, ਇਹ ਜਲ ਅੰਦਰ ਘੁਲੇ ਫਾਸਫੇਟੀ ਅਣੂਆਂ ਦੀ ਮਾਤਰਾ ਉਪਰ ਨਿਰਭਰ ਹੁੰਦਾ ਹੈ। ਇਨ੍ਹਾਂ ਅਣੂਆਂ ਦੀ ਸਮ੍ਰਿਧੀ ਕਾਰਨ ਕਾਈਆਂ ਅਤੇ ਸਾਂਵਲਾਂ ਨਾਲ ਜਲ ਸੰਤ੍ਰਿਪਤ ਹੋਇਆ ਲਗਦਾ ਹੈ; ਜਦ ਕਿ ਫਾਸਫੇਟੀ ਅਣੂਆਂ ਦੀ ਘਾਟ ਕਾਰਨ ਜਲ ਦੀ ਸਾਧਾਰਨ ਸਵੱਛਤਾ ਬਣੀ ਰਹਿੰਦੀ ਹੈ। ਇਸ ਪ੍ਰਕਾਰ, ਟੋਭਿਆਂ-ਝੀਲਾਂ ਅੰਦਰਲੇ ਫਾਸਫੇਟੀ ਅਣੂ, ਇਨ੍ਹਾਂ ਅੰਦਰ ਸੀਮਾਕਾਰੀ ਗਿਜ਼ਾ ਦੇ ਰੂਪ 'ਚ ਸਮਾਏ ਹੁੰਦੇ ਹਨ।

Limnetic (ਲਿਮਨੇੱਟਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਲਿਮਨੀ (limne) ਹੈ, ਜਿਸ ਦੇ ਅਰਥ ਹਨ ਝੀਲ ਦੇ। ਛੰਭਾਂ, ਟੋਭਿਆਂ ਅਤੇ ਝੀਲਾਂ 'ਚ ਬਿਤਾਏ ਜਾ ਰਹੇ ਜੀਵਨ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Limnology (ਲਿਮਨਾਲੱਜਿ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਪਹਿਲਾ ਲਿਮਨੀ (limne), ਜਿਸ ਦੇ ਅਰਥ ਹਨ 'ਝੀਲ' ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਵਿਗਿਆਨ

ਦੇ ਉਸ ਅਧਿਐਨ ਵਿਸ਼ੇ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਸਬੰਧ ਸੱਜਰੇ ਜਲ-ਭੰਡਾਰਾਂ ਅਤੇ ਇਨ੍ਹਾਂ ਅੰਦਰਲੇ ਜੀਵਨ ਪ੍ਰਤੀ ਗਿਆਨ ਨਾਲ ਹੈ।

Lindane (ਲਿਨਡੇਨ)

ਕਾਸ਼ਤ ਦੇ ਵਬਾਈ ਕੀਟਾਂ ਉਪਰ ਵਰਤੇ ਜਾਣ ਵਾਲੇ ਕੀਟਨਾਸ਼ਕ ਦਾ ਇਹ ਆਮ ਵਰਤੋਂ 'ਚ ਆ ਰਿਹਾ ਨਾਮ ਹੈ, ਜਿਸ ਦਾ ਰਸਾਇਣਕ ਰੂਪ ਬੈਨਜ਼ੀਨ ਹੈਕਸੱਕਲੋਰਾਈਡ (benzene hexachloride) ਹੈ। ਇਸ ਕੀਟਨਾਸ਼ਕ ਨੂੰ ਵਧੇਰੇ ਤੇਲਿਆਂ (ਏਫਿਸ), ਸੁੱਸਰੀਆਂ-ਢੋਰਿਆਂ ਅਤੇ ਕੁਤਕੀਆਂ (ਮਾਈਟ) ਵਿਰੁੱਧ ਵਰਤਿਆ ਜਾਂਦਾ ਹੈ।

Linkage (ਲਿੰਕੇਜ)

ਇਸ ਪਦ ਦੇ ਆਮ ਅਰਥ ਹਨ 'ਸਿਲਸਿਲੇ ਦੇ ਬਣੇ ਰਹਿਣ' ਦੇ ਅਤੇ ਜੀਨ-ਵਿਗਿਆਨ ਦੇ ਪ੍ਰਸੰਗ 'ਚ, ਕ੍ਰੋਮੋਸੋਮ ਉਪਰ ਨਾਲੋ-ਨਾਲ ਸਥਿਤ ਜੀਨਾਂ ਦੇ ਸਿਲਸਿਲੇ ਦੇ ਪੀੜ੍ਹੀਆਂ ਬੱਧੀ ਬਣੇ ਰਹਿਣ ਦੀ ਸਥਿਤੀ ਨੂੰ ਦਰਸਾਉਣ ਲਈ ਇਸ ਨੂੰ ਵਰਤਿਆ ਜਾਂਦਾ ਹੈ।

Linkage map (ਲਿੰਕੇਜ ਮੈਪ)

ਇਸ ਪਦ ਦੇ ਸਾਧਾਰਨ ਅਰਥ ਹਨ 'ਹੋਂਦ 'ਚ ਆਏ ਕਿਸੇ ਵੀ ਪ੍ਰਕਾਰ ਦੇ ਸਿਲਸਿਲੇ ਦੇ ਨਕਸ਼ੇ' ਦੇ। ਜੀਨ-ਵਿਗਿਆਨ ਦੇ ਪ੍ਰਸੰਗ 'ਚ ਕ੍ਰੋਮੋਸੋਮ ਉਪਰ ਜੀਨਾਂ ਦੀ ਵਿਉਂਤ ਨੂੰ ਦਰਸਾਉਂਦੇ ਨਕਸ਼ੇ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Linnaeus (ਲਿਨੀਅਸ)

ਜੀਵ-ਵਿਗਿਆਨਕ ਵਰਣਨ 'ਚ ਇਹ ਨਾਮ ਵਾਰ ਵਾਰ ਲਿਆ ਜਾਂਦਾ ਹੈ। ਕੇਰੋਲਸ ਲਿਨਿਅਸ (Carolus Linnaeus) (1707-1778), ਜਿਸ ਨੂੰ ਕਾਰਲ ਲਿਨੇ ਵੀ ਸੱਦਿਆ ਜਾਂਦਾ ਹੈ, ਸਵੀਡਨ ਦਾ ਜੀਵ-ਵਿਗਿਆਨੀ ਸੀ, ਜਿਸ ਨੇ ਜੀਵਾਂ ਦੇ ਵਿਗਿਆਨਕ ਨਾਮਕਰਣ ਦੀ ਉਹ ਵਿਧੀ ਸੁਝਾਈ, ਜਿਹੜੀ ਕਿ ਅੱਜ ਵੀ ਪ੍ਰਚੱਲਤ ਹੈ।

Linoleic acid (ਲਿਨੱਲਿਕ ਐਸਿਡ)

ਇਕ ਅਤ੍ਰਿਪਤ ਥਿੰਧੇ ਤੇਜ਼ਾਬ (unsaturated fatty acid) ਦਾ ਇਹ ਨਾਮ ਹੈ, ਜਿਹੜਾ ਕਿ ਮਨੁੱਖੀ ਖ਼ੁਰਾਕ ਦਾ ਜ਼ਰੂਰੀ ਅੰਸ਼ ਹੈ ਅਤੇ ਜਿਸ ਦੇ ਸਮ੍ਰਿਧ ਸ੍ਰੋਤ ਹਨ, ਅਲਸੀ ਅਤੇ ਬੜੇਵਿਆਂ ਦੇ ਤੇਲ।

Linolenic acid (ਲਿਨੱਲੈਨਿਕ ਐਸਿਡ)

ਇਕ ਅਤ੍ਰਿਪਤ ਥਿੰਧੇ ਤੇਜ਼ਾਬ (unsaturated fatty acid) ਦਾ ਇਹ ਨਾਮ ਹੈ। ਮਨੁੱਖ ਲਈ ਜ਼ਰੂਰੀ ਇਸ ਖ਼ੁਰਾਕੀ ਅੰਸ਼ ਦੇ ਸਮ੍ਰਿਧ ਸ੍ਰੋਤ ਹਨ, ਖਸ਼ਖਸ਼ ਅਤੇ ਅਲਸੀ ਦੇ ਤੇਲ।

Lipase (ਲਿਪੇਜ਼)

ਯੂਨਾਨੀ ਸ਼ਬਦ, ਲਿਪੱਜ਼ (lipos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਚਿਕਨਾਈ' ਜਾਂ 'ਥਿੰਦਿਆਈ' ਦੇ। ਪਾਚਨ ਨਾਲੀ ਅੰਦਰ ਰਿਸਦੇ ਉਸ ਐਨਜ਼ਾਈਮ ਦਾ ਇਹ ਨਾਮ ਹੈ, ਜਿਹੜਾ ਖ਼ੁਰਾਕ ਅੰਦਰਲੀ ਚਿਕਨਾਈ ਨੂੰ ਹਾਜ਼ਮੇ ਯੋਗ ਰੂਪ ਦੇ ਦਿੰਦਾ ਹੈ।

Lipid (ਲਿਪਿਡ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਲਿਪੱਜ਼ (lipos) ਹੈ, ਜਿਸ ਦੇ ਅਰਥ ਹਨ 'ਚਰਬੀ' ਦੇ ਜਾਂ 'ਚਿਕਨਾਈ' ਦੇ। ਸਰੀਰ ਅੰਦਰ ਭਾਂਤ ਭਾਂਤ ਪ੍ਰਕਾਰ ਵਰਤੋਂ 'ਚ ਆ ਰਹੀ ਚਰਬੀ ਜਾਂ ਚਿਕਨਾਈ ਲਈ ਉਪਰੋਕਤ ਪਦ ਵਰਤੋਂ 'ਚ ਆ ਰਿਹਾ ਹੈ। ਸੈੱਲਾਂ ਦੀ ਬਣਤਰ ਦਾ, ਰਿਸਦੇ ਕਈ ਪ੍ਰਕਾਰ ਦੇ ਹਾਰਮੋਨਾਂ ਦਾ ਅਤੇ ਊਰਜਾ ਦੇ ਰਾਖਵੇਂ ਭੰਡਾਰ ਦਾ ਆਧਾਰ ਚਰਬੀ ਹੀ ਹੈ।

Lipoprotein (ਲਿਪੋਪ੍ਰੋਟੀਨ)

ਇਸ ਪਦ ਦੇ ਦੋ ਭਾਗ ਹਨ: ਪਹਿਲਾ ਭਾਗ ਲਿਪਿਡ (lipid) ਤੋਂ ਬਣਿਆ ਹੋਇਆ, ਜਿਸ

ਦੇ ਅਰਥ ਹਨ 'ਚਿਕਨਾਈ' ਦੇ ਅਤੇ ਦੂਜਾ ਭਾਗ ਪ੍ਰੋਟੀਨ, ਸਾਧਾਰਨ ਵਰਤੋਂ 'ਚ ਆ ਰਿਹਾ ਇਕ ਸ਼ਬਦ। ਸਰੀਰ ਜਾਂ ਸੈੱਲ ਅੰਦਰਲੇ ਥਿੰਧਿਆਈ ਰਚੇ ਹੋਏ ਪ੍ਰੋਟੀਨੀ ਅਣੂਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Liposome (ਲਿਪੱਸੋਮ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਲਿਪੱਜ਼ (lipos), ਜਿਸ ਦੇ ਅਰਥ ਹਨ 'ਚਿਕਨਾਈ' ਦੇ ਅਤੇ ਦੂਜਾ ਸੋਮੱ (soma), ਜਿਸ ਦੇ ਅਰਥ ਹਨ 'ਕਾਇਆ' ਦੇ। ਪ੍ਰਯੋਗਸ਼ਾਲਾ 'ਚ ਉਪਜਾਏ ਜਾ ਰਹੇ ਅਜਿਹੇ ਚਿਕਨੇ ਬੁਲਬੁਲੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ ਸੈੱਲ ਅੰਦਰ ਪ੍ਰਵੇਸ਼ ਕਰਨ ਯੋਗ ਹੁੰਦਾ ਹੈ।

Liquefied petroleum gas (ਲਿਕਯੂਫਾਇਡ ਪੈਟ੍ਰੋਲਯਮ ਗੈਸ)

ਰਸੋਈ ਘਰਾਂ ਵਿਚ ਬਾਲਣ ਵਜੋਂ ਵਰਤੀ ਜਾ ਰਹੀ ਗੈਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਕਿ ਬਯੂਟੇਨ (butane), ਪ੍ਰਾਪੇਨ (propane) ਅਤੇ ਪੈੱਨਟੇਨ (pentane) ਗੈਸਾਂ ਦਾ ਮਿਸ਼ਰਣ ਹੈ। ਕੱਚੇ ਤੇਲ ਤੋਂ ਪ੍ਰਾਪਤ ਇਨ੍ਹਾਂ ਗੈਸਾਂ ਦੇ ਮਿਸ਼ਰਣ ਨੂੰ, ਦਬਾਓ ਅਧੀਨ, ਤਰਲ ਰੂਪ ਦੇ ਕੇ, ਖਪਤ ਲਈ ਸਿਲੰਡਰਾਂ 'ਚ ਭਰ ਦਿੱਤਾ ਜਾਂਦਾ ਹੈ।

Lipin (ਲਿਪਿਨ)

ਯੂਨਾਨੀ ਸ਼ਬਦ, ਲਿਪੱਜ਼ (lipos) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਚਰਬੀ' ਦੇ ਜਾਂ 'ਚਿਕਨਾਈ' ਦੇ। ਫਾਸਫੋਰਸ ਰਚੇ ਚਿਕਨੇ ਪਦਾਰਥਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਲੈੱਸਿਥਿਨ (lecithin) ਇਸੇ ਵੰਨਗੀ ਦੀ ਚਿਕਨਾਈ ਹੈ।

Littoral zone (ਲਿਟੱਰੈਲ ਜ਼ੋਨ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਲਿਟਸ (litus) ਹੈ, ਜਿਸ ਦੇ ਅਰਥ ਹਨ 'ਤਟਵਰਤੀ ਸਾਗਰ' ਦੇ। ਝੀਲ ਜਾਂ ਸਾਗਰ ਦੇ ਕੰਢੇ ਲਾਗਲੇ ਖੇਤਰ ਦਾ ਇਹ ਨਾਮ ਹੈ, ਜਿਹੜਾ ਡੂੰਘਾ ਨਹੀਂ ਹੁੰਦਾ ਅਤੇ ਤਟੀ ਢਲਵਾਨ ਦੇ ਰੂਪ 'ਚ ਚੁਫੇਰੇ ਫੈਲਿਆ ਹੁੰਦਾ ਹੈ।

Liver (ਲਿਵਰ)

ਜਿਗਰ ਜਾਂ ਕਲੇਜਾ ਸੱਦੇ ਜਾਣ ਵਾਲੇ ਅੰਗ ਨੂੰ ਇਹ ਪਦ ਦਰਸਾਉਂਦਾ ਹੈ।

Lodging (ਲਾੱਜਿੰਗ)

ਇਸ ਪਦ ਨੂੰ ਫ਼ਸਲਾਂ ਦੇ ਪ੍ਰਸੰਗ 'ਚ ਜੇਕਰ ਵਰਤਿਆ ਜਾਵੇ ਤਦ ਇਸ ਦੇ ਸਾਧਾਰਨ ਨਾਲੋਂ ਵੱਖਰੇ ਅਰਥ ਲਏ ਜਾਂਦੇ ਹਨ। ਦਾਣੇਦਾਰ ਫ਼ਸਲਾਂ ਦੇ ਪੌਦਿਆਂ ਦੇ ਸਿਰਿਆਂ ਉਪਰਲੀਆਂ ਬੱਲੀਆਂ ਅੰਦਰ ਜਦ ਦਾਣੇ ਪੈ ਜਾਂਦੇ ਹਨ ਤਦ, ਝੱਖੜਾਂ-ਤੂਫਾਨਾਂ ਦੌਰਾਨ, ਬੱਲੀ ਦੇ ਭਾਰ ਕਾਰਨ ਬੂਟੇ ਲਿਫ ਜਾਂਦੇ ਹਨ। ਪੌਦਿਆਂ ਦੇ ਲਿਫ ਜਾਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਲੰਬੇ ਤਣੇ ਵਾਲੇ ਬੂਟੇ ਲਾਜਿੰਗ ਪ੍ਰਤੀ ਵਧ ਸੰਵੇਦਨਸ਼ੀਲ ਹੁੰਦੇ ਹਨ।

Lotic water (ਲੋਟਿਕ ਵਾਟਰ)

ਇਸ ਪਦ ਦੇ ਪਹਿਲੇ ਭਾਗ ਨੂੰ ਰਚਣਹਾਰਾ ਲਾਤੀਨੀ ਸ਼ਬਦ, ਲੋਟਮ (lotum) ਹੈ, ਜਿਸ ਦੇ ਅਰਥ ਹਨ 'ਵਗਣ' ਦੇ। ਦਰਿਆਵਾਂ ਅਤੇ ਨਦੀਆਂ ਦੇ ਵਗਦੇ ਪਾਣੀਆਂ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ। ਇਨ੍ਹਾਂ ਜਲਾਂ ਅੰਦਰ ਵਿਚਰਦੇ ਜੀਵਾਂ ਦੀ ਵੰਨਗੀ, ਖਲੋਤੇ ਜਲ ਵਾਲੇ ਜੀਵਾਂ ਨਾਲੋਂ ਭਿੰਨ ਹੁੰਦੀ ਹੈ।

L P G (ਐਲ ਪੀ ਜੀ)

ਅੰਗਰੇਜ਼ੀ ਦੇ ਇਹ ਤਿੰਨ ਅੱਖਰ ਲਿਕਯੂਫਾਇਡ ਪੈਟ੍ਰੋਲੀਅਮ ਗੈਸ ਦੇ ਚਿੰਨ੍ਹ ਵਜੋਂ, ਇਸੇ ਤਰਤੀਬ 'ਚ ਵਰਤੇ ਜਾਂਦੇ ਹਨ।

L S D (ਐਲ ਐਸ ਡੀ)

ਨਸ਼ੇ ਵਜੋਂ ਵਰਤੀ ਜਾਂਦੀ, ਲਾਇਸਰਜਿਕ ਐਸਿਡ ਡਾਈ-ਈਥਾਇਲ-ਏਮਾਇਡ (lysergic acid diethylamide) ਦੇ ਸੰਕੇਤਕ ਚਿੰਨ੍ਹ ਵਜੋਂ, ਉਪਰੋਕਤ ਤਿੰਨ ਅੰਗਰੇਜ਼ੀ ਅੱਖਰ ਵਰਤੇ ਜਾਂਦੇ ਹਨ।

Luciferin (ਲਯੂਸਿਫੇਰਿਨ)

ਇਸ ਪਦ 'ਚ ਦੋ ਲਾਤੀਨੀ ਸ਼ਬਦ, ਸਮਾਏ ਹੋਏ ਹਨ, ਪਹਿਲਾ ਲਯੂਸਿਸ (lucis), ਜਿਸ ਦੇ ਅਰਥ ਹਨ 'ਰੌਸ਼ਨੀ' ਦੇ ਅਤੇ ਦੂਜਾ ਫੇਰੱ (ferre), ਜਿਸ ਦੇ ਅਰਥ ਹਨ 'ਚੁੱਕਣ' ਦੇ। ਜੁਗਨੂੰਆਂ ਅੰਦਰਲੇ ਉਸ ਰਸਾਇਣਕ ਪਦਾਰਥ ਦਾ ਇਹ ਨਾਮ ਹੈ, ਜਿਸ ਕਰਕੇ ਇਹ ਰਾਤ ਨੂੰ ਟਿਮ-ਟਿਮਾਉਂਦੇ ਹਨ।

Lumbar (ਲਮਬੈੱਰ)

ਲਾਤੀਨੀ ਸ਼ਬਦ, ਲਮਥੱਸ (lumbas) ਇਸ ਪਦ ਦਾ ਸ੍ਰੋਤ ਹੈ, ਜਿਸ ਦੇ ਅਰਥ ਹਨ 'ਕਮਰ' ਦੇ। ਸਰੀਰ ਦੇ ਇਸੇ ਭਾਗ, ਭਾਵ ਲੱਕ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Lumbricus (ਲਮਬਰਾਇਕਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਗੰਡੋਏ ਮਲੁੱਪ' ਦੇ। ਗੰਡੋਏ ਮਲੁੱਪ, ਭਾਵ ਅਰਥ-ਵਰਮ (earth-worm) ਦੀ ਪ੍ਰਜਾਤੀ ਦੇ ਵਿਗਿਆਨਕ ਨਾਮ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Lumen (ਲਯੂਮਨ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਖੋਖਲੇਪਣ' ਦੇ ਅਤੇ ਲਮੂੰਤਰੀ ਨੁਹਾਰ ਵਾਲੇ ਅੰਗਾਂ ਅੰਦਰਲੀ ਖੋੜ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Lung (ਲੰਗ)

ਇਹ ਪਦ ਫੇਫੜਾ ਸੱਦੇ ਜਾਣ ਵਾਲੇ ਅੰਗਾਂ ਲਈ ਵਰਤੋਂ 'ਚ ਆਉਂਦਾ ਹੈ। ਖੁਸ਼ਕੀ ਉਪਰ ਵਿਚਰਦੇ ਪ੍ਰਾਣੀ ਇਸੇ ਅੰਗ ਦੁਆਰਾ ਹਵਾ ਵਿਚ ਸ੍ਵਾਸ ਲੈਂਦੇ ਰਹਿੰਦੇ ਹਨ।

Lung fish (ਲੰਗ ਫਿਸ਼)

ਮੱਛੀਆਂ ਆਮ ਤੌਰ 'ਤੇ ਜਲ 'ਚ ਵਿਚਰਦੀਆਂ ਹੋਈਆਂ, ਗਲਫੜਿਆਂ ਦੁਆਰਾ ਸ੍ਵਾਸ ਲੈਂਦੀਆਂ ਹਨ। ਪਰ ਇਨ੍ਹਾਂ ਦੀ ਡਿਪਨੋਈ (dipnoi) ਸਿਰਲੇਖ ਵਾਲੀ ਸ਼੍ਰੇਣੀ ਦੀਆਂ ਮੱਛੀਆਂ 'ਚ, ਗਲਫੜਿਆਂ ਦੇ ਨਾਲ ਨਾਲ ਫੇਫੜੇ ਵੀ ਹੁੰਦੇ ਹਨ, ਜਿਸ ਕਰਕੇ ਇਹ ਦਲਦਲੀ ਚਿੱਕੜਾਂ 'ਚ ਵੀ ਵਿਚਰਨ ਯੋਗ ਹਨ।

Lysergic acid diethylamide (ਲਾਇਸਰਜਿਕ ਐਸਿਡ ਡਾਈ-ਈਥਾਈਲ-ਏਮਾਇਡ)

ਉਸ ਨਸ਼ੀਲੀ ਦਵਾਈ ਦਾ ਇਹ ਨਾਮ ਹੈ, ਜਿਸ ਨੂੰ ਰਾਈ ਤੋਂ ਪ੍ਰਾਪਤ ਤੇਜ਼ਾਬ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਦਵਾ ਦੇ ਤੇਜ਼ ਨਸ਼ੇ ਅਧੀਨ ਮਨੋਭ੍ਰਾਂਤਕ ਕਲਪਨਾ ਉਤੇਜਿਤ ਹੋ ਜਾਂਦੀ ਹੈ ਅਤੇ ਵਿਅਕਤੀ ਆਰਜ਼ੀ ਤੌਰ ਤੇ ਸਵਰਗੀ ਝੂਟੇ ਲੈ ਰਿਹਾ ਮਹਿਸੂਸ ਕਰਦਾ ਹੈ।

Lysin (ਲਾਇਸਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਲਾਇਸਿਸ (lysis) ਹੈ, ਜਿਸ ਦੇ ਅਰਥ ਹਨ 'ਢਿੱਲਾ ਕਰਨ' ਦੇ ਜਾਂ 'ਖੋਰਨ' ਦੇ। ਜਿਹੜਾ ਪਦਾਰਥ ਸੈੱਲਾਂ ਨੂੰ ਜਾਂ ਕੀਟਾਣੂਆਂ ਨੂੰ ਖੋਰ ਕੇ ਨਸ਼ਟ ਕਰਨ ਯੋਗ ਹੈ, ਉਸੇ ਲਈ ਇਹ ਪਦ ਰਾਖਵਾਂ ਹੈ।

Lysine (ਲਾਇਸੀਨ)

ਪ੍ਰੋਟੀਨਾਂ ਦੀ ਰਚਨਾਂ 'ਚ ਵਰਤੇ ਜਾਣ ਵਾਲੇ ਐਮਿਨੋ ਤੇਜ਼ਾਬਾਂ 'ਚੋਂ ਇਕ ਦਾ ਇਹ ਨਾਮ ਹੈ।

Lysosome (ਲਾਇਸੱਸੋਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਲਾਇਸਿਸ (lysis) ਅਤੇ ਸੋਮੱ (soma)

ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਖੋਰਨ’ ਦੇ ਅਤੇ ਦੂਜੇ ਦੇ, ‘ਕਾਇਆ’ ਦੇ। ਪ੍ਰਾਣੀ ਸੈੱਲ ਦੀ ਇਕ ਇੰਦਰੀ ਦਾ ਇਹ ਨਾਮ ਹੈ, ਜਿਸ ਅੰਦਰਲੇ ਐਨਜ਼ਾਈਮ ਸੈੱਲ ਨੂੰ ਖੋਰ ਖੋਰ, ਨਸ਼ਟ ਕਰਨਯੋਗ ਹੁੰਦੇ ਹਨ। ਮਰ ਚੁੱਕੇ ਸੈੱਲ ਦਾ ਨਿਪਟਾਰਾ ਇਸ ਇੰਦਰੀ ਅੰਦਰੋਂ ਬਾਹਰ ਆਏ ਐਨਜ਼ਾਈਮ ਕਰਦੇ ਹਨ।

Lysozyme (ਲਾਇਸੱਜ਼ਾਇਮ)

ਇਸ ਸ਼ਬਦ ਦਾ ਆਧਾਰ ਯੂਨਾਨੀ ਸ਼ਬਦ, ਲਾਇਸਿਸ (lysis) ਅਤੇ ਜ਼ਾਇਮ (zyme) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਖੋਰਨ’ ਦੇ ਅਤੇ ‘ਖਮੀਰ’ ਦੇ, ਭਾਵ ਐਨਜ਼ਾਈਮ ਦੇ। ਉਪਰੋਕਤ ਨਾਮ ਪਸ਼ੂਆਂ ’ਚ ਰਿਸਦੇ ਇਕ ਵਿਸ਼ੇਸ਼ ਐਨਜ਼ਾਈਮ ਦਾ ਹੈ, ਜਿਹੜਾ ਕੀਟਾਣੂ ਦੁਆਲੇ ਵਲੀ ਝਿਲੀ ਨੂੰ ਖੋਰ ਕੇ, ਉਸ ਨੂੰ ਨਸ਼ਟ ਕਰਨ ਯੋਗ ਹੈ।

M

Macerate (ਮੈਸੱਰੇਟ)

ਇਸ ਪਦ ਦਾ ਸ੍ਰੋਤ ਲਾਤੀਨੀ ਸ਼ਬਦ, ਮੈਸੱਰਿਅਰ (macerare) ਹੈ, ਜਿਸ ਦੇ ਅਰਥ ਹਨ ‘ਨਰਮ ਕਰਨ’ ਦੇ। ਸਰੀਰ ਦੇ ਕਿਸੇ ਅੰਗ ਨੂੰ ਜਾਂ ਇਸ ਦੀ ਕਿਸੀ ਬੁਣਤ ਨੂੰ ਟੁਕੜਿਆਂ ’ਚ ਵੱਖ ਕਰਨ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Macrobiotic (ਮੈਕਰੱਬਾਇਓਟਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਇਨ੍ਹਾਂ ’ਚੋਂ ਪਹਿਲਾ ਹੈ ਮੈਕਰੱਸ (macros), ਜਿਸ ਦੇ ਅਰਥ ਹਨ ‘ਲੰਬੇ’ ਦੇ ਜਾਂ ‘ਵੱਡੇ’ ਦੇ ਅਤੇ ਦੂਜਾ ਹੈ ਬਾਇਓਟਿਕਸ (biotikos), ਜਿਸ ਦੇ ਅਰਥ ਹਨ ‘ਜੀਵਨਮਈ’ ਦੇ। ਲੰਬੀ ਉਮਰ ਭੋਗਣ ਵਾਲੀਆਂ ਜਾਤੀਆਂ ਲਈ, ਅਤੇ ਵਿਅਕਤੀਆਂ ਲਈ ਵੀ, ਉਪਰੋਕਤ ਪਦ ਵਰਤੋਂ ’ਚ ਆਉਂਦਾ ਹੈ।

Macroblast (ਮੈਕਰੱਬਲੈਸਟ)

ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਮੈਕਰੱਸ (makros), ਜਿਸ ਦੇ ਅਰਥ ਹਨ ‘ਵੱਡੇ’ ਦੇ ਅਤੇ ਦੂਜਾ ਹੈ ਬਲੈਸਟੱਸ (blastos), ਜਿਸ ਦੇ ਅਰਥ ਹਨ ‘ਕਲੀ’ ਦੇ। ਵੱਡੇ ਆਕਾਰ ਵਾਲੇ ਅਸਧਾਰਨ ਸੈੱਲ ਲਈ ਉਪਰੋਕਤ ਪਦ ਵਰਤੋਂ ’ਚ ਆਉਂਦਾ ਹੈ।

Macrocyte (ਮੈਕਰੱਸਾਇਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ। ਇਨ੍ਹਾਂ ’ਚੋਂ ਪਹਿਲਾ ਹੈ ਮੈਕਰੱਸ (makros), ਜਿਸ ਦੇ ਅਰਥ ਹਨ ‘ਵੱਡੇ’ ਦੇ ਅਤੇ ਦੂਜਾ ਹੈ ਕਿਟਸ (kytos), ਜਿਸ ਦੇ ਅਰਥ ਹਨ ‘ਖੋਖਲੇਪਣ’ ਦੇ, ਭਾਵ ‘ਸੈੱਲ’ ਦੇ। ਲਹੂ ਵਿਚ ਜੇਕਰ ਸੂਹੇ ਸੈੱਲਾਂ ਦੀ ਗਿਣਤੀ ਘਟ ਜਾਵੇ ਤਾਂ ਇਨ੍ਹਾਂ ’ਚੋਂ ਕੁਝ ਦਾ ਆਕਾਰ ਵੱਡਾ ਹੋ ਜਾਂਦਾ ਹੈ। ਵੱਡੇ ਆਕਾਰ ਦੇ ਸੂਹੇ ਸੈੱਲਾਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Macroenvironment (ਮੈਕਰੱਇਨਵਾਇਰਨਮੰਟ)

ਇਸ ਪਦ ’ਚ ਵੱਖ ਵੱਖ ਬੋਲੀਆਂ ਦੇ ਦੋ ਸ਼ਬਦ, ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਯੂਨਾਨੀ ਸ਼ਬਦ, ਮੈਕਰੱਸ (makros) ਹੈ, ਜਿਸ ਦੇ ਅਰਥ ਹਨ ‘ਵੱਡੇ’ ਦੇ ਅਤੇ ਦੂਜਾ ਫਰਾਂਸੀਸੀ ਸ਼ਬਦ ਇਨਵਾਇਰਨ (environ) ਹੈ, ਜਿਸ ਦੇ ਅਰਥ ਹਨ ‘ਦੁਆਲੇ’ ਦੇ। ਜੀਵ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਪਰਿਆਵਰਣ ਅੰਦਰਲੇ ਮੁੱਖ ਅੰਸ਼ਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਅਤੇ ਇਹ ਅੰਸ਼ ਹਨ: ਜਲ, ਪੌਣ, ਮੌਸਮ, ਤਾਪਮਾਨ ਆਦਿ।

Macroevolution (ਮੈਕੱਰਇਵੱਲਯੂਸ਼ਨ)

ਇਸ ਪਦ ਦਾ ਆਧਾਰ ਇਕ ਯੂਨਾਨੀ ਅਤੇ ਦੂਜਾ ਲਾਤੀਨੀ ਸ਼ਬਦ ਹਨ। ਪਹਿਲਾ ਯੂਨਾਨੀ ਸ਼ਬਦ ਹੈ ਮੈਕਰੱਸ (makros), ਜਿਸ ਦੇ ਅਰਥ ਹਨ

‘ਵੱਡੇ’ ਦੇ ਅਤੇ ਲਾਤੀਨੀ ਸ਼ਬਦ ਹੈ ਇਵਿਲਵਰਿ (evolvere), ਜਿਸ ਦੇ ਅਰਥ ਹਨ ‘ਖੁੱਲ੍ਹ ਜਾਣ’ ਦੇ। ਜੀਵਨ ਦਾ ਵਿਕਾਸ ਕਈ ਪੱਧਰਾਂ ’ਤੇ ਹੁੰਦਾ ਰਹਿੰਦਾ ਹੈ ; ਜਾਤੀਆਂ ਤੋਂ ਪ੍ਰਜਾਤੀਆਂ ਦੇ ਵਿਕਸਤ ਹੋਣ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Macronutrient (ਮੈਕਰੌਨਯੂਟ੍ਰਿਅੰਟ)

ਇਸ ਪਦ ’ਚ ਇਕ ਯੂਨਾਨੀ ਤੇ ਇਕ ਲਾਤੀਨੀ ਸ਼ਬਦ ਸਮਾਏ ਹੋਏ ਹਨ: ਪਹਿਲਾ ਯੂਨਾਨੀ ਸ਼ਬਦ ਹੈ ਮੈਕਰੌਸ (makros), ਜਿਸ ਦੇ ਅਰਥ ਹਨ ‘ਵੱਡੇ’ ਦੇ ਅਤੇ ਦੂਜਾ ਲਾਤੀਨੀ ਸ਼ਬਦ ਹੈ ਨਯੂਟ੍ਰੱਰ (nutrire), ਜਿਸ ਦੇ ਅਰਥ ਹਨ ‘ਖ਼ੁਰਾਕ ਆਧਾਰ ਵਾਲੀ ਪਾਲਣਾ’ ਦੇ। ਜਿਨ੍ਹਾਂ ਖ਼ੁਰਾਕੀ ਤੱਤਾਂ ਦੀ ਸਰੀਰ ਨੂੰ ਭਾਰੀ ਮਾਤਰਾ ’ਚ ਲੋੜ ਪੈਂਦੀ ਹੈ, ਉਹ ਉਪਰੋਕਤ ਸਿਰਲੇਖ ਅਧੀਨ ਆ ਜਾਂਦੇ ਹਨ।

Macroplankton (ਮੈਕਰੌਪਲੈਂਗਟਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਹੈ ਮੈਕਰੌਸ (makros), ਜਿਸ ਦੇ ਅਰਥ ਹਨ ‘ਵੱਡੇ’ ਦੇ ਅਤੇ ਦੂਜਾ ਹੈ ਪਲੈਂਗਕਟਨ (plangkton), ਜਿਸ ਦੇ ਅਰਥ ਹਨ ‘ਇੱਛਾ ਰਹਿਤ ਭਟਕਣ’ ਦੇ। ਜਲ ਅੰਦਰ ਵਿਚਰਦੇ ਜੀਵਾਂ ’ਚੋਂ ਕਈ ਹਨ, ਜਿਹੜੇ ਜਲ ਦੇ ਬਹਾਓ ਦੇ ਨਾਲ, ਐਧਰ ਓਧਰ, ਬਿਨਾਂ ਨੀਅਤ ਭਟਕਦੇ ਰਹਿੰਦੇ ਹਨ। ਇਨ੍ਹਾਂ ਜੀਵਾਂ ਨੂੰ ਪਲੈਂਗਟਨ ਸੱਦਦੇ ਹਨ ਅਤੇ ਜਿਹੜੇ ਅਜਿਹੇ ਜੀਵ ਵੱਡੇ ਆਕਾਰ ਦੇ ਹਨ, ਜਿਵੇਂ ਕਿ ਜੈਲੀ-ਮੱਛੀਆਂ, ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Macrophyte (ਮੈਕਰੌਫ਼ਾਇਟ)

ਇਸ ਪਦ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਮੈਕਰੌਸ (makros) ਅਤੇ ਦੂਜਾ ਫਾਇਟਨ (phyton), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਵੱਡੇ’ ਦੇ ਅਤੇ ‘ਪੌਦੇ’ ਦੇ। ਜਲ-ਬਨਸਪਤੀ ਸਾਧਾਰਨ ਪ੍ਰਭਾਵਸ਼ੀਲ ਆਕਾਰ ਵਾਲੀ ਨਹੀਂ ਹੁੰਦੀ, ਪਰ ਜਿਨ੍ਹਾਂ ਵੀ ਜਲ-ਬੂਟਿਆਂ ਦੀ ਪ੍ਰਭਾਵਸ਼ੀਲ ਦਿੱਖ ਹੁੰਦੀ ਹੈ, ਉਨ੍ਹਾਂ ਲਈ ਉਪਰੋਕਤ ਪਦ ਵਰਤੋਂ ’ਚ ਆਉਂਦਾ ਹੈ।

Macule (ਮੈਕਯੂਲ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਨੁਕਤੇ’ ਦੇ। ਅੱਖ ਦੇ ਪਿਛਲੇ ਭਾਗ ’ਚ ਪਰਦੇ, ਭਾਵ ਰੈਟਿਨਾ ਉਪਰ ਜਿਥੇ ਵਿਖਾਈ ਦੇ ਰਿਹਾ ਦ੍ਰਿਸ਼ ਕੇਂਦਰਤ ਹੁੰਦਾ ਹੈ, ਉਸੇ ਨੁਕਤੇ ਲਈ ਉਪਰੋਕਤ ਪਦ ਰਾਖਵਾਂ ਹੈ।

Maggot (ਮੈਗੱਟ)

ਕੀਟਾਂ ਦੇ ਭਾਂਤ ਭਾਂਤ ਦੇ ਚਲਦੇ-ਫਿਰਦੇ ਲਾਰਵੇ (ਸੁੰਡੀਆਂ) ਹੁੰਦੇ ਹਨ, ਪਰ ਮੱਖੀਆਂ ਦੇ ਲਾਰਵੇ ਦੇ ਨਾ ਸਿਰ ਹੁੰਦਾ ਹੈ ਤੇ ਨਾ ਪੈਰ। ਅਜਿਹੀ ਬਣਤਰ ਵਾਲੇ ਲਾਰਵੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Magnetosphere (ਮੈਗਨੈਟੱਸਫਿਅਰ)

ਸਾਧਾਰਨ ਵਰਤੋਂ ’ਚ ਆ ਰਹੇ ਦੋ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਮੈਗਨੱਟ (magnet), ਜਿਸ ਦੇ ਅਰਥ ਹਨ ‘ਚੁੰਬਕ’ ਦੇ ਅਤੇ ਦੂਜਾ ਹੈ ਸਫਿਅਰ (sphere), ਜਿਸ ਦੇ ਅਰਥ ਹਨ ‘ਖੇਤਰ’ ਦੇ। ਵਾਯੂਮੰਡਲ ਦੇ ਉਸ ਖੇਤਰ ਲਈ ਉਪਰੋਕਤ ਪਦ ਵਰਤੋਂ ’ਚ ਆ ਰਿਹਾ ਹੈ, ਜਿਥੋਂ ਤਕ ਕਿ ਪ੍ਰਿਥਵੀ ਦੇ ਚੁੰਬਕੀ ਪ੍ਰਭਾਵ ਦਾ ਫੈਲਾਓ ਹੈ।

Male (ਮੇਲ)

ਇਹ ਪਦ ਹਰ ਉਸ ਪ੍ਰਾਣੀ ਲਈ ਵਰਤਿਆ ਜਾਂਦਾ ਹੈ, ਜਿਸ ਦੇ ਪ੍ਰਜਣਨ ਅੰਗ ਸ਼ੁਕਰਾਣੂ ਉਪਜਾਉਂਦੇ ਹਨ, ਭਾਵ ਨਰ ਪ੍ਰਾਣੀ ਲਈ।

Malathion (ਮੈਲੇਥਿਅਨ)

ਇਕ ਕੀਟਨਾਸ਼ਕੀ ਰਸਾਇਣ ਦਾ ਇਹ

ਵਪਾਰਕ ਨਾਮ ਹੈ। ਇਸ ਕੀਟਨਾਸ਼ਕ ਦਾ ਫ਼ਸਲਾਂ ਉਪਰ ਛਿੜਕਾਓ ਤੇਲੇ (ਏਫਿਸ), ਤਿਤਲੀਆਂ-ਭੰਵਟਾਂ ਦੇ ਲਾਰਵਿਆਂ, ਭਾਵ ਸੁੰਡੀਆਂ ਅਤੇ ਕੁਤਕੀਆਂ (ਮਾਈਟ) ਨੂੰ ਨਸ਼ਟ ਕਰਨ ਲਈ ਕੀਤਾ ਜਾਂਦਾ ਹੈ।

Mallophaga (ਮੈਲੱਫ਼ੈਗਾ)

ਪੰਛੀਆਂ ਦੀਆਂ ਜੂੰਆਂ ਦੇ ਵਰਗ (order) ਦਾ ਇਹ ਨਾਮ ਹੈ, ਜਿਹੜੀਆਂ ਪਸ਼ੂਆਂ ਦੀਆਂ ਜੂੰਆਂ ਨਾਲੋਂ ਆਪਣੀ ਆਹਾਰ ਕ੍ਰਿਆ 'ਚ ਭਿੰਨ ਹਨ: ਇਹ ਲਹੂ ਨਹੀਂ ਚੂਸਦੀਆਂ ਅਤੇ ਖੰਭ ਇਨ੍ਹਾਂ ਦੀ ਖ਼ੁਰਾਕ ਹਨ, ਜਿਨ੍ਹਾਂ ਨੂੰ ਇਹ ਚਿੱਥ ਕੇ ਹੜੱਪ ਕਰਦੀਆਂ ਰਹਿੰਦੀਆਂ ਹਨ।

Malpighian tubules (ਮੇਲਪਿਜਿਅਨ ਟਯੂਬਯੂਲਜ਼)

ਅਤਾਲਵੀ ਵਿਗਿਆਨੀ ਮੇਲਪਿਜੀ (Malpighi) (1628-1694), ਕੀਟਾਂ ਦੀ ਪਾਚਨ ਨਾਲੀ ਦੁਆਲੇ ਸਥਿਤ ਅਤੇ ਮਲ-ਮੈਲ ਦਾ ਤਿਆਗ ਕਰਦੀਆਂ, ਲੰਬੀਆਂ ਤੇ ਪਤਲੀਆਂ ਨਲਕੀਆਂ ਦਾ ਖੋਜਕਾਰ ਸੀ, ਜਿਸ ਕਰਕੇ ਇਨ੍ਹਾਂ ਦਾ ਉਪਰੋਕਤ ਨਾਮ ਪਿਆ। ਇਨ੍ਹਾਂ ਨਲਕੀਆਂ ਦੀ ਕੀਟਾਂ 'ਚ ਗਿਣਤੀ ਇਕਸਾਰ ਨਹੀਂ ਹੈ। ਇਕ ਕੀਟ ਵਿਖੇ 2 ਤੋਂ 200 ਤਕ, ਇਨ੍ਹਾਂ ਦੀ ਕੋਈ ਵੀ ਮਾਤਰਾ ਹੋ ਸਕਦੀ ਹੈ।

Mammalia (ਮੈਮੇਲੀਆ)

ਮਨੁੱਖ ਸਮੇਤ, ਪਸ਼ੂਆਂ ਦੀ ਸ਼੍ਰੇਣੀ (class) ਦਾ ਇਹ ਨਾਮ ਹੈ, ਜਿਨ੍ਹਾਂ ਦੇ ਵਾਲ ਹੁੰਦੇ ਹਨ, ਜਿਹੜੇ ਬੱਚਿਆਂ ਨੂੰ ਜਨਮ ਦਿੰਦੇ ਹਨ ਅਤੇ ਮਾਵਾਂ, ਬੱਚਿਆਂ-ਵੱਛਿਆਂ ਨੂੰ ਦੁੱਧ ਚੁੰਘਾਉਂਦੀਆਂ ਹਨ।

Mammary gland (ਮੈਮੱਰੀ ਗਲੈਂਡ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ ਮੈਮੈ (mamma) ਹੈ, ਜਿਸ ਦੇ ਅਰਥ ਹਨ ਛਾਤੀ ਦੇ। ਮਦੀਨ ਪਸ਼ੂ ਦੀ ਛਾਤੀ ਅੰਦਰਲੀ ਦੁੱਧ ਉਪਜਾਉਂਦੀ ਗ੍ਰੰਥੀ, ਦਾ ਉਪਰੋਕਤ ਨਾਮ ਹੈ। ਇਨ੍ਹਾਂ ਪ੍ਰਾਣੀਆਂ ਦੇ ਵੱਛੇ ਜਾਂ ਬੱਚੇ, ਜਨਮ ਲੈਣ ਉਪਰੰਤ, ਇਸੇ ਦੁੱਧ ਨੂੰ ਚੁੰਘਦੇ ਹੋਏ ਵੱਡੇ ਹੁੰਦੇ ਹਨ।

Mandible (ਮੈਂਡਿਬਲ)

ਲਾਤੀਨੀ ਸ਼ਬਦ ਮੈਂਡਿਬਯੂਲਮ (mandibulum) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਜਬਾੜ੍ਹੇ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਹੇਠਲੇ ਜਬਾੜ੍ਹੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਇਕ ਹੱਡੀ ਦਾ ਵੀ ਬਣਿਆ ਹੋ ਸਕਦਾ ਹੈ ਅਤੇ ਕਈ ਹੱਡੀਆਂ ਦਾ ਮਿਸ਼ਰਣ ਵੀ ਹੋ ਸਕਦਾ ਹੈ। ਇਸੇ ਨਾਮ ਦਾ ਇਕ ਜੋੜਾ, ਜੋੜਾਂ-ਜੁੜੀਆਂ ਟੰਗਾਂ ਵਾਲੇ ਕਬੀਲੇ (Arthropoda) ਦੇ ਮੂੰਹ-ਉਪਅੰਗਾਂ 'ਚ ਵੀ ਸ਼ਾਮਲ ਹੈ।

Mangrove (ਮੈਂਗ੍ਰੋਵ)

ਉਸ ਪੇੜ ਦਾ ਇਹ ਨਾਮ ਹੈ, ਜਿਹੜਾ ਸਾਗਰੀ ਤੱਟਾਂ ਦੇ ਨਾਲ ਨਾਲ ਭਾਰੀ ਗਿਣਤੀ 'ਚ ਉੱਗਦਾ ਹੈ। ਵਣਾਂ ਦੇ ਰੂਪ 'ਚ ਉਗਦੇ ਇਸ ਪੇੜ ਦੀ ਲਕੜੀ ਸਖ਼ਤ ਅਤੇ ਹੰਢਣਸਾਰ ਹੈ ਅਤੇ ਇਸ ਦੇ ਛਿਲੜ ਦੀ ਵਰਤੋਂ ਚਮੜਾ ਰੰਗਣ ਲਈ ਕੀਤੀ ਜਾਂਦੀ ਹੈ।

Mantle (ਮੈਂਟਲ)

ਇਸ ਪਦ ਦਾ ਆਧਾਰ ਮੈਂਟਲੱਮ (mantellum) ਹੈ, ਜਿਸ ਦੇ ਅਰਥ ਹਨ 'ਗ਼ਿਲਾਫ਼' ਦੇ। ਘੋਗੇ-ਸਿੱਪਾਂ ਦੇ ਬਾਹਰਲੇ ਖੋਲ ਥੱਲੇ, ਸਰੀਰ ਨੂੰ ਦੁਆਲਿਓਂ ਕੱਜਦੀ ਨਰਮ ਪਰਤ ਦਾ ਇਹ ਨਾਮ ਹੈ। ਇਸੇ ਅੰਦਰਸ 'ਚੋਂ ਰਿਸਿਆ ਰਸ, ਜੰਮ ਕੇ, ਸਖ਼ਤ ਖੋਲ ਦਾ ਰੂਪ ਧਾਰ ਲੈਂਦਾ ਹੈ। ਇਸੇ ਪ੍ਰਕਾਰ ਦੀ ਨਰਮ ਪਰਤ, ਟਿਊਨਿਕੇਟ (tunicate) ਪ੍ਰਾਣੀਆਂ ਦੇ ਬਾਹਰੀ ਖੋਲ ਦਾ ਅੰਦਰਸ ਵੀ ਬਣੀ ਹੋਈ ਹੈ।

Marine (ਮਰੀਨ)

ਲਾਤੀਨੀ ਸ਼ਬਦ ਮੇਰਿਨਸ (marinus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਸਾਗਰ ਸਬੰਧਤਾ' ਦੇ। ਸਾਗਰ ਨਾਲ ਜੁੜੀ ਹਰ ਸਥਿਤੀ ਲਈ ਅਤੇ ਸਾਗਰ ਅੰਦਰ ਵਿਚਰਦੇ ਜੀਵਨ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Marine biology (ਮਰੀਨ ਬਾਇਓਆਲੱਜਿ)

ਇਸ ਪਦ ਦੇ ਪਹਿਲੇ ਭਾਗ ਦੇ ਲਾਤੀਨੀ ਸ੍ਰੋਤ, ਮੇਰਿਨਸ (marinus) ਦੇ ਅਰਥ ਹਨ 'ਸਾਗਰ ਸਬੰਧਤਾ' ਦੇ। ਪਦ ਦਾ ਦੂਜਾ ਭਾਗ 'ਜੀਵ-ਵਿਗਿਆਨ' ਨੂੰ ਦਰਸਾਉਂਦਾ ਸ਼ਬਦ ਹੈ। ਉਪਰੋਕਤ ਪਦ ਨੂੰ ਜੀਵ-ਵਿਗਿਆਨ ਦੀ ਉਸ ਅਧਿਐਨ ਸ਼ਾਖ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਸਾਗਰ ਅੰਦਰ ਵਿਚਰਦੇ ਜੀਵਨ ਨਾਲ ਹੈ।

Marine park (ਮਰੀਨ ਪਾਰਕ)

ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ ਮੇਰਿਨਸ (marinus) ਦੀ ਦੇਣ ਹੈ, ਜਿਸ ਦੇ ਅਰਥ ਹਨ 'ਸਾਗਰ ਸਬੰਧਿਤਾ' ਦੇ। ਕੁਦਰਤੀ ਜੀਵਨ ਦੀ ਸੰਭਾਲ ਕਰਨ ਲਈ ਰਾਖਵੇਂ ਰਖੇ ਜਾਂਦੇ ਖੇਤਰ ਲਈ ਪਾਰਕ ਸ਼ਬਦ ਦਾ ਉਪਯੋਗ ਕੀਤਾ ਜਾਂਦਾ ਹੈ। ਸਾਗਰੀ ਤੱਟਾਂ ਤੋਂ ਦੂਰ, ਸਾਗਰ ਅੰਦਰਲੇ ਮਾਨਵੀ ਪ੍ਰਭਾਵ ਤੋਂ ਨਿਵੇਕਲੇ ਹੱਦ-ਬੰਦ ਖੇਤਰ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਥੇ ਕਿ ਸਾਗਰੀ ਜੀਵਨ ਦੀ ਸੰਭਾਲ ਲਈ ਉਪਰਾਲੇ ਵੀ ਕੀਤੇ ਜਾਂਦੇ ਹਨ। ਇਸ ਪ੍ਰਕਾਰ ਦੇ ਪਾਰਕ ਅਮਰੀਕਾ, ਜਾਪਾਨ ਤੇ ਆਸਟ੍ਰੇਲੀਆ ਅਧੀਨ ਕ੍ਰਿਆਸ਼ੀਲ ਹਨ।

Marrow (ਮੈਰੋ)

ਇਸ ਪਦ ਦੇ ਅਰਥ ਹਨ 'ਹੱਡੀਆਂ ਅੰਦਰਲੀ ਮਿੱਝ' ਦੇ, ਜਿਹੜੀ ਨਰਮ ਹੈ ਅਤੇ ਜਿਸ ਅੰਦਰ ਲਹੂ ਦੀ ਆਵਾਜ਼ਾਈ ਬਣੀ ਰਹਿੰਦੀ ਹੈ। ਲਹੂ ਅੰਦਰਲੇ ਰੱਤੇ ਸੈੱਲਾਂ ਦੀ ਉਪਜ ਦਾ ਸਥਾਨ ਵੀ ਮਿੱਝ ਹੀ ਹੈ।

Marsh (ਮਾਰਸ਼)

ਸੇਮ ਵਾਲੀ ਉਸ ਭੂਮੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਅੰਦਰ ਸਮਾਈ ਸਮ੍ਰਿਧ ਨਮੀ ਨੇ ਇਸ ਨੂੰ ਜਿਲ੍ਹਣ ਦਾ ਰੂਪ ਦੇ ਦਿੱਤਾ ਹੁੰਦਾ ਹੈ ਅਤੇ ਜਿਸ ਅੰਦਰ ਜਾਨਵਰਾਂ ਦਾ ਧੱਸ ਜਾਣਾ ਇਕ ਸਾਧਾਰਨ ਘਟਨਾ ਹੈ।

Marsupial (ਮਾਰਸੂਪੀਅਲ)

ਲਾਤੀਨੀ ਸ਼ਬਦ, ਮਾਰਸੂਪਿਅਮ (marsupium) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਥੈਲੀ' ਦੇ। ਥੈਲੀਦਾਰ ਪਸ਼ੂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ ਅਤੇ ਇਹ ਪਸ਼ੂ ਹਨ, ਕੰਗਾਰੂ (kangaroo), ਓਪੋਸੱਮ (opossum) ਆਦਿ।

Marsupialia (ਮਾਰਸੂਪਿਏਲਿਆ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਮਾਰਸੂਪਿਅਮ (marsupium) ਹੈ, ਜਿਸ ਦੇ ਅਰਥ ਹਨ ਥੈਲੀ ਦੇ। ਪਸ਼ੂ ਸ਼੍ਰੇਣੀ (mammalia) ਦੀ ਉਸ ਉਪ-ਸ਼੍ਰੇਣੀ ਦਾ ਉਪਰੋਕਤ ਨਾਮ ਹੈ, ਜਿਸ 'ਚ ਥੈਲੀਦਾਰ ਪਸ਼ੂ, ਜਿਵੇਂ ਕਿ ਕੰਗਾਰੂ (kangaroo), ਓਪੋਸੱਮ (opossum) ਆਦਿ ਸ਼ਾਮਲ ਹਨ। ਕੇਵਲ ਦੱਖਣੀ ਅਮਰੀਕਾ ਅਤੇ ਆਸਟ੍ਰੇਲੀਆ ਵਿਖੇ ਇਹ ਪ੍ਰਾਣੀ ਵਿਚਰਦੇ ਹਨ।

Maximum permissible limit (ਮੈਕਸਿਮਮ ਪ੍ਰਮਿਸਿਬਲ ਲਿਮਿਟ)

ਇਸ ਪਦ ਅੰਦਰਲੇ ਤਿੰਨ ਸ਼ਬਦਾਂ ਦੇ ਕ੍ਰਮਵਾਰ ਅਰਥ ਹਨ 'ਅਧਿਕਤਮ ਉਚਿਤ ਹੱਦ' ਦੇ। ਇਹ ਪਦ ਮਲੀਨਤਾ ਦੀ ਉਸ ਹੱਦ ਨੂੰ ਦਰਸਾਉਣ

ਲਈ ਵਰਤਿਆ ਜਾਂਦਾ ਹੈ, ਜਿਥੇ ਤਕ ਇਹ ਵਿਅਕਤੀ ਲਈ ਹਾਨੀਕਾਰਕ ਸਿੱਧ ਨਹੀਂ ਹੁੰਦੀ।

Meadow (ਮੈੱਡੋ)

ਉਸ ਪ੍ਰਕਾਰ ਦੇ ਘਾਹ-ਮੈਦਾਨ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਤਰਾਈ ਵਾਲੇ ਕਛਾਰ ਦਾ ਭਾਗ ਹੁੰਦਾ ਹੈ ਅਤੇ ਆਮ ਤੌਰ ਤੇ ਚਰਾਗਾਹ ਵਜੋਂ ਵਰਤਿਆ ਜਾਂਦਾ ਹੈ।

Medulla (ਮਿਡੁਲਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ਕੇਂਦਰੀ ਭਾਗ ਦੇ। ਕਿਸੇ ਵੀ ਅੰਗ ਦੇ ਕੇਂਦਰੀ ਭਾਗ ਨੂੰ ਦਰਸਾਉਣ ਲਈ ਇਹ ਪਦ ਵਰਤੋਂ 'ਚ ਆਉਂਦਾ ਹੈ।

Medusa (ਮਿਡੁਸਾ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਿਡੁਜ਼ਾ (medousa) ਹੈ, ਜਿਸ ਦੇ ਅਰਥ ਹਨ ‘ਹਾਵੀ ਹੋਣ’ ਦੇ। ਜੈਲੀ-ਮੱਛੀ ਦੀ ਮੁੱਢਲੀ ਅਲ੍ਹੜ ਅਵਸਥਾ ਲਈ ਉਪਰੋਕਤ ਪਦ ਰਾਖਵਾਂ ਹੈ ਅਤੇ ਇਹ ਇਸ ਪ੍ਰਾਣੀ ਦੀ ਪ੍ਰਜਣਨ ਯੋਗ ਅਤੇ ਸਥਾਨ ਬਦਲਣ ਯੋਗ ਅਵਸਥਾ ਹੈ ਅਤੇ ਇਸੇ ਕਾਰਨ ਅਤੀ ਪ੍ਰਭਾਵਸ਼ੀਲ ਹੈ।

Meiosis (ਮੀਓਸਿੱਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਿਅਨ (meion) ਹੈ, ਜਿਸ ਦੇ ਅਰਥ ਹਨ ‘ਘੱਟ ਕਰਨ’ ਦੇ। ਉਸ ਪ੍ਰਕਾਰ ਦੇ ਸੈੱਲ-ਵਿਭਾਜਨ ਲਈ ਉਪਰੋਕਤ ਸਿਰਲੇਖ ਰਾਖਵਾਂ ਹੈ, ਜਿਸ ਦੇ ਸੰਪੰਨ ਹੋਣ ਤੇ ਕ੍ਰੋਮੋਸੋਮਾਂ ਦੀ ਗਿਣਤੀ ਘੱਟ ਕੇ ਠੀਕ ਅੱਧੀ ਰਹਿ ਜਾਂਦੀ ਹੈ।

Melanin (ਮਿਲੈਨਿਨ)

ਇਹ ਪਦ ਯੂਨਾਨੀ ਸ਼ਬਦ, ਮੇਲੈਸ (melas) ਤੋਂ ਬਣਿਆ ਹੈ, ਜਿਸ ਦੇ ਅਰਥ ਹਨ ‘ਕਾਲੇ’ ਦੇ। ਕਾਲੇ ਅਤੇ ਹੋਰ ਰੰਗਾਂ ਦੇ ਰੰਗੀਜਲੇ-ਕਣ ਪ੍ਰਾਣੀਆਂ ਦੀਆਂ ਬੁਣਤਾਂ ਅੰਦਰ, ਸਰੀਰ ਨੂੰ ਵਿਕਿਰਨੀ ਪ੍ਰਭਾਵ ਤੋਂ ਬਚਾਉਣ ਲਈ ਸਮਾਏ ਹੁੰਦੇ ਹਨ, ਜਿਵੇਂ ਕਿ ਚਮੜੀ ਅੰਦਰ, ਵਾਲਾਂ ਅੰਦਰ, ਅੱਖਾਂ ਦੀ ਪੁਤਲੀ ਅੰਦਰ। ਇਨ੍ਹਾਂ ਕਣਾਂ ਲਈ ਉਪਰੋਕਤ ਪਦ ਰਾਖਵਾਂ ਹੈ।

Melatonin (ਮਿਲੈਟੱਨਿਨ)

ਦੋ ਯੂਨਾਨੀ ਸ਼ਬਦ, ਇਸ ਪਦ ਦਾ ਆਧਾਰ ਹਨ, ਪਹਿਲਾ ਮੇਲੈਸ (melas), ਜਿਸ ਦੇ ਅਰਥ ਹਨ ‘ਕਾਲੇ’ ਦੇ ਅਤੇ ਦੂਜਾ ਟੋਨੱਸ (tonos), ਜਿਸ ਦੇ ਅਰਥ ਹਨ ‘ਉਤੇਜਨਾਂ’ ਦੇ। ਦਿਮਾਗ਼ ਅੰਦਰਲੇ ਪੀਨੀਅਲ ਗਲੈਂਡ (pineal gland) 'ਚੋਂ ਰਿਸਦੇ ਇਕ ਹਾਰਮੋਨ ਦਾ ਉਪਰੋਕਤ ਨਾਮ ਹੈ। ਰੀੜ੍ਹ-ਸਹਿਤ ਪ੍ਰਾਣੀਆਂ ਦੀ ਸਰੀਰਕ ਤੁਚਾ ਦੇ ਰੰਗ ਨੂੰ ਇਹ ਪ੍ਰਭਾਵਿਤ ਕਰਦਾ ਹੈ ਅਤੇ ਪਸ਼ੂਆਂ ਦੀ, ਤੇ ਮਨੁੱਖ ਦੀ ਵੀ, ਨੀਂਦਰ ਦੀ ਪ੍ਰਕ੍ਰਿਆ 'ਚ ਇਸ ਦਾ ਦਖ਼ਲ ਹੈ।

Membrane (ਮੈਂਮਬਰੇਨ)

ਇਹ ਲਾਤੀਨੀ ਸ਼ਬਦ ਹੈ, ਜਿਸ ਨੂੰ ਅਤੀ ਮਹੀਨ ਪਰਤ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਸੈੱਲਾਂ ਦੁਆਲੇ ਅਤੇ ਸੈੱਲਾਂ ਅੰਦਰਲੀਆਂ ਇੰਦਰੀਆਂ ਦੁਆਲੇ ਵਲੀ ਹੋਈ ਲਚਕੀਲੀ ਨਰਮ ਝਿੱਲੀ ਦਾ ਇਹੋ ਨਾਮ ਹੈ, ਜਿਸ 'ਚੋਂ ਦੀ ਵਰਤੋਂ ਯੋਗ ਅਤੇ ਨਾ ਵਰਤੋਂ ਯੋਗ ਅਣੂਆਂ ਦੀ ਆਵਾਜ਼ਾਈ, ਪਹਿਲਿਆਂ ਦੀ ਅੰਦਰ ਵੱਲ ਨੂੰ ਅਤੇ ਪਿਛਲਿਆਂ ਦੀ ਬਾਹਰ ਵੱਲ ਨੂੰ ਹੁੰਦੀ ਰਹਿੰਦੀ ਹੈ।

Membrane bone (ਮੈਮਬਰੇਨ ਬੋਨ)

ਜਿਹੜੀ ਨਵਜੀਵਕ ਝਿੱਲੀ, ਸਰੀਰਕ ਪ੍ਰਗਤੀ ਦੌਰਾਨ, ਕੈਲਸ਼ੀਅਮ ਦੇ ਰਚ ਜਾਣ ਨਾਲ ਕਰੜਾਪਣ ਅਪਣਾ ਕੇ ਹੱਡੀ ਦਾ ਰੂਪ ਧਾਰ ਲੈਂਦੀ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ। ਸਿਰ

ਅਤੇ ਚਿਹਰੇ ਦੀਆਂ ਹੱਡੀਆਂ ਇਸੇ ਵੰਨਗੀ ਦੀਆਂ ਹਨ।

Mendel (ਮੈਂਡਲ)

ਗਰੈਗਰ ਮੈਂਡਲ (1822-1884) ਨੇ ਜੈਨੇਟਿਕਸ ਜਾਂ ਜੀਨ-ਵਿਗਿਆਨ ਦੀ ਨੀਂਹ ਮਟਰਾਂ ਉਪਰ ਖੋਜ ਕਰਕੇ ਰੱਖੀ ਸੀ। ਆਸਟ੍ਰੀਆ ਦੇ ਮੱਠ ਦੇ ਇਸ ਪਾਦਰੀ ਨੇ, ਪਿਛੋਂ ਜੀਨ ਵਜੋਂ ਜਾਣੇ ਜਾਣ ਵਾਲੇ ਫੈਕਟਰ ਜਾਂ ਅੰਸ਼ ਤੋਂ ਉਪਜਦੀਆਂ ਦੀਆਂ ਵਿਸ਼ੇਸ਼ਤਾਵਾਂ ਦੀ ਵਿਆਖਿਆ, ਇਨ੍ਹਾਂ ਦੇ ਪੁਸ਼ਤ-ਦਰ-ਪੁਸ਼ਤ ਅਪਣਾਏ ਜਾ ਰਹੇ ਵਤੀਰੇ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਕੀਤੀ।

Mendel's laws (ਮੈਂਡਲਜ਼ਲਾਅਜ਼)

ਮੈਂਡਲ ਨੇਂ ਮਾਂ-ਪਿਓ ਤੋਂ ਸੰਤਾਨ ਨੂੰ ਵਿਰਸੇ 'ਚ ਮਿਲਣ ਵਾਲੀਆਂ ਵਿਸ਼ੇਸ਼ਤਾਵਾਂ ਦੀ ਪਛਾਣ, ਆਪਣਾ ਵਿਅਕਤਿਤਵ ਬਣਾਈ ਰੱਖਣ ਵਾਲੀਆਂ ਇਕਾਈਆਂ ਦੇ ਰੂਪ 'ਚ ਕੀਤੀ ਅਤੇ ਜਿਨ੍ਹਾਂ ਨੂੰ ਉਸ ਨੇ 'ਫੈਕਟਰ' ਸੱਦਿਆ। ਇਨ੍ਹਾਂ ਇਕਾਈਆਂ ਦੇ ਪੀੜ੍ਹੀ-ਦਰ-ਪੀੜ੍ਹੀ ਅਪਣਾਏ ਜਾਣ ਵਾਲੇ ਵਤੀਰੇ ਨੂੰ ਉਸ ਨੇ ਨਿਮਨ ਤਿੰਨ ਸਿਰਲੇਖਾਂ ਅਧੀਨ ਨਿਯਮਬਧ ਕੀਤਾ: ਇਨਡਿਪੈਂਨਡੰਟ ਅਸਾਰਟਮੰਟ (independent assortment), ਭਾਵ 'ਸਵਾਧੀਨ ਵੰਨਗੀ ਸੰਗ੍ਰਹਿ'; ਸੈਗਰਿਗੇਸ਼ਨ (segregation), ਭਾਵ 'ਅਟੰਕਪਣ' ਅਤੇ ਡਾਮਿਨੈਂਨਸ (dominance), ਭਾਵ 'ਪ੍ਰਬਲਤਾ'। ਮੈਡਲ ਦੀ ਸਮੁੱਚੀ ਖੋਜ ਮਟਰਾਂ ਉਪਰ ਨਿਰਭਰ ਸੀ।

Meninges (ਮਿਨਿਨਜਿਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਮਿਨਿਨਿਗਕਸ (meningx) ਹੈ, ਜਿਸ ਦੇ ਅਰਥ ਹਨ 'ਝਿਲੀ' ਦੇ। ਉਪਰੋਕਤ ਸਿਰਲੇਖ ਤਿੰਨ ਝਿਲੀਆਂ ਲਈ ਵਰਤਿਆ ਜਾਂਦਾ ਹੈ, ਜਿਹੜੀਆਂ ਉਪਰੋਥਲੀ ਦਿਮਾਗ ਅਤੇ ਮੁੱਖ-ਨਸ ਦੁਆਲੇ ਲਿਪਟੀਆਂ ਹੋਈਆਂ ਹਨ ਅਤੇ ਜਿਨ੍ਹਾਂ ਦੇ ਬਾਹਰੋਂ ਅੰਦਰ ਵੱਲ ਨੂੰ ਕ੍ਰਮਵਾਰ ਨਾਮ ਹਨ: ਡਯੂਰਾਮੇਟਰ (duramater), ਏਰੈਕਨਾਇਡ (arachnoid) ਅਤੇ ਪਾਇਆਮੇਟਰ (piamater)।

Menopause (ਮਿਨੋੱਪਾਜ਼)

ਇਸ ਪਦ ਅੰਦਰ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ: ਪਹਿਲਾ ਮਿਨ (men), ਜਿਸ ਦੇ ਅਰਥ ਹਨ 'ਮਹੀਨੇ' ਦੇ ਅਤੇ ਦੂਜਾ ਪਾਜ਼ਿ (pausi), ਜਿਸ ਦੇ ਅਰਥ ਹਨ 'ਸਮਾਪਤੀ' ਦੇ। ਆਯੂ ਨਾਲ ਇਸਤ੍ਰੀਆਂ ਦਾ ਮਾਹਵਾਰੀ ਚੱਕਰ ਰੁਕ ਜਾਂਦਾ ਹੈ ਅਤੇ ਸਦਾ ਲਈ ਸਮਾਪਤ ਹੋ ਜਾਂਦਾ ਹੈ। ਇਸੇ ਘਟਨਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Menses (ਮੈਨਸਿਜ਼)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਮਹੀਨਿਆਂ' ਦੇ। ਬੱਚੇਦਾਨੀ 'ਚ ਉਪਜਿਆ ਅੰਡਾ ਜੇਕਰ ਨਾ ਨਿਸ਼ੇਚਿਆ ਜਾਵੇ ਤਾਂ ਜਿਹੜਾ ਸਰੀਰਕ ਤਰਲ ਇਸਤ੍ਰੀ ਦੇ ਪ੍ਰਜਣਨ ਅੰਗ 'ਚੋਂ ਵਗ ਕੇ ਬਾਹਰ ਆਉਂਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ। ਇਸੇ ਨੂੰ ਮਾਹਵਾਰੀ ਵੀ ਸੱਦਿਆ ਜਾਂਦਾ ਹੈ ਅਤੇ ਹਰ ਚੌਂਹ ਹਫਤੀਂ ਇਸ ਦਾ ਨਿਕਾਸ ਹੁੰਦਾ ਰਹਿੰਦਾ ਹੈ।

Menstruation (ਮੈਨਸਟਰੂਏਸ਼ਨ)

ਇਸ ਪਦ ਦਾ ਭਾਗ ਦੋ ਲਾਤੀਨੀ ਸ਼ਬਦ ਹਨ, ਪਹਿਲਾ ਮੈਨਸਿਸ (mensis), ਜਿਸ ਦੇ ਅਰਥ ਹਨ 'ਮਹੀਨੇ' ਦੇ ਅਤੇ ਦੂਜਾ ਸਟਰੂਅਰਿ (struere), ਜਿਸ ਦੇ ਅਰਥ ਹਨ 'ਵਗਣ' ਦੇ। ਜੇਕਰ ਗਰਭ ਨਹੀਂ ਰੁਕਦਾ, ਤਦ ਬੱਚੇਦਾਨੀ ਦੀ ਸੰਵਾਹਨੀ ਪਰਤ (uterine lining) ਦੇ ਝੜਨ ਕਰਕੇ, ਜਿਹੜਾ ਤਰਲ ਇਸਤ੍ਰੀ ਦੇ ਪ੍ਰਜਣਨ ਅੰਗ 'ਚੋਂ ਬਾਹਰ ਵਗਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ ਅਤੇ ਅਜਿਹਾ ਹਰ ਮਹੀਨੇ ਹੋਣ ਕਾਰਨ,

ਇਸ ਨੂੰ ਮਾਹਵਾਰੀ ਵੀ ਸੱਦਿਆ ਜਾਂਦਾ ਹੈ।

Meroblastic (ਮੈਰੱਬਲੈਸਟਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਹਨ, ਪਹਿਲਾ ਮੈਰੱਸ (meros), ਜਿਸ ਦੇ ਅਰਥ ਹਨ ‘ਭਾਗ’ ਦੇ ਅਤੇ ਦੂਜਾ ਬਲੈਸਟੱਸ (blastos), ਜਿਸ ਦੇ ਅਰਥ ਹਨ ‘ਕਲੀ’ ਦੇ। ਜਿਨ੍ਹਾਂ ਪ੍ਰਾਣੀਆਂ ’ਚ ਅੰਡੇ ਦੇ ਇਕ ਭਾਗ ਚੋਂ ਭਰੂਣ ਜਾਂ ਨਵਜੀਵ ਪੁੰਗਰਦਾ ਹੈ, ਉਨ੍ਹਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਅਤੇ ਅਜਿਹੇ ਪ੍ਰਾਣੀ ਹਨ ਪੰਛੀ, ਵਿਸਰਪੀ ਪ੍ਰਾਣੀ ਅਤੇ ਮੱਛੀਆਂ।

Mesentron (ਮੈਜ਼ੈਨਟ੍ਰੱਨ)

ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਮੈਜ਼ੱਸ (mesos), ਜਿਸ ਦੇ ਅਰਥ ਹਨ ‘ਮੱਧ’ ਦੇ ਅਤੇ ਦੂਜਾ ਹੈ ਐਂਟ੍ਰਾਨ (enteron), ਜਿਸ ਦੇ ਅਰਥ ਹਨ ‘ਪਾਚਨ-ਨਾਲੀ’ ਦੇ। ਸਾਧਾਰਨ, ਪਾਚਨ-ਨਾਲੀ ਤਿੰਨਾਂ ਭਾਗਾਂ ’ਚ ਵੰਡੀ ਹੁੰਦੀ ਹੈ। ਪਾਚਨ-ਨਾਲੀ ਦੇ ਵਿਚਕਾਰਲੇ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ।

Mesial (ਮੀਜ਼ਿਅਲ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮੈਜ਼ੱਸ (mesos) ਹੈ, ਜਿਸ ਦੇ ਅਰਥ ਹਨ ‘ਮੱਧ’ ਦੇ। ਸਰੀਰਕ ਮੱਧ ਦੀ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ ਅਤੇ ਇਸ ਨੂੰ ਉਨ੍ਹਾਂ ਅੰਗਾਂ ਜਾਂ ਉਪਅੰਗਾਂ ਦੀ ਸਥਿਤੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਹੜੇ ਸਰੀਰ ਦੀ ਮੱਧ ਰੇਖਾ ਉਪਰ ਜਾਂ ਫਿਰ ਇਸ ਵੱਲ ਝੁਕੇ ਹੋਏ ਸਥਿਤ ਹੁੰਦੇ ਹਨ।

Mesoderm (ਮੈਜ਼ੱਡਰਮ)

ਇਸ ਪਦ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਮੈਜ਼ੱਸ (mesos), ਜਿਸ ਦੇ ਅਰਥ ਹਨ ‘ਮੱਧ’ ਦੇ ਅਤੇ ਦੂਜਾ ਡਰਮੱ (derma), ਜਿਸ ਦੇ ਅਰਥ ਹਨ ‘ਤੁਚਾ’ ਦੇ। ਭਰੂਣ ’ਚ ਜਿਹੜੀਆਂ ਮੁੱਢਲੀਆਂ ਤਿੰਨ ਪਰਤਾਂ ਹੋਂਦ ’ਚ ਆਉਂਦੀਆਂ ਹਨ ਅਤੇ ਜਿਨ੍ਹਾਂ ਤੋਂ ਅਗੋਂ ਸਰੀਰ ਦੇ ਭਿੰਨ ਭਿੰਨ ਅੰਗ ਪੁੰਗਰਦੇ ਹਨ, ਉਨ੍ਹਾਂ ਚੋਂ ਵਿਚਕਾਰਲੀ ਪਰਤ ਦਾ ਉਪਰੋਕਤ ਨਾਮ ਹੈ ਅਤੇ ਇਸ ਤੋਂ ਪੁੰਗਰਨ ਵਾਲੇ ਅੰਗ ਜਾਂ ਉਪਅੰਗ ਹਨ: ਮਾਸ-ਪੇਸ਼ੀਆਂ, ਹੱਡੀਆਂ, ਦਿਲ, ਲਹੂ-ਨਾਲੀਆਂ ਆਦਿ।

Mesoglia (ਮਿਜ਼ੱਗਲਿਐ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਉਹ ਹਨ ਮੈਜ਼ਸ (mesos) ਅਤੇ ਗਲੱਇਐ (gloia) ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਮੱਧ’ ਦੇ ਅਤੇ ‘ਗੂੰਦ’ ਦੇ। ਸਿਲੈਂਟ੍ਰੇਟ ਪ੍ਰਾਣੀਆਂ ’ਚ ਵਿਸ਼ੇਸ਼ ਅਤੇ ਅਸਫੰਜਾਂ ’ਚ ਵੀ ਜੈਲੀ ਦੀ ਬਣੀ ਇਕ ਪਰਤ, ਸਰੀਰ ਦੀ ਬਾਹਰਲੀ (ਐਕਟੱਡਰਮ) ਅਤੇ ਅੰਦਰਲੀ (ਐਂਡੱਡਰਮ) ਪਰਤ ਵਿਚਕਾਰ, ਇਨ੍ਹਾਂ ਦੋਵਾਂ ਤੋਂ ਹੀ ਰਿਸਕੇ ਹੋਂਦ ’ਚ ਆਈ ਹੁੰਦੀ ਹੈ, ਜਿਹੜੀ ਇਨ੍ਹਾਂ ਦੋਵਾਂ ਨੂੰ ਇਕ ਦੂਜੀ ਨਾਲ, ਗੂੰਦ ਬਣ ਕੇ ਚਿਪਕਾਈ ਰੱਖਦੀ ਹੈ। ਇਸੇ ਨਿਰਸੈੱਲੀ ਨਿਰਜੀਵ ਪਰਤ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Mesopolagic (ਮੈਜ਼ੱਪੈਲੈਜਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਮੈਜ਼ੱਸ (mesos) ਅਤੇ ਪੈਲੈਗੱਸ (pelagos) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਮੱਧ’ ਦੇ ਅਤੇ ‘ਸਾਗਰ’ ਦੇ। ਜਿਹੜੇ ਜੀਵ ਸਾਗਰੀ ਡੂੰਘਾਣਾਂ ਦੇ ਮੱਧ ’ਚ, ਭਾਵ 200 ਮੀਟਰ ਤੋਂ ਲੈ ਕੇ 1000 ਮੀਟਰ ਦੀ ਡੂੰਘਾਣ ’ਚ ਵਿਚਰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Mesothorax (ਮੈਜ਼ੱਥੌਰੈਕਸ)

ਦੋ ਯੂਨਾਨੀ ਸ਼ਬਦ, ਮੈਜ਼ੱਸ (mesos) ਅਤੇ ਥੌਰੈਕਸ (thorax), ਇਸ ਪਦ ’ਚ ਸਮਾਏ ਹੋਏ

ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਮੱਧ’ ਦੇ ਅਤੇ ਦੂਜੇ ਦੇ, ‘ਛਾਤੀ’ ਦੇ। ਕੀਟਾਂ ਦੀ ਛਾਤੀ ਤਿੰਨ ਖੰਡਾਂ ਦੀ ਬਣੀ ਹੁੰਦੀ ਹੈ ਅਤੇ ਵਿਚਕਾਰਲੇ ਖੰਡ ਨਾਲ ਟੰਗਾਂ ਦਾ ਦੂਜਾ ਜੋੜਾ ਅਤੇ ਪਰਾਂ ਦਾ ਪਹਿਲਾ ਜੋੜਾ ਜੜੇ ਹੁੰਦੇ ਹਨ। ਉਪਰੋਕਤ ਪਦ ਉਸੇ ਨੂੰ ਦਰਸਾਉਂਦਾ ਹੈ।

Mesozoic (ਮੈਜ਼ੱਜ਼ੁਇਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਮੈਜ਼ੱਸ (mesos) ਅਤੇ ਜ਼ੁਈ (zoe) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਮੱਧ’ ਦੇ ਅਤੇ ‘ਜੀਵਨ’ ਦੇ। ਪ੍ਰਿਥਵੀ ਉਪਰਲੇ ਜੀਵਨ ਦੇ ਇਤਿਹਾਸ ਨੂੰ ਤਿੰਨ ਦੌਰਾਂ (eras) ’ਚ ਵੰਡਿਆ ਗਿਆ ਹੈ। ਤਿੰਨਾਂ ’ਚੋਂ ਵਿਚਕਾਰਲੇ ਦੌਰ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ 22 ਕ੍ਰੋੜ ਵਰ੍ਹੇ ਪਹਿਲਾਂ ਆਰੰਭ ਹੋ ਕੇ, ਅੱਜ ਤੋਂ 6.5 ਕ੍ਰੋੜ ਵਰ੍ਹੇ ਪਹਿਲਾਂ ਤਕ ਰਿਹਾ ਸੀ ਅਤੇ ਜਿਸ ਨੂੰ ਵਿਸਰਪੀ ਪ੍ਰਾਣੀਆਂ ਦਾ ਦੌਰ ਵੀ ਸੱਦਦੇ ਹਨ।

Messenger RNA (ਮੈਸੰਜਰ ਆਰ ਐਨ ਏ)

ਸੈੱਲ ਅੰਦਰਲੇ ਤਿੰਨ ਵੰਨਗੀਆਂ ਦੇ ਆਰ ਐਨ ਏ ਚੋਂ ਇਕ ਦਾ ਉਪਰੋਕਤ ਨਾਮ ਹੈ। ਮੈਸਿੰਜਰ, ਭਾਵ ਸੰਦੇਸ਼ਵਾਹਕ ਆਰ ਐਨ ਏ ਇਸ ਗੱਲੋਂ ਮਹੱਤਵ ਹੈ ਕਿ ਡੀ ਐਨ ਏ ਅੰਦਰ ਅੰਕਿਤ ਜਾਣਕਾਰੀ ਇਸੇ ਆਰ ਐਨ ਏ ਦੁਆਰਾ, ਨਿਊਕਲੀਅਸ ਤੋਂ ਬਾਹਰ ਆ ਕੇ, ਪ੍ਰੋਟੀਨ ਅੰਦਰਲੀ ਤਰਤੀਬ ਦਾ ਰੂਪ ਧਾਰਨ ਕਰਦੀ ਹੈ।

Metabolism (ਮੈਟੋੱਬੱਲਿਜ਼ਮ)

ਯੂਨਾਨੀ ਸ਼ਬਦ, ਮੈਟੋੱਬੱਲੀ (metabole) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਉਧੇੜ-ਬੁਣ’ ਦੇ। ਜਿਸ ਨੂੰ ਅਸੀਂ ਜੀਵਨ ਕਹਿੰਦੇ ਹਾਂ, ਇਹ ਸਰੀਰ ਅੰਦਰ ਲਗਾਤਾਰ ਚਲਦੀ ਰਹਿਣ ਵਾਲੀ ਰਸਾਇਣਕ ਉਧੇੜ-ਬੁਣ ਦਾ ਸਾਮੂਹਕ ਉਲੱਥਾ ਹੈ। ਸਰੀਰ ਅੰਦਰਲੀਆਂ ਰਸਾਇਣਕ ਪ੍ਰਕ੍ਰਿਆਵਾਂ ਦੇ ਏਕੀਕਾਰਕ ਸਮੂਹ ਲਈ ਉਪਰੋਕਤ ਪਦ ਰਾਖਵਾਂ ਹੈ।

Metabolite (ਮੈਟੋੱਬੱਲਾਇਟ)

ਇਸ ਪਦ ’ਚ ਯੂਨਾਨੀ ਸ਼ਬਦ ਮੈਟੋੱਬੱਲੀ (metbole) ਸਮਾਇਆ ਹੋਇਆ ਹੈ, ਜਿਸ ਦੇ ਅਰਥ ਹਨ ‘ਉਧੇੜ-ਬੁਣ’ ਦੇ। ਜਿਹੜਾ ਪਦਾਰਥ ਮੈਟੋੱਬੱਲਿਜ਼ਮ ਨਾਲ ਜੁੜੀ ਪ੍ਰਕ੍ਰਿਆ ’ਚ ਭਾਗ ਲੈਂਦਾ ਹੈ ਅਤੇ ਜਾਂ ਇਸ ਤੋਂ ਉਪਜਦਾ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Metacarpus (ਮੈਟੱਕਾਰਪੱਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਮੈਟੋੱ (meta), ਜਿਸ ਦੇ ਅਰਥ ਹਨ ‘ਅਗਲੇ’ ਦੇ ਅਤੇ ਦੂਜਾ ਹੈ ਕਾਰਪੱਸ (karpos), ਜਿਸ ਦੇ ਅਰਥ ਹਨ ‘ਵੀਣੀ’ ਜਾਂ ‘ਕਲਾਈ’ ਦੇ। ਹੱਥ ਦੀਆਂ ਉਂਗਲਾਂ ਅਤੇ ਵੀਣੀ ਵਿਚਕਾਰਲੀ ਹਥੇਲੀ ’ਚ ਲੰਬੇ ਦਾਅ ਸਥਿਤ ਪੰਜ ਹੱਡੀਆਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Metacentric chromosome
(ਮੈਟੋੱਸੈਂਟ੍ਰਿਕ ਕ੍ਰੋਮੋਸੋਮ)

ਕ੍ਰੋਮੋਸੋਮ ਦੇ ਅਗੇਤਰ ਵਜੋਂ ਵਰਤੇ ਗਏ ਮੈਟੋੱਸੈਂਟ੍ਰਿਕ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਮੈਟੋੱ (meta), ਜਿਸ ਦੇ ਅਰਥ ਹਨ ‘ਅਗਲੇ’ ਦੇ ਅਤੇ ਦੂਜਾ ਕੈਂਟਰਾਨ (centron), ਜਿਸ ਦੇ ਅਰਥ ਹਨ ‘ਕੇਂਦਰ’ ਦੇ। ਉਸ ਕ੍ਰੋਮੋਸੋਮ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦਾ ਸੈਂਟਰੱਮਿਅਰ (centromere) ਇਸ ਦੇ ਕੇਂਦਰ ’ਚ ਜਾਂ ਲਗਭਗ ਕੇਂਦਰ ’ਚ ਹੁੰਦਾ ਹੈ।

Metameric segmentation (ਮੈਟੋੱਮੈਰਿਕ ਸੈਗਮੈਂਟੇਸ਼ਨ)

ਸੈਗਮੈਂਟੇਸ਼ਨ ਦੇ ਅਰਥ ਹਨ 'ਪ੍ਰਾਣੀ ਸਰੀਰ ਦੀ ਖੰਡਾਂ 'ਚ ਵੰਡ' ਦੇ, ਅਤੇ ਜੇਕਰ ਸਰੀਰ ਦਾ ਹਰ ਇਕ ਖੰਡ, ਕ੍ਰਿਆ ਪੱਖੋਂ, ਸਵਾਧੀਨ ਹੋਵੇ, ਤਦ ਇਸ ਪ੍ਰਕਾਰ ਦੀ ਸਰੀਰ ਦੀ ਖੰਡਾਂ'ਚ ਵੰਡ ਲਈ ਮੈਟੋੱਮੈਰਿਕ ਸ਼ਬਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ। ਜਿਹੜੇ ਦੋ ਯੂਨਾਨੀ ਸ਼ਬਦ ਮੈਟੋੱਮੈਰਿਕ 'ਚ ਸਮਾਏ ਹਨ, ਉਹ ਹਨ ਮੈਟੋੱ (meta) ਅਤੇ ਮਿਰੱਸ (meros), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅਗਲੇ' ਦੇ ਅਤੇ 'ਖੰਡ' ਦੇ। ਗੰਡਗੰਡੋਏ ਦਾ ਇਸੇ ਪ੍ਰਕਾਰ ਦਾ ਖੰਡੀਕਰਣ ਹੈ, ਜਿਸ 'ਚ ਹਰ ਇਕ ਖੰਡ ਦੇ ਆਪੋ-ਆਪਣੇ ਵੱਖਰੇ ਅੰਗ ਹਨ।

Metamorphosis (ਮੈਟੋੱਮਾਰਫੋਸਿਸ)

ਦੋ ਯੂਨਾਨੀ ਸ਼ਬਦ, ਮੈਟੋੱ (meta) ਅਤੇ ਮਾਰਫੋਸਿਸ (morphosis) ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਅਗਲੇ' ਦੇ ਅਤੇ ਦੂਜੇ ਦੇ, 'ਨੁਹਾਰ' ਦੇ ਜਾਂ 'ਕਾਇਆ' ਦੇ। ਕੀਟਾਂ ਅਤੇ ਹੋਰਨਾਂ ਪ੍ਰਾਣੀਆਂ ਦੇ ਆਪਣੇ ਜੀਵਨ ਦੌਰਾਨ ਕਾਇਆ ਪਲਟ ਸਕਣ ਦੀ ਪ੍ਰਕ੍ਰਿਆ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਕੀਟਾਂ ਦੇ ਲਾਰਵੇ ਇਨ੍ਹਾਂ ਦੇ ਪਿਊਪਿਆਂ ਨਾਲੋਂ ਭਿੰਨ ਹੁੰਦੇ ਹਨ ਅਤੇ ਇਨ੍ਹਾਂ ਦੇ ਪਿਊਪੇ ਪ੍ਰੌਢਾਂ ਨਾਲੋਂ ਵੱਖਰੇ ਦਿਖਾਈ ਦਿੰਦੇ ਹਨ। ਇਸ ਪ੍ਰਕ੍ਰਿਆ ਦਾ ਵਿਖਾਲਾ ਡੱਡੂ ਵੀ ਕਰਦੇ ਹਨ, ਪਰ ਤਿੱਤਲੀਆਂ, ਭੂੰਡੀਆਂ, ਕੀੜੀਆਂ ਅਤੇ ਮਧੂ ਮੱਖੀਆਂ ਇਸ ਪ੍ਰਕ੍ਰਿਆ 'ਚ ਵਧੇਰੇ ਪ੍ਰਪੱਕ ਹਨ।

Metaphase (ਮੈਟੋੱਫ਼ੇਜ਼)

ਦੋ ਯੂਨਾਨੀ ਸ਼ਬਦਾਂ ਤੋਂ ਇਹ ਪਦ ਬਣਿਆ ਹੈ, ਜਿਨ੍ਹਾਂ 'ਚੋਂ ਇਕ ਹੈ ਮੈਟੋੱ (meta), ਜਿਸ ਦੇ ਅਰਥ ਹਨ 'ਅਗਲੇ' ਦੇ ਅਤੇ ਦੂਜਾ ਹੈ ਫੇਨਿਅਨ (phainein), ਜਿਸ ਦੇ ਅਰਥ ਹਨ 'ਪ੍ਰਗਟਾਵੇ' ਦੇ। ਸੈੱਲ-ਵਿਭਾਜਨ ਦੇ ਪੜਾਆਂ 'ਚੋਂ ਇਕ ਦਾ ਉਪਰੋਕਤ ਨਾਮ ਹੈ, ਜਿਸ ਦੌਰਾਨ ਕ੍ਰੋਮੋਸੋਮ ਵੰਡੇ ਜਾ ਰਹੇ ਸੈੱਲ ਦੇ ਠੀਕ ਵਿਚਕਾਰ ਇਕ ਕਤਾਰ 'ਚ ਜੁੜੇ ਹੋਏ, ਆਪ ਵੀ ਲੰਬੇ-ਦਾਅ ਦੋ ਦੋ 'ਚ ਵੰਡੇ ਜਾਣ ਦੀ ਤਿਆਰੀ ਕਰ ਰਹੇ ਹੁੰਦੇ ਹਨ।

Metaphyte (ਮੈਟੋੱਫ਼ਾਇਟ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਹ ਹਨ ਮੈਟੋੱ (meta) ਅਤੇ ਫ਼ਾਇਟਨ (phyton) ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅਗਲੇ' ਦੇ ਅਤੇ 'ਪੌਦੇ' ਦੇ। ਬਹੁਸੈੱਲੇ ਪੌਦੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Metastatis (ਮੈਟੋੱਸਟੈਟਿਸ)

ਇਹ ਯੂਨਾਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਸਥਾਨਾਂਤਰਣ' ਦੇ, ਭਾਵ 'ਸਥਾਨ ਬਦਲਣ' ਦੇ। ਸਰੀਰ ਅੰਦਰਲੇ ਲਹੂ ਦੁਆਰਾ ਜਦ ਕੀਟਾਣੂ ਜਾਂ ਕੈਂਸਰ ਸੈੱਲ ਆਪਣੇ ਮੁੱਢਲੇ ਸਥਾਨ ਤੋਂ ਪ੍ਰਸਥਾਨ ਕਰਕੇ ਨਵੇਂ ਸਥਾਨਾਂ ਉਪਰ ਕਾਬਜ਼ ਹੋਣ ਲਗਦੇ ਹਨ, ਤਦ ਇਸੇ ਘਟਨਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Methane (ਮੀਥੇਨ)

ਬਲਣ ਯੋਗ ਇਕ ਗੈਸ ਦਾ ਇਹ ਨਾਮ ਹੈ, ਜਿਹੜੀ ਕਾਰਬਨ ਅਤੇ ਹਾਈਡ੍ਰੋਜਨ (CH4) ਦਾ ਮਿਸ਼ਰਣ ਹੈ ਅਤੇ ਨਮੀਦਾਰ ਅਵੈਵੀ ਪਦਾਰਥ ਇਸ ਦਾ ਸ੍ਰੋਤ ਹਨ। ਝੋਨੇ ਦੇ ਖੇਤ 'ਚ ਖਲੋਤਾ ਪਾਣੀ ਇਸ ਦੀ ਉਪਜ ਦਾ ਕਾਰਨ ਬਣ ਜਾਂਦਾ ਹੈ।

Methionine (ਮੇਥਿਓਨੀਨ)

ਇਹ ਨਾਮ ਗੰਧਕ ਭਿੰਨੇ ਐਮਿਨੋ ਤੇਜ਼ਾਬ ਦਾ ਹੈ, ਜਿਹੜਾ ਜੀਵਨ ਲਈ ਲੋੜੀਂਦੇ 20 ਐਮਿਨੋ ਤੇਜ਼ਾਬਾਂ 'ਚੋਂ ਇਕ ਹੈ।

Micro (ਮਾਇਕ੍ਰੋ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਮਾਇਕਰੋੱਸ (mikros) ਹੈ, ਜਿਸ ਦੇ ਅਰਥ ਹਨ 'ਛੋਟੇ' ਦੇ। ਅਤੀ ਸੂਖਮ ਮਾਪ-ਇਕਾਈ ਦਾ ਇਹ ਨਾਮ ਹੈ; ਜਿਸ ਨੂੰ ਆਮ ਤੌਰ 'ਤੇ ਹੋਰਨਾਂ ਇਕਾਈਆਂ ਦੇ ਅਗੇਤਰ ਵਜੋਂ ਵਰਤਿਆ ਜਾਂਦਾ ਹੈ। ਜਿਸ ਵੀ ਇਕਾਈ ਦੇ ਅਗੇਤਰ ਵਜੋਂ ਮਾਇਕ੍ਰੋ ਸ਼ਬਦ ਵਰਤਿਆ ਜਾਂਦਾ ਹੈ, ਉਸ ਦੇ 10 ਲੱਖਵੇਂ ਭਾਗ ਨੂੰ ਤਦ ਇਹ ਇਕਾਈ ਦਰਸਾਉਂਦੀ ਹੈ। ਇਕ ਮਾਇਕ੍ਰੋ-ਮੀਟਰ, ਮੀਟਰ ਦੇ 10 ਲੱਖਵੇਂ ਭਾਗ ਦੇ ਤੁੱਲ ਹੁੰਦਾ ਹੈ।

Microbe (ਮਾਇਕਰੋਬ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਮਾਇਕਰੋੱਸ (mikros) ਅਤੇ ਬਾਇਅਸ (bios) ਸਮਾਏ ਹੋਏ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਛੋਟੇ' ਦੇ ਅਤੇ 'ਜੀਵਨ' ਦੇ। ਅਤੀ ਸੂਖਮ ਹੋਂਦ ਵਾਲੇ ਜੀਵਾਣੂ, ਕੀਟਾਣੂ ਜਾਂ ਵਿਸ਼ਾਣੂ ਲਈ ਇਹ ਪਦ ਵਰਤਿਆ ਜਾਂਦਾ ਹੈ।

Microbiology (ਮਾਇਕਰੋੱਬਾਇਆਲੋੱਜਿ)

ਇਸ ਪਦ ਦਾ ਆਧਾਰ ਤਿੰਨ ਯੂਨਾਨੀ ਸ਼ਬਦ ਹਨ: ਮਾਇਕ੍ਰਸ (mikros), ਬਾਇਅਸ (bios) ਅਤੇ ਲੋਗੋੱਸ (logos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਛੋਟੇ' ਦੇ, 'ਜੀਵਨ' ਦੇ ਅਤੇ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਸ਼ਾਖ ਦਾ ਇਹ ਨਾਮ ਹੈ, ਜਿਸ ਦਾ ਸਬੰਧ ਜੀਵਨ ਦੀ ਤੁੱਛ ਪੱਧਰ ਉਪਰ ਵਿਚਰਦੇ ਜੀਵਾਣੂਆਂ, ਕੀਟਾਣੂਆਂ ਅਤੇ ਵਿਸ਼ਾਣੂਆਂ ਦੇ ਅਧਿਐਨ ਨਾਲ ਹੈ।

Microbiota (ਮਾਇਕਰੋੱਬਾਇਅਟੱ)

ਦੋ ਯੂਨਾਨੀ ਸ਼ਬਦ, ਮਾਇਕਰੋੱਸ (mikros) ਅਤੇ ਬਾਇਓਨੀ (bionai) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਛੋਟੇ' ਦੇ ਅਤੇ ਦੂਜੇ ਦੇ 'ਜਿਉਣ' ਦੇ। ਇਕ ਖੇਤਰ 'ਚ ਵਿਚਰਦੇ ਮਾਇਕਰੋਬਾਂ ਦੇ ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Microclimate (ਮਾਇਕਰੋੱਕਲਾਇਮਿਟ)

ਕਲਾਇਮਿਟ, ਜਲ-ਵਾਯੂ ਅਤੇ ਰੁੱਤ ਆਧਾਰਿਤ ਤਾਪਮਾਨ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ। ਇਸ ਦੇ ਅਗੇਤਰ ਵਜੋਂ ਵਰਤੇ ਗਏ ਸ਼ਬਦ ਦਾ ਮੂਲ ਯੂਨਾਨੀ ਸ਼ਬਦ, ਮਾਇਕਰੋੱਸ (mikros) ਹੈ, ਜਿਸ ਦੇ ਅਰਥ ਹਨ 'ਛੋਟੇ' ਦੇ। ਜੀਵ ਦੇ ਸਹਿਜਵਾਸ ਵਜੋਂ ਚੁਣੇ ਗਏ ਦੁਆਲੇ 'ਚ ਵਿਆਪਕ ਮੌਸਮੀ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀ ਕਿ ਖੇਤਰੀ ਸਥਿਤੀ ਨਾਲੋਂ ਭਿੰਨ ਵੀ ਹੋ ਸਕਦੀ ਹੈ।

Microenvironment (ਮਾਇਕਰੋੱਇਨਵਾਇਰਨਮੰਟ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਾਇਕਰੋੱਸ (mikros) ਅਤੇ ਫਰਾਂਸੀਸੀ ਸ਼ਬਦ, ਇਨਵਾਇਰਨ (environ) ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਛੋਟੇ' ਦੇ ਅਤੇ 'ਦੁਆਲੇ' ਦੇ। ਇਕ ਜੀਵ ਦੇ ਝਟਪਟ ਦੁਆਲੇ ਦੇ, ਛੋਟੇ ਪੈਮਾਨੇ ਤੇ ਵਿਆਪਕ ਵਾਤਾਵਰਨ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਕਿ ਹਰ ਇਕ ਜੀਵ ਦਾ ਵਿਸ਼ੇਸ਼ ਅਤੇ ਆਪੋ-ਆਪਣਾ ਵਖਰਾ ਹੈ।

Microevolution (ਮਾਇਕਰੋੱਇਵੋੱਲਯੂਸ਼ਨ)

ਇਸ ਪਦ 'ਚ ਇਕ ਯੂਨਾਨੀ ਅਤੇ ਇਕ ਲਾਤੀਨੀ ਸ਼ਬਦ ਸਮਾਏ ਹੋਏ ਹਨ ਅਤੇ ਇਹ ਕ੍ਰਮਵਾਰ ਹਨ, ਮਾਇਕਰੋੱਸ (mikros) ਅਤੇ ਇਵੋੱਲਵਰਿ (evolvere) ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਛੋਟੇ' ਦੇ ਅਤੇ 'ਖੁਲ੍ਹ ਜਾਣ' ਦੇ। ਭਿੰਨ ਭਿੰਨ ਪੱਧਰਾਂ ਉਪਰ ਜੀਵਨ ਦਾ ਵਿਕਾਸ ਹੋਈ ਜਾ ਰਿਹਾ ਹੈ ਅਤੇ ਜਾਤੀ ਦੀ ਪੱਧਰ ਉਪਰ ਅਤੇ ਜਾਤੀ ਦੇ ਅੰਦਰੇ-ਅੰਦਰ

ਹੋ ਰਹੇ ਵਿਕਾਸ ਲਈ ਉਪਰੋਕਤ ਪਦ ਰਾਖਵਾਂ ਹੈ।

Microfauna (ਮਾਇਕਰੱਫਾੱਨਾੱ)

ਇਸ ਪਦ ਦਾ ਪਹਿਲਾ ਭਾਗ ਯੂਨਾਨੀ ਸ਼ਬਦ, ਮਾਇਕਰੱਸ (mikros) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ ‘ਛੋਟੇ’ ਦੇ, ਜਦ ਕਿ ਪਦ ਦਾ ਪਿਛਲਾ ਭਾਗ ਲਾਤੀਨੀ ਸ਼ਬਦ, ਫਾੱਨੱਸ (faunus) ਦਾ ਬਦਲਿਆ ਰੂਪ ਹੈ, ਜਿਸ ਨੂੰ ‘ਇਕ ਖੇਤਰ ’ਚ ਵਿਚਰਦੇ ਪ੍ਰਾਣੀਆਂ ਦੇ ਸਮੂਹ’ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਇਕ ਖੇਤਰ ’ਚ ਵਿਚਰਦੇ ਅਤੀ ਮਹੀਨ ਅਕਾਰ ਦੇ ਪ੍ਰਾਣੀਆਂ ਦੇ ਸਮੂਹ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਪ੍ਰਾਣੀਆਂ ਦੀ ਖੋਜ ਲਈ ਖ਼ੁਰਦਬੀਨ ਦੀ ਵਰਤੋਂ ਕੀਤੀ ਜਾਂਦੀ ਹੈ।

Microfibrils (ਮਾਇਕਰੱਫਾਇਬਰਿਲਜ਼)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ’ਚੋਂ ਪਹਿਲਾ ਹੈ ਮਾਇਕਰੱਸ (mikros), ਜਿਸ ਦੇ ਅਰਥ ਹਨ ‘ਛੋਟੇ’ ਦੇ ਅਤੇ ਦੂਜਾ ਹੈ ਫਾਇਬਰਿਲ (fibril), ਜਿਸ ਦੇ ਅਰਥ ਹਨ ‘ਮਹੀਨ ਰੇਸ਼ੇ’ ਦੇ। ਪੌਦੇ ਦੇ ਸੈੱਲ ਦੁਆਲੇ ਦੇ ਬਗਲ (cell-wall) ਨੂੰ ਕਰੜਾਪਣ ਅਤੇ ਮਜ਼ਬੂਤੀ ਅਰਪਣ ਕਰਨ ਲਈ, ਇਸ ਅੰਦਰ ਜਿਹੜੇ ਮਹੀਨ ਰੇਸ਼ੇ ਖਿੰਡੇ-ਪੁੰਡੇ ਹੁੰਦੇ ਹਨ, ਉਨ੍ਹਾਂ ਲਈ ਹੀ ਉਪਰੋਕਤ ਪਦ ਵਰਤੋਂ ’ਚ ਆਉਂਦਾ ਹੈ।

Microhabitat (ਮਾਇਕਰੱਹੈਬਿਟੈਟ)

ਇਕ ਯੂਨਾਨੀ ਅਤੇ ਇਕ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ : ਯੂਨਾਨੀ ਸ਼ਬਦ ਹੈ ਮਾਇਕਰੱਸ (mikros), ਜਿਸ ਦੇ ਅਰਥ ਹਨ ‘ਛੋਟੇ’ ਦੇ ਅਤੇ ਲਾਤੀਨੀ ਸ਼ਬਦ ਹੈ ਹੈਬਟਰਿ (habitare), ਜਿਸ ਦੇ ਅਰਥ ਹਨ ‘ਨਿਵਾਸ ਕਰਨ’ ਦੇ। ਜਿਸ ਸਹਿਜਵਾਸ ’ਚ ਜੀਵ ਨਿਵਾਸ ਕਰਦਾ ਹੈ, ਉਸ ਦੇ ਝਟਪਟ ਆਲੇ-ਦੁਆਲੇ ਵਿਆਪਕ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Micrometer (ਮਾਇਕਰੱਮੀਟਰ)

ਇਸ ਪਦ ਦਾ ਆਧਾਰ ਦੋ ਸ਼ਬਦ ਹਨ, ਪਹਿਲਾ ਹੈ ਯੂਨਾਨੀ ਸ਼ਬਦ, ਮਾਇਕਰੱਸ (mikros), ਜਿਸ ਦੇ ਅਰਥ ਹਨ ‘ਛੋਟੇ’ ਦੇ ਅਤੇ ਦੂਜਾ ਹੈ ਲਾਤੀਨੀ ਸ਼ਬਦ, ਮੇਟੱਰੰਮ (metrum), ਜਿਸ ਦੇ ਅਰਥ ਹਨ ‘ਮਾਪਣ’ ਦੇ। ਉਪਰੋਕਤ ਪਦ ਅਤੀ ਸੂਖਮ ਪੱਧਰ ਉਪਰ ਲੰਬਾਈ ਮਾਪਣ ਦੀ ਇਕਾਈ ਨੂੰ ਦਰਸਾਉਂਦਾ ਹੈ, ਜਿਹੜੀ ਕਿ ਮੀਟਰ ਦੇ 10 ਲੱਖਵੇਂ ਭਾਗ ਦੇ ਜਾਂ ਮਿਲੀਮੀਟਰ ਦੇ ਹਜ਼ਾਰਵੇਂ ਭਾਗ ਦੇ ਤੁੱਲ ਹੈ।

Micromutation (ਮਾਇਕਰੱਮਯੂਟੇਸ਼ਨ)

ਇਸ ਪਦ ਦਾ ਭਾਗ ਦੋ ਸ਼ਬਦ ਹਨ, ਪਹਿਲਾ ਯੂਨਾਨੀ ਸ਼ਬਦ, ਮਾਇਕਰੱਸ (mikros), ਜਿਸ ਦੇ ਅਰਥ ਹਨ ‘ਛੋਟੇ’ ਦੇ ਅਤੇ ਦੂਜਾ ਲਾਤੀਨੀ ਸ਼ਬਦ, ਮਯੂਟਰਿ (mutare), ਜਿਸ ਦੇ ਅਰਥ ਹਨ ‘ਬਦਲ ਜਾਣ’ ਦੇ। ਜੀਨ ਅੰਦਰ ਜੇਕਰ ਬਦਲਾਓ ਕੇਵਲ ਇਕ ਨੁਕਤੇ ਤਕ, ਭਾਵ ਕੇਵਲ ਇਕ ਨਾਇਟ੍ਰੋਜਨੀ-ਖਾਰ ਤਕ ਸੀਮਤ ਰਹੇ, ਤਦ ਇਸ ਪ੍ਰਕਾਰ ਦੀ ਮਯੂਟੇਸ਼ਨ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Micron (ਮਾਇਕਰੱਨ)

ਉਸ ਅਤੀ ਸੂਖਮ ਮਾਪ-ਇਕਾਈ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਹੜੀ ਕਿ ਮਾਇਕਰੱਮੀਟਰ ਦੀ ਸਮਾਨਾਰਥਕ ਇਕਾਈ ਹੈ, ਭਾਵ ਮਿਲੀਮੀਟਰ ਦੇ ਹਜ਼ਾਰਵੇਂ ਭਾਗ ਦੇ ਤੁੱਲ ਅਤੇ ਜਿਸ ਦਾ ਸੰਕੇਤਕ ਚਿੰਨ੍ਹ ਮਯੂ (Mu) ਹੈ।

Micronutrients (ਮਾਇਕਰੱਨਯੂਟ੍ਰਿਅੰਟਸ)

ਇਸ ਪਦ ਦਾ ਆਧਾਰ ਇਕ ਯੂਨਾਨੀ ਅਤੇ ਇਕ ਲਾਤੀਨੀ ਸ਼ਬਦ ਹਨ: ਪਹਿਲਾ ਯੂਨਾਨੀ ਸ਼ਬਦ ਹੈ ਮਾਇਕਰੱਸ (mikros), ਜਿਸ ਦੇ ਅਰਥ

ਹਨ ‘ਛੋਟੇ’ ਦੇ ਅਤੇ ਦੂਜਾ ਲਾਤੀਨੀ ਸ਼ਬਦ ਹੈ ਨਯੂਟ੍ਰਿਰੱ (nutrire), ਜਿਸ ਦੇ ਅਰਥ ਹਨ ‘ਪੌਸ਼ਟਿਕ ਆਹਾਰ’ ਦੇ। ਅਜਿਹੇ ਖ਼ੁਰਾਕੀ ਤੱਤਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਦੀ ਸਰੀਰ ਨੂੰ ਲੋੜ ਤਾਂ ਸੂਖਮ ਮਾਤਰਾ ’ਚ ਹੁੰਦੀ ਹੈ, ਪਰ ਅਰੋਗਤਾ ਬਣਾਈ ਰੱਖਣ ਲਈ ਇਨ੍ਹਾਂ ਦੀ ਪ੍ਰਾਪਤੀ ਹੋਣੀ ਅਨਿਵਾਰੀ ਹੈ।

Micro-organism (ਮਾਇਕਰੱ-ਆਰਗੈਨਿਜ਼ਮ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਮਾਇਕਰੱਸ (mikros), ਜਿਸ ਦੇ ਅਰਥ ਹਨ ‘ਛੋਟੇ’ ਦੇ ਅਤੇ ਦੂਜਾ ਆਰਗੈਨਨ (organon), ਜਿਸ ਦੇ ਅਰਥ ਹਨ ‘ਉਪਕਰਣ’ ਦੇ, ਪਰ ਜਿਸ ਦੇ ਬਦਲੇ ਹੋਏ ਰੂਪ, ਆਰਗੈਨਿਜ਼ਮ ਦੇ ਅਰਥ ‘ਜੀਵ’ ਦੇ ਹਨ। ਜੀਵਾਣੂਆਂ, ਕੀਟਾਣੂਆਂ ਜਾਂ ਵਿਸ਼ਾਣੂਆਂ ਦੀ ਪੱਧਰ ਉਪਰ ਵਿਚਰਦੇ ਹਰ ਇਕ ਜੀਵ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ ਅਤੇ ਇਸੇ ਲਈ ਇਹ ਪਦ ਮਾਇਕਰੋਬ (microbe) ਦਾ ਸਮਾਨਾਰਥਕ ਸ਼ਬਦ ਹੈ।

Microphagic (ਮਾਇਕਰੱਫੈਜਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਮਾਇਕਰੱਸ (mikros), ਜਿਸ ਦੇ ਅਰਥ ਹਨ ‘ਛੋਟੇ’ ਦੇ ਅਤੇ ਦੂਜਾ ਹੈ ਫੈਜਇਨ (phagein), ਜਿਸ ਦੇ ਅਰਥ ਹਨ ‘ਖਾਣ’ ਦੇ। ਉਨ੍ਹਾਂ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਕਿ ਸੂਖਮ ਜੀਵਾਂ ਉਪਰ, ਭਾਵ ਮਾਇਕਰੋਬਜ਼ ਉਪਰ ਪਲਦੇ ਹਨ। ਪ੍ਰੋਟੋਜ਼ੋਆ ਜਾਂ ਫਿਰ ਜਬਾੜ੍ਹੇ-ਰਹਿਤ ਮੱਛੀਆਂ ਦਾ ਇਹੋ ਭੋਜਨ ਹੈ।

Microphilic (ਮਾਇਕਰੱਫ਼ਿਲਿਕ)

ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਪਹਿਲਾ ਮਾਇਕਰੱਸ (mikros), ਜਿਸ ਦੇ ਅਰਥ ਹਨ ‘ਛੋਟੇ’ ਦੇ ਅਤੇ ਦੂਜਾ ਫਿਲਇਨ (philein), ਜਿਸ ਦੇ ਅਰਥ ਹਨ ‘ਮੋਹ ਕਰਨ’ ਦੇ। ਉਨ੍ਹਾਂ ਜੀਵਾਂ ਲਈ ਅਤੇ ਕੀਟਾਣੂਆਂ ਲਈ ਵਿਸ਼ੇਸ਼ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਤਾਪਮਾਨ ਦੀ ਅਤੀ ਸੌੜੀ ਸੀਮਾ ਅੰਦਰ ਵਿਚਰਨ ਯੋਗ ਹਨ।

Microphyllous (ਮਾਇਕਰੱਫਾਇਲਸ)

ਯੂਨਾਨੀ ਸ਼ਬਦ, ਮਾਇਕਰੱਸ (mikros) ਅਤੇ ਫਾਇਲਨ (philein) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਛੋਟੇ’ ਦੇ ਅਤੇ ‘ਪੱਤਰ’ ਦੇ। ਉਨ੍ਹਾਂ ਪੇੜ-ਪੌਦਿਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦੇ ਪੱਤਰ ਛੋਟੇ ਆਕਾਰ ਦੇ ਹਨ।

Microphyte (ਮਾਇਕਰੱਫਾਇਟ)

ਇਸ ਪਦ ’ਚ ਦੋ ਯੂਨਾਨੀ ਸ਼ਬਦ, ਸਮਾਏ ਹੋਏ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਮਾਇਕਰੱਸ (mikros), ਜਿਸ ਦੇ ਅਰਥ ਹਨ ‘ਛੋਟੇ’ ਦੇ ਅਤੇ ਦੂਜਾ ਹੈ ਫਾਇਟਨ (phyton), ਜਿਸ ਦੇ ਅਰਥ ਹਨ ‘ਪੌਦੇ’ ਦੇ। ਅਤੀ ਮਹੀਨ ਆਕਾਰ ਦੇ ਪੌਦੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਨੂੰ ਕਿ ਨੰਗੀ ਅੱਖ ਦੁਆਰਾ ਦੇਖਿਆ ਨਹੀਂ ਜਾ ਸਕਦਾ।

Micropodous (ਮਾਇਕਰੱਪੱਡਸ)

ਦੋ ਯੂਨਾਨੀ ਸ਼ਬਦ, ਮਾਇਕਰੱਸ (mikros) ਅਤੇ ਪੱਅਸ (pous), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਛੋਟੇ’ ਦੇ ਅਤੇ ‘ਪੈਰ’ ਦੇ। ਅਲਪਵਿਕਸਿਤ ਜਾਂ ਛੋਟੇ ਛੋਟੇ ਪੈਰਾਂ ਵਾਲੇ ਪ੍ਰਾਣੀ ਲਈ ਉਪਰੋਕਤ ਪਦ ਰਾਖਵਾਂ ਹੈ।

Micropyle (ਮਾਇਕਰੱਪਾਇਲ)

ਯੂਨਾਨੀ ਸ਼ਬਦ, ਮਾਇਕਰੱਸ (mikros) ਅਤੇ ਪਾਇਲੀ (pyle) ਇਸ ਪਦ ਦੇ ਰਚਨਹਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ

ਹਨ 'ਛੋਟੇ' ਦੇ ਅਤੇ ਦੂਜੇ ਦੇ 'ਦੁਆਰ' ਦੇ। ਅੰਡੇ 'ਚ ਬਣੇ ਹੋਏ ਉਸ ਮਹੀਨ ਛੇਕ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿ ਸ਼ੁਕਰਾਣੂ ਦੇ ਅੰਡੇ ਅੰਦਰ ਪ੍ਰਵੇਸ਼ ਕਰਨ ਦਾ ਦੁਆਰ ਹੈ।

Microscope (ਮਾਇਕਰੌਸਕੋਪ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਮਾਇਕਰੌਸ (mikros) ਅਤੇ ਸਕੋਪਿਅਨ (skopein), ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਛੋਟੇ' ਦੇ ਅਤੇ ਦੂਜੇ ਦੇ 'ਤੱਕਣ' ਦੇ। ਪ੍ਰਯੋਗਸ਼ਾਲਾ 'ਚ ਆਮ ਵਰਤੇ ਜਾਂਦੇ ਉਸ ਉਪਕਰਣ ਦਾ ਇਹ ਨਾਮ ਹੈ, ਜਿਸ 'ਚੋਂ ਦੀ ਵੇਖਿਆਂ ਛੋਟੇ ਆਕਾਰ, ਵੱਡੇ ਦਿਖਾਈ ਦਿੰਦੇ ਹਨ। ਸਾਧਾਰਨ ਨਜ਼ਰ ਨਾ ਆਉਣ ਵਾਲੇ ਮਹੀਨ ਆਕਾਰ ਦੇ ਜੀਵ ਅਤੇ ਸੈੱਲ ਇਸ ਰਾਹੀਂ ਤੱਕੇ ਜਾ ਸਕਦੇ ਹਨ।

Microtubules (ਮਾਇਰੌੱਟਯੂਬਯੂਲਜ਼)

ਦੋ ਯੂਨਾਨੀ ਸ਼ਬਦ, ਮਾਇਕ੍ਰਸ (mikros) ਅਤੇ ਟਯੂਬਯੂਲਸ (tubulus), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਛੋਟੇ' ਦੇ ਅਤੇ 'ਮਹੀਨ ਨਲਕੀ' ਦੇ ਜਾਂ 'ਰੇਸ਼ੇ' ਦੇ। ਸੈੱਲਾਂ ਵਿਚ ਅਤੀ ਮਹੀਨ ਰੇਸ਼ੇ ਐਧਰ-ਓਧਰ ਖਿੰਡੇ ਹੁੰਦੇ ਹਨ, ਜਿਹੜੇ ਸੈੱਲ-ਇੰਦਰੀਆਂ ਦੀ ਬਣਤਰ ਦਾ ਆਧਾਰ ਵੀ ਬਣਦੇ ਹਨ। ਇਨ੍ਹਾਂ ਚੋਂ ਜਿਨ੍ਹਾਂ ਰੇਸ਼ਿਆਂ ਦੀ ਮੁਟਾਈ 250 ਐਂਗਸਟ੍ਰੈਮ ਦੇ ਲਗਭਗ ਹੁੰਦੀ ਹੈ, ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Microvilli (ਮਾਇਕਰੌੱਵਿਲਅਈ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਾਇਕਰੌਸ (mikros) ਅਤੇ ਲਾਤੀਨੀ ਸ਼ਬਦ, ਵਿਲੱਸ (villus) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਛੋਟੇ' ਦੇ ਅਤੇ 'ਰੋਮ' ਦੇ। ਗੁਰਦਿਆਂ ਅਤੇ ਆਂਦਰਾਂ ਦੀ ਖੋੜ ਅੰਦਰਲੇ ਰੋਮਾਂ ਜਿਹੇ, ਪਰ ਰੋਮਾਂ ਤੋਂ ਵੀ ਵੱਧ ਮਹੀਨ ਵਧਾਆਂ ਦਾ ਇਹ ਨਾਮ ਹੈ, ਜਿਹੜੇ ਇਨ੍ਹਾਂ ਦੀ ਪਰਤ ਨੂੰ ਉਸਾਰਦੇ ਸੈੱਲਾਂ ਚੋਂ ਜਨਮ ਲੈਂਦੇ ਹਨ। ਆਂਦਰਾਂ ਅੰਦਰ ਹਜ਼ਮ ਹੋਈ ਖੁਰਾਕ ਇਨ੍ਹਾਂ ਦੁਆਰਾ ਲਹੂ ਅੰਦਰ ਸਮੋਈ ਜਾਂਦੀ ਹੈ ਅਤੇ ਗੁਰਦਿਆਂ ਚੋਂ ਦੀ ਹੋ ਕੇ ਵਗ ਰਹੇ ਲਹੂ ਚੋਂ ਜ਼ਹਿਰੀਲੇ ਮੁਆਦ ਨੂੰ ਇਹ ਛਾਣ-ਪੁਣ ਕੇ ਵੱਖ ਕਰਦੇ ਰਹਿੰਦੇ ਹਨ।

Midbrain (ਮਿੱਡਬਰੇਨ)

ਰੀੜ੍ਹ-ਸਹਿਤ ਪ੍ਰਾਣੀਆਂ ਦਾ ਦਿਮਾਗ਼ ਤਿੰਨ ਭਾਗਾਂ 'ਚ ਸਪਸ਼ਟ ਵੰਡਿਆ ਜਾ ਸਕਦਾ ਹੈ। ਦਿਮਾਗ਼ ਦੇ ਵਿਚਕਾਰਲੇ ਭਾਗ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਪੰਛੀਆਂ, ਡੱਡੂਆਂ ਅਤੇ ਮੱਛੀਆਂ 'ਚ ਦਿਮਾਗ਼ ਦਾ ਇਹ ਪ੍ਰਭਾਵਸ਼ੀਲ ਭਾਗ ਹੈ, ਪਰ ਪਸ਼ੂਆਂ 'ਚ ਇਹ ਸਥਿਤੀ ਨਹੀਂ ਹੈ।

Middle ear (ਮਿਡਲ ਇਅਰ)

ਰੀੜ੍ਹ-ਸਹਿਤ ਪ੍ਰਾਣੀਆਂ ਦੇ ਕੰਨ ਦੇ ਤਿੰਨ ਭਾਗ ਇਕ ਦੂਜੇ ਨਾਲੋਂ ਵੱਖ ਪਛਾਣੇ ਜਾ ਸਕਦੇ ਹਨ। ਉਪਰੋਕਤ ਪਦ ਕੰਨ ਦੇ ਵਿਚਕਾਰਲੇ ਭਾਗ ਲਈ ਰਾਖਵਾਂ ਹੈ, ਜਿਹੜਾ ਕਿ ਖੋਪੜੀ ਦੇ ਵਿਸ਼ੇਸ਼ ਰਖਣੇ 'ਚ ਸਥਿਤ ਹੈ। ਕੰਨ ਦੇ ਇਸ ਭਾਗ 'ਚ ਵਿਉਂਤ ਸਿਰ ਜੁੜੀਆਂ ਸੂਖਮ ਅਸਥੀਆਂ ਸਥਿਤ ਹਨ, ਜਿਹੜੀਆਂ ਧੁਨੀ ਰੌਆਂ ਨਾਲ ਫੜ-ਫੜਾ ਰਹੇ ਪਰਦੇ ਦੀਆਂ ਹਰਕਤਾਂ ਨੂੰ, ਕੰਨ ਦੇ ਅੰਦਰਲੇ ਭਾਗ ਤਕ ਆਉਂਦੀ ਆਡਿਟ੍ਰੀ (auditory) ਨਸ ਦੇ ਸਪੁੱਰਦ ਕਰਨ ਦਾ ਕਾਰਜ ਪੂਰਾ ਕਰਦੀਆਂ ਰਹਿੰਦੀਆਂ ਹਨ।

Migration (ਮਾਇਗ੍ਰੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਮਾਇਗ੍ਰੇਅਰ (migrare) ਹੈ, ਜਿਸ ਦੇ ਅਰਥ ਹਨ 'ਸਥਾਨ ਬਦਲਣ' ਦੇ। ਬਹੁਤ ਪ੍ਰਾਣੀ ਹਨ, ਜਿਹੜੇ ਠੰਢੇ ਖੇਤਰਾਂ 'ਚ ਵਿਚਰਦੇ ਹਨ ਅਤੇ ਸਿਆਲ ਰੁੱਤੇ ਇਹ ਗੁਲਾਬੀ ਠੰਢ ਵਾਲੇ ਖੇਤਰਾਂ 'ਚ ਜਾ ਬਿਰਾਜਦੇ

ਹਨ, ਜਿਥੇ ਕਿ ਅਹਾਰ ਸਹਿਲ ਉਪਲਬਧ ਹੋ ਜਾਂਦਾ ਹੈ।ਅਜਿਹਾ ਇਹ ਆਏ ਵਰ੍ਹੇ ਨਿਯਮਬੱਧ ਕਰਦੇ ਰਹਿੰਦੇ ਹਨ। ਇਸ ਰੁਚੀ ਦੀਆਂ ਮਾਲਿਕ ਮੱਛੀਆਂ ਹਨ, ਵੇਲ੍ਹਾਂ ਹਨ, ਸੀਲਾਂ ਹਨ, ਜਿਹੜੀਆਂ ਤੈਰਦੀਆਂ ਹਨ। ਪੰਛੀ ਤੇ ਕੀਟ ਵੀ ਇਸ ਰੁਚੀ ਵਾਲੇ ਹਨ, ਜਿਹੜੇ ਉਡ ਸਕਦੇ ਹਨ।ਇਹ ਪ੍ਰਾਣੀ ਸਥਾਨ ਬਦਲੀ ਦੇ ਹੋਰਨਾਂ ਪ੍ਰਾਣੀਆਂ ਨਾਲੋਂ ਵੱਧ ਯੋਗ ਹਨ। ਉਪਰੋਕਤ ਪਦ ਪ੍ਰਾਣੀਆਂ ਦੇ ਇਸੇ ਪ੍ਰਚਲਨ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Mildew (ਮਿਲਡਯੂ)

ਬੂਟਿਆਂ ਨੂੰ ਕਈ ਪ੍ਰਕਾਰ ਦੇ ਰੋਗ ਲਗਦੇ ਰਹਿੰਦੇ ਹਨ ਅਤੇ ਜਿਸ ਇਕ ਪ੍ਰਕਾਰ ਦੀ ਉੱਲੀ ਦੀ ਲਾਗ ਕਾਰਨ ਇਹ ਰੋਗੀ ਬਣ ਜਾਂਦੇ ਹਨ, ਉਸੇ ਦਾ ਉਪਰੋਕਤ ਨਾਮ ਹੈ।

Milk teeth (ਮਿਲਕ ਟੀਥ)

ਪਸ਼ੂਆਂ ਦੇ ਜਨਮ ਸਮੇਂ ਆਉਣ ਵਾਲੇ ਅਸਥਾਈ ਦੰਦਾਂ ਲਈ ਉਪਰੋਕਤ ਪਦ ਰਾਖਵਾਂ ਹੈ। ਇਹ ਦੁੱਧ-ਦੰਦ ਕੁਝ ਸਮੇਂ ਉਪਰੰਤ ਝੜ ਜਾਂਦੇ ਹਨ ਅਤੇ ਇਨ੍ਹਾਂ ਦਾ ਸਥਾਨ ਅਕਾਰ 'ਚ ਵੱਡੇ ਅਤੇ ਗਿਣਤੀ 'ਚ ਵੱਧ, ਸਥਾਈ ਦੰਦ ਲੈ ਲੈਂਦੇ ਹਨ।

Mimicry (ਮਿਮਿਕਰੀ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਿਮਿਕਸ (mimikos) ਹੈ, ਜਿਸ ਦੇ ਅਰਥ ਹਨ 'ਅਨੁਕਰਣ' ਦੇ ਜਾਂ 'ਨਕਲ ਉਤਾਰਨ' ਦੇ। ਨਿਹੱਥੇ ਅਤੇ ਵਿਸ਼ੇਸ਼ ਬਚਾਉ ਸਾਧਨਾਂ ਤੋਂ ਬਿਨਾਂ ਦੇ ਕੁਝ ਪ੍ਰਾਣੀ, ਸ਼ਿਕਾਰੀ ਜਾਨਵਰਾਂ ਤੋਂ ਆਪਣੇ ਬਚਾਉ ਲਈ, ਆਲੇ-ਦੁਆਲੇ ਨਾਲ ਇਕ ਸਮਾਨ ਹੋਏ ਵਿਖਾਈ ਦਿੰਦੇ ਹਨ ਅਤੇ ਜਾਂ ਫਿਰ ਇਹ ਹੋਰ ਕਿਸੇ ਜ਼ਹਿਰੀਲੇ ਪ੍ਰਾਣੀ ਦਾ ਰੰਗ-ਰੂਪ ਧਾਰ ਲੈਂਦੇ ਹਨ। ਇਸੇ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Minimus (ਮਿਨਿਮੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ਸਭ ਤੋਂ 'ਛੋਟੇ' ਦੇ ਜਾਂ 'ਅਲਪਤਮ' ਦੇ। ਪਰ ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਪਦ ਦਾ ਉਪਯੋਗ ਹੱਥ ਜਾਂ ਪੈਰ ਦੀ ਚੀਚੀ (ਪੰਜਵੀਂ ਉਂਗਲ) ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

Miocene (ਮਾਇਅੱਸੀਨ)

ਵਰਤਮਾਨ ਦੌਰ, ਸੀਨੱਜ਼ੁਇਕ (cenozoic) ਦੇ ਇਕ ਕਾਲ (ਈਪੱਕ-epoch) ਦਾ ਉਪਰੋਕਤ ਨਾਮ ਹੈ। ਪ੍ਰਿਥਵੀ ਦੇ ਇਤਿਹਾਸ ਦੇ ਇਸ ਕਾਲ ਦਾ ਅੱਜ ਤੋਂ 2.5 ਕ੍ਰੋੜ ਵਰ੍ਹੇ ਪਹਿਲਾਂ ਆਰੰਭ ਹੋਇਆ ਸੀ ਅਤੇ ਅੱਜ ਤੋਂ ਇਕ ਕ੍ਰੋੜ ਵਰ੍ਹੇ ਪਹਿਲਾਂ ਜਿਸ ਦਾ ਅੰਤ ਹੋ ਗਿਆ ਸੀ। ਇਸ ਕਾਲ ਦੌਰਾਨ ਘਾਹ ਚਰਨ ਵਾਲੇ ਪਸ਼ੂਆਂ ਦਾ ਵਿਕਾਸ ਹੋਇਆ ਅਤੇ ਘਾਹਾਂ ਦੀਆਂ ਵੰਨਗੀਆਂ ਦਾ ਵੀ ਇਸੇ ਕਾਲ ਦੌਰਾਨ ਵਿਕਾਸ ਹੋਇਆ।

Mite (ਮਾਇਟ)

ਮਹੀਨ ਆਕਾਰ ਦੇ ਅਤੇ ਦੇਖਣ ਨੂੰ ਕੀਟ ਜਿਹੇ ਲਗਦੇ ਪ੍ਰਾਣੀ ਦਾ ਇਹ ਨਾਮ ਹੈ, ਜਿਸ ਦੀ ਸਰੀਰਕ ਬਣਤਰ, ਪਰ, ਕੀਟ ਨਾਲੋਂ ਭਿੰਨ ਹੈ ਅਤੇ ਜਿਸ ਦੀਆਂ 6 ਨਹੀਂ, 8 ਟੰਗਾਂ ਹਨ।

Mitochondria (ਮਾਇਟੱਕਾਂਡਰਿਆ)

ਦੋ ਯੂਨਾਨੀ ਸ਼ਬਦ, ਮਾਇਟੱਸ (mitos) ਅਤੇ ਕਾਂਡਰੱਸ (chondros), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਡੋਰ' ਦੇ ਅਤੇ 'ਦਾਣੇ' ਦੇ ਜਾਂ 'ਭੋਰੇ' ਦੇ। ਸੈੱਲ ਅੰਦਰਲੀਆਂ ਬੈਜ਼ਵੀ ਆਕਾਰ ਦੀਆਂ ਇੰਦਰੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦਾ ਆਪਣਾ ਵੱਖਰਾ ਡੀ ਐਨ ਏ ਹੋਣ ਕਰਕੇ, ਇਹ ਵਿਅਕਤੀਗਤ ਪ੍ਰਜਣਨ ਦੇ ਵੀ ਯੋਗ ਹਨ। ਇਨ੍ਹਾਂ ਅੰਦਰ ਉਹ ਐਨਜ਼ਾਈਮ ਹਨ, ਜਿਹੜੇ ਗੁਲੂਕੋਸ ਤੋਂ ਊਰਜਾ

ਉਪਜਾਉਣ ਦੀ ਕ੍ਰਿਆ 'ਚ ਭਾਗ ਲੈਂਦੇ ਹਨ।

Mitosis (ਮਾਇਟੋਸਿਸ)

ਇਹ ਯੂਨਾਨੀ ਸ਼ਬਦ, ਮਾਇਟੱਸ (mitos) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਡੋਰ' ਦੇ। ਜੀਵ ਅੰਦਰ ਸਾਧਾਰਨ ਵਾਪਰਦੇ ਰਹਿਣ ਵਾਲੇ ਸੈੱਲ-ਵਿਭਾਜਨ ਦਾ ਇਹ ਨਾਮ ਹੈ, ਜਿਹੜਾ ਸਰੀਰਕ ਪ੍ਰਗਤੀ ਦਾ ਆਧਾਰ ਬਣਦਾ ਹੈ ਅਤੇ ਜਿਸ ਦੌਰਾਨ ਨਿਊਕਲੀਅਸ ਵਿਖੇ ਕ੍ਰੋਮੋਸੋਮ ਵਿਅਕਤੀਗਤ ਰੂਪ ਧਾਰਨ ਕਰ ਲੈਂਦੇ ਹਨ।

Mitral valve (ਮਾਇਟਰਲ ਵਾਲਵ)

ਦਿਲ ਦੇ ਖੱਬੇ ਪਾਸੇ ਦੀ ਆਰਿਕਲ (auricle) ਅਤੇ ਵੈਂਟਰਿਕਲ (ventricle) ਵਿਚਕਾਰ, ਲਹੂ ਦੇ ਪਰਤਵੇਂ ਬਹਾਓ ਨੂੰ ਰੋਕਣ ਲਈ ਸਥਿਤ ਦੋਵੱਲੀ ਨੋਕ ਵਾਲੇ ਵਾਲਵ ਦਾ ਉਪਰੋਕਤ ਨਾਮ ਹੈ।

Molars (ਮੋਲਰਜ਼)

ਲਾਤੀਨੀ ਸ਼ਬਦ, ਮੋਲਿਅਰ (molere) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪੀਸਣ' ਦੇ। ਮੂੰਹ ਅੰਦਰਲੀ ਪਸ਼ੂਆਂ ਦੀ ਦੰਦਬੀੜ ਦੇ ਦੋਵੀਂ ਪਾਸੀਂ ਪਿਛਾਂਹ ਜੜੀਆਂ ਦਾੜ੍ਹਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਦੀ 8 ਤੋਂ ਲੈ ਕੇ 12 ਦੀ ਗਿਣਤੀ ਹੈ।

Moleculor biology (ਮਾਲਿਕਯੂਲਰ ਬਾਇਆਲੱਜਿ)

ਜੀਵ-ਵਿਗਿਆਨ ਦੀ ਉਸ ਆਧੁਨਿਕ ਸ਼ਾਖ ਦਾ ਇਹ ਨਾਮ ਹੈ, ਜਿਸ ਦਾ ਸਬੰਧ ਸੈੱਲ ਅੰਦਰ ਅਣੂਆਂ ਦੀ ਪੱਧਰ ਉਪਰ ਪੁੰਗਰ ਰਹੀਆਂ ਜੈਵਿਕ ਗਤੀਵਿਧੀਆਂ ਬਾਰੇ ਗਿਆਨ ਨਾਲ ਹੈ। ਅਸਲ 'ਚ ਜੀਵਨ ਨਾਮ ਹੀ ਇਨ੍ਹਾਂ ਗਤੀਵਿਧੀਆਂ ਦੇ ਸਮੂਹ ਦਾ ਹੈ।

Mollusca (ਮਾੱਲੱਸਕਾ)

ਯੂਨਾਨੀ ਸ਼ਬਦ, ਮਾੱਲਸਕਸ (molluscus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਨਰਮ ਸਰੀਰ' ਦੇ। ਰੀੜ੍ਹ-ਰਹਿਤ ਪ੍ਰਾਣੀਆਂ ਦੇ ਇਕ ਕਬੀਲੇ ਦਾ ਉਪਰੋਕਤ ਨਾਮ ਹੈ, ਜਿਸ 'ਚ ਸ਼ਾਮਲ ਪ੍ਰਾਣੀਆਂ ਦੇ ਨਰਮ ਤੇ ਮੁਲਾਇਮ ਸਰੀਰ ਹਨ, ਪਰ ਜਿਹੜੇ ਚੂਨੇ ਦੇ ਬਣੇ ਬਾਹਰੀ ਕਰੜੇ ਖੋਲਾਂ ਅੰਦਰ ਸੁਰੱਖਿਅਤ ਹੁੰਦੇ ਹਨ। ਸਿੱਪ ਅਤੇ ਘੋਗੇ ਇਸੇ ਕਬੀਲੇ 'ਚ ਸ਼ਾਮਲ ਜੀਵ ਹਨ।

Monera (ਮਾੱਨੀਰਾ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਮਾੱਨੱਰੀਜ਼ (moneres) ਹੈ, ਜਿਸ ਦੇ ਅਰਥ ਹਨ 'ਲਾਂਭੇ ਹਟਵੀਂ ਇਕੱਲ' ਦੇ। ਜੀਵਾਂ ਦੇ ਉਸ ਨਿਵੇਕਲੇ ਉਪਜਗਤ (kingdom) ਦਾ ਇਹ ਨਾਮ ਹੈ, ਜਿਸ 'ਚ ਨਿਊਕਲੀਅਸ ਰਹਿਤ, ਇਕ ਸੈੱਲ ਦੀ ਦੇਹ ਵਾਲੇ ਕੀਟਾਣੂ, ਸਾਰੇ ਦੇ ਸਾਰੇ, ਸਮੇਤ ਸਾਇਨੋ-ਕੀਟਾਣੂਆਂ ਦੇ, ਸ਼ਾਮਲ ਹਨ।

Monitoring (ਮਾੱਨਿਟ੍ਰਿੰਗ)

ਆਮ ਵਰਤੋਂ 'ਚ ਆ ਰਿਹਾ ਅੰਗਰੇਜ਼ੀ ਸ਼ਬਦ, ਮਾੱਨਿਟਰ (monitor) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਨਿਰੀਖਣ ਉਪਰੰਤ ਨਿਯੰਤ੍ਰਿਤ ਕਰਨ' ਦੇ। ਉਪਰੋਕਤ ਪਦ ਉਸ ਕਾਰਜ-ਕ੍ਰਮ ਨੂੰ ਦਰਸਾਉਣ ਲਈ ਵਰਤੋਂ 'ਚ ਆ ਰਿਹਾ ਹੈ, ਜਿਸ ਦਾ ਉਦੇਸ਼ ਪ੍ਰਦੂਸ਼ਣ ਨੂੰ ਨਿਯੰਤ੍ਰਿਤ ਕਰਨ ਲਈ, ਇਸ ਦਾ ਲਗਾਤਾਰ ਨਿਰੀਖਣ ਕਰਦੇ ਰਹਿਣਾ ਹੈ।

Monoculture (ਮਾੱਨਾੱਕਲਚਰ)

ਯੂਨਾਨੀ ਸ਼ਬਦ, ਮਾੱਨਾੱਸ (monos) ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਇਕ' ਦੇ। ਪਦ ਦਾ ਦੂਜਾ ਭਾਗ ਕਲਚਰ, ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਕਾਸ਼ਤੀ ਪ੍ਰਚਲਨ' ਦੇ। ਆਏ

ਵਰ੍ਹੇ ਅਤੇ ਆਈ ਰੁੱਤੇ ਇਕੋ ਫ਼ਸਲ ਬੀਜਦੇ ਰਹਿਣ ਦੇ ਕਾਸ਼ਤੀ ਪ੍ਰਚਲਨ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Monoecious (ਮਾੱਨੀਸ਼ਸ਼)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਇਕ ਮਾੱਨੱਸ (monos), ਜਿਸ ਦੇ ਅਰਥ ਹਨ 'ਇਕ' ਦੇ ਤੇ ਦੂਜਾ ਆਇਕਸ (oikos), ਜਿਸ ਦੇ ਅਰਥ ਹਨ 'ਘਰ' ਦੇ। ਜਿਸ ਫੁੱਲ ਅੰਦਰ ਨਰ ਅਤੇ ਮਾਦਾ, ਦੋਵੇਂ ਪ੍ਰਜਣਨਕ ਅੰਸ਼ ਨਾਲ ਨਾਲ ਸਥਿਤ ਹੁੰਦੇ ਹਨ, ਉਸ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਵੇਂ ਕਿ ਉਸ ਬੂਟੇ ਲਈ ਵੀ, ਜਿਸ ਨਾਲ ਦੋਵੇਂ ਪ੍ਰਕਾਰ ਦੇ ਫੁੱਲ, ਨਰ ਵੀ ਅਤੇ ਮਾਦਾ ਵੀ, ਲੱਗੇ ਹੋਣ।

Monogamy (ਮਾੱਨੱਗੇਮਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਮਾੱਨੱਸ (monos), ਜਿਸ ਦੇ ਅਰਥ ਹਨ 'ਇਕ' ਦੇ ਅਤੇ ਦੂਜਾ ਗੇਮੱਸ (gamos), ਜਿਸ ਦੇ ਅਰਥ ਹਨ 'ਵਿਆਹ' ਦੇ। ਇਕ ਨਰ ਪ੍ਰਾਣੀ ਅਤੇ ਇਕ ਮਾਦਾ ਪ੍ਰਾਣੀ, ਪ੍ਰਜਣਨ ਲਈ, ਜੇਕਰ ਉਮਰ ਭਰ ਇਕ ਦੂਜੇ ਦੇ ਨਾਲ ਨਿਭਣ, ਤਦ ਇਸ ਪਰਸਥਿਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Monomer (ਮਾੱਨੱਮਰ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਾੱਨੱਸ (monos) ਅਤੇ ਮਿਰੱਸ (meros) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕ' ਦੇ ਅਤੇ "ਖੰਡ" ਦੇ ਜਾਂ 'ਟੁਕੜੇ" ਦੇ। ਉਸ ਯੌਗਿਕ (compound) ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੀ ਰਚਨਾਂ ਇਕ ਅਣੂ ਦੇ ਵਾਰ ਵਾਰ ਦੁਹਰਾਏ ਜਾਣ ਨਾਲ ਹੋਈ ਹੁੰਦੀ ਹੈ।

Monophagous (ਮਾੱਨੱਫੇਗਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸੰਮਿਲਤ ਹਨ। ਇਨ੍ਹਾਂ ਚੋਂ ਪਹਿਲੇ, ਮਾੱਨੱਸ (monos) ਦੇ ਅਰਥ ਹਨ 'ਇਕ' ਦੇ ਅਤੇ ਦੂਜੇ, ਫਾਜਿਨ (phagein) ਦੇ ਅਰਥ ਹਨ 'ਖਾਣ' ਦੇ। ਇਕ ਵੰਨਗੀ ਦੀ ਖ਼ੁਰਾਕ ਉਪਰ ਨਿਰਭਰ ਜੀਵਨ ਬਿਤਾਉਣ ਵਾਲੇ ਪ੍ਰਾਣੀਆਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Monophyletic (ਮਾੱਨੱਫਾਇਲੇੱਟਿਕ)

ਦੋ ਯੂਨਾਨੀ ਸ਼ਬਦ, ਮਾੱਨੱਸ (monos) ਅਤੇ ਫਾਇਲਿ (phyle) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕ' ਦੇ ਅਤੇ 'ਕਬੀਲੇ' ਦੇ। ਇਕ ਦੂਜੇ ਦੇ ਸਬੰਧੀ ਪ੍ਰਾਣੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਪੂਰਵਜੀ ਸਾਂਝ ਵੀ ਹੁੰਦੀ ਹੈ।

Monophyodont (ਮਾੱਨੱਫਾਇਅਡਾਂਟ)

ਤਿੰਨ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਮਾੱਨੱਸ (monos), ਜਿਸ ਦੇ ਅਰਥ ਹਨ 'ਇਕ' ਦੇ, ਦੂਜਾ ਹੈ ਫਾਇਨ (phyein), ਜਿਸ ਦੇ ਅਰਥ ਹਨ 'ਉਪਜ' ਦੇ ਅਤੇ ਤੀਜਾ ਹੈ ਅੱਡੱਸ (odous), ਜਿਸ ਦੇ ਅਰਥ ਹਨ 'ਦੰਦ' ਦੇ। ਉਨ੍ਹਾਂ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦੇ ਜਨਮ ਉਪਰੰਤ ਆਏ ਦੰਦਾਂ ਦਾ ਸਥਾਨ ਨਵੇਂ ਦੰਦ ਨਹੀਂ ਲੈਂਦੇ।

Monoploid (ਮਾੱਨੱਪਲਾਇਡ)

ਇਸ ਪਦ ਦਾ ਆਧਾਰ ਤਿੰਨ ਯੂਨਾਨੀ ਸ਼ਬਦ: ਮਾੱਨੱਸ (monos), ਹੈਪਲੂਸ (haploos) ਅਤੇ ਇਡੱਸ (eidos) ਹਨ ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕ' ਦੇ, 'ਸਾਧਾਰਨ' ਦੇ ਅਤੇ 'ਨੁਹਾਰ' ਦੇ। ਉਨ੍ਹਾਂ ਜੀਵਾਂ ਲਈ, ਪ੍ਰਾਣੀਆਂ ਲਈ ਵੀ ਅਤੇ ਰੁੱਖਾਂ ਬੂਟਿਆਂ ਲਈ ਵੀ, ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦਿਆਂ ਸੈੱਲਾਂ 'ਚ ਕ੍ਰੋਮੋਸੋਮਾਂ ਦੀ

ਇਕਿਹਰੀ ਗਿਣਤੀ ਵਾਲਾ ਸੈੱਟ ਹੁੰਦਾ ਹੈ।

Monosaccharide (ਮਾੱਨੱਸੈੱਕੇੱਰਾਇਡ)

ਮਾੱਨੱਸ (monos) ਅਤੇ ਸੈੱਕੇੱਰੱਮ (saccharum): ਇਹ ਦੋ ਸ਼ਬਦ ਇਸ ਪਦ ਦਾ ਆਧਾਰ ਹਨ। ਇਨ੍ਹਾਂ ਚੋਂ ਪਹਿਲਾ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਇੱਕ' ਦੇ ਅਤੇ ਦੂਜਾ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਖੰਡ' ਦੇ। ਸਰਲ ਬਣਤਰ ਵਾਲੀਆਂ ਖੰਡਾਂ ਚੋਂ ਹਰ ਇਕ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਵੇਂ ਕਿ ਗੁਲੂਕੋਸ ਲਈ ਤੇ ਫਰੱਕਟੋਜ਼ ਲਈ।

Monotremata (ਮਾੱਨਾੱਟ੍ਰਿਮੇੱਟਾੱ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਮਾੱਨੱਸ (monos) ਅਤੇ ਟ੍ਰਿਮਾੱ (trema), ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਇਕ' ਦੇ ਅਤੇ ਦੂਜੇ ਦੇ 'ਮੋਰੀ' ਦੇ। ਪਸ਼ੂਆਂ ਦੀ ਇਕ ਉਪ-ਸ਼੍ਰੇਣੀ ਦਾ ਇਹ ਨਾਮ ਹੈ, ਜਿਸ 'ਚ ਸ਼ਾਮਲ ਪਸ਼ੂਆਂ ਦੇ ਮਲ-ਤਿਆਗ ਲਈ ਅਤੇ ਫੋਗ ਤਿਆਗ ਲਈ ਇਕੋ ਇਕ ਸਾਂਝੀ ਮੋਰੀ (ਕਲੋਇਕ: cloaca) ਹੈ, ਹੋਰਨਾਂ ਪਸ਼ੂਆਂ ਵਾਂਗ ਵੱਖ ਵੱਖ ਨਹੀਂ। ਇਹ ਪਸ਼ੂ ਆਂਡੇ ਦਿੰਦੇ ਹਨ, ਨਵਜੀਵਾਂ ਨੂੰ ਜਨਮ ਨਹੀਂ।

Monozygotic twins
(ਮਾੱਨਾੱਜ਼ਾਇਗਾੱਟਿਕ ਟਵਿਨਜ਼)

ਇਸ ਪਦ ਦੇ ਪਹਿਲੇ ਭਾਗ ਨੂੰ ਘੜਨ ਵਾਲੇ ਦੋ ਯੂਨਾਨੀ ਸ਼ਬਦ ਹਨ, ਮਾੱਨੱਸ (monos) ਅਤੇ ਜ਼ਾਇਗੋਟਸ (zygotos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਇਕ' ਦੇ ਅਤੇ 'ਸਹਿਕ੍ਰਮਕ ਸਾਥ' ਜਾਂ 'ਜੋਟੀਦਾਰ' ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਜੁੜਵੇਂ ਬੱਚਿਆਂ' ਦੇ। ਜੇਕਰ ਨਿਸ਼ੇਚੇ ਅੰਡੇ ਦੇ ਦੋ 'ਚ ਵੰਡੇ ਜਾਣ ਉਪਰੰਤ, ਇਨ੍ਹਾਂ ਦੀ ਪ੍ਰਗਤੀ ਇਕ ਦੂਜੇ ਨਾਲੋਂ ਵੱਖ ਵੱਖ ਅਤੇ ਸੁਤੰਤਰ ਸੰਪੰਨ ਹੋ ਜਾਵੇ, ਤਦ ਜਿਨ੍ਹਾਂ ਦੋ ਜੁੜਵੇਂ ਬੱਚਿਆਂ ਦਾ ਜਨਮ ਹੋਵੇਗਾ, ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Morphology (ਮਾੱਰਫ਼ਾੱਲੱਜਿ)

ਦੋ ਯੂਨਾਨੀ ਸ਼ਬਦ, ਮਾੱਰਫ਼ਿ (morphe) ਅਤੇ ਲੋਗਸ (logos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ "ਬਣਤਰ ਵਿਧੀ" ਦੇ ਅਤੇ 'ਅਧਿਐਨ" ਦੇ। ਜੀਵ-ਵਿਗਿਆਨ ਦੀ ਉਸ ਅਧਿਐਨ ਸ਼ਾਖ ਦਾ ਇਹ ਨਾਮ ਹੈ, ਜਿਸ ਅਧੀਨ ਜੀਵਾਂ ਦੀ ਅੰਗ-ਬਣਤਰ ਸਬੰਧੀ ਅਤੇ ਅਗੋਂ ਅੰਗਾਂ ਦੀ ਬੁਣਤ ਵਿਧੀ ਸਬੰਧੀ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ।

Morula (ਮਾੱਰੁਲਾ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਮਾੱਰੱਮ (morum) ਹੈ, ਜਿਸ ਦੇ ਅਰਥ ਹਨ 'ਸ਼ਹਿਤੂਤ' ਦੇ। ਨਿਸ਼ੇਚੇ ਜਾਣ ਉਪਰੰਤ ਅੰਡਾ ਵਾਰ ਵਾਰ ਵਾਪਰ ਰਹੇ ਵੰਡਾਰਿਆਂ ਦੁਆਰਾ ਪ੍ਰਗਤੀ ਦੀ ਰਾਹ ਪੈ ਕੇ, ਭਰੂਣ ਦਾ ਰੂਪ ਅਪਣਾ ਲੈਂਦਾ ਹੈ। ਪ੍ਰਗਤੀ ਦੇ ਪਹਿਲੇ ਪੜਾਅ ਦੌਰਾਨ ਭਰੂਣ, ਸੈੱਲਾਂ ਦੀ ਬਣੀ ਇਕ ਠੋਸ ਗੇਂਦ ਵਾਂਗ ਦਿਖਾਈ ਦਿੰਦਾ ਹੈ ਅਤੇ ਇਸੇ ਪ੍ਰਗਤੀ-ਪੜਾਅ ਲਈ ਉਪਰੋਕਤ ਸਿਰਲੇਖ ਵਰਤਿਆ ਜਾਂਦਾ ਹੈ।

Moss (ਮਾੱਸ)

ਇਸ ਸਿਰਲੇਖ ਅਧੀਨ 'ਕਾਈਆਂ' ਨਾਮ ਦੀ ਬਨਸਪਤੀ ਆ ਜਾਂਦੀ ਹੈ।

Mould (ਮੋਲਡ)

ਇਸ ਸਿਰਲੇਖ ਅਧੀਨ ਸੰਸਾਰ ਭਰ ਦੀਆਂ ਉੱਲੀਆਂ-ਫਫੂੰਦੀਆਂ ਆ ਜਾਂਦੀਆਂ ਹਨ।

Moulting (ਮੋਲਟਿੰਗ)

ਪਸ਼ੂਆਂ ਦੇ ਪੁਰਾਣੇ ਵਾਲ ਝੜ ਕੇ ਨਵੇਂ ਆ ਜਾਂਦੇ ਹਨ ਅਤੇ ਪੰਛੀਆਂ ਦੇ ਖੰਭਾਂ ਨਾਲ ਵੀ

ਇੰਜ ਹੀ ਬੀਤਦੀ ਹੈ, ਅਤੇ ਅਜਿਹਾ ਸਮੇਂਬੱਧ ਹੁੰਦਾ ਰਹਿੰਦਾ ਹੈ। ਕੀਟ ਤਾਂ ਸਗੋਂ ਸਰੀਰ ਦੀ ਸਾਰੀ ਪਰਤ ਹੀ ਤਿਆਗ ਛੱਡਦੇ ਹਨ। ਪ੍ਰਾਣੀਆਂ ਦੇ ਇਸੇ ਪ੍ਰਚਲਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Mulching (ਮਲਚਿੰਗ)

ਨਵੇਂ ਪੁੰਗਰਦੇ ਬੂਟਿਆਂ ਨੂੰ ਪਾਲੇ ਦੀ ਮਾਰ ਤੋਂ ਬਚਾਉਣ ਲਈ ਸੁੱਕੇ ਘਾਹ ਜਾਂ ਪੱਤਿਆਂ ਨਾਲ ਅਤੇ ਜਾਂ ਫਿਰ ਪਰਾਲੀ ਨਾਲ ਢੱਕ ਦਿੱਤਾ ਜਾਂਦਾ ਹੈ। ਇਸੇ ਪ੍ਰਚਲਣ ਲਈ ਉਪਰੋਕਤ ਪਦ ਰਾਖਵਾਂ ਹੈ।

Muscles (ਮੱਸਲਜ਼)

ਲਾਤੀਨੀ ਸ਼ਬਦ, ਮਸਕਿਊਲਸ (musculus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਮਾਸ-ਪੇਸ਼ੀ' ਦੇ। ਸਰੀਰ ਦੁਆਲੇ ਲਿਪਟੇ ਹੋਏ ਅਤੇ ਇਸ ਅੰਦਰ ਸਮਾਏ ਹੋਏ ਲਚਕੀਲੇ ਰੇਸ਼ਿਆਂ ਦੇ ਸਮੂਹ ਨੇ, ਇਸ ਨੂੰ ਨੁਹਾਰ ਅਰਪਣ ਕੀਤੀ ਹੁੰਦੀ ਹੈ। ਇਨ੍ਹਾਂ ਲਚਕੀਲੇ ਰੇਸ਼ਿਆਂ ਦੇ ਗੁੰਦਵੇਂ ਅਤੇ ਗਠੀਲੇ ਸਮੂਹ ਲਈ ਉਪਰੋਕਤ ਪਦ ਰਾਖਵਾਂ ਹੈ। ਸਰੀਰ ਦੀ ਅਤੇ ਇਸ ਦਿਆਂ ਅੰਗਾਂ ਦੀ ਹਰਕਤ ਇਨ੍ਹਾਂ ਰੇਸ਼ਿਆਂ ਦੇ ਸੁੰਗੜਨ ਅਤੇ ਪਸਰਨ ਉਪਰ ਨਿਰਭਰ ਹੁੰਦੀ ਹੈ, ਜਿਨ੍ਹਾਂ ਨੂੰ ਕਿ ਮਾਸ-ਪੇਸ਼ੀਆਂ ਜਾਂ ਪੱਠੇ ਸੱਦਿਆ ਜਾਂਦਾ ਹੈ।

Mutagen (ਮਯੂਟੱਜਨ)

ਲਾਤੀਨੀ ਸ਼ਬਦ, ਮਯੂਟੇਅਰਿ (mutare) ਅਤੇ ਯੂਨਾਨੀ ਸ਼ਬਦ, ਜੱਨੱਇਨ (gennaein) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਦਲਣ' ਦੇ ਅਤੇ 'ਉਤਪੰਨ ਕਰਨ' ਦੇ। ਜੀਨਾਂ 'ਚ ਪਰਿਵਰਤਨ ਲਿਆ ਸਕਣ ਯੋਗ ਪਦਾਰਥਾਂ ਲਈ ਅਤੇ ਵਸੀਲਿਆਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਰੰਗਦਾਰ ਖਾਣ-ਪਦਾਰਥ, ਵਿਕਰਨੀ ਕਿਰਨਾਂ, ਮੱਸਟਰਡ ਗੈਸ ਆਦਿ ਅਜਿਹਾ ਕਰਨ ਦੇ ਯੋਗ ਹਨ।

Mutant (ਮਯੂਟੈਂਟ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਮਯੂਟੇਅਰਿ (mutare) ਹੈ, ਜਿਸ ਦੇ ਅਰਥ ਹਨ 'ਬਦਲਣ' ਦੇ। ਉਸ ਜੀਨ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ 'ਚ ਕਿਸੇ ਵੀ ਕਾਰਨ ਪਰਿਵਰਤਨ ਆ ਗਿਆ ਹੁੰਦਾ ਹੈ। ਉਸ ਜੀਵ ਲਈ ਵੀ ਇਸੇ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦੇ ਜਣਨ-ਵਿਰਸੇ 'ਚ ਇਹ ਜੀਨ ਸ਼ਾਮਲ ਹੁੰਦਾ ਹੈ।

Mutation (ਮਯੂਟੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਮਯੂਟੇਅਰਿ (mutare) ਹੈ, ਜਿਸ ਦੇ ਅਰਥ ਹਨ 'ਬਦਲਣ' ਦੇ। ਜੀਵ 'ਚ ਕ੍ਰੋਮੋਸੋਮਾਂ ਦੀ ਪੱਧਰ ਤੇ ਅਤੇ ਜਾਂ ਫਿਰ ਇਨ੍ਹਾਂ ਅੰਦਰਲੇ ਜੀਨਾਂ ਦੀ ਪੱਧਰ ਤੇ ਆਉਂਦੇ ਰਹਿਣ ਵਾਲੇ ਪਰਿਵਰਤਨਾਂ ਦੀ ਪ੍ਰਕ੍ਰਿਆ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Mutualism (ਮਯੂਚੂਅਲਿਜ਼ਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਮਯੂਟੱਸ (mutuus) ਹੈ, ਜਿਸ ਦੇ ਅਰਥ ਹਨ 'ਆਪਸਦਾਰੀ' ਦੇ। ਦੋ ਜੀਵ ਜੇਕਰ ਇਕ ਦੂਜੇ ਉਪਰ ਨਿਰਭਰ ਜੀਵਨ ਇਸ ਪ੍ਰਕਾਰ ਭੋਗ ਰਹੇ ਹੋਣ ਕਿ ਦੋਵਾਂ ਨੂੰ ਇਸ ਆਪਸਦਾਰੀ ਦਾ ਲਾਭ ਰਿਹਾ ਹੋਵੇ, ਤਦ ਜੀਵਾਂ ਦੀ ਇਸ ਪਰਸਪਰ ਨਿਰਭਰਤਾ ਵਾਲੀ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Muzzel (ਮੱਜ਼ਲ)

ਇਸ ਪਦ ਦੇ ਸ਼ਾਬਦਕ ਅਰਥ ਹਨ 'ਥੂਥਨੀ' ਦੇ ਜਾਂ 'ਥੂਥੀ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਨੱਕ ਅਤੇ ਮੂੰਹ ਸਮੇਤ ਜਬਾੜ੍ਹੇ ਸਿਰ ਤੋਂ ਅਗਾਂਹ

ਨਿਕਲੇ ਹੋਏ, ਇਕ ਤਿਕੋਨ ਦੇ ਰੂਪ ’ਚ ਦਿਖਾਈ ਦਿੰਦੇ ਹਨ। ਇਸੇ ਲਈ ਉਪਰੋਕਤ ਪਦ ਰਾਖਵਾਂ ਹੈ। ਕੇਵਲ ਮਨੁੱਖ ਅਤੇ ਇਸ ਦੇ ਸਬੰਧੀ ਪਰਾਈਮੇਟ ਪ੍ਰਾਣੀ ਇਸ ਵਿਸ਼ੇਸ਼ਤਾ ਤੋਂ ਕੋਰੇ ਹਨ, ਜਦ ਕਿ ਹੋਰ ਸਾਰੇ ਗੀੜ੍ਹ-ਸਹਿਤ ਪ੍ਰਾਣੀ ਇਸ ਵਿਸ਼ੇਸ਼ਤਾ ਦਾ ਸਪਸ਼ਟ ਪ੍ਰਗਟਾਵਾ ਕਰਦੇ ਹਨ।

Mycelium (ਮਾਇਸਿਲੀਅਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਾਇਕਿਸ (mykes) ਹੈ, ਜਿਸ ਦੇ ਅਰਥ ਹਨ ‘ਉੱਲੀ’ ਦੇ ਜਾਂ ‘ਫਫੂੰਦੀ’ ਦੇ। ਫਫੂੰਦੀਆਂ ਦੇ ਬਾਹਰ ਦਿਖਾਈ ਦਿੰਦੇ ਭਾਗ ਉਸ ਹੱਦ ਤਕ ਪ੍ਰਭਾਵਸ਼ਾਲੀ ਨਹੀਂ ਹੁੰਦੇ, ਜਿੰਨੇ ਕਿ ਇਨ੍ਹਾਂ ਦੇ ਭੂਮੀ ਅੰਦਰ ਲੁਕੇ ਹੋਏ ਰੇਸ਼ਿਆਂ ਦੇ ਸੰਘਣੇ ਜਾਲ ਅਤੇ ਇਨ੍ਹਾਂ ਦੇ ਅਜਿਹੇ ਇਕ ਇਕ ਰੇਸ਼ੇ ਲਈ ਉਪਰੋਕਤ ਪਦ ਰਾਖਵਾਂ ਹੈ।

Mycetophagous (ਮਾਇਸਿਟੱਫੇਗਸ)

ਇਸ ਪਦ ’ਚ ਯੂਨਾਨੀ ਸ਼ਬਦ, ਮਾਇਕਿਸ (mykes) ਅਤੇ ਫੇਜਿਅਨ (phagein) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਉੱਲੀ’ ਦੇ ਜਾਂ ‘ਫਫੂੰਦੀ’ ਦੇ ਅਤੇ ‘ਖਾਣ’ ਦੇ। ਉਨ੍ਹਾਂ ਪ੍ਰਾਣੀਆਂ ਉਪਰ ਉਪਰੋਕਤ ਪਦ ਲਾਗੂ ਹੁੰਦਾ ਹੈ, ਜਿਹੜੇ ਉੱਲੀਆਂ ਖਾਂਦੇ ਹਨ।

Mycology (ਮਾਇਕਾੱਲਜਿ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਾਇਕਸ (mykes) ਅਤੇ ਲੋਗਸ (logos) ਹਨ, ਜਿਨ੍ਹਾਂ ’ਚੋਂ ਪਹਿਲੇ ਦੇ ਅਰਥ ਹਨ ‘ਉੱਲੀ’ ਜਾਂ ‘ਫਫੂੰਦੀ’ ਦੇ ਅਤੇ ਦੂਜੇ ਦੇ ‘ਅਧਿਐਨ’ ਦੇ। ਫਫੂੰਦੀਆਂ ਦਾ ਅਧਿਐਨ ਕਰਦੀ ਵਿਗਿਆਨਕ ਸ਼ਾਖ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Mycophthorus (ਮਾਇਕਾੱਫਥੋਰੱਸ)

ਦੋ ਯੂਨਾਨੀ ਸ਼ਬਦ, ਮਾਇਕਸ (mykes) ਅਤੇ ਫਥੋਰੱਸ (phthorus) ਇਸ ਪਦ ਨੂੰ ਰਚਣਹਾਰੇ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਉੱਲੀ’ ਜਾਂ ‘ਫਫੂੰਦੀ’ ਦੇ ਅਤੇ ‘ਨਸ਼ਟ ਕਰਨ’ ਦੇ। ਫਫੂੰਦੀਆਂ ਨੂੰ ਨਸ਼ਟ ਕਰਨ ਵਾਲੇ ਜੀਵਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਨ੍ਹਾਂ ’ਚ ਉਹ ਫਫੂੰਦੀਆਂ ਵੀ ਸ਼ਾਮਲ ਹਨ, ਜਿਹੜੀਆਂ ਦੂਜੀਆਂ ਫਫੂੰਦੀਆਂ ਦੀਆਂ ਪ੍ਰਜੀਵੀ ਹਨ।

Mycorrhiza (ਮਾਇਕੱਰਾਇਜਾੱ)

ਯੂਨਾਨੀ ਸ਼ਬਦ, ਮਾਇਕਿਸ (mykes) ਅਤੇ ਰਾਇਜ਼ਾੱ (rhiza) ਇਸ ਪਦ ਨੂੰ ਰਚਣਹਾਰੇ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਉੱਲੀ’ ਜਾਂ ‘ਫਫੂੰਦੀ’ ਦੇ ਅਤੇ ਦੂਜੇ ਦੇ ‘ਜੜ੍ਹ’ ਦੇ। ਜਿਹੜੀ ਫਫੂੰਦੀ ਪੌਦਿਆਂ ਦੀਆਂ ਜੜ੍ਹਾਂ ਨਾਲ ਸਬੰਧ ਬਣਾ ਲੈਂਦੀ ਹੈ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਇਹ ਸਬੰਧ ਪੌਦੇ ਲਈ ਅਤੀ ਲਾਭਦਾਇਕ ਹੁੰਦੇ ਹਨ। ਜਿਥੇ ਪੌਦੇ ਨੂੰ ਫਫੂੰਦੀ ਰਾਹੀਂ ਪੌਸ਼ਟਿਕ ਤੱਤ ਉਪਲਬਧ ਹੁੰਦੇ ਰਹਿੰਦੇ ਹਨ, ਉਥੇ ਨਾਲ ਹੀ ਫਫੂੰਦੀ, ਜੈਵਿਕ ਵਿਰੋਧੀ ਤੱਤਾਂ ਦੁਆਰਾ, ਪ੍ਰਜੀਵੀ ਆਕ੍ਰਮਣ ਤੋਂ ਪੌਦੇ ਨੂੰ ਬਚਾਈ ਰੱਖਦੀ ਹੈ।

Mycosis (ਮਾਇਕਾੱਸਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਮਾਇਕਿਸ (mykes) ਹੈ, ਜਿਸ ਦੇ ਅਰਥ ਹਨ ‘ਉੱਲੀ’ ਦੇ ਜਾਂ ‘ਫਫੂੰਦੀ’ ਦੇ। ਉਹ ਰੋਗ ਇਸ ਸਿਰਲੇਖ ਅਧੀਨ ਆ ਜਾਂਦੇ ਹਨ, ਜਿਨ੍ਹਾਂ ਦਾ ਕਾਰਨ ਫਫੂੰਦੀਆਂ ਹਨ।

Mycotoxin (ਮਾਇਕੱਟਾੱਕਸਿਨ)

ਇਸ ਪਦ ’ਚ ਦੋ ਯੂਨਾਨੀ ਸ਼ਬਦ, ਮਾਇਕਿਸ (mykes) ਅਤੇ ਟਾੱਕਿਸਿਕਨ (toxikon) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਉੱਲੀ’ ਜਾਂ ‘ਫਫੂੰਦੀ’ ਦੇ

ਅਤੇ 'ਜ਼ਹਿਰ' ਦੇ। ਜਿਸ ਜ਼ਹਿਰ ਦਾ ਸ੍ਰੋਤ ਫਫੂੰਦੀ ਹੈ, ਉਸੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਅਫਲੈਟਾਕਸਿਨ ਇਸੇ ਵੰਨਗੀ ਦੀ ਜ਼ਹਿਰ ਹੈ, ਜਿਹੜੀ ਕੈਂਸਰ ਰੋਗ ਦਾ ਕਾਰਨ ਬਣਦੀ ਹੈ ਅਤੇ ਖਾਣ-ਪਦਾਰਥਾਂ ਨੂੰ ਲੱਗੀ ਉੱਲੀ ਦੀ ਇਹ ਉਪਜ ਹੈ।

Mycotrophic (ਮਾਇਕੋਟਰੌਫਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਇਕ ਮਾਇਕਿਸ (mykes), ਜਿਸ ਦੇ ਅਰਥ ਹਨ 'ਉੱਲੀ' ਦੇ ਜਾਂ 'ਫਫੂੰਦੀ' ਦੇ ਅਤੇ ਦੂਜਾ ਟ੍ਰਾਫਿ (trophe), ਜਿਸ ਦੇ ਅਰਥ ਹਨ 'ਆਹਾਰ' ਦੇ ਜਾਂ 'ਖ਼ੁਰਾਕ' ਦੇ। ਉਨ੍ਹਾਂ ਪੌਦਿਆਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਆਪਣੇ ਅਹਾਰ ਲਈ ਫਫੂੰਦੀਆਂ ਉਪਰ ਨਿਰਭਰ ਜੀਵਨ ਬਿਤਾਉਂਦੇ ਹਨ।

Myelin sheath (ਮਾਇਅਲਿਨ ਸ਼ੀਥ)

ਪਦ ਦਾ ਪਹਿਲਾ ਭਾਗ ਯੂਨਾਨੀ ਸ਼ਬਦ ਮਾਇਅਲਸ (myelos) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਮਿੱਝ' ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਮਿਆਨ' ਦੇ ਜਾਂ 'ਖੋਲ' ਦੇ। ਨਸ ਸੈੱਲਾਂ ਦੀ ਲੰਬੀ ਸ਼ਾਖ, ਭਾਵ ਐਗਜ਼ਨ (axon) ਦੁਆਲੇ ਨਰਮ ਚਿਕਨਾਂ ਇਕ ਖੋਲ ਚੜ੍ਹਿਆ ਹੁੰਦਾ ਹੈ, ਤਾਂ ਜੋ ਇਨ੍ਹਾਂ 'ਚੋਂ ਦੀ ਉਤੇਜਨਾਵਾਂ ਦੀ ਨਿਰਵਿਘਨ ਆਵਾਜ਼ਾਈ ਹੁੰਦੀ ਰਹੇ। ਇਸੇ ਚਿਕਨੇ ਖੋਲ ਲਈ ਉਪਰੋਕਤ ਪਦ ਰਾਖਵਾਂ ਹੈ।

Myelinated nerve fibre (ਮਾਇਅਲਿਨੇਟਿਡ ਨਰਵ ਫਾਇਬਰ)

ਪਦ 'ਚ ਸਮਾਏ ਪਹਿਲੇ ਸ਼ਬਦ ਦਾ ਆਧਾਰ ਯੂਨਾਨੀ ਸ਼ਬਦ, ਮਾਇਅਲਸ (myelos) ਹੈ, ਜਿਸ ਦੇ ਅਰਥ ਹਨ 'ਮਿੱਝ' ਦੇ। ਪਦ ਅੰਦਰਲੇ ਦੂਜੇ ਦੋ 'ਨਸ ਰੇਸ਼ੇ' ਲਈ ਵਰਤੇ ਜਾਂਦੇ ਸ਼ਬਦ ਹਨ। ਉਪਰੋਕਤ ਪਦ ਉਸ ਨਸ ਰੇਸ਼ੇ ਲਈ ਵਰਤਿਆ ਜਾਂਦਾ ਹੈ, ਜਿਸ ਉਪਰ ਨਰਮ ਚਰਬੀ ਦਾ ਚਿਕਨਾ ਖੋਲ ਚੜ੍ਹਿਆ ਹੁੰਦਾ ਹੈ।

Myocardium (ਮਾਇਅਕਾਰਡਿਅਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਹਨ, ਪਹਿਲਾ ਮਿਅਸ (mys), ਜਿਸ ਦੇ ਅਰਥ ਹਨ 'ਮਾਸ-ਪੇਸ਼ੀ' ਦੇ ਅਤੇ ਦੂਜਾ ਕਾਰਡਿਆ (kardia), ਜਿਸ ਦੇ ਅਰਥ ਹਨ 'ਦਿਲ' ਦੇ। ਦਿਲ, ਮੋਟੇ ਤੌਰ ਤੇ, ਮਾਸ-ਪੇਸ਼ੀਆਂ ਦਾ ਗੜ੍ਹ ਹੈ, ਜਿਨ੍ਹਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Myriopoda (ਮਿਰਿਅਪੌਡਾ)

ਯੂਨਾਨੀ ਸ਼ਬਦ, ਮਿਰਿਅਸ (myrios) ਅਤੇ ਪਾਅਸ (pous) ਇਸ ਪਦ ਨੂੰ ਰਚਣਹਾਰੇ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅਣਗਿਣਤ' ਦੇ ਅਤੇ 'ਪੈਰ' ਦੇ। ਆਰਥਰੋਪੌਡ ਕਬੀਲੇ ਦੀ ਉਸ ਸ਼੍ਰੇਣੀ ਦਾ ਇਹ ਨਾਮ ਜਿਸ 'ਚ ਬਹੁ-ਖੰਡੇ ਅਤੇ ਬਹੁ-ਟੰਗੇ ਲਮੂੰਤਰੇ ਸਰੀਰਾਂ ਵਾਲੇ ਮਲ੍ਹੱਪਾਂ ਜਿਹੇ ਪ੍ਰਾਣੀ ਸ਼ਾਮਲ ਹਨ। ਕੰਨਖਜੂਰਾ ਅਤੇ ਘੁਮਾਰ ਇਸ ਸ਼੍ਰੇਣੀ 'ਚ ਸ਼ਾਮਲ ਪ੍ਰਾਣੀ ਹਨ।

N

N (ਐਨ)

ਇਹ ਅੱਖਰ ਨਾਈਟ੍ਰੋਜਨ ਲਈ ਵਰਤਿਆ ਜਾਂਦਾ ਸੰਕੇਤ ਹੈ।

15 N (15 ਐਨ)

ਵਿਕਿਰਨੀ ਸੁਭਾਅ ਵਾਲੇ ਨਾਈਟ੍ਰੋਜਨ ਦੇ ਸਮਸਥਾਨਕ ਰੂਪ ਨੂੰ ਦਰਸਾਉਣ ਲਈ ਉਪਰੋਕਤ ਪਦ ਨੂੰ ਸੰਕੇਤ ਵਜੋਂ ਵਰਤਿਆ ਜਾਂਦਾ ਹੈ, ਜਿਸ ਦਾ ਕਿ ਅਣੂਅਕ ਪੱਧਰ ਦੀ ਖੋਜ ਲਈ ਵਿਸ਼ੇਸ਼

ਮਹੱਤਵ ਹੈ।

Nano (ਨੈਨਾੱ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਨੋੱਨੱਸ (nanos) ਹੈ, ਜਿਸ ਦੇ ਅਰਥ ਹਨ 'ਬੌਣੇ' ਦੇ। ਜਿਸ ਵੀ ਮਾਪ-ਇਕਾਈ ਦੇ ਅਗੇਤਰ ਵਜੋਂ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਤਦ ਇਹ ਉਸ ਦੇ ਅਰਬਵੇਂ ਭਾਗ ਨੂੰ ਦਰਸਾਉਂਦੀ ਮਾਪ-ਇਕਾਈ ਬਣ ਜਾਂਦੀ ਹੈ।

Nanometer (ਨੈਨੱਮੀਟਰ)

ਇਹ ਉਸ ਮਾਪ-ਇਕਾਈ ਦਾ ਨਾਮ ਹੈ, ਜਿਹੜੀ ਮੀਟਰ ਦੇ ਅਰਬਵੇਂ ਭਾਗ ਨੂੰ ਦਰਸਾਉਣ ਲਈ ਵਰਤੀ ਜਾਂਦੀ ਹੈ।

Nares (ਨੇਅਰੀਜ਼)

ਇਸ ਲਾਤੀਨੀ ਸ਼ਬਦ ਦੇ ਅਰਥ ਹਨ 'ਨਾਸਾਂ'; ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਨੱਕ ਦੇ ਬਾਹਰ ਨੂੰ ਖੁੱਲ੍ਹਦੇ ਦੁਆਰਾਂ ਦੇ ਜੋੜੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਨ੍ਹਾਂ ਦੁਆਰਾ ਹਵਾ ਸਰੀਰ ਅੰਦਰ ਪ੍ਰਵੇਸ਼ ਕਰਕੇ ਫੇਫੜਿਆਂ ਤਕ ਜਾ ਪੁੱਜਦੀ ਹੈ ਅਤੇ ਫਿਰ ਸਰੀਰੋਂ ਬਾਹਰ ਵੀ ਇਹ ਇਨ੍ਹਾਂ ਦੁਆਰਾ ਹੀ ਨਿਕਲਦੀ ਹੈ।

Nasal cavity (ਨੇਜ਼ਲ ਕੈਵਿਟਿ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਨੇਸੱਸ (nasus) ਹੈ, ਜਿਸ ਦੇ ਅਰਥ ਹਨ 'ਨੱਕ' ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ, ਖੋਖਲੇਪਣ ਨੂੰ ਦਰਸਾਉਂਦਾ ਸ਼ਬਦ ਹੈ। ਨੱਕ ਅੰਦਰਲੀ ਖੋੜ ਜਾਂ ਇਸ ਅੰਦਰਲੇ ਖੋਖਲੇਪਣ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Nascent D N A (ਨੈਸੰਟ ਡੀ ਐਨ ਏ)

ਨੈਸੰਟ ਸ਼ਬਦ ਦੇ ਅਰਥ ਹਨ 'ਨਵਜਾਤ' ਦੇ ਅਤੇ ਜਦ ਇਸ ਨੂੰ ਡੀ ਐਨ ਏ ਦੇ ਪ੍ਰਸੰਗ 'ਚ ਵਰਤਿਆ ਜਾਂਦਾ ਹੈ, ਤਦ ਇਸ ਦੇ ਅਰਥ ਨਵੇਂ ਨਵੇਂ ਸੰਯੋਜਕ ਹੋਏ ਡੀ ਐਨ ਏ ਦੇ ਹਨ, ਭਾਵੇਂ ਨਵੇਂ ਹੋਂਦ 'ਚ ਆਏ ਡੀ ਐਨ ਏ ਦੇ।

Natatorial (ਨੈਟੇੱਟਾੱਰਿਅਲ)

ਇਸ ਪਦ ਨੂੰ ਰਚਣਹਾਰਾ ਲਾਤੀਨੀ ਸ਼ਬਦ, ਨੇੱਟੇਅਰ (natare) ਹੈ, ਜਿਸ ਦੇ ਅਰਥ ਹਨ 'ਤਿਰਨ' ਦੇ। ਇਸ ਪਦ ਨੂੰ ਅਜਿਹੇ ਅੰਗਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀ ਸਹਾਇਤਾ ਨਾਲ ਜਲ 'ਚ ਵਿਚਰਦੇ ਪ੍ਰਾਣੀ ਤਿਰਦੇ ਹਨ। ਮੱਛੀਆਂ ਦੇ ਪਰ ਅਤੇ ਵ੍ਹੇਲਾਂ ਦੇ ਅਤੇ ਪੈਂਗੁਇਨਾਂ ਦੇ ਫਲਿਪਰ ਇਸੇ ਪ੍ਰਕਾਰ ਦੇ ਅੰਗ ਹਨ।

Native (ਨੇਟਿਵ)

ਲਾਤੀਨੀ ਸ਼ਬਦ, ਨੇਟਿਸ (natis) ਤੋਂ ਇਹ ਪਦ ਰਚਿਆ ਗਿਆ ਹੈ, ਜਿਸ ਦੇ ਅਰਥ ਹਨ 'ਪੈਦਾਇਸ਼' ਦੇ। ਇਹ ਪਦ ਉਨ੍ਹਾਂ ਜੀਵਾਂ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦਾ ਜਨਮ ਵੀ ਉਸੇ ਖੇਤਰ 'ਚ ਹੋਇਆ ਹੁੰਦਾ ਹੈ, ਜਿਥੇ ਕਿ ਉਹ ਹੁਣ ਵਿਚਰ ਰਹੇ ਹਨ।

Natural selection (ਨੈਚਰਲ ਸਿਲੇੱਕਸ਼ਨ)

ਇਸ ਪਦ 'ਚ ਸਾਧਾਰਨ ਵਰਤੋਂ 'ਚ ਆ ਰਹੇ ਦੋ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕੁਦਰਤੀ' ਦੇ ਅਤੇ 'ਚੋਣ' ਦੇ। ਜੀਵਨ ਦੇ ਵਿਕਾਸ ਦੀ ਵਿਆਖਿਆ ਕਰਦੇ ਉਸ ਸਿਧਾਂਤ ਦਾ ਉਪਰੋਕਤ ਸਿਰਲੇਖ ਹੈ, ਜਿਸ ਨੂੰ ਡਾਰਵਿਨ ਨੇ 1958 'ਚ ਪੇਸ਼ ਕੀਤਾ ਸੀ ਅਤੇ ਜਿਸ ਅਨੁਸਾਰ: ਕੁਦਰਤ ਉਨ੍ਹਾਂ ਜੀਵਾਂ ਦੀ ਸੰਭਾਲ ਕਰਦੀ ਰਹਿੰਦੀ ਹੈ, ਜਿਹੜੇ ਆਪਣੇ ਸਹਿਜਵਾਸ ਅਨੁਕੂਲ ਢਲੇ ਹੋਏ ਜੀਵਨ ਭੋਗਦੇ ਹਨ ਅਤੇ ਉਨ੍ਹਾਂ ਜੀਵਾਂ ਨੂੰ ਇਹ ਦ੍ਰਿਸ਼ ਚੋਂ ਖਾਰਜ ਵੀ ਕਰਦੀ ਰਹਿੰਦੀ ਹੈ, ਜਿਹੜੇ ਵਿਆਪਕ ਸਥਿਤੀ ਅਨੁਕੂਲ ਨਹੀਂ ਵਿਚਰਦੇ।

Nature (ਨੇਚਰ)

ਲਾਤੀਨੀ ਸ਼ਬਦ, ਨੇਚਰਾਂ (natura) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕੁਦਰਤ' ਦੇ। ਜੀਵਾਂ ਨੂੰ ਜੋ ਵਿਸ਼ੇਸ਼ਤਾਵਾਂ ਆਪਣੇ ਮਾਂ-ਪਿਓ ਤੋਂ ਜੀਨਾਂ ਦੁਆਰਾ ਵਿਰਸੇ 'ਚ ਮਿਲਦੀਆਂ ਹਨ, ਉਨ੍ਹਾਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Nauplius (ਨਾੱਪਲਿਅਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸਿੱਪ' ਦੇ। ਆਰਥਰੱਪਾੱਡਾ (Arthropoda) ਕਬੀਲੇ ਦੀ ਕ੍ਰੱਸਟੇਸ਼ੀਆ (crustacea) ਸ਼੍ਰੇਣੀ 'ਚ ਝੀਂਗੇ (prawns) ਤੇ ਲੱਾਬਸਟਰ (lobster) ਸ਼ਾਮਲ ਹਨ, ਜਿਨ੍ਹਾਂ ਦੇ ਤੈਰਨ ਦੇ ਸਮਰੱਥ ਲਾਰਵਿਆਂ ਲਈ ਉਪਰੋਕਤ ਪਦ ਸਾਂਝੇ ਤੌਰ ਤੇ ਵਰਤਿਆ ਜਾਂਦਾ ਹੈ।

Neanderthal man (ਨਿਐਂਡਰਥਲ ਮੈਨ)

ਇਹ ਨਾਮ ਮਨੁੱਖ ਦੀ ਇਕ ਉਪਜਾਤੀ ਦਾ ਹੈ, ਜਿਹੜੀ ਅੱਜ ਤੋਂ ਲਗਭਗ 35000 ਵਰ੍ਹੇ ਪਹਿਲਾਂ ਤਕ ਯੂਰਪ ਅਤੇ ਏਸ਼ੀਆ ਦੇ ਠੰਢੇ ਖੇਤਰਾਂ 'ਚ, ਮਨੁੱਖ ਨਾਲੋਂ ਵੱਖ ਵਿਚਰਦੀ ਰਹੀ ਸੀ। ਇਸ ਦੇ ਪਹਿਲੇ ਸੰਕੇਤ ਕਿਉਂਕਿ ਜਰਮਨੀ ਦੀ ਨਿਐਂਡਰ ਵਾਦੀ ਚੋਂ ਮਿਲੇ ਸਨ, ਜਿਸ ਕਰਕੇ ਇਸ ਨੂੰ ਉਪਰੋਕਤ ਨਾਮ ਨਾਲ ਜਾਣਿਆ ਜਾਂਦਾ ਹੈ।

Nearctic (ਨੀਆਰਕਟਿਕ)

ਜੀਵਾਂ ਦੀ ਵੰਨਗੀ ਦੇ ਆਧਾਰ ਤੇ ਭੂਗੋਲ ਨੂੰ 6 ਖੇਤਰਾਂ 'ਚ ਵੰਡਿਆ ਗਿਆ ਹੈ, ਜਿਨ੍ਹਾਂ 'ਚੋਂ ਇਕ ਦਾ ਉਪਰੋਕਤ ਨਾਮ ਹੈ ਅਤੇ ਜਿਸ 'ਚ ਸ਼ਾਮਲ ਦੇਸ਼ ਹਨ : ਉਤਰੀ ਅਮਰੀਕਾ, ਮੈਕਸੀਕੋ ਦਾ ਉਤਰੀ ਭਾਗ ਅਤੇ ਗ੍ਰੀਨਲੈਂਡ।

Necrobiosis (ਨੈਕਰੱਬਾਇਓਸਿਸ)

ਇਸ ਪਦ 'ਚ ਜਿਹੜੇ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਉਹ ਹਨ, ਨੈਕਰੱਸ (nekros) ਅਤੇ ਬਾਇਓਸਿਸ (biosis), ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ "ਮਿਰਤਕ" ਦੇ ਅਤੇ 'ਵਿਚਰਨ-ਢੰਗ' ਦੇ। ਅਜਿਹੀਆਂ ਕ੍ਰਿਆਵਾਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀਆਂ ਕਿ ਜੀਵ ਦੇ ਮਰ ਜਾਣ ਉਪਰੰਤ, ਉਸ ਦਿਆਂ ਸੈੱਲਾਂ ਅੰਦਰ ਵਾਪਰਦੀਆਂ ਹਨ।

Necrosis (ਨੈਕਰੋਸਿਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਨਿਰਜੀਵਤਾ' (ਮੌਤ) ਦੇ ਅਤੇ ਇਹ ਉਸ ਸਥਿਤੀ ਦਾ ਪ੍ਰਤੀਕ ਪਦ ਹੈ, ਜਦ ਜੀਵ ਆਪ ਤਾਂ ਜਿਉਂ ਰਿਹਾ ਹੁੰਦਾ ਹੈ, ਪਰ ਉਸ ਦੇ ਕਿਸੇ ਭਾਗ ਜਾਂ ਅੰਗ ਦੇ ਸੈੱਲ ਮਰ ਰਹੇ ਹੁੰਦੇ ਹਨ। ਅਜਿਹਾ ਕਿਸੇ ਪ੍ਰਕਾਰ ਦੀ ਲਾਗ ਵਜੋਂ ਉਪਜੇ ਰੋਗ ਕਾਰਨ ਹੁੰਦਾ ਹੈ।

Nectar (ਨੈੱਕਟਾਰ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਮਧੁ-ਰਸ' ਦੇ, ਭਾਵ 'ਸੁਆਦਲੇ ਪੀਣ ਪਦਾਰਥ' ਦੇ। ਫੁੱਲਾਂ ਦੇ ਮਕਰੰਦ-ਕੋਸ਼ (ਨੇਕੱਟਰਿ) ਚੋਂ ਰਿਸਦੇ ਮਧੁ-ਰਸ ਦਾ ਇਹ ਨਾਮ ਹੈ, ਜਿਹੜਾ ਕੀਟਾਂ ਅਤੇ ਹੋਰਨਾਂ ਪ੍ਰਾਣੀਆਂ ਲਈ ਅਤੀ ਲੁਭਾਉਣਾ ਹੁੰਦਾ ਹੈ। ਫੁੱਲਾਂ ਦੇ ਪਰਾਗੇ ਜਾਣ ਦੀ ਪ੍ਰਕ੍ਰਿਆ 'ਚ ਇਸ ਰਸ ਦੀ ਉਪਯੋਗੀ ਭੂਮਿਕਾ ਹੈ।

Nectary (ਨੈੱਕਟਰਿ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਨੈੱਕਟਾੱਰ (nektar) ਹੈ, ਜਿਸ ਦੇ ਅਰਥ ਹਨ 'ਮਧੁ-ਰਸ' ਦੇ। ਜਿਨ੍ਹਾਂ ਫੁੱਲਾਂ ਨੂੰ ਕੀਟ ਪਰਾਗਦੇ ਹਨ, ਉਨ੍ਹਾਂ ਅੰਦਰਲੇ ਮਧੁ-ਰਸ ਉਪਜਾਊ ਸੈੱਲਾਂ ਦੇ ਸਮੂਹ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Nekton (ਨੈੱਕਟੌਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਨੈੱਕਟੌਸ (nektos) ਹੈ, ਜਿਸ ਦੇ ਅਰਥ ਹਨ 'ਤੈਰਨ' ਦੇ। ਜਲ ਅੰਦਰ ਵਿਚਰਦੇ ਅਜਿਹੇ

ਪ੍ਰਾਣੀਆਂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਤੇਜ਼ ਤੈਰਨ 'ਚ ਨਿਪੁੰਨ ਹਨ।

Nematicide (ਨੇੱਮੈਟਿਸਾਈਡ)

ਨੇੱਮੈਟੋਡ ਮਲ਼ੱਪਾਂ ਤੋਂ ਕਾਸ਼ਤ ਨੂੰ ਬਹੁਤ ਹਾਨੀ ਪੁੱਜ ਰਹੀ ਹੈ ਅਤੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਵਰਤੇ ਜਾਂਦੇ ਵਿਹੁਲੇ ਪਦਾਰਥਾਂ ਲਈ ਉਪਰੋਕਤ ਪਦ ਰਾਖਵਾਂ ਹੈ।

Nematocyst (ਨੇੱਮੈਟੱਸਿਸਟ)

ਇਸ ਪਦ ਨੂੰ ਰਚਨਹਾਰੇ ਦੋ ਯੂਨਾਨੀ ਸ਼ਬਦ ਹਨ, ਨੀਮਾ (nema) ਅਤੇ ਕਿਸਟਿਸ (kystis), ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਧਾਗੇ' ਦੇ ਅਤੇ ਦੂਜੇ ਦੇ 'ਬਲੈਡਰ' ਦੇ। ਸਿਲੈਂਟ੍ਰੇਟ ਕਬੀਲੇ ਦੇ ਪ੍ਰਾਣੀਆਂ ਦੀ ਪਰਤ ਅੰਦਰ ਸਥਿਤ ਅਜਿਹੇ ਸੈੱਲ ਦਾ ਇਹ ਨਾਮ ਹੈ, ਜਿਹੜਾ ਅੰਦਰੋਂ ਖੋਖਲਾ ਹੈ ਅਤੇ ਧਾਗੇ ਜਿਹਾ ਡੰਗ ਜਿਸ ਅੰਦਰ ਸਿਮਟਿਆ ਹੁੰਦਾ ਹੈ। ਇਹ ਸੈੱਲ ਸਿਲੈਂਟ੍ਰੇਟ ਪ੍ਰਾਣੀ ਦੇ ਬਚਾਓ ਦਾ ਕਾਰਗਰ ਸਾਧਨ ਹੁੰਦੇ ਹਨ।

Nematoda (ਨੇੱਮੈਟੋਡਾ)

ਯੂਨਾਨੀ ਸ਼ਬਦ, ਨੀਮਾ (nema) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਧਾਗੇ' ਦੇ। ਧਾਗੇ ਵਾਂਗ ਲੰਬੇ ਤੇ ਮਲੂਕ ਮਲ਼ੱਪਾਂ ਦੇ ਕਬੀਲੇ ਦਾ ਉਪਰੋਕਤ ਨਾਮ ਹੈ। ਇਨ੍ਹਾਂ ਮੱਲ੍ਹਪਾਂ ਚੋਂ ਵਧੇਰੇ ਪ੍ਰਜੀਵੀ ਜੀਵਨ ਦੇ ਧਾਰਨੀ ਹਨ। ਸੰਸਾਰ ਦਾ ਕੋਈ ਵੀ ਪ੍ਰਾਣੀ ਜਾਂ ਪੌਦਾ ਅਜਿਹਾ ਨਹੀਂ, ਜਿਸ 'ਚ ਇਨ੍ਹਾਂ ਦਾ ਵਾਸ ਨਹੀਂ।

Nematology (ਨੇੱਮੈਟੱਲਜਿ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਨੀਮਾ (nema) ਅਤੇ ਲੋਗਸ (logos) ਹਨ, ਜਿਨ੍ਹਾਂ 'ਚੋਂ ਪਹਿਲੇ ਦੇਂ ਅਰਥ ਹਨ 'ਧਾਗੇ' ਦੇ ਅਤੇ ਦੂਜੇ ਦੇ 'ਅਧਿਐਨ' ਦੇ। ਧਾਗੇ ਦੇ ਸਰੂਪ ਵਾਲੇ ਨੇੱਮੈਟੱਡ ਮਲ਼ੱਪਾਂ ਦਾ ਅਧਿਐਨ ਕਰਦੀ ਵਿਗਿਆਨਕ ਸ਼ਾਖ ਦਾ ਉਪਰੋਕਤ ਨਾਮ ਹੈ।

Neo-Darwinism (ਨੀਅ-ਡਾਰਵਿਨਿਜ਼ਮ)

ਇਸ ਪਦ ਦੇ ਪਹਿਲੇ ਭਾਗ ਦੇ ਅਰਥ ਹਨ "ਨਵੀਨ' ਦੇ ਅਤੇ ਦੂਜੇ ਭਾਗ ਦੇ 'ਡਾਰਵਿਨਵਾਦ' ਦੇ। ਡਾਰਵਿਨ ਦੇ ਕੁਦਰਤੀ ਚੋਣ ਦੇ ਸਿਧਾਂਤ ਨੇ ਜਿਹੜਾ ਨਵਾਂ ਸਰੂਪ ਜੀਨ-ਵਿਗਿਆਨ ਦੀ ਪ੍ਰੋੜਤਾ ਮਿਲਣ ਉਪਰੰਤ ਧਾਰਿਆ, ਉਸੇ ਵਿਚਾਰਧਾਰਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Neogenesis (ਨੀਅਜੈਨੱਸਿਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਨਿਅਸ (neos), ਜਿਸ ਦੇ ਅਰਥ ਹਨ "ਨਵੀਨ" ਦੇ ਅਤੇ ਦੂਜਾ ਜੈਨੱਸਿਸ (genesis), ਜਿਸ ਦੇ ਅਰਥ ਹਨ 'ਉਤਪਤੀ' ਦੇ। ਜੀਵ ਦੇ ਸਰੀਰ ਅੰਦਰ ਪੁਰਾਣੇ ਟਿੱਸ਼ੂ (ਬੁਣਤਾਂ) ਮਰਦੇ ਰਹਿੰਦੇ ਹਨ ਅਤੇ ਇਨ੍ਹਾਂ ਦਾ ਸਥਾਨ ਨਵੇਂ ਉਤਪੰਨ ਹੋਏ ਟਿੱਸ਼ੂ ਲੈਂਦੇ ਰਹਿੰਦੇ ਹਨ। ਸਰੀਰ ਵਿਖੇ ਨਵੇਂ ਟਿੱਸ਼ੂ ਦੀ ਉਤਪਤੀ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Neo-Lamarckism (ਨੀਅ-ਲੈਮੈਰਕਿਜ਼ਮ)

ਜੀਵਨ ਦੇ ਹੋਏ ਵਿਕਾਸ ਸਬੰਧੀ, ਡਾਰਵਿਨ ਤੋਂ ਵੀ ਪਹਿਲਾਂ, ਫਰਾਂਸੀਸੀ ਵਿਗਿਆਨੀ ਲੈਮੈਰਕ ਨੇ ਸਿਧਾਂਤ ਪੇਸ਼ ਕੀਤਾ ਸੀ, ਜਿਸ ਦੀ ਮੂਲ ਧਾਰਨਾ ਇਹ ਸੀ ਕਿ ਆਲੇ-ਦੁਆਲੇ ਵਿਆਪਕ ਹਾਲਾਤ ਅਧੀਨ ਜੀਵਾਂ ਦੀਆਂ ਵਿਸ਼ੇਸ਼ਤਾਵਾਂ ਪ੍ਰਭਾਵਿਤ ਹੋ ਹੋ ਬਦਲਦੀਆਂ ਰਹਿੰਦੀਆਂ ਹਨ, ਜਿਹੜੀਆਂ ਕਿ ਫਿਰ ਅਗਲੀ ਪੁਸ਼ਤ ਨੂੰ ਵਿਰਸੇ 'ਚ ਵੀ ਮਿਲਦੀਆਂ ਰਹਿੰਦੀਆਂ ਹਨ। ਪਰ ਇਸ ਗੱਲ ਦੀ ਪ੍ਰੋੜਤਾ ਪ੍ਰਮਾਣਾਂ ਨੇ ਨਾ ਕੀਤੀ। ਪਰ ਲੈਮੈਰਕ ਦੀ ਮੂਲ ਧਾਰਨਾ ਨੂੰ, ਪਿਛੋਂ, ਕਈ ਵਿਗਿਆਨੀਆਂ ਨੇ ਸੋਧ ਕੇ ਸਵੀਕਾਰ ਕੀਤਾ, ਜਿਸ ਲਈ ਕਿ

ਉਪਰੋਕਤ ਪਦ ਵਰਤਿਆ ਜਾਂਦਾ ਹੈ।

Neolithic (ਨੀਅਲਿਥਿਕ)

ਦੋ ਯੂਨਾਨੀ ਸ਼ਬਦ, ਨੀਅਸ(neos) ਅਤੇ ਲਿਥੱਸ (lithos), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਨਵੀਨ’ ਦੇ ਅਤੇ ‘ਪੱਥਰ’ ਦੇ। ਮਾਨਵੀ ਵਿਕਾਸ ਦੇ ਇਤਿਹਾਸ ਦੇ ਛੇਕੜਲੇ ਜ਼ਮਾਨੇ ਨੂੰ ਉਪਰੋਕਤ ਨਾਮ ਨਾਲ ਇਸ ਲਈ ਦਰਸਾਇਆ ਜਾਂਦਾ ਹੈ, ਕਿਉਂਕਿ ਇਸ ਦੌਰਾਨ, ਪੱਥਰਾਂ ਦੇ ਬਣਾਏ ਜਾਂਦੇ ਹਥਿਆਰਾਂ ਅਤੇ ਕਾਸ਼ਤੀ ਉਪਕਰਨਾਂ ਨੂੰ ਨਵੀਨ ਅਤੇ ਨਿਖਰਵੀਂ ਨੁਹਾਰ ਅਰਪਣ ਕਰਨ ਲਈ ਰਗੜ ਕੇ ਚਮਕਾ ਤੇ ਲਿਸ਼ਕਾ ਲਿਆ ਜਾਂਦਾ ਸੀ। ਅੱਜ ਤੋਂ 10,000 ਵਰ੍ਹੇ ਪਹਿਲਾਂ ਇਸ ਜ਼ਮਾਨੇ ਦਾ ਆਰੰਭ ਹੋਇਆ ਸੀ।

Neoteny (ਨਿਅਟੱਨਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਨੀਅਸ (neos), ਜਿਸ ਦੇ ਅਰਥ ਹਨ ‘ਨਵੀਨ’ ਦੇ ਅਤੇ ਦੂਜਾ ਟਿਨਨਿਅਨ (teinein), ਜਿਸ ਦੇ ਅਰਥ ਹਨ ‘ਫੈਲ ਜਾਣ’ ਦੇ। ਜੀਵਾਂ ਦੇ ਜੀਵਨ ਦੀ ਮੁੱਢਲੀ ਯੁਵਾ ਅਵਸਥਾ ਦੀ ਲੰਬੀ ਹੋਈ ਅਵਧੀ ਦਾ ਪ੍ਰਤੀਕ ਉਪਰੋਕਤ ਪਦ ਹੈ, ਜਿਸ ਦੀ ਪ੍ਰਤੱਖ ਉਦਾਹਰਣ ਮਨੁੱਖ ਹੈ। ਸੈਲੈਮੈਂਡਰ 'ਚ ਵੀ, ਲਾਰਵੇ ਵਾਲੀਆਂ ਵਿਸ਼ੇਸ਼ਤਾਵਾਂ, ਪ੍ਰੌਢ ਅਵਸਥਾ ਦੌਰਾਨ ਲੰਬੀ ਅਵਧੀ ਤਕ ਬਣੀਆਂ ਰਹਿੰਦੀਆਂ ਹਨ।

Neotropical (ਨੀਅਟ੍ਰੱਪਿਕੱਲ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਪਹਿਲਾ ਹੈ ਨੀਅਸ (neos), ਜਿਸ ਦੇ ਅਰਥ ਹਨ ‘ਨਵੀਨ’ ਦੇ ਅਤੇ ਦੂਜਾ ਹੈ ਟ੍ਰਾਪਿਕੱਸ (tropikos), ਜਿਸ ਦੇ ਅਰਥ ਹਨ ‘ਟ੍ਰਾਪਿੱਕ’ (tropic) ਦੇ, ਭਾਵ ‘ਤਪਤ-ਖੰਡ’ ਦੇ। ਜੀਵਾਂ ਦੇ ਪ੍ਰਸਾਰ ਨੂੰ ਆਧਾਰ ਬਣਾ ਕੇ ਭੂਗੋਲ ਨੂੰ ਜਿਨ੍ਹਾਂ 6 ਖੇਤਰਾਂ 'ਚ ਵੰਡਿਆ ਗਿਆ ਹੈ, ਉਨ੍ਹਾਂ 'ਚੋਂ ਇਕ ਦਾ ਇਹ ਨਾਮ ਹੈ ਅਤੇ ਇਸ ਨਵੀਨ ਤਪਤ-ਖੰਡ 'ਚ ਸ਼ਾਮਲ ਹਨ: ਦੱਖਣੀ ਮੈਕਸਿਕੋ, ਕੇਂਦਰੀ ਅਤੇ ਦੱਖਣੀ ਅਮਰੀਕਾ ਅਤੇ ਵੈਸਟ ਇੰਡੀਜ਼।

Nephric (ਨੋੱਫ਼ਰਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਨੋੱਫਰਸ (nephros) ਹੈ, ਜਿਸ ਦੇ ਅਰਥ ਹਨ ‘ਗੁਰਦੇ’ ਦੇ। ਉਪਰੋਕਤ ਪਦ ਨੂੰ ਗੁਰਦੇ ਨਾਲ ਸਬੰਧ ਦਰਸਾਉਣ ਲਈ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Nephridium (ਨੋੱਫਰਿਡਿਅਮ)

ਇਸ ਪਦ ਦੀ ਰਚਨਾ ਲਈ ਜਿਨ੍ਹਾਂ ਦੋ ਯੂਨਾਨੀ ਸ਼ਬਦਾਂ ਦਾ ਉਪਯੋਗ ਹੋਇਆ ਹੈ, ਉਹ ਹਨ ਨੋੱਫਰਸ (nephros) ਅਤੇ ਇਡਿਅਨ (idion), ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ ‘ਗੁਰਦੇ’ ਦੇ ਅਤੇ ਦੂਜੇ ਦੇ ‘ਫਿੱਕੇ’ ਦੇ। ਰੀੜ੍ਹ-ਰਹਿਤ ਪ੍ਰਾਣੀਆਂ ਦੇ ਮਲ ਤਿਆਗਣ ਲਈ ਵਰਤੋਂ 'ਚ ਆ ਰਹੇ ਅੰਗ ਦਾ ਇਹ ਨਾਮ ਹੈ।

Nephron (ਨੋੱਫਰਾੱਨ)

ਯੂਨਾਨੀ ਸ਼ਬਦ, ਨੋੱਫਰਸ (nephros) ਇਸ ਪਦ ਦਾ ਆਧਾਰ ਹੈ, ਅਤੇ ਇਸ ਦੇ ਅਰਥ ਹਨ ‘ਗੁਰਦੇ’ ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਗੁਰਦੇ ਅੰਦਰਲੀ ਕ੍ਰਿਆਵੀ ਇਕਾਈ ਦਾ ਇਹ ਨਾਮ ਹੈ, ਜਿਸ ਦੀ ਬਣਤਰ 'ਚ ਬਾਓਮਨ ਕੈਪਸਯੂਲ (bowman's capsule), ਗਲੱਮੈਰੱਯੂਲਸ (glomerulus) ਅਤੇ ਟਿਬਯੂਲ (tubule) ਸ਼ਾਮਲ ਹਨ, ਜਿਹੜੇ ਕਿ ਮਿਲ-ਜੁਲ ਕੇ ਮਲ-ਤਿਆਗ ਦਾ ਸਾਧਨ ਬਣਦੇ ਹਨ।

Neritic (ਨੀਰਿਟਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ

ਨਿਰੀਟਸ (neritis) ਹੈ, ਜਿਸ ਦੇ ਅਰਥ ਹਨ ‘ਸਿੱਪ’ ਦੇ। ਸਾਗਰ ਦੇ ਤਟੀ ਖੇਤਰ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਸ ਦੀ ਡੂੰਘਾਣ 200 ਮੀਟਰ ਤੋਂ ਘੱਟ ਹੈ ਅਤੇ ਜਿਸ ਦੇ ਜਲ ਅੰਦਰ ਸੂਰਜੀ ਪ੍ਰਕਾਸ਼ ਦਾ ਸੰਚਾਰ ਹੁੰਦਾ ਰਹਿੰਦਾ ਹੈ।

Nerve (ਨਰਵ)

ਲਾਤੀਨੀ ਆਧਾਰ ਵਾਲੇ ਇਸ ਪਦ ਦੇ ਅਰਥ ਹਨ ‘ਨਸ’ ਦੇ। ਨਸ, ਨਸ-ਸੈੱਲ ਦਾ ਲੰਬਾ ਰੇਸ਼ੇਦਾਰ ਵਧਾਅ ਹੁੰਦੀ ਹੈ, ਜਿਹੜੀ ਕਿ ਉਤੇਜਨਾ ਲਈ ਸੰਵੇਦਨਸ਼ੀਲ ਹੈ। ਉਤੇਜਨਾਵਾਂ ਦਾ ਸਰੀਰ ਅੰਦਰ ਸੰਚਾਰ ਨਸਾਂ ਦੁਆਰਾ ਹੁੰਦਾ ਹੈ ਅਤੇ ਸਰੀਰ ਦਾ ਹਰ ਇਕ ਭਾਗ ਇਨ੍ਹਾਂ ਦੁਆਰਾ ਹੀ ਦਿਮਾਗ਼ ਦੇ ਸੰਪਰਕ ’ਚ ਰਹਿੰਦਾ ਹੈ।

Neurology (ਨਯੂਰੱਲੱਜਿ)

ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਪਹਿਲਾ ਨਯੂਰੱਨ (neuron), ਜਿਸ ਦੇ ਅਰਥ ਹਨ ‘ਨਸ’ ਦੇ ਅਤੇ ਦੂਜਾ ਲੋਗਸ (logos), ਜਿਸ ਦੇ ਅਰਥ ਹਨ ‘ਅਧਿਐਨ’ ਦੇ। ਜੀਵ-ਵਿਗਿਆਨ ਦੇ ਉਸ ਉਪਵਿਸ਼ੇ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਨਸ-ਪ੍ਰਣਾਲੀ ਦੇ ਅਧਿਐਨ ਨਾਲ ਸਬੰਧਿਤ ਹੈ।

Neurone (ਨਯੂਰੱਨ)

ਇਹ ਯੂਨਾਨੀ ਸ਼ਬਦ ਹੈ ਜਿਸ ਦੇ ਅਰਥ ਹਨ ‘ਨਸ’ ਦੇ, ਪਰ ਇਸ ਨੂੰ ਜੀਵ-ਵਿਗਿਆਨ ਦੇ ਪ੍ਰਸੰਗ ’ਚ ਨਸ-ਸੈੱਲ ਲਈ ਵਰਤਿਆ ਜਾਂਦਾ ਹੈ। ਨਸ-ਸੈੱਲ ਹੋਰਨਾਂ ਸੈੱਲਾਂ ਨਾਲੋਂ ਇਸ ਗੱਲੋਂ ਭਿੰਨ ਵਿਖਾਈ ਦਿੰਦਾ ਹੈ, ਕਿਉਂ ਕਿ ਇਸ ’ਚੋਂ ਲੰਬੀਆਂ ਅਤੇ ਛੋਟੀਆਂ, ਅਨੇਕਾਂ ਸ਼ਾਖਾਂ ਨਿਕਲ ਕੇ ਇਧਰ-ਉਧਰ ਦੇ ਗੁਆਂਢੀ ਨਸ-ਸੈੱਲਾਂ ਨਾਲ ਇਸ ਦਾ ਸੰਪਰਕ ਬਣਾਈ ਰੱਖਦੀਆਂ ਹਨ।

Neuroptera (ਨਯੂਰੱਪਟਰੱ)

ਯੂਨਾਨੀ ਸ਼ਬਦ, ਨਯੂਰੱਨ (neuron) ਅਤੇ ਪਟੈਰੱਨ (pteron) ਇਸ ਪਦ ਦੇ ਆਧਾਰ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਨਸ’ ਦੇ ਅਤੇ ‘ਪਰ’ ਦੇ। ਕੀਟਾਂ ਦੇ ਇਕ ਵਰਗ ਦਾ ਉਪਰੋਕਤ ਨਾਮ ਹੈ, ਜਿਸ ’ਚ ਸ਼ਾਮਲ ਕੀਟਾਂ ਦੇ ਝਿਲੀਦਾਰ, ਇਕ ਸਮਾਨ ਦੋ ਜੋੜੇ ਪਰਾਂ ਦੇ ਹਨ ਅਤੇ ਇਨ੍ਹਾਂ ਪਰਾਂ ਅੰਦਰ ਰੇਸ਼ਿਆਂ ਦਾ ਜਾਲ ਬੁਣਿਆ ਹੁੰਦਾ ਹੈ। ਇਸ ਵਰਗ ਦੇ ਕੀਟ ਇਸ ਗੱਲੋਂ ਵੀ ਵਿਸ਼ੇਸ਼ ਹਨ ਕਿ ਇਨ੍ਹਾਂ ਦੇ ਲਾਰਵੇ ਹੋਰਨਾਂ ਕੀਟਾਂ ਉਪਰ ਪਲਦੇ ਹਨ।

Neurosecretion (ਨਯੂਰੱਸਕਰੀਸ਼ਨ)

ਇਸ ਪਦ ਦੇ ਦੋ ਭਾਗ ਹਨ: ਪਹਿਲਾ ਭਾਗ ਯੂਨਾਨੀ ਸ਼ਬਦ, ਨਯੂਰੱਨ (neuron) ਦੀ ਦੇਣ ਹੈ, ਜਿਸ ਦੇ ਅਰਥ ਹਨ ‘ਨਸ’ ਦੇ; ਅਤੇ ਦੂਜਾ ਭਾਗ ਸਾਧਾਰਨ ਵਰਤੋਂ ’ਚ ਆ ਰਿਹਾ ਸਕਰੀਸ਼ਨ (secretion) ਸ਼ਬਦ ਹੈ, ਜਿਸ ਦੇ ਅਰਥ ਹਨ ‘ਰਿਸਣ’ ਦੇ। ਕੁਝ ਨਸ-ਸੈੱਲ ਅਜਿਹੇ ਹਨ, ਜਿਨ੍ਹਾਂ ਚੋਂ ਹਾਰਮੋਨ ਰਿਸਦੇ ਰਹਿੰਦੇ ਹਨ। ਇਨ੍ਹਾਂ ਦੀ ਇਸੇ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Neurospora (ਨਯੂਰੱਸਪੋਰਾ)

ਫਫੂੰਦੀਆਂ ਦੀ ਇਕ ਜਾਤੀ ਦਾ ਇਹ ਵਿਗਿਆਨਕ ਨਾਮ ਹੈ, ਜਿਸ ਦਾ ਬੀਏਡਲ ਅਤੇ ਟਾਟੁਮ ਨਾਮ ਦੇ ਵਿਗਿਆਨੀਆਂ ਨੇ, ਪ੍ਰਯੋਗਸ਼ਾਲਾ ’ਚ, ਜੀਨਾਂ ਦੀ ਕ੍ਰਿਆ ਨੂੰ ਸਪਸ਼ਟ ਕਰਨ ਲਈ ਉਪਯੋਗ ਕੀਤਾ ਸੀ।

Neurotoxin (ਨਯੂਰੱਟਾਕਸਿਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਨਯੂਰੱਨ (neuron), ਜਿਸ ਦੇ ਅਰਥ ਹਨ “ਨਸ” ਦੇ ਅਤੇ ਦੂਜਾ ਟਾਕਸਿਕੱਨ (toxikon), ਜਿਸ ਦੇ ਅਰਥ ਹਨ ‘ਜ਼ਹਿਰ’ ਦੇ।

ਉਸ ਜ਼ਹਿਰ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਪ੍ਰਭਾਵ ਸਰੀਰ ਅੰਦਰਲੀਆਂ ਨਸਾਂ ਤੇ ਸਿੱਧਾ ਪੈਂਦਾ ਹੈ। ਕਾਲੇ ਨਾਗ ਦੀ ਜ਼ਹਿਰ ਇਸੇ ਪ੍ਰਕਾਰ ਦੀ ਹੈ।

Neurotransmitter (ਨਯੂਰਾੱਟਰਾਂਸਮਿਟਰ)

ਇਸ ਪਦ ਦਾ ਮੂਲ ਆਧਾਰ ਯੂਨਾਨੀ ਸ਼ਬਦ, ਨਯੂਰਾੱਨ (neuron) ਹੈ, ਜਿਸ ਦੇ ਅਰਥ ਹਨ 'ਨਸ' ਦੇ; ਅਤੇ ਜਿਸ ਸ਼ਬਦ ਦਾ ਇਹ ਮੁਹਰੈਲ ਹੈ, ਉਹ ਆਮ ਵਰਤੋਂ 'ਚ ਆਉਣ ਵਾਲਾ 'ਸੰਚਾਰਕ' ਲਈ ਵਰਤਿਆ ਜਾਂਦਾ ਸ਼ਬਦ ਹੈ। ਨਸ ਸੈੱਲ 'ਚੋਂ ਰਿਸਦੇ ਅਜਿਹੇ ਰਸਾਇਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਉਕਸਾਹਟਾਂ ਦੇ ਨਸਾਂ 'ਚੋਂ ਦੀ ਹੋ ਰਹੇ ਸੰਚਾਰ ਲਈ ਸਹਾਈ ਹੁੰਦਾ ਹੈ। ਡਾਪਐਮੀਨ, ਸਰੋਟੋਨਿਨ, ਐਸਿਟਾਇਲ ਕੋਲੀਨ ਆਦਿ ਨਯੂਰਾੱਟਰਾਂਸਮਿਟਰ ਦੀਆਂ ਉਦਾਹਰਣਾਂ ਹਨ।

Neuter (ਨਯੂਟਰ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਦੋਵਾਂ 'ਚੋਂ ਕੋਈ ਵੀ ਨਹੀਂ' ਦੇ। ਅਲਿੰਗੀ ਜੀਵਾਂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਕਿ ਸਾਧਾਰਨ ਜੀਵਾਂ ਨਾਲੋਂ ਭਿੰਨ ਹਨ।

Neuterophil (ਨਯੂਟਰਾੱਫ਼ਿਲ)

ਲਾਤੀਨੀ ਸ਼ਬਦ, ਨਯੂਟਰ (neuter) ਅਤੇ ਯੂਨਾਨੀ ਸ਼ਬਦ, ਫ਼ਿਲਿਈਨ (philein) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੋਵਾਂ 'ਚੋਂ ਕੋਈ ਵੀ ਨਹੀਂ' ਦੇ ਅਤੇ ਦੂਜੇ ਦੇ 'ਝੁਕਾਅ' ਦੇ। ਉਨ੍ਹਾਂ ਰੰਗ-ਰਹਿਤ ਰੱਤ-ਸੈੱਲਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਕੇਵਲ ਉਦਾਸੀਨ ਸਟੇਨ (stain) ਨਾਲ ਹੀ ਰੰਗੇ ਜਾ ਸਕਦੇ ਹਨ।

Niacin (ਨਿਆਸਿਨ)

ਵਿਟਾਮਿਨ ਬੀ ਦੇ ਸਮੂਹ 'ਚੋਂ ਇਕ ਦਾ ਇਹ ਨਾਮ ਹੈ, ਜਿਸ ਨੂੰ ਨਿਕਾੱਟਿਨਿਕ ਐਸਿਡ (nicotinic acid) ਵੀ ਸੱਦਿਆ ਜਾਂਦਾ ਹੈ। ਮਾਨਵੀ ਖ਼ੁਰਾਕ ਦਾ ਇਹ ਜ਼ਰੂਰੀ ਭਾਗ ਹੈ ਅਤੇ ਇਸ ਦੀ ਮਹੱਤਤਾ ਸਵਾਸ-ਕ੍ਰਿਆ ਲਈ ਹੈ। ਖ਼ਮੀਰ ਅਤੇ ਕਲੇਜੀ ਇਸ ਵਿਟਾਮਿਨ ਦਾ ਸਮ੍ਰਿਧ ਸ੍ਰੋਤ ਹਨ।

Niche (ਨਿੱਚ)

ਇਸ ਫਰਾਂਸੀਸੀ ਸ਼ਬਦ ਦੇ ਅਰਥ ਹਨ 'ਦੀਵਾਰ 'ਚ ਖੁਣੇ ਆਲੇ' ਦੇ ਜਾਂ 'ਰਖਣੇ' ਦੇ। ਉਂਜ ਇਸ ਪਦ ਦਾ ਜੀਵ ਦੇ ਪ੍ਰਸੰਗ 'ਚ ਉਪਯੋਗ ਜੀਵ ਦੇ ਅਪਣਾਏ ਸਹਿਜਵਾਸ ਲਈ ਕੀਤਾ ਜਾਂਦਾ ਹੈ, ਜਿਹੜਾ ਕਿ ਨਿਰੋਲ ਇਸੇ ਲਈ ਵਿਸ਼ੇਸ਼ ਹੁੰਦਾ ਹੈ।

Nicotine (ਨਿਕੱਟੀਨ)

ਤਮਾਖੂ ਤੋਂ ਪ੍ਰਾਪਤ ਜ਼ਹਿਰੀਲੇ ਸਤ ਦਾ ਇਹ ਨਾਮ ਹੈ, ਜਿਸ ਨੂੰ ਵਬਾਈ ਕੀਟਾਂ ਨੂੰ ਨਸ਼ਟ ਕਰਨ ਲਈ ਕੀਟਨਾਸ਼ਕ ਵਜੋਂ ਇਸ ਲਈ ਤਰਜੀਹ ਦਿੱਤੀ ਜਾਂਦੀ ਹੈ, ਕਿਉਂਕਿ ਇਸ ਦਾ ਵਿਸ਼ੈਲਾਪਣ ਥੋੜ੍ਹੇ ਚਿਰ ਲਈ ਬਣਿਆ ਰਹਿੰਦਾ ਹੈ।

Nicotinic acid (ਨਿਕਾੱਟਿਨਿਕ ਐਸਿਡ)

ਨਿਆਸਿਨ (niacin) ਨਾਮ ਦੇ ਵਿਟਾਮਿਨ-ਬੀ ਲਈ ਵਰਤੋਂ 'ਚ ਆ ਰਿਹਾ ਇਹ ਸਮਾਨਾਰਥਕ ਪਦ ਹੈ।

Nictitating membrane (ਨਿਕਟਿਟੇਟਿੰਗ ਮੈਮਬ੍ਰੇਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਨਿਕਟੱਅਰ (nictare) ਹੈ, ਜਿਸ ਦੇ ਅਰਥ ਹਨ 'ਅੱਖ ਫਰਕਣ' ਦੇ। ਉਪਰੋਕਤ ਪਦ ਅੱਖ ਦੇ ਪਾਰਦਰਸ਼ੀ ਪਪੋਟੇ ਦਾ ਨਾਮ ਹੈ, ਜਿਹੜਾ ਕਿ ਅੱਖ ਦੇ ਉਪਰਲੇ ਅਤੇ ਹੇਠਲੇ ਪਪੋਟਿਆਂ ਨਾਲੋਂ ਵੱਖਰਾ, ਅੱਖ ਦੀ ਅੰਦਰਲੀ ਨੁੱਕਰ 'ਚ ਸਿਮਟਿਆ ਰਹਿੰਦਾ ਹੈ। ਇਹ ਤੀਜਾ ਪਪੋਟਾ ਕਿਰਲਿਆਂ, ਪੰਛੀਆਂ ਅਤੇ

ਡੱਡੂਆਂ ਦੀ ਵਿਸ਼ੇਸ਼ਤਾ ਹੈ, ਜਿਹੜਾ ਅੱਖ ਅੰਦਰ ਵਿਛ ਕੇ ਅੱਖ ਦੀ ਸਫ਼ਾਈ ਦਾ ਸਾਧਨ ਬਣਦਾ ਹੈ ਅਤੇ ਅੱਖ ਅੰਦਰਲੀ ਨਮੀ ਨੂੰ ਵੀ ਬਰਕਰਾਰ ਰੱਖਦਾ ਹੈ।

Nipple (ਨਿਪਲ਼)

ਸਾਧਾਰਨ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਮੰਮੇ ਦੀ ਚੂਚੀ' ਦੇ। ਥਣ ਜਾਂ ਮੰਮੇ 'ਚੋਂ ਦੁੱਧ ਦੇ ਬਾਹਰ ਜਾਣ ਦਾ ਇਹੋ ਰਾਹ ਹੁੰਦਾ ਹੈ।

Nitrification (ਨਾਇਟ੍ਰੀਫਿਕੇਸ਼ਨ)

ਵਿਸ਼ੇਸ਼ ਕੀਟਾਣੂਆਂ ਥੀਂ ਨਿਭਾਈ ਜਾ ਰਹੀ ਆਕਸੀਕਰਣ ਦੀ ਪ੍ਰਕ੍ਰਿਆ ਦਾ ਇਹ ਨਾਮ ਹੈ, ਜਿਸ ਦੁਆਰਾ ਅਮੋਨੀਆ ਨਾਇਟ੍ਰਾਈਟਾਂ 'ਚ ਅਤੇ ਨਾਇਟ੍ਰਾਈਟ, ਅਗੋਂ, ਨਾਇਟ੍ਰੇਟਾਂ 'ਚ ਬਦਲਦੇ ਰਹਿੰਦੇ ਹਨ।

Nitrite reductase (ਨਾਇਟ੍ਰਾਈਟ ਰਿਡੱਕਟੇਜ਼)

ਇਹ ਇਕ ਐਨਜ਼ਾਈਮ ਦਾ ਨਾਮ ਹੈ, ਜਿਹੜਾ ਨਾਇਟ੍ਰਾਈਟ 'ਚੋਂ ਆਕਸੀਜਨ ਦੀ ਕਟੌਤੀ ਕਰਕੇ, ਇਸ ਨੂੰ ਅਮੋਨੀਏ ਦਾ ਰੂਪ ਦੇ ਦਿੰਦਾ ਹੈ।

Nitrobacteria (ਨਾਇਟ੍ਰੱਬੈਕਟਿਰੀਆ)

ਭੂਮੀ ਅੰਦਰ ਤੇ ਦਲਦਲੀ ਖੁੱਭਣਾਂ 'ਚ ਵਿਚਰਦੇ ਕੀਟਾਣੂਆਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਵਾਯੂਮੰਡਲ ਅੰਦਰਲੀ ਨਾਇਟ੍ਰੋਜਨ ਨੂੰ ਅਮੋਨੀਏ 'ਚ, ਫਿਰ ਅਮੋਨੀਏ ਨੂੰ ਨਾਇਟ੍ਰਾਈਟਾਂ 'ਚ ਅਤੇ ਹੋਰ ਅਗਾਂਹ, ਨਾਇਟ੍ਰਾਈਟਾਂ ਨੂੰ ਨਾਇਟ੍ਰੇਟਾਂ 'ਚ ਬਦਲਣ ਯੋਗ ਹਨ। ਇਸ ਪ੍ਰਕਾਰ ਇਹ ਵਾਯੂਮੰਡਲ ਅੰਦਰਲੀ ਅਕ੍ਰਿਆਸ਼ੀਲ ਨਾਇਟ੍ਰੋਜਨ, ਨੂੰ ਕਾਸ਼ਤ ਯੋਗ ਉਪਯੋਗੀ ਰੂਪ ਅਰਪਣ ਕਰਦੇ ਰਹਿੰਦੇ ਹਨ।

Nitrogen (ਨਾਇਟ੍ਰੋਜਨ)

ਵਾਯੂਮੰਡਲ ਦਾ 80 ਪ੍ਰਤੀਸ਼ਤ ਭਾਗ ਬਣੀ ਅਕ੍ਰਿਆਸ਼ੀਲ ਗੈਸ ਦਾ ਇਹ ਨਾਮ ਹੈ, ਜਿਸ ਦਾ ਨਾ ਰੰਗ ਹੈ, ਨਾ ਬੂ ਹੈ ਅਤੇ ਨਾ ਸੁਆਦ ਹੈ। ਪਰ ਇਸ ਗੈਸ ਬਿਨਾਂ ਜੀਵਨ ਉੱਕਾ ਹੀ ਸੰਭਵ ਨਹੀਂ, ਜਿਸ ਨੂੰ ਜੀਵ ਸਿੱਧਿਆਂ ਤਾਂ ਨਹੀਂ, ਪਰ ਨਾਇਟ੍ਰੋ-ਯੌਗਿਕਾਂ ਦੇ ਰੂਪ 'ਚ, ਖ਼ੁਰਾਕ ਦੁਆਰਾ ਪ੍ਰਾਪਤ ਕਰਦੇ ਰਹਿੰਦੇ ਹਨ। ਡੀ ਐਨ ਏ ਅਤੇ ਐਮਿਨੋ ਤੇਜ਼ਾਬੀ ਅਣੂਆਂ ਦੀ ਬਣਤਰ ਲਈ ਇਹ ਤੱਤ ਅਤੀ ਮਹੱਤਵ ਹੈ।

Nitrogen cycle (ਨਾਇਟ੍ਰੋਜਨ ਸਾਇਕਲ)

ਵਾਯੂਮੰਡਲ ਤੋਂ ਜੀਵ-ਸੰਸਾਰ ਅੰਦਰ ਅਤੇ ਜੀਵ-ਸੰਸਾਰ ਤੋਂ ਵਾਯੂਮੰਡਲ ਅੰਦਰ ਨਾਇਟ੍ਰੋਜਨ ਦਾ ਗੇੜੇਦਾਰ ਸਿਲਸਿਲਾ ਸਦਾ ਬਣਿਆ ਰਹਿੰਦਾ ਹੈ। ਅਕ੍ਰਿਆਸ਼ੀਲ ਹੋਣ ਕਰਕੇ ਨਾਇਟ੍ਰੋਜਨ ਕੀਟਾਣੂਆਂ ਦੀ ਪ੍ਰਕ੍ਰਿਆ ਦੁਆਰਾ ਜੀਵਾਂ 'ਚ ਪ੍ਰਵੇਸ਼ ਕਰਦੀ ਹੈ ਅਤੇ ਜੀਵਾਂ ਤੋਂ ਵੀ, ਉਨ੍ਹਾਂ ਦੇ ਮਰਨ ਉਪਰੰਤ, ਨਾਇਟ੍ਰੋਜਨ ਦੀ ਮੁਕਤੀ ਦੂਜੀ ਵੰਨਗੀ ਦੇ ਕੀਟਾਣੂ ਦਿਵਾਉਂਦੇ ਹਨ। ਨਾਇਟ੍ਰੋਜਨ ਦੇ ਇਸੇ ਗੇੜੇਦਾਰ ਸਿਲਸਿਲੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Nitrogen fixation (ਨਾਇਟ੍ਰੋਜਨ ਫਿਕਸੇਸ਼ਨ)

ਵਾਯੂਮੰਡਲ ਅੰਦਰਲੀ ਨਾਇਟ੍ਰੋਜਨ ਦਾ ਅਕ੍ਰਿਆਸ਼ੀਲ ਸੁਭਾਅ ਹੈ ਅਤੇ ਇਹ ਸ਼ੁੱਧ ਅਵਸਥਾ 'ਚ ਜੀਵਾਂ ਅੰਦਰ ਪ੍ਰਵੇਸ਼ ਨਹੀਂ ਕਰ ਸਕਦੀ, ਜਿਨ੍ਹਾਂ ਨੂੰ ਕਿ ਇਸ ਦੀ ਸਦਾ ਲੋੜ ਰਹਿੰਦੀ ਹੈ। ਭੂਮੀ ਅੰਦਰਲੇ ਅਤੇ ਫਲੀਦਾਰ ਬੂਟਿਆਂ ਦੀਆਂ ਜੜ੍ਹਾਂ ਅੰਦਰਲੇ ਵਿਸ਼ੇਸ਼ ਕੀਟਾਣੂ ਨਾਇਟ੍ਰੋਜਨ ਨੂੰ ਅਜਿਹੇ ਯੌਗਿਕਾਂ 'ਚ ਬਦਲ ਦਿੰਦੇ ਹਨ, ਜਿਹੜੇ ਕਿ ਸਹਿਜ ਹੀ ਬੂਟਿਆਂ 'ਚ ਅਤੇ ਫਿਰ ਪ੍ਰਾਣੀਆਂ 'ਚ ਖ਼ੁਰਾਕ ਦੁਆਰਾ ਸਮਾ ਜਾਂਦੇ ਹਨ। ਕੀਟਾਣੂਆਂ ਦੀ ਇਸੇ ਪ੍ਰਕ੍ਰਿਆ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Nitrophilous (ਨਾਇਟ੍ਰਾੱਫ਼ਿਲੌਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਨਾਇਟ੍ਰਾਨ (nitron), ਜਿਸ ਦੇ ਅਰਥ ਹਨ ‘ਸੋਡੇ’ ਦੇ ਭਾਵ ‘ਸੋਡੀਅਮ ਕਾਰਬੱਨੇਟ’ (sodium carbonate) ਦੇ ਅਤੇ ਦੂਜਾ ਫ਼ਿਲਿਅਨ (philein), ਜਿਸ ਦੇ ਅਰਥ ਹਨ ‘ਮੋਹ ਕਰਨ’ ਦੇ। ਜਿਹੜੇ ਪੌਦੇ ਨਾਇਟ੍ਰੋਜਨੀ ਯੌਗਿਕਾਂ ਰਚੀ ਭੂਮੀ ’ਚ ਵਧੀਆ ਉਗਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Nitrophyte (ਨਾਇਟ੍ਰੋਫ਼ਾਇਟ)

ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਪਹਿਲਾ ਨਾਇਟ੍ਰਾਨ (nitron), ਜਿਸ ਦੇ ਅਰਥ ਹਨ ‘ਸੋਡੇ’ ਦੇ ਭਾਵ ‘ਸੋਡੀਅਮ ਕਾਰਬੱਨੇਟ’ (sodium carbonate) ਦੇ ਅਤੇ ਦੂਜਾ ਫ਼ਾਇਟਨ (phyton), ਜਿਸ ਦੇ ਅਰਥ ਹਨ ‘ਪੌਦੇ’ ਦੇ। ਉਸ ਪੌਦੇ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਨਾਇਟ੍ਰੋਜਨੀ ਯੌਗਿਕਾਂ ਰਚੀ ਭੂਮੀ ’ਚ ਉਗਦਾ ਹੈ।

Nocturnal (ਨਾੱਕਟਰਨਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਨਾੱਕਸ (nox) ਹੈ, ਜਿਸ ਦੇ ਅਰਥ ਹਨ ‘ਰਾਤ’ ਦੇ। ਜਿਹੜੇ ਪ੍ਰਾਣੀ ਆਪਣੇ ਰਹਿਣ-ਟਿਕਾਣਿਆਂ ’ਚੋਂ ਖ਼ੁਰਾਕ ਦੀ ਭਾਲ ਕਰਨ ਲਈ, ਰਾਤ ਨੂੰ ਬਾਹਰ ਆਉਂਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਦਾ ਵਿਸ਼ੇਸ਼ਣ ਵਜੋਂ ਉਪਯੋਗ ਕੀਤਾ ਜਾਂਦਾ ਹੈ।

Nostrils (ਨਾੱਸਟ੍ਰਿਲਜ਼)

ਨੱਕ ਦੇ ਬਾਹਰ ਨੂੰ ਖੁੱਲ੍ਹਦੇ ਦੁਆਰਾਂ ਦੇ ਜੋੜੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਨੂੰ ਸਾਧਾਰਨ ਨਾਸਾਂ ਵੀ ਸੱਦਿਆ ਜਾਂਦਾ ਹੈ।

Notochord (ਨੋਟੱਕਾਰਡ)

ਜਿਹੜੇ ਦੋ ਯੂਨਾਨੀ ਸ਼ਬਦ, ਇਸ ਪਦ ਦਾ ਆਧਾਰ ਹਨ, ਉਹ ਹਨ ਨੋਟਾੱਨ (noton), ਜਿਸ ਦੇ ਅਰਥ ਹਨ ‘ਪਿੱਠ’ ਦੇ, ਅਤੇ ਕਾਰਡਿ (chorde), ਜਿਸ ਦੇ ਅਰਥ ਹਨ ‘ਡੋਰੀ’ ਦੇ। ਕਾਰਡੇਟ (ਰੀੜ੍ਹ-ਸਹਿਤ) ਪ੍ਰਾਣੀਆਂ ਦੀ ਪਿੱਠ ਨੂੰ ਸਹਾਰਾ ਦਿੰਦੇ ਸੁਲਾਖ਼ਨੁਮਾ ਲਚਕੀਲੇ ਅੰਗ ਦਾ ਇਹ ਨਾਮ ਹੈ, ਜਿਸ ਦਾ ਸਥਾਨ, ਵਿਕਸਿਤ ਰੀੜ੍ਹ-ਸਹਿਤ ਪ੍ਰਾਣੀਆਂ ਦੀ ਪ੍ਰੌਢ ਅਵਸਥਾ ’ਚ, ਰੀੜ੍ਹ ਦੀ ਹੱਡੀ ਨੇ ਲੈ ਲਿਆ ਹੁੰਦਾ ਹੈ।

Notogenesis (ਨੋਟੱਜੱਨੈਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਨੋਟਾੱਨ (noton), ਜਿਸ ਦੇ ਅਰਥ ਹਨ ‘ਪਿੱਠ’ ਦੇ; ਅਤੇ ਦੂਜਾ ਜਨੈਸਿਸ (genesis), ਜਿਸ ਦੇ ਅਰਥ ਹਨ ‘ਉਤਪਤੀ’ ਦੇ। ਪ੍ਰਗਤ ਹੋ ਰਹੇ ਸਰੀਰ ਅੰਦਰਲੀ ਉਸ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਨੋਟੱਕਾਰਡ ਦੀ ਉਤਪਤੀ ਨਾਲ ਸਬੰਧ ਹੈ।

Notum (ਨੋਟੱਮ)

ਯੂਨਾਨੀ ਸ਼ਬਦ, ਨੋਟਾੱਨ (noton) ਇਸ ਪਦ ਦਾ ਆਧਾਰ ਹੈ, ਅਤੇ ਇਸ ਦੇ ਅਰਥ ਹਨ ‘ਪਿੱਠ’ ਦੇ। ਕੀਟ ਦਾ ਖੰਡਦਾਰ ਸਰੀਰ ਹੈ ਅਤੇ ਇਕ ਖੰਡ ਨੂੰ, ਵਿਸ਼ੇਸ਼ ਤੌਰ ਤੇ ਛਾਤੀ ਦੇ ਖੰਡ ਨੂੰ ਉਪਰੋਂ ਢੱਕਦੀ ਪਲੇਟ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Nuciferous (ਨਯੂਸਿਫ਼ੱਰੱਸ)

ਇਸ ਪਦ ’ਚ ਦੋ ਸ਼ਬਦ ਸਮਾਏ ਹੋਏ ਹਨ, ਜਿਹੜੇ ਦੋਵੇਂ ਲਾਤੀਨੀ ਹਨ ਅਤੇ ਜਿਨ੍ਹਾਂ ਚੋਂ ਪਹਿਲਾ ਹੈ ਨਕਸ (nux), ਜਿਸ ਦੇ ਅਰਥ ਹਨ ‘ਗਿਰੀਦਾਰ ਫਲ’ ਦੇ ਅਤੇ ਦੂਜਾ ਹੈ ਫਰਿ (ferre), ਜਿਸ ਦੇ ਅਰਥ ਹਨ ‘ਚੁੱਕਣ’ ਦੇ ਜਾਂ ‘ਲੱਦੇ ਹੋਣ’ ਦੇ। ਜਿਸ ਪੌਦੇ ਜਾਂ ਰੁੱਖ ਨਾਲ ਗਿਰੀਦਾਰ ਫਲ ਲਗਦੇ ਹਨ, ਉਸੇ ਲਈ ਉਪਰੋਕਤ ਪਦ ਵਰਤੋਂ ’ਚ ਆਉਂਦਾ ਹੈ।

Nucivorous (ਨਯੂਸਿਫ਼ੱਰੱਸ)

ਇਸ ਪਦ ਨੂੰ ਰਚਣ ਵਾਲੇ ਦੋ ਲਾਤੀਨੀ ਸ਼ਬਦ ਹਨ, ਨਕਸ (nux) ਅਤੇ ਵੱਰਿਰਿ (vorare), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਗਿਰੀਦਾਰ ਫਲ' ਦੇ ਅਤੇ 'ਨਿਗਲ ਜਾਣ' ਦੇ। ਜਿਹੜੇ ਪ੍ਰਾਣੀ ਗਿਰੀਦਾਰ ਫਲਾਂ ਉਪਰ ਗੁਜ਼ਰ ਕਰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Nuclear (ਨਿਊਕਲੀਅਰ)

ਲਾਤੀਨੀ ਸ਼ਬਦ, ਨਿਊਕਲੀਅਸ (nucleus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਗਿਰੀ' ਦੇ ਜਾਂ 'ਕੇਂਦਰ' ਦੇ। ਉਪਰੋਕਤ ਪਦ ਨਿਊਕਲੀਅਸ ਨਾਲ ਸਬੰਧਤਾ ਦਾ ਪ੍ਰਤੀਕ ਸ਼ਬਦ ਹੈ।

Nuclease (ਨਿਊਕਲੀਏਜ਼)

ਉਸੇ ਐਨਜ਼ਾਈਮ ਲਈ ਇਹ ਪਦ ਰਾਖਵਾਂ ਹੈ, ਜਿਹੜਾ ਨਿਊਕਲਈ ਤੇਜ਼ਾਬਾਂ ਦੇ ਅਪਘਟਨ 'ਚ ਭੂਮਿਕਾ ਨਿਭਾਉਂਦਾ ਹੈ।

Nucleic acid (ਨਿਊਕਲਿਅਕ ਐਸਿਡ)

ਨਿਊਕਲੀਅਸ ਅੰਦਰਲੇ ਅਤੇ ਇਸ ਨਾਲ ਸਬੰਧਤ ਤੇਜ਼ਾਬੀ ਸੁਭਾਓ ਵਾਲੇ ਅਣੂਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਡੀ ਐਨ ਏ ਅਤੇ ਆਰ ਐਨ ਏ ਇਸੇ ਵੰਨਗੀ ਦੇ ਅਣੂ ਹਨ, ਜਿਹੜੇ ਕਿ ਜੀਵਾਂ ਦੇ ਜੀਵਨ ਦਾ ਮੁੱਖ ਆਧਾਰ ਹਨ।

Nucleoid (ਨਿਊਕਲਿਆਇਡ)

ਇਸ ਪਦ ਦਾ ਨਿਰਮਾਣ ਲਾਤੀਨੀ ਸ਼ਬਦ ਨਿਊਕਲੀਅਸ (nucleus) ਅਤੇ ਯੂਨਾਨੀ ਸ਼ਬਦ ਇਡਸ (eidos) ਦੇ ਮਿਲਾਪ ਕਾਰਨ ਹੋਇਆ ਹੈ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਗਿਰੀ' ਦੇ ਅਤੇ ਦੂਜੇ ਦੇ 'ਨੁਹਾਰ' ਦੇ। ਨਿਊਕਲੀਅਸ ਰਹਿਤ ਸੈੱਲ ਅੰਦਰਲੇ ਉਸ ਭਾਗ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਥੇ ਕਿ ਡੀ ਐਨ ਏ ਸਥਿਤ ਹੈ।

Nucleolus (ਨਿਊਕਲੀਅਲਸ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ ਦੇ ਸ਼ਾਬਦਕ ਅਰਥ ਹਨ 'ਛੋਟੀ ਗਿਰੀ' ਦੇ ਅਤੇ ਇਸ ਦਾ ਉਪਯੋਗ ਨਿਊਕਲੀਅਸ ਅੰਦਰ ਸਮਾਏ ਗੋਲ ਆਕਾਰ ਦੇ ਅਤੇ ਸੰਘਣੀ ਘਣਤਾ ਵਾਲੇ ਉਸ ਪੁੰਜ ਲਈ ਕੀਤਾ ਜਾਂਦਾ ਹੈ, ਜਿਹੜਾ ਆਰ ਐਨ ਏ 'ਚ ਸਮ੍ਰਿਧ ਵੀ ਹੈ।

Nucleoplasm (ਨਿਊਕਲੀਅਪਲੈਜ਼ਮ)

ਇਸ ਪਦ 'ਚ ਲਾਤੀਨੀ ਸ਼ਬਦ, ਨਿਊਕਲੀਅਸ (nucleus) ਅਤੇ ਯੂਨਾਨੀ ਸ਼ਬਦ, ਪਲੈਜ਼ਮੱ (plasma) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਗਿਰੀ' ਦੇ ਅਤੇ 'ਢਾਂਚੇ' ਦੇ। ਨਿਊਕਲੀਅਸ ਅੰਦਰ ਰਚੇ ਹੋਏ ਪਦਾਰਥ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Nucleotide (ਨਿਊਕਲਿਅਟਾਈਡ)

ਨਿਊਕਲਈ ਤੇਜ਼ਾਬ ਦੇ ਅਣੂ ਅੰਦਰਲੀ ਕੜੀ ਦਾ ਇਹ ਨਾਮ ਹੈ, ਜਿਹੜੀ ਕਿ ਅਗੋਂ ਆਪ ਤਿੰਨ ਯੌਗਿਕਾਂ ਦੀ ਬਣੀ ਹੋਈ ਹੈ: ਇਕ ਖੰਡ, ਇਕ ਫ਼ਾਸਫੇਟ ਅਤੇ ਇਕ ਖਾਰ ਦੀ ਬਣੀ ਹੋਈ। ਇਹੋ ਕੜੀਆਂ, ਅੱਗੜ-ਪਿੱਛੜ ਇਕ ਕਤਾਰ 'ਚ ਜੁੜ ਕੇ, ਨਿਊਕਲਈ ਤੇਜ਼ਾਬ ਦੇ ਅਣੂ ਦੀ ਉਸਾਰੀ ਦਾ ਆਧਾਰ ਬਣ ਜਾਂਦੀਆਂ ਹਨ।

Nucleus (ਨਿਊਕਲੀਅਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਗਿਰੀ' ਦੇ, ਭਾਵ 'ਕੇਂਦਰ' ਦੇ। ਹਰ ਇਕ ਸੈੱਲ ਦੇ ਲਗਭਗ ਕੇਂਦਰ 'ਚ ਸਥਿਤ ਇਕ ਗੋਲ ਆਕਾਰ ਦੀ ਇੰਦਰੀ ਦਾ ਉਪਰੋਕਤ ਨਾਮ ਹੈ, ਜਿਥੋਂ ਕਿ ਸੈੱਲ ਅੰਦਰ ਚਲ ਰਹੀਆਂ ਜੈਵਿਕ ਸਰਗਰਮੀਆਂ

ਦਾ ਆਰੰਭ ਹੁੰਦਾ ਹੈ। ਇਸ ਪ੍ਰਕਾਰ, ਇਹ ਇੰਦਰੀ, ਸੈੱਲ ਅੰਦਰੋਂ ਪੁੰਗਰਦੇ ਜੀਵਨ ਦਾ ਮੂਲ ਹੁੰਦੀ ਹੈ। ਇਸ ਇੰਦਰੀ ਦੁਆਲੇ ਲਿਪਟੀ ਹੋਈ ਝਿੱਲੀ, ਇਸ ਨੂੰ ਆਲੇ-ਦੁਆਲੇ ਨਾਲੋਂ ਨਵੇਕਲਾਪਣ ਅਰਪਣ ਕਰਦੀ ਹੈ, ਤਾਂ ਜੋ ਇਸ ਅੰਦਰਲੇ ਜੀਨ ਆਪੋ ਆਪਣੀ ਕ੍ਰਿਆ ਨਿਰਵਿਘਨ ਪੂਰੀ ਕਰ ਸਕਣ।

Numerical abundance (ਨਿਊਮੇਰਿਕਲ ਅਬੰਡੰਸ)

ਸਾਧਾਰਨ ਵਰਤੋਂ 'ਚ ਆ ਰਹੇ ਦੋ ਸ਼ਬਦਾਂ ਦੇ ਰਚੇ ਇਸ ਪਦ ਦੇ ਸ਼ਾਬਦਕ ਅਰਥ ਹਨ ‘ਸੰਖਿਅਕ ਬਹੁਲਤਾ’ ਦੇ ਅਤੇ ਇਸ ਪਦ ਦਾ ਉਪਯੋਗ ਨਿਸ਼ਚਿਤ ਖੇਤਰ 'ਚ ਉਗੇ ਹੋਏ ਇਕ ਜਾਤੀ ਦੇ ਬੂਟਿਆਂ ਦੀ ਸੰਖਿਆ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

Nut (ਨਟ)

ਖੁਸ਼ਕ ਤੇ ਇਕਹਿਰੀ ਗਿਰੀ ਵਾਲੇ ਮੇਵੇ ਲਈ ਇਹ ਪਦ ਵਰਤਿਆ ਜਾਂਦਾ ਹੈ, ਜਿਸ ਦਾ ਸਖ਼ਤ ਛਿਲੜ ਹੁੰਦਾ ਹੈ, ਜਿਹੜਾ ਸਹਿਲ ਨਹੀਂ ਤਿੜਦਾ।

Nutation (ਨਿਊਟੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਨਿਊਟੱਰਿ (nutare) ਹੈ, ਜਿਸ ਦੇ ਅਰਥ ਹਨ ‘ਸਿਰ ਹਿਲਾ ਕੇ ਹਾਂ ਕਰਨ’ ਦੇ। ਗਮਲੇ 'ਚ ਪੁੰਗਰ ਰਹੇ ਬੂਟੇ ਦਾ ਸਥਾਨ ਪ੍ਰਕਾਸ਼ ਦੇ ਪ੍ਰਸੰਗ 'ਚ ਜੇਕਰ ਨਿਤ ਬਦਲਦਾ ਰਹੇ, ਤਦ ਇਸ ਦਾ ਤਣਾ ਅਤੇ ਇਸ ਦੇ ਪੱਤਰ ਵਲੇਵੇਂਦਾਰ ਨੁਹਾਰ ਅਪਣਾ ਲੈਂਦੇ ਹਨ। ਬੂਟੇ ਦੀ ਇਸ ਪ੍ਰਕਾਰ ਦੀ ਪ੍ਰਗਤੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ ਅਤੇ ਜਿਹੜੀ ਕਿ ਬਾਗ਼ਬਾਨੀ ਵਿਧੀ ਵਜੋਂ ਵੀ ਪ੍ਰਚਲਿਤ ਹੈ।

Nutrition (ਨਿਊਟ੍ਰਿਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਨਯੂਟ੍ਰਿਅਰ (nutrire) ਹੈ, ਜਿਸ ਦੇ ਅਰਥ ਹਨ ‘ਪਰਵਰਿਸ਼ ਕਰਨ’ ਦੇ। ਭੋਜਨ ਅੰਦਰਲੇ ਉਨ੍ਹਾਂ ਪੌਸ਼ਟਿਕ ਤੱਤਾਂ ਦੇ ਸਮੂਹ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਕਿ ਜੀਵ ਲਈ ਜ਼ਰੂਰੀ ਹਨ ਅਤੇ ਸਰੀਰ ਅੰਦਰ ਰਚਣ ਯੋਗ ਵੀ ਹਨ। ਮਾਨਵੀ ਨਯੂਟ੍ਰਿਸ਼ਨ ਦੇ ਜ਼ਰੂਰੀ ਅੰਸ਼ ਹਨ: ਵਿਟਾਮਿਨ, ਐਮਿਨੋ ਤੇਜ਼ਾਬ, ਚਿਕਨੇ ਤੇਜ਼ਾਬ, ਭਿੰਨ ਭਿੰਨ ਖਣਿਜ, ਨਿਸ਼ਾਸ਼ਤਾ, ਸ਼ਕਰ ਆਦਿ।

Nyctitropism (ਨਿਕਟੱਟ੍ਰਾਪਿਜ਼ਮ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਨਿਕਟੱਅਸ (niktios), ਜਿਸ ਦੇ ਅਰਥ ਹਨ ‘ਰਾਤ ਦੇ ਸਮੇਂ’ ਦੇ ਅਤੇ ਦੂਜਾ ਟ੍ਰਪਈਨ (trepein), ਜਿਸ ਦੇ ਅਰਥ ਹਨ ‘ਮੁੜ ਜਾਣ’ ਦੇ। ਕੁਝ ਬੂਟੇ ਹਨ ਜਿਨ੍ਹਾਂ ਦੇ ਪੱਤਰ ਰਾਤ ਸਮੇਂ ਉਤਾਂਹ ਵੱਲ ਨੂੰ ਮੁੜ ਜਾਂਦੇ ਹਨ। ਬੂਟਿਆਂ ਦੀ ਇਸੇ ਰੁਚੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Nymph (ਨਿੰਫ)

ਯੂਨਾਨੀ ਸ਼ਬਦ, ਨਿਮਫੀ (nymphe) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ ‘ਸਜ ਵਿਆਹੀ’ ਦੇ, ਭਾਵ ‘ਦੁਲਹਨ’ ਦੇ। ਪਰ ਵਿਗਿਆਨ ਦੇ ਪ੍ਰਸੰਗ 'ਚ ਇਸ ਪਦ ਦਾ ਉਪਯੋਗ ਕੀਟਾਂ ਦੀ ਜੀਵਨੀ ਦੇ ਅਵਿਕਸਤ ਪੜਾਅ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ। ਨਿੰਫ ਜਿਸ ਰੂਪ 'ਚ ਆਂਡੇ ਚੋਂ ਬਾਹਰ ਆਉਂਦਾ ਹੈ, ਉਸ 'ਚ ਪ੍ਰੌਢ ਵਾਲੀਆਂ ਕਈ ਵਿਸ਼ੇਸ਼ਤਾਵਾਂ ਭਾਵੇਂ ਹੁੰਦੀਆਂ ਹਨ, ਪਰ ਇਕ ਤਾਂ ਇਹ ਪਰ ਰਹਿਤ ਹੁੰਦਾ ਹੈ ਅਤੇ ਦੂਜੇ ਇਹ ਪ੍ਰਜਣਨ ਪ੍ਰਣਾਲੀ ਬਿਨਾਂ ਹੁੰਦਾ ਹੈ। ਆਕਾਰ 'ਚ ਤਾਂ ਇਹ ਪ੍ਰੌਢ ਨਾਲੋਂ ਛੋਟਾ ਹੁੰਦਾ ਹੈ।

O

Oar-feathers (ਔੱਰ ਫੈਦਰਜ਼)

ਇਸ ਦੋ ਸ਼ਬਦੇ ਪਦ ’ਚ ਪਹਿਲੇ ਸ਼ਬਦ ਦੇ ਅਰਥ ਹਨ ‘ਚੱਪੂ’ ਦੇ ਅਤੇ ਦੂਜੇ ਦੇ ‘ਖੰਭਾਂ’ ਦੇ। ਜੀਵ-ਵਿਗਿਆਨ ’ਚ ਇਸ ਪਦ ਦਾ ਉਪਯੋਗ ਪੰਛੀਆਂ ਦੇ ਪਰਾਂ ਨਾਲ ਜੜੇ ਉਨ੍ਹਾਂ ਖੰਭਾਂ ਲਈ ਕੀਤਾ ਜਾਂਦਾ ਹੈ, ਜਿਹੜੇ ਉੱਡਣ ਸਮੇਂ ਵਰਤੋਂ ’ਚ ਆਉਂਦੇ ਹਨ।

Oasis (ਓਏਸਿਸ)

ਰੇਗਿਸਤਾਨ ਨਾਲ ਘਿਰੇ ਹੋਏ ਹਰੇ ਭਰੇ ਨਮਸਥਲੀ ਸਥਾਨ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਨੂੰ ‘ਨਖ਼ਲਿਸਤਾਨ’ ਸੱਦਿਆ ਜਾਂਦਾ ਹੈ।

Obligate (ਆਬਲਿਗੇਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਆਬਲਿਗੇਟਸ (obligatus) ਹੈ, ਜਿਸ ਦੇ ਅਰਥ ਹਨ ‘ਪਾਬੰਦ ਹੋਣ’ ਦੇ। ਉਨ੍ਹਾਂ ਜੀਵਾਂ ਲਈ ਇਸ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ, ਜਿਹੜੇ ਵਿਸ਼ੇਸ਼ ਦੁਆਲੇ ਵਿਚ ਵਿਚਰਨ ਦੇ ਪਾਬੰਦ ਹਨ ਅਤੇ ਇਸ ਤੋਂ ਬਾਹਰ ਉਹ ਜਿਉਂਦੇ ਨਹੀਂ ਰਹਿ ਸਕਦੇ।

Obligate aerobe (ਆਬਲਿਗੇਟ ਏਅਰੋਬ)

ਉਸ ਜੀਵ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਆਕਸੀਜਨ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ। ਪਦ ਦੇ ਪਹਿਲੇ ਭਾਗ ਆਬਲਿਗੇਟ ਦੇ ਅਰਥ ਹਨ ‘ਪਾਬੰਦ ਹੋਣ’ ਦੇ ਅਤੇ ਦੂਜੇ ਭਾਗ ਏਅਰੋਬ ਦੇ ‘ਵਾਯੂ-ਜੀਵ’ ਦੇ।

Obligate anaerobe (ਆਬਲਿਗੇਟ ਐਨਰੋਬ)

ਦੋ ਸ਼ਬਦਾਂ ਦੇ ਬਣੇ ਇਸ ਪਦ ’ਚ ਸਮਾਏ ਪਹਿਲੇ ਸ਼ਬਦ, ਆਬਲਿਗੇਟ ਦੇ ਅਰਥ ਹਨ ‘ਪਾਬੰਦ ਹੋਣ’ ਦੇ ਅਤੇ ਦੂਜੇ ਸ਼ਬਦ, ਐਨਰੋਬ ਦੇ ‘ਅਵਾਯੂ-ਜੀਵ’ ਦੇ। ਇਸ ਪਦ ਨੂੰ ਉਨ੍ਹਾਂ ਜੀਵਾਂ ਲਈ ਵਰਤਿਆ ਜਾਂਦਾ ਹੈ, ਜਿਹੜੇ ਆਕਸੀਜਨ ਦੀ ਹੋਂਦ ’ਚ ਜਿਉਂਦੇ ਨਹੀਂ ਰਹਿ ਸਕਦੇ।

Obligate parasite (ਆਬਲਿਗੇਟ ਪੈਰੱਸਾਇਟ)

ਇਸ ਪਦ ’ਚ ਦੋ ਸ਼ਬਦ ਸਮਾਏ ਹੋਏ ਹਨ, ਪਹਿਲਾ ਹੈ ਆਬਲਿਗੇਟ, ਜਿਸ ਦੇ ਅਰਥ ਹਨ ‘ਪਾਬੰਦ ਹੋਣ’ ਦੇ ਅਤੇ ਦੂਜਾ ਹੈ ਪੈਰੱਸਾਇਟ, ਜਿਸ ਦੇ ਅਰਥ ਹਨ ‘ਪ੍ਰਜੀਵ’ ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਕੇਵਲ ਪ੍ਰਜੀਵ ਵਜੋਂ ਹੀ ਜਿਉਂਦੇ ਰਹਿ ਸਕਦੇ ਹਨ।

Obliterative shading (ਆਬਲਿਟ੍ਰੇਟਿਵ ਸ਼ੇਡਿੰਗ)

ਇਹ ਪਦ ਦੋ ਸ਼ਬਦਾਂ ਦਾ ਬਣਿਆ ਹੈ, ਜਿਨ੍ਹਾਂ ਚੋਂ ਪਹਿਲੇ, ਆਬਲਿਟ੍ਰੇਟਿਵ ਦੇ ਅਰਥ ਹਨ ‘ਮਿਟਾ ਦੇਣ ਯੋਗ’ ਦੇ ਅਤੇ ਦੂਜੇ, ਸ਼ੇਡਿੰਗ ਦੇ ‘ਛਾਇਆਕਰਣ’ ਦੇ। ਜੰਗਲੀ ਪ੍ਰਾਣੀਆਂ ਦੇ ਢਾਲਵੇਂ ਸ਼ੇਡ ਵਾਲੀ ਦਿੱਖ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਨ੍ਹਾਂ ਕਾਰਨ ਇਨ੍ਹਾਂ ਨੂੰ ਦੂਰੋਂ ਵੇਖਿਆਂ, ਇਹ ਦੁਆਲੇ ’ਚ ਵਿਲੀਨ ਹੋਏ ਜਾਪਦੇ ਹਨ।

Obtect (ਅਬਟੈੱਕਟ)

ਲਾਤੀਨੀ ਸ਼ਬਦ, ਅਬਟੈੱਕਟਸ (obtectus) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ ‘ਕੱਜੇ ਹੋਏ’ ਦੇ। ਕੀਟਾਂ ਦੀ ਜੀਵਨੀ ਦੇ ਜਿਸ ਅਵਿਕਸਿਤ ਪੜਾਅ ਨੂੰ ਪਿਊਪਾ ਸੱਦਿਆ ਜਾਂਦਾ ਹੈ, ਜੇਕਰ ਉਹ ਝਿੱਲੀ ਨਾਲ ਕੱਜਿਆ ਹੋਵੇ, ਤਦ ਉਸ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Occipital (ਆੱਕਸਿਪਿਟਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਆੱਕਸਿਪੱਟ (occiput) ਹੈ, ਜਿਸ ਦੇ ਅਰਥ ਹਨ 'ਸਿਰ ਦੇ ਪਿਛਲੇ ਪਾਸੇ' ਦੇ। ਸਿਰ ਦੇ ਪਿਛਲੇ ਪਾਸੇ ਨਾਲ ਸਬੰਧਤਾ ਦਰਸਾਉਣ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Occiput (ਆੱਕਸਿਪੱਟ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸਿਰ ਦੇ ਪਿਛਲੇ ਪਾਸੇ' ਦੇ। ਸਿਰ ਦੇ ਪਿਛਲੇ ਪਾਸੇ ਦੀ ਹੱਡੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Oceanic (ਓਸ਼ਿਐਨਕ)

ਇਸ ਪਦ ਦਾ ਮੂਲ ਓਸ਼ਨ (ocean) ਹੈ, ਜਿਸ ਦੇ ਅਰਥ ਹਨ 'ਮਹਾਂਸਾਗਰ' ਦੇ ਅਤੇ ਸਾਗਰ ਨਾਲ ਸਬੰਧ ਦਰਸਾਉਣ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Ochre codon (ਓਕਰੱ ਕੋਡਾਨ)

ਇਸ ਪਦ 'ਚ ਕੋਡਾਨ ਦੇ ਵਿਸ਼ੇਸ਼ਣ ਵਜੋਂ ਵਰਤੇ ਗਏ ਓਕਰੱ ਦੇ ਅਰਥ ਹਨ 'ਗੇਰੂ ਰੰਗ ਦੀ ਮਿੱਟੀ' ਦੇ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਉਪਰੋਕਤ ਪਦ ਦਾ ਉਪਯੋਗ ਆਰ ਐਨ ਏ ਅੰਦਰਲੇ UAA ਕੋਡਾਨ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਿਹੜਾ ਕਿ ਪ੍ਰੋਟੀਨ-ਸੰਸ਼ਲੇਸ਼ਣ ਦੀ ਪ੍ਰਕ੍ਰਿਆ ਦੇ ਸੰਪੰਨ ਹੋਣ ਦਾ ਸੰਕੇਤਕ ਚਿੰਨ੍ਹ ਹੈ।

Ocular (ਆੱਕਯੂਲਰ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਆੱਕਯੂਲਸ (oculus) ਹੈ, ਜਿਸ ਦੇ ਅਰਥ ਹਨ 'ਅੱਖ' ਦੇ। ਅੱਖ ਨਾਲ ਸਬੰਧਤਾ ਦਰਸਾਉਣ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜ਼ਾਂਦਾ ਹੈ।

Odonata (ਆੱਡਾੱਨੇਟਾ)

ਕੀਟਾਂ ਦੇ ਇਕ ਮਹੱਤਵ ਵਰਗ ਦਾ ਇਹ ਨਾਮ ਹੈ, ਜਿਸ 'ਚ ਡਰੈਗਨ ਅਤੇ ਡੈਮਜ਼ਲ ਮੱਖੀਆਂ (dragon flies & damsel flies) ਸ਼ਾਮਲ ਹਨ। ਇਨ੍ਹਾਂ ਮੱਖੀਆਂ ਦੇ ਪਾਰਦਰਸ਼ੀ ਇਕਸਮਾਨ ਪਰ ਹਨ ਅਤੇ ਇਨ੍ਹਾਂ ਦੇ ਜਲਵਾਸੀ ਲਾਰਵਿਆਂ ਨੂੰ ਨੈਡ (naiad) ਸੱਦਿਆ ਜਾਂਦਾ ਹੈ, ਜਿਹੜੇ ਹੋਰਨਾਂ ਕੀਟਾਂ ਦਾ ਸ਼ਿਕਾਰ ਕਰਕੇ ਆਪਣਾ ਪੇਟ ਭਰਦੇ ਹਨ। ਇਸ ਪ੍ਰਕਾਰ, ਇਹ, ਮੱਛਰ ਅਤੇ ਮੱਛਰ ਜਿਹੇ ਹੋਰਨਾਂ ਕੀਟਾਂ ਦੀ ਵਸੋਂ ਨੂੰ ਨਿਯੰਤ੍ਰਿਤ ਕਰਨ ਦਾ ਕੁਦਰਤੀ ਸਾਧਨ ਹਨ।

Odontology (ਅਡੰਟੱਲੱਜਿ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਅਡੱਸ (odous), ਜਿਸ ਦੇ ਅਰਥ ਹਨ 'ਦੰਦ' ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਦੰਦਾਂ ਨਾਲ ਹੈ।

Oesophagus (ਈਸਾੱਫੇਗੱਸ)

ਇਹ ਇਕ ਯੂਨਾਨੀ ਸ਼ਬਦ ਦਾ ਬਦਲਿਆ ਰੂਪ ਹੈ, ਜਿਸ ਦੇ ਆਪਣੇ ਅਰਥ 'ਗਲੇ' ਦੇ ਹਨ। ਪਾਚਨ-ਨਾਲੀ ਦੇ ਸੰਘ ਅਤੇ ਮਿਹਦੇ ਵਿਚਕਾਰਲੇ ਭਾਗ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Olfactory (ਆੱਲਫ਼ੈਕਟਰਿ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਆੱਲਫ਼ੇਸਰਿ (olfaccere) ਹੈ, ਜਿਸ ਦੇ ਅਰਥ ਹਨ 'ਸੁੰਘਣ' ਦੇ। ਸੁੰਘਣ ਦੀ ਪ੍ਰਕ੍ਰਿਆ ਨਾਲ ਸਬੰਧਤਾ ਦਰਸਾਉਣ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Oligocene (ਅਲਿਗੱਸੀਨ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਅਲਿਗਸ (oligos), ਜਿਸ ਦੇ

ਅਰਥ ਹਨ 'ਥੋੜੇ' ਦੇ ਅਤੇ ਦੂਜਾ ਕੇਨੌੱਸ (kainos), ਜਿਸ ਦੇ ਅਰਥ ਹਨ 'ਵਰਤਮਾਨ' ਦੇ। ਵਰਤਮਾਨ, ਭਾਵ ਸੀਨੌੱਜ਼ੁਇਕ (cenozoic) ਦੌਰ ਦੇ ਉਸ ਕਾਲ (epoch) ਦਾ ਇਹ ਨਾਮ ਹੈ, ਜਿਸ ਦਾ ਆਰੰਭ ਅੱਜ ਤੋਂ 3.8 ਕ੍ਰੋੜ ਵਰ੍ਹੇ ਪਹਿਲਾਂ ਹੋਇਆ ਸੀ ਅਤੇ ਅੰਤ ਅੱਜ ਤੋਂ 2.5 ਕ੍ਰੋੜ ਵਰ੍ਹੇ ਪਹਿਲਾਂ। ਇਸ ਕਾਲ ਦੌਰਾਨ ਪੁਰਾਣੀਆਂ ਪਸ਼ੂ ਨਸਲਾਂ ਲੁਪਤ ਹੋ ਰਹੀਆਂ ਸਨ ਅਤੇ ਨਵੀਆਂ ਪਸ਼ੂ ਨਸਲਾਂ 'ਚੋਂ ਕੁਝ ਦਾ ਵਿਕਾਸ ਆਰੰਭ ਹੋ ਗਿਆ ਸੀ।

Oligochaeta (ਅਲਿਗੌੱਕੀਟੌੱ)

ਅਨੌੱਲਿਡ (annelid) ਕਬੀਲੇ ਦੇ ਉਸ ਵਰਗ ਦਾ ਇਹ ਨਾਮ ਹੈ, ਜਿਸ 'ਚ ਗੰਡੋਏ ਮਲ੍ਹੱਪ ਸ਼ਾਮਲ ਹਨ। ਇਨ੍ਹਾਂ ਮਲ੍ਹੱਪਾਂ ਦੇ ਖੰਡਦਾਰ ਸਰੀਰ ਹਨ ਅਤੇ ਦੋਵੇਂ ਲਿੰਗਾਂ ਦਾ ਇਕ ਹੀ ਜੀਵ, ਇਕੋ ਸਮੇਂ, ਮਾਲਿਕ ਹੁੰਦਾ ਹੈ।

Oligophagous (ਅਲਿਗੌੱਫ਼ੇਗੌੱਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਇਕ ਅਲਿਗਸ (oligos), ਜਿਸ ਦੇ ਅਰਥ ਹਨ 'ਥੋੜ੍ਹੇ' ਦੇ ਅਤੇ ਦੂਜਾ ਫੇਜੀਨ (phagein), ਜਿਸ ਦੇ ਅਰਥ ਹਨ 'ਖਾਣ' ਦੇ। ਉਨ੍ਹਾਂ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ ਜਿਨ੍ਹਾਂ ਦਾ ਭੋਜਨ ਵੰਨਗੀ ਰਹਿਤ ਹੈ।

Oligotrophic (ਅਲਿਗੌੱਟ੍ਰਾਫ਼ਿਕ)

ਦੋ ਯੂਨਾਨੀ ਸ਼ਬਦ ਇਸ ਪਦ ਨੂੰ ਰਚਨਹਾਰੇ ਹਨ, ਪਹਿਲਾ ਅਲਿਗਸ (oligos), ਜਿਸ ਦੇ ਅਰਥ ਹਨ 'ਥੋੜ੍ਹੇ' ਦੇ ਅਤੇ ਦੂਜਾ ਟ੍ਰਾਫ਼ੀ (trophe), ਜਿਸ ਦੇ ਅਰਥ ਹਨ 'ਅਹਾਰ' ਦੇ। ਅਜਿਹੇ ਜਲ-ਭੰਡਾਰਾਂ ਲਈ ਉਪਰੋਕਤ ਪਦ ਦਾ ਉਪਯੋਗ ਉਚਿਤ ਹੈ, ਜਿਨ੍ਹਾਂ ਦੇ ਆਕਸੀਜਨ ਰਚੇ ਨਿਰਮਲ ਜਲ 'ਚ ਜਲ ਜਾਂ ਬੂਟੀਆਂ ਦੀ ਬਹੁਤਾਤ ਨਹੀਂ ਹੁੰਦੀ।

Omasum (ਅਮੇਸਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪੇਟ' ਦੇ। ਜੁਗਾਲੀ ਕਰਨ ਵਾਲੇ ਪਸ਼ੂਆਂ ਦਾ ਮਿਹਦਾ ਚਾਰ ਭਾਗਾਂ 'ਚ ਵੱਖ ਹੋਇਆ ਹੈ, ਅਤੇ ਇਨ੍ਹਾਂ 'ਚੋਂ ਤੀਜੇ ਭਾਗ ਦਾ ਉਪਰੋਕਤ ਨਾਮ ਹੈ, ਜਿਸ ਅੰਦਰ ਜੁਗਾਲੀ ਉਪਰੰਤ ਭੋਜਨ ਹਜ਼ਮ ਹੋਣ ਲਈ ਪ੍ਰਵੇਸ਼ ਕਰਦਾ ਹੈ।

Ommatidium (ਆਮੈੱਟਿਡੀਅਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਆਮੈੱਸ਼ਨ (ommation) ਹੈ, ਜਿਸ ਦੇ ਅਰਥ ਹਨ 'ਨਿਕੀ ਅੱਖ' ਦੇ। ਕੀਟ ਦੀ ਅੱਖ ਹਜ਼ਾਰਾਂ ਇਕਾਈਆਂ ਦਾ ਸਮੂਹ ਹੈ, ਇਸੇ ਲਈ ਜਿਸ ਨੂੰ ਸੰਯੁਕਤ (compound) ਅੱਖ ਸੱਦਿਆ ਜਾਂਦਾ ਹੈ। ਇਸ ਅੱਖ ਦੀ ਹਰ ਇਕ ਇਕਾਈ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਕਿ ਆਪਣਾ ਵਖਰਾ ਲੈਂਜ਼ (lens) ਹੈ ਅਤੇ ਆਪਣਾ ਵਖਰਾ ਕਾਰਨੀਆ (cornea) ਹੈ।

Omnivore (ਔੱਮਨਿਵਰ)

ਦੋ ਲਾਤੀਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ। ਇਨ੍ਹਾਂ 'ਚੋਂ ਪਹਿਲਾ ਹੈ ਔੱਮਨਿਸ (omnis), ਜਿਸ ਦੇ ਅਰਥ ਹਨ 'ਸਭ' ਦੇ ਅਤੇ ਦੂਜਾ ਹੈ ਵਰੇਰੌੱ (vorare), ਜਿਸ ਦੇ ਅਰਥ ਹਨ 'ਗ੍ਰਸਣ' ਦੇ। ਹਰ ਪ੍ਰਕਾਰ ਦੇ ਭੋਜਨ ਨੂੰ ਆਪਣਾ ਆਹਾਰ ਬਣਾ ਲੈਣ ਵਾਲੇ ਪ੍ਰਾਣੀਆਂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Oncogene (ਆਂਗਕੌੱਜੀਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਆਂਗਕੌੱਸ (ongkos) ਹੈ, ਜਿਸ ਦੇ ਅਰਥ ਹਨ 'ਕੁੰਡੀ' ਦੇ ਅਤੇ ਉਸ ਪ੍ਰਕਾਰ ਦੇ ਜੀਨ ਨੂੰ ਇਸ ਨਾਮ ਨਾਲ ਸੱਦਿਆ ਜਾਂਦਾ ਹੈ, ਜਿਹੜਾ ਕੈਂਸਰ ਰੋਗ ਦਾ ਕਾਰਨ ਬਣਦਾ ਹੈ।

Oncogenic (ਆਂਗਕੱਜੈਨਿਕ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਮੂਲ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਆਂਗਕੱਸ (ongkos), ਜਿਸ ਦੇ ਅਰਥ ਹਨ ‘ਕੁੰਡੀ’ ਦੇ ਅਤੇ ਦੂਜਾ ਹੈ, ਜੇਨੱਸ (genos), ਜਿਸ ਦੇ ਅਰਥ ਹਨ ‘ਜਨਮ’ ਦੇ। ਜਿਸ ਕਾਰਨ ਵੀ ਸਰੀਰ ਅੰਦਰ ਕੈਂਸਰ ਰੋਗ ਉਪਜਦਾ ਹੈ, ਇਹ ਭਾਵੇਂ ਵਿਸ਼ਾਣੂ ਹੋਵੇ, ਭਾਵੇਂ ਰਸਾਇਣ ਅਤੇ ਭਾਵੇਂ ਰੇਡਿਆਈ ਕਿਰਨਾਂ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Oncogenesis (ਆਂਗਕੱਜੈਨੇਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਆਂਗਕੱਸ (ongkos), ਜਿਸ ਦੇ ਅਰਥ ਹਨ ‘ਕੁੰਡੀ’ ਦੇ ਅਤੇ ਦੂਜਾ ਜੈਨੇਸਿਸ (genesis), ਜਿਸ ਦੇ ਅਰਥ ਹਨ ‘ਜਨਮ’ ਦੇ। ਉਪਰੋਕਤ ਪਦ ਉਸ ਪ੍ਰਕ੍ਰਿਆ ਲਈ ਵਰਤਿਆ ਜਾਂਦਾ ਹੈ, ਜਿਸ ਦੁਆਰਾ ਸਰੀਰ ਕੈਂਸਰ ਦਾ ਰੋਗੀ ਬਣ ਜਾਂਦਾ ਹੈ।

Oncology (ਆਂਗਕੱਲੱਜਿ)

ਦੋ ਯੂਨਾਨੀ ਸ਼ਬਦ ਇਸ ਪਦ ਨੂੰ ਰਚਨਹਾਰੇ ਹਨ, ਪਹਿਲਾ ਆਂਗਕੱਸ (ongkos), ਜਿਸ ਦੇ ਅਰਥ ਹਨ ‘ਕੁੰਡੀ’ ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ ‘ਅਧਿਐਨ’ ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਇਹ ਨਾਮ ਹੈ, ਜਿਸ ਦਾ ਸਬੰਧ ਕੈਂਸਰ ਰੋਗ ਦੇ ਹਰ ਪੱਖ ਨਾਲ ਹੈ।

Ontogeny (ਆੱਨਟੱਜਨਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਆੱਨਟੱਸ (ontos), ਜਿਸ ਦੇ ਅਰਥ ਹਨ ‘ਵਿਅਕਤੀਗਤ ਹੋਂਦ’ ਦੇ ਅਤੇ ਦੂਜਾ ਹੈ ਜੈਨੇਸਿਸ (genesis), ਜਿਸ ਦੇ ਅਰਥ ਹਨ ‘ਜਨਮ’ ਦੇ ਜਾਂ ‘ਉਤਪਤੀ’ ਦੇ। ਨਿਸ਼ੇਚਿਆ ਅੰਡਾ ਨਵਜੀਵ ਦਾ ਰੂਪ ਧਾਰਨ ਕਰਨ ਲਈ, ਪ੍ਰਗਤੀ ਦਿਆਂ ਜਿਹੜਿਆਂ ਪੜਾਵਾਂ 'ਚੋਂ ਦੀ ਪਾਰ ਹੁੰਦਾ ਹੈ, ਉਨ੍ਹਾਂ ਦੇ ਸਾਮੂਹਿਕ ਵਿਸਥਾਰ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Onychophora (ਆੱਨਕੱਫ਼ਾੱਰਾ)

ਜੀਵਨ ਦੇ ਵਿਕਾਸ ਦੇ ਪ੍ਰਸੰਗ 'ਚ, ਇਕ ਅਤੀ ਮਹੱਤਵ ਪ੍ਰਾਣੀ ਕਬੀਲੇ ਦਾ ਇਹ ਨਾਮ ਹੈ, ਜਿਸ ਦੀ ਪ੍ਰਤੀਨਿਧਤਾ ਕੇਵਲ ਇਕੋ ਇਕ, ਪੇੱਰਿਪੇਟਸ (Peripatus) ਸੱਦੀ ਜਾਂਦੀ ਪ੍ਰਜਾਤੀ ਕਰਦੀ ਹੈ। ਇਹ ਬਹੁਟੰਗਾ ਮਲ੍ਹੱਪ ਅਨੇੱਲਿਡਾ ਅਤੇ ਆਰਥਰੋੱਪੋਡਾ ਕਬੀਲਿਆਂ ਦੀਆਂ ਮੂਲ ਵਿਸ਼ੇਸ਼ਤਾਵਾਂ ਦਾ ਮਿਲਵਾਂ ਪ੍ਰਗਟਾਵਾ ਕਰਦਾ ਹੈ।

Oocyte (ਓਅਸਾਇਟ)

ਦੋ ਯੂਨਾਨੀ ਸ਼ਬਦ, ਓਅਨ (oon) ਅਤੇ ਕਿਟਸ (kytos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਅੰਡੇ’ ਦੇ ਅਤੇ ‘ਖੋਖਲੇ’ ਦੇ। ਉਸ ਸੈੱਲ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਨੇ ਨਿਸ਼ੇਚੇ ਜਾਣ ਵਾਲੇ ਅੰਡੇ 'ਚ ਬਦਲਣਾ ਹੁੰਦਾ ਹੈ।

Oogamous (ਓਅਗੋੱਮਸ)

ਇਸ ਪਦ ਦਾ ਮੂਲ ਦੋ ਯੂਨਾਨੀ ਸ਼ਬਦ ਹਨ, ਪਹਿਲਾ ਓਅਨ (oon), ਜਿਸ ਦੇ ਅਰਥ ਹਨ ‘ਅੰਡੇ’ ਦੇ ਅਤੇ ਦੂਜਾ ਗੇਮੱਸ (gamos), ਜਿਸ ਦੇ ਅਰਥ ਹਨ ‘ਸ਼ਾਦੀ’ ਦੇ। ਉਨ੍ਹਾਂ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦੇ ਪ੍ਰਜਣਨ ਦੀ ਕ੍ਰਿਆ ਦਾ ਆਧਾਰ ਦੋ ਵੱਖਰੀ ਪ੍ਰਕਾਰ ਦੇ ਪ੍ਰਜਣਨ-ਸੈੱਲ, ਭਾਵ ਅੰਡਾ ਅਤੇ ਸ਼ੁਕਰਾਣੂ ਹਨ।

Oogamy (ਓਅਗੋੱਮਿ)

ਦੋ ਯੂਨਾਨੀ ਸ਼ਬਦ, ਓਅਨ (oon) ਅਤੇ ਗੇਮੱਸ (gamos), ਇਸ ਪਦ ਨੂੰ ਰਚਨਹਾਰੇ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਅੰਡੇ’ ਦੇ ਅਤੇ

'ਸ਼ਾਦੀ' ਦੇ। ਉਪਰੋਕਤ ਪਦ ਅੰਡੇ ਦੇ ਸ਼ੁਕਰਾਣੂ ਦੁਆਰਾ ਨਿਸ਼ੇਚੇ ਜਾਣ ਦੀ ਪ੍ਰਕ੍ਰਿਆ ਨੂੰ ਦਰਸਾਉਂਦਾ ਹੈ।

Oogenesis (ਓਅਜੈਨੇਸਿਸ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਹ ਹਨ ਓਅਨ (oon) ਅਤੇ ਜੈਨੇਸਿਸ (genesis), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅੰਡੇ' ਦੇ ਅਤੇ 'ਉਤਪਤੀ' ਦੇ। ਅੰਡੇ ਦੇ ਉਪਜਣ ਅਤੇ ਇਸ ਦੇ ਪੱਕਣ ਨਾਲ ਸਬੰਧਤ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Oogonium (ਓਅਗੋਨਿਅਮ)

ਇਸ ਪਦ ਦਾ ਮੂਲ ਦੋ ਯੂਨਾਨੀ ਸ਼ਬਦ ਹਨ, ਪਹਿਲਾ ਓਅਨ (oon), ਜਿਸ ਦੇ ਅਰਥ ਹਨ 'ਅੰਡੇ' ਦੇ ਅਤੇ ਦੂਜਾ ਗੋਨਸ (gonos), ਜਿਸ ਦੇ ਅਰਥ ਹਨ 'ਜਨਮ ਦੇਣ' ਦੇ। ਅੰਡਕੋਸ਼ ਅੰਦਰਲੇ ਉਸ ਸੈੱਲ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਨੇ ਅਗਾਂਹ ਚਲ ਕੇ, ਅੰਡੇ ਦਾ ਰੂਪ ਧਾਰਨ ਕਰਨ ਵਾਲਾ ਓਅਸਾਇਟ ਬਣ ਜਾਣਾ ਹੁੰਦਾ ਹੈ।

Ooze (ਊਜ਼)

ਸਾਗਰ ਦੀ ਥਲਵੀਂ ਤਹਿ ਉਪਰ ਵਿਛੀ ਗਾਦ ਲਈ ਉਪਰੋਕਤ ਪਦ ਵਿਸ਼ੇਸ਼ ਵਰਤਿਆ ਜਾਂਦਾ ਹੈ, ਜਿਸ ਅੰਦਰ ਮਹੀਨ ਪ੍ਰਾਣੀਆਂ ਦੇ ਪਿੰਜਰ ਰਚੇ ਹੋਏ ਹੁੰਦੇ ਹਨ।

Operator (ਆੱਪਰੇਟਰ)

ਸਾਧਾਰਣ ਵਰਤੋਂ 'ਚ ਆਉਣ ਵਾਲੇ ਇਸ ਸ਼ਬਦ ਦੇ ਅਰਥ ਹਨ 'ਚਾਲਕ' ਦੇ। ਜੀਨ ਦੀ ਪ੍ਰਕ੍ਰਿਆ ਨੂੰ ਨਿਯੰਤਰਿਤ ਕਰਦੀ ਡੀ ਐਨ ਏ ਦੀ ਉਸ ਟੁਕੜੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀ ਕਿ ਜੀਨ ਦੇ ਨਾਲ ਲਗਦੀ ਸਥਿਤ ਹੁੰਦੀ ਹੈ।

Operon (ਆੱਪਰਾੱਨ)

ਇਸ ਫਰਾਂਸੀਸੀ ਸ਼ਬਦ ਦੇ ਅਰਥ ਹਨ 'ਉਦਮੀ ਸੰਚਾਲਣ' ਦੇ। ਕ੍ਰੋਮੋਸੋਮ ਉਪਰ ਨਾਲ ਨਾਲ ਸਥਿਤ ਜੀਨਾਂ ਦੇ ਸਮੂਹ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਨ੍ਹਾਂ ਦੀ ਸਹਿਚਾਰੀ ਕ੍ਰਿਆ ਕਾਰਨ ਪ੍ਰੋਟੀਨੀ ਅਣੂ ਜਾਂ ਐਨਜ਼ਾਈਮ ਦਾ ਜਨਮ ਹੁੰਦਾ ਹੈ।

Ophthalmology (ਆੱਫਥੈਲਮਾੱਲੱਜਿ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਮੂਲ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਆੱਫਥੈਲਮੱਸ (opthalmos), ਜਿਸ ਦੇ ਅਰਥ ਹਨ 'ਅੱਖ' ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਸਿਹਤ ਵਿਗਿਆਨ ਦੀ ਉਸ ਸ਼ਾਖ ਦਾ ਉਪਰੋਕਤ ਸਿਰਲੇਖ ਹੈ, ਜਿਸ ਅਧੀਨ ਅੱਖ ਅਤੇ ਇਸ ਨਾਲ ਸਬੰਧਤ ਵਿਸ਼ਿਆਂ ਬਾਰੇ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ।

Opisthognathous (ਔਪਿਸਥਾਗਨੈਥਸ)

ਇਸ ਸ਼ਬਦ ਦਾ ਆਧਾਰ ਦੋ ਯੂਨਾਨੀ ਸ਼ਬਦ, ਔਪਿਸਥੱ (opisthe) ਅਤੇ ਗਨੈਥਸ (gnathos) ਹਨ ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪਿਛਾਂਹ' ਦੇ ਅਤੇ 'ਜਬਾੜ੍ਹੇ' ਦੇ। ਠੋਡੀ ਦੇ ਉਭਾਰ ਬਿਨਾਂ ਜਬਾੜ੍ਹੇ ਦੀ ਪਿਛਾਂਹ ਹਟਵੀਂ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਕੀਟਾਂ ਦੇ ਅਜਿਹੇ ਮੂੰਹ-ਉਪਅਾਂਗਾਂ (mouth-parts) ਲਈ ਵੀ ਉਪਰੋਕਤ ਪਦ ਦਾ ਹੀ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਕਿ ਸਿਰ ਹੇਠ, ਪਿਛਾਂਹ ਹਟਵੇਂ ਸਥਿਤ ਹੁੰਦੇ ਹਨ।

Optic (ਆੱਪਟਿਕ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਆੱਪਸਿਸ (opsis) ਹੈ, ਜਿਸ ਦੇ ਅਰਥ ਹਨ ਦ੍ਰਿਸ਼ਟੀ ਦੇ। ਉਪਰੋਕਤ ਪਦ ਦ੍ਰਿਸ਼ਟੀ ਨਾਲ ਸਬੰਧਤਾ ਦਰਸਾਉਣ ਲਈ ਵਰਤਿਆ ਜਾਂਦਾ ਹੈ।

Optimum (ਆੱਪਟਿਮਮ)

ਇਹ ਲਾਤਨੀ ਸ਼ਬਦ ਹੈ ਅਤੇ ਇਸ ਦੇ

ਅਰਥ ਹਨ'ਅਧਿਕਤਮ'ਦੇ। ਜੀਵ ਲਈ ਅਨੁਕੂਲਤਮ ਵਾਤਾਵਰਣ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਹੁੰਦੀ ਹੈ।

Oral (ਆਰੱਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਅੱਸ (os) ਹੈ, ਜਿਸ ਦੇ ਅਰਥ ਹਨ 'ਮੂੰਹ' ਦੇ। ਮੂੰਹ ਨਾਲ ਸਬੰਧਤਾ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Orbit (ਅੱਰਬਿਟ)

ਲਾਤੀਨੀ ਸ਼ਬਦ, ਅੱਰਬਿਸ (orbis) ਇਸ ਸ਼ਬਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਅੱਖ ਦੀ ਕਟੋਰੀ' ਦੇ। ਖੋਪੜੀ ਜਾਂ ਕਪਾਲ ਦੀ ਜਿਸ ਘੇਰੇਦਾਰ ਡੂੰਘ ਅੰਦਰ ਅੱਖ ਸਥਿਤ ਹੈ, ਉਸੇ ਲਈ ਇਸ ਪਦ ਦਾ ਉਪਯੋਗ ਹੋ ਰਿਹਾ ਹੈ।

Orchidaceae (ਅੱਰਕਿਡੇਸੀ)

ਇਸ ਪਦ ਦਾ ਆਧਾਰ ਅੱਰਕਿਡ (orchid) ਹੈ, ਜਿਹੜਾ ਕਿ ਉਸ ਬੂਟੇ ਦਾ ਨਾਮ ਹੈ, ਜਿਸ ਨਾਲ ਸ਼ਿੰਗਾਰ ਲਈ ਵਰਤੋਂ 'ਚ ਆ ਰਹੇ ਰੰਗ-ਬਰੰਗੇ ਫੁੱਲ ਲਗਦੇ ਹਨ।ਅੱਰਕਿਡ ਪੌਦਿਆਂ ਦੇ ਕੁਟੰਬ ਲਈ ਹੀ ਉਪਰੋਕਤ ਪਦ ਦਾ ਉਪਯੋਗ ਹੋ ਰਿਹਾ ਹੈ।

Order (ਅੱਰਡਰ)

ਜੀਵਾਂ ਦੀ ਵਰਗਕੀ ਵੰਡ ਦੀ ਇਕ ਇਕਾਈ ਦਾ ਇਹ ਨਾਮ ਹੈ। ਇਸ ਪਦ ਦਾ ਉਲੱਥਾ 'ਵਰਗ' ਹੈ, ਅਤੇ ਇਹ ਜੀਵਾਂ ਦੇ ਨਜ਼ਦੀਕੀ ਕੁਟੰਬਾਂ ਦੇ ਸਮੂਹ ਲਈ ਵਰਤਿਆ ਜਾਂਦਾ ਹੈ। ਇਕ ਦੂਜੇ ਨਾਲ ਨਾਤਾ ਰੱਖਣ ਵਾਲੇ ਅੱਰਡਰਾਂ ਜਾਂ ਵਰਗਾਂ ਨੂੰ, ਫਿਰ ਅਗੋਂ, ਕਲਾਸ ਜਾਂ ਸ਼੍ਰੇਣੀ 'ਚ ਦਲਬੰਦ ਕੀਤਾ ਜਾਂਦਾ ਹੈ।

Ore (ਅੱਰ)

ਧਾਤ ਰਚੇ ਹੋਏ ਖਣਿਜ, ਪੱਥਰ ਜਾਂ ਚਟਾਨ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦੇ ਸ਼ਾਬਦਕ ਅਰਥ 'ਕੱਚੀ ਧਾਤ' ਦੇ ਹਨ।

Ordovician (ਅੱਰਡੱਵਿਸ਼ਿਅਨ)

ਜੀਵਨ ਦੇ ਇਤਿਹਾਸ ਦੇ ਸਭਨਾਂ ਨਾਲੋਂ ਪੁਰਾਣੇ ਦੌਰ ਦੇ, ਇਕ ਨੂੰ ਛੱਡ ਕੇ, ਹੋਰਨਾਂ ਸਭਨਾਂ ਤੋਂ ਪੁਰਾਣੇ ਯੁਗ ਦਾ ਇਹ ਨਾਮ ਹੈ, ਜਿਸ ਦਾ ਆਰੰਭ ਅੱਜ ਤੋਂ 50 ਕ੍ਰੋੜ ਵਰ੍ਹੇ ਪਹਿਲਾਂ ਹੋਇਆ ਸੀ ਅਤੇ ਜਿਹੜਾ 7 ਕੋੜ ਵਰ੍ਹੇ ਚਲਦਾ ਰਿਹਾ ਸੀ। ਇਸ ਯੁਗ ਦੌਰਾਨ ਰੀੜ੍ਹ-ਸਹਿਤ ਪ੍ਰਾਣੀ ਹਾਲੀਂ ਹੋਂਦ 'ਚ ਨਹੀਂ ਸਨ ਆਏ।

Organ (ਆਰਗਨ)

ਯੂਨਾਨੀ ਸ਼ਬਦ, ਆਰਗਾੱਨਨ (organon)ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਉਪਕਰਨ' ਦੇ। ਸਰੀਰ ਦੇ ਹਰ ਇਕ ਅਜਿਹੇ ਭਾਗ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾ ਸਕਦਾ ਹੈ, ਜਿਹੜਾ ਵਿਸ਼ੇਸ਼ ਕ੍ਰਿਆ ਨਿਭਾਉਣ ਲਈ ਰਾਖਵਾਂ ਹੈ।

Organelle (ਆਰਗੇਨੈਲੀ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਆਰਗਾੱਨਨ (organon) ਹੈ, ਜਿਸ ਦੇ ਅਰਥ ਹਨ 'ਉਪਕਰਨ' ਦੇ।ਸੈੱਲ ਦੀ ਪੱਧਰ ਉਪਰ ਵਾਪਰ ਰਹੀਆਂ ਪ੍ਰਕ੍ਰਿਆਵਾਂ ਵੀ, ਵੱਖ ਵੱਖ, ਇਸ ਅੰਦਰਲੀਆਂ ਇੰਦਰੀਆਂ ਸਪੁਰਦ ਹਨ, ਜਿਨ੍ਹਾਂ ਲਈ ਉਪਰੋਕਤ ਪਦ ਬਹੁ-ਵਚਨ ਵਜੋਂ ਵਰਤਿਆ ਜਾਂਦਾ ਹੈ।

Organism (ਆਰਗੇਨਿਜ਼ਮ)

ਯੂਨਾਨੀ ਸ਼ਬਦ, ਆਰਗਾੱਨਨ (organon) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ 'ਉਪਕਰਨ' ਦੇ। ਪਲ ਪਲ ਜੈਵਿਕ ਪ੍ਰਕਿਆਵਾਂ ਪੂਰੀਆਂ ਕਰ ਰਹੇ ਜੀਵ ਦੇ ਸਮੁੱਚੇ ਸਰੀਰ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਕਿ ਅੰਗਾਂ ਦੀਆਂ ਬਣੀਆਂ ਅੰਗ-

ਪ੍ਰਣਾਲੀਆਂ ਦਾ ਏਕੀਕਾਰਕ ਸਰੂਪ ਹੁੰਦਾ ਹੈ।

Organogen (ਆਰਗੇਨੱਜੈਨ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਹ ਹਨ ਆਰਗੱਨਨ (organon) ਅਤੇ ਜੈਨੇੱਈਨ (gennaein); ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਉਪਕਰਨ' ਦੇ ਅਤੇ 'ਉਤਪੰਨ ਕਰਨ' ਦੇ। ਜੀਵ ਦੇ ਸਰੀਰ ਨੂੰ ਉਸਾਰਦੇ ਮੂਲ ਤੱਤਾਂ ਚੋਂ ਹਰ ਇਕ ਲਈ ਉਪਰੋਕਤ ਪਦ ਵਰਤਿਆ ਜਾ ਸਕਦਾ ਹੈ: ਕਾਰਬਨ ਲਈ, ਹਾਈਡ੍ਰੋਜਨ ਲਈ, ਆਕਸੀਜਨ ਲਈ, ਨਾਈਟ੍ਰੋਜਨ ਲਈ ਇਤਿਆਦਿ।

Organogenesis (ਆਰਗੇਨੱਜੈਨੱਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਆਰਗੱਨਨ (organon), ਜਿਸ ਦੇ ਅਰਥ ਹਨ 'ਉਪਕਰਨ' ਦੇ ਅਤੇ ਦੂਜਾ ਜੈਨੇਸਿਸ (genesis), ਜਿਸ ਦੇ ਅਰਥ ਹਨ 'ਉਤਪਤੀ' ਦੇ। ਸਰੀਰ ਦੀ ਹੋ ਰਹੀ ਪ੍ਰਗਤੀ ਦੌਰਾਨ ਜਦ ਅੰਗਾਂ ਦਾ ਨਿਰਮਾਣ ਹੋਣ ਲਗਦਾ ਹੈ, ਉਸ ਪਰਿਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Organotroph (ਆਰਗੈਨੱਟ੍ਰਾਫ)

ਉਸ ਜੀਵ ਲਈ ਇਹ ਪਦ ਰਾਖਵਾਂ ਹੈ, ਜਿਹੜਾ ਅਵੈਵੀ, ਭਾਵ ਆਰਗੈਨਿਕ (organic) ਪਦਾਰਥਾਂ ਉਪਰ ਨਿਰਭਰ ਜੀਵਨ ਭੋਗਦਾ ਹੈ।

Oriental (ਅਰਿਐਂਟਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਅਰਿਐਂਟੌੱਲਿਸ (orientalis) ਹੈ, ਜਿਸ ਦੇ ਅਰਥ ਹਨ 'ਪੂਰਬੀ' ਦੇ। ਜੀਵਾਂ ਦੀ ਵੰਨਗੀ ਨੂੰ ਆਧਾਰ ਬਣਾ ਕੇ ਭੂਗੋਲ ਨੂੰ ਖੇਤਰਾਂ 'ਚ ਵੰਡਿਆ ਗਿਆ ਹੈ, ਜਿਨ੍ਹਾਂ ਚੋਂ ਇਕ ਦਾ ਉਪਰੋਕਤ ਸਿਰਲੇਖ ਹੈ ਅਤੇ ਜਿਸ 'ਚ ਸ਼ਾਮਲ ਦੇਸ਼ ਹਨ: ਭਾਰਤ, ਲੰਕਾ, ਬਰਮਾ, ਮਲੇਸ਼ੀਆ, ਥਾਈਲੈਂਡ, ਕੰਬੋਡੀਆ ਅਤੇ ਦੱਖਣੀ ਚੀਨ।

Orifice (ਆੱਰਫ਼ਿਸ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਮੂੰਹ' ਦੇ ਜਾਂ 'ਮੋਰੀ' ਦੇ। ਪ੍ਰਾਣੀ ਦੇ ਮੂੰਹ ਲਈ ਅਤੇ ਜਾਂ ਫਿਰ ਇਸ ਦੇ ਕਿਸੀ ਨਲਕੀਦਾਰ ਅੰਗ ਦੀ ਝੀਥ ਜਾਂ ਮੋਰੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Ornithology (ਆੱਰਨਿਥਾੱਲੱਜਿ)

ਦੋ ਯੂਨਾਨੀ ਸ਼ਬਦ, ਆੱਰਨਿਸ (ornis) ਅਤੇ ਲੋਗੱਸ (logos), ਇਸ ਪਦ ਨੂੰ ਰਚਨਹਾਰੇ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਪੰਛੀ' ਦੇ ਅਤੇ ਦੂਜੇ ਦੇ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਸਿਰਲੇਖ ਹੈ, ਜਿਸ ਦਾ ਸਬੰਧ ਪੰਛੀਆਂ ਪ੍ਰਤੀ ਗਿਆਨ ਨਾਲ ਹੈ।

Orthogenesis (ਆੱਰਥੱਜੈਨੇਸਿਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਇਕ ਆੱਰਥੱਸ (orthos), ਜਿਸ ਦੇ ਅਰਥ ਹਨ 'ਸੇਧ' ਦੇ ਅਤੇ ਦੂਜਾ ਜੈਨੇਸਿਸ (genesis), ਜਿਸ ਦੇ ਅਰਥ ਹਨ 'ਉਤਪਤੀ' ਦੇ। ਜੀਵਨ ਦੇ ਇਕੋ ਨਿਰਧਾਰਤ ਦਿਸ਼ਾ ਵੱਲ ਨੂੰ ਵਿਕਸਿਤ ਹੁੰਦੇ ਰਹਿਣ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Orthognathous (ਆੱਰਥਾਗਨੈਥਸ)

ਯੂਨਾਨੀ ਸ਼ਬਦ, ਆੱਰਥੱਸ (orthos) ਅਤੇ ਗਨੈਥਸ (gnathos), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨਾਂ ਦੇ ਕ੍ਰਮਵਾਰ ਅਰਥ ਹਨ 'ਸੇਧ' ਦੇ ਅਤੇ 'ਜਬਾੜ੍ਹੇ' ਦੇ। ਜਿਨ੍ਹਾਂ ਪ੍ਰਾਣੀਆਂ ਦੇ ਜਬਾੜ੍ਹੇ ਲੰਬੇ ਤੇ ਸਿੱਧੇ ਹੁੰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Orthoptera (ਆੱਰਥਾਪਟ੍ਰਾ)

ਇਸ ਪਦ ਦਾ ਅਧਾਰ ਦੋ ਯੂਨਾਨੀ ਸ਼ਬਦ, ਆੱਰਥੱਸ (orthos) ਅਤੇ ਪਟ੍ਰੱਾਨ (pteron) ਹਨ,

ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਸੇਧ' ਦੇ ਅਤੇ ਦੂਜੇ ਦੇ 'ਪਰ' ਦੇ। ਉਪਰੋਕਤ ਪਦ ਕੀਟਾਂ ਦੇ ਇਕ ਵਰਗ ਦਾ ਸਿਰਲੇਖ ਹੈ, ਜਿਸ 'ਚ ਟਿੱਡੇ ਤੇ ਟਿੱਡੀਆਂ ਸ਼ਾਮਲ ਹਨ ਅਤੇ ਜਿਹੜੇ ਉੱਡਣ ਨਾਲੋਂ ਟੱਪਣ 'ਚ ਵੱਧ ਨਿਪੁੰਨ ਹਨ।

Osculum (ਔੱਸਕਯੂਲਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਛੋਟੇ ਮੂੰਹ' ਦੇ। ਇਸ ਪਦ ਦਾ ਵਿਸ਼ੇਸ਼ ਉਪਯੋਗ ਅਸਫੰਜ ਪ੍ਰਾਣੀ ਦੇ ਬਾਹਰ ਨੂੰ ਖੁਲ੍ਹਦੇ ਦੁਆਰ ਲਈ ਕੀਤਾ ਜਾਂਦਾ ਹੈ, ਜਿਸ ਰਾਹੀਂ ਸਰੀਰ ਅੰਦਰ ਪ੍ਰਵੇਸ਼ ਕਰ ਚੁਕਾ ਪਾਣੀ ਬਾਹਰ ਨਿਕਲਦਾ ਹੈ।

Osmosis (ਔੱਸਮੌੱਸਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਔੱਸਮੌੱਸ (osmos) ਹੈ, ਜਿਸ ਦੇ ਅਰਥ ਹਨ 'ਉਤੇਜਨਾ' ਦੇ। ਜੇਕਰ ਦੋ ਘੋਲ, ਝਿੱਲੀ ਦੇ ਇਕ, ਇਕ ਪਾਸੇ ਤੇ ਦੂਜਾ, ਦੂਜੇ ਪਾਸੇ ਹੋਣ ਤਦ ਪਾਣੀ, ਝਿੱਲੀ ਚੋਂ ਦੀ ਘੱਟ ਸੰਘਣੇ ਘੋਲ ਵੱਲੋਂ ਵੱਧ ਸੰਘਣੇ ਘੋਲ ਵੱਲ ਉਸ ਸਮੇਂ ਤਕ ਪ੍ਰਸਾਰ ਕਰਦਾ ਰਹੇਗਾ, ਜਦ ਤਕ ਕਿ ਦੋਵੇਂ ਘੋਲ ਇਕਸਾਰ ਸੰਘਣੇ ਨਹੀਂ ਹੋ ਜਾਂਦੇ। ਇਸ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਕਿ ਉਪਯੋਗ ਜੀਵ ਆਮ ਕਰਦੇ ਹਨ।

Ossicle (ਔੱਸਿਕਲ)

ਲਾਤੀਨੀ ਆਧਾਰ ਵਾਲੇ ਇਸ ਪਦ ਦੇ ਅਰਥ 'ਹੱਡੀ' ਦੇ ਜਾਂ 'ਅਸਥੀ' ਦੇ ਹਨ। ਸਰੀਰ ਅੰਦਰਲੀ ਹਰ ਇਕ ਸੂਖਮ ਅਸਥੀ ਜਾਂ ਉਪਅਸਥੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾ ਸਕਦਾ ਹੈ, ਜਿਵੇਂ ਕਿ ਕੰਨ ਵਿਚਲੀ ਉਪਅਸਥੀ ਲਈ।

Ossification (ਔੱਸਿਫ਼ਿਕੇਸ਼ਨ)

ਦੋ ਲਾਤੀਨੀ ਸ਼ਬਦ ਔੱਸ (os) ਅਤੇ ਫੇਸਿਰੇ (facere) ਇਸ ਪਦ 'ਚ ਸਮਾਏ ਹੋਏ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਹੱਡੀ' ਦੇ ਅਤੇ 'ਰਚਣ' ਦੇ। ਸਰੀਰ ਅੰਦਰ ਹੱਡੀਆਂ ਦੇ ਹੋਂਦ 'ਚ ਆਉਣ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦੌਰਾਨ ਕਰਕਰੀਆਂ ਕਾਰਟਿਲੇਜ ਅਸਥੀਆਂ ਕਰੜਾਪਣ ਗ੍ਰਹਿਣ ਕਰ ਲੈਂਦੀਆਂ ਹਨ।

Osteoblast (ਔੱਸਟੌੱਅਬਲੈਸਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਹੈ ਔੱਸਟਿਅਨ (ostean), ਜਿਸ ਦੇ ਅਰਥ ਹਨ 'ਹੱਡੀ' ਦੇ ਅਤੇ ਦੂਜਾ ਹੈ ਬਲੈਸਟਸ (blastos), ਜਿਸ ਦੇ ਅਰਥ ਹਨ 'ਕਲੀ' ਦੇ, ਭਾਵ 'ਫੁੱਲ ਡੋਡੀ' ਦੇ। ਹੱਡੀ ਦੀ ਰਚਨਾਂ ਨਾਲ ਸਬੰਧਤ ਸੈੱਲ ਲਈ ਉਪਰੋਕਤ ਪਦ ਰਾਖਵਾਂ ਹੈ।

Osteoclast (ਔੱਸਟੌੱਅਕਲੈਸਟ)

ਇਹ ਪਦ ਦੋ ਯੂਨਾਨੀ ਸ਼ਬਦਾਂ ਦੇ ਸੰਯੋਗ ਦਾ ਉਪਫਲ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਔੱਸਟਿਅਨ (ostean), ਜਿਸ ਦੇ ਅਰਥ ਹਨ 'ਹੱਡੀ' ਦੇ ਅਤੇ ਦੂਜਾ ਹੈ ਕਲੈਨ (klan), ਜਿਸ ਦੇ ਅਰਥ ਹਨ 'ਤੋੜਨ' ਦੇ। ਹੱਡੀ ਦੀ ਰਚਨਾ ਦੇ ਨਾਲ ਨਾਲ, ਇਸ ਅੰਦਰ ਲਹੂ-ਵਹਿਣੀਆਂ ਅਤੇ ਨਸਾਂ ਦੇ ਸੰਚਾਰ ਲਈ, ਹੱਡੀ ਨੂੰ ਅੰਦਰੋਂ-ਅੰਦਰੀ ਖੋਰਨ ਦੀ ਪ੍ਰਕ੍ਰਿਆ ਵੀ ਚਲਦੀ ਰਹਿੰਦੀ ਹੈ। ਇਸ ਪ੍ਰਕ੍ਰਿਆ ਨੂੰ ਨਿਭਾਉਣ ਯੋਗ ਸੈੱਲ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Osteocyte (ਔੱਸਟੌੱਅਸਾਇਟ)

ਦੋ ਯੂਨਾਨੀ ਸ਼ਬਦ, ਔੱਸਟਿਅਨ (osteon) ਅਤੇ ਕਾਇਟੌੱਸ (kytos), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਹੱਡੀ' ਦੇ ਅਤੇ 'ਖੋਖਲੇਪਣ' ਦੇ, ਭਾਵ 'ਸੈੱਲ' ਦੇ। ਉਸ ਸੈੱਲ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਚੋਂ ਰਿਸਦਾ ਪਦਾਰਥ ਹੱਡੀ ਨੂੰ ਪਥਰਾਉਣ

ਦੀ ਪ੍ਰਕ੍ਰਿਆ ਪੂਰੀ ਕਰਦਾ ਹੈ। ਇਸ ਸੈੱਲ ਦਾ ਜਨਮ ਔਸਟੱਅਬਲੈਸਟ ਤੋਂ ਹੁੰਦਾ ਹੈ।

Osteogenesis (ਔਸਟੱਅਜੈਨੇਸਿਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਔਸਟਿਅਨ (osteon), ਜਿਸ ਦੇ ਅਰਥ ਹਨ 'ਹੱਡੀ' ਦੇ ਅਤੇ ਦੂਜਾ ਹੈ ਜੈਨੇਸਿਸ (genesis), ਜਿਸ ਦੇ ਅਰਥ ਹਨ 'ਉਤਪਤੀ' ਦੇ। ਉਸ ਪ੍ਰਕ੍ਰਿਆ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦੁਆਰਾ ਹੱਡੀ ਹੋਂਦ 'ਚ ਆਉਂਦੀ ਹੈ।

Osteology (ਔਸਟੱਆਲੱਜਿ)

ਇਸ ਪਦ ਦੀ ਰਚਨਾਂ ਲਈ ਦੋ ਯੂਨਾਨੀ ਸ਼ਬਦ ਵਰਤੇ ਗਏ ਹਨ, ਇਕ ਔਸਟਿਅਨ (osteon) ਅਤੇ ਦੂਜਾ ਲੋਗੱਸ (logos)। ਇਨ੍ਹਾਂ ਸ਼ਬਦਾਂ ਦੇ ਕ੍ਰਮਵਾਰ ਅਰਥ ਹਨ 'ਹੱਡੀ' ਦੇ ਅਤੇ 'ਅਧਿਐਨ' ਦੇ। ਹੱਡੀਆਂ ਪ੍ਰਤੀ ਗਿਆਨ ਨਾਲ ਸਬੰਧਤ ਅਧਿਐਨ-ਸ਼ਾਖ ਲਈ ਉਪਰੋਕਤ ਸਿਰਲੇਖ ਵਰਤਿਆ ਜਾਂਦਾ ਹੈ।

Ostium (ਔਸਟਿਅਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਮੋਰੀ' ਦੇ ਜਾਂ 'ਦੁਆਰ' ਦੇ। ਅਸਫੰਜ ਦੇ ਸਰੀਰ ਅੰਦਰ ਪਾਣੀ ਦੇ ਪ੍ਰਵੇਸ਼ ਕਰਨ ਦੇ ਦੁਆਰ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ ਅਤੇ ਜਿਸ ਦਾ ਉਪਯੋਗ ਕੀਟਾਂ ਦੇ ਦਿਲ ਦੇ ਅੰਦਰ ਵੱਲ ਨੂੰ ਖੁੱਲ੍ਹਦੇ ਸੁਰਾਖ਼ ਲਈ ਵੀ ਕੀਤਾ ਜਾਂਦਾ ਹੈ। ਕੀਟਾਂ ਦੇ ਦਿਲ 'ਚ ਪ੍ਰਵੇਸ਼ ਦੁਆਰਾਂ ਦੇ ਕਈ ਜੋੜੇ ਹਨ, ਜਿਨ੍ਹਾਂ ਲਈ ਆਸਟਿਆ (ostia) ਸ਼ਬਦ, ਔਸਟਿਅਮ ਦੇ ਬਹੁਵਚਨ ਵਜੋਂ ਵਰਤਿਆ ਜਾਂਦਾ ਹੈ।

Otolith (ਔਟੱਲਿਥ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਉਹ ਹਨ ਆਅੱਸ (ous) ਅਤੇ ਲਿਥਸ (lithos),ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕੰਨ' ਦੇ ਅਤੇ 'ਪੱਥਰ' ਦੇ। ਪ੍ਰਾਣੀਆਂ ਦੇ ਕੰਨ ਅੰਦਰਲੀ ਇਕ ਚੂਨੇ ਰਚੀ ਮਰਮਰੀ ਟੁਕੜੀ ਦਾ ਇਹ ਨਾਮ ਹੈ, ਜਿਸ ਦੀ ਕ੍ਰਿਆ ਸਰੀਰਕ ਸੰਤੁਲਨ ਨੂੰ ਕਾਇਮ ਰੱਖਣਾ ਹੈ।

Out breeding (ਆਊਟ ਬ੍ਰੀਡਿੰਗ)

ਪ੍ਰਜਣਨ 'ਚ ਭਾਗ ਲੈਂਦੇ ਵੱਖ ਵੱਖ ਲਿੰਗ ਦੇ ਦੋ ਪ੍ਰਾਣੀ , ਜੇਕਰ ਨੇੜੇ ਦੇ ਸਬੰਧੀ ਨਾ ਹੋਣ, ਤਦ ਇਸ ਪ੍ਰਕ੍ਰਿਆ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Ovary (ਓਵੱਰਿ)

ਲਾਤੀਨੀ ਸ਼ਬਦ, ਓਵੇਰਿਅਮ (ovarium) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਅੰਡਕੋਸ਼' ਦੇ। ਪ੍ਰਾਣੀ ਦੇ ਅੰਡਾ-ਉਪਜਾਊ ਅੰਗ ਲਈ ਉਪਰੋਕਤ ਪਦ ਰਾਖਵਾਂ ਹੈ।

Oviduct (ਓਵਿਡੱਕਟ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਓਵੱਮ (ovum), ਜਿਸ ਦੇ ਅਰਥ ਹਨ 'ਅੰਡੇ' ਦੇ ਅਤੇ ਦੂਜਾ ਹੈ ਡਯੂਸਰਿ (ducere), ਜਿਸ ਦੇ ਅਰਥ ਹਨ 'ਰਾਹ ਬਣਨ' ਦੇ। ਉਸ ਨਲੀ ਦਾ ਉਪਰੋਕਤ ਨਾਮ ਹੈ, ਜਿਸ ਦੁਆਰਾ ਅੰਡਾ ਓਵੱਰਿ ਤੋਂ ਬਾਹਰ ਆਉਂਦਾ ਹੈ।

Oviparous (ਓਵਿਪੇਰੱਸ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਓਵੱਮ (ovum), ਜਿਸ ਦੇ ਅਰਥ ਹਨ 'ਅੰਡੇ' ਦੇ ਅਤੇ ਦੂਜਾ ਪੇਰਿੱਰ (parere), ਜਿਸ ਦੇ ਅਰਥ ਹਨ 'ਉਤਪੰਨ ਕਰਨ' ਦੇ। ਅੰਡੇ ਦਿੰਦੇ ਪ੍ਰਾਣੀਆਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਪਸ਼ੂਆਂ ਬਿਨਾਂ ਹੋਰ ਸਭ ਪ੍ਰਾਣੀ, ਉਪਰੋਕਤ ਸਿਰਲੇਖ ਅਧੀਨ ਆ ਜਾਂਦੇ ਹਨ।

Ovipositor (ਓਵਿਪਾਜ਼ਿਟਰ)

ਦੋ ਲਾਤੀਨੀ ਸ਼ਬਦ, ਓਵੱਮ (ovum) ਅਤੇ

ਪੱਨਿਰੱ (ponere), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਅੰਡੇ' ਦੇ ਅਤੇ 'ਧਰਨ' ਦੇ। ਮਦੀਨ ਕੀਟ ਦੇ ਧੜ ਦੇ ਪਿਛਲੇ ਸਿਰੇ 'ਤੇ ਸਥਿਤ ਉਪਅਾਂਗਾਂ ਦੇ ਸਮੂਹ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਨੂੰ ਉਚਿਤ ਸਥਾਨ ਉਪਰ ਅੰਡੇ ਧਰਨ ਲਈ ਕੀਟ ਵਰਤਦਾ ਹੈ।

Ovoviviparous (ਓਵੱਵਿਵੀਪੇਰੱਸ)

ਇਸ ਪਦ ਦਾ ਆਧਾਰ ਤਿੰਨ ਲਾਤੀਨੀ ਸ਼ਬਦ ਹਨ। ਇਨ੍ਹਾਂ 'ਚੋਂ ਪਹਿਲਾ ਹੈ ਓਵੱਮ (ovum), ਜਿਸ ਦੇ ਅਰਥ ਹਨ 'ਅੰਡੇ' ਦੇ; ਦੂਜਾ ਹੈ ਵਿਵਸ (vivus), ਜਿਸ ਦੇ ਅਰਥ ਹਨ 'ਜਿਉਂਦੇ ਹੋਣ' ਦੇ ਅਤੇ ਤੀਜਾ ਹੈ ਪੇਰਿਰੱ (parere), ਜਿਸ ਦੇ ਅਰਥ ਹਨ 'ਉਤਪੰਨ ਕਰਨ' ਦੇ। ਅਜਿਹੇ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦੇ ਸਰੀਰ 'ਚ ਹੀ ਅੰਡਾ ਸੇਣ ਦੀ ਪ੍ਰਕ੍ਰਿਆ ਸੰਪੰਨ ਹੋ ਜਾਂਦੀ ਹੈ ਅਤੇ ਮਦੀਨ, ਇਸ ਪ੍ਰਕਾਰ, ਅੰਡੇ ਦੇਣ ਦੀ ਥਾਵੇਂ, ਬੱਚਿਆਂ ਨੂੰ ਹੀ ਜਨਮ ਦੇ ਦਿੰਦੀ ਹੈ। ਕੁਝ ਮੱਛੀਆਂ ਅਤੇ ਵਿਸਰਪੀ ਪ੍ਰਾਣੀ ਇਸ ਵਿਸ਼ੇਸ਼ਤਾ ਦੇ ਅਧਿਕਾਰੀ ਹਨ।

Ovulation (ਅੱਵਯੂਲੇਸ਼ਨ)

ਦੋ ਲਾਤੀਨੀ ਸ਼ਬਦ, ਓਵੱਮ (ovum) ਅਤੇ ਲੇਟਮ (latum) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਅੰਡੇ' ਦੇ ਅਤੇ ਦੂਜੇ ਦੇ 'ਲਾਂਭੇ ਲੈ ਜਾਣ' ਦੇ। ਓਵੱਰਿ 'ਚੋਂ ਅੰਡੇ ਦੇ ਬਾਹਰ ਆਉਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Ovule (ਓਵਯੂਲ)

ਲਾਤੀਨੀ ਸ਼ਬਦ, ਓਵੱਮ (ovum) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਅੰਡੇ' ਦੇ। ਬੀਜ ਉਪਜਾਊ ਪੌਦਿਆਂ ਦੇ ਫੁੱਲਾਂ ਅੰਦਰਲੀ ਅੰਡੇ ਜਿਹੀ ਬਣਤਰ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਅੰਡੇ ਦੀ ਹੀ ਕ੍ਰਿਆ ਨਿਭਾਉਂਦੀ ਹੈ।

Ovum (ਓਵੱਮ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਅੰਡੇ' ਦੇ। ਅੰਡਾ ਉਹ ਸੈੱਲ ਹੈ, ਜਿਸ ਨੂੰ ਮਦੀਨ ਪ੍ਰਾਣੀ ਦੀ ਓਵੱਰਿ (ਅੰਡਕੋਸ਼) ਉਪਜਾਉਂਦੀ ਹੈ ਅਤੇ ਜਿਸ ਅੰਦਰ ਕ੍ਰੋਮੋਸੋਮਾਂ ਦੀ ਇਕਹਿਰੀ ਗਿਣਤੀ ਹੁੰਦੀ ਹੈ।

Oxidase (ਅੱਕਸਿਡੇਜ਼)

ਉਸ ਐਨਜ਼ਾਈਮ ਦਾ ਇਹ ਨਾਮ ਹੈ, ਜਿਹੜਾ ਸੈੱਲ ਵਿਖੇ ਆਕਸੀਕਰਣ (oxidation) ਦੀ ਪ੍ਰਕ੍ਰਿਆ ਨੂੰ ਪ੍ਰੋਸਾਹਤ ਕਰਦਾ ਹੈ।

Oxidation (ਅੱਕਸਿਡੇਸ਼ਨ)

ਇਸ ਪਦ ਦਾ ਉਲੱਥਾ ਆਕਸੀਕਰਣ ਹੈ, ਜਿਹੜਾ ਕਿ ਉਸ ਪ੍ਰਕ੍ਰਿਆ ਦਾ ਸਿਰਲੇਖ ਹੈ, ਜਿਸ ਦੁਆਰਾ ਪਦਾਰਥ ਆਕਸੀਜਨ 'ਚ ਸਮ੍ਰਿਧ ਹੋ ਜਾਂਦੇ ਹਨ, ਅਜਿਹਾ ਭਾਵੇਂ ਪਦਾਰਥਾਂ ਨਾਲੋਂ ਹਾਈਡ੍ਰੋਜਨ ਵੱਖ ਕਰਕੇ ਹੋਵੇ ਅਤੇ ਜਾਂ ਫਿਰ ਇਨ੍ਹਾਂ ਨਾਲ ਵਾਧੂ ਆਕਸੀਜਨ ਜੋੜ ਕੇ।

Oxygen (ਆਕਸੀਜਨ)

ਵਾਯੂਮੰਡਲ ਦਾ 20 ਪ੍ਰਤੀਸ਼ਤ ਭਾਗ ਆਕਸੀਜਨ ਗੈਸ ਹੈ, ਜਿਹੜੀ ਗੰਧਹੀਣ, ਰੰਗਹੀਣ ਅਤੇ ਸੁਆਦਹੀਣ ਹੈ। ਜੀਵਨ ਲਈ ਜ਼ਰੂਰੀ ਇਸ ਗੈਸ ਦਾ ਤੀਬਰ ਪ੍ਰਕ੍ਰਿਆਵੀ ਸੁਭਾਅ ਹੋਣ ਕਰਕੇ, ਭੂਮੀ ਉਪਰਲੀ ਕੋਈ ਵੀ ਸਜੀਵ ਜਾਂ ਨਿਰਜੀਵ ਸ਼ੈਅ ਇਸ ਤੋਂ ਕੋਰੀ ਨਹੀਂ ਹੈ।

Oxytocin (ਅੱਕਸਿਟੱਸਿਨ)

ਪਿਟਯੂਟਰਿ ਗੰਥੀ 'ਚੋਂ ਰਿਸਦੇ ਉਸ ਹਾਰਮੋਨ ਦਾ ਇਹ ਨਾਮ ਹੈ, ਜਿਹੜਾ ਸਰੀਰ ਦੀਆਂ ਮੁਲਾਇਮ ਮਾਸ-ਪੇਸ਼ੀਆਂ ਨੂੰ ਸੁੰਗੜਨ ਲਈ ਪ੍ਰੋਸਾਹਿਤ ਕਰਦਾ

ਹੈ। ਇਸੇ ਹਾਰਮੋਨ ਦੇ ਅਸਰ ਅਧੀਨ ਬੱਚੇ-ਵੱਛੇ ਦਾ ਜਨਮ ਹੁੰਦਾ ਹੈ ਅਤੇ ਜਨਮ ਉਪਰੰਤ, ਇਨ੍ਹਾਂ ਦੇ ਚੁੰਘਣ ਲਈ ਥਣਾਂ 'ਚੋਂ ਦੁੱਧ ਉਤਰਦਾ ਰਹਿੰਦਾ ਹੈ। ਪਹਿਲੀ ਸਥਿਤੀ 'ਚ ਬੱਚੇਦਾਨੀ ਦੀਆਂ ਮਾਸ-ਪੇਸ਼ੀਆਂ ਹਰਕਤ 'ਚ ਆਉਂਦੀਆਂ ਹਨ ਅਤੇ ਦੂਜੀ ਸਥਿਤੀ 'ਚ ਥਣਾਂ ਦੀਆਂ।

Ozone (ਅੱਜ਼ੋਨ)

ਆਕਸੀਜਨ ਦਾ ਹੀ ਦੂਜਾ ਨਾਮ ਅੱਜ਼ੋਨ ਹੈ। ਜਿਥੇ ਆਕਸੀਜਨ ਦੇ ਅਣੂ (molecule) 'ਚ ਦੋ ਪ੍ਰਮਾਣੂ ਆਕਸੀਜਨ ਦੇ ਹਨ, ਉਥੇ ਆੱਜ਼ੋਨ ਦੇ ਅਣੂ 'ਚ ਤਿੰਨ ਪ੍ਰਮਾਣੂ ਆਕਸੀਜਨ ਦੇ ਹਨ। ਵਾਯੂਮੰਡਲ ਦੇ ਉਪਲੇ ਖੇਤਰ 'ਚ ਸਮਾਈ ਆਕਸੀਜਨ, ਲਿਸ਼ਕਦੀ ਬਿਜਲੀ ਦੇ ਅਤੇ ਸੂਰਜ ਤੋਂ ਨਿਰੰਤਰ ਆ ਰਹੀਆਂ ਪਰਾਵੈਂਗਣੀ (ultravoilet) ਕਿਰਨਾਂ ਦੇ ਪ੍ਰਭਾਵ ਅਧੀਨ , ਅੱਜ਼ੋਨ 'ਚ ਵਟਦੀ ਰਹਿੰਦੀ ਹੈ। ਇਸ ਪ੍ਰਕਾਰ ਵਾਯੂਮੰਡਲ ਦੁਆਲੇ ਅੱਜ਼ੋਨੀ ਪਰਤ ਲਿਪਟ ਗਈ ਹੈ, ਜਿਹੜੀ ਪ੍ਰਿਥਵੀ ਤੋਂ 20 ਕਿਲੋਮੀਟਰ ਤੋਂ ਲੈ ਕੇ 50 ਕਿਲੋਮੀਟਰ ਦੀ ਉਚਾਈ ਤਕ, ਕਿਧਰੇ ਵਿਰਲੀ ਅਤੇ ਕਿਧਰੇ ਸੰਘਣੀ, ਪਸਰੀ ਹੋਈ ਹੈ।

Ozone layer (ਅੱਜ਼ੋਨ ਲੇਅਰ)

ਵਾਯੂਮੰਡਲ ਦੁਆਲੇ ਪ੍ਰਿਥਵੀ ਤੋਂ 20 ਕਿਲੋਮੀਟਰ ਉਚਾਈ ਤੇ, ਅੱਜ਼ੋਨ ਦੀ ਪਰਤ ਲਿਪਟੀ ਹੋਈ ਹੈ। ਇਸੇ ਪਰਤ ਲਈ ਉਪਰੋਕਤ ਪਦ ਰਾਖਵਾਂ ਹੈ। ਪ੍ਰਿਥਵੀ ਉਪਰ, ਪਰ ਜਲੋਂ ਬਾਹਰ, ਖੁਸ਼ਕ ਭੂਮੀ ਉਪਰ ਵਿਚਰਦੇ ਜੀਵਨ ਲਈ ਅੱਜ਼ੋਨ ਪਰਤ ਦਾ ਵਿਸ਼ੇਸ਼ ਮਹੱਤਵ ਇਸ ਲਈ ਹੈ, ਕਿਉਂਕਿ ਸੂਰਜ ਤੋਂ ਅਤੇ ਪੁਲਾੜ 'ਚੋਂ ਆ ਰਹੀਆਂ ਪਰਾਵੈਂਗਣੀ ਅਤੇ ਹੋਰ ਪ੍ਰਕਾਰ ਦੀਆਂ ਜੀਵਨ ਲਈ ਹਾਨੀਕਾਰਕ ਕਿਰਨਾਂ ਨੂੰ ਇਹ ਆਪਣੇ ਅੰਦਰ ਸੋਖਦੀ ਰਹਿੰਦੀ ਹੈ। ਇਸ ਪਰਤ ਅੰਦਰ ਅੱਜ ਉਭਰਦੇ ਆ ਰਹੇ ਮਘੋਰੇ, ਇਸੇ ਲਈ, ਚਿੰਤਾ ਦਾ ਵਿਸ਼ਾ ਹਨ।

P

P (ਪੀ)

ਰੋਮਨ ਲਿੱਪੀ ਦੇ ਇਸ ਅੱਖਰ ਨੂੰ ਫਾਸਫੋਰਸ (phosphorus) ਨਾਮ ਦੇ ਤੱਤ ਦੇ ਸੰਕੇਤਕ ਚਿੰਨ੍ਹ ਵਜੋਂ ਵਰਤਿਆ ਜਾਂਦਾ ਹੈ।

Pace-maker (ਪੇਸ-ਮੇਕਰ)

ਇਹ ਸਾਧਾਰਨ ਵਰਤੋਂ 'ਚ ਆ ਰਹੇ ਦੋ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲੇ, ਪੇਸ ਸ਼ਬਦ ਦੇ ਅਰਥ ਹਨ 'ਗਤੀ' ਦੇ, ਜਦ ਕਿ ਦੂਜਾ ਸ਼ਬਦ, ਮੇਕਰ 'ਉਪਜ' ਦਾ ਪ੍ਰਤੀਕ ਸ਼ਬਦ ਹੈ। ਦਿਲ ਅੰਦਰਲੇ ਨਸ-ਸੈੱਲਾਂ ਅਤੇ ਮਾਸ-ਪੇਸ਼ੀਆਂ ਦੇ ਇਕ ਨਿਵੇਕਲੇ ਸਮੂਹ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਚੋਂ ਜਨਮ ਲੈ ਰਹੀਆਂ ਬਿਜਲਈ ਉਕਸਾਹਟਾਂ ਦਿਲ ਦੀ ਧੜਕਣ ਦਾ ਸਾਧਨ ਬਣਦੀਆਂ ਹਨ।

Pachynema (ਪੈਕਿਨੀਮਾੱ)

ਯੂਨਾਨੀ ਸ਼ਬਦ ਪੈਕਿਸ, (pachys) ਅਤੇ ਨੀਮਾੱ (nema) ਇਸ ਪਦ ਦੇ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਗਫ' ਦੇ ਅਤੇ 'ਡੋਰ' ਦੇ। ਸੈੱਲ-ਵੰਡਾਰੇ ਦੇ ਪੈਕਿਟੀਨ ਪੜਾਅ ਦੌਰਾਨ ਗਫ ਹੋਏ ਕ੍ਰੋਮੋਸੋਮ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾ ਰਿਹਾ ਹੈ।

Pachynosis (ਪੈਕਿਨੱਸਿਸ)

ਯੂਨਾਨੀ ਸ਼ਬਦ, ਪੈਕਿਨੇਸਿਸ (pachynesis) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਮੋਟਾ ਹੋ ਜਾਣ' ਦੇ। ਪ੍ਰਗਤੀ ਦੌਰਾਨ ਬੂਟਿਆਂ ਦੀ ਹੋ ਰਹੀ ਵ੍ਰਿਧੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Pachytene (ਪੈਕਿਟੀਨ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੈਕਿਸ (pachys), ਜਿਸ ਦੇ ਅਰਥ ਹਨ 'ਗਾਫ਼' ਹੋਣ ਦੇ ਜਾਂ 'ਸੰਘਣਾ ਹੋਣ' ਦੇ ਅਤੇ ਦੂਜਾ ਹੈ ਟੇਨੀਆ (tainia), ਜਿਸ ਦੇ ਅਰਥ ਹਨ 'ਪੱਟੀ' ਦੇ। ਮੀਅੱਸਿਸ (meiosis) ਸੈੱਲ-ਵੰਡਾਰੇ ਦੇ ਪ੍ਰੋਫ਼ੇਜ਼ (prophase) ਪੜਾਅ ਦੇ ਉਸ ਚਰਨ ਦਾ ਇਹ ਨਾਮ ਹੈ, ਜਿਸ ਦੌਰਾਨ ਸਮਰੂਪੀ ਕ੍ਰੋਮੋਸੋਮ ਦੋ ਦੋ 'ਚ ਵੰਡੇ ਜਾਣ ਉਪਰੰਤ, ਇਕ ਦੂਜੇ ਨਾਲ ਜੁੜ ਕੇ ਚੌਂਹ-ਲੜੀਆ ਰੂਪ ਧਾਰਨ ਕਰ ਲੈਂਦੇ ਹਨ। ਇਸੇ ਸਮੇਂ, ਲੰਬੇ ਦਾਅ ਸੁੰਗੜੇ ਕ੍ਰੋਮੋਸੋਮ, ਮੋਟੇ ਹੋਏ ਦਿਖਾਈ ਦਿੰਦੇ ਹਨ।

Pad (ਪੈਡ)

ਕੁੱਤੇ, ਖਰਗੋਸ਼, ਲੂਮੜੀ ਅਤੇ ਉੱਠ ਦੇ ਪੰਜਿਆਂ 'ਚ ਚਰਬੀ ਰਚੇ ਮਾਸ ਦੀ ਜਿਹੜੀ ਗੱਦੀ ਜੜੀ ਹੁੰਦੀ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ। ਇਸ ਗੱਦੀ ਕਾਰਨ ਇਹ ਪ੍ਰਾਣੀ ਹਰ ਇਕ ਥਾਵੇਂ ਨੱਠ-ਭੱਜ ਸਕਦੇ ਹਨ।

Paedogenesis (ਪੀਡੱਜੈਨੇਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਹੈ ਪੇਸ (pais), ਜਿਸ ਦੇ ਅਰਥ ਹਨ 'ਬਾਲ' ਦੇ ਜਾਂ 'ਨਿਆਣੇ' ਦੇ ਅਤੇ ਦੂਜਾ ਹੈ ਜੈਨੇਸਿਸ (genesis), ਜਿਸ ਦੇ ਅਰਥ ਹਨ 'ਉਤਪਤੀ' ਦੇ। ਕੁਝ ਪ੍ਰਾਣੀ ਹਨ ਜਿਹੜੇ ਅੱਲ੍ਹੜ ਅਵਸਥਾ 'ਚ ਵੀ ਪ੍ਰਜਣਨ ਦੇ ਯੋਗ ਹਨ। ਇਸੇ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Palaearctic (ਪੇਲੱਆੱਰਕਟਿਕ)

ਜੀਵਾਂ ਦੇ ਪ੍ਰਸਾਰ ਨੂੰ ਆਧਾਰ ਬਣਾ ਕੇ ਪ੍ਰਿਥਵੀ ਨੂੰ ਜਿਨ੍ਹਾਂ ਭੂਗੋਲਕ ਖੇਤਰਾਂ 'ਚ ਵੰਡਿਆ ਗਿਆ ਹੈ, ਉਨ੍ਹਾਂ 'ਚੋਂ ਹੀ ਇਕ ਦਾ ਉਪਰੋਕਤ ਨਾਮ ਹੈ ਅਤੇ ਇਸ 'ਚ ਸ਼ਾਮਲ ਦੇਸ ਹਨ ਯੂਰਪ, ਉਤਰੀ ਅਫ਼ਰੀਕਾ, ਪੱਛਮੀ ਏਸ਼ੀਆ, ਸਾਇਬੇਰੀਆ, ਉਤਰੀ ਚੀਨ ਅਤੇ ਜਾਪਾਨ।

Palaeobiology (ਪੇਲੱਅਬਾਇਅੱਲੱਜਿ)

ਇਸ ਪਦ 'ਚ ਤਿੰਨ ਯੂਨਾਨੀ ਸ਼ਬਦ ਸਮਾਏ ਹੋਏ ਹਨ: ਪਹਿਲਾ ਹੈ ਪੈਲੇਅਸ (palaios), ਜਿਸ ਦੇ ਅਰਥ ਹਨ 'ਪੁਰਾਤਨ' ਦੇ; ਦੂਜਾ ਬਾਇਸ (bios), ਜਿਸ ਦੇ ਅਰਥ ਹਨ 'ਜੀਵਨ' ਦੇ ਅਤੇ ਤੀਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਲੁਪਤ ਹੋ ਚੁਕੇ ਜੀਵਾਂ ਦੇ ਗਿਆਨ ਨਾਲ ਸਬੰਧਤ ਜੀਵ-ਵਿਗਿਆਨ ਦੀ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ।

Palaeobotany (ਪੇਲੱਅਬਾਟੱਨਿ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪੈਲੇਅਸ (palaios) ਅਤੇ ਬਾਟੱਨੀ (botane) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪੁਰਾਤਨ' ਦੇ ਅਤੇ 'ਚਾਰੇ' ਦੇ। ਲੁਪਤ ਹੋ ਚੁਕੇ ਬੂਟਿਆਂ ਦੇ ਗਿਆਨ ਨਾਲ ਸਬੰਧਤ ਬਾਟੱਨਿ ਦੀ ਅਧਿਐਨ-ਸ਼ਾਖ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਦਾ ਆਰੰਭ 6.5 ਕ੍ਰੋੜ ਵਰ੍ਹੇ ਪਹਿਲਾਂ ਹੋਇਆ ਸੀ ਅਤੇ ਜਿਹੜਾ ਕ੍ਰੋੜ ਤੋਂ ਵਧ ਵਰ੍ਹੇ ਵਿਆਪਕ ਰਿਹਾ।

Palaeocene (ਪੇਲੱਅਸੀਨ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਉਹ ਹਨ: ਪੈਲੇਅਸ (palaios) ਅਤੇ ਕੇਨੱਸ (kainos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪੁਰਾਤਨ' ਦੇ ਅਤੇ 'ਵਰਤਮਾਨ' ਦੇ। ਜੀਵਨ ਦੇ ਇਤਿਹਾਸ ਦੇ ਵਰਤਮਾਨ ਦੌਰ, ਭਾਵ ਸੀਨਜ਼ੁਇਕ ਦੌਰ ਦੇ ਸਭਨਾਂ ਨਾਲੋਂ ਪੁਰਾਣੇ ਜ਼ਮਾਨੇ (epoch) ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਆਰੰਭ ਅੱਜ ਤੋਂ 6.5 ਕਰੋੜ ਵਰ੍ਹੇ ਪਹਿਲਾਂ ਹੋਇਆ ਸੀ ਅਤੇ ਜਿਹੜਾ ਇਕ ਕ੍ਰੋੜ ਤੋਂ ਵੀ ਵੱਧ ਵਰ੍ਹੇ ਤਕ ਵਿਆਪਕ ਰਿਹਾ।

Palaeolithic (ਪੇਲੱਅਲਿਥਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪੈਲੇਅਸ (palaios) ਅਤੇ ਲਿਥੱਸ (lithos) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪੁਰਾਤਨ' ਦੇ ਅਤੇ 'ਪੱਥਰ' ਦੇ। ਮਾਨਵੀ ਇਤਿਹਾਸ ਦੇ ਉਸ ਸਮੇਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਦ ਪ੍ਰਾਚੀਨ ਮਨੁੱਖ ਪੱਥਰ ਦੇ ਘੜੇ ਹਥਿਆਰ ਅਤੇ ਸੰਦ ਵਰਤਦਾ ਸੀ। ਇਹ ਖੇਤੀ-ਬਾੜੀ ਆਰੰਭ ਹੋਣ ਤਕ ਦਾ ਸਮਾਂ ਸੀ, ਜਿਸ ਦਾ ਅੰਤ ਅੱਜ ਤੋਂ 10,000 ਵਰ੍ਹੇ ਪਹਿਲਾਂ ਹੋਇਆ।

Palaeontology (ਪੇਲੱਆੱਨਟੱਲੱਜਿ)

ਇਸ ਪਦ 'ਚ ਤਿੰਨ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੈਲੇਅਸ (palaios), ਜਿਸ ਦੇ ਅਰਥ ਹਨ 'ਪੁਰਾਤਨ' ਦੇ, ਦੂਜਾ ਹੈ ਅਨ (on), ਜਿਸ ਦੇ ਅਰਥ ਹਨ 'ਹੋਂਦ' ਦੇ ਅਤੇ ਤੀਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਪੁਰਾਣੇ ਵਿਚਰ ਚੁਕੇ ਜੀਵਾਂ ਦੇ ਅਤੇ ਉਨ੍ਹਾਂ ਦੇ ਫੱਸਿਲਾਂ ਦੇ ਗਿਆਨ ਨਾਲ ਹੈ।

Palaeozoic (ਪੇਲੱਆੱਜ਼ੁਇਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੈਲੇਅਸ (palaios), ਜਿਸ ਦੇ ਅਰਥ ਹਨ 'ਪੁਰਾਤਨ' ਦੇ ਅਤੇ ਦੂਜਾ ਹੈ ਜ਼ੂਅਨ (zoon), ਜਿਸ ਦੇ ਅਰਥ ਹਨ 'ਪ੍ਰਾਣੀ' ਦੇ। ਜੀਵਨ ਦੇ ਇਤਿਹਾਸ ਨੂੰ ਤਿੰਨ ਦੌਰਾਂ (eras) 'ਚ ਵੰਡਿਆ ਗਿਆ ਹੈ ਅਤੇ ਇਨ੍ਹਾਂ 'ਚੋਂ ਪਹਿਲੇ, ਸਭਨਾਂ ਨਾਲੋਂ ਪੁਰਾਣੇ ਦੌਰ ਦਾ ਉਪਰੋਕਤ ਨਾਮ ਹੈ, ਜਿਸ ਦਾ ਆਰੰਭ ਅੱਜ ਤੋਂ 60 ਕਰੋੜ ਵਰ੍ਹੇ ਪਹਿਲਾਂ ਹੋਇਆ ਸੀ ਅਤੇ ਅੰਤ, ਅੱਜ ਤੋਂ 22 ਕਰੋੜ ਵਰ੍ਹੇ ਪਹਿਲਾਂ।

Palama (ਪੇਲੇਮਾੱ)

ਯੂਨਾਨੀ ਸ਼ਬਦ ਪੈਲੇਮਿ (palame) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਹਥੇਲੀ' ਦੇ। ਜਲ ਪੰਛੀਆਂ ਦੇ ਪੰਜੇ, ਤੈਰਨ ਅਨੁਕੂਲ ਢਲੇ ਹੋਏ, ਝਿਲੀਦਾਰ ਹੁੰਦੇ ਹਨ, ਜਿਨ੍ਹਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Palate (ਪੈਲੇਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪੈਲੇਟਮ (palatum) ਹੈ, ਜਿਸ ਦੇ ਅਰਥ ਹਨ 'ਤਾਲੂ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੀ ਮੂੰਹ ਦੀ ਛੱਤ, ਭਾਵ ਤਾਲੂ ਲਈ ਉਪਰੋਕਤ ਪਦ ਰਾਖਵਾਂ ਹੈ।

Palatine (ਪੈਲੇਟਾਇਨ)

ਲਾਤੀਨੀ ਸ਼ਬਦ ਪੈਲੇਟਮ (palatum) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਤਾਲੂ' ਦੇ। ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਹਰ ਇਕ ਉਸ ਸਰੀਰਕ ਬਣਤਰ ਲਈ ਵਰਤਿਆ ਜਾਂਦਾ ਹੈ, ਜਿਸ ਦਾ ਸਬੰਧ ਤਾਲੂ ਨਾਲ ਹੈ, ਇਹ ਭਾਵੇਂ ਨਸ ਹੋਵੇ, ਭਾਵੇਂ ਹੱਡੀ ਹੋਵੇ, ਭਾਵੇਂ ਕੋਈ ਰਗ ਜਾਂ ਨਾੜ ਹੋਵੇ।

Palmae (ਪਾਮਿ)

ਪਾਮ ਸੱਦੇ ਜਾਣ ਵਾਲੇ ਰੁੱਖਾਂ-ਬੂਟਿਆਂ ਦੇ ਕੁਟੰਬ (family) ਦਾ ਇਹ ਨਾਮ ਹੈ, ਜਿਸ 'ਚ ਮੁੱਖ ਤੌਰ ਤੇ ਖਜੂਰ ਅਤੇ ਨਾਰੀਅਲ ਸ਼ਾਮਲ ਹਨ, ਜਿਹੜੇ ਕਿ ਖਾਣ ਪਦਾਰਥ, ਤੇਲ, ਰੇਸ਼ੇ, ਕਾਠ ਆਦਿ ਦੇ ਸਮ੍ਰਿਧ ਸ੍ਰੋਤ ਵੀ ਹਨ।

Palpus (ਪੈਲਪਸ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਛੋਹ' ਦੇ ਅਤੇ ਕੀਟਾਂ ਦੀ ਛੋਹ-ਇੰਦਰੀ ਲਈ ਇਸ ਪਦ ਦਾ ਵਿਸ਼ੇਸ਼ ਉਪਯੋਗ ਕੀਤਾ ਜਾਂਦਾ ਹੈ, ਜਿਹੜੀ ਕਿ ਉਨ੍ਹਾਂ ਦੇ ਮੂੰਹ-ਉਪਆਂਗਾਂ ਚੋਂ ਕੁਝ ਦਾ, ਆਲੇ-ਦੁਆਲੇ ਦੀ ਟੋਹ ਲੈਣ ਵਾਲਾ ਅੰਗ ਹੁੰਦੀ ਹੈ।

Pancreas (ਪੈਂਕਰੱਅਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਇਕ ਪੈਨ (pan), ਜਿਸ ਦੇ ਅਰਥ ਹਨ 'ਸਰਬ' ਦੇ ਜਾਂ 'ਸਭ' ਦੇ ਅਤੇ ਕਰੀਸ (kreas), ਜਿਸ ਦੇ ਅਰਥ ਹਨ 'ਮਾਸ' ਦੇ। ਵੱਡੇ ਆਕਾਰ ਦੀ ਅਤੇ ਆਂਦਰ ਨਾਲ ਲਗਦੀ ਇਕ ਗ੍ਰੰਥੀ ਦਾ ਇਹ ਨਾਮ ਹੈ, ਜਿਸ 'ਚੋਂ ਕਈ ਪ੍ਰਕਾਰ ਦੇ ਰਸ ਰਿਸਦੇ ਹਨ, ਜਿਹੜੇ ਖ਼ੁਰਾਕ ਦੇ ਭਿੰਨ ਭਿੰਨ ਤੱਤਾਂ ਨੂੰ ਹਜ਼ਮ ਕਰਨ ਵਾਲੇ ਐਨਜ਼ਾਈਮਾਂ ਅਤੇ ਹਾਰਮੋਨਾਂ 'ਚ ਸਮ੍ਰਿਧ ਹੁੰਦੇ ਹਨ ਅਤੇ ਜਿਨ੍ਹਾਂ 'ਚ ਹੀ ਇਨਸੁਲਿਨ (insulin) ਅਤੇ ਗਲੂਕੱਗਨ (glucagon) ਜਿਹੇ ਹਾਰਮੋਨ ਵੀ ਸ਼ਾਮਲ ਹਨ।

Pancreatin (ਪੈਂਕਰੱਅਟਿਨ)

ਪੈਂਕਰੱਅਸ (pancreas) ਆਧਾਰ ਵਾਲੇ ਇਸ ਪਦ ਨੂੰ, ਇਸੇ ਨਾਮ ਦੀ ਗ੍ਰੰਥੀ 'ਚੋਂ ਨਚੋੜ ਕੇ ਕੱਢੇ ਗਏ ਰਸ ਲਈ ਵਰਤਿਆ ਜਾਂਦਾ ਹੈ, ਜਿਸ ਦਾ ਉਪਯੋਗ ਹਾਜ਼ਮੇ ਦੀ ਦਵਾਈ ਵਜੋਂ ਕੀਤਾ ਜਾ ਰਿਹਾ ਹੈ।

Pangaea (ਪੈਨਜੀਅੱ)

ਦੋ ਯੂਨਾਨੀ ਸ਼ਬਦ, ਪੈਨ (pan) ਅਤੇ ਜੀ (ge), ਇਸ ਪਦ ਦੇ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸਭ' ਦੇ ਅਤੇ 'ਪ੍ਰਿਥਵੀ' ਦੇ। ਪ੍ਰਿਥਵੀ ਦੇ ਇਤਿਹਾਸ ਦੇ ਮੁੱਢਲੇ ਪੱਖ ਦੌਰਾਨ ਸਾਰੇ ਮਹਾਂਦੀਪ ਇਕ ਸਮੂਹ 'ਚ ਇਕੱਠੇ ਸਨ ਅਤੇ ਇਹ ਸਥਿਤੀ ਅੱਜ ਤੋਂ 15 ਕ੍ਰੋੜ ਵਰ੍ਹੇ ਪਹਿਲਾਂ ਤਕ ਬਣੀ ਰਹੀ ਸੀ। ਦੀਪਾਂ ਦੇ ਉਸੇ ਸਮੂਹ ਲਈ ਉਪਰੋਕਤ ਸਿਰਲੇਖ ਵਰਤਿਆ ਜਾ ਰਿਹਾ ਹੈ।

Pantothenic acid (ਪੈਂਟੱਥੈਨਿਕ ਐਸਿਡ)

ਵਿਟਾਮਿਨ ਬੀ$_5$ (B_5) ਦਾ ਇਹ ਰਸਾਇਣਕ ਨਾਮ ਹੈ, ਅਤੇ ਸਰੀਰਕ ਸੈੱਲ ਇਸ ਦਾ ਉਪਯੋਗ ਸ਼ਕਤੀ ਦੀ ਉਪਜ ਲਈ ਕਰਦੇ ਹਨ। ਇਸ ਵਿਟਾਮਿਨ ਦੇ ਜਿਹੜੇ ਖਾਣ-ਪਦਾਰਥ ਸ੍ਰੋਤ ਹਨ, ਉਹ ਹਨ: ਅੰਡੇ ਦੀ ਜ਼ਰਦੀ, ਦਾਲਾਂ-ਦਾਣੇ, ਕਲੇਜੀ, ਸ਼ੀਰਾ ਤੇ ਖਮੀਰ (yeast)।

Papilla (ਪੈਪਿਲਅੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਡੋਡੀ' ਦੇ। ਜੀਵ, ਇਹ ਭਾਵੇਂ ਪ੍ਰਾਣੀ ਹੋਵੇ ਭਾਵੇਂ ਪੌਦਾ, ਦੇ ਕਿਸੇ ਸਥਾਨ ਦੀ ਵੀ ਪੱਧਰਾਈ ਪਰਤ 'ਚੋਂ ਉਫਣੇ ਹੋਏ ਉਭਾਰ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾ ਸਕਦਾ ਹੈ।

Parasite (ਪੈਰੱਸਾਇਟ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੈਰੱ (para), ਜਿਸ ਦੇ ਅਰਥ ਹਨ 'ਲਾਗਲੇ' ਦੇ ਅਤੇ ਦੂਜਾ ਹੈ ਸਿਟੱਸ (sitos), ਜਿਸ ਦੇ ਅਰਥ ਹਨ 'ਖਾਣ-ਪਦਾਰਥ' ਦੇ। ਉਪਰੋਕਤ ਪਦ ਪ੍ਰਜੀਵ ਲਈ ਰਾਖਵਾਂ ਹੈ, ਜਿਹੜਾ ਮੀਜ਼ਬਾਨ ਜੀਵ ਉਪਰ ਨਿਰਭਰ ਜੀਵਨ ਬਿਤਾਉਣ ਲਈ, ਉਸੇ ਦੇ ਸਰੀਰ ਦੇ ਕਿਸੇ ਵੀ ਭਾਗ 'ਚ ਟਿਕਾਣਾ ਲੱਭ ਲੈਂਦਾ ਹੈ।

Parasitism (ਪੈਰੱਸਿਟਿਜ਼ਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪੈਰੱਸਿਟੱਸ (parasitos) ਹੈ, ਜਿਸ ਦੇ ਅਰਥ ਹਨ 'ਪ੍ਰਜੀਵ' ਦੇ। 'ਪ੍ਰਜੀਵ' ਦੇ ਅਪਣਾਏ ਜੀਵਨ-ਢੰਗ ਨੂੰ ਉਪਰੋਕਤ ਪਦ ਦਰਸਾਉਂਦਾ ਹੈ ਅਤੇ ਉਹ ਜੀਵ ਪ੍ਰਜੀਵ ਸੱਦੇ ਜਾਂਦੇ ਹਨ, ਜਿਹੜੇ ਦੂਜੇ ਜੀਵ ਉਪਰ ਨਿਰਭਰ ਜੀਵਨ ਭੋਗਦੇ ਹਨ।

Parasitoid (ਪੈਰੱਸਿਟੱਇਡ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਪਹਿਲਾ ਪੈਰੱਸਿਟੱਸ (parasitos), ਜਿਸ ਦੇ ਅਰਥ ਹਨ 'ਪ੍ਰਜੀਵ' ਦੇ ਅਤੇ ਦੂਜਾ ਇਡੱਸ (eidos), ਜਿਸ ਦੇ ਅਰਥ ਹਨ 'ਆਕਾਰ' ਦੇ ਜਾਂ 'ਰੂਪ' ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਰਾਖਵਾਂ

ਹੈ, ਜਿਹੜੇ ਆਪਣੇ ਜੀਵਨ ਦਾ ਇਕ ਭਾਗ ਪ੍ਰਜੀਵ ਵਜੋਂ ਗੁਜ਼ਾਰਦੇ ਹਨ ਅਤੇ ਦੂਜਾ, ਸੁਤੰਤਰ ਹੋਂਦ ਦੇ ਧਾਰਨੀ ਬਣ ਕੇ।

Parasitology (ਪੈਰੱਸਿਟੱਲੱਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪੈਰੱਸਿਟੱਸ (parasitos), ਜਿਸ ਦੇ ਅਰਥ ਹਨ 'ਪ੍ਰਜੀਵ' ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਪ੍ਰਜੀਵਾਂ ਪ੍ਰਤੀ ਗਿਆਨ ਨਾਲ ਹੈ।

Parasymbiosis (ਪੈਰੱਸਿਮਬਿਓਸਿਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਹੈ ਪੈਰੱ (para), ਜਿਸ ਦੇ ਅਰਥ ਹਨ 'ਲਾਗਲੇ' ਦੇ ਅਤੇ ਦੂਜਾ ਹੈ ਸਿਮਬਿਓਨੀ (symbionai), ਜਿਸ ਦੇ ਅਰਥ ਹਨ 'ਨਾਲ ਨਾਲ ਵਿਚਰਨ' ਦੇ। ਉਸ ਪ੍ਰਕਾਰ ਦੇਂ ਜੀਵਨ-ਢੰਗ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਇਕ ਥਾਵੇਂ ਨਾਲ ਨਾਲ ਵਿਚਰਦੇ ਜੀਵਾਂ ਨੇ ਅਪਣਾਇਆ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਨਾਲ ਨਾਲ ਵਿਚਰਨ ਕਰਕੇ, ਇਕ ਦੂਜੇ ਤੋਂ ਨਾ ਹਾਨੀ ਪੁੱਜਦੀ ਹੈ ਅਤੇ ਨਾ ਹੀ ਕੋਈ ਲਾਭ ਪੁੱਜਦਾ ਹੈ।

Parasympathetic nervous system
(ਪੈਰੱਸਿਮਪੈਥੈਟਿਕ ਨਰਵਸ ਸਿਸਟਮ)

ਨਸ-ਪ੍ਰਣਾਲੀ ਦੇ ਵਿਸ਼ੇਸ਼ਣ ਵਜੋਂ ਵਰਤੇ ਗਏ ਪੈਰੱਸਿਮਪੈਥੈਟਿਕ ਸ਼ਬਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ: ਪਹਿਲਾ ਪੈਰੱ (para), ਜਿਸ ਦੇ ਅਰਥ ਹਨ "ਲਾਗਲੇ" ਦੇ ਅਤੇ ਦੂਜਾ ਸਿਮਪੈਥੀਜ਼ (sympathes), ਜਿਸ ਦੇ ਅਰਥ ਹਨ। 'ਹਮਾਇਤੀ' ਦੇ। ਸਰੀਰ ਅੰਦਰਲੀ ਨਿਰਇੱਛਤ ਨਸ ਪ੍ਰਣਾਲੀ (autonomic nervous system) ਦੇ ਦੋ ਭਾਗਾਂ 'ਚੋਂ ਇਕ ਦਾ ਉਪਰੋਕਤ ਨਾਮ ਹੈ, ਜਿਸ ਦੀ ਕ੍ਰਿਆ ਦੂਜੇ ਭਾਗ ਦੀਆਂ ਗਤੀਵਿਧੀਆਂ ਨੂੰ ਨਿਯੰਤਰਣ ਅਧੀਨ ਰੱਖਣਾ ਹੈ, ਜਿਵੇਂ ਕਿ ਦਿਲ ਦੀ ਧੜਕਣ ਨੂੰ ਜਾਂ ਫਿਰ ਲਹੂ ਦੇ ਦਬਾਓ ਨੂੰ ਵਿਤੋਂ ਬਾਹਰ ਨਾ ਜਾਣ ਦੇਣਾ ਹੈ।

Parathion (ਪੈਰੱਥਿਅਨ)

ਇਹ ਨਾਮ ਉਸ ਕੀਟਨਾਸ਼ਕ ਦਾ ਹੈ, ਜਿਸ ਅੰਦਰ ਫ਼ਾਸਫੋਰਸ ਰਚੀ ਹੋਈ ਹੈ ਅਤੇ ਜਿਸ ਕਰਕੇ ਇਹ ਬਹੁਤ ਜ਼ਹਿਰੀਲਾ ਹੈ। ਪਰ ਇਸ ਕੀਟਨਾਸ਼ਕ ਦਾ ਵਿਸ਼ੈਲਾਪਣ ਥੋੜ੍ਹ-ਚਿਰਾ ਹੋਣ ਕਰਕੇ, ਫ਼ਸਲਾਂ ਉਪਰ ਇਸ ਦਾ ਪ੍ਰਭਾਵ ਲੰਬੇ ਸਮੇਂ ਤਕ ਬਣਿਆ ਨਹੀਂ ਰਹਿੰਦਾ।

Parathyroid gland

(ਪੈਰੱਥਾੱਇਰਆਇਡ ਗਲੈਂਡ)

ਪਦ ਦੇ ਪਹਿਲੇ ਭਾਗ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਦੇ ਮਿਲਵੇਂ ਅਰਥ ਹਨ 'ਥਾਇਰਆਇਡ ਲਾਗਲੇ' ਦੇ ਅਤੇ ਪਦ ਦਾ ਦੂਜਾ ਭਾਗ 'ਗ੍ਰੰਥੀ' ਲਈ ਵਰਤਿਆ ਜਾਂਦਾ ਸ਼ਬਦ ਹੈ। ਉਪਰੋਕਤ ਪਦ ਥਾੱਇਰਆਇਡ (thyroid) ਗ੍ਰੰਥੀ ਲਾਗਲੀ ਅਤੇ ਇਸ ਅੰਦਰ ਖੁੱਭੀ ਹੋਈ ਦੂਜੀ ਗ੍ਰੰਥੀ ਦਾ ਨਾਮ ਹੈ, ਜਿਸ 'ਚੋਂ ਰਿਸਿਆ ਹਾਰਮੋਨ ਲਹੂ ਅੰਦਰਲੇ ਫ਼ਾਸਫੋਰਸ ਅਤੇ ਕੈਲਸ਼ੀਅਮ ਦੇ ਸੰਤੁਲਨ ਨੂੰ ਡੋਲਣ ਨਹੀਂ ਦਿੰਦਾ।

Parazoa (ਪੈਰੱਜ਼ੁਆ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਪੈਰੱ (para), ਜਿਸ ਦੇ ਅਰਥ ਹਨ 'ਲਾਗਲੇ' ਦੇ ਅਤੇ ਦੂਜਾ ਜ਼ੂਅਨ (zoon), ਜਿਸ ਦੇ ਅਰਥ ਹਨ 'ਪ੍ਰਾਣੀ' ਦੇ। ਅਸਫੰਜਾਂ ਦੇ ਉਪਜਗਤ (sub-kingdom) ਦਾ ਉਪਰੋਕਤ ਨਾਮ ਹੈ। ਅਸਫੰਜ ਅਜਿਹੇ ਜੀਵ ਹਨ, ਪਰ ਜਿਹੜੇ ਨਾ ਪੌਦਿਆਂ 'ਚ ਸ਼ਾਮਲ ਹਨ ਅਤੇ ਨਾ ਪ੍ਰਾਣੀਆਂ 'ਚ,

ਪਰ ਪੌਦਿਆਂ ਨਾਲੋਂ ਪ੍ਰਾਣੀਆਂ ਦੇ ਇਹ ਵੱਧ ਨੇੜੇ ਹਨ।

Parenchyma (ਪੇਰੈਨਗਕਾਇਮਾੱ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲਾ ਹੈ ਪੈਰਾੱ (para), ਜਿਸ ਦੇ ਅਰਥ ਹਨ "ਲਾਗਲੇ" ਦੇ ਅਤੇ ਦੂਜਾ ਹੈ ਇੰਗਕਾਇਮਾੱ (engchyma), ਜਿਸ ਦੇ ਅਰਥ ਹਨ 'ਘੋਲ' ਦੇ ਜਾਂ 'ਭਰਨ' ਦੇ। ਪੌਦਿਆਂ ਅੰਦਰਲੀ ਨਰਮ ਬੁਣਤ ਦਾ ਇਹ ਨਾਮ ਹੈ, ਜਿਹੜੀ ਕਿ ਇਨ੍ਹਾਂ ਦੇ ਵੱਖ ਵੱਖ ਭਾਗਾਂ 'ਚ, ਨਿਰੋਲ ਭਰਤ ਵਜੋਂ ਵਰਤੋਂ 'ਚ ਆਉਂਦੀ ਹੈ।

Parthenogenesis (ਪਾੱਰਥੈਨੱਜੈਨੋੱਸਿਸ)

ਇਸ ਪਦ 'ਚ ਜਿਹੜੇ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਉਹ ਹਨ: ਪਾੱਰਥੈਨੱਸ (parthenos) ਅਤੇ ਜੈਨੇਸਿਸ (genesis), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕੁਆਰੇਪਣ' ਦੇ ਅਤੇ 'ਉਤਪਤੀ' ਦੇ। ਉਸ ਪ੍ਰਕਾਰ ਦੇ ਪ੍ਰਜਣਨ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ 'ਚ ਅੰਡਾ ਨਿਸ਼ੇਚਿਆਂ ਬਿਨਾਂ ਹੀ ਪ੍ਰਗਤ ਹੋ ਕੇ, ਨਵਜੀਵ ਦਾ ਰੂਪ ਧਾਰ ਲੈਂਦਾ ਹੈ।

Parturition (ਪਾੱਰਟਯੂਰਿਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪਾੱਰਟਯੂਰਿਰੱ (parturire) ਹੈ, ਜਿਸ ਦੇ ਅਰਥ ਹਨ 'ਜਨਮ ਦੇਣ' ਦੇ। ਪਸ਼ੂਆਂ ਦੇ ਬੱਚਿਆਂ-ਵੱਛਿਆਂ ਨੂੰ ਜਨਮ ਦੇਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Passeriformes (ਪੈਸੱਰਿਫਾੱਰਮੀਜ਼)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਪੈਸਰ (passer) ਹੈ, ਜਿਸ ਦੇ ਅਰਥ ਹਨ 'ਚਿੜ੍ਹੀ' ਦੇ। ਉਸ ਪੰਛੀ ਵਰਗ ਦਾ ਉਪਰੋਕਤ ਨਾਮ ਹੈ, ਜਿਸ 'ਚ ਖੁਸ਼ਕ ਭੂਮੀ ਉਪਰ ਵਿਚਰਦੇ ਉਹ ਪੰਛੀ ਸ਼ਾਮਲ ਹਨ, ਜਿਹੜੇ ਚਹਿਕਦੇ ਹਨ ਅਤੇ ਰੁੱਖਾਂ ਦੀਆਂ ਟਹਿਣੀਆਂ ਉਪਰ ਪੱਕੜ ਬਣਾਈ ਰੱਖਣ ਯੋਗ, ਚੌਂਹ ਉਂਗਲਾਂ ਵਾਲੇ ਪੰਜਿਆਂ ਦੇ ਮਾਲਿਕ ਹਨ। ਸੰਸਾਰ ਭਰ ਦੀਆਂ ਲਗਭਗ ਅੱਧੀਆਂ ਪੰਛੀ ਜਾਤੀਆਂ ਇਸ ਵਰਗ 'ਚ ਸ਼ਾਮਲ ਹਨ।

Passerines (ਪੈਸੱਰਾਇਨਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਪੈਸਰ (passer) ਹੈ, ਜਿਸ ਦੇ ਅਰਥ ਹਨ 'ਚਿੜ੍ਹੀ' ਦੇ। ਪੰਛੀਆਂ ਦੇ ਪੈਸੱਰਿਫ਼ਾੱਰਮੀਜ਼ ਵਰਗ 'ਚ ਸ਼ਾਮਲ ਪੰਛੀਆਂ ਲਈ ਵਰਤਿਆ ਜਾ ਰਿਹਾ ਇਹ ਆਮ ਸੰਬੋਧਨ ਹੈ।

Pasteur Louis (ਪਾਸਚਰ ਲੂਈ)

ਫਰਾਂਸੀਸੀ ਕੀਟਾਣੂ-ਵਿਗਿਆਨੀ ਦਾ ਇਹ ਨਾਮ ਹੈ, ਜਿਸ ਦਾ ਜੀਵਨ 1822 ਅਤੇ 1895 ਵਿਚਕਾਰ ਬੀਤਿਆ ਸੀ। ਲਾਗ ਦੇ ਰੋਗ ਵਿਰੁੱਧ ਟੀਕੇ ਅਤੇ ਲੋਦਿਆਂ ਦਾ ਪ੍ਰਚਲਨ ਉਸ ਨੇ ਆਰੰਭਿਆ ਸੀ ਅਤੇ ਉਸੇ ਨੇ ਜੀਵਨ ਦੀ ਸਵੈ-ਉਤਪਤੀ ਦੇ ਵਿਚਾਰ ਨੂੰ ਵੀ ਸਦਾ ਲਈ ਦਫ਼ਨਾ ਦਿੱਤਾ ਸੀ। ਖ਼ਮੀਰ ਦੀ ਪ੍ਰਕ੍ਰਿਆ ਨੂੰ ਵੀ ਉਸ ਨੇ ਵਿਸ਼ਾਲ ਆਧਾਰ ਅਰਪਣ ਕੀਤਾ ਅਤੇ ਦੁੱਧ ਦੀ ਸੰਭਾਲ ਲਈ ਪਾਸਚਰੀਕਰਣ ਦੀ ਜੁਗਤ ਵੀ ਉਸੇ ਨੇ ਈਜਾਦ ਕੀਤੀ।

Pasterisation (ਪੈਸਟਰਾਇਜ਼ੇਸ਼ਨ)

ਇਹ ਉਸ ਪ੍ਰਕ੍ਰਿਆ ਦਾ ਨਾਮ ਹੈ, ਜਿਸ ਦੁਆਰਾ ਦੁੱਧ, ਵਾਈਨ ਅਤੇ ਬੀਅਰ ਨੂੰ ਜੀਵਾਣੂ ਮੁਕਤ ਕਰਵਾਇਆ ਜਾਂਦਾ ਹੈ। ਇਸ ਪ੍ਰਕ੍ਰਿਆ ਦੌਰਾਨ ਇਨ੍ਹਾਂ ਪੀਣ-ਪਦਾਰਥਾਂ ਨੂੰ ਨਿਰਧਾਰਤ ਸਮੇਂ ਲਈ ਉਚੇ ਤਾਪਮਾਨ 'ਤੇ ਰੱਖਿਆ ਜਾਂਦਾ ਹੈ ਅਤੇ ਫਿਰ ਇਨ੍ਹਾਂ ਨੂੰ ਇਕ-ਦਮ ਠੰਢਾ ਕਰ ਲਿਆ ਜਾਂਦਾ ਹੈ। ਇਸ ਪ੍ਰਕ੍ਰਿਆ ਦਾ ਉਪਰੋਕਤ ਨਾਮ, ਇਸ ਪ੍ਰਕ੍ਰਿਆ ਨੂੰ ਈਜਾਦ ਕਰਨ ਵਾਲੇ ਫ੍ਰਾਂਸੀਸੀ ਵਿਗਿਆਨੀ ਲੂਈ ਪਾਸਚਰ ਦੇ ਨਾਮ ਤੇ ਆਧਾਰਿਤ ਹੈ।

Pasture (ਪਾਸਚਰ)

ਉਸ ਪ੍ਰਕਾਰ ਦੇ ਘਾਹ-ਮੈਦਾਨ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦਾ ਉਪਯੋਗ ਪਸ਼ੂ ਚਰਾਉਣ ਲਈ ਹੋ ਰਿਹਾ ਹੋਵੇ।

Patabiont (ਪੈਟੇਬਾਇਅੰਟ)

ਇਸ ਪਦ 'ਚ ਇਕ ਲਾਤੀਨੀ ਅਤੇ ਇਕ ਯੂਨਾਨੀ ਸ਼ਬਦ ਸਮਾਏ ਹੋਏ ਹਨ: ਲਾਤੀਨੀ ਸ਼ਬਦ ਹੈ, ਪੈਟੇਜਿਅਮ (patagium) ਦਾ ਲਘੂ ਰੂਪ ਪੇਟੇ (pata), ਜਿਸ ਦੇ ਅਰਥ ਹਨ 'ਹਾਸ਼ੀਏ' ਦੇ ਜਾਂ 'ਸੀਮਾ' ਦੇ ਅਤੇ ਯੂਨਾਨੀ ਸ਼ਬਦ ਹੈ, ਬਾਇਅਨ (bion), ਜਿਸ ਦੇ ਅਰਥ ਹਨ 'ਜੀਵਨ' ਦੇ। ਵਣਾਂ ਦੀ ਕੱਖਾਂ-ਕਾਨਿਆਂ ਅਤੇ ਘਾਹ-ਫੂਸ ਨਾਲ ਕੱਜੀ ਹੋਈ ਭੂਮੀ ਉਪਰ ਵਿਚਰਦੇ ਜੀਵ-ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ 'ਚ ਕੀਟ, ਕੀਟਾਣੂ ਅਤੇ ਮਲੱਪ ਬਹੁਗਿਣਤੀ 'ਚ ਸ਼ਾਮਲ ਹਨ।

Patagium (ਪੈਟੇਜਿਅਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਹਾਸ਼ੀਏ' ਦੇ ਜਾਂ 'ਸੀਮਾ' ਦੇ। ਚਮਗਿੱਦੜ ਪੰਛੀ ਨਹੀਂ, ਉੱਡਣ ਵਾਲੇ ਪਸ਼ੂ ਹਨ ਅਤੇ ਇਨ੍ਹਾਂ ਦੇ ਉੱਡਣ ਅੰਗ ਖੰਭਾਂ ਜੜੇ ਪਰ ਨਹੀਂ, ਮਹੀਨ ਪਰਤ ਦੀ ਝਾਲਰ ਹੈ, ਜਿਹੜੀ ਇਸ ਦੇ ਸਰੀਰ ਦੇ ਦੋਵੀਂ ਪਾਸੀਂ, ਇਸ ਦੀਆਂ ਅਗਲੀਆਂ ਅਤੇ ਪਿਛਲੀਆਂ ਟੰਗਾਂ ਵਿਚਕਾਰ ਤਣੀ ਹੋਈ ਹੈ। ਇਸੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Patella (ਪੇਟੈਲਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਚੱਪਣੀ' ਦੇ। ਗੋਡੇ ਦੇ ਜੋੜ ਨੂੰ ਸਾਹਮਣਿਓਂ ਕੱਜਦੀ ਚਪਟੀ ਹੱਡੀ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Pathogen (ਪੈਥਾੱਜਨ)

ਇਸ ਪਦ ਅੰਦਰ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੈਥੱਸ (pathos), ਜਿਸ ਦੇ ਅਰਥ ਹਨ 'ਰੋਗ' ਦੇ ਅਤੇ ਦੂਜਾ ਹੈ ਜੇੱਨੀਸ (genes), ਜਿਸ ਦੇ ਅਰਥ ਹਨ 'ਉਤਪੰਨ ਕਰਨ' ਦੇ। ਉਸ ਕੀਟਾਣੂ ਜਾਂ ਵਿਸ਼ਾਣੂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਕਿਸੇ ਨਾ ਕਿਸੇ ਰੋਗ ਦਾ ਕਾਰਨ ਬਣਦਾ ਹੈ।

Pathogenic waste (ਪੈਥੱਾਜੇਨਿਕ ਵੇਸਟ)

ਇਸ ਪਦ ਦਾ ਪਹਿਲਾ ਭਾਗ ਦੋ ਯੂਨਾਨੀ ਸ਼ਬਦਾਂ ਦਾ ਸੁਮੇਲ ਹੈ, ਪੈਥੱਸ (pathos) ਦਾ ਅਤੇ ਜੇਨੀਸ (genes) ਦਾ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਰੋਗ' ਦੇ ਅਤੇ 'ਉਤਪੰਨ ਕਰਨ' ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਅਤੇ 'ਕੂੜੇ' ਨੂੰ ਦਰਸਾਉਣ ਲਈ ਵਰਤਿਆ ਜਾਂਦਾ ਸ਼ਬਦ ਹੈ। ਹਸਪਤਾਲਾਂ ਦੇ ਉਪਜਾਏ ਜਾ ਰਹੇ ਕੂੜੇ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਜੇਕਰ ਉਚਿਤ ਨਿਪਟਾਰਾ ਨਹੀਂ ਕੀਤਾ ਜਾਂਦਾ ਤਾਂ ਇਹ ਜਨ-ਅਰੋਗਤਾ ਲਈ ਉਚਿਤ ਨਹੀਂ, ਇਸ ਲਈ, ਕਿਉਂਕਿ ਇਸ ਅੰਦਰ ਰੋਗ ਉਪਜਾਊ ਜੀਵਾਣੂਆਂ ਦੇ ਸਮਾਏ ਹੋਣ ਦੀ ਸੰਭਾਵਨਾ ਹੁੰਦੀ ਹੈ।

Pathology (ਪੈਥਾੱਲਅੱਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪੈਥੱਸ (pathos), ਜਿਸ ਦੇ ਅਰਥ ਹਨ 'ਰੋਗ' ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਸਿਰਲੇਖ ਹੈ, ਜਿਸ ਦਾ ਸਬੰਧ ਸਰੀਰ ਦੀ ਰੋਗੀ ਅਵਸਥਾ ਅਤੇ ਇਸ ਦੇ ਕਾਰਨ ਬਾਰੇ ਗਿਆਨ ਨਾਲ ਹੈ।

Pearl (ਪਰਲ)

ਇਹ ਪਦ ਫ੍ਰਾਂਸੀਸੀ ਸ਼ਬਦ ਪਰਲੱ (perle) ਦਾ ਬਦਲਿਆ ਰੂਪ ਹੈ, ਜਿਸ ਨੂੰ ਕਿ 'ਮੋਤੀ' ਲਈ ਵਰਤਿਆ ਜਾਂਦਾ ਹੈ। ਮੋਤੀ, ਸਿੱਪ ਦੇ ਸਖ਼ਤ ਛਿੱਲੜ

ਅੰਦਰਲੀ ਪੇਪੜੀ ਦੀ ਅਨਿਯਮਤ ਉਪਜ ਹੈ, ਜਿਸ ਦਾ ਪੁੰਗਾਰ ਤਦ ਹੁੰਦਾ ਹੈ, ਜੇਕਰ ਕੋਈ ਬਾਹਰੀ ਕਿਣਕਾ ਜਾਂ ਕਣ, ਇਤਫਾਕ ਨਾਲ, ਇਸ ਉਪਰ ਕਿਧਰੇ ਵੀ ਆ ਟਿਕੇ।

Pecten (ਪੈਕਟਨ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਕੰਘੀ' ਦੇ। ਪੰਛੀਆਂ ਦੀ ਅੱਖ ਦੇ ਡੇਲੇ ਅੰਦਰ ਇਕ ਕੰਘੀਦਾਰ ਬਣਤਰ ਹੈ, ਜਿਸ ਲਈ ਉਪਰੋਕਤ ਪਦ ਰਾਖਵਾਂ ਹੈ ਅਤੇ ਜਿਸ ਕਾਰਨ ਪੰਛੀਆਂ ਦੀ ਨਿਗਾਹ ਤੇਜ਼ ਹੁੰਦੀ ਹੈ।

Pectins (ਪੈਕਟਿਨਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਪੈਕਟੱਸ (pektos) ਹੈ, ਜਿਸ ਦੇ ਅਰਥ ਹਨ 'ਜੰਮ ਜਾਣ' ਦੇ। ਪੌਦਿਆਂ ਦੇ ਸੈੱਲਾਂ ਦੁਆਲੇ ਦੇ ਬਾਗਲੇ ਇਸ ਲਈ ਸਖ਼ਤ ਹੁੰਦੇ ਹਨ, ਕਿਉਂਕਿ ਇਨ੍ਹਾਂ ਅੰਦਰ ਪੈਕਟਿਕ ਐਸਿਡ ਆਧਾਰ ਵਾਲੇ ਯੌਗਿਕ ਸਮਾਏ ਹੁੰਦੇ ਹਨ, ਜਿਹੜੇ ਰਿਸਣ ਉਪਰੰਤ ਜੰਮ ਜਾਂਦੇ ਹਨ ਅਤੇ ਜਿਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Pectoral (ਪੈਕਟਰੱਾਲ)

ਲਾਤੀਨੀ ਸ਼ਬਦ, ਪੈਕਟੱਸ (pectus) ਇਸ ਪਦ ਦਾ ਅਧਾਰ ਹੈ, ਜਿਸ ਦੇ ਅਰਥ ਹਨ 'ਛਾਤੀ' ਦੇ। ਸਰੀਰ ਦੇ ਛਾਤੀ ਨਾਲ ਸਬੰਧ ਰਖਦੇ ਭਾਗ ਜਾਂ ਅੰਗ ਲਈ ਇਸ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

Pectose (ਪੈਕਟੋਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪੈਕਟੱਸ (pektos) ਹੈ, ਜਿਸ ਦੇ ਅਰਥ ਹਨ 'ਜੰਮ ਜਾਣ' ਦੇ। ਪੌਦੇ ਦੇ ਸੈੱਲ ਦੁਆਲੇ ਵਲਗਣ ਅੰਦਰਲੇ ਉਸ ਨਿਸ਼ਾਸਤਈ ਪਦਾਰਥ ਦਾ ਇਹ ਨਾਮ ਹੈ, ਜਿਹੜਾ ਐਨਜ਼ਾਈਮਾਂ ਦੀ ਅਗਵਾਈ ਅਧੀਨ ਪੈਕਟਿਨ ਦਾ ਅਤੇ ਸੈਲਯੂਲੋਜ਼ ਦਾ ਰੂਪ ਧਾਰ ਲੈਂਦਾ ਹੈ, ਜਿਨ੍ਹਾਂ ਦੀ ਹੋਂਦ ਕਾਰਨ ਅੱਗੋਂ, ਸੈੱਲ-ਵਲਗਣ ਅੰਦਰਲੀ ਲਚਕ ਜਾਂਦੀ ਰਹਿੰਦੀ ਹੈ।

Pectus (ਪੈਕਟੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਨੂੰ 'ਛਾਤੀ' ਲਈ ਅਤੇ 'ਛਾਤੀ ਨਾਲ ਸਬੰਧ' ਦਰਸਾਉਣ ਲਈ ਵਰਤਿਆ ਜਾਂਦਾ ਹੈ।

Pedal (ਪੈਡੱਲ)

ਲਾਤੀਨੀ ਸ਼ਬਦ, ਪੈਸ (pes) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪੈਰ' ਦੇ। ਪੈਰ ਨਾਲ ਸਬੰਧ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

Pedalfer (ਪੈਡੱਾਲਫਰ)

ਤਿੰਨ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੈਡਨ (pedon), ਜਿਸ ਦੇ ਅਰਥ ਹਨ 'ਕਾਸ਼ਤ ਅਧੀਨ ਭੂਮੀ' ਦੇ; ਦੂਜਾ ਹੈ ਅਲਯੂਮਨ (alumen), ਜਿਹੜਾ ਅਲਮੀਨੀਅਮ ਲਈ ਵਰਤਿਆ ਜਾਂਦਾ ਸ਼ਬਦ ਹੈ ਅਤੇ ਤੀਜਾ ਹੈ ਫੇਰੱਮ (ferum), ਜਿਹੜਾ ਲੋਹੇ ਲਈ ਵਰਤਿਆ ਜਾਂਦਾ ਸ਼ਬਦ ਹੈ। ਕਾਸ਼ਤ ਅਧੀਨ ਉਸ ਭੂਮੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੀ ਅਲਮੀਨੀਅਮ ਅਤੇ ਲੋਹੇ ਦੇ ਯੌਗਿਕਾਂ 'ਚ ਸਮ੍ਰਿਧ ਹੈ।

Pedicel (ਪੈਡਿਸਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪੈਡਿਕਯੂਲਸ (pediculus) ਹੈ, ਜਿਸ ਦੇ ਅਰਥ ਹਨ 'ਛੋਟੇ ਪੈਰ' ਦੇ। ਪੱਤਰਾਂ, ਫੁੱਲਾਂ ਅਤੇ ਫਲਾਂ ਦੀ ਅਲਪ ਡੰਡੀ ਜਾਂ ਡੰਡਲ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਕੀਟਾਂ ਦੀ ਟੋਹ-ਸਿੰਗੀ (antenna) ਦੇ ਦੂਜੇ ਖੰਡ ਲਈ ਵੀ ਇਸੇ ਪਦ ਦਾ ਉਪਯੋਗ ਕੀਤਾ ਜਾ ਰਿਹਾ ਹੈ।

Pedipalp (ਪੈਡਿਪੈਲਪ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ

ਹਨ, ਪਹਿਲਾ ਹੈ ਪੈਡੈਮ (pedem), ਜਿਸ ਦੇ ਅਰਥ ਹਨ 'ਪੈਰ' ਦੇ ਅਤੇ ਦੂਜਾ ਹੈ ਪੱਲਪੇਅਰ (palpare), ਜਿਸ ਦੇ ਅਰਥ ਹਨ 'ਅਨੁਭਵ ਕਰਨ' ਦੇ। ਬਿੱਛੂਆਂ 'ਤੇ ਮੱਕੜੀਆਂ ਦੇ ਟੰਗ ਜਿਹੇ ਲੰਬੇ ਅਨੁਭਵੀ ਉਪਅੰਗ ਦਾ ਇਹ ਨਾਮ ਹੈ, ਜਿਹੜਾ ਖਾਣ-ਪਾਣ ਅਤੇ ਪ੍ਰਜਣਨ ਨਾਲ ਜੁੜੀਆਂ ਕ੍ਰਿਆਵਾਂ ਪੂਰੀਆਂ ਕਰਦਾ ਰਹਿੰਦਾ ਹੈ।

Pedocal (ਪੈਡਅਕੱਲ)

ਇਸ ਪਦ ਦਾ ਮੂਲ ਆਧਾਰ ਯੂਨਾਨੀ ਸ਼ਬਦ, ਪੈਡੱਨ (pedon) ਹੈ, ਜਿਸ ਦੇ ਅਰਥ ਹਨ 'ਕਾਸ਼ਤ ਅਧੀਨ ਭੂਮੀ' ਦੇ, ਅਤੇ ਜਿਸ ਨਾਲ ਜੁੜਿਆ ਕੈਲ (cal), ਕੈਲਸ਼ੀਅਮ ਦਾ ਸੰਕੇਤਕ ਚਿੰਨ੍ਹ ਹੈ। ਕੈਲਸ਼ੀਅਮ 'ਚ ਸਮ੍ਰਿਧ ਅਤੇ ਕਾਸ਼ਤ ਲਈ ਵਰਤੋਂ 'ਚ ਆ ਰਹੀ ਭੂਮੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Pedology (ਪੈਡਾੱਲੱਜਿ)

ਇਸ ਪਦ 'ਚ ਜਿਹੜੇ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਉਨ੍ਹਾਂ ਚੋਂ ਪਹਿਲਾ ਹੈ ਪੈਡਨ (pedon), ਜਿਸ ਦੇ ਅਰਥ ਹਨ 'ਕਾਸ਼ਤ ਲਈ ਵਰਤੀ ਜਾ ਰਹੀ ਭੂਮੀ' ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਸ਼ਾਖ਼ ਲਈ ਉਪਰੋਕਤ ਸਿਰਲੇਖ ਰਾਖਵਾਂ ਹੈ, ਜਿਸ ਦਾ ਸਬੰਧ ਕਾਸ਼ਤ ਅਧੀਨ ਭੂਮੀ ਦੇ ਹਰ ਇਕ ਪੱਖ ਬਾਰੇ ਗਿਆਨ ਨਾਲ ਹੈ।

Pelagic (ਪੈਲੱਜਿਕ)

ਯੂਨਾਨੀ ਸ਼ਬਦ, ਪੈਲੱਗਸ (pelagos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਸਾਗਰ' ਦੇ। ਖੁੱਲ੍ਹੇ-ਡੁੱਲ੍ਹੇ ਸਾਗਰਾਂ ਵਿਚ ਵਿਚਰਦੇ ਜੀਵਾਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਕਿ ਆਪਣੀ ਬਣਤਰ 'ਚ ਸਾਗਰੀ ਤਟਾਂ ਅਤੇ ਸਾਗਰ ਦੀਆਂ ਘੋਰ ਡੂੰਘਾਣਾਂ 'ਚ ਵਿਚਰਦੇ ਜੀਵਾਂ ਨਾਲੋਂ ਭਿੰਨ ਹਨ।

Pellicle (ਪੈਲਿਕਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪੈਲਿਕਯੂਲੱ (pellicula) ਹੈ, ਜਿਸ ਦੇ ਅਰਥ ਹਨ 'ਸੂਖਮ ਪਰਤ' ਦੇ। ਇਕ ਸੈੱਲ ਦੀ ਦੇਹ ਵਾਲੇ ਜੀਵਾਂ ਦੁਆਲੇ ਲਿਪਟੀ ਹੋਈ ਮਹੀਨ ਪਰਤ ਲਈ ਇਹ ਪਦ ਰਾਖਵਾਂ ਹੈ, ਜਿਹੜੀ ਕਿ ਇਨ੍ਹਾਂ ਦੀ ਸੁਰੱਖਿਆ ਦਾ ਸਾਧਨ ਹੈ।

Pelma (ਪੈਲਮਾ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਤਲੇ' ਦੇ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਵੀ ਇਸ ਦਾ ਪੈਰ ਦੇ ਤਲੇ ਜਾਂ ਪੇਤਲੀ ਨੂੰ ਦਰਸਾਉਣ ਲਈ ਹੀ ਉਪਯੋਗ ਕੀਤਾ ਜਾਂਦਾ ਹੈ।

Pelvis (ਪੈਲਵਿਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਤਸਲੇ' ਦੇ ਜਾਂ 'ਚਿਲਮਚੀ' ਦੇ। ਮਨੁੱਖ ਦੇ ਪੁੱਠੇ ਦੇ ਹੱਡਲ-ਘੇਰੇ (pelvic girdle) ਅੰਦਰਲੇ ਖੋਖਲੇਪਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਸੇ ਪਦ ਨੂੰ ਪਸ਼ੂ-ਗੁਰਦੇ ਅੰਦਰਲੇ ਖੋਖਲੇਪਣ ਨੂੰ ਦਰਸਾਉਣ ਲਈ ਵੀ ਅਪਣਾ ਲਿਆ ਗਿਆ ਹੈ।

Penicillin (ਪੈਨਿਸਿਲਿਨ)

ਇਹ ਇਕ ਰੋਗਾਣੂਨਾਸ਼ਕ ਪਦਾਰਥ ਦਾ ਨਾਮ ਹੈ, ਜਿਹੜਾ ਪੈਨਿਸਿਲੀਅਮ (Penicilium)ਨਾਮ ਦੀ ਫਫੂੰਦੀ ਦੀ ਉਪਜ ਹੈ ਅਤੇ ਜਿਸ ਦਾ ਜੈਵਿਕ ਵਿਰੋਧੀ ਦਵਾਈ ਵਜੋਂ ਆਮ ਉਪਯੋਗ ਹੋ ਰਿਹਾ ਹੈ।

Penis (ਪੀਨਿਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਉਹੋ ਹੀ ਅਰਥ ਹਨ, ਜਿਹੜੇ ਕਿ ਇਸ ਦੇ ਜੀਵ-ਵਿਗਿਆਨ ਦੇ ਪ੍ਰਸੰਗ 'ਚ ਹਨ, ਭਾਵ ਇਹ ਰੀੜ੍ਹ-ਸਹਿਤ ਪ੍ਰਾਣੀਆਂ ਦੇ ਨਰ ਦੀ ਪ੍ਰਜਣਨ-ਇੰਦਰੀ ਦਾ ਨਾਮ

ਹੈ, ਜਿਸ ਦੁਆਰਾ ਸ਼ੁਕਰਾਣੂ ਖ਼ਾਰਜ ਹੁੰਦੇ ਹਨ।

Pensile (ਪੈਨਸਾਈਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪੈਨਸਿਲਿਸ (pensiles) ਹੈ, ਜਿਸ ਦੇ ਅਰਥ ਹਨ 'ਲਮਕਣ' ਦੇ। ਇਸ ਪਦ ਨੂੰ ਵਿਸ਼ੇਸ਼ ਤੌਰ 'ਤੇ ਪੰਛੀਆਂ ਦੇ ਉਸਾਰੇ ਅਜਿਹੇ ਆਲ੍ਹਣਿਆਂ ਲਈ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਹੜੇ ਰੁੱਖਾਂ ਦੀਆਂ ਡਾਲਾਂ ਨਾਲ ਲਮਕਦੇ ਦਿਖਾਈ ਦਿੰਦੇ ਹਨ।

Pentacyclic (ਪੈਨਟਾਸਾਇਕਲਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪੈਨਟੱ (pente) ਅਤੇ ਕਿਕਲੱਸ (kyklos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪੰਜ' ਦੇ ਅਤੇ 'ਘੇਰੇ' ਦੇ। ਅਜਿਹੇ ਫੁੱਲਾਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਨ੍ਹਾਂ ਦੀਆਂ ਪੱਤੀਆਂ ਦੀ ਪੰਜ ਘੇਰਿਆਂ ਵਾਲੀ ਵਿਉਂਤ ਹੁੰਦੀ ਹੈ।

Pentadactyl (ਪੈਨਟੱਡੈਕਟਾਇਲ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੈਨਟੱ (pente), ਜਿਸ ਦੇ ਅਰਥ ਹਨ 'ਪੰਜ' ਦੇ ਅਤੇ ਦੂਜਾ ਹੈ ਡੈਕਟਿਲਸ (daktylos), ਜਿਸ ਦੇ ਅਰਥ ਹਨ 'ਉਂਗਲ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਪਰਾਂ ਜਾਂ ਟੰਗਾਂ ਦੇ ਸਿਰਿਆਂ ਨਾਲ ਪੰਜ ਪੰਜ ਉਂਗਲਾਂ ਜੜੀਆਂ ਹੁੰਦੀਆਂ ਹਨ। ਇਸੇ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Pentandrous (ਪੈਨਟੱਨਡਰੱਸ)

ਦੋ ਯੂਨਾਨੀ ਸ਼ਬਦ, ਪੈਨਟੱ (pente) ਅਤੇ ਐਨੀਰ (aner) ਇਸ ਪਦ ਨੂੰ ਰਚਨਹਾਰੇ ਹਨ, ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਪੰਜ' ਦੇ ਅਤੇ ਦੂਜੇ ਦੇ 'ਨਰ' ਦੇ। ਜਿਨ੍ਹਾਂ ਫੁੱਲਾਂ 'ਚ ਪੰਜ ਪੁੰਕੇਸਰ, ਭਾਵ ਸਟੈਮਨ (stamen) ਹੁੰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Pentaploid (ਪੈਨਟੱਪਲਾਇਡ)

ਇਸ ਪਦ 'ਚ ਤਿੰਨ ਯੂਨਾਨੀ ਸ਼ਬਦ ਸਮਾਏ ਹੋਏ ਹਨ, ਅਤੇ ਇਹ ਹਨ ਪੈਨਟੱ (pente), ਹੈਪਲੂਸ (haploos) ਅਤੇ ਇਡੱਸ (eidos), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ, 'ਪੰਜ' ਦੇ, 'ਸਧਾਰਨ' ਦੇ ਅਤੇ 'ਨੁਹਾਰ' ਦੇ। ਉਪਰੋਕਤ ਪਦ ਦਾ ਸਬੰਧ ਕ੍ਰੋਮੋਸੋਮਾਂ ਦੀ ਗਿਣਤੀ ਨਾਲ ਹੈ ਅਤੇ ਉਸ ਜੀਵ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦੇ ਸੈੱਲਾਂ 'ਚ ਕ੍ਰੋਮੋਸੋਮਾਂ ਦੀ ਸਾਧਾਰਨ ਨਾਲੋਂ ਪੰਜ ਗੁਣਾਂ ਗਿਣਤੀ ਹੁੰਦੀ ਹੈ।

Pepsin (ਪੈਪਸਿਨ)

ਇਹ ਪਦ ਯੂਨਾਨੀ ਸ਼ਬਦ, ਪੈਪਸਿਸ (pepsis) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਹਾਜ਼ਮੇ' ਦੇ। ਮਿਹਦੇ ਅੰਦਰ ਰਿਸਦੇ ਉਸ ਐਨਜ਼ਾਈਮ ਦਾ ਉਪਰੋਕਤ ਨਾਮ ਹੈ, ਜਿਹੜਾ ਪ੍ਰੋਟੀਨੀ ਅਣੂਆਂ ਨੂੰ ਹਜ਼ਮ ਕਰਕੇ, ਇਨ੍ਹਾਂ ਨੂੰ ਆਂਦਰਾਂ ਵਿਖੇ ਪਚਾਏ ਜਾਣ ਦੇ ਯੋਗ ਬਣਾ ਦਿੰਦਾ ਹੈ।

Peptic glands (ਪੈਪਟਿਕ ਗਲੈਂਡਜ਼)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਯੂਨਾਨੀ ਸ਼ਬਦ, ਪੈਪਟੀਨ (peptein) ਹੈ, ਜਿਸ ਦੇ ਅਰਥ ਹਨ 'ਹਜ਼ਮ ਕਰਨ' ਦੇ। ਮਿਹਦੇ ਅੰਦਰਲੀਆਂ ਪੈਪਸਿਨ ਨਾਮ ਦੇ ਐਨਜ਼ਾਈਮ ਨੂੰ ਉਪਜਾਉਂਦੀਆਂ ਗ੍ਰੰਥੀਆਂ ਲਈ ਉਪਰੋਕਤ ਪਦ ਰਾਖਵਾਂ ਹੈ।

Peptide (ਪੈਪਟਾਇਡ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪੈਪਟੱਸ (peptos) ਹੈ, ਜਿਸ ਦੇ ਅਰਥ ਹਨ 'ਹਜ਼ਮ ਹੋਏ' ਦੇ। ਮਿਹਦੇ 'ਚੋਂ ਆਂਦਰਾਂ 'ਚ ਪ੍ਰਵੇਸ਼ ਕਰਨ ਸਮੇਂ, ਜਿਹੜਾ ਰੂਪ ਹਜ਼ਮ ਹੋਏ ਪ੍ਰੋਟੀਨੀ ਅਣੂਆਂ ਦਾ ਹੁੰਦਾ ਹੈ, ਉਸੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Peptide bond (ਪੈਪਟਾਇਡ ਬਾਂਡ)

ਇਸ ਪਦ ਦਾ ਪਹਿਲਾ ਭਾਗ ਯੂਨਾਨੀ ਸ਼ਬਦ, ਪੈਪਟੱਸ (peptos) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਹਜ਼ਮ ਹੋਏ' ਦੇ। ਪਦ ਦਾ ਦੂਜਾ ਭਾਗ 'ਜੋੜਨ ਲਈ' ਵਰਤੋਂ 'ਚ ਆ ਰਿਹਾ ਸਾਧਾਰਨ ਸ਼ਬਦ ਹੈ। ਦੋ ਐਮਿਨੋ ਤੇਜ਼ਾਬੀ (amino acids) ਅਣੂਆਂ ਦੇ ਸਿਰਿਆਂ ਨੂੰ ਇਕ ਦੂਜੇ ਨਾਲ ਜੋੜਦੀ ਕੜੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Peptone (ਪੈਪਟੋਨ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਪੈਪਟੀਨ (peptein) ਹੈ, ਜਿਸ ਦੇ ਅਰਥ ਹਨ 'ਹਜ਼ਮ ਕਰਨ' ਦੇ। ਮਿਹਦੇ ਅੰਦਰ ਹਜ਼ਮ ਹੋ ਰਹੀ ਪ੍ਰੋਟੀਨ ਦਾ ਜਿਹੜਾ ਰੂਪ ਹੁੰਦਾ ਹੈ, ਉਸ ਲਈ, ਭਾਵ ਅੱਧ-ਪਚੱਧ ਹਜ਼ਮ ਹੋਈ ਪ੍ਰੋਟੀਨ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Perennation (ਪੈਰੇੱਨੇਸ਼ਨ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪਰ (per), ਜਿਸ ਦੇ ਅਰਥ ਹਨ 'ਪਾਰ' ਦੇ ਜਾਂ 'ਤੋੜ ਤਕ' ਦੇ ਅਤੇ ਦੂਜਾ ਹੈ ਐਨੱਸ (annus), ਜਿਸ ਦੇ ਅਰਥ ਹਨ 'ਸਾਲ' ਦੇ। ਵਰ੍ਹਿਆਂ ਬੱਧੀ, ਆਪਣੇ ਆਪ ਉਗਦੇ ਰਹਿਣ ਵਾਲੇ ਬੂਟਿਆਂ ਦੀ ਪ੍ਰਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Perannial (ਪੈਰੇੱਨਿਅੱਲ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ, ਪਰ (per) ਅਤੇ ਐਨੱਸ (annus) ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਪਾਰ' ਦੇ ਜਾਂ 'ਤੋੜ ਤਕ' ਦੇ ਅਤੇ ਦੂਜੇ ਦੇ 'ਸਾਲ' ਜਾਂ 'ਵਰ੍ਹੇ' ਦੇ। ਵਰ੍ਹਿਆਂ ਬੱਧੀ ਸਦਾ-ਬਹਾਰ ਰਹਿਣ ਵਾਲੇ ਬੂਟਿਆਂ ਲਈ ਉਪਰੋਕਤ ਪਦ ਦਾ ਵਿਸ਼ੇਸ਼ਣ ਵਜੋਂ ਉਪਯੋਗ ਕੀਤਾ ਜਾਂਦਾ ਹੈ।

Perianth (ਪੈਰਿਐਨਥ)

ਯੂਨਾਨੀ ਸ਼ਬਦ, ਪੈਰਿ, (peri) ਅਤੇ ਐਨਥੱਸ (anthos), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੁਆਲੇ' ਦੇ ਅਤੇ 'ਫੁੱਲ' ਦੇ। ਫੁੱਲ ਦੁਆਲੇ ਦੋਵੇਂ ਪ੍ਰਕਾਰ ਦੀਆਂ, ਰੰਗਦਾਰ ਅਤੇ ਹਰੀਆਂ ਪੱਤੀਆਂ ਦੇ ਬਣੇ ਹੋਏ ਘੇਰੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Pericardial cavity (ਪੈਰਿਕੱਾਰਡਿਅੱਾਲ ਕੈਵਿਟਿ)

ਇਸ ਪਦ ਦਾ ਪਹਿਲਾ ਭਾਗ ਦੋ ਯੂਨਾਨੀ ਸ਼ਬਦਾਂ ਦੀ ਦੇਣ ਹੈ, ਪੈਰਿ (peri) ਦੀ ਅਤੇ ਕਾਰਡਿਆ (kardia) ਦੀ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜੇ ਦੇ 'ਦਿਲ' ਦੇ। ਪਦ ਦਾ ਦੂਜਾ ਭਾਗ 'ਖੋੜ' ਜਾਂ 'ਮੋਕਲੇਪਣ' ਲਈ ਵਰਤਿਆ ਜਾਂਦਾ ਆਮ ਸ਼ਬਦ ਹੈ। ਸਰੀਰ ਅੰਦਰ ਦਿਲ ਜਿਸ ਮੋਕਲੇ ਸਥਾਨ ਅੰਦਰ ਸਥਿਤ ਹੈ, ਉਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Pericardium (ਪੈਰਿਕੱਾਰਡਿਅਮ)

ਦੋ ਯੂਨਾਨੀ ਸ਼ਬਦ, ਪੈਰਿ (peri) ਅਤੇ ਕੱਾਰਡਿਆ (kardia) ਇਸ ਪਦ ਨੂੰ ਰਚਨਹਾਰੇ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜੇ ਦੇ 'ਦਿਲ' ਦੇ। ਦਿਲ ਦੁਆਲੇ, ਢਿੱਲੇ ਬਸਤਰ ਦੀ ਤਰ੍ਹਾਂ, ਇਕ ਝਿੱਲੀ ਲਿਪਟੀ ਹੁੰਦੀ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Pericarp (ਪੈਰਿਕਾਰਪ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ (peri), ਜਿਸ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜਾ ਹੈ ਕਾਰਪੱਸ (karpos), ਜਿਸ ਦੇ ਅਰਥ ਹਨ 'ਫਲ' ਦੇ। ਪੱਕੇ ਹੋਏ ਫਲ ਉਪਰ ਚੜ੍ਹੇ ਛਿੱਲੜ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਬਦਾਮ

ਜਾਂ ਅਖਰੋਟ ਵਾਂਗ ਸਖ਼ਤ ਹੋ ਸਕਦਾ ਹੈ ਅਤੇ ਰਸਭਰੀ ਵਾਂਗ ਗੁੱਦੇਦਾਰ ਪੋਲਾ ਤੇ ਰਸੀਲਾ ਵੀ।

Perineum (ਪੈਰਿਨਿਅਮ)

ਯੂਨਾਨੀ ਸ਼ਬਦ, ਪੈਰਿਨੇਅਨ (perinaion) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਗੁਦਾ ਅਤੇ ਪ੍ਰਜਣਨ ਇੰਦਰੀਆਂ ਦੁਆਲੇ ਦੇ ਸੰਥਾਨ' ਦੇ। ਇਸ ਪਦ ਨੂੰ ਜੀਵ-ਵਿਗਿਆਨ ਦੇ ਪ੍ਰਸੰਗ 'ਚ ਵੀ ਇਸੇ ਸਥਾਨ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Period (ਪੀਰੀਅਡ)

ਸਮੇਂ ਦੀ ਅਵਧੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਇਹ ਆਮ ਸ਼ਬਦ ਹੈ, ਪਰ ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਦਾ ਵਿਸ਼ੇਸ਼ ਉਪਯੋਗ ਜੈਵਿਕ ਇਤਿਹਾਸ ਦੇ ਦੌਰ (era) ਦੇ ਉਪਭਾਗ ਵਜੋਂ ਕੀਤਾ ਜਾਂਦਾ ਹੈ, ਜਿਸ ਦਾ ਉਲੱਥਾ 'ਯੁੱਗ' ਹੈ।

Periodicity (ਪੀਰਿਅੱਡਿਸਟਿ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪੀਰੀਅਡੱਸ (periodos) ਹੈ, ਜਿਸ ਦੇ ਅਰਥ ਹਨ 'ਸਿਲਸਿਲੇ' ਦੇ। ਜੀਵ-ਸਰੀਰ ਅੰਦਰ ਕਈ ਕ੍ਰਿਆਵਾਂ ਆਪਣੇ ਆਪ ਸਿਲਸਿਲੇਵਾਰ ਅਤੇ ਸਮੇਂ ਬੱਧ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ਇਸੇ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Periodontal membrane (ਪੈਰਿਅੱਡਾਂਟੱਲ ਮੈੱਮਬ੍ਰੇਨ)

ਦੋ ਯੂਨਾਨੀ ਸ਼ਬਦ, ਪੈਰਿ (peri) ਅਤੇ ਆੱਡਸ (odous) ਇਸ ਪਦ ਦੇ ਪਹਿਲੇ ਭਾਗ ਦਾ ਅਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੁਆਲੇ' ਦੇ ਅਤੇ 'ਦੰਦ' ਦੇ। ਪਦ ਦਾ ਦੂਜਾ ਭਾਗ 'ਝਿੱਲੀ' ਲਈ ਵਰਤਿਆ ਜਾਂਦਾ ਆਮ ਸ਼ਬਦ ਹੈ। ਮਸੂੜੇ ਦੀ ਦੰਦ ਉਪਰ ਪਕੜ ਨੂੰ ਬਣਾਈ ਰੱਖਣ ਲਈ ਦੰਦ ਦੀ ਜੜ੍ਹ ਦੁਆਲੇ ਜਿਹੜੀ ਝਿੱਲੀ ਮੜ੍ਹੀ ਹੋਈ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Periosteum (ਪੈਰਿਆੱਸਟਿਅਮ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਨੂੰ ਰਚਨਹਾਰੇ ਹਨ, ਉਹ ਹਨ ਪੈਰਿ (peri) ਅਤੇ ਆਸਟਿਅਨ (osteon), ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜੇ ਦੇ 'ਹੱਡੀ' ਦੇ। ਹੱਡੀ ਨੂੰ ਉਪਰੋਂ ਗਲੇਫਦੀ ਝਿੱਲੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਅੰਦਰ ਹੱਡੀ ਦੀ ਟੁੱਟ-ਭੱਜ ਦੀ ਮੁਰੰਮਤ ਕਰਨ ਲਈ ਆੱਸਟਿਅਬਲੈਸਟ (osteoblast) ਸੱਦੇ ਜਾਣ ਵਾਲੇ ਸੈੱਲ ਸਮਾਏ ਹੁੰਦੇ ਹਨ।

Periotic (ਪੈਰਿਆੱਟਿਕ)

ਇਸ ਪਦ ਨੂੰ ਦੋ ਯੂਨਾਨੀ ਸ਼ਬਦਾਂ ਦੁਆਰਾ ਰਚਿਆ ਗਿਆ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਪੈਰਿ (peri), ਜਿਸ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜਾ ਹੈ ਆੱਅਸ (ous), ਜਿਸ ਦੇ ਅਰਥ ਹਨ 'ਕੰਨ' ਦੇ । ਕੰਨ ਦੇ ਅੰਦਰਲੇ ਭਾਗ ਦੁਆਲੇ ਦੀ ਖੋਪੜੀ ਅੰਦਰਲੀ ਹੱਡੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Peripheral nervous system (ਪੈਰਿਫਰੱਲ ਨਰਵਸ ਸਿਸਟਮ)

ਨਸ-ਪ੍ਰਣਾਲੀ ਦੇ ਮੁਹਰੈਲ ਵਜੋਂ ਵਰਤੇ ਗਏ ਪੈਰਿਫਰੱਲ ਸ਼ਬਦ ਦੇ ਅਰਥ ਹਨ 'ਬਾਹਰੀ ਸੀਮਾ ਉਤੇ'। ਉਪਰੋਕਤ ਪਦ ਸਰੀਰ ਅੰਦਰਲੀ ਨਸ-ਪ੍ਰਣਾਲੀ ਦੇ ਬਾਹਰੀ ਭਾਗ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਹੜਾ ਨਸਾਂ ਦਾ ਤਾਣਾ-ਬਾਣਾ ਹੈ ਅਤੇ ਜਿਸ 'ਚ ਨਾ ਦਿਮਾਗ਼ ਸ਼ਾਮਲ ਹੈ ਅਤੇ ਨਾ ਹੀ ਰੀੜ੍ਹ ਅੰਦਰਲੀ ਮੁੱਖ-ਨਸ।

Periphyton (ਪੈਰਿਫ਼ਾਇਟਨ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ

ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਪੈਰਿ (peri), ਜਿਸ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜਾ ਹੈ ਫ਼ਾਇਟਨ (phyton), ਜਿਸ ਦੇ ਅਰਥ ਹਨ 'ਪੌਦੇ' ਦੇ। ਜਲ-ਬੂਟੇ ਦੁਆਲੇ ਚੰਬੜੇ ਹੋਏ ਜੀਵਾਂ ਦੇ ਸਮੂਹ ਲਈ ਉਪਰੋਕਤ ਪਦ ਰਾਖਵਾਂ ਹੈ।

Periproct (ਪੈਰਿਪਰੌਕਟ)

ਇਸ ਪਦ ਨੂੰ ਰਚਣ ਵਾਲੇ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪੈਰਿ (peri) ਅਤੇ ਦੂਜਾ ਪਰੌਕਟੱਸ (proktos), ਅਤੇ ਇਨ੍ਹਾਂ ਦੇ ਸਿਲਸਲੇਵਾਰ ਅਰਥ ਹਨ 'ਦੁਆਲੇ' ਦੇ ਅਤੇ 'ਗੁਦਾ' ਦੇ। ਐਕਇਨੱਡਰਮ (echinderm) ਪ੍ਰਾਣੀਆਂ ਦੀ ਗੁਦਾ (anus) ਦੁਆਲੇ ਦੇ ਖੇਤਰ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Perissodactyla (ਪੱਰਿਸੱਡੈਕਟਾਇਲੱ)

ਯੂਨਾਨੀ ਸ਼ਬਦ, ਪੇਰਿੱਸ (perissos) ਅਤੇ ਡੈਕਟਿਲਸ (dactylos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਿਖਮ' ਜਾਂ 'ਟਾਂਕ' ਦੇ ਅਤੇ 'ਉਂਗਲ' ਦੇ। ਇਕ ਖੁਰ ਵਾਲੇ ਪਸ਼ੂਆਂ ਦੇ ਵਰਗ (order) ਦਾ ਇਹ ਨਾਮ ਹੈ, ਜਿਸ 'ਚ ਘੋੜਾ, ਗੈਂਡਾ, ਟਾਪਿਰ ਆਦਿ ਸ਼ਾਮਲ ਹਨ।

Peristalsis (ਪੈਰਿਸਟੌਲਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪੈਰਿ (peri), ਜਿਸ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜਾ ਸਟੈਲੀਨ (stellein), ਜਿਸ ਦੇ ਅਰਥ ਹਨ 'ਸਮੇਟ ਲੈਣ' ਦੇ। ਸਰੀਰ ਅੰਦਰਲੀਆਂ ਨਾਲੀਆਂ ਦੁਆਲੇ ਵਲੀਆਂ ਮੁਲਾਇਮ ਮਾਸ-ਪੇਸ਼ੀਆਂ ਦੀ ਹਰਕਤ, ਲਹਿਰ ਦੇ ਰੂਪ 'ਚ, ਉਪਰੋਂ ਹੇਠਾਂ ਵੱਲ ਨੂੰ ਅਤੇ ਜਾਂ ਅਗਾਂਹ ਤੋਂ ਪਿਛਾਂਹ ਵੱਲ ਨੂੰ ਗਸ਼ਤ ਕਰਦੀ ਹੈ। ਇਸ ਪ੍ਰਕਾਰ ਦੀ ਲਹਿਰੀਏਦਾਰ ਹਰਕਤ ਲਈ ਉਪਰੋਕਤ ਪਦ ਰਾਖਵਾਂ ਹੈ।

Peristome (ਪੈਰਿਸਟੋਮ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਉਹ ਹਨ ਪੈਰਿ (peri) ਅਤੇ ਸਟੋਮੱਾ (stoma), ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੁਆਲੇ' ਦੇ ਅਤੇ 'ਮੂੰਹ' ਦੇ। ਰੀੜ੍ਹ-ਰਹਿਤ ਪ੍ਰਾਣੀਆਂ ਦੇ ਮੂੰਹ ਦੁਆਲੇ ਦੇ ਖੇਤਰ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Perisystole (ਪੈਰਿਸਿਸਟਲਿ)

ਯੂਨਾਨੀ ਸ਼ਬਦ, ਪੈਰਿ (peri) ਅਤੇ ਸਿਸਟਲਿ (systole) ਇਸ ਪਦ 'ਚ ਸਮਾਏ ਹੋਏ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦੁਆਲੇ' ਦੇ ਅਤੇ 'ਸੁੰਗੜਨ' ਦੇ। ਦਿਲ ਵਾਰੋ-ਵਾਰੀ ਸੁੰਗੜਦਾ ਅਤੇ ਫੈਲਦਾ ਰਹਿੰਦਾ ਹੈ ਅਤੇ ਇਨ੍ਹਾਂ ਦੋਹਾਂ ਹਰਕਤਾਂ ਵਿਚਕਾਰਲੇ ਅੰਤਰਾਲ (ਵਕਫਾ) ਲਈ ਉਪਰੋਕਤ ਪਦ ਰਾਖਵਾਂ ਹੈ।

Peritoneum (ਪੈਰਿਟੱਨਿਅਮ)

ਦੋ ਯੂਨਾਨੀ ਸ਼ਬਦਾਂ ਦੁਆਰਾ ਇਸ ਪਦ ਦੀ ਰਚਨਾਂ ਹੋਈ ਹੈ, ਜਿਨ੍ਹਾਂ ਚੋਂ ਪਹਿਲਾ ਹੈ ਪੈਰਿ (peri), ਜਿਸ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜਾ ਹੈ ਟੀਨੀਨ (teinein), ਜਿਸ ਦੇ ਅਰਥ ਹਨ 'ਤਾਣਨ' ਦੇ। ਉਪਰੋਕਤ ਨਾਮ ਉਸ ਝਿੱਲੀ ਦਾ ਹੈ, ਜਿਹੜੀ ਆਂਦਰਾਂ ਦੁਆਲੇ ਅਤੇ ਸਰੀਰਕ ਖੋੜ ਦੀ ਬਾਹਰੀ ਪਰਤ ਦੇ ਅੰਦਰਸ ਵਜੋਂ ਸਰੀਰ ਅੰਦਰ ਤਣੀ ਹੋਈ ਹੈ।

Perivisceral cavity (ਪੈਰਿਵਿਸਰੱਲ ਕੈਵਿਟਿ)

ਉਪਰੋਕਤ ਪਦ ਦੇ ਪਹਿਲੇ ਭਾਗ ਦਾ ਆਧਾਰ ਦੋ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਯੂਨਾਨੀ ਸ਼ਬਦ ਹੈ ਪੈਰਿ (peri), ਜਿਸ ਦੇ ਅਰਥ ਹਨ 'ਦੁਆਲੇ' ਦੇ ਅਤੇ ਦੂਜਾ ਹੈ ਲਾਤੀਨੀ ਸ਼ਬਦ ਵਿਸਰਾ

(viscera), ਜਿਸ ਦੇ ਅਰਥ ਹਨ 'ਆਂਦਰਾਂ' ਦੇ। ਸਰੀਰ ਦੇ ਧੜ ਅੰਦਰਲੀ ਅਤੇ ਪਾਚਨ ਨਾਲੀ ਦੁਆਲੇ ਦੀ ਕੈਵਿਟਿ, ਭਾਵ ਖੋੜ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Permanent cartilage (ਪਰਮਾਨੈਂਟ ਕਾਰਟਿਲਿਜ)

ਸਰੀਰ ਦੀ ਪ੍ਰਗਤੀ ਦੌਰਾਨ, ਨਰਮ ਲਚਕੀਲੀ ਕਾਰਟਿਲਿਜ, ਭਾਵ ਉਪ-ਅਸਥੀਆਂ ਸਖ਼ਤ ਹੋ ਕੇ ਥਾਂ-ਪਰ-ਥਾਂ, ਹੱਡੀਆਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਪਰ ਸਭਨਾਂ ਥਾਵਾਂ ਤੇ ਅਜਿਹਾ ਨਹੀਂ ਹੁੰਦਾ। ਕੁਝ ਉਪ-ਅਸਥੀਆਂ ਉਮਰ ਭਰ ਸਖ਼ਤ ਨਹੀਂ ਹੁੰਦੀਆਂ, ਉਨ੍ਹਾਂ ਲਈ ਹੀ ਉਪਰੋਕਤ ਪਦ ਰਾਖਵਾਂ ਹੈ।

Permanent teeth (ਪਰਮਾਨੈਂਟ ਟੀਥ)

ਇਸ ਪਦ ਦੇ ਸ਼ਾਬਦਕ ਅਰਥ ਹਨ 'ਸਥਾਈ ਦੰਦਾਂ' ਦੇ। ਬਾਲ ਅਵਸਥਾ ਦੌਰਾਨ ਅਤੇ ਦੁੱਧ-ਦੰਦਾਂ ਦੇ ਝੜ ਜਾਣ ਉਪਰੰਤ, ਜਿਹੜੇ ਨਵੇਂ ਦੰਦ ਨਿਕਲਦੇ ਹਨ, ਉਹ ਸਦਾ ਰਹਿਣ ਵਾਲੇ ਹੁੰਦੇ ਹਨ ਅਤੇ ਉਨ੍ਹਾਂ ਲਈ ਹੀ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Permeability (ਪਰਮੱਯਬਿਲਟਿ)

ਲਾਤੀਨੀ ਆਧਾਰ ਵਾਲੇ ਇਸ ਪਦ ਦੇ ਅਰਥ ਹਨ 'ਜਜ਼ਬ ਕਰਨ' ਦੇ ਜਾਂ 'ਸਮੋਣ ਦੀ ਯੋਗਤਾ' ਦੇ। ਸੈੱਲਾਂ ਦੀ ਇਸੇ ਯੋਗਤਾ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ 'ਚੋਂ ਜਲ ਤੇ ਜਲ 'ਚ ਘੁਲੇ ਅੰਸ਼ ਅਤੇ ਗੈਸਾਂ, ਸਮੇਂ ਸਮੇਂ ਸਿਰ ਜਜ਼ਬ ਹੁੰਦੇ ਰਹਿੰਦੇ ਹਨ।

Permian (ਪਰਮਿਅਨ)

ਪ੍ਰਿਥਵੀ ਦੇ ਜੀਵ-ਇਤਿਹਾਸ ਦੇ ਪੁਰਾਤਨ ਦੌਰ, ਪੇਲਿਅੱਜ਼ੁਅਕ (palaeozoic) ਦੇ ਛੇਕੜਲੇ ਯੁੱਗ ਦਾ ਇਹ ਨਾਮ ਹੈ, ਜਿਸ ਦਾ ਸਮਾਂ ਅੱਜ ਤੋਂ ਲਗਭਗ 27 ਕ੍ਰੋੜ ਵਰ੍ਹੇ ਪਹਿਲਾਂ ਆਰੰਭ ਹੋ ਕੇ 22.5 ਕ੍ਰੋੜ ਵਰ੍ਹੇ ਪਹਿਲਾਂ ਤਕ ਦਾ ਹੈ ਅਤੇ ਜਿਸ ਦੌਰਾਨ ਕੀਟਾਂ ਦਾ ਅਤੇ ਵਿਸਰਪੀ ਪ੍ਰਾਣੀਆਂ ਦਾ ਵਿਕਾਸ ਵਿੱਢਿਆ ਗਿਆ ਸੀ ਅਤੇ ਡੱਡੂਆਂ ਦੀਆਂ ਅਤੇ ਇਨ੍ਹਾਂ ਦੀਆਂ ਸਬੰਧੀ ਨਸਲਾਂ ਦੀ ਗਿਣਤੀ ਘਟੀ ਸੀ।

Pesticide (ਪੈਸਟਿਸਾਇਡ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੱਸਟ (pest), ਜਿਸ ਦੇ ਅਰਥ ਹਨ 'ਵਬਾਈ ਕੀਟ' ਦੇ ਅਤੇ ਦੂਜਾ ਹੈ ਸਾਇਡ (cide), ਜਿਸ ਦੇ ਅਰਥ ਹਨ 'ਨਸ਼ਟ ਕਰਨ ਦੇ ਸਾਧਨ' ਦੇ। ਕੀਟਨਾਸ਼ਕੀ ਵਿਸ਼ੇਸ਼ਤਾ ਨਾਲ ਲੈਸ ਹਰ ਇਕ ਰਸਾਇਣ ਲਈ ਉਪਰੋਕਤ ਪਦ ਵਰਤਿਆ ਜਾ ਸਕਦਾ ਹੈ।

Petal (ਪੈਟੱਲ)

ਇਹ ਪਦ ਯੂਨਾਨੀ ਸ਼ਬਦ, ਪੈਟੱਲਨ (petalon) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਪੱਤਰ' ਦੇ। ਫੁੱਲ ਦੀਆਂ ਰੰਗਦਾਰ ਪੰਖੜੀਆਂ 'ਚੋਂ ਹਰ ਇਕ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Petiole (ਪੱਟਿਓਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪੇੱਟਿਅਲਸ (petiolus) ਹੈ, ਜਿਸ ਦੇ ਅਰਥ ਹਨ 'ਛੋਟੇ ਪੈਰ' ਦੇ। ਸਾਵੇ ਪੱਤਰਾਂ ਦੀ ਡੰਡੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੁਆਰਾ ਇਹ ਡਾਲ ਨਾਲ ਜੁੜਿਆ ਰਹਿੰਦਾ ਹੈ।

Petrifaction (ਪੇੱਟ੍ਰਿਫ਼ੈਕਸ਼ਨ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਪੈਟਰਾੱ (petra), ਜਿਸ ਦੇ ਅਰਥ ਹਨ 'ਚਟਾਨ' ਦੇ ਅਤੇ ਦੂਜਾ ਫੇਸਰਿ (facere), ਜਿਸ ਦੇ ਅਰਥ ਹਨ 'ਰਚਣ' ਦੇ। ਮਰ ਚੁੱਕੇ ਜੀਵਾਂ ਦੇ ਜਾਂ ਇਨ੍ਹਾਂ ਦੇ ਕਿਸੇ ਭਾਗ ਦੇ ਪਥਰਾ ਜਾਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੇ

ਫਲ-ਸਰੂਪ ਫਾੱਸਿਲ ਹੋਂਦ 'ਚ ਆਉਂਦੇ ਰਹੇ ਹਨ।

pH (ਪੀ ਐਚ)

ਇਹ ਦੋ ਅੱਖਰ, ਪਾੱਟੈਂਸ਼ਲ (potential) ਅਤੇ ਹਾਈਡ੍ਰੋਜਨ (hydrogen) ਸ਼ਬਦਾਂ ਦੇ ਸੰਕੇਤ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਸੰਭਾਵੀ ਸਮਰੱਥਾ' ਦੇ ਅਤੇ ਦੂਜਾ ਇਕ ਮੂਲ ਤੱਤ ਦਾ ਨਾਮ ਹੈ। ਛੋਟਾ-ਵੱਡਾ ਕਰਕੇ ਲਿਖੇ ਜਾਂਦੇ ਇਨ੍ਹਾਂ ਦੋ ਅੱਖਰਾਂ ਦਾ, ਜਲ ਅੰਦਰ ਘੁਲੇ ਪਦਾਰਥਾਂ ਕਾਰਨ ਉਪਜੀ ਤੇਜ਼ਾਬੀਅਤ ਜਾਂ ਖਾਰੇਪਣ ਦੀ ਪੱਧਰ ਨੂੰ ਦਰਸਾਉਣ ਲਈ ਉਪਯੋਗ ਕੀਤਾ ਜਾਂਦਾ ਹੈ। ਜਿੰਨੇ ਵਧ ਪੀ ਐਚ ਨਾਲ ਅੰਕ ਲੱਗੇ ਹੋਣਗੇ, ਉਨੀ ਹੀ ਘੱਟ ਘੋਲ ਦੀ ਤੇਜ਼ਾਬੀਅਤ ਦਾ ਸੰਕੇਤ ਇਹ ਦਿੰਦੇ ਹਨ।

Phage (ਫਾੱਜ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਫਾੱਜੀਨ (phagein) ਹੈ, ਜਿਸ ਦੇ ਅਰਥ ਹਨ 'ਖਾਣ' ਦੇ। ਕਈ ਵਿਸ਼ਾਣੂ ਹਨ, ਜਿਹੜੇ ਕੀਟਾਣੂਆਂ ਦੇ ਪ੍ਰਜੀਵ ਹਨ ਅਤੇ ਇਨ੍ਹਾਂ ਨੂੰ ਅੰਦਰੋਂ ਖੋਖਲਾ ਕਰਕੇ ਨਸ਼ਟ ਕਰਦੇ ਰਹਿੰਦੇ ਹਨ। ਇਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Phagocyte (ਫੈਗੱਸਾਇਟ)

ਦੋ ਯੂਨਾਨੀ ਸ਼ਬਦ ਇਸ ਪਦ ਨੂੰ ਰਚਣਹਾਰੇ ਹਨ, ਪਹਿਲਾ ਫਾੱਜੀਨ (phagein), ਜਿਸ ਦੇ ਅਰਥ ਹਨ 'ਖਾਣ' ਦੇ ਅਤੇ ਦੂਜਾ ਕਿਟੱਸ (kytos), ਜਿਸ ਦੇ ਅਰਥ ਹਨ 'ਖੋਖਲੇਪਣ' ਦੇ ਅਤੇ ਜਿਸ ਨੂੰ 'ਸੈੱਲ' ਲਈ ਵਰਤਿਆ ਜਾਂਦਾ ਹੈ। ਸਰੀਰ ਅੰਦਰ ਬਾਹਰੋਂ ਪ੍ਰਵੇਸ਼ ਕਰਨ ਵਾਲੇ ਰੋਗਾਣੂਆਂ ਨੂੰ ਨਸ਼ਟ ਕਰਨ ਵਾਲੇ ਲਹੂ ਅੰਦਰਲੇ ਰੰਗਹੀਣ ਸੈੱਲਾਂ 'ਚੋਂ ਹਰ ਇਕ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Phagocytosis (ਫੈਗੱਸਾਇਟੋਸਿਸ)

ਯੂਨਾਨੀ ਸ਼ਬਦ, ਫਾੱਜੀਨ (phagein) ਅਤੇ ਕਿਟੱਸ (kytos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਸਿਲਸਲੇਵਾਰ ਅਰਥ ਹਨ 'ਖਾਣ' ਦੇ ਅਤੇ 'ਖੋਖਲੇਪਣ' ਦੇ, ਭਾਵ 'ਸੈੱਲ' ਦੇ। ਉਸ ਪ੍ਰਕ੍ਰਿਆ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੀ ਤਦ ਵਾਪਰਦੀ ਹੈ, ਜਦ ਲਹੂ ਅੰਦਰਲੇ ਰੰਗਹੀਣ ਸੈੱਲ ਸਰੀਰ ਵਿਖੇ ਬਾਹਰੋਂ ਪ੍ਰਵੇਸ਼ ਕਰ ਚੁੱਕੇ ਰੋਗਾਣੂਆਂ ਨੂੰ ਨਸ਼ਟ ਕਰਨ ਲਈ, ਇਨ੍ਹਾਂ ਨੂੰ ਨਿਗਲਣਾ ਆਰੰਭ ਕਰ ਦਿੰਦੇ ਹਨ।

Phagolysis (ਫੈਗੱਲਿਸਿਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਫਾੱਜੀਨ (phagein), ਜਿਸ ਦੇ ਅਰਥ ਹਨ 'ਖਾਣ' ਦੇ ਅਤੇ ਦੂਜਾ ਹੈ ਲਾਇਸਿਸ (lysis), ਜਿਸ ਦੇ ਅਰਥ ਹਨ 'ਢਿੱਲਾ ਕਰਨ' ਦੇ। ਲਹੂ ਅੰਦਰਲੇ ਰੋਗਾਣੂਆਂ ਨੂੰ ਨਸ਼ਟ ਕਰਨ ਵਾਲੇ ਰੰਗਹੀਣ ਸੈੱਲ ਜੇਕਰ ਆਪ ਹੀ ਨਸ਼ਟ ਹੋਣ ਲਗ ਪੈਣ, ਤਦ ਇਸ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Phagozoite (ਫੈਗੱਜ਼ੁਇਟ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਉਹ ਹਨ ਫਾੱਜੀਨ (phagein) ਅਤੇ ਜ਼ੂਨ (zoon), ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਖਾਣ' ਦੇ ਅਤੇ ਦੂਜੇ ਦੇ 'ਜਾਨਵਰ' ਜਾਂ 'ਪ੍ਰਾਣੀ' ਦੇ। ਉਸ ਪ੍ਰਾਣੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਮੁਰਦਾਰ ਦੇ ਸੜ ਰਹੇ ਗੋਸ਼ਤ ਨਾਲ ਆਪਣਾ ਪੇਟ ਭਰਦਾ ਹੈ।

Phalanges (ਫਲੈਂਜਿਜ਼)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਫੈਲੈਂਗਕਸ (phalangx) ਹੈ, ਜਿਸ ਦੇ ਅਰਥ ਹਨ 'ਯੁੱਧ ਲਈ ਕੀਤੀ ਗਈ ਸਫ਼ਬੰਦੀ' ਦੇ। ਹੱਥ ਅਤੇ ਪੈਰ ਦੀਆਂ ਉਂਗਲਾਂ ਅੰਦਰਲੀਆਂ ਹੱਡੀਆਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ,

ਜਿਹੜੀਆਂ ਕਿ ਅੰਗੂਠੇ ਵਿਚ ਦੋ ਹੁੰਦੀਆਂ ਹਨ ਅਤੇ ਹੋਰਨਾਂ ਉਂਗਲਾਂ 'ਚ ਤਿੰਨ ਤਿੰਨ।

Phalanx (ਫੈਲੈਂਗਕਸ)

ਇਹ ਯੂਨਾਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਯੁੱਧ ਲਈ ਕੀਤੀ ਗਈ ਸਫ਼ਬੰਦੀ' ਦੇ। ਫੁੱਲ ਅੰਦਰ ਪੁੰਕੇਸਰ (stamens) ਜੇਕਰ ਇਕ ਪੂਲੇ 'ਚ ਬੱਝੇ ਹੋਏ ਹੋਣ, ਤਦ ਉਸ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Phallus (ਫੈਲੱਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਲਿੰਗ' ਦੇ। ਨਰ ਅਤੇ ਮਦੀਨ ਪ੍ਰਾਣੀ ਦੀ ਲਿੰਗ-ਇੰਦਰੀ ਨੂੰ ਦਰਸਾਉਣ ਲਈ ਇਸ ਪਦ ਨੂੰ ਸਾਂਝੇ ਤੌਰ 'ਤੇ ਵਰਤਿਆ ਜਾਂਦਾ ਹੈ।

Phanerogamous (ਫੈਨਰਾੱਗੈਮੱਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਫੈਨਰਾੱਸ (phaneros), ਜਿਸ ਦੇ ਅਰਥ ਹਨ 'ਪ੍ਰਤੱਖ ਕਰਨ' ਦੇ ਅਤੇ ਦੂਜਾ ਹੈ ਗੈਮੱਸ (gamos), ਜਿਸ ਦੇ ਅਰਥ ਹਨ 'ਵਿਆਹ' ਦੇ ਜਾਂ 'ਸੁਮੇਲ' ਦੇ। ਉਸ ਪੌਦੇ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੇ ਫੁੱਲ ਦੋਵੇਂ ਪ੍ਰਕਾਰ ਦੇ ਪ੍ਰਜਣਨ ਅੰਗਾਂ ਨਾਲ ਲੈਸ ਹੁੰਦੇ ਹਨ, ਭਾਵ ਗਰਭ-ਕੇਸਰਾਂ (pistils) ਨਾਲ ਅਤੇ ਪੁੰਕੇਸਰਾਂ (stamens) ਨਾਲ।

Pharmacology (ਫਾਰਮਾੱਕਾਲੱਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਫਾਰਮਾੱਕੱਨ (pharmakon), ਜਿਸ ਦੇ ਅਰਥ ਹਨ 'ਔਸ਼ਧੀ' ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਵਿਗਿਆਨ ਦੀ ਉਸ ਅਧਿਐਨ-ਸ਼ਾਖ਼ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਔਸ਼ਧੀਆਂ ਜਾਂ ਦਵਾਈਆਂ ਦੇ ਹਰ ਪੱਖ ਬਾਰੇ ਗਿਆਨ ਨਾਲ ਹੈ।

Pharynx (ਫੈਰਿੰਗਕਸ)

ਸੰਘ ਜਾਂ ਗਲੇ ਲਈ ਵਰਤਿਆ ਜਾਂਦਾ ਇਹ ਯੂਨਾਨੀ ਸ਼ਬਦ ਹੈ, ਜਿਹੜਾ ਕਿ ਗਰਦਨ ਅੰਦਰਲਾ ਉਹ ਰਾਹ ਹੈ, ਜਿਸ ਦੁਆਰਾ ਮੂੰਹ, ਪਾਚਨ ਨਾਲੀ ਦੇ ਮੁਢਲੇ ਭਾਗ, ਈਸਾੱਫ਼ੇਗੱਸ (oesophagus) ਦੇ ਸੰਪਰਕ 'ਚ ਰਹਿੰਦਾ ਹੈ।

Phenology (ਫ਼ੀਨਾੱਲੱਜਿ)

ਯੂਨਾਨੀ ਸ਼ਬਦ, ਫੈਨੀਨ (phanein) ਅਤੇ ਲੋਗੱਸ (logos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਸਿਲਸਿਲੇਵਾਰ ਅਰਥ ਹਨ 'ਦਿਖਾਈ ਦੇਣ' ਦੇ ਅਤੇ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਜੀਵਾਂ ਦੇ ਪ੍ਰਤੱਖ ਪ੍ਰਗਟਾਏ ਜਾ ਰਹੇ ਵਤੀਰੇ ਬਾਰੇ ਗਿਆਨ ਨਾਲ ਹੈ।

Phenotype (ਫ਼ੀਨੱਟਾਇਪ)

ਇਸ ਪਦ 'ਚ ਜਿਹੜੇ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਉਨ੍ਹਾਂ ਚੋਂ ਪਹਿਲਾ ਹੈ ਫ਼ੈਨੀਨ (phanein), ਜਿਸ ਦੇ ਅਰਥ ਹਨ 'ਦਿਖਾਈ ਦੇਣ' ਦੇ ਅਤੇ ਦੂਜਾ ਹੈ ਟਾਇਪਸ (typos), ਜਿਸ ਦੇ ਅਰਥ ਹਨ 'ਅਕਸ' ਦੇ। ਜੀਵ ਦੀਆਂ ਪ੍ਰਤੱਖ ਵਿਸ਼ੇਸ਼ਤਾਵਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀਆਂ ਕਿ ਜੀਨਾਂ ਦੇ ਪ੍ਰਗਟਾਵਿਆਂ ਉਪਰ, ਦੁਆਲੇ ਦੇ ਪੈ ਰਹੇ ਪ੍ਰਭਾਵ ਦਾ ਸੁਮੇਲਕ ਫਲ ਹੁੰਦੀਆਂ ਹਨ।

Phenylalanine (ਫੀਨਾੱਇਲਅੱਲੈਨੀਨ)

ਜੀਵਾਂ ਅੰਦਰ ਸਮਾਈਆਂ ਪ੍ਰੋਟੀਨਾਂ ਦੀ ਉਸਾਰੀ ਲਈ ਵਰਤੋਂ 'ਚ ਆ ਰਹੇ 20 ਪ੍ਰਕਾਰ ਦੇ ਐਮਿਨੋ ਤੇਜ਼ਾਬਾਂ 'ਚੋਂ ਇਕ ਦਾ ਉਪਰੋਕਤ ਨਾਮ ਹੈ।

Phenylketonuria
(ਫੀਨਾੱਇਲਕੀਟਾੱਨਯੂਰੀਆ)

ਇਹ ਪਦ ਤਿੰਨ ਸ਼ਬਦਾਂ ਦਾ ਬਣਿਆ

ਹੋਇਆ ਹੈ, ਪਹਿਲਾ ਫੀਨਾੱਇਲ, ਜਿਹੜਾ ਫੀਨਾੱਇਲਅੱਲੈਨਿਨ ਐਮਿਨੋ ਤੇਜ਼ਾਬ ਦਾ ਪ੍ਰਤੀਕ ਸ਼ਬਦ ਹੈ, ਦੂਜਾ ਕੀਟਾੱਨ, ਜਿਹੜਾ ਕਿ ਇਕ ਰਸਾਇਣਕ ਅਣੂ ਹੈ ਅਤੇ ਤੀਜਾ ਯੂਰੀਆ, ਪਿਸ਼ਾਬ ਦਾ ਪ੍ਰਤੀਕ ਸ਼ਬਦ। ਉਪਰੋਕਤ ਪਦ ਇਕ ਰੋਗ ਦਾ ਨਾਮ ਹੈ, ਜਿਹੜਾ ਫੀਨਾੱਇਲਅੱਲੈਨਿਨ ਸੱਦੇ ਜਾਂਦੇ ਐਮਿਨੋ ਤੇਜ਼ਾਬ ਦੀ ਵਰਤੋਂ ਕਰਨ ਵਾਲੇ ਐਨਜ਼ਾਈਮ ਦੀ ਘਾਟ ਕਰਕੇ ਉਪਜਦਾ ਹੈ ਅਤੇ ਜਿਸ ਕਾਰਨ ਕੀਟਾੱਨ ਅਣੂ ਉਪਜ ਉਪਜ ਪਿਸ਼ਾਬ ਰਾਹੀਂ ਸਰੀਰੋਂ ਬਾਹਰ ਆਉਂਦੇ ਰਹਿੰਦੇ ਹਨ। ਇਸ ਰੋਗ ਕਾਰਨ ਮਿਰਗੀ ਦੇ ਦੌਰੇ ਪੈਂਦੇ ਹਨ ਅਤੇ ਰੋਗੀ ਮਾਨਸਿਕ ਪੱਖੋਂ ਕਮਜ਼ੋਰ ਹੋਇਆ ਮਹਿਸੂਸ ਕਰਦਾ ਹੈ।

Pheromones (ਫੈਰਾੱਮੱਨਜ਼)

ਯੂਨਾਨੀ ਸ਼ਬਦ, ਫੇਰੀਨ (pherein) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਲਿਜਾਣ’ ਦੇ; ਭਾਵ ‘ਖਿੰਡ ਜਾਣ’ ਦੇ। ਪ੍ਰਾਣੀ ਸਰੀਰ ਅੰਦਰਲੀਆਂ ਵਿਸ਼ੇਸ਼ ਗ੍ਰੰਥੀਆਂ ’ਚੋਂ ਉਪਜ ਕੇ ਆਲੇ-ਦੁਆਲੇ ਵਾਯੂ ਦੁਆਰਾ ਖਿੰਡ ਜਾਣ ਵਾਲੇ ਵਾਸ਼ਪੀ ਰਸਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਇਹ ਰਸ ਆਪਣੀ ਹੀ ਜਾਤੀ ਦੇ ਹੋਰਨਾਂ ਪ੍ਰਾਣੀਆਂ ਦੇ ਵਤੀਰੇ ਨੂੰ ਪ੍ਰਭਾਵਿਤ ਕਰਨ ਯੋਗ ਹਨ।

Phloem (ਫਲੋਇਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਫਲੋਅਸ (phloios) ਹੈ, ਜਿਸ ਦੇ ਅਰਥ ‘ਅੰਦਰਲੀ ਛਿੱਲ’ ਦੇ ਹਨ। ਪੌਦਿਆਂ ਦੇ ਤਣੇ ਅੰਦਰਲੇ ਉਸ ਨਰਮ ਭਾਗ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਕਿ ਪੌਦੇ ਦੁਆਰਾ ਖ਼ੁਰਾਕੀ ਅੰਸ਼ਾਂ ਦਾ ਸੰਚਾਰ ਕਰਦੀਆਂ ਵਾਹਿਕਾਂ ਦਾ ਖੇਤਰ ਹੈ।

Phoresia (ਫੱਰੀਸਿਆ)

ਯੂਨਾਨੀ ਸ਼ਬਦ, ਫੇਰੀਨ (pherein) ਇਸ ਪਦ ਲਈ ਵਰਤਿਆ ਗਿਆ ਹੈ, ਜਿਸ ਦੇ ਅਰਥ ਹਨ ‘ਲੈ ਕੇ ਜਾਣ’ ਦੇ। ਉਪਰੋਕਤ ਨਾਮ ਉਸ ਪ੍ਰਚਲਣ ਦਾ ਹੈ, ਜਿਸ ਨੂੰ ਅਸਮਰੱਥ ਪ੍ਰਾਣੀ ਲੰਬੇ ਪੈਂਡੇ ਤੈਅ ਕਰਨ ਲਈ ਅਪਣਾ ਲੈਂਦੇ ਹਨ। ਅਜਿਹਾ ਕਰਨ ਲਈ ਇਹ ਦੂਜੇ ਪ੍ਰਾਣੀ ਨਾਲ ਚੰਬੜ ਜਾਂਦੇ ਹਨ, ਜਿਹੜਾ ਲੰਬੇ ਪੈਂਡੇ ਤੈਅ ਕਰਨ ਦੇ ਯੋਗ ਹੁੰਦਾ ਹੈ। ਇਕ ਕੀਟ ਦਾ ਪੰਛੀ ਨਾਲ ਨਿਰੋਲ ਇਸੇ ਮੰਤਵ ਨਾਲ ਚੰਬੜ ਜਾਣਾ, ਇਸ ਪ੍ਰਚਲਣ ਦੀ ਉਦਾਹਰਣ ਹੈ।

Phosphate (ਫਾਸਫੇਟ)

ਫਾਸਫੱਰਸ ਆਧਾਰ ਵਾਲੇ ਅਤੇ ਜੈਵਿਕ ਪ੍ਰਕ੍ਰਿਆਵਾਂ ਲਈ ਜ਼ਰੂਰੀ ਯੌਗਿਕ ਦਾ ਉਪਰੋਕਤ ਨਾਮ ਹੈ। ਸਰੀਰ ਅੰਦਰਲੇ ਹਰ ਇਕ ਸੈੱਲ ਨੂੰ, ਨਵੇਂ ਅਣੂਆਂ ਦੀ ਸਿਰਜਣਾ ਕਰਨ ਲਈ, ਇਸ ਯੌਗਿਕ ਦੀ ਹਰ ਸਮੇਂ ਲੋੜ ਰਹਿੰਦੀ ਹੈ, ਜਿਹੜਾ ਕਿ ਸੈੱਲ ਅੰਦਰ ਊਰਜਾ ਉਪਜ ’ਚ ਵੀ ਭੂਮਿਕਾ ਨਿਭਾਉਂਦਾ ਹੈ।

Phospholipid (ਫਾਸਫਾੱਲਿਪਿਡ)

ਫਾਸਫਾੱਰਿਕ ਤੇਜ਼ਾਬ ਰਚੀ ਹੋਈ ਚਿਕਨਾਈ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦੀ ਸੈੱਲਾਂ ਦੀ ਉਸਾਰੀ ’ਚ ਮਹੱਤਵ ਭੂਮਿਕਾ ਹੈ।

Phosphoprotein (ਫਾਸਫਾੱਪ੍ਰੋਟੀਨ)

ਉਸ ਪ੍ਰਕਾਰ ਦੇ ਪ੍ਰੋਟੀਨੀ ਅਣੂ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ’ਚ ਐਮਿਨੋ ਤੇਜ਼ਾਬਾਂ ਦੇ ਨਾਲ ਨਾਲ ਫਾਸਫੱਰਸ ਵੀ, ਕਿਸੇ ਨਾ ਕਿਸੇ ਰੂਪ ’ਚ, ਸਮਾਈ ਹੋਈ ਹੁੰਦੀ ਹੈ। ਦੁੱਧ ਦੀ ਕੇਸੀਨ (casein) ਪ੍ਰੋਟੀਨ, ਇਸੇ ਦੀ ਉਦਾਹਰਣ ਹੈ।

Phosphorus (ਫਾਸਫੱਰਸ)

ਪੀਲੇ ਰੰਗ ਦੇ ਮੋਮੀ ਤੱਤ ਦਾ ਇਹ ਨਾਮ ਹੈ, ਜਿਹੜਾ ਕਿ ਹਨੇਰੇ ’ਚ ਦਮਕਦਾ ਹੈ। ਜੈਵਿਕ ਪ੍ਰਕ੍ਰਿਆਵਾਂ ਲਈ ਅਤੇ ਜੈਵਿਕ ਬੁਣਤਾਂ ਲਈ ਇਸ

ਤੱਤ ਦੀ ਭਿੰਨ ਭਿੰਨ ਯੌਗਿਕਾਂ ਦੇ ਰੂਪ 'ਚ ਵਰਤੋਂ ਹੁੰਦੀ ਰਹਿੰਦੀ ਹੈ।

Phosphorylase (ਫਾਸਫੱਰਿਲੇਜ਼)

ਉਪਰੋਕਤ ਪਦ ਉਸ ਐਨਜ਼ਾਈਮ ਲਈ ਵਰਤਿਆ ਜਾਂਦਾ ਹੈ, ਜਿਸ ਦੀ ਪ੍ਰਕ੍ਰਿਆ ਦੁਆਰਾ ਇਕ ਸਾਧਾਰਨ ਅਣੂ (molecule), ਫ਼ਾਸਫ਼ੱਰਸ ਨੂੰ ਆਪਣੇ ਅੰਦਰ ਸਮੋ ਕੇ, ਫ਼ਾਸਫ਼ੇਟ ਬਣ ਜਾਂਦਾ ਹੈ।

Phosphorylation (ਫਾਸਫ਼ੱਰਿਲੇਸ਼ਨ)

ਉਸ ਪ੍ਰਕ੍ਰਿਆ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦੌਰਾਨ ਕੋਈ ਵੀ ਸਾਧਾਰਨ ਅਣੂ ਫ਼ਾਸਫ਼ੱਰਸ ਨਾਲ ਰਲ ਕੇ ਫ਼ਾਸਫ਼ੇਟ ਦਾ ਰੂਪ ਧਾਰ ਲੈਂਦਾ ਹੈ। ਸੈੱਲਾਂ ਵਿਖੇ ਊਰਜਾ ਉਪਯੋਗਤਾ 'ਚ ਇਸ ਕ੍ਰਿਆ ਦਾ ਉਚੇਚਾ ਮਹੱਤਵ ਹੈ।

Photic zone (ਫੋਟਿਕ ਜ਼ੋਨ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਯੂਨਾਨੀ ਸ਼ਬਦ, ਫੋਸ (phos) ਹੈ, ਜਿਸ ਦੇ ਅਰਥ ਹਨ 'ਪ੍ਰਕਾਸ਼' ਦੇ। ਪਦ ਦਾ ਦੂਜਾ ਭਾਗ, 'ਖੇਤਰ' ਨੂੰ ਦਰਸਾਉਂਦਾ ਸਾਧਾਰਨ ਸ਼ਬਦ ਹੈ। ਸਾਗਰ ਜਾਂ ਝੀਲ ਦੇ ਉਪਰਲੇ ਖੇਤਰ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਅੰਦਰ ਸੂਰਜ ਦੇ ਪ੍ਰਕਾਸ਼ ਦਾ ਪ੍ਰਵੇਸ਼ ਸੰਭਵ ਹੈ।

Photogen (ਫੋਟੱਜੈਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਫੋਸ (phos), ਜਿਸ ਦੇ ਅਰਥ ਹਨ 'ਪ੍ਰਕਾਸ਼' ਦੇ ਅਤੇ ਦੂਜਾ ਜੈਨੀਸ (genes), ਜਿਸ ਦੇ ਅਰਥ ਹਨ 'ਉਪਜਾਉਣ' ਦੇ। ਉਪਰੋਕਤ ਪਦ ਉਨ੍ਹਾਂ ਜੀਵਾਂ ਲਈ ਅਤੇ ਜੀਵਾਂ ਦਿਆਂ ਅੰਗਾਂ ਲਈ ਰਾਖਵਾਂ ਹੈ, ਜਿਹੜੇ ਪ੍ਰਕਾਸ਼ ਉਪਜਾਉਂਦੇ ਹਨ, ਜਿਵੇਂ ਕਿ ਜੁਗਨੂੰ ਅਤੇ ਕਈ ਕਿਸਮਾਂ ਦੇ ਜਲ-ਜੀਵ।

Photoperiod (ਫੋਟੱਪੀਰਿਅਡ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਫੋਸ (phos), ਜਿਸ ਦੇ ਅਰਥ ਹਨ 'ਪ੍ਰਕਾਸ਼' ਦੇ ਅਤੇ ਦੂਜਾ ਹੈ ਪੀਰੀਅਡੱਸ (periodos), ਜਿਸ ਦੇ ਅਰਥ ਹਨ 'ਅਵਧੀ' ਦੇ। ਉਸ ਅਵਧੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੌਰਾਨ ਜੀਵ ਲਈ ਪ੍ਰਕਾਸ਼ ਉਪਲਬਧ ਹੁੰਦਾ ਹੈ।

Photoperiodism (ਫੋਟੱਪੀਰਿਅਡਿਜ਼ਮ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਫੋਸ (phos), ਜਿਸ ਦੇ ਅਰਥ ਹਨ 'ਪ੍ਰਕਾਸ਼' ਦੇ ਅਤੇ ਦੂਜਾ ਪੀਰਿਅਡੱਸ (periodos), ਜਿਸ ਦੇ ਅਰਥ ਹਨ 'ਅਵਧੀ' ਦੇ। ਜੀਵਾਂ ਦੀ, ਵਿਸ਼ੇਸ਼ ਤੌਰ 'ਤੇ ਪੌਦਿਆਂ ਦੀ ਪ੍ਰਕਾਸ਼ ਲਈ ਸੰਵੇਦਨਸ਼ੀਲਤਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਇਹ ਜੀਵ ਦਿਨ ਸਮੇਂ, ਰਾਤ ਦੇ ਟਾਕਰੇ, ਵਧੇਰੇ ਕ੍ਰਿਆਸ਼ੀਲ ਰਹਿੰਦੇ ਹਨ।

Photophilous (ਫ਼ੋਟੱਫ਼ਿਲੱਸ)

ਇਸ ਪਦ ਦੇ ਦੋ ਯੂਨਾਨੀ ਸ਼ਬਦ ਮੂਲ ਹਨ,ਜਿਨ੍ਹਾਂ 'ਚੋਂ ਪਹਿਲਾ ਹੈ ਫੋਸ (phos), ਜਿਸ ਦੇ ਅਰਥ ਹਨ 'ਪ੍ਰਕਾਸ਼' ਦੇ ਅਤੇ ਦੂਜਾ ਹੈ ਫ਼ਿਲੱਸ (philos), ਜਿਸ ਦੇ ਅਰਥ ਹਨ 'ਮੋਹ ਕਰਨ' ਦੇ। ਜਿਹੜੇ ਜੀਵ ਸੂਰਜ ਦੇ ਤੇਜ਼ ਪ੍ਰਕਾਸ਼ 'ਚ ਵਧੀਆ ਫਲਦੇ-ਫੁੱਲਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਦਾ ਵਿਸ਼ੇਸ਼ਣ ਵਜੋਂ ਉਪਯੋਗ ਕੀਤਾ ਜਾਂਦਾ ਹੈ।

Photophobic (ਫ਼ੋਟੱਫ਼ੱਬਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਫੋਸ (phos), ਜਿਸ ਦੇ ਅਰਥ ਹਨ 'ਪ੍ਰਕਾਸ਼' ਦੇ ਅਤੇ ਦੂਜਾ ਹੈ ਫ਼ੋਬੱਸ (phobos), ਜਿਸ ਦੇ ਅਰਥ ਹਨ 'ਡਰ' ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਸੂਰਜ ਦੇ ਪ੍ਰਕਾਸ਼ ਲਈ ਸਹਿਣਸ਼ੀਲ ਨਹੀਂ ਹਨ।

Photophygous (ਫ਼ੋਟੱਫ਼ਾਇਗਸ)

ਇਸ ਪਦ ਨੂੰ ਦੋ ਯੂਨਾਨੀ ਸ਼ਬਦਾਂ ਦਾ ਆਧਾਰ ਪ੍ਰਾਪਤ ਹੈ, ਫੋਸ (phos) ਦਾ ਅਤੇ ਫਾਇਜੀ (phyge) ਦਾ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪ੍ਰਕਾਸ਼' ਦੇ ਅਤੇ 'ਫਰਾਰ ਹੋ ਜਾਣ' ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਦਾ ਵਿਸ਼ੇਸ਼ਣ ਵਜੋਂ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਸੂਰਜ ਦੇ ਪ੍ਰਕਾਸ਼ ਤੋਂ ਪਰਹੇਜ਼ ਕਰਦੇ ਹਨ।

Photosynthesis (ਫੋਟੱਸਿੰਥਿਸਿਸ)

ਇਸ ਪਦ ਦਾ ਮੂਲ ਦੋ ਯੂਨਾਨੀ ਸ਼ਬਦ ਹਨ, ਪਹਿਲਾ ਫੋਸ (phos), ਜਿਸ ਦੇ ਅਰਥ ਹਨ "ਪ੍ਰਕਾਸ਼" ਦੇ ਅਤੇ ਦੂਜਾ ਸਿੰਥਿਸਿਸ (synthesis), ਜਿਸ ਦੇ ਅਰਥ ਹਨ 'ਜੋੜਨ ਦੀ ਪ੍ਰਕ੍ਰਿਆ' ਦੇ, ਭਾਵ 'ਸੰਸਲੇਸ਼ਣ' ਦੇ। ਉਪਰੋਕਤ ਪਦ ਪੌਦਿਆਂ ਦੀ ਉਸ ਮੂਲ ਪ੍ਰਕ੍ਰਿਆ ਲਈ ਰਾਖਵਾਂ ਹੈ, ਜਿਸ ਉਪਰ ਸਮੁੱਚਾ ਜੀਵ-ਸੰਸਾਰ ਊਰਜਾ ਦੀ ਪ੍ਰਾਪਤੀ ਲਈ ਨਿਰਭਰ ਹੈ ਅਤੇ ਜਿਸ ਦੌਰਾਨ ਬੂਟਿਆਂ ਨੂੰ ਸਾਵਾਪਣ ਅਰਪਣ ਕਰਨ ਵਾਲਾ ਕੱਲੋਰੋਫਿਲ (chlorophyll) ਨਾਮ ਦਾ ਪਦਾਰਥ, ਸੂਰਜੀ ਪ੍ਰਕਾਸ਼ ਦੀ ਹੋਂਦ ਵਿਚ, ਕਾਰਬਨਡਾਈਆੱਕਸਾਈਡ ਅਤੇ ਪਾਣੀ ਤੋਂ ਖ਼ੁਰਾਕੀ ਅੰਸ਼ ਉਪਜਾਉਂਦਾ ਹੋਇਆ, ਵਾਯੂਮੰਡਲ ਅੰਦਰ ਆਕਸੀਜਨ ਦਾ ਸੰਚਾਰ ਵੀ ਕਰਦਾ ਰਹਿੰਦਾ ਹੈ।

Phototaxis (ਫੋਟੱਟੈਕਸਿਸ)

ਜਿਨ੍ਹਾਂ ਦੋ ਯੂਨਾਨੀ ਸ਼ਬਦਾਂ ਦਾ ਉਪਯੋਗ ਇਸ ਪਦ ਦੇ ਨਿਰਮਾਣ ਲਈ ਕੀਤਾ ਗਿਆ ਹੈ, ਉਹ ਹਨ ਫੋਸ (phos)ਅਤੇ ਟੈਕਸਿਸ (taxis), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪ੍ਰਕਾਸ਼' ਦੇ ਅਤੇ 'ਤਰਤੀਬ" ਦੇ। ਜੀਵਾਂ ਦੀ ਪ੍ਰਕਾਸ਼ ਲਈ ਸੰਵੇਦਨਸ਼ੀਲ ਰੁਚੀ ਨੂੰ ਦਰਸਾਉਣ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Phototroph (ਫੋਟੱਟ੍ਰੱਫ)

ਯੂਨਾਨੀ ਸ਼ਬਦ, ਫੋਸ (phos) ਅਤੇ ਟ੍ਰਾਫ਼ੀ (trophe), ਇਸ ਪਦ ਦਾ ਮੂਲ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਪ੍ਰਕਾਸ਼' ਦੇ ਅਤੇ ਦੂਜੇ ਦੇ 'ਖ਼ੁਰਾਕ' ਦੇ। ਉਸ ਜੀਵ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਸੂਰਜ ਦੇ ਪ੍ਰਕਾਸ਼ ਨੂੰ, ਸਿੱਧਾ ਹੀ, ਊਰਜਾ ਦੇ ਸ੍ਰੋਤ ਵਜੋਂ ਵਰਤ ਸਕਣ ਯੋਗ ਹੈ।

Phototropism (ਫੋਟੱਟ੍ਰੱਪਿਜ਼ਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਫੋਸ (phos) ਅਤੇ ਟ੍ਰੱਪੀ (trope) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪ੍ਰਕਾਸ਼' ਦੇ ਅਤੇ 'ਮੋੜ' ਦੇ। ਪੌਦਿਆਂ ਦੀ ਉਸ ਰੁਚੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਕਾਰਨ ਇਨ੍ਹਾਂ ਦੇ ਭੂਮੀ ਉਪਰਲੇ ਸਾਵੇ ਭਾਗ ਦਾ ਝੁਕਾਅ ਪ੍ਰਕਾਸ਼ ਵੱਲ ਵਧੇਰੇ ਹੁੰਦਾ ਹੈ।

Phrenic (ਫ਼੍ਰੈਨਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਫ਼੍ਰੀਨ (phren) ਹੈ, ਜਿਸ ਦੇ ਦੋ ਅਰਥ ਹਨ: ਇਕ 'ਪੇਟ-ਪੜਦਾ' ਅਤੇ ਦੂਜਾ 'ਮਨ'। ਪੇਟ ਅੰਦਰਲੇ ਪੜਦੇ ਨਾਲ ਜਾਂ ਮਨ ਦੀ ਸਥਿਤੀ, ਭਾਵ ਮਾਨਸਿਕਤਾ ਨਾਲ ਸਬੰਧ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Phycology (ਫ਼ਾਈਕੱਲਜਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਫ਼ਾਇਕੱਸ (phykos), ਜਿਸ ਦੇ ਅਰਥ ਹਨ 'ਸਾਗਰੀ ਕਾਈ' ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਬੱਟਨਿ ਦੀ ਉਸ ਅਧਿਐਨ-ਸ਼ਾਖ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਸਬੰਧ ਕਾਈਆਂ (algae) ਬਾਰੇ ਗਿਆਨ ਨਾਲ ਹੈ।

Phyletic (ਫ਼ਾਇਲੈਟਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਫ਼ਾਇਲੱਨ (phylon) ਹੈ, ਜਿਸ ਦੇ ਅਰਥ ਹਨ 'ਪ੍ਰਾਣੀ ਸਮੂਹ' ਦੇ ਜਾਂ 'ਜਾਤੀ' ਦੇ। ਵਿਕਾਸ ਆਧਾਰ ਵਾਲੇ, ਜੀਵਾਂ ਦੇ ਦੂਰ-ਨੇੜੇ ਦੇ ਸਬੰਧਾਂ ਨੂੰ ਦਰਸਾਉਣ ਲਈ ਉਪਰੋਕਤ ਪਦ ਨੂੰ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Phyllome (ਫ਼ਾਇਲੋਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਫ਼ਾਇਲੱਨ (phylon) ਹੈ, ਜਿਸ ਦੇ ਅਰਥ ਹਨ 'ਸਾਵੇ-ਪੱਤਰ' ਦੇ। ਪੌਦੇ ਦੀ, ਸਾਵੇ-ਪੱਤਰਾਂ ਤੇ ਆਧਾਰਿਤ ਸਥਿਤੀ ਨੂੰ ਦਰਸਾਉਣ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Phyllophagous (ਫਾਇਲੱਫੇਗੱਸ)

ਦੋ ਯੂਨਾਨੀ ਸ਼ਬਦਾਂ ਦੁਆਰਾ ਇਸ ਪਦ ਦੀ ਰਚਨਾਂ ਹੋਈ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਫ਼ਾਇਲੱਨ (phyllon), ਜਿਸ ਦੇ ਅਰਥ ਹਨ 'ਸਾਵੇ-ਪੱਤਰ' ਦੇ ਅਤੇ ਦੂਜਾ ਹੈ ਫ਼ਾਜੀਨ (phagein), ਜਿਸ ਦੇ ਅਰਥ ਹਨ 'ਖਾਣ' ਦੇ। ਉਨ੍ਹਾਂ ਪ੍ਰਾਣੀਆਂ ਲਈ ਉਪਰੋਕਤ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ, ਜਿਹੜੇ ਸਾਵੇ-ਪੱਤਰਾਂ ਨੂੰ ਆਪਣੀ ਖ਼ੁਰਾਕ ਬਣਾਉਂਦੇ ਹਨ।

Phyllotaxis (ਫ਼ਾਇਲੱਟੈਕਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਫ਼ਾਇਲੱਨ (phyllon), ਜਿਸ ਦੇ ਅਰਥ ਹਨ 'ਸਾਵੇ-ਪੱਤਰ' ਦੇ ਅਤੇ ਦੂਜਾ ਹੈ ਟੈਕਸਿਸ (taxis), ਜਿਸ ਦੇ ਅਰਥ ਹਨ 'ਤਰਤੀਬ' ਦੇ। ਪੌਦੇ ਦੀਆਂ ਟਹਿਣੀਆਂ ਨਾਲ ਸਾਵੇ-ਪੱਤਰ ਜਿਸ ਤਰਤੀਬ ਨਾਲ ਜੁੜੇ ਹੋਏ ਹੁੰਦੇ ਹਨ, ਉਸੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Phylogeny (ਫ਼ਾਇਲੱਜੱਨਿ)

ਦੋ ਯੂਨਾਨੀ ਸ਼ਬਦ, ਫ਼ਾਇਲੱਨ (phylon) ਅਤੇ ਜੈਨੱਈਨ (gennein) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਜਾਤੀ' ਦੇ ਅਤੇ 'ਉਤਪਤੀ' ਦੇ। ਜੀਵ-ਜਾਤੀ ਦੇ ਹੋਏ ਵਿਕਾਸ ਦੇ ਇਤਿਹਾਸ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Phylum (ਫ਼ਾਇਲੱਮ)

ਯੂਨਾਨੀ ਸ਼ਬਦ, ਫ਼ਾਇਲੱਨ (phylon) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਜਾਤੀ' ਦੇ। ਉਪਰੋਕਤ ਪਦ ਜੀਵਾਂ ਦੀ ਵਰਗਕੀ-ਵੰਡ 'ਚ ਨਜ਼ਦੀਕੀ ਸ਼੍ਰੇਣੀਆਂ (classes) ਦੇ ਸਮੂਹ ਦੇ ਸਿਰਲੇਖ ਵਜੋਂ ਵਰਤਿਆ ਜਾਂਦਾ ਹੈ। ਫ਼ਾਇਲਮ 'ਚ ਸ਼ਾਮਲ ਸਭਨਾਂ ਜੀਵਾਂ ਦੀ ਸਰੀਰਕ ਬਣਤਰ ਦਾ ਸਾਂਝਾ ਇਕ ਮੂਲ ਹੁੰਦਾ ਹੈ। ਰੀੜ੍ਹ-ਸਹਿਤ ਸਾਰੇ ਪ੍ਰਾਣੀ ਇਕ ਹੀ ਫ਼ਾਇਲਮ 'ਚ ਸ਼ਾਮਲ ਹਨ, ਭਾਵੇਂ ਕਿ ਇਹ ਅੱਗੋਂ ਕਈ ਸ਼੍ਰੇਣੀਆਂ 'ਚ ਵਟੇ ਹੋਏ ਹਨ। ਮੱਛੀਆਂ, ਡੱਡੂ, ਵਿਸਰਪੀ ਪ੍ਰਾਣੀ, ਪੰਛੀ ਤੇ ਪਸ਼ੂ: ਇਨ੍ਹਾਂ ਸਭਨਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਹਨ, ਪਰ ਇਹ ਸਭ ਇਕ ਫ਼ਾਇਲਮ 'ਚ ਸ਼ਾਮਲ ਹਨ, ਕਿਉਂਕਿ ਸਭ ਰੀੜ੍ਹ ਸਹਿਤ ਹਨ ਅਤੇ ਹੱਡੀ-ਪਿੰਜਰ ਦੇ ਸਭ ਮਾਲਿਕ ਹਨ।

Physiology (ਫਿਜ਼ਿਆੱਲੱਜਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਫਿਜ਼ਿਸ (physis), ਜਿਸ ਦੇ ਅਰਥ ਹਨ 'ਕੁਦਰਤ' ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਜੀਵ ਦੀਆਂ ਸਰੀਰਕ ਕ੍ਰਿਆਵਾਂ ਬਾਰੇ ਗਿਆਨ ਨਾਲ ਹੈ।

Phytamins (ਫ਼ਾਇਟੱਮਿਨਜ਼)

ਇਸ ਪਦ ਦਾ ਮੂਲ ਅਮੋਨੀਆ ਸ਼ਬਦ ਹੈ,

ਜਿਸ ਦਾ ਅਣੂਆਵੀ ਆਧਾਰ ਨਾਈਟ੍ਰੋਜਨ ਅਤੇ ਹਾਈਡ੍ਰੋਜਨ ਹਨ। ਇਸ ਨਾਲ ਮੁਹਰੈਲ ਵਜੋਂ ਜੁੜਿਆ ਯੂਨਾਨੀ ਸ਼ਬਦ, ਫ਼ਾਇਟੱਨ (phyton) ਹੈ, ਜਿਸ ਦੇ ਅਰਥ ਹਨ 'ਪੌਂਦੇ' ਦੇ। ਪੌਂਦਿਆਂ ਅੰਦਰ ਰਿਸਦੇ ਹਾਰਮੋਨਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Phytobiology (ਫ਼ਾਇਟੱਬਾਇਅਲੱਜਿ)

ਇਸ ਪਦ ਦਾ ਆਧਾਰ ਤਿੰਨ ਯੂਨਾਨੀ ਸ਼ਬਦ ਹਨ, ਪਹਿਲਾ ਫ਼ਾਇਟੱਨ (phyton), ਦੂਜਾ ਬਾਇਅਸ (bios) ਅਤੇ ਤੀਜਾ ਲੋਗੱਸ (logos), ਅਤੇ ਜਿਨ੍ਹਾਂ ਦੇ ਸਿਲਸਿਲੇਵਾਰ ਅਰਥ ਹਨ 'ਪੌਂਦੇ' ਦੇ, 'ਜੀਵਨ' ਦੇ ਅਤੇ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਲਈ ਉਪਰੋਕਤ ਪਦ ਨੂੰ ਸਿਰਲੇਖ ਵਜੋਂ ਵਰਤਿਆ ਜਾਂਦਾ ਹੈ, ਜਿਸ ਦਾ ਪੌਂਦਿਆਂ ਦੇ ਜੀਵਨ-ਕਾਲ ਬਾਰੇ ਗਿਆਨ ਨਾਲ ਸਬੰਧ ਹੈ।

Phytology (ਫ਼ਾਇਟੱਲੱਜਿ)

ਫ਼ਾਇਟੱਨ (phyton) ਅਤੇ ਲੋਗਸ (logos), ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪੌਂਦੇ' ਦੇ ਅਤੇ 'ਅਧਿਐਨ' ਦੇ। ਪੌਂਦਿਆਂ ਬਾਰੇ ਗਿਆਨ ਨਾਲ ਸਬੰਧਤ ਜੀਵ-ਵਿਗਿਆਨ ਦੀ ਅਧਿਐਨ-ਸ਼ਾਖ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਬਾਟੱਨਿ ਇਸੇ ਦਾ ਸਮਾਨਾਰਥਕ ਪਦ ਹੈ।

Phyton (ਫ਼ਾਇਟੱਨ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪੌਂਦੇ' ਦੇ। ਬਾਟੱਨਿ ਦੇ ਪ੍ਰਸੰਗ 'ਚ ਇਸ ਪਦ ਦਾ ਉਪਯੋਗ ਪੌਂਦੇ ਦੀ ਕਲਮ ਜਾਂ ਇਸ ਦੀ ਅੱਖ ਵਾਲੀ ਪੋਰੀ ਲਈ ਕੀਤਾ ਜਾਂਦਾ ਹੈ, ਜਿਸ 'ਚੋਂ ਨਵਾਂ ਪੌਂਦਾ ਪੁੰਗਰ ਆਉਂਦਾ ਹੈ।

Phytonomy (ਫ਼ਾਇਟੌਨੱਮਿ)

ਇਸ ਪਦ ਦਾ ਮੂਲ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਨ੍ਹਾਂ 'ਚੋਂ ਪਹਿਲਾ ਹੈ ਫ਼ਾਇਟੱਨ (phyton), ਜਿਸ ਦੇ ਅਰਥ ਹਨ 'ਪੌਂਦੇ' ਦੇ ਅਤੇ ਦੂਜਾ ਹੈ ਨੱਮੱਸ (nomos), ਜਿਸ ਦੇ ਅਰਥ ਹਨ 'ਨਿਯਮ' ਦੇ। ਪੌਂਦੇ ਦੀ ਵਿਅਕਤੀਗਤ ਪ੍ਰਗਤੀ ਬਾਰੇ ਗਿਆਨ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Phytophagous (ਫ਼ਾਇਟੱਫ਼ੇਗੱਸ)

ਇਸ ਪਦ ਲਈ ਦੋ ਯੂਨਾਨੀ ਸ਼ਬਦ ਵਰਤੋਂ 'ਚ ਆਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਫ਼ਾਇਟੱਨ (phyton), ਜਿਸ ਦੇ ਅਰਥ ਹਨ 'ਪੌਂਦੇ' ਦੇ ਅਤੇ ਦੂਜਾ ਹੈ ਫ਼ੇਜੀਨ (phagein), ਜਿਸ ਦੇ ਅਰਥ ਹਨ 'ਖਾਣ' ਦੇ। ਪੌਂਦਿਆਂ ਨੂੰ ਭੋਜਨ ਵਜੋਂ ਵਰਤਦੇ ਪ੍ਰਾਣੀ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Phytoplankton (ਫਾਇਟੱਪਲੈਂਕਟਨ)

ਦੋ ਯੂਨਾਨੀ ਸ਼ਬਦ, ਫਾਇਟੱਨ (phyton) ਅਤੇ ਪਲੈਂਗਟਸ (plangtos), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਪੌਂਦੇ' ਦੇ ਅਤੇ ਦੂਜੇ ਦੇ 'ਭਟਕਣ' ਦੇ। ਜਲ ਅੰਦਰਲੇ ਅਤੇ ਇਸ ਦੇ ਵਹਾਓ ਨਾਲ ਨਿਰਇੱਛਤ ਭਟਕਦੇ ਰਹਿਣ ਵਾਲੇ ਪੌਂਦਿਆਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹੇ ਜਲ-ਪੌਂਦੇ ਛੋਟੇ ਆਕਾਰ ਦੇ ਹੁੰਦੇ ਹਨ।

Phytosis (ਫ਼ਾਇਟੌਸਿਸ)

ਯੂਨਾਨੀ ਸ਼ਬਦ, ਫ਼ਾਇਟੱਨ (phyton) ਇਸ ਪਦ ਦਾ ਆਧਾਰ ਹੈ, ਅਤੇ ਇਸ ਦੇ ਅਰਥ ਹਨ 'ਪੌਂਦੇ' ਦੇ। ਉਂਜ ਉਪਰੋਕਤ ਪਦ ਪੌਂਦੇ ਦੇ ਉਸ ਪ੍ਰਕਾਰ ਦੇ ਰੋਗ ਨੂੰ ਦਰਸਾਉਂਦਾ ਹੈ, ਜਿਸ ਦਾ ਕਾਰਨ ਪ੍ਰਜੀਵੀ ਫਫੂੰਦੀ ਦੀ ਲਾਗ ਬਣਦੀ ਹੈ।

Phytotoxin (ਫ਼ਾਇਟੱਟੌਕਸਿਨ)

ਇਸ ਪਦ ਦਾ ਆਧਾਰ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਹ ਹਨ ਫ਼ਾਇਟੱਨ (phyton) ਅਤੇ

ਟਾੱਕਸਿਕੱਨ (toxikon), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਪੌਦੇ’ ਦੇ ਤੇ ‘ਵਿਸ਼ (ਜ਼ਹਿਰ)’ ਦੇ। ਜਿਸ ਜ਼ਹਿਰ ਦਾ ਸ੍ਰੋਤ ਪੌਦਾ ਹੈ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Pigment (ਪਿਗਮੰਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪਿੰਜਿਰਿ (pingere) ਹੈ, ਜਿਸ ਦੇ ਅਰਥ ਹਨ ‘ਚਿਤਰਨ’ ਦੇ। ਜੀਵਾਂ ਅੰਦਰਲੇ ਹਰ ਇਕ ਰੰਗਦਾਰ ਪਦਾਰਥ ਲਈ ਉਪਰੋਕਤ ਸਿਰਲੇਖ ਵਰਤਿਆ ਜਾ ਸਕਦਾ ਹੈ।

Pigmentation (ਪਿਗਮੰਟੇਸ਼ਨ)

ਲਾਤੀਨੀ ਸ਼ਬਦ, ਪਿੰਜਿਰਿ (pingere) ਇਸ ਪਦ ਦਾ ਮੂਲ ਹੈ ਅਤੇ ਇਸ ਦੇ ਅਰਥ ਹਨ ‘ਚਿਤਰਨ’ ਦੇ। ਜੀਵਾਂ ਅੰਦਰ ਵਾਪਰਦੀ ਰਹਿਣ ਵਾਲੀ ਉਸ ਪ੍ਰਕਿਰਿਆ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੌਰਾਨ ਰੰਗੀਜਲੇ ਅਣੂ ਉਪਜ ਉਪਜ ਕੇ ਇਸ ਦੇ ਅੰਗਾਂ ਅੰਦਰ ਖਿੰਡ ਕੇ, ਇਨ੍ਹਾਂ ਦਾ ਰੰਗ ਨਿਰਧਾਰਤ ਕਰਦੇ ਹਨ।

Pileum (ਪਾਈਲਿਅਮ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ ‘ਸਿਰ ਦੀ ਟੋਪੀ’ ਦੇ। ਪੰਛੀ ਦੇ ਸਿਰ ਦੀ ਸਿਖਰ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਮੋਰ ਦੇ ਸਿਰ ਉਪਰ ਇਸੇ ਸਥਾਨ ਤੇ ਕਲਗ਼ੀ ਸਜੀ ਹੁੰਦੀ ਹੈ।

Pileus (ਪਾਈਲਿਅਸ)

ਇਹ ਲਾਤੀਨੀ ਸ਼ਬਦ, ਪਾਈਲਿਅਮ (pileum) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ ‘ਟੋਪੀ’ ਦੇ। ਖੁੰਭ ਦੀ ਅਤੇ ਜੈਲੀ-ਮੱਛੀ ਦੀ ਛੱਤਰੀ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Pineal gland (ਪਾਈਨੱਆੱਲ ਗਲੈਂਡ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਪਾਈਨਿਅਸ (pineus) ਹੈ, ਜਿਸ ਦੇ ਅਰਥ ਹਨ ‘ਦਿਆਰ ਬ੍ਰਿਛ ਦੀ ਕੋਨ’ ਦੇ। ਉਪਰੋਕਤ ਪਦ ਦਿਮਾਗ਼ ਅੰਦਰਲੀ ਇਕ ਨੁਕੀਲੀ-ਤਿਕੋਨੀ ਗ੍ਰੰਥੀ ਲਈ ਵਰਤਿਆ ਜਾਂਦਾ ਹੈ, ਜਿਸ ਚੋਂ ਬਹੁਪੱਖੀ ਕ੍ਰਿਆ ਪੂਰੀ ਕਰਦੇ ਹਾਰਮੋਨ ਰਿਸਦੇ ਹਨ।

Pinna (ਪਿਨਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਖੰਭ’ ਦੇ। ਪੰਛੀ ਦੇ ਖੰਭ ਲਈ, ਮੱਛੀ ਦੇ ਪਰ (ਖੰਭੜੇ) ਲਈ ਅਤੇ ਪਸ਼ੂ ਦੇ ਕੰਨ ਦੇ ਦੁਆਰ ਦੁਆਲੇ ਜੜੇ ਹੋਏ ਪੱਲੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Pinnate (ਪਿੰਨੇਟ)

ਲਾਤੀਨੀ ਸ਼ਬਦ ਪਿਨੇਟਸ (pinnatus) ਦਾ ਇਹ ਪਦ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ ‘ਖੰਭਦਾਰ’ ਦੇ। ਪੇੜ-ਪੌਦਿਆਂ ਦੇ ਪੱਤਰਾਂ ਦੀ ਸੰਯੁਕਤ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੇ ਕਿ ਉਪਭਾਗਾਂ ’ਚ ਵੀ ਵੰਡੇ ਹੋਏ ਹੁੰਦੇ ਹਨ।

Pinnipedia (ਪਿਨਿਪੈਡਿਆ)

ਇਸ ਪਦ ’ਚ ਦੋ ਲਾਤੀਨੀ ਸ਼ਬਦ, ਪਿਨਾੱ (pinna) ਅਤੇ ਪੈਸ (pes) ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਪਰ’ (ਖੰਭੜਾ) ਦੇ ਅਤੇ ‘ਪੈਰ’ ਦੇ। ਉਪਰੋਕਤ ਨਾਮ ਪਸ਼ੂਆਂ ਦੇ ਉਸ ਵਰਗ (order) ਦਾ ਹੈ, ਜਿਸ ’ਚ ਵਾਲਰਸ ਅਤੇ ਸੀਲ ਨਾਮ ਦੇ ਜਲ-ਪਸ਼ੂ ਸ਼ਾਮਲ ਹਨ ਅਤੇ ਜਿਨ੍ਹਾਂ ਦੀਆਂ ਟੰਗਾਂ ਤੈਰਨ ਯੋਗ ਫਲਿਪਰਾਂ (ਖੰਭੜਿਆਂ) ’ਚ ਵਟੀਆਂ ਹੋਈਆਂ ਹਨ।

Pisces (ਪਿਸੀਜ਼)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪਿਸਿਸ (piscis) ਹੈ, ਜਿਸ ਦੇ ਅਰਥ ਹਨ ‘ਮੱਛੀ’

ਦੇ। ਮੱਛੀਆਂ ਦੀ ਸ਼੍ਰੇਣੀ (class) ਲਈ ਇਸੇ ਨਾਮ ਦਾ ਉਪਯੋਗ ਕੀਤਾ ਜਾਂਦਾ ਹੈ।

Pisciculture (ਪਿਸਿਕਲਚਰ)

ਇਸ ਪਦ ਦਾ ਆਧਾਰ ਦੋ ਸ਼ਬਦ ਹਨ, ਪਹਿਲਾ ਲਾਤੀਨੀ ਸ਼ਬਦ ਪਿਸਿਸ (piscis), ਜਿਸ ਦੇ ਅਰਥ ਹਨ ‘ਮੱਛੀ’ ਦੇ ਅਤੇ ਦੂਜਾ ਸਾਧਾਰਨ ਵਰਤੋਂ ’ਚ ਆ ਰਿਹਾ ਸ਼ਬਦ ਕਲਚਰ, ਜਿਸ ਦੇ ਅਰਥ ਹਨ ‘ਪਾਲਣ’ ਦੇ। ਮੱਛੀਆਂ ਪਾਲਣ ਦੇ ਕਿੱਤੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Piscivorous (ਪਿਸਿਵਰੱਸ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਪਿਸਿਸ (piscis), ਜਿਸ ਦੇ ਅਰਥ ਹਨ ‘ਮੱਛੀ’ ਦੇ ਅਤੇ ਦੂਜਾ ਵਰਿਰੱ (vorare), ਜਿਸ ਦੇ ਅਰਥ ਹਨ ‘ਨਿਗਲਣ’ ਦੇ। ਅਜਿਹੇ ਪ੍ਰਾਣੀਆਂ ਲਈ ਉਪਰੋਕਤ ਪਦ ਦੀ ਵਰਤੋਂ ਵਿਸ਼ੇਸ਼ਣ ਵਜੋਂ ਕੀਤੀ ਜਾਂਦੀ ਹੈ, ਜਿਨ੍ਹਾਂ ਦਾ ਅਹਾਰ ਮੱਛੀਆਂ ਹਨ।

Pistil (ਪਿਸਟਿਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪਿਸਟਿਲਮ (pistillum) ਹੈ, ਜਿਸ ਦੇ ਅਰਥ ਹਨ ‘ਮੋਹਲੇ’ ਦੇ। ਪਰ ਉਪਰੋਕਤ ਪਦ ਦਾ ਉਪਯੋਗ ਫੁੱਲ ਅੰਦਰਲੇ ਬੀਜ ਉਪਜਾਊ ਮਾਦਾ ਪ੍ਰਜਣਨ ਅੰਗ ਲਈ ਕੀਤਾ ਜਾਂਦਾ ਹੈ।

Pistillate (ਪਿਸਟਿਲੇਟ)

ਲਾਤੀਨੀ ਸ਼ਬਦ, ਪਿਸਟਿਲਮ (pistillum) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਮੋਹਲੇ’ ਦੇ। ਮਾਦਾ ਫੁੱਲ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਅੰਦਰ ਪਿਸਟਿਲ (pistil), ਭਾਵ ਬੀਜ ਉਪਜਾਊ ਪ੍ਰਜਣਨ ਅੰਗ ਹੁੰਦਾ ਹੈ।

Pituitary gland (ਪਿਟਯੂਟਰਿ ਗਲੈਂਡ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਪਿਟਯੂਟਾੱ (pituita) ਹੈ, ਜਿਸ ਦੇ ਅਰਥ ‘ਬਲਗਮ’ ਜਾਂ ‘ਨੱਕ ’ਚੋਂ ਵਗਦੇ ਰੇਸ਼ੇ’ ਦੇ ਹਨ। ਪਹਿਲਾਂ-ਪਹਿਲ ਪਿਟਯੂਟਰਿ ਸ਼ਬਦ ਦਾ ਉਪਯੋਗ ਨੱਕ ਅੰਦਰਲੀ ਰੇਸ਼ਾ ਉਪਜਾਊ ਝਿੱਲੀ ਲਈ ਕੀਤਾ ਜਾਂਦਾ ਸੀ। ਪਰ ਅੱਜ ਦਿਮਾਗ਼ ਅੰਦਰਲੀ ਇਕ ਅਤੀ ਮਹੱਤਵਪੂਰਨ ਗ੍ਰੰਥੀ ਲਈ ਇਸ ਦਾ ਉਪਯੋਗ ਕੀਤਾ ਜਾ ਰਿਹਾ ਹੈ, ਜਿਸ ਚੋਂ ਕਈ ਹਾਰਮੋਨ ਰਿਸਦੇ ਹਨ ਅਤੇ ਜਿਹੜੇ ਅੱਗੋਂ, ਹਾਰਮੋਨ ਉਪਜਾਉਂਦੀਆਂ ਹੋਰਨਾਂ ਗ੍ਰੰਥੀਆਂ ਦਾ ਸੰਚਾਲਨ ਕਰਦੇ ਹਨ। ਦਿਮਾਗ਼ ਉਪਰ ਹਾਵੀ ਹੋਏ ਰਉਂ ਦਾ ਇਸ ਗ੍ਰੰਥੀ ਉਪਰ ਸਿੱਧਾ ਪ੍ਰਭਾਵ ਪੈਂਦਾ ਰਹਿੰਦਾ ਹੈ।

Placenta (ਪਲੈਸੇਂਨਟਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਪੱਧਰੀ ਟਿੱਕੀ’ ਦੇ। ਇਸ ਪਦ ਨੂੰ ਪੌਦਿਆਂ ਦੇ ਪ੍ਰਸੰਗ ’ਚ ਜਦ ਵਰਤਿਆ ਜਾਦਾ ਹੈ ਤਾਂ ਇਹ ਮਾਦਾ ਫੁੱਲ ਦੇ ਉਸ ਭਾਗ ਨੂੰ ਦਰਸਾਉਂਦਾ ਹੈ, ਜਿਥੇ ਬੀਜ ਬਣਨ ਵਾਲੇ ਅੰਡ-ਅਣੂ (ovule) ਸਥਿਤ ਹੁੰਦੇ ਹਨ। ਇਸੇ ਪਦ ਦਾ ਉਪਯੋਗ, ਪਸ਼ੂ ਦੇ ਪ੍ਰਸੰਗ ’ਚ, ਔਲ ਜਾਂ ਜ਼ੇਰ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

Plankton (ਪਲੈਂਕਟਨ)

ਇਸ ਪਦ ਦਾ ਆਧ਼ਾਰ ਯੂਨਾਨੀ ਸ਼ਬਦ, ਪਲੈਂਗਟਸ (plangtos) ਹੈ, ਜਿਸ ਦੇ ਅਰਥ ਹਨ ‘ਭਟਕਣ’ ਦੇ। ਛੋਟੇ ਆਕਾਰ ਦੇ ਅਜਿਹੇ ਜਲ-ਜੀਵ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਆਪਣੇ ਆਪ ਤੈਰਨਯੋਗ ਨਾ ਹੋਣ ਕਰਕੇ, ਪਾਣੀ ਦੇ ਵਹਾਓ ਅਨੁਕੂਲ ਡੋਲਦਾ-ਭਟਕਦਾ ਰਹਿੰਦਾ ਹੈ।

Plantigrade (ਪਲੈਂਟਿਗ੍ਰੇਡ)

ਇਸ ਪਦ ਦਾ ਆਧਾਰ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਨ੍ਹਾਂ ’ਚੋਂ ਪਹਿਲਾ ਹੈ ਪਲੈਂਟਾੱ (planta), ਜਿਸ ਦੇ ਅਰਥ ਹਨ ‘ਪੈਰ ਦੀ ਪੇਤਲੀ’ ਦੇ, ਅਤੇ

ਦੂਜਾ ਹੈ ਗ੍ਰੈਡਸ (gradus), ਜਿਸ ਦੇ ਅਰਥ ਹਨ 'ਪੁਲਾਂਘ' ਦੇ। ਉਸ ਪ੍ਰਾਣੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਤੁਰਦਿਆਂ ਪੈਰ ਦਾ ਪੂਰਾ ਤਲਾ ਧਰਤੀ ਉਪਰ ਟਿਕਾ ਦਿੰਦਾ ਹੈ, ਜਿਵੇਂ ਰਿੱਛ, ਖਰਗੋਸ਼ ਜਾਂ ਮਨੁੱਖ ਕਰਦਾ ਹੈ।

Plasma (ਪਲੈਜ਼ਮਾ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਰੂਪ' ਦੇ ਜਾਂ 'ਆਕਾਰ' ਦੇ। ਲਹੂ ਦੇ ਸਵੱਛ ਤਰਲ ਭਾਗ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਅੰਦਰ ਰੱਤ-ਸੈੱਲ ਡੁਬਕਦੇ ਵਿਚਰਦੇ ਹਨ ਅਤੇ ਸਰੀਰ ਅੰਦਰ ਅਣੂਆਂ ਦੀ ਆਵਾਂਜ਼ਾਈ ਦਾ ਇਹੋ ਹੀ ਸਾਧਨ ਬਣਦਾ ਹੈ।

Plasma membrane (ਪਲੈਜ਼ਮਾ ਮੈੱਮਬ੍ਰੇਨ)

ਇਸ ਪਦ ਦਾ ਪਹਿਲਾ ਭਾਗ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਰੂਪ' ਦੇ ਜਾਂ 'ਆਕਾਰ' ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਹੜਾ ਝਿੱਲੀ ਲਈ ਵਰਤਿਆ ਜਾਂਦਾ ਹੈ। ਸੈੱਲ ਦੁਆਲੇ ਲਿਪਟੀ ਹੋਈ ਮਹੀਨ ਝਿੱਲੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ 'ਚੋਂ ਦੀ ਚੋਣਵੇਂ ਪਦਾਰਥਾਂ ਦੇ ਅਣੂ ਹੀ ਆਰ ਪਾਰ, ਆ ਤੇ ਜਾ ਸਕਦੇ ਹਨ।

Plasmid (ਪਲੈਜ਼ਮਿਡ)

ਇਹ ਪਦ ਯੂਨਾਨੀ ਸ਼ਬਦ, ਪਲੈਜ਼ਮਾ, (plasma) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਰੂਪ' ਦੇ ਜਾਂ 'ਆਕਾਰ' ਦੇ। ਕੀਟਾਣੂਆਂ 'ਚ ਤੇ ਯੀਸਟ 'ਚ, ਜਿਹੜਾ ਡੀ ਐਨ ਏ ਕ੍ਰੋਮੋਸੋਮ ਅੰਦਰਲੇ ਡੀ ਐਨ ਏ ਨਾਲੋਂ ਵੱਖਰਾ ਸੈੱਲ ਵਿਖੇ ਹੁੰਦਾ ਹੈ, ਉਸੇ ਨੂੰ ਇਹ ਪਦ ਦਰਸਾਉਂਦਾ ਹੈ।

Plasmin (ਪਲੈਜ਼ਮਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪਲੈਜ਼ਮਾ (plasma) ਹੈ, ਜਿਸ ਦੇ ਅਰਥ ਹਨ 'ਰੂਪ' ਦੇ ਜਾਂ 'ਆਕਾਰ' ਦੇ। ਲਹੂ ਅੰਦਰਲੇ ਉਸ ਐਨਜ਼ਾਈਮ ਦਾ ਉਪਰੋਕਤ ਨਾਮ ਹੈ, ਜਿਹੜਾ ਲਹੂ ਨੂੰ ਗਤਲਾਉਣ ਨਹੀਂ ਦਿੰਦਾ; ਲਹੂ ਗਤਲਾਉਣ ਦਾ ਕਾਰਨ ਬਣਦੀ ਫ਼ਾਇਬਰਿਨ (fibrin) ਪ੍ਰੋਟੀਨ ਨੂੰ ਇਹ ਐਨਜ਼ਾਈਮ ਨਕਾਰਾ ਬਣਾ ਦਿੰਦਾ ਹੈ।

Plasmodium (ਪਲੈਜ਼ਮੋਡਿਅਮ)

ਇਕ ਸੈੱਲ ਦੀ ਦੇਹ ਵਾਲੇ ਉਸ ਜੀਵ ਦਾ ਇਹ ਵਿਗਿਆਨਕ ਨਾਮ ਹੈ, ਜਿਹੜਾ ਮਨੁੱਖ ਦਾ ਅਤੇ ਐਨੋੱਫ਼ਲੀਜ਼ (Anopheles) ਮੱਛਰ ਦਾ ਪ੍ਰਜੀਵ ਹੈ ਅਤੇ ਜਿਸ ਕਾਰਨ ਮਨੁੱਖ ਮਲੇਰੀਏ ਰੋਗ ਦਾ ਰੋਗੀ ਹੋ ਜਾਂਦਾ ਹੈ ਅਤੇ ਜਿਸ ਦੀ ਲਹੂ ਚੂਸਦੇ ਮੱਛਰ ਦੁਆਰਾ, ਇਕ ਤੋਂ ਦੂਜੇ ਨੂੰ ਲਾਗ ਲਗਦੀ ਰਹਿੰਦੀ ਹੈ।

Plastid (ਪਲੈਸਟਿਡ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪਲੈਸਟੱਸ (plastos) ਹੈ, ਜਿਸ ਦੇ ਅਰਥ ਹਨ 'ਰੂਪਮਾਨ ਹੋ ਜਾਣ' ਦੇ। ਬਨਸਪਤੀ ਸੈੱਲ ਅੰਦਰ ਜਿਥੇ ਪ੍ਰਕਾਸ਼-ਸੰਸਲੇਸ਼ਣ ਦੀ ਪ੍ਰਕ੍ਰਿਆ ਦੁਆਰਾ ਉਪਜਾਏ ਜਾ ਰਹੇ ਅਣੂ ਇਕੱਤਰ ਹੁੰਦੇ ਰਹਿੰਦੇ ਹਨ, ਝਿੱਲੀ ਨਾਲ ਘਿਰੇ ਹੋਏ ਉਸੇ ਸਥਾਨ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Plastin (ਪਲੈਸਟਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪਲੈਸਟੱਸ (plastos) ਹੈ, ਜਿਸ ਦੇ ਅਰਥ ਹਨ 'ਰੂਪਮਾਨ ਹੋਣ' ਦੇ। ਸੈੱਲ ਅੰਦਰ ਝਿੱਲੀ ਦੇ ਉਣੇ ਜਾਲ 'ਚ ਸਮਾਏ ਇਕ ਪਦਾਰਥ ਦਾ ਇਹ ਨਾਮ ਹੈ।

Plastogamy (ਪਲੈਸਟਾੱਗੈਮਿ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਨੂੰ ਰਚਨਹਾਰੇ ਹਨ, ਉਨ੍ਹਾਂ 'ਚੋਂ ਪਹਿਲਾ ਹੈ ਪਲੈਸਟੱਸ (plastos), ਜਿਸ ਦੇ ਅਰਥ ਹਨ 'ਰੂਪਮਾਨ ਹੋ

ਜਾਣ' ਦੇ ਅਤੇ ਦੂਜਾ ਹੈ ਗੈਮੱਸ (gamos), ਜਿਸ ਦੇ ਅਰਥ ਹਨ 'ਵਿਆਹ' ਦੇ। ਦੋ ਸੈੱਲਾਂ ਦੇ ਇਕ ਦੂਜੇ 'ਚ ਸਮਾ ਜਾਣ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦੌਰਾਨ ਇਨ੍ਹਾਂ ਦੋਵਾਂ ਦੇ ਸਾਇਟੋਪਲੈਜ਼ਮ ਤਾਂ ਭਾਵੇਂ ਇਕ ਦੂਜੇ 'ਚ ਸੰਜੋਏ ਜਾਂਦੇ ਹਨ, ਪਰ ਇਨ੍ਹਾਂ ਦੇ ਨਿਊਕਲੀਅਸ ਵੱਖ ਵੱਖ ਪਏ ਰਹਿ ਜਾਂਦੇ ਹਨ।

Plastron (ਪਲੈਸਟ੍ਰੱਨ)

ਇਹ ਫਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸੀਨਾ-ਪੋਸ਼ ਪੱਟੀ' ਦੇ। ਕੱਛੂਆਂ ਦੇ ਸਰੀਰ ਨੂੰ ਹੇਠੋਂ ਸਹਾਰਾ ਦਿੰਦੀ ਹੱਡਲ-ਪਲੇਟ ਦਾ ਇਹ ਨਾਮ ਹੈ, ਜਿਹੜੀ ਕਿ ਸੀਨੇ ਨੂੰ ਹੀ ਨਹੀਂ, ਸਗੋਂ ਪੇਟ ਨੂੰ ਵੀ ਸੁਰੱਖਿਆ ਅਰਪਣ ਕਰਦੀ ਹੈ।

Platlets (ਪਲੇਟਲੱਟਸ)

ਫਰਾਂਸੀਸੀ ਸ਼ਬਦ, ਪਲੈਟ (plat) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪੱਧਰੇ' ਜਾਂ 'ਚਪਟੇ' ਦੇ। ਲਹੂ ਦੇ ਪਲੈਜ਼ਮਾ ਅੰਦਰ ਕਈ ਪ੍ਰਕਾਰ ਦੇ ਸੈੱਲ ਹਨ, ਜਿਨ੍ਹਾਂ 'ਚੋਂ ਇਕ ਪ੍ਰਕਾਰ ਦੇ ਅਤੀ ਮਹੀਨ ਆਕਾਰ ਦੇ ਚਪਟੇ ਸੈੱਲਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਨ੍ਹਾਂ ਦੀ ਕ੍ਰਿਆ ਲਹੂ ਨੂੰ ਉਸ ਸਮੇਂ ਗਤਲਾ ਦੇਣ ਦੀ ਹੈ, ਜਦ ਤਾਜ਼ੇ ਲਗੇ ਘਾਓ 'ਚੋਂ ਦੀ ਇਹ ਸਰੀਰੋਂ ਬਾਹਰ ਵਗਣ ਲਗਦਾ ਹੈ।

Platyhelminth (ਪਲੈਟਿਹੱਲਮਿਨਥ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ: ਪਹਿਲਾ ਪਲੈਟਿਸ (platys), ਜਿਸ ਦੇ ਅਰਥ ਹਨ 'ਪੱਧਰੇ' ਦੇ ਅਤੇ ਦੂਜਾ ਹੱਲਮਿਨਜ਼ (helmins), ਜਿਸ ਦੇ ਅਰਥ ਹਨ 'ਮਲ੍ਹੱਪ' ਦੇ। ਪੱਧਰੇ ਸਰੀਰ ਵਾਲੇ ਮਲ੍ਹੱਪ ਲਈ ਉਪਰੋਕਤ ਪਦ ਰਾਖਵਾਂ ਹੈ।

Pleiotropic (ਪਲੀਅਟ੍ਰੱਪਿਕ)

ਦੋ ਯੂਨਾਨੀ ਸ਼ਬਦ, ਪਲੀਅਨ (pleion) ਅਤੇ ਟ੍ਰੱਪੀ (trope), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵੱਧ' ਦੇ ਤੇ 'ਮੋੜ' ਦੇ। ਉਸ ਜੀਨ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜਾ ਇਕ ਤੋਂ ਵੱਧ ਸਰੀਰਕ ਵਿਸ਼ੇਸ਼ਤਾਵਾਂ ਨੂੰ ਪ੍ਰਭਾਵਿਤ ਕਰੇ।

Pleistocene (ਪਲੀਸਟੱਸੀਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪਲੀਸਟੱਸ (pleistos), ਜਿਸ ਦੇ ਅਰਥ ਹਨ 'ਅਧਿਕਤਮ' ਦੇ ਅਤੇ ਦੂਜਾ ਕੇਨਸ (kanos), ਜਿਸ ਦੇ ਅਰਥ ਹਨ 'ਵਰਤਮਾਨ' ਦੇ। ਵਰਤਮਾਨ ਯੁੱਗ (Quaternary period) ਦੇ ਮੁਢਲੇ ਕਾਲ (epoch) ਦਾ ਇਹ ਨਾਮ ਹੈ, ਜਿਸ ਦਾ ਆਰੰਭ 20 ਲੱਖ ਵਰ੍ਹੇ ਪਹਿਲਾਂ ਹੋਇਆ ਅਤੇ ਅੰਤ ਅੱਜ ਤੋਂ ਲਗਭਗ 11000 ਵਰ੍ਹੇ ਪਹਿਲਾਂ। ਇਸ ਕਾਲ ਦੌਰਾਨ ਹਿਮ-ਯੁਗ ਆਉਂਦੇ ਜਾਂਦੇ ਰਹੇ ਅਤੇ ਇਹ ਸਮਾਂ ਮਨੁੱਖੀ ਨਸਲ ਦੇ ਵਿਕਾਸ ਪੱਖੋਂ ਮਹੱਤਵ ਸੀ।

Pleogamy (ਪਲੀਅਗੇੱਮਿ)

ਇਸ ਪਦ ਦਾ ਮੂਲ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪਲੀਅਨ (pleon), ਜਿਸ ਦੇ ਅਰਥ ਹਨ 'ਵੱਧ' ਦੇ ਅਤੇ ਦੂਜਾ ਗੇੱਮਸ (gamos), ਜਿਸ ਦੇ ਅਰਥ ਹਨ 'ਵਿਆਹ' ਦੇ। ਇਕ ਬੂਟੇ ਨਾਲ ਲੱਗੇ ਫੁੱਲ ਜੇਕਰ ਵੱਖ ਵੱਖ ਸਮੇਂ ਜਾਂ ਵੱਖ ਵੱਖ ਰੁੱਤਾਂ 'ਚ ਖਿਲਣ, ਤਦ ਇਸ ਸਥਿਤੀ ਲਈ ਉਪਰੋਕਤ ਪਦ ਰਾਖਵਾਂ ਹੈ।

Pleophagous (ਪਲੀਅਫ਼ੇੱਗਸ)

ਇਸ ਪਦ 'ਚ ਯੂਨਾਨੀ ਸ਼ਬਦ, ਪਲੀਅਨ (pleon) ਅਤੇ ਫ਼ੇਜੀਨ (phagein) ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵੱਧ' ਦੇ ਅਤੇ 'ਖਾਣ' ਦੇ। ਜਿਹੜੇ ਕੀਟ ਇਕ ਤੋਂ ਵੱਧ ਕਿਸਮਾਂ ਦੇ ਪੌਦਿਆਂ ਲਈ ਵਬਾਈ ਸਿੱਧ ਹੁੰਦੇ ਹਨ,

ਉਨ੍ਹਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Pleura (ਪਲੂਰਾੱ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵੱਖੀ' ਦੇ। ਛਾਤੀ ਅੰਦਰ, ਫੇਫੜਿਆਂ ਦੁਆਲੇ ਦੋ ਤਹਿਆਂ ਬਣ ਕੇ ਲਿਪਟੀ ਹੋਈ ਝਿੱਲੀ ਦਾ ਉਪਰੋਕਤ ਨਾਮ ਹੈ।

Pleuron (ਪਲੂਰੱਨ)

ਯੂਨਾਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਵੱਖੀ' ਦੇ। ਜੋੜਾਂ-ਜੜੀਆਂ ਟੰਗਾਂ ਵਾਲੇ ਕਬੀਲੇ ਦੇ ਪ੍ਰਾਣੀਆਂ ਦੀ ਵੱਖੀ ਨਾਲ ਜੜੀਆਂ ਪਲੇਟਾਂ 'ਚੋਂ ਹਰ ਇਕ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਕੀਟ ਵੀ ਇਸੇ ਕਬੀਲੇ ਦੇ ਪ੍ਰਾਣੀ ਹਨ, ਜਿਸ 'ਚ ਝੀਂਗੇ, ਕੇਕੜੇ, ਸ਼ਰਿਮਪ ਆਦਿ ਸ਼ਾਮਲ ਹਨ।

Pleuston (ਪਲੂਸਟੱਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪਲੂਸਟਿਕਸ (pleustikos) ਹੈ, ਜਿਸ ਦੇ ਅਰਥ ਹਨ 'ਤੈਰਨ ਲਈ ਤਿਆਰ' ਦੇ। ਉਨ੍ਹਾਂ ਜਲ ਪੌਦਿਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਜਲ ਅੰਦਰ ਅਰੋਕ ਐਧਰ-ਓਧਰ ਭਟਕਦੇ ਰਹਿੰਦੇ ਹਨ।

Plexus (ਪਲੈਕਸੱਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਉਣੇ ਹੋਏ ਜਾਲ' ਦੇ। ਸਰੀਰ ਅੰਦਰਲੇ ਨਸਾਂ ਦੇ ਜਾਂ ਰਗਾਂ-ਨਾੜੀਆਂ ਦੇ ਉਣੇ ਹੋਏ ਜਾਲ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Pliocene (ਪਲੀਅਸੀਨ)

ਇਸ ਪਦ ਦਾ ਭਾਗ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪਲੀਅਨ (pleion), ਜਿਸ ਦੇ ਅਰਥ 'ਵੱਧ' ਦੇ ਹਨ ਅਤੇ ਦੂਜਾ ਕੇਨਸ (kainos), ਜਿਸ ਦੇ ਅਰਥ 'ਵਰਤਮਾਨ' ਦੇ ਹਨ। ਟਰਸ਼ਰਿ (tertiary) ਯੁੱਗ ਦੇ ਸਭਨਾਂ ਨਾਲੋਂ ਛੇਕੜਲੇ ਕਾਲ (epoch) ਦਾ ਇਹ ਨਾਮ ਹੈ, ਜਿਸ ਦਾ ਆਰੰਭ ਅੱਜ ਤੋਂ ਲਗਭਗ 70 ਲੱਖ ਵਰ੍ਹੇ ਪਹਿਲਾਂ ਹੋਇਆ ਅਤੇ ਅੰਤ ਅੱਜ ਤੋਂ 20 ਲੱਖ ਵਰ੍ਹੇ ਪਹਿਲਾਂ। ਇਸੇ ਕਾਲ 'ਚ ਮਨੁੱਖ ਦੇ ਅਤੇ ਚਿਮਪਾਨਜ਼ੀ ਦੇ ਪੂਰਵਜ ਇਕ ਦੂਜੇ ਨਾਲੋਂ ਵੱਖ ਹੋਏ ਸਨ ਅਤੇ ਫਿਰ ਵੱਖ ਵੱਖ ਦਿਸ਼ਾ 'ਚ ਵਿਕਸਿਤ ਹੋਣ ਲਗ ਪਏ ਸਨ।

Plotophyte (ਪਲੋਟੱਫ਼ਾਇਟ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸੰਮਿਲਤ ਹਨ, ਪਹਿਲਾ ਪਲੋਟਸ (plotos), ਜਿਸ ਦੇ ਅਰਥ ਹਨ 'ਵਹਿੰਦੇ' ਦੇ ਅਤੇ ਫ਼ਾਇਟਨ (phyton), ਜਿਸ ਦੇ ਅਰਥ ਹਨ 'ਪੌਦੇ' ਦੇ। ਵਹਿਣਸ਼ੀਲ ਜਲ-ਪੌਦਿਆਂ ਲਈ ਉਪਰੋਕਤ ਪਦ ਰਾਖਵਾਂ ਹੈ।

Plumiped (ਪਲੂਮਿਪੈਡ)

ਦੋ ਲਾਤੀਨੀ ਸ਼ਬਦ, ਪਲੂਮਾੱ (pluma) ਅਤੇ ਪੈਸ (pes), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਖੰਭ' ਦੇ ਅਤੇ ਦੂਜੇ ਦੇ 'ਪੈਰ' ਦੇ। ਜਿਸ ਪੰਛੀ ਦੇ ਪੈਰ ਖੰਭਾਂ ਨਾਲ ਕੱਜੇ ਹੁੰਦੇ ਹਨ, ਉਸੇ ਲਈ ਉਪਰੋਕਤ ਪਦ ਦਾ ਉਪਯੋਗ ਉਚਿਤ ਹੈ।

Plurivorous (ਪਲੂਰਿਵਰੱਸ)

ਦੋ ਲਾਤੀਨੀ ਸ਼ਬਦ, ਪਲੂਸ (plus) ਅਤੇ ਵੱਰਿਰੱ (vorare), ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਵਧੇਰੇ' ਦੇ ਅਤੇ 'ਨਿਗਲਣ' ਦੇ। ਭਾਂਤ ਭਾਂਤ ਦੇ ਅਹਾਰ ਉਪਰ ਪਲਣ ਵਾਲੇ ਪ੍ਰਾਣੀਆਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Pluteus (ਪਲੂਟਿਅਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ

ਹਨ ‘ਸੁੱਟ ਦੇਣ’ ਦੇ। ਕੰਡਿਆਲੀ ਪਰਤ ਵਾਲੇ ਇਕਾਨੱਡਰਮ (echinoderm) ਪ੍ਰਾਣੀ, ਜਿਹੜੇ ਆਪ ਤਾਂ ਇਕ ਥਾਵੇਂ ਖਲੋਤੇ ਹੋਏ ਜਾਂ ਫਿਰ ਸੁਸਤ ਹਰਕਤ ਕਰਦਾ ਜੀਵਨ ਭੋਗਦੇ ਹਨ, ਪਰ ਉਨ੍ਹਾਂ ਦੇ ਗਤੀਸ਼ੀਲ ਲਾਰਵੇ ਹਨ, ਜਿਨ੍ਹਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Pneumatocyst (ਨਯੂਮੈੱਟੱਸਿਸਟ)

ਇਸ ਪਦ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਨਯੂਮਾੱ (pneuma), ਜਿਸ ਦੇ ਅਰਥ ਹਨ ‘ਹਵਾ’ ਦੇ ਅਤੇ ਦੂਜਾ ਕਿਸਟਿਸ (kystis), ਜਿਸ ਦੇ ਅਰਥ ਹਨ ‘ਭੁਕਾਨੇ’ ਦੇ ਜਾਂ ‘ਥੈਲੀ’ ਦੇ। ਮੱਛੀਆਂ ਦੇ ਹਵਾ ਜਾਂ ਗੈਸ ਨਾਲ ਭਰੇ ਹੋਏ ਤੈਰਨ-ਥੈਲੇ (swim-bladder) ਲਈ ਉਪਰੋਕਤ ਪਦ ਰਾਖਵਾਂ ਹੈ।

Podzol (ਪਾੱਡਜ਼ਾੱਲ)

ਰੂਸੀ ਬੋਲੀ ਦੇ ਸ਼ਬਦ, ਪਾੱਡ (pod) ਅਤੇ ਜ਼ਾੱਲਿਟ (zolit) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਹੇਠ’ ਦੇ ਅਤੇ ‘ਛਾਣਨ-ਪੁਣਨ’ ਦੇ। ਵਣਾਂ ਦੀ ਅਤੇ ਵਿਸ਼ੇਸ਼ ਦਿਆਰੀ ਵਣਾਂ ਦੀ ਕਾਲੀ ਜ਼ਰਖੇਜ਼ ਮਿੱਟੀ ਵਾਲੀ ਭੂਮੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Poikilothermy (ਪੁਆਇਕਿਲੱਥਰਮਿ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਚੋਂ ਪਹਿਲਾ ਹੈ ਪੁਆਇਕਿਲਸ (poikilos), ਜਿਸ ਦੇ ਅਰਥ ਹਨ ‘ਵਿਭਿੰਨ’ ਦੇ ਅਤੇ ਦੂਜਾ ਹੈ ਥਰਮੀ (therme), ਜਿਸ ਦੇ ਅਰਥ ਹਨ ‘ਹਰਾਰਤ’ ਦੇ। ਦੁਆਲੇ ਦੇ ਤਾਪਮਾਨ ਅਨੁਕੂਲ ਸਰੀਰ ਦੀ ਉਤਾਂਹ-ਹੇਠਾਂ ਹੁੰਦੀ ਰਹਿਣ ਵਾਲੀ ਹਰਾਰਤ ਦੀ ਪਰਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਪੰਛੀਆਂ ਅਤੇ ਪਸ਼ੂਆਂ ਤੋਂ ਬਿਨਾਂ ਇਸ ਵਿਸ਼ੇਸ਼ਤਾ ਦਾ ਪ੍ਰਗਟਾਵਾ ਬਾਕੀ ਦੇ ਸਭ ਪ੍ਰਾਣੀ ਕਰਦੇ ਹਨ।

Polar body (ਪੋਲਾੱਰ ਬਾਡੀ)

ਅੰਡੇ ਨੂੰ ਉਪਜਾਉਣ ਵਾਲਾ ਸੈੱਲ ਦੋ ਵਾਰ ਵੰਡਿਆ ਜਾਂਦਾ ਹੈ ਅਤੇ ਇਸ ਪ੍ਰਕਾਰ ਉਪਜੇ ਚਾਰ ਸੈੱਲਾਂ ’ਚੋਂ ਇਕ ਤਾਂ ਅੰਡਾ ਬਣ ਜਾਂਦਾ ਹੈ, ਜਦ ਕਿ ਦੂਜੇ ਤਿੰਨ ਸੈੱਲ ਨਕਾਰਾ ਰਹਿ ਜਾਂਦੇ ਹਨ। ਇਨ੍ਹਾਂ ਨਕਾਰਾ ਹੋਏ ਤਿੰਨਾਂ ਸੈੱਲਾਂ ਲਈ ਹੀ ਉਪਰੋਕਤ ਸਿਰਲੇਖ ਵਰਤਿਆ ਜਾਂਦਾ ਹੈ।

Pollen (ਪੋਲਨ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਮੈਦੇ ਜਿਹੇ ਮਹੀਨ ਪਦਾਰਥ’ ਦੇ। ਪੌਦੇ ਨਾਲ ਲੱਗੇ ਫੁੱਲ ਦੇ ਨਰ-ਅੰਗ ਜਿਹੜੀ ਧੂੜ ਉਪਜਾਉਂਦੇ ਹਨ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ। ਧੂੜ ਬਣ ਕੇ ਉੱਡਣ ਵਾਲੇ ਨਰ ਤੱਤਾਂ ਦੀ ਮੰਜ਼ਿਲ ਮਾਦਾ ਫੁੱਲ ਹੁੰਦੇ ਹਨ ਅਤੇ ਬਸੰਤ ਰੁੱਤ ਵਿਚ ਇਹ ਧੂੜ ਉੱਡਦੀ ਆਮ ਨਜ਼ਰ ਆਉਂਦੀ ਹੈ।

Pollex (ਪੋਲੈਕਸ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ ‘ਅੰਗੂਠੇ’ ਦੇ। ਹੱਥਾਂ-ਪੈਰਾਂ ਦੀਆਂ ਪੰਜ ਉਂਗਲਾਂ ’ਚੋਂ ਸਭਨਾਂ ਨਾਲੋਂ ਅੰਦਰਲੀ ਉਂਗਲ ਲਈ ਉਪਰੋਕਤ ਪਦ ਰਾਖਵਾਂ ਹੈ।

Pollination (ਪਾੱਲਿਨੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪੋਲਨ (pollen) ਹੈ, ਜਿਸ ਦੇ ਅਰਥ ਹਨ ‘ਮੈਦੇ ਜਹੇ ਮਹੀਨ ਪਦਾਰਥ’ ਦੇ, ਪਰ ਇਹ ਪੌਦੇ ਦੇ ‘ਨਰ-ਤੱਤਾਂ’ ਨੂੰ ਦਰਸਾਉਂਦਾ ਪਦ ਹੈ। ਇਹ ਤੱਤ ਜਦ ਕਿਸੇ ਵੀ ਪ੍ਰਕਾਰ ਪੌਦੇ ਦੇ ਮਾਦਾ ਤੱਤਾਂ ਨਾਲ ਜਾ ਰਲਦੇ ਹਨ, ਤਦ ਇਸ ਪ੍ਰਕ੍ਰਿਆ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਛੇਕੜ ਸਿੱਟਾ ਅੰਡਾਣੂਆਂ (ovules) ਦੇ ਨਿਸ਼ੇਚੇ ਜਾਣ ’ਚ

ਨਿਕਲਦਾ ਹੈ।

Pollutant (ਪਾੱਲਯੂਟੈਂਟ)

ਜਿਹੜਾ ਪਦਾਰਥ ਵੀ ਜੀਵ ਦੇ ਕੁਦਰਤੀ ਆਲੇ-ਦੁਆਲੇ ਨੂੰ ਦੂਸ਼ਿਤ ਕਰੇ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਅਸਾਡੇ ਲਈ ਪ੍ਰਦੂਸ਼ਿਤ ਪਦਾਰਥ ਸਿੱਧ ਹੋ ਰਹੇ ਹਨ: ਕੀਟਨਾਸ਼ਕ, ਧਾਤਾਂ ਦੇ ਕਣ, ਕਾਰਬਨਡਾਈਆਕਸਾਈਡ ਦੀ ਵਾਯੂਮੰਡਲ 'ਚ ਅਧਿਕ ਮਾਤਰਾ, ਕਲੋਰੀਨ ਆਦਿ।

Pollution (ਪਾੱਲਯੂਸ਼ਨ)

ਜੇਕਰ ਪਦਾਰਥਾਂ ਦੇ ਕੁਦਰਤੀ ਆਲੇ-ਦੁਆਲੇ 'ਚ ਇਕੱਤਰ ਹੋਣ ਕਾਰਨ, ਇਥੇ ਵਿਚਰ ਰਹੇ ਜੀਵਾਂ ਨੂੰ ਹਾਨੀ ਪੁੱਜਣ ਲੱਗੇ, ਤਦ ਇਸ ਪ੍ਰਕਾਰ ਦੀ ਪ੍ਰਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦਾ ਉਲੱਥਾ ਪ੍ਰਦੂਸ਼ਣ ਹੈ।

Polyandry (ਪਾੱਲਿਐਂਡਰਿ)

ਦੋ ਯੂਨਾਨੀ ਸ਼ਬਦ, ਪਾੱਲਿਸ (polys) ਅਤੇ ਅਨੀਰ (aner) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਬਹੁ’ ਦੇ ਅਤੇ ‘ਨਰ’ ਦੇ। ਉਪਰੋਕਤ ਪਦ ਉਸ ਪਰਸਥਿਤੀ ਦਾ ਪ੍ਰਤੀਕ ਹੈ, ਜਦ ਇਕ ਮਦੀਨ, ਪ੍ਰਜਣਨ ਲਈ, ਇਕ ਤੋਂ ਵਧੀਕ ਨਰਾਂ ਨੂੰ ਸਾਥ ਵਜੋਂ ਚੁਣਦੀ ਹੈ।

Polyembryony (ਪਾੱਲਿਐਮਬ੍ਰਿਅਨਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਪਾੱਲਿਸ (polys), ਜਿਸ ਦੇ ਅਰਥ ਹਨ ‘ਬਹੁ’ ਦੇ ਅਤੇ ਦੂਜਾ ਐਮਬ੍ਰਿਅਨ (embryon), ਜਿਸ ਦੇ ਅਰਥ ਹਨ ‘ਭਰੂਣ’ ਦੇ। ਨਿਸ਼ੇਚੇ ਹੋਏ ਇਕ ਆਂਡੇ ਜਾਂ ਅੰਡਾਣੂ ਤੋਂ ਇਕ ਤੋਂ ਵੱਧ ਭਰੂਣਾਂ ਦੀ ਉਤਪਤੀ ਦੀ ਘਟਨਾ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Polygamy (ਪਾੱਲਿਗੱਮਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸੰਮਿਲਤ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪਾੱਲਿਸ (polys), ਜਿਸ ਦੇ ਅਰਥ ਹਨ ‘ਬਹੁ’ ਦੇ ਅਤੇ ਦੂਜਾ ਹੈ ਗੇਮੱਸ (gamos), ਜਿਸ ਦੇ ਅਰਥ ਹਨ ‘ਵਿਆਹ’ ਦੇ। ਜੇਕਰ ਪ੍ਰਾਣੀ ਪ੍ਰਜਣਨ ਦੀ ਪ੍ਰਕ੍ਰਿਆ ਲਈ ਇਕ ਤੋਂ ਵੱਧ ਸਾਥੀ ਚੁਣੇ, ਤਦ ਉਸ ਪਰਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Polygene (ਪਾੱਲਿਜੀਨ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਪਾੱਲਿਸ (polys), ਜਿਸ ਦੇ ਅਰਥ ਹਨ ‘ਬਹੁ’ ਦੇ ਅਤੇ ਦੂਜਾ ਜੀਨੱਸ (genos), ਜਿਸ ਦੇ ਅਰਥ ਹਨ ‘ਉਤਪਤੀ’ ਦੇ। ਉਸ ਜੀਨ ਲਈ ਇਸ ਪਦ ਦਾ ਉਪਯੋਗ ਉਚਿਤ ਹੈ, ਜਿਹੜਾ ਇਕ ਤੋਂ ਵੱਧ ਸਰੀਰਕ ਵਿਸ਼ੇਸ਼ਤਾਵਾਂ ਨੂੰ ਪ੍ਰਭਾਵਿਤ ਕਰੇ।

Polygenesis (ਪਾੱਲਿਜੇੱਨਿਸਿਸ)

ਇਸ ਪਦ ਨੂੰ ਰਚਣਹਾਰੇ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪਾੱਲਿਸ (polys), ਜਿਸ ਦੇ ਅਰਥ ਹਨ ‘ਬਹੁ’ ਦੇ ਅਤੇ ਦੂਜਾ ਜੈੱਨਿਸਿਸ (genesis), ਜਿਸ ਦੇ ਅਰਥ ਹਨ ‘ਉਤਪਤੀ’ ਦੇ। ਜੇਕਰ ਜੀਵ-ਜਾਤੀ ਦੀ ਉਪਜ ਇਕ ਤੋਂ ਵੱਧ ਸਥਾਨ ਤੇ ਜਾਂ ਇਕ ਤੋਂ ਵੱਧ ਵਾਰ ਹੋਈ ਹੋਵੇ, ਉਸੇ ਪਰਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Polygenic (ਪਾੱਲਿਜੀਨਿਕ)

ਯੂਨਾਨੀ ਸ਼ਬਦ, ਪਾੱਲਿਸ (polys) ਅਤੇ ਜੀਨੱਸ (genos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ ‘ਬਹੁ’ ਦੇ ਅਤੇ ਦੂਜੇ ਦੇ ‘ਉਤਪਤੀ’ ਦੇ। ਉਸ ਸਰੀਰਕ ਵਿਸ਼ੇਸ਼ਤਾ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਇਕ ਤੋਂ ਵੱਧ ਜੀਨਾਂ ਦੀ ਉਪਜ ਹੁੰਦੀ ਹੈ।

Polygyny (ਪੱਲਿਜਿਨਿ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਪੱਲਿਸ (polys) ਅਤੇ ਜਿਨੀ (gyne) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਹੁ' ਦੇ ਅਤੇ 'ਮਦੀਨ' ਦੇ। ਜੇਕਰ ਨਰ ਜੀਵ ਇਕ ਤੋਂ ਵੱਧ ਮਦੀਨਾਂ ਦਾ ਸਾਥ ਪ੍ਰਜਣਨ ਲਈ ਚੁਣੇ, ਤਦ ਇਸ ਪਰਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Polymorphism (ਪੱਲਿਮਾਰਫ਼ਿਜ਼ਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪੱਲਿਸ (polys), ਜਿਸ ਦੇ ਅਰਥ ਹਨ 'ਬਹੁ' ਦੇ ਅਤੇ ਦੂਜਾ ਹੈ ਮਾਰਫ਼ੀ (morphe), ਜਿਸ ਦੇ ਅਰਥ ਹਨ 'ਰੂਪ' ਦੇ ਜਾਂ 'ਨੁਹਾਰ' ਦੇ। ਇਕ ਜਾਤੀ ਦੇ ਜੀਵ ਜੇਕਰ ਵੱਖਰੇ ਰੂਪ ਜਾਂ ਵੱਖਰੀ ਨੁਹਾਰ ਵਾਲੇ ਹੋਣ ਤਦ ਇਸ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਸਮਾਜਿਕ ਕੀਟ ਇਸ ਸਥਿਤੀ ਦੀ ਉਚਿਤ ਉਦਾਹਰਣ ਪੇਸ਼ ਕਰਦੇ ਹਨ।

Polypeptide (ਪੱਲਿਪੈਪਟਾਇਡ)

ਤਿੰਨ ਜਾਂ ਤਿੰਨ ਤੋਂ ਵੱਧ ਐਮਿਨੋ ਤੇਜ਼ਾਬਾਂ ਦੇ ਇਕ ਦੂਜੇ ਨਾਲ ਜੁੜ ਜਾਣ ਕਾਰਨ ਹੋਂਦ 'ਚ ਆਈ ਉਸ ਲੜੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਅੱਗੋਂ ਪ੍ਰੋਟੀਨੀ ਅਣੂ ਦਾ ਭਾਗ ਬਣ ਜਾਂਦੀ ਹੈ।

Polyphagous (ਪੱਲਿਫ਼ੈਗੱਸ)

ਇਸ ਪਦ ਦੀ ਸਿਰਜਣਾ ਲਈ ਦੋ ਯੂਨਾਨੀ ਸ਼ਬਦ ਵਰਤੋਂ 'ਚ ਆਏ ਹਨ, ਪਹਿਲਾ ਪੱਲਿਸ (polys), ਜਿਸ ਦੇ ਅਰਥ ਹਨ 'ਬਹੁ' ਦੇ ਅਤੇ ਦੂਜਾ ਫ਼ੇਜੀਨ (phagein), ਜਿਸ ਦੇ ਅਰਥ ਹਨ 'ਖਾਣ' ਦੇ। ਬਹੁ-ਭਾਂਤੇ ਅਹਾਰ ਉਪਰ ਜੀਵਨ ਗੁਜ਼ਾਰ ਰਹੇ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ।

Polyphyletic (ਪੱਲਿਫ਼ਿੱਲੈਟਿਕ)

ਯੂਨਾਨੀ ਸ਼ਬਦ, ਪੱਲਿਸ (polys) ਅਤੇ ਫ਼ਾਇਲਨ (phylon) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਹੁ' ਦੇ ਅਤੇ 'ਜਾਤੀ' ਦੇ। ਉਸ ਜਾਤੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੀ ਇਕ ਤੋਂ ਵੱਧ ਪੂਰਵਜੀ ਜਾਤੀਆਂ ਦੇ ਅਭਿਸਾਰਕ (ਇਕ ਨੁਕਤੇ ਤੇ ਸਿਮਟ ਆਉਣਾ) ਵਿਕਾਸ ਕਾਰਨ ਹੋਂਦ 'ਚ ਆਉਂਦੀ ਹੈ।

Polyphyodont (ਪੱਲਿਫ਼ਾਇਅਡਾਂਟ)

ਇਸ ਪਦ ਲਈ ਜਿਹੜੇ ਦੋ ਯੂਨਾਨੀ ਸ਼ਬਦ ਵਰਤੇ ਗਏ ਹਨ, ਉਨ੍ਹਾਂ ਚੋਂ ਪਹਿਲਾ ਹੈ ਪੱਲਿਫ਼ਾਇਅਸ (polyphyes), ਜਿਸ ਦੇ ਅਰਥ ਹਨ 'ਕਈ ਗੁਣਾ' ਦੇ ਅਤੇ ਦੂਜਾ ਹੈ ਅਡੱਸ (odous), ਜਿਸ ਦੇ ਅਰਥ ਹਨ 'ਦੰਦ' ਦੇ। ਉਸ ਪ੍ਰਾਣੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦੇ ਇਕ ਜਾਂ ਦੋ ਵਾਰ ਨਹੀਂ, ਵਾਰ ਵਾਰ ਨਵੇਂ ਦੰਦ ਆਉਂਦੇ ਹਨ, ਜਿਵੇਂ ਕਿ ਸ਼ਾਰਕ ਮੱਛੀ 'ਚ।

Polylpoid (ਪੱਲਿਪਲਾਇਡ)

ਯੂਨਾਨੀ ਸ਼ਬਦ, ਪੱਲਿਸ (polys) ਅਤੇ ਪਲਾਇਡ (ploid) ਇਸ ਪਦ ਵਿਖੇ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਹੁ' ਦੇ ਅਤੇ 'ਇਕਮਾਤਰ ਦਾ ਸੰਕੇਤ' ਦੇ। ਜਿਸ ਜੀਵ 'ਚ ਕ੍ਰੋਮੋਸੋਮਾਂ ਦੇ ਦੋ ਤੋਂ ਵੱਧ ਸੈੱਟ ਹੁੰਦੇ ਹਨ, ਉਸੇ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਇਹ ਸਥਿਤੀ ਪੌਦਿਆਂ 'ਚ ਆਮ ਉਪਲਬਧ ਹੈ।

Polyspermy (ਪੱਲਿਸਪੱਰਮਿ)

ਯੂਨਾਨੀ ਸ਼ਬਦ, ਪੱਲਿਸ (polys) ਅਤੇ ਸਪੱਰਮਾ (sperma) ਇਸ ਪਦ ਦਾ ਆਧਾਰ ਹਨ

ਅਤੇ ਇਨ੍ਹਾਂ 'ਚੋਂ ਪਹਿਲੇ ਸ਼ਬਦ ਦੇ ਅਰਥ ਹਨ 'ਬਹੁ' ਦੇ ਅਤੇ ਦੂਜੇ ਦੇ 'ਬੀਜ' ਦੇ। ਉਸ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀ ਇਕ ਅੰਡੇ ਵਿਖੇ ਕਈ ਸ਼ੁਕਰਾਣੂਆਂ ਦੇ ਪ੍ਰਵੇਸ਼ ਕਰ ਜਾਣ ਕਾਰਨ ਉਪਜਦੀ ਹੈ।

Polytene (ਪੱਲਿਟੀਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪੱਲਿਸ (polys), ਜਿਸ ਦੇ ਅਰਥ ਹਨ 'ਬਹੁ' ਦੇ ਅਤੇ ਦੂਜਾ ਟੇਨਿਆ (tainia), ਜਿਸ ਦੇ ਅਰਥ ਹਨ 'ਫੀਤੀ' ਦੇ ਜਾਂ 'ਲੜੀ' ਦੇ। ਬਹੁਲੜੀਏ ਕ੍ਰੋਮੋਸੋਮ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਜੇਕਰ ਇਕ ਕ੍ਰੋਮੋਸੋਮ ਦੀਆਂ ਕਈ ਲੜੀਆਂ ਇਕ ਦੂਜੀ ਨਾਲ ਜੁੜੀਆਂ ਰਹਿਣ ਤਾਂ ਇਹ ਕ੍ਰੋਮੋਸੋਮ ਹੋਰਨਾਂ ਨਾਲੋਂ ਆਕਾਰ 'ਚ ਵੱਡਾ ਦਿੱਸਦਾ ਹੈ। ਤਦ ਇਸ ਨੂੰ ਦਾਨਵੀ (giant) ਕ੍ਰੋਮੋਸੋਮ ਵਜੋਂ ਵੀ ਜਾਣਿਆ ਜਾਂਦਾ ਹੈ।

Polythermic (ਪੱਲਿਥੈਰਮਿਕ)

ਦੋ ਯੂਨਾਨੀ ਸ਼ਬਦ, ਪੱਲਿਸ (polys) ਅਤੇ ਥੈਰਮੀ (therme) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬਹੁ' ਦੇ ਅਤੇ 'ਤਪਸ਼' ਦੇ। ਉਚੇ ਤਾਪਮਾਨ ਵਾਲੇ ਵਾਤਾਵਰਨ 'ਚ ਵਿਚਰਨ ਵਾਲੇ ਜੀਵਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Polytopic (ਪੱਲਿਟੱਪਿਕ)

ਇਸ ਪਦ ਨੂੰ ਰਚਣ ਵਾਲੇ ਦੋ ਯੂਨਾਨੀ ਸ਼ਬਦਾਂ 'ਚੋਂ ਪਹਿਲਾ ਹੈ ਪੱਲਿਸ (polys), ਜਿਸ ਦੇ ਅਰਥ ਹਨ 'ਬਹੁ' ਦੇ ਅਤੇ ਦੂਜਾ ਹੈ ਟੱਪੱਸ (topos), ਜਿਸ ਦੇ ਅਰਥ ਹਨ 'ਸਥਾਨ' ਦੇ। ਉਸ ਜੀਵ-ਜਾਤੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੇ ਜੀਵ ਭਿੰਨ ਪ੍ਰਕਾਰ ਦੇ ਵਾਤਾਵਰਨਾਂ 'ਚ ਵਿਚਰਦੇ ਹਨ।

Polytypic (ਪੱਲਿਟਿਪਿਕ)

ਦੋ ਯੂਨਾਨੀ ਸ਼ਬਦ, ਪੱਲਿਸ (polys) ਅਤੇ ਟਾਇਪੱਸ (typos), ਇਸ ਪਦ ਦਾ ਮੂਲ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਬਹੁ' ਦੇ ਅਤੇ ਦੂਜੇ ਦੇ 'ਵੰਨਗੀ' ਦੇ ਜਾਂ 'ਕਿਸਮ' ਦੇ। ਉਸ ਜੀਵ-ਜਾਤੀ ਲਈ ਉਪਰੋਕਤ ਪਦ ਦਾ ਉਪਯੋਗ ਉਚਿਤ ਹੈ, ਜਿਹੜੀ ਅਗੋਂ ਕਈ ਕਿਸਮਾਂ 'ਚ ਵਟੀ ਹੋਈ ਵਿਚਰਦੀ ਹੈ।

Polyvoltine (ਪੱਲਿਵੱਲਟਿਨ)

ਇਸ ਪਦ 'ਚ ਦੋ ਬੋਲੀਆਂ ਦੇ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਯੂਨਾਨੀ ਸ਼ਬਦ ਪੱਲਿਸ (polys), ਜਿਸ ਦੇ ਅਰਥ ਹਨ 'ਬਹੁ' ਦੇ ਅਤੇ ਦੂਜਾ ਹੈ ਅਤਾਲਵੀ ਸ਼ਬਦ ਵੱਲਟੱ (volta), ਜਿਸ ਦੇ ਅਰਥ ਹਨ 'ਸਮੇਂ' ਦੇ। ਉਸ ਪ੍ਰਾਣੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜਾ ਇਕ ਰੁੱਤ 'ਚ ਕਈ ਵਾਰ ਸੰਤਾਨ ਉਪਜਾਉਂਦਾ ਹੈ, ਜਿਵੇਂ ਕਿ ਰੇਸ਼ਮੀ-ਕੀਟ।

Pome (ਪੋਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪੋਮੱਮ (pomum) ਹੈ, ਜਿਸ ਦੇ ਅਰਥ ਹਨ 'ਸੇਬ' ਦੇ। ਸੇਬ ਅਤੇ ਇਸ ਜਿਹੇ ਹੋਰ ਰਸਦਾਰ ਫਲਾਂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਕਿ ਨਿਰੋਲ ਅੰਡ-ਕੋਸ਼ ਦੀ ਉਪਜ ਨਹੀਂ ਹੁੰਦੇ, ਜਿਵੇਂ ਕਿ ਹੋਰ ਸਾਧਾਰਨ ਫਲ ਹੁੰਦੇ ਹਨ। ਨਾਖ਼, ਨਾਸ਼ਪਾਤੀ, ਬਗੂਗੋਸ਼ਾ ਆਦਿ ਇਸੇ ਵੰਨਗੀ ਦੇ ਫਲ ਹਨ।

Pongid (ਪੱਨਜਿਡ)

ਅਫਰੀਕਾ ਦੀ ਬੰਟੂ ਬੋਲੀ ਦੇ ਇਸ ਸ਼ਬਦ ਦੇ ਅਰਥ ਹਨ 'ਬਣਮਾਨਸ' ਦੇ ਅਤੇ ਇਸੇ ਦੇ ਆਧਾਰ ਤੇ ਬਣਮਾਨਸ ਦੇ ਕੁਟੰਬ (family) ਦਾ ਨਾਮ ਪੱਨਜਿਡੀ (pongidae) ਪਿਆ।

Pons (ਪਾੱਨਜ਼)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਪੁੱਲ’ ਦੇ। ਸਰੀਰ ਅੰਦਰਲੇ ਦੋ ਭਾਗਾਂ ਨੂੰ ਪੁੱਲ ਬਣਕੇ ਜੋੜਦੀ ਹਰ ਇਕ ਬਣਤਰ ਲਈ ਇਸ ਪਦ ਦਾ ਉਪਯੋਗ ਕੀਤਾ ਜਾ ਸਕਦਾ ਹੈ।

Pons varolii (ਪਾੱਨਜ਼ ਵੈਰੋਲਿਈ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਪੁੱਲ’ ਦੇ ਅਤੇ ਦੂਜਾ ਭਾਗ ਅਤਾਲਵੀ ਵਿਗਿਆਨੀ ਕਾੱਸਟਾਨਜ਼ਾੱ ਵੈਰੋਲਿਅਸ (Costanzo Varolius) (1543-1575) ਦੇ ਨਾਮ ਦਾ ਪ੍ਰਤੀਕ ਹੈ, ਜਿਸ ਨੇ ਪਹਿਲੀ ਵਾਰ ਦਿਮਾਗ਼ ਦੇ ਦੋ ਅੱਧਾਂ ਵਿਚਕਾਰ ਪੁੱਲ ਬਣੀ ਹੋਈ ਬਣਤਰ ਦੀ ਦੱਸ ਪਾਈ ਸੀ, ਜਿਸ ਲਈ ਕਿ ਉਪਰੋਕਤ ਪਦ ਰਾਖਵਾਂ ਹੈ।

Pore (ਪੋਰ)

ਯੂਨਾਨੀ ਸ਼ਬਦ, ਪਾੱਰੱਸ (poros) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਨਾਲੀ’ ਦੇ। ਸਰੀਰ ਅੰਦਰਲੇ ਹਰ ਪ੍ਰਕਾਰ ਦੇ ਸੁਰਾਖ਼ ਜਾਂ ਮੁਸਾਮ ਲਈ ਇਸ ਪਦ ਦਾ ਉਪਯੋਗ ਹੋ ਰਿਹਾ ਹੈ।

Porifera (ਪੋਰਿਫਰਾੱ)

ਇਸ ਪਦ ’ਚ ਇਕ ਯੂਨਾਨੀ ਅਤੇ ਇਕ ਲਾਤੀਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ’ਚੋਂ ਪਹਿਲਾ ਯੂਨਾਨੀ ਸ਼ਬਦ ਹੈ ਪਾੱਰੱਸ (poros), ਜਿਸ ਦੇ ਅਰਥ ਹਨ ‘ਨਾਲੀ’ ਦੇ ਅਤੇ ਦੂਜਾ ਲਾਤੀਨੀ ਸ਼ਬਦ ਹੈ ਫੱਰਿ (ferre), ਜਿਸ ਦੇ ਅਰਥ ਹਨ ‘ਯੋਗ ਹੋਣ’ ਦੇ। ਉਪਰੋਕਤ ਨਾਮ ਅਸਫੰਜਾਂ ਦੇ ਕਬੀਲੇ (phylum) ਦਾ ਹੈ, ਜਿਹੜੇ ਇਕੋ ਥਾਵੇਂ ਖਲੋਤੇ ਜਲਦਾਰ ਪ੍ਰਾਣੀ ਹਨ ਅਤੇ ਜਿਨ੍ਹਾਂ ਦੇ ਅੰਦਰੋਂ ਪੋਲੇ ਅਤੇ ਮੁਸਾਮਦਾਰ ਸਰੀਰ ਹਨ।

Porocyte (ਪੋਰੱਸਾਇਟ)

ਇਸ ਪਦ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਪਾੱਰੱਸ (poros), ਜਿਸ ਦੇ ਅਰਥ ਹਨ ‘ਨਾਲੀ’ ਦੇ ਅਤੇ ਦੂਜਾ ਕਿਟੱਸ (kytos), ਜਿਸ ਦੇ ਅਰਥ ਹਨ ‘ਖੋਖਲੇਪਣ’ ਦੇ, ਭਾਵ ‘ਸੈੱਲ’ ਦੇ। ਅਸਫੰਜ ਦੇ ਮੁਸਾਮਦਾਰ ਸੈੱਲ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Portal vein (ਪਾੱਰਟੈਲ ਵੇਨ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ, ਪਾੱਰਟਾੱ (porta) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ ‘ਦੁਆਰ’ ਦੇ ਅਤੇ ਦੂਜਾ ਭਾਗ ਵੀ ਰਗ ਲਈ ਵਰਤਿਆ ਜਾਂਦਾ ਲਾਤੀਨੀ ਸ਼ਬਦ ਹੀ ਹੈ। ਉਪਰੋਕਤ ਨਾਮ ਸਰੀਰ ਅੰਦਰਲੀ ਉਸ ਮੁੱਖ ਰਗ ਦਾ ਹੈ, ਜਿਹੜੀ ਪਾਚਨ ਨਾਲੀ ਅਤੇ ਤਿੱਲੀ (spleen) ਵੱਲੋਂ ਆਉਂਦੀਆਂ ਵੱਡੀਆਂ-ਛੋਟੀਆਂ ਰਗਾਂ ਦੇ ਇਕ ਦੂਜੀ ਨਾਲ ਮਿਲ ਜਾਣ ਨਾਲ ਹੋਂਦ ’ਚ ਆਉਂਦੀ ਹੈ ਅਤੇ ਫਿਰ ਸਿੱਧਿਆਂ ਇਹ ਜਿਗਰ ਅੰਦਰ ਪ੍ਰਵੇਸ਼ ਕਰ ਜਾਂਦੀ ਹੈ।

Posterior (ਪਾੱਸਟੀਰਿਅਰ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਪਿਛਲੇ’ ਦੇ। ਜੀਵ ਦੇ ਸਰੀਰ ਦੇ ਉਸ ਭਾਗ ਜਾਂ ਅੰਗ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਸਰੀਰ ਅੰਦਰ ਪਿਛਲਾ ਸਥਾਨ ਹੁੰਦਾ ਹੈ।

Potassium (ਪਟੈਸ਼ਯਮ)

ਚਿੱਟੇ ਅਤੇ ਨਰਮ ਇਕ ਤੱਤ ਦਾ ਇਹ ਨਾਮ ਹੈ, ਜਿਹੜਾ ਕਿ ਖ਼ੁਰਾਕ ਦਾ ਅਤੀ ਪੌਸ਼ਟਿਕ ਅੰਸ਼ ਹੈ ਅਤੇ ਜਿਹੜਾ ਸਰੀਰ ਅੰਦਰਲੀ ਲਗਭਗ ਹਰ ਪ੍ਰਕਾਰ ਦੀ ਜੈਵਿਕ ਪ੍ਰਕ੍ਰਿਆ ਲਈ ਵਰਤੋਂ ’ਚ ਆਉਂਦਾ ਹੈ।

P-P factor (ਪੀ ਪੀ ਫੇਕਟਰ)

P-P, ਪਲਾਗਰਾੱ (pellagra) ਅਤੇ ਪ੍ਰਿਵੇਨਟਿਵ (preventive) ਸ਼ਬਦਾਂ ਦੇ ਮੁੱਢਲੇ

ਅੱਖਰ ਹਨ ਅਤੇ ਫੈਕਟਰ ਦੇ ਅਰਥ ਹਨ ‘ਤੱਤ’ ਜਾਂ ‘ਅੰਸ਼’ ਦੇ। ਪਲਾਗਰਾੱ ਇਕ ਰੋਗ ਹੈ, ਜਿਹੜਾ ‘ਨਿਅਸਿਨ’ ਨਾਮ ਦੇ ਵਿਟਾਮਿਨ ਬੀ ਦੀ ਸਰੀਰ ਅੰਦਰ ਘਾਟ ਕਾਰਨ ਉਪਜਦਾ ਹੈ। ਇਸੇ ਵਿਟਾਮਿਨ ਲਈ ਉਪਰੋਕਤ ਪਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ, ਜਿਸ ਦੇ ਸ਼ਾਬਦਕ ਅਰਥ, ‘ਪਲਾਗਰਾੱ ਵਿਰੋਧਕ ਤੱਤ’ ਦੇ ਹਨ ।

Pre-adaptation (ਪ੍ਰੀ-ਐਡੈਪਟੇਸ਼ਨ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਪ੍ਰੀ (prae), ਜਿਸ ਦੇ ਅਰਥ ਹਨ ‘ਪਹਿਲਾਂ’ ਦੇ ਅਤੇ ਦੂਜਾ ਐਡੈਪਟੱਰਿ (adaptare), ਜਿਸ ਦੇ ਅਰਥ ਹਨ ‘ਢੁਕਵਾਂ ਹੋਣ’ ਦੇ। ਜੀਵਾਂ ਦੀ ਉਸ ਪ੍ਰਕਾਰ ਦੀ ਪੂਰਵ-ਰੁਚੀ ਜਾਂ ਝੁਕਾਓ ਨੂੰ ਇਹ ਪਦ ਦਰਸਾਉਂਦਾ ਹੈ, ਜਿਸ ਕਾਰਨ ਨਵੇਂ ਅਪਣਾਏ ਦੁਆਲੇ ’ਚ ਵਿਚਰਨ ਦੇ ਇਹ ਕੁਦਰਤੀ ਹੀ ਯੋਗ ਹੁੰਦੇ ਹਨ।

Prebiotic (ਪ੍ਰੀਬਾਇਐੱਟਿਕ)

ਇਸ ਪਦ ਦਾ ਆਧਾਰ ਇਕ ਲਾਤੀਨੀ ਅਤੇ ਇਕ ਯੂਨਾਨੀ ਸ਼ਬਦ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਲਾਤੀਨੀ ਸ਼ਬਦ ਪ੍ਰੀ (prae), ਜਿਸ ਦੇ ਅਰਥ ਹਨ ‘ਪਹਿਲਾਂ’ ਦੇ ਅਤੇ ਦੂਜਾ ਹੈ ਯੂਨਾਨੀ ਸ਼ਬਦ ਬਾਇਐੱਸ (bios), ਜਿਸ ਦੇ ਅਰਥ ਹਨ ‘ਜੀਵਨ’ ਦੇ। ਜੀਵਨ ਦੇ ਉਤਪਤ ਹੋਣ ਤੋਂ ਪਹਿਲਾਂ ਦੀ ਪ੍ਰਿਥਵੀ ਦੀ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Precambrian (ਪ੍ਰੀਕੈਮਬ੍ਰਿਅਨ)

ਕੈਮਬ੍ਰਿਅਨ, ਪ੍ਰਿਥਵੀ ਦੇ ਜੈਵਿਕ ਇਤਿਹਾਸ ਦੇ ਮੁੱਢਲੇ ਯੁੱਗ ਦਾ ਨਾਮ ਹੈ, ਜਿਸ ਦਾ ਆਰੰਭ ਅੱਜ ਤੋਂ ਲਗਭਗ 65 ਕ੍ਰੋੜ ਵਰ੍ਹੇ ਪਹਿਲਾਂ ਹੋਇਆ ਸੀ। ਉਪਰੋਕਤ ਪਦ ’ਚ ਕੈਮਬ੍ਰਿਅਨ ਦੇ ਮੁਹਰੈਲ ਵਜੋਂ ਵਰਤੇ ਗਏ ਲਾਤੀਨੀ ਸ਼ਬਦ ਪ੍ਰੀ (prae) ਦੇ ਅਰਥ ਹਨ ‘ਪਹਿਲਾਂ’ ਦੇ। ਕੈਨਬ੍ਰਿਅਨ ਤੋਂ ਪਹਿਲਾਂ ਅਤੇ ਜੀਵਨ ਉਪਜਣ ਤਕ ਦੀ ਲੰਬੀ ਅਵਧੀ ਵਾਲੇ ਪ੍ਰਿਥਵੀ ਦੇ ਇਤਿਹਾਸਕ ਦੌਰ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾ ਰਹੀ ਹੈ।

Precursor (ਪ੍ਰੀਕੱਰਸਰ)

ਲਾਤੀਨੀ ਲਪਟ ਵਾਲੇ ਇਸ ਸ਼ਬਦ ਦੇ ਅਰਥ ਹਨ ‘ਪੂਰਬਗਾਮੀ’ ਦੇ ਜਾਂ ‘ਆਗੂ’ ਦੇ। ਇਸ ਪਦ ਦਾ ਉਪਯੋਗ ਕਿਸੇ ਵੀ ਯੌਗਿਕ ਦੇ ਉਸ ਪਦਾਰਥਕ ਰੂਪ ਲਈ ਕੀਤਾ ਜਾਂਦਾ ਹੈ, ਜਿਹੜਾ ਕਿ ਇਸ ਦਾ ਵਰਤਮਾਨ ਰੂਪ ਧਾਰਨ ਕਰਨ ਤੋਂ ਝਟ ਪਹਿਲਾਂ ਸੀ।

Predation (ਪ੍ਰੀਡੇਸ਼ਨ)

ਲਾਤੀਨੀ ਸ਼ਬਦ, ਪ੍ਰੀਡੇਸ਼ਨੋੱਮ (praedationem) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਸ਼ਿਕਾਰ ਕਰਨ ਦੀ ਰੁਚੀ’ ਦੇ। ਜੰਗਲੀ ਜਾਨਵਰਾਂ ਦੇ ਸ਼ਿਕਾਰ ਕਰਨ ਵਾਲੇ ਵਤੀਰੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Predation pressure (ਪ੍ਰੀਡੇਸ਼ਨ ਪਰੈਸ਼ਰ)

ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ, ਪ੍ਰੀਡੇਸ਼ਨੋੱਮ (praedationem) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ ‘ਸ਼ਿਕਾਰ ਕਰਨ ਦੀ ਰੁਚੀ’ ਦੇ। ਪਦ ਦਾ ਦੂਜਾ ਭਾਗ ਸਾਧਾਰਨ ਵਰਤੋਂ ’ਚ ਆ ਰਿਹਾ ਅੰਗਰੇਜ਼ੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਦਬਾਓ’ ਦੇ। ਜਿਹੜਾ ਦਬਾਓ ਜਾਂ ਪ੍ਰਭਾਵ ਜੰਗਲੀ ਜਾਨਵਰਾਂ ਦੀ ਸ਼ਿਕਾਰ ਕਰਨ ਦੇ ਪ੍ਰਚਲਣ ਦਾ ਵਾਤਾਵਰਣ ਉਪਰ ਪੈਂਦਾ ਰਹਿੰਦਾ ਹੈ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਸ਼ਿਕਾਰ ਹੋ ਰਹੇ ਜਾਨਵਰਾਂ ਦੀ ਵਸੋਂ ਦੇ ਘਟਣ ਜਾਂ ਵਧਣ ਨਾਲ ਇਸ ਦਾ ਸਬੰਧ ਹੈ।

Predator (ਪ੍ਰੀਡੇਟਰ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪ੍ਰੀਡਰਿ (praedari) ਹੈ, ਜਿਸ ਦੇ ਅਰਥ ਹਨ

'ਸ਼ਿਕਾਰ ਕਰਨ' ਦੇ। ਹੋਰਨਾਂ ਪ੍ਰਾਣੀਆਂ ਦਾ ਸ਼ਿਕਾਰ ਕਰਦੇ ਜੰਗਲੀ ਜਾਨਵਰ ਲਈ ਉਪਰੋਕਤ ਪਦ ਰਾਖਵਾਂ ਹੈ।

Prefloration (ਪ੍ਰੀਫ਼ਲੋਰੇਸ਼ਨ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪ੍ਰੀ (prae), ਜਿਸ ਦੇ ਅਰਥ ਹਨ 'ਪਹਿਲਾਂ' ਦੇ ਅਤੇ ਦੂਜਾ ਹੈ ਫਲੋਸ (flos), ਜਿਸ ਦੇ ਅਰਥ ਹਨ 'ਫੁੱਲ' ਦੇ। ਫੁੱਲ ਦੇ ਖਿੜਨ ਤੋਂ ਪਹਿਲਾਂ, ਕਲੀ ਦੀਆਂ ਪੱਤੀਆਂ ਦੀ ਨੁਹਾਰ ਅਤੇ ਇਨ੍ਹਾਂ ਦੀ ਤਰਤੀਬ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Prehensile (ਪ੍ਰੀਹੈਨਸਾਇਲ)

ਇਹ ਪਦ ਲਾਤੀਨੀ ਸ਼ਬਦ, ਪ੍ਰੀਹੈਨਡਿ੍ (prehendere) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਪਕੜ ਲੈਣ' ਦੇ। ਪ੍ਰਾਣੀਆਂ ਦੇ ਪਕੜ ਲਈ ਢਲੇ ਹੋਏ ਅੰਗ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਿਸ਼ੇਸ਼ਣ ਵਜੋਂ ਵਰਤੋਂ ਕੀਤੀ ਜਾਂਦੀ ਹੈ। ਬਾਂਦਰ ਅਤੇ ਲੰਗੂਰ ਦੀ ਪੂਛ ਲਈ ਉਪਰੋਕਤ ਪਦ ਦੀ ਵਰਤੋਂ ਉਚਿਤ ਹੈ।

Premolar (ਪ੍ਰੀਮੋਲਰ)

ਦੋ ਲਾਤੀਨੀ ਸ਼ਬਦ, ਪ੍ਰੀ (prae) ਅਤੇ ਮੋਲਾ (mola) ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲੇ ਦੇ ਅਰਥ ਹਨ 'ਪਹਿਲਾਂ' ਦੇ ਅਤੇ ਦੂਜੇ ਦੇ 'ਮਿੱਲ' ਦੇ, ਭਾਵ 'ਚੱਕੀ' ਦੇ। ਅਗਲੀ ਦਾੜ੍ਹ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Preoral (ਪ੍ਰੀਓਰੱਲ)

ਇਸ ਪਦ ਦਾ ਆਧਾਰ ਜਿਹੜੇ ਦੋ ਲਾਤੀਨੀ ਸ਼ਬਦ ਹਨ, ਉਹ ਹਨ, ਪ੍ਰੀ (prae) ਅਤੇ ਓਸ (os), ਅਤੇ ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਪਹਿਲਾਂ' ਦੇ ਅਤੇ 'ਮੂੰਹ' ਦੇ। ਮੂੰਹ ਤੋਂ ਪਹਿਲਾਂ ਜਾਂ ਇਸ ਤੋਂ ਅਗਾਂਹ ਸਥਿਤ ਸਰੀਰਕ ਬਣਤਰ ਜਾਂ ਅੰਗ ਲਈ ਇਸ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

Prepupa (ਪ੍ਰੀਪਯੂਪਾ)

ਇਸ ਪਦ ਲਈ ਦੋ ਲਾਤੀਨੀ ਸ਼ਬਦਾਂ ਦੀ ਵਰਤੋਂ ਹੋਈ ਹੈ, ਪ੍ਰੀ (prae) ਦੀ ਅਤੇ ਪਯੂਪਾ (pupa) ਦੀ, ਜਿਨ੍ਹਾਂ 'ਚੋਂ ਪਹਿਲੇ ਸ਼ਬਦ ਦੇ ਅਰਥ ਹਨ 'ਪਹਿਲਾਂ' ਦੇ ਅਤੇ ਦੂਜੇ ਦੇ 'ਪੁਤਲੀ' ਦੇ। ਪਯੂਪਾ ਪਦ ਦਾ ਉਪਯੋਗ ਕੀਟ ਦੀ ਜੀਵਨੀ ਦੇ ਇਕ ਪੜਾਅ ਲਈ ਕੀਤਾ ਜਾਂਦਾ ਹੈ। ਇਸੇ ਪੜਾਅ 'ਚ ਪ੍ਰਵੇਸ਼ ਕਰਨ ਤੋਂ ਪਹਿਲਾਂ, ਕੀਟ ਦੇ ਲਾਰਵੇ ਦੇ ਛੇਕੜਲੇ ਪੱਖ ਲਈ ਉਪਰੋਕਤ ਪਦ ਤਦ ਵਰਤਿਆ ਜਾਂਦਾ ਹੈ, ਜੇਕਰ ਪਯੂਪਾ ਬਣਨ ਤੋਂ ਪਹਿਲਾਂ ਹੀ ਇਹ ਹਰਕਤ ਤਿਆਗ ਦੇਵੇ।

Pretarsus (ਪ੍ਰੀਟਾਰਸੱਸ)

ਇਸ ਪਦ ਦਾ ਆਧਾਰ ਇਕ ਲਾਤੀਨੀ ਤੇ ਇਕ ਯੂਨਾਨੀ ਸ਼ਬਦ ਹਨ: ਲਾਤੀਨੀ ਸ਼ਬਦ ਹੈ ਪ੍ਰੀ (prae), ਜਿਸ ਦੇ ਅਰਥ ਹਨ 'ਪਹਿਲਾਂ' ਦੇ ਅਤੇ ਯੂਨਾਨੀ ਸ਼ਬਦ ਹੈ ਟਾਰਸਾੱਸ (tarsos), ਜਿਸ ਦੇ ਅਰਥ ਹਨ 'ਪੈਰ ਦੀ ਪੇਤਲੀ' ਦੇ। ਕੀਟ ਅਤੇ ਮੱਕੜੀ ਦੀ ਟੰਗ ਦੇ ਸਿਰੇ ਲਈ ਉਪਰੋਕਤ ਪਦ ਰਾਖਵਾਂ ਹੈ।

Previtamin (ਪ੍ਰੀਵਾਇਟੱਮਿਨ)

ਵਿਟਾਮਿਨ ਦੇ ਮੁਹਰੈਲ ਵਜੋਂ ਵਰਤੇ ਗਏ ਲਾਤੀਨੀ ਸ਼ਬਦ, ਪ੍ਰੀ (prae) ਦੇ ਅਰਥ ਹਨ 'ਪਹਿਲਾਂ' ਦੇ ਅਤੇ ਵਿਟਾਮਿਨ ਦੇ ਪੂਰਬਗਾਮੀ ਪਦਾਰਥ (precursor) ਲਈ, ਭਾਵ ਜਿਸ ਪਦਾਰਥ ਤੋਂ ਵਿਟਾਮਿਨ ਉਪਜਦਾ ਹੈ, ਉਸ ਲਈ ਉਪਰੋਕਤ ਪਦ ਰਾਖਵਾਂ ਹੈ।

Primary (ਪ੍ਰਾਇਮਾੱਰਿ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ,

ਪ੍ਰਾਇਮੱਸ (primus) ਹੈ, ਜਿਸ ਦੇ ਅਰਥ ਹਨ ‘ਪ੍ਰਥਮ’ ਦੇ। ਪ੍ਰਾਥਮਿਕਤਾ ਜਾਂ ਪ੍ਰਮੁੱਖਤਾ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Primitive (ਪ੍ਰਿਮਿਟਿਵ)

ਲਾਤੀਨੀ ਸ਼ਬਦ, ਪ੍ਰਿਮਿਟਿਵਸ (primitivus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਮੁੱਢਲੇ’ ਦੇ ਜਾਂ ‘ਆਰੰਭਕ’ ਦੇ। ਮੁੱਢ ’ਚ, ਭਾਵ ਆਰੰਭ ’ਚ ਹੋਂਦ ’ਚ ਆਏ ਜੀਵ ਜਾਂ ਇਸ ਦੇ ਅੰਗ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Primates (ਪ੍ਰਾਇਮੇਟਸ)

ਪਸ਼ੂਆਂ ਦੇ ਉਸ ਵਰਗ ਦਾ ਇਹ ਨਾਮ ਹੈ, ਜਿਸ ’ਚ ਬਾਂਦਰ, ਬਣਮਾਨਸ ਤੇ ਮਨੁੱਖ ਸ਼ਾਮਲ ਹਨ।

Primordial (ਪ੍ਰਾਇਮਾਰਡਿਅੱਲ)

ਇਹ ਪਦ ਲਾਤੀਨੀ ਸ਼ਬਦ, ਪ੍ਰਾਇਮਾਰਡਿਅੱਮ (primordium) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ ‘ਆਰੰਭ’ ਦੇ। ਪਹਿਲਾਂ-ਪਹਿਲ ਹੋਂਦ ’ਚ ਆਈ ਸਥਿਤੀ ਜਾਂ ਬਣਤਰ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Prisere (ਪ੍ਰਾਇਸੀਰ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਪ੍ਰਾਇਮੱਸ (primus), ਜਿਸ ਦੇ ਅਰਥ ਹਨ ‘ਪ੍ਰਥਮ’ ਦੇ ਅਤੇ ਦੂਜਾ ਸ੍ਰਿਰਿ (serere), ਜਿਸ ਦੇ ਅਰਥ ਹਨ ‘ਕਤਾਰ ’ਚ ਜੋੜਨ’ ਦੇ। ਜਿਸ ਖੇਤਰ ’ਚ ਪਹਿਲਾਂ ਕੁਝ ਉਗਿਆ ਨਹੀਂ ਹੁੰਦਾ, ਉਥੇ ਪੌਦਿਆਂ ਦੀਆਂ ਕਿਸਮਾਂ ਸਿਲਸਿਲੇਵਾਰ, ਅਗੜ-ਪਿਛੜ, ਉਗਦੀਆਂ ਹਨ। ਇਸੇ ਪਰਿਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Proboscidea (ਪ੍ਰੋਬਾੱਸਿਡਿਆੱ)

ਪਸ਼ੂਆਂ ਦੇ ਉਸ ਵਰਗ ਦਾ ਇਹ ਨਾਮ ਹੈ, ਜਿਸ ’ਚ ਹਾਥੀ ਸ਼ਾਮਲ ਹਨ।

Proboscis (ਪ੍ਰੋਬਾੱਸਿੱਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਪ੍ਰੋਬਾੱਸਕਿਸ (proboskis) ਹੈ, ਜਿਸ ਦੇ ਅਰਥ ਹਨ ‘ਸੁੰਡ’ ਦੇ। ਮੂੰਹ ਤੋਂ ਅਗਾਂਹ ਵਧੇ ਹੋਏ ਚਿਹਰੇ ਦੇ ਵਧਾਅ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਵੇਂ ਕਿ ਹਾਥੀ ਦੀ ਸੁੰਡ ਜਾਂ ਫਿਰ ਮੱਛਰ ਤੇ ਮੱਖੀ ਦੀ ਚੂਸਣ-ਥੂਥਣੀ।

Producer (ਪ੍ਰੋਡਯੂਸਰ)

ਆਮ ਵਰਤੋਂ ’ਚ ਆ ਰਹੇ ਇਸ ਸ਼ਬਦ ਦੇ ਅਰਥ ਹਨ “ਉਤਪਾਦਕ” ਦੇ। ਈਕਾਲੱਜਿ (ਪਰਿਸਥਿਤੀ ਵਿਗਿਆਨ) ਦੇ ਪ੍ਰਸੰਗ ’ਚ ਇਸ ਪਦ ਦਾ ਉਪਯੋਗ ਉਸ ਜੀਵ ਲਈ ਕੀਤਾ ਜਾਂਦਾ ਹੈ, ਜਿਹੜਾ ਖ਼ੁਰਾਕ ਦਾ ਮੱਢਲਾ ਸ੍ਰੋਤ ਹੈ, ਭਾਵ ਹਰਾ ਪੌਦਾ।

Productivity (ਪ੍ਰੋਡੱਕਟਿਵਿਟਿ)

ਇਹ ਆਮ ਵਰਤੋਂ ’ਚ ਆ ਰਿਹਾ ‘ਉਤਪਾਦਕਤਾ’ ਨੂੰ ਦਰਸਾਉਂਦਾ ਸ਼ਬਦ ਹੈ। ਈਕਾੱਲੱਜਿ (ਪਰਿਸਥਿਤੀ ਵਿਗਿਆਨ) ਦੇ ਪ੍ਰਸੰਗ ’ਚ ਇਸ ਪਦ ਦਾ ਉਪਯੋਗ, ਹਰਿਆਵਲ ਦੁਆਰਾ ਉਪਜਾਏ ਜਾ ਰਹੇ ਅਵੈਵੀ (organic) ਪਦਾਰਥਾਂ ਦੀ ਮਾਤਰਾ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

Profundal zone (ਪ੍ਰੋਫੰਡਾੱਲ ਜ਼ੋਨ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਪ੍ਰੋਫ਼ੰਡਸ (profundus) ਹੈ, ਜਿਸ ਦੇ ਅਰਥ ਹਨ ‘ਡੂੰਘੇ’ ਦੇ। ਪਦ ਦੇ ਦੂਜੇ ਭਾਗ ਦੇ ਅਰਥ ਹਨ ‘ਖੇਤਰ’ ਦੇ। ਝੀਲਾਂ ਤੇ ਟੋਭਿਆਂ ਦੇ ਉਸ ਡੂੰਘੇ ਖੇਤਰ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜਾ ਕਿ ਕਿਨਾਰਿਆਂ ਨਾਲੋਂ ਹਟਵਾਂ, ਅਤੇ ਇਨ੍ਹਾਂ ਦੇ ਨਾਲ ਨਾਲ ਅੰਦਰ ਵੱਲ ਫੈਲਿਆ ਹੁੰਦਾ ਹੈ।

Progesterone (ਪ੍ਰੋਜੈਸਟ੍ਰੋਨ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ

ਹਨ, ਪਹਿਲਾ ਪ੍ਰੋ (pro), ਜਿਸ ਦੇ ਅਰਥ ਹਨ 'ਪੂਰਬਗਾਮੀ' ਦੇ, ਭਾਵ 'ਪੇਸ਼ਕਾਰ' ਦੇ ਅਤੇ ਦੂਜਾ ਜੈੱਸਟੱਰਿ (gestare), ਜਿਸ ਦੇ ਅਰਥ ਹਨ 'ਸਹਾਰਾ ਦੇਣ ਯੋਗ' ਦੇ। ਅੰਡਕੋਸ਼ 'ਚੋਂ ਰਿਸਦੇ ਇਕ ਹਾਰਮੋਨ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੇ ਪ੍ਰਭਾਵ ਅਧੀਨ ਅੰਡੇ ਦੇ ਨਿਸ਼ੇਚੇ ਜਾਣ ਤੋਂ ਪਹਿਲਾਂ ਹੀ ਬੱਚੇਦਾਨੀ, ਭਰੂਣ ਦੀ ਪਾਲਣਾ ਕਰਨ ਯੋਗ ਬਣ ਜਾਂਦੀ ਹੈ। ਜੇਕਰ ਗਰਭ ਠਹਿਰ ਜਾਵੇ, ਤਦ ਇਸੇ ਹਾਰਮੋਨ ਦੇ ਪ੍ਰਭਾਵ ਅਧੀਨ ਅੰਡ-ਕੋਸ਼ 'ਚੋਂ ਅਗਲੇ ਅੰਡੇ ਦਾ ਉਤਪਾਦ ਨਹੀਂ ਹੁੰਦਾ।

Prognathous (ਪ੍ਰੋਗਨੱਥੱਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਪ੍ਰੋ (pro), ਜਿਸ ਦੇ ਅਰਥ ਹਨ "ਅਗਾੜੀ" ਦੇ ਅਤੇ ਦੂਜਾ ਗਨੱਥੱਸ (gnathos), ਜਿਸ ਦੇ ਅਰਥ ਹਨ 'ਜਬਾੜ੍ਹੇ" ਦੇ। ਪ੍ਰਾਣੀਆਂ ਦੇ ਸਿਰ ਤੋਂ ਅਗਾਂਹ ਵਧੇ ਹੋਏ ਜਬਾੜ੍ਹਿਆਂ ਵਾਲੀ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਪਸ਼ੂਆਂ 'ਚ ਇਹ ਸਾਧਾਰਨ ਸਥਿਤੀ ਹੈ, ਜਿਸ ਦੀ ਪਰ ਪ੍ਰਾਈਮੇਟ ਪਸ਼ੂ ਛੋਟ ਹਨ, ਜਿਨ੍ਹਾਂ 'ਚ ਮਨੁੱਖ ਵੀ ਸ਼ਾਮਲ ਹੈ।

Prokaryote (ਪ੍ਰੋਕੇਰਿਓਟ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪ੍ਰੋ (pro), ਜਿਸ ਦੇ ਅਰਥ ਹਨ 'ਅਗਾੜੀ' ਦੇ ਅਤੇ ਦੂਜਾ ਹੈ ਕੇਰਿਅਨ (karyon), ਜਿਸ ਦੇ ਅਰਥ ਹਨ 'ਗਿਰੀ' ਦੇ, ਪਰ ਜਿਸ ਨੂੰ ਜੀਵ ਵਿਗਿਆਨ ਦੇ ਪ੍ਰਸੰਗ 'ਚ ਨਿਊਕਲੀਅਸ (nucleus) ਲਈ ਵਰਤਿਆ ਜਾਂਦਾ ਹੈ। ਕੀਟਾਣੂ ਲਈ ਇਸ ਪਦ ਦਾ ਇਸ ਲਈ ਉਪਯੋਗ ਕੀਤਾ ਜਾਂਦਾ ਹੈ, ਕਿਉਂਕਿ ਇਸ ਦੀ ਇਕ ਸੈੱਲ ਵਾਲੀ ਦੇਹ ਨਿਊਕਲੀਅਸ ਬਿਨਾਂ ਹੁੰਦੀ ਹੈ, ਭਾਵ ਇਹ ਨਿਊਕਲੀਅਸ ਦੇ ਵਿਕਸਿਤ ਹੋਣ ਤੋਂ ਪਹਿਲਾਂ ਵਾਲੀ ਸਥਿਤੀ ਦਾ ਪ੍ਰਤੀਕ ਜੀਵ ਹੈ।

Prolactin (ਪ੍ਰੋਲੈਕਟਿਨ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ, ਪ੍ਰੋ (pro) ਅਤੇ ਲੈਕ (lac) ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ "ਪੂਰਬਗਾਮੀ", ਭਾਵ 'ਮੁਹਰੈਲ' ਦੇ ਅਤੇ 'ਦੁੱਧ' ਦੇ। ਮਾਦਾ ਪਸ਼ੂ ਦੇ ਸਰੀਰ ਅੰਦਰ ਦੁੱਧ ਦੀ ਉਪਜ ਲਈ ਜ਼ਰੂਰੀ ਇਕ ਹਾਰਮੋਨ ਦਾ ਉਪਰੋਕਤ ਨਾਮ ਹੈ, ਜਿਹੜਾ ਪਿਟਯੂਟਰਿ ਗ੍ਰੰਥੀ ਦੇ ਅਗਲੇ ਭਾਗ 'ਚੋਂ ਰਿਸਦਾ ਹੈ।

Proliferous (ਪ੍ਰੋਲਿਫੱਰੱਸ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪ੍ਰੋਲਸ (proles), ਜਿਸ ਦੇ ਅਰਥ ਹਨ 'ਸੰਤਾਨ' ਦੇ ਅਤੇ ਦੂਜਾ ਹੈ ਫੇਰਿੱ (ferre), ਜਿਸ ਦੇ ਅਰਥ ਹਨ 'ਉਤਪੰਨ ਕਰਨ' ਦੇ। ਤੇਜ਼ ਗਤੀ ਨਾਲ ਸੰਤਾਨ ਨੂੰ ਜਨਮ ਦੇ ਰਹੇ ਜੀਵ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Proline (ਪ੍ਰੋਲੀਨ)

ਜਰਮਨ ਬੋਲੀ ਦੇ ਇਸ ਸ਼ਬਦ ਨੂੰ, ਜੀਵਨ ਲਈ ਜ਼ਰੂਰੀ 20 ਐਮਿਨੋ ਤੇਜ਼ਾਬਾਂ 'ਚੋਂ ਇਕ ਦੇ ਨਾਮ ਵਜੋਂ ਵਰਤਿਆ ਜਾਂਦਾ ਹੈ।

Promoter (ਪ੍ਰੋਮੋਟੱਰ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪ੍ਰੋਮੂਵਰਿ (promovere) ਹੈ, ਜਿਸ ਦੇ ਅਰਥ ਹਨ 'ਅਗਾਂਹ ਵਧਾਉਣ' ਦੇ। ਅੰਗ ਜਾਂ ਸਰੀਰਕ ਬਣਤਰ ਦੀ ਅਗਾਂਹ ਵੱਲ ਨੂੰ ਹਰਕਤ ਕਰਨ ਦਾ ਸਾਧਨ ਬਣਦੀ ਮਾਸ-ਪੇਸ਼ੀ ਲਈ ਇਹ ਪਦ ਰਾਖਵਾਂ ਹੈ, ਜਦ ਕਿ ਡੀ ਐਨ ਏ ਦੇ ਉਸ ਭਾਗ ਨੂੰ ਵੀ ਇਸੇ ਨਾਮ ਨਾਲ ਸੱਦਿਆ ਜਾਂਦਾ ਹੈ, ਜਿਥੋਂ ਮੈਸੰਜਰ ਆਰ ਐਨ ਏ (messenger RNA) ਦਾ ਪ੍ਰਤੀਲੇਖਣ (transcription) ਆਰੰਭ ਹੁੰਦਾ ਹੈ।

Pronephros (ਪ੍ਰੋਨੈਫ਼ਰੱਸ)

ਇਸ ਪਦ 'ਚ ਜਿਹੜੇ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਉਨ੍ਹਾਂ 'ਚੋਂ ਪਹਿਲਾ ਹੈ ਪ੍ਰੋ (pro), ਜਿਸ ਦੇ ਅਰਥ ਹਨ ‘ਪਹਿਲੇ’ ਦੇ ਜਾਂ ‘ਅਗਲੇ’ ਦੇ ਅਤੇ ਦੂਜਾ ਹੈ ਨੈਫਰੱਸ (nephros), ਜਿਸ ਦੇ ਅਰਥ ਹਨ ‘ਗੁਰਦੇ’ ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਭਰੂਣਕ ਗੁਰਦੇ ਦੇ ਅਗਲੇ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਕਿ ਮੱਛੀਆਂ ਅਤੇ ਡੱਡੂਆਂ ਵਿਖੇ, ਪ੍ਰੌਢ ਅਵਸਥਾ ਦੌਰਾਨ, ਕ੍ਰਿਆਸ਼ੀਲ ਰਹਿੰਦਾ ਹੈ।

Propagule (ਪ੍ਰਾਪੱਗਯੂਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪ੍ਰਾਪੱਗੇਅਰ (propagare) ਹੈ, ਜਿਸ ਦੇ ਅਰਥ ਹਨ ‘ਪਸਾਰਨ’ ਦੇ। ਪੌਦੇ ਦੀ ਉਸ ਬਣਤਰ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਵੱਖ ਹੋ ਕੇ ਨਵੇਂ ਪੌਦੇ 'ਚ ਪੁੰਗਰਨ ਯੋਗ ਹੁੰਦੀ ਹੈ, ਇਹ ਭਾਵੇਂ ਕੌਂਪਲ ਹੋਵੇ, ਕਲਮ ਹੋਵੇ ਜਾਂ ਅੱਖ ਹੋਵੇ।

Prophase (ਪ੍ਰੋਫੇਜ਼)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਪ੍ਰੋ (pro), ਜਿਸ ਦੇ ਅਰਥ ਹਨ ‘ਪਹਿਲੇ’ ਦੇ ਅਤੇ ਦੂਜਾ ਹੈ ਫੇਸਿਸ (phasis), ਜਿਸ ਦੇ ਅਰਥ ਹਨ ‘ਨੁਹਾਰ’ ਦੇ। ਸੈੱਲ ਵੰਡਾਰੇ ਦੇ ਪਹਿਲੇ ਪੜਾਅ ਦਾ ਇਹ ਨਾਮ ਹੈ, ਜਿਹੜਾ ਕਿ ਵੰਡਾਰੇ ਦੌਰਾਨ ਸੈੱਲ ਅੰਦਰ ਹੋਣ ਵਾਲੀ ਹਲਚਲ ਦੀ ਭੂਮਿਕਾ ਬਣਦਾ ਹੈ।

Propolis (ਪ੍ਰਾਪੋਲਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਪ੍ਰੋ (pro) ਅਤੇ ਪੋਲਿਸ (polis) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਨਿਮਿੱਤ’ ਦੇ ਅਤੇ ‘ਨਗਰ’ ਦੇ। ਮਧੂਛੱਤੇ ਦੀ ਬਣਤਰ ਲਈ ਵਰਤੇ ਜਾਂਦੇ ਮੋਮੀ ਪਦਾਰਥ ਦਾ ਇਹ ਨਾਮ ਹੈ, ਜਿਸ ਨੂੰ ਮਧੂ-ਮੱਖੀਆਂ ਪੌਦਿਆਂ ਤੋਂ ਇਕੱਤਰ ਕਰਦੀਆਂ ਹਨ।

Prostate gland (ਪ੍ਰੱਸਟੇਟ ਗਲੈਂਡ)

ਇਸ ਪਦ ਦਾ ਆਧਾਰ ਜਿਹੜੇ ਦੋ ਲਾਤੀਨੀ ਸ਼ਬਦ ਹਨ, ਉਨ੍ਹਾਂ 'ਚੋਂ ਪਹਿਲਾ ਹੈ ਪ੍ਰੋ (pro), ਜਿਸ ਦੇ ਅਰਥ ਹਨ ‘ਅਗਾਂਹ’ ਦੇ ਅਤੇ ਦੂਜਾ ਹੈ ਸਟੇਅਰ (stare), ਜਿਸ ਦੇ ਅਰਥ ਹਨ ‘ਖਲੋਣ’ ਦੇ ਜਾਂ ‘ਸਥਿਤ ਹੋਣ’ ਦੇ। ਨਰ ਪਸ਼ੂ ਦੇ ਪਿਸ਼ਾਬ ਮਸਾਨੇ ਤੋਂ ਅਗਾਂਹ ਸਥਿਤ ਗ੍ਰੰਥੀ ਦਾ ਉਪਰੋਕਤ ਨਾਮ ਹੈ, ਜਿਸ ਚੋਂ ਰਿਸਿਆ ਰਸ ਸ਼ੁਕਰਾਣੂਆਂ ਨਾਲ ਰਲ ਕੇ ਵੀਰਜ ਬਣ ਜਾਂਦਾ ਹੈ।

Prosthetic (ਪ੍ਰਾਸਥੈਟਿਕ)

ਇਹ ਪਦ ਯੂਨਾਨੀ ਸ਼ਬਦ, ਪ੍ਰਾਸਥੈਟੱਸ (prosthetos) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ “ਅਧਿਕ” ਦੇ ਜਾਂ “ਪੂਰਕ” ਦੇ। ਐਨਜ਼ਾਈਮਾਂ ਜਾਂ ਪ੍ਰੋਟੀਨੀ ਅਣੂਆਂ ਨਾਲ ਜੁੜੇ ਗ਼ੈਰਪ੍ਰੋਟੀਨੀ ਅੰਸ਼ਾਂ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਬਿਨਾਂ, ਪਰ, ਇਹ ਆਪਣੀ ਕ੍ਰਿਆ ਪੂਰੀ ਨਹੀਂ ਕਰ ਸਕਦੇ।

Protamine (ਪ੍ਰੋਟੱਮੀਨ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਪ੍ਰੋਟੱਸ (protos), ਜਿਸ ਦੇ ਅਰਥ ਹਨ ‘ਪਹਿਲੇ’ ਦੇ ਭਾਵ ‘ਮੂਲ’ ਦੇ ਅਤੇ ਦੂਜਾ, ਨਾਇਟ੍ਰੋਜਨੀ ਪਦਾਰਥ ਲਈ ਵਰਤਿਆ ਜਾਂਦਾ ਸ਼ਬਦ, ਐਮੀਨ (amine) ਹੈ। ਡੀ ਐਨ ਏ ਦੁਆਲੇ ਪੈਕਿੰਗ ਵਜੋਂ ਲਿਪਟੀ ਹੋਈ ਸਰਲ ਬਣਤਰ ਵਾਲੀ ਪ੍ਰੋਟੀਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਦੀ ‘ਪਰ’ ਡੀ ਡੈਨ ਏ ਦੀ ਨਿਭਾਈ ਜਾ ਰਹੀ ਕ੍ਰਿਆ 'ਚ ਕੋਈ ਭੂਮਿਕਾ ਨਹੀਂ ਹੁੰਦੀ।

Protandry (ਪ੍ਰੋਟੈਨਡਰਿ)

ਇਸ ਪਦ 'ਚ ਜਿਹੜੇ ਦੋ ਯੂਨਾਨੀ ਸ਼ਬਦ ਸੰਮਿਲਤ ਹਨ, ਉਨ੍ਹਾਂ ਚੋਂ ਪਹਿਲਾ ਹੈ ਪ੍ਰੋਟੱਸ (protos), ਜਿਸ ਦੇ ਅਰਥ ਹਨ ‘ਪਹਿਲਾਂ’ ਦੇ

ਅਤੇ ਦੂਜਾ ਹੈ ਐਨੀਰ (aner), ਜਿਸ ਦੇ ਅਰਥ ਹਨ 'ਨਰ' ਦੇ। ਦੋ-ਲਿੰਗੀ ਜੀਵਾਂ 'ਚ ਨਰ ਅਤੇ ਮਾਦਾ ਪ੍ਰਜਣਨ ਤੱਤ ਇਕੋ ਸਮੇਂ ਨਹੀਂ ਪੱਕਦੇ। ਸਵੈਨਿਸ਼ੇਚਣ ਤੋਂ ਬਚਣ ਲਈ ਜੀਵ ਦੀ ਅਪਣਾਈ ਇਸ ਵਿਧੀ ਦੌਰਾਨ ਜੇਕਰ ਨਰ ਪ੍ਰਜਣਨ ਤੱਤ, ਮਾਦਾ ਤੱਤਾਂ ਨਾਲੋਂ ਪਹਿਲਾਂ ਪੱਕਣ, ਤਦ ਉਸ ਸਥਿਤੀ ਲਈ ਉਪਰੋਕਤ ਪਦ ਰਾਖਵਾਂ ਹੈ।

Protease (ਪ੍ਰੋਟੱਏਜ਼)

ਯੂਨਾਨੀ ਆਧਾਰ ਵਾਲਾ ਪ੍ਰੋਟੀਨ (protein) ਸ਼ਬਦ ਇਸ ਪਦ ਦਾ ਆਧਾਰ ਹੈ, ਅਤੇ ਇਸ ਪਦ ਨੂੰ ਉਨ੍ਹਾਂ ਐਨਜ਼ਾਈਮਾਂ ਲਈ ਵਰਤਿਆ ਜਾਂਦਾ ਹੈ, ਜਿਹੜੇ ਪ੍ਰੋਟੀਨ ਅਣੂ ਦੀ ਭੰਨ ਤੋੜ ਲਈ ਜ਼ਿੰਮੇਵਾਰ ਹਨ। ਇਹ ਐਨਜ਼ਾਈਮ, ਮਿਹਦੇ ਅੰਦਰ, ਭੋਜਨ 'ਚ ਸਮਾਈ ਪ੍ਰੋਟੀਨ ਨੂੰ ਹਜ਼ਮ ਹੋਣ ਯੋਗ ਟੁਕੜੀਆਂ ਦਾ ਰੂਪ ਦੇ ਦਿੰਦੇ ਹਨ।

Protective colouration (ਪ੍ਰੋਟੈਕਟਿਵ ਕਲਰੇਸ਼ਨ)

ਇਹ ਦੋਵੇਂ ਸਾਧਾਰਨ ਵਰਤੋਂ 'ਚ ਆ ਰਹੇ ਸ਼ਬਦ ਹਨ, ਜਿਨ੍ਹਾਂ ਦੇ ਸ਼ਾਬਦਕ ਅਰਥ 'ਸੁਰੱਖਿਅਕ ਰੰਗਤ' ਦੇ ਹਨ। ਕਈ ਪ੍ਰਾਣੀ ਇਸ ਪ੍ਰਕਾਰ ਦੀ ਸਰੀਰਕ ਰੰਗਤ ਦੇ ਅਧਿਕਾਰੀ ਹਨ ਕਿ ਉਨ੍ਹਾਂ ਦੀ ਕੁਦਰਤੀ ਦੁਆਲੇ ਨਾਲੋਂ ਪਛਾਣ ਕਰ ਸਕਣੀ ਸਹਿਲ ਨਹੀਂ ਹੁੰਦੀ। ਸ਼ਿਕਾਰ ਹੋਣ ਤੋਂ ਬਚਣ ਵਾਲੇ ਇਨ੍ਹਾਂ ਦੇ ਇਸੇ ਪ੍ਰਚਲਣ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Protein (ਪ੍ਰੋਟੀਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਪ੍ਰੋਟੀਅਨ (proteion) ਹੈ, ਜਿਸ ਦੇ ਅਰਥ ਹਨ 'ਮੁਢਲੇ' ਦੇ। ਐਮਿਨੋ ਤੇਜ਼ਾਬਾਂ ਦੀ ਸਿਲਸਿਲੇਵਾਰ ਵਿਉਂਤ ਦੁਆਰਾ ਉਸਰੇ ਅਤੇ ਅਤੀ ਗੁੰਝਲਦਾਰ ਬਣਤਰ ਵਾਲੇ ਉਸ ਅਣੂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਬਿਨਾਂ ਨਾ ਜੀਵ ਦੀ ਉਸਾਰੀ ਸੰਭਵ ਹੈ ਅਤੇ ਨਾ ਹੀ ਜੀਵ ਅੰਦਰਲੀ ਜੀਵਨ ਨਾਲ ਜੁੜੀ ਕੋਈ ਵੀ ਕ੍ਰਿਆ ਨੇਪਰੇ ਚੜ੍ਹਦੀ ਹੈ।

Proteolysis (ਪ੍ਰੋਟਆੱਲਿਸਿਸ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪ੍ਰੋਟੀਅਨ (proteion), ਜਿਸ ਦੇ ਅਰਥ ਤਾਂ ਹਨ 'ਮੁਢਲੇ' ਦੇ, ਪਰ ਜਿਹੜਾ ਪ੍ਰੋਟੀਨ ਸ਼ਬਦ ਦਾ ਮੂਲ ਹੈ; ਅਤੇ ਦੂਜਾ ਹੈ ਲਿਸਿਸ (lysis), ਜਿਸ ਦੇ ਅਰਥ ਹਨ 'ਵੱਖ ਕਰਨ' ਦੇ। ਪ੍ਰੋਟੀਨ ਅਣੂ ਨੂੰ ਖੇਰੂੰ ਖੇਰੂੰ ਕਰਨ ਵਾਲੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਵਿਸ਼ੇਸ਼ ਐਨਜ਼ਾਈਮ ਦੁਆਰਾ ਪੂਰੀ ਹੁੰਦੀ ਹੈ।

Proteolytic enzyme (ਪ੍ਰੋਟਆੱਲਿਟਿਕ ਐਨਜ਼ਾਈਮ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪ੍ਰੋਟੀਅਨ (proteion), ਜਿਸ ਦੇ ਅਰਥ ਹਨ 'ਮੁਢਲੇ' ਦੇ ਅਤੇ ਦੂਜਾ ਲਿਸਿਸ (lysis), ਜਿਸ ਦੇ ਅਰਥ ਹਨ 'ਵੱਖ ਕਰਨ' ਦੇ। ਪ੍ਰੋਟੀਨੀ ਅਣੂਆਂ ਦੀਆਂ ਲੰਬੀਆਂ ਲੜੀਆਂ ਨੂੰ ਛੋਟੀਆਂ ਛੋਟੀਆਂ ਲੜੀਆਂ 'ਚ ਵੱਖ ਕਰਨ ਵਾਲੇ ਐਨਜ਼ਾਈਮ ਲਈ ਉਪਰੋਕਤ ਪਦ ਰਾਖਵਾਂ ਹੈ।

Proteranthous (ਪ੍ਰੋਟ੍ਰੈਨਥਸ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਪ੍ਰੋਟਰੱਸ (proteros), ਜਿਸ ਦੇ ਅਰਥ ਹਨ 'ਅਗੇਤਰੇ' ਦੇ ਅਤੇ ਦੂਜਾ ਐਨਥਸ (anthos), ਜਿਸ ਦੇ ਅਰਥ ਹਨ 'ਫੁੱਲ' ਦੇ। ਪਤਝੜ ਉਪਰੰਤ ਜੇਕਰ ਪੌਦਿਆਂ ਉਪਰ ਫੁੱਲ ਪੱਤਰਾਂ ਨਾਲੋਂ ਪਹਿਲਾਂ ਆਉਣ, ਤਦ ਇਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Proterozoic (ਪ੍ਰੋਟ੍ਰੋਜ਼ੁਇਕ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ’ਚ ਸ਼ਾਮਲ ਹਨ, ਉਹ ਹਨ: ਪ੍ਰੋਟਰੌਸ (proteros), ਜਿਸ ਦੇ ਅਰਥ ਹਨ ‘ਅਗੇਤਰੇ’ ਦੇ ਅਤੇ ਜ਼ੂਨ (zoon), ਜਿਸ ਦੇ ਅਰਥ ਹਨ ‘ਪ੍ਰਾਣੀ’ ਦੇ। ਪ੍ਰਿਥਵੀ ਦੇ ਜੈਵਿਕ ਇਤਿਹਾਸ ਦੇ ਸਭਨਾਂ ਨਾਲੋਂ ਮੁਢਲੇ ਦੌਰ (Era) ਦਾ ਉਪਰੋਕਤ ਨਾਮ ਹੈ, ਜਿਸ ਦੀ ਤਿੰਨ ਅਰਬ ਵਰ੍ਹਿਆਂ ਦੇ ਲਗਭਗ ਅਵਧੀ ਸੀ।

Protista (ਪ੍ਰੋਟਿਸਟਾੱ)

ਯੂਨਾਨੀ ਸ਼ਬਦ, ਪ੍ਰੋਟਿਸਟੌਸ (protistos) ਇਸ ਪਦ ਦਾ ਆਧਾਰ ਹੈ ਅਤੇ ਇਸ ਦੇ ਅਰਥ ਹਨ ‘ਸਭ ਤੋਂ ਪਹਿਲੇ’ ਦੇ। ਉਸ ਜੀਵ-ਜਗਤ (kingdom) ਦਾ ਇਹ ਨਾਮ ਹੈ, ਜਿਸ ’ਚ ਇਕ ਸੈੱਲ ਦੀ ਦੇਹ ਵਾਲੇ ਸੰਸਾਰ ਭਰ ਦੇ ਸਾਰੇ ਨਿਊਕਲੀਅਸ ਸਹਿਤ ਜੀਵ ਸ਼ਾਮਲ ਹਨ, ਜਿਨ੍ਹਾਂ ’ਚ ਪ੍ਰੋਟੌਜ਼ੁਆ (Protozoa) ਅਤੇ ਜਲ-ਕਾਈਆਂ (Algae) ਪ੍ਰਮੁੱਖ ਹਨ।

Protochordata (ਪ੍ਰੋਟਾੱਕਾਰਡੈਟਾੱ)

ਇਸ ਪਦ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਪ੍ਰੋਟਾੱਸ (protos), ਜਿਸ ਦੇ ਅਰਥ ਹਨ ‘ਪਹਿਲੇ’ ਦੇ ਅਤੇ ਦੂਜਾ ਕਾਰਡੀ (chorde), ਜਿਸ ਦੇ ਅਰਥ ਹਨ ‘ਡੋਰੀ’ ਦੇ ਅਤੇ ਜਿਹੜਾ ਨੋਟਾੱਕਾੱਰਡ (notochord) ਦਾ ਪ੍ਰਤੀਕ ਸ਼ਬਦ ਹੈ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਕਾਰਡੇਟ ਕਬੀਲੇ (phylum chordata) ਦੇ ਉਸ ਉਪ-ਕਬੀਲੇ (sub-phylum) ਦਾ ਇਹ ਨਾਮ ਹੈ, ਜਿਸ ’ਚ ਨੋਟਾੱਕਾਰਡਧਾਰੀ ਉਹ ਪ੍ਰਾਣੀ ਸ਼ਾਮਲ ਹਨ, ਜਿਨ੍ਹਾਂ ’ਚ ਹੱਡੀਆਂ ਦਾ ਪਿੰਜਰ ਨਹੀਂ ਹੁੰਦਾ ।

Protogyny (ਪ੍ਰੋਟਾੱਜਿਨਿ)

ਦੋ ਯੂਨਾਨੀ ਸ਼ਬਦ, ਪ੍ਰੋਟਾੱਸ (protos) ਅਤੇ ਜਿਨੀ (gyne) ਇਸ ਪਦ ’ਚ ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਪਹਿਲਾਂ’ ਦੇ ਅਤੇ ‘ਮਦੀਨ’ ਦੇ। ਦੋ-ਲਿੰਗੀ ਜੀਵਾਂ ’ਚ ਨਰ ਅਤੇ ਮਾਦਾ ਪ੍ਰਜਣਨ ਤੱਤ ਇਕ ਸਮੇਂ ਪੱਕ ਕੇ ਤਿਆਰ ਨਹੀਂ ਹੁੰਦੇ ਅਤੇ ਜੇਕਰ ਮਾਦਾ ਪ੍ਰਜਣਨ ਤੱਤ, ਨਰ ਤੱਤਾਂ ਨਾਲੋਂ ਪਹਿਲਾਂ ਪੱਕਣ, ਉਸੇ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Protoplasm (ਪ੍ਰੋਟੱਪਲੈਜ਼ਮ)

ਯੂਨਾਨੀ ਸ਼ਬਦ, ਪ੍ਰੋਟਾੱਸ (protos) ਅਤੇ ਪਲੈਜ਼ਮਾ (plasma) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਪਹਿਲੇ’ ਦੇ ਜਾਂ ‘ਮੂਲ’ ਦੇ ਅਤੇ ‘ਨੁਹਾਰ’ ਦੇ ਜਾਂ ‘ਆਕਾਰ’ ਦੇ। ਉਸ ਜੈਵਿਕ ਪਦਾਰਥ ਲਈ ਉਪਰੋਕਤ ਪਦ ਰਾਖਵਾਂ ਹੈ ਜਿਸ ਦੀ ਲੇਸਲੀ ਤਾਸੀਰ ਹੈ ਅਤੇ ਸੈੱਲ ਦੀ ਸੰਰਚਨਾ ਦਾ ਜਿਹੜਾ ਮੂਲ ਹੈ।

Prototheria (ਪ੍ਰੋਟੱਥੀਰਿਆੱ)

ਇਸ ਪਦ ’ਚ ਜਿਹੜੇ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਉਹ ਹਨ ਪ੍ਰੋਟਾੱਸ (protos) ਅਤੇ ਥੀਰਿਅੱਨ (therion) ਅਤੇ ਇਨ੍ਹਾਂ ਚੋਂ ਪਹਿਲੇ ਸ਼ਬਦ ਦੇ ਅਰਥ ਹਨ ‘ਪਹਿਲੇ’ ਦੇ ਅਤੇ ਦੂਜੇ ਸ਼ਬਦ ਦੇ ‘ਛੋਟੇ ਪ੍ਰਾਣੀ’ ਦੇ। ਪਸ਼ੂਆਂ ਦੀ ਇਕ ਉਪ-ਸ਼੍ਰੇਣੀ (sub-class) ਦਾ ਇਹ ਨਾਮ ਹੈ, ਜਿਸ ’ਚ ਸ਼ਾਮਲ ਪਸ਼ੂ ਬੱਚਿਆਂ-ਵੱਛਿਆਂ ਨੂੰ ਜਨਮ ਦੇਣ ਦੀ ਬਜਾਏ ਅੰਡੇ ਦਿੰਦੇ ਹਨ।

Prototype (ਪ੍ਰੋਟੱਟਾਇਪ)

ਇਸ ਪਦ ਨੂੰ ਰਚਨਹਾਰੇ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪ੍ਰੋਟਾੱਸ (protos), ਜਿਸ ਦੇ ਅਰਥ ਹਨ ‘ਪਹਿਲੇ’ ਦੇ ਜਾਂ ‘ਮੁਢਲੇ’ ਦੇ ਅਤੇ ਦੂਜਾ ਟਾਇਪੱਸ (typos), ਜਿਸ ਦੇ ਅਰਥ ਹਨ ‘ਮਾਡਲ’ ਦੇ। ਸ਼ਰੀਕੇਦਾਰ ਜੀਵ-ਜਾਤੀਆਂ ਦੀ ਪੂਰਵਜ ਗਿਣੀ ਜਾਂਦੀ ਜੀਵ-ਜਾਤੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਇਨ੍ਹਾਂ ’ਚੋਂ

ਸਭ ਤੋਂ ਪਹਿਲਾਂ ਵਿਕਸਿਤ ਹੋਈ ਹੁੰਦੀ ਹੈ ਅਤੇ ਇਨ੍ਹਾਂ ਦੀਆਂ ਮੂਲ ਵਿਸ਼ੇਸ਼ਤਾਵਾਂ ਦੀ ਵੀ ਇਹ ਅਧਿਕਾਰੀ ਹੁੰਦੀ ਹੈ।

Protozoa (ਪ੍ਰੋਟੱਜ਼ੂਆ)

ਇਸ ਪਦ ਦਾ ਮੂਲ ਦੋ ਯੂਨਾਨੀ ਸ਼ਬਦ ਹਨ, ਪਹਿਲਾ ਪ੍ਰੋਟਾੱਸ (protos), ਜਿਸ ਦੇ ਅਰਥ ਹਨ ‘ਪਹਿਲੇ’ ਦੇ ਅਤੇ ਦੂਜਾ ਜ਼ੂਨ (zoon), ਜਿਸ ਦੇ ਅਰਥ ਹਨ ‘ਪ੍ਰਾਣੀ’ ਦੇ। ਇਕ ਉਪ ਜੀਵ-ਜਗਤ (sub kingdom) ਦਾ ਉਪਰੋਕਤ ਨਾਮ ਹੈ, ਜਿਸ ’ਚ ਇਕ ਸੈੱਲ ਦੀ ਦੇਹ ਵਾਲੇ ਜੀਵ ਸ਼ਾਮਲ ਹਨ। ਮਲੇਰੀਏ ਰੋਗ ਦਾ ਕਾਰਨ ਬਣਦਾ ਪਲੈਜ਼ਮੋਡਿਅਮ (plasmodium) ਅਤੇ ਅਮੀਬਾ (amoeba) ਇਸੇ ਉਪ ਜੀਵ-ਜਗਤ ਦੇ ਪ੍ਰਾਣੀ ਹਨ।

Protozoology (ਪ੍ਰੋਟੱਜ਼ਆਾੱਲੱਜਿ)

ਇਸ ਪਦ ਦਾ ਆਧਾਰ ਤਿੰਨ ਯੂਨਾਨੀ ਸ਼ਬਦ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਪ੍ਰੋਟਾੱਸ (protos), ਜਿਸ ਦੇ ਅਰਥ ਹਨ ‘ਪਹਿਲੇ’ ਦੇ, ਦੂਜਾ ਹੈ ਜ਼ੂਨ (zoon), ਜਿਸ ਦੇ ਅਰਥ ਹਨ ‘ਪ੍ਰਾਣੀ’ ਦੇ ਅਤੇ ਤੀਜਾ ਹੈ ‘ਲੋਗੱਸ’ (logos), ਜਿਸ ਦੇ ਅਰਥ ਹਨ ‘ਅਧਿਐਨ’ ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਇਹ ਨਾਮ ਹੈ, ਜਿਸ ਦਾ ਸਬੰਧ ਪ੍ਰੋਟੱਜ਼ੂਆ (protozoa) ਉਪ ਜੀਵ-ਜਗਤ ’ਚ ਸ਼ਾਮਲ ਪ੍ਰਾਣੀਆਂ ਪ੍ਰਤੀ ਗਿਆਨ ਨਾਲ ਹੈ।

Proximal (ਪ੍ਰਾਕਸਿਮੱਲ)

ਲਾਤੀਨੀ ਸ਼ਬਦ, ਪ੍ਰਾੱਕਸਿਮੱਸ (proximus) ਇਸ ਪਦ ਦਾ ਮੂਲ ਹੈ ਅਤੇ ਇਸ ਦੇ ਅਰਥ ਹਨ ‘ਲਾਗਲੇ’ ਦੇ। ਸਰੀਰਕ ਉਪਅੰਗ ਦੇ ਸਰੀਰ ਵੱਲ ਦੇ ਭਾਗ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

Psammon (ਸੈਮਾੱਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਸੈਮਾੱਸ (psammos) ਅਤੇ ਆੱਨ (on) ਹਨ, ਜਿਨ੍ਹਾਂ ’ਚੋਂ ਪਹਿਲਾਂ ਦੇ ਅਰਥ ਹਨ ‘ਰੇਤ’ ਦੇ ਅਤੇ ਦੂਜੇ ਦੇ ‘ਹੋਂਦ’ ਦੇ। ਝੀਲ ਦੇ ਕੰਢੇ ਜਾਂ ਸਾਗਰ ਤਟ ਨਾਲ ਵਿਛੀ ਹੋਈ ਨਮੀਦਾਰ ਰੇਤ ’ਚ ਵਿਚਰਦੇ ਜੀਵਾਂ ਦੇ ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Psammophyte (ਸੈਮੱਫਾਇਟ)

ਦੋ ਯੂਨਾਨੀ ਸ਼ਬਦ, ਸੈਮਾੱਸ (psammos) ਅਤੇ ਫਾਇਟਨ (phyton), ਇਸ ਪਦ ’ਚ ਸਮਾਏ ਹੋਏ ਹਨ ਅਤੇ ਇਨ੍ਹਾਂ ਚੋਂ ਪਹਿਲੇ ਦੇ ਅਰਥ ਹਨ ‘ਰੇਤ’ ਦੇ ਅਤੇ ਦੂਜੇ ਦੇ ‘ਪੌਦੇ’ ਦੇ। ਜਿਹੜਾ ਵੀ ਪੌਦਾ ਰੇਤਲੀ ਜਾਂ ਬਜਰੀ ਰਲੀ ਭੂਮੀ ’ਚ ਉਗਦਾ ਹੈ, ਉਸ ਲਈ ਉਪਰੋਕਤ ਪਦ ਰਾਖਵਾਂ ਹੈ।

Pseudocoel (ਸਯੂਡੱਸੀਲ)

ਇਹ ਪਦ ਦੋ ਯੂਨਾਨੀ ਸ਼ਬਦਾਂ ਦੀ ਦੇਣ ਹੈ, ਜਿਨ੍ਹਾਂ ਚੋਂ ਪਹਿਲਾ ਸ਼ਬਦ ਹੈ ਸਯੂਡੀਜ਼ (pseudes), ਜਿਸ ਦੇ ਅਰਥ ਹਨ ‘ਨਕਲੀ’ ਦੇ ਅਤੇ ਦੂਜਾ ਹੈ ਕਾੱਇਲੱਸ (koilos), ਜਿਸ ਦੇ ਅਰਥ ਹਨ ‘ਖੋਖਲੇਪਣ’ ਦੇ, ਅਤੇ ਜਿਹੜਾ ਸੀਲੋਮ (coelom), ਭਾਵ ਸਰੀਰਕ-ਖੋੜ ਦਾ ਪ੍ਰਤੀਕ ਸ਼ਬਦ ਵੀ ਹੈ। ਉਪਰੋਕਤ ਪਦ ਮਲ੍ਹੱਪਾਂ ਦੀ ਸਰੀਰਕ-ਖੋੜ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਹੜੀ ਕਿ ਇਸ ਲਈ ਨਕਲੀ ਸੱਦੀ ਜਾਂਦੀ ਹੈ, ਕਿਉਂਕਿ ਇਹ ਜਣਨਕ ਪਰਤਾਂ (germinal layers) ਵਿਚਕਾਰ ਵਿਆਪਕ ਨਹੀਂ ਹੁੰਦੀ।

Pseudopodium (ਸਯੂਡੱਪੋਡਿਅਮ)

ਇਸ ਪਦ ’ਚ ਤਿੰਨ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਸਯੂਡੀਜ਼ (pseudes), ਜਿਸ ਦੇ ਅਰਥ ਹਨ ‘ਨਕਲੀ’ ਦੇ, ਦੂਜਾ ਹੈ ਪਾਅੱਸ (pous), ਜਿਸ ਦੇ ਅਰਥ ਹਨ ‘ਪੈਰ’ ਦੇ ਅਤੇ ਤੀਜਾ ਹੈ ਇਡੱਸ (eidos), ਜਿਸ ਦੇ ਅਰਥ ਹਨ ‘ਨੁਹਾਰ’ ਦੇ। ਪ੍ਰੋਟੱਜ਼ੂਆ ਕਬੀਲੇ ਦੇ

ਅਮੀਬਾ ਸੱਦੇ ਜਾਂਦੇ ਜੀਵ ਦੇ ਗੁਲਾਈਦਾਰ ਆਰਜ਼ੀ ਵਧਾਅ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਪੈਰ ਦੀ ਕ੍ਰਿਆ ਵੀ ਪੂਰੀ ਕਰਦਾ ਹੈ ਅਤੇ ਮੂੰਹ ਦੇ ਬੁੱਲ੍ਹ ਦੀ ਵੀ। ਸਮੇਂ ਸਿਰ ਅਤੇ ਲੋੜ ਅਨੁਕੂਲ ਇਹ ਨਕਲੀ ਵਧਾਅ ਪ੍ਰਗਟ ਹੋ ਹੋ ਅਲੋਪ ਹੁੰਦੇ ਰਹਿੰਦੇ ਹਨ।

Psilophyte (ਸਾਇਲੱਫ਼ਾਇਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਸਾਇਲੱਸ (psilos), ਜਿਸ ਦੇ ਅਰਥ ਹਨ 'ਰੁੱਖ-ਰਹਿਤ' ਦੇ ਅਤੇ ਦੂਜਾ ਫਾਇਟੱਨ (phyton), ਜਿਸ ਦੇ ਅਰਥ ਹਨ 'ਪੌਦੇ' ਦੇ। ਘਾਹ-ਮੈਦਾਨਾਂ (ਸਵਾਨਾ) 'ਚ ਉਗਦੇ ਕਿਸੇ ਵੀ ਪ੍ਰਕਾਰ ਦੇ ਪੌਦੇ ਲਈ ਇਹ ਪਦ ਵਰਤਿਆ ਜਾ ਸਕਦਾ ਹੈ।

Psittaciformes (ਸਿਟੈਸਿਫਾਰਮੀਜ਼)

ਪੰਛੀ-ਸ਼੍ਰੇਣੀ ਦੇ ਉਸ ਵਰਗ ਦਾ ਇਹ ਨਾਮ ਹੈ, ਜਿਸ 'ਚ ਤੋਤੇ ਅਤੇ ਇਨ੍ਹਾਂ ਦੇ ਸਬੰਧੀ ਪੰਛੀ ਸ਼ਾਮਲ ਹਨ। ਇਹ ਪੰਛੀ ਰੁੱਖਾਂ ਉਪਰ ਰਹਿੰਦੇ ਹਨ ਅਤੇ ਇਨ੍ਹਾਂ ਦੀਆਂ ਚੁੰਝਾਂ ਫਲਾਂ ਨੂੰ ਟੁੱਕਣ-ਚੂੰਢਣ ਯੋਗ ਢਲੀਆਂ ਹੁੰਦੀਆਂ ਹਨ।

Psychosomatic (ਸਾਇਕੱਸੋਮੈਟਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸੰਮਿਲਤ ਹਨ, ਪਹਿਲਾ ਸਾਇਕੀ (psyche), ਜਿਸ ਦੇ ਅਰਥ ਹਨ 'ਮਨ' ਦੇ ਅਤੇ ਦੂਜਾ ਸੋਮਾੱ (soma), ਜਿਸ ਦੇ ਅਰਥ ਹਨ 'ਸਰੀਰ' ਦੇ। ਮਨ ਅਤੇ ਸਰੀਰ ਦੀ ਪ੍ਰਸਪਰ ਨਿਰਭਰਤਾ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Psychosphere (ਸਾਇਕੱਸਫਿਅਰ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਸਾਇਕੀ (psyche), ਜਿਸ ਦੇ ਅਰਥ ਹਨ 'ਮਨ' ਦੇ ਅਤੇ ਦੂਜਾ ਸਫੇਰਾੱ (sphaira), ਜਿਸ ਦੇ ਅਰਥ ਹਨ 'ਭੂਗੋਲ' ਦੇ। ਉਸ ਪ੍ਰਕਾਰ ਦੇ ਵਾਤਾਵਰਨ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਮਾਨਵੀ ਵਿਚਰਨ-ਢੰਗ ਦਾ ਉਪਫਲ ਹੈ।

Psychozoic (ਸਾਇਕੱਜ਼ੁਇਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਸਾਇਕੀ (psyche), ਜਿਸ ਦੇ ਅਰਥ ਹਨ 'ਮਨ' ਦੇ ਅਤੇ ਦੂਜਾ ਜ਼ੂਨ (zoon), ਜਿਸ ਦੇ ਅਰਥ ਹਨ 'ਪ੍ਰਾਣੀ' ਦੇ। ਪ੍ਰਿਥਵੀ ਦੇ ਜੈਵਿਕ ਇਤਿਹਾਸ ਦੇ ਉਸ ਵਰਤਮਾਨ ਦੌਰ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦੌਰਾਨ ਮਨੁੱਖ ਵਾਤਾਵਰਨ ਨੂੰ ਪ੍ਰਭਾਵਿਤ ਕਰ ਰਿਹਾ ਹੈ।

Psychrophil (ਸਾਇਕਰੱਫਿਲ)

ਯੂਨਾਨੀ ਸ਼ਬਦ, ਸਾਇਕਰੱਸ (psychros) ਅਤੇ ਫਿਲਈਨ (philein) ਇਸ ਪਦ ਦਾ ਆਧਾਰ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਠੰਢੇ' ਦੇ ਅਤੇ 'ਮੋਹ ਕਰਨ' ਦੇ। ਓੜਕਾਂ ਦੇ ਠੰਢੇ ਵਾਤਾਵਰਨ 'ਚ ਵਿਚਰਨ ਵਾਲੇ ਜੀਵ ਲਈ ਉਪਰੋਕਤ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

Pteridology (ਟੈਰਿਡਾੱਲੱਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਟੈਰਿਸ (pteris), ਜਿਸ ਦੇ ਅਰਥ ਹਨ 'ਫਰਨ' (fern) ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਬਨਸਪਤੀ ਵਿਗਿਆਨ (botany) ਦੀ ਉਸ ਅਧਿਐਨ-ਸ਼ਾਖ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਸਬੰਧ ਫਰਨਾਂ ਬਾਰੇ ਗਿਆਨ ਨਾਲ ਹੈ।

Pteridophyta (ਟੈਰਿਡੱਫਾਇਟਾੱ)

ਇਸ ਪਦ ਨੂੰ ਰਚਨ ਵਾਲੇ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਟੈਰਿਸ (pteris), ਜਿਸ ਦੇ ਅਰਥ ਹਨ 'ਫਰਨ' (fern) ਦੇ ਅਤੇ ਦੂਜਾ ਹੈ ਫਾਇਟੱਨ (phyton), ਜਿਸ ਦੇ ਅਰਥ ਹਨ 'ਪੌਦੇ'

ਦੇ। ਬਨਸਪਤੀ-ਜਗਤ ਦੇ ਇਕ ਉਪ-ਮੰਡਲ ਦਾ ਇਹ ਨਾਮ ਹੈ ਜਿਸ 'ਚ ਫਰਨਾਂ, ਕਾਈਆਂ ਅਤੇ ਸਾਵੀਆਂ ਸਾਂਵਲਾਂ ਸ਼ਾਮਲ ਹਨ।

Pterygote (ਟੈਰਿਗੋਟ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਟੈਰਿਗੋਟੱਸ (pterygotos) ਹੈ, ਜਿਸ ਦੇ ਅਰਥ ਹਨ 'ਪਰਦਾਰ' ਦੇ। ਪਰਦਾਰ ਕੀਟ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Ptyalin (ਟੀਅੱਲਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਟੀਅੱਲਨ (ptyalon) ਹੈ, ਜਿਸ ਦੇ ਅਰਥ ਹਨ 'ਥੁੱਕ' ਦੇ। ਮੂੰਹ ਅੰਦਰ ਰਿਸਦੇ ਥੁੱਕ 'ਚ ਜਿਹੜਾ ਐਨਜ਼ਾਈਮ ਮੈਦੇ-ਨਿਸ਼ਾਸ਼ਤੇ ਨੂੰ ਹਜ਼ਮ ਕਰਨ ਦੀ ਪ੍ਰਕ੍ਰਿਆ ਆਰੰਭ ਕਰਦਾ ਹੈ, ਉਸੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Puberty (ਪਯੂਬਰਟਿ)

ਇਹ ਪਦ ਲਾਤੀਨੀ ਸ਼ਬਦ, ਪਯੂਬਰਟੱਸ (pubertas) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਪੌਢ ਅਵਸਥਾ' ਦੇ। ਆਯੂ ਦੇ ਉਸ ਪੜਾਅ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਦੋਂ ਇਕ ਵਿਅਕਤੀ ਪ੍ਰਜਣਨ ਦੀ ਪ੍ਰਕ੍ਰਿਆ ਪੂਰੀ ਕਰਨ ਯੋਗ ਬਣ ਜਾਂਦਾ ਹੈ।

Pubis (ਪਯੂਬਿਸ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪਯੂਬਸ (pubis) ਹੈ, ਜਿਸ ਦੇ ਅਰਥ ਹਨ 'ਪ੍ਰੌੜਤਾ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਪੁੜੇ (pelvis) ਦੇ ਅਗਲੇ ਖੇਤਰ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Pudenda (ਪਯੂਡੈਨਡਾੱ)

ਲਾਤੀਨੀ ਸ਼ਬਦ, ਪਯੂਡਰਿ (pudere) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਸ਼ਰਮ ਆਉਣ' ਦੇ। ਸਰੀਰੋਂ ਬਾਹਰ ਪ੍ਰਦਰਸ਼ਿਤ ਹੋ ਰਹੇ ਪ੍ਰਜਣਨ ਅੰਗਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Pullulation (ਪੱਲਯੂਲੇਸ਼ਨ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਪਲੱਯੂਲੱਰਿ (pullulare) ਹੈ, ਜਿਸ ਦੇ ਅਰਥ ਹਨ 'ਪੁੰਗਰਨ' ਦੇ। ਪੌਦਿਆਂ ਵਿਖੇ ਅਲੰਗਿਕ ਢੰਗ ਨਾਲ, ਡੋਡੀਆਂ ਦੁਆਰਾ ਸਿਰੇ ਚੜ੍ਹਨ ਵਾਲੀ ਪ੍ਰਜਣਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Pulmonary (ਪੱਲਮਨੱਰਿ)

ਲਾਤੀਨੀ ਸ਼ਬਦ, ਪੱਲਮੋ (pulmo) ਤੋਂ ਇਹ ਪਦ ਬਣਿਆ ਹੈ, ਜਿਸ ਦੇ ਅਰਥ ਹਨ 'ਫੇਫੜੇ' ਦੇ। ਉਪਰੋਕਤ ਪਦ ਨੂੰ ਫੇਫੜੇ ਨਾਲ ਸਬੰਧ ਦਰਸਾਉਣ ਲਈ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ।

Pulse (ਪੱਲਸ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪੱਲਸੱਸ (pulsus) ਹੈ, ਜਿਸ ਦੇ ਅਰਥ ਹਨ 'ਸੰਚਾਲਿਕਤਾ' ਦੇ। ਦਿਲ ਦੀ ਧੜਕਣ ਦੀ ਪ੍ਰਤੀਕ, ਨਾੜੀ ਅੰਦਰਲੀ ਧੱਕ ਧੱਕ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਨੂੰ ਨਬਜ਼ ਵੀ ਸੱਦਿਆ ਜਾਂਦਾ ਹੈ।

Pulses (ਪੱਲਸਜ਼)

ਲਾਤੀਨੀ ਸ਼ਬਦ, ਪੱਲਸ (puls) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਸ਼ੋਰਬੇ' ਦੇ। ਫਲੀਦਾਰ ਫ਼ਸਲਾਂ ਦੀ ਉਪਜ ਲਈ, ਜਿਨ੍ਹਾਂ ਨੂੰ ਦਾਲਾਂ ਵੀ ਸੱਦਿਆ ਜਾਂਦਾ ਹੈ, ਉਪਰੋਕਤ ਪਦ ਰਾਖਵਾਂ ਹੈ। ਭੋਜਨ ਵਜੋਂ ਵਰਤੀਆਂ ਜਾਂਦੀਆਂ ਦਾਲਾਂ ਪ੍ਰੋਟੀਨਾਂ ਦਾ ਲਾਭਦਾਇਕ ਸ੍ਰੋਤ ਹਨ।

Pulvillus (ਪੱਲਵਾਇਲੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ

ਹਨ 'ਮਹੀਨ ਆਕਾਰ ਦੀ ਗੱਦੀ' ਦੇ। ਕੀਟਾਂ ਦੀ ਟੰਗ ਦੇ ਸਿਰੇ ਤੇ ਸਥਿਤ, ਗੱਦੀ ਜਿਹੀ ਲੁਗਲੁਗੀ ਬਣਤਰ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੀ ਸਹਾਇਤਾ ਨਾਲ ਇਹ ਹਰ ਪ੍ਰਕਾਰ ਦੀ ਸਤਹ ਨਾਲ ਚੰਬੜ ਜਾਣ ਦੇ ਯੋਗ ਹੁੰਦੇ ਹਨ।

Pupa (ਪਯੂਪਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪੁਤਲੀ' ਦੇ। ਕਾਇਆ ਕਲਪ ਦਾ ਪ੍ਰਗਟਾਵਾ ਕਰਦੇ ਕੀਟ ਦੇ ਜੀਵਨ-ਕਾਲ ਦੀ ਲਾਰਵਈ ਅਵਸਥਾ ਅਤੇ ਇਸ ਦੀ ਪੌਢ ਅਵਸਥਾ ਵਿਚਕਾਰਲੇ ਪੜਾਅ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦੌਰਾਨ ਕੀਟ ਦਾ ਸਰੀਰ ਨਵੀਂ ਵਿਧੀ ਨਾਲ ਮੁੜ ਰਚਿਆ ਜਾਂਦਾ ਹੈ।

Pupil (ਪਯੂਪਿਲ)

ਲਾਤੀਨੀ ਸ਼ਬਦ, ਪਯੂਪਿਲਾੱ (pupilla) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਅੱਖ ਦੀ ਪੁਤਲੀ' ਦੇ। ਉਪਰੋਕਤ ਪਦ ਦੇ ਵੀ ਇਹੀ ਅਰਥ ਹਨ, ਜਿਹੜਾ ਕਿ ਅੱਖ ਅੰਦਰਲੀ ਆਇਰਿਸ ਨਾਮ ਦੀ ਝਿੱਲੀ ਦੇ ਕੇਂਦਰੀ ਛੇਕ ਦਾ ਨਾਮ ਹੈ ਅਤੇ ਜਿਸ 'ਚੋਂ ਦੀ ਪ੍ਰਕਾਸ਼ ਅੱਖ ਅੰਦਰ ਪ੍ਰਵੇਸ਼ ਕਰਦਾ ਹੈ।

Pylorus (ਪਾਇਲੋਰੱਸ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਪਾਇਲੋਰੱਸ (pyloros) ਹੈ, ਜਿਸ ਦੇ ਅਰਥ ਹਨ 'ਦੁਆਰ-ਪਾਲ' ਦੇ। ਮਿਹਦੇ ਦੇ ਆਂਦਰਾਂ ਵੱਲ ਨੂੰ ਖੁੱਲ੍ਹਦੇ ਦੁਆਰ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Pyrethrum (ਪਾਇਰਿਥਰੱਮ)

ਗੁਲਦਾਉਦੀ ਦੇ ਫੁੱਲਾਂ ਤੋਂ ਬਣਾਏ ਜਾ ਰਹੇ ਇਕ ਕੀਟਨਾਸ਼ਕ ਦਾ ਇਹ ਨਾਮ ਹੈ, ਜਿਹੜਾ ਵਰਤੋਂ ਉਪਰੰਤ ਤੇਜ਼ੀ ਨਾਲ ਉਡ-ਪੁਡ ਜਾਂਦਾ ਹੈ। ਵਬਾਈ ਕੀਟਾਂ ਲਈ ਤਾਂ ਇਹ ਕੀਟਨਾਸ਼ਕ ਘਾਤਕ ਸਿੱਧ ਹੁੰਦਾ ਹੀ ਹੈ, ਪਰ ਫ਼ਸਲਾਂ ਵੀ ਇਸ ਦੇ ਲਮਕਵੇਂ ਪ੍ਰਭਾਵ ਤੋਂ ਬਚੀਆਂ ਰਹਿੰਦੀਆਂ ਹਨ।

Pyridoxine (ਪਿਰਿਡਾੱਕਸਿਨ)

ਇਹ ਨਾਮ ਵਿਟਾਮਿਨ ਬੀ$_6$ (B_6)ਦਾ ਹੈ, ਜਿਸ ਦਾ ਕਿ ਦੁੱਧ-ਦਹੀਂ ਅਤੇ ਕਲੇਜੀ ਉਪਯੁਕਤ ਸ੍ਰੋਤ ਹਨ।

Q

Quadrate (ਕੁਆਡਰੇਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਕੁਆਡਰੇਟੱਸ (quadratus) ਹੈ, ਜਿਸ ਦੇ ਅਰਥ ਹਨ 'ਚੌਕੋਰ' ਦੇ। ਦੋਵਾਂ ਜਬਾੜ੍ਹਿਆਂ ਨੂੰ ਇਕ ਦੂਜੇ ਨਾਲ ਜੋੜਦੀ ਹੱਡੀ ਦਾ ਇਹ ਨਾਮ, ਜਿਹੜੀ ਕਿ ਪਸ਼ੂਆਂ ਤੋਂ ਬਿਨਾਂ ਹੋਰ ਹਰ ਇਕ ਰੀੜ੍ਹ-ਸਹਿਤ ਪ੍ਰਾਣੀ 'ਚ ਹੁੰਦੀ ਹੈ।

Quadrifoliate (ਕੁਆਰਡਰਿਫੋਲਿਏਟ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਕੁਆਡਰੂ (quadru), ਜਿਸ ਦੇ ਅਰਥ ਹਨ 'ਚਾਰ' ਦੇ ਅਤੇ ਦੂਜਾ ਹੈ ਫੋਲੀਅਮ (folium), ਜਿਸ ਦੇ ਅਰਥ ਹਨ 'ਸਾਵੇ-ਪੱਤਰ' ਦੇ। ਉਸ ਪੌਦੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਨਾਲ ਲੱਗੇ ਸਾਵੇ-ਪੱਤਰ ਅੱਗੋਂ ਚਾਰ ਚਾਰ ਪੱਤੀਆਂ 'ਚ ਵੰਡੇ ਹੋਏ ਹਨ।

Quadruped (ਕੁਆਡਰੂਪੈੱਡ)

ਇਸ ਪਦ ਦਾ ਭਾਗ ਦੋ ਲਾਤੀਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਕੁਆਡਰੂ (quadru), ਜਿਸ ਦੇ ਅਰਥ ਹਨ 'ਚਾਰ' ਦੇ ਅਤੇ ਦੂਜਾ ਹੈ

ਪੈਡੈੱਮ (pedem), ਜਿਸ ਦੇ ਅਰਥ ਹਨ 'ਪੈਰ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੀ ਚੌਂਹ ਟੰਗਾਂ ਵਾਲੀ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਲਈ ਇਸ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਵੀ ਕੀਤਾ ਜਾਂਦਾ ਹੈ।

Quassia (ਕੁਆਸੀਆ)

ਇਕ ਕੀਟਨਾਸ਼ਕ ਦਾ ਇਹ ਨਾਮ ਹੈ, ਜਿਸ ਨੂੰ ਅਫ਼ਰੀਕਾ 'ਚ ਉਗਣ ਵਾਲੇ ਕਾਸੀਆ ਨਾਮ ਦੇ ਝਾੜ ਦੇ ਛਿਲੜ ਤੋਂ ਤਿਆਰ ਕੀਤਾ ਜਾਂਦਾ ਹੈ। ਇਹ ਕੀਟਨਾਸ਼ਕ ਕੀਟਾਂ ਵਿਰੁੱਧ ਤਾਂ ਉਪਯੋਗੀ ਹੈ ਹੀ, ਪਰ ਇਹ ਪੰਛੀਆਂ ਅਤੇ ਪਸ਼ੂਆਂ ਲਈ ਵੀ ਹਾਨੀਕਾਰਕ ਸਿੱਧ ਹੋਇਆ ਹੈ।

Quaternary (ਕੁਆਟੱਰਨੈਰਿ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਕੁਆਟੱਰਨਿ (quaterni) ਹੈ, ਜਿਸ ਦੇ ਅਰਥ ਹਨ 'ਇਕ ਚੌਥਾਈ' ਦੇ। ਜੈਵਿਕ ਇਤਿਹਾਸ ਦੇ ਵਰਤਮਾਨ ਯੁੱਗ ਦਾ ਇਹ ਨਾਮ ਹੈ, ਜਿਸ ਦਾ ਆਰੰਭ ਅੱਜ ਤੋਂ ਲਗਭਗ 10 ਲੱਖ ਵਰ੍ਹੇ ਪਹਿਲਾਂ ਹੋਇਆ ਸੀ।

Queen (ਕੁਈਨ)

ਇਸ ਪਦ ਦੇ ਸਾਧਾਰਨ ਅਰਥ 'ਰਾਣੀ' ਦੇ ਹਨ; ਅਤੇ ਇਸ ਨੂੰ ਮਧੂ-ਛੱਤੇ ਅੰਦਰਲੀ ਉਸ ਮਦੀਨ ਮਧੂ-ਮੱਖੀ ਲਈ ਵਰਤਿਆ ਜਾਂਦਾ ਹੈ, ਜਿਹੜੀ ਕਿ ਇਕੱਲੀ ਪ੍ਰਜਣਨ ਯੋਗ ਹੁੰਦੀ ਹੈ। ਇਕ ਮਧੂ-ਛੱਤੇ 'ਚ ਕੇਵਲ ਇਕ ਹੀ ਰਾਣੀ ਨਿਵਾਸ ਕਰਦੀ ਹੈ।

Quiescence (ਕੁਆਈਸੰਸ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਕੁਆਈਸਰਿ (quiscere) ਹੈ, ਜਿਸ ਦੇ ਅਰਥ ਹਨ 'ਖਲੋ ਜਾਣ' ਦੇ। ਚਲ ਰਹੀ ਸਰੀਰਕ ਪ੍ਰਗਤੀ 'ਚ ਕਿਸੇ ਵੀ ਕਾਰਨ ਆਰਜ਼ੀ ਠਹਿਰਾਓ ਆ ਜਾਣ ਵਾਲੀ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Quill (ਕੁਇਲ)

ਪੰਛੀ ਦੇ ਪੰਖ ਲਈ ਇਸ ਪਦ ਦਾ ਉਪਯੋਗ ਹੁੰਦਾ ਹੈ, ਜਦਕਿ ਖੰਭ ਵਿਚਕਾਰਲੀ ਲੰਮੇ-ਦਾਅ ਵਿਛੀ ਡੰਡੀ ਲਈ ਵੀ ਇਸੇ ਪਦ ਦਾ ਉਪਯੋਗ ਹੋ ਰਿਹਾ ਹੈ। ਸੇਹ (porcupine), ਜਿਹੜਾ ਕਿ ਇਕ ਪਸ਼ੂ ਹੈ, ਉਸ ਦੇ ਤੱਕਲੇ ਲਈ ਵੀ ਇਹੋ ਪਦ ਹੀ ਰਾਖਵਾਂ ਹੈ।

R

Race (ਰੇਸ)

ਇਹ ਫਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪਰਿਵਾਰ' ਦੇ। ਜੀਵਾਂ ਦੀ ਵਰਗਕੀ ਵੰਡ ਦੀ ਸਭ ਤੋਂ ਨੀਵੀਂ ਪੱਧਰ ਦੀ ਇਕਾਈ ਨੂੰ ਇਹ ਪਦ ਦਰਸਾਉਂਦਾ ਹੈ, ਜਿਹੜੀ ਕਿ ਉਪਜਾਤੀ (sub species) ਤੋਂ ਅਗਲੀ ਨੀਵੀਂ ਹੈ। ਮਨੁੱਖੀ ਨਸਲ ਦੇ ਪ੍ਰਸੰਗ 'ਚ ਕੌਮ ਇਸ ਦਾ ਸਮਾਨਾਰਥਕ ਸ਼ਬਦ ਤਾਂ ਨਹੀਂ, ਪਰ ਨੇੜੇ ਦੇ ਅਰਥ ਰੱਖਣ ਵਾਲਾ ਇਕ ਸ਼ਬਦ ਹੈ।

Racemose (ਰੇਸਮੋਸ)

ਲਾਤੀਨੀ ਸ਼ਬਦ, ਰੇਸਮੱਸ (recemus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਗੁੱਛੇ' ਦੇ। ਉਸ ਪੌਦੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨਾਲ ਫੁੱਲ, ਇਕ ਇਕ ਕਰਕੇ ਨਹੀਂ, ਸਗੋਂ ਗੁੱਛਿਆਂ ਦੇ ਰੂਪ ਵਿਚ ਲਗਦੇ ਹਨ।

Radiation (ਰੇਡਿਏਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੇਡਿਅਸ (radius) ਹੈ, ਜਿਸ ਦੇ ਅਰਥ ਹਨ 'ਕਿਰਨ' ਦੇ। ਕਿਸੇ ਵੀ ਪ੍ਰਕਾਰ ਦੀਆਂ ਕਿਰਨਾਂ ਦੇ

ਵਿਕਿਰਨਿਕ ਪ੍ਰਸਾਰ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾ ਸਕਦੀ ਹੈ।

Radicate (ਰੇਡਿਕੇਟ)

ਲਾਤੀਨੀ ਸ਼ਬਦ, ਰੇਡਿਕੇਟਸ (radicatus) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ ‘ਜੜ੍ਹਦਾਰ’ ਦੇ। ਭੂਮੀ ਅੰਦਰ ਜੜ੍ਹਾਂ ਦੁਆਰਾ ਜਾਂ ਜੜ੍ਹਾਂ ਜਿਹੀ ਬਣਤਰ ਦੁਆਰਾ ਖਲੋਤੇ ਬੂਟੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Radicivorous (ਰੇਡਿਸਿਵੱਰਸ)

ਦੋ ਲਾਤੀਨੀ ਸ਼ਬਦ, ਰੇਡਿਕਸ (radix) ਅਤੇ ਵੱਰੇਅਰ (vorare) ਇਸ ਪਦ ’ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਜੜ੍ਹ’ ਦੇ ਅਤੇ ‘ਨਿਗਲਣ’ ਦੇ। ਜੜ੍ਹਾਂ ਨੂੰ ਭੋਜਨ ਵਜੋਂ ਵਰਤਦੇ ਪ੍ਰਾਣੀ ਲਈ ਉਪਰੋਕਤ ਪਦ ਰਾਖਵਾਂ ਹੈ।

Radicose (ਰੇਡਿਕੋਸ)

ਲਾਤੀਨੀ ਸ਼ਬਦ, ਰੇਡਿਕਸ (radix) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ ‘ਜੜ੍ਹ’ ਦੇ। ਇਹ ਪਦ ਉਸ ਪੌਦੇ ਲਈ ਵਰਤਿਆ ਜਾਂਦਾ ਹੈ ਜਿਸ ਦੀ ਇਕੋ-ਇਕ ਲੰਬੀ ਅਤੇ ਮੋਟੀ ਜੜ੍ਹ ਹੁੰਦੀ ਹੈ।

Radioactive (ਰੇਡਿਅੱਐਕਟਿਵ)

ਕਈ ਅਜਿਹੇ ਤੱਤ ਹਨ, ਜਿਨ੍ਹਾਂ ਦੇ ਪ੍ਰਮਾਣੂ ਬਣਤਰ ਪਖੋਂ ਅਡੋਲ ਨਹੀਂ। ਇਨ੍ਹਾਂ ’ਚੋਂ ਵਿਕਿਰਨਾਂ ਦਾ ਪ੍ਰਸਾਰ ਕਦੀ ਵੀ ਨਹੀਂ ਰੁਕਦਾ। ਅਜਿਹੇ ਵਿਘਟਨਾਭਿਕ ਤੱਤ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Radioactive dating (ਰੇਡਿਅੱਐਕਟਿਵ ਡੇਟਿੰਗ)

ਜਿਹੜੀਆਂ ਚਟਾਨਾਂ ’ਚ ਜੀਵਾਂ ਦੇ ਫੱਸਿਲ ਮਿਲਦੇ ਹਨ, ਉਨ੍ਹਾਂ ਚਟਾਨਾਂ ਅੰਦਰਲੇ ਵਿਘਟਨਾਭਿਕ, ਭਾਵ ਵਿਕਿਰਨਾਂ ਦਾ ਪ੍ਰਸਾਰ ਕਰਦੇ ਤੱਤਾਂ ਨੂੰ ਫੱਸਿਲਾਂ ਦੀ ਆਯੂ ਨਿਰਧਾਰਤ ਕਰਨ ਦਾ ਆਧਾਰ ਬਣਾਇਆ ਜਾ ਰਿਹਾ ਹੈ। ਇਸ ਪ੍ਰਚਲਨ ਲਈ ਹੀ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Radiobiology (ਰੇਡਿਅੱਬਾਇਆੱਲੱਜਿ)

ਇਸ ਪਦ ਦਾ ਆਧਾਰ ਇਕ ਲਾਤੀਨੀ ਅਤੇ ਦੋ ਯੂਨਾਨੀ ਸ਼ਬਦ ਹਨ: ਲਾਤੀਨੀ ਸ਼ਬਦ ਹੈ ਰੇਡਿਅਸ (radius), ਜਿਸ ਦੇ ਅਰਥ ਹਨ ‘ਕਿਰਨ’ ਦੇ ਅਤੇ ਯੂਨਾਨੀ ਸ਼ਬਦਾਂ ’ਚੋਂ ਪਹਿਲਾ ਹੈ ਬਾਇਅਸ (bios), ਜਿਸ ਦੇ ਅਰਥ ਹਨ ‘ਜੀਵਨ’ ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ ‘ਅਧਿਐਨ’ ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦਾ ਸਬੰਧ ਵਿਕਿਰਨਾਂ ਦੇ ਜੀਵਾਂ ਉਪਰ ਪੈ ਰਹੇ ਪ੍ਰਭਾਵ ਬਾਰੇ ਗਿਆਨ ਨਾਲ ਹੈ।

Radioecology (ਰੇਡਿਅੱਈਕਾੱਲੱਜਿ)

ਇਕ ਲਾਤੀਨੀ ਅਤੇ ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ। ਇਨ੍ਹਾਂ ’ਚੋਂ ਲਾਤੀਨੀ ਸ਼ਬਦ ਹੈ ਰੇਡਿਅਸ (radius), ਜਿਸ ਦੇ ਅਰਥ ਹਨ ‘ਕਿਰਨ’ ਦੇ। ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਉਨ੍ਹਾਂ ’ਚੋਂ ਪਹਿਲਾ ਹੈ ਈਕਸ (oikos), ਜਿਸ ਦੇ ਅਰਥ ਹਨ ‘ਘਰ-ਬਾਰ’ ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ ‘ਅਧਿਐਨ’ ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਜੀਵਾਂ ਦੇ ਵਾਤਾਵਰਨ ਨਾਲ ਬਣੇ ਹੋਏ ਰਿਸ਼ਤਿਆਂ ਉਪਰ ਵਿਕਿਰਨੀ ਪ੍ਰਸਾਰ ਦੇ ਪੈ ਰਹੇ ਪ੍ਰਭਾਵ ਬਾਰੇ ਗਿਆਨ ਨਾਲ ਹੈ।

Radula (ਰੇਡਯੂਲਾੱ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ

ਰੇਡਰਿ (radere) ਹੈ, ਜਿਸ ਦੇ ਅਰਥ ਹਨ 'ਖਰੋਚਣ' ਦੇ। ਮਾਲੱਸਕਾਂ ਕਬੀਲੇ (phylum Mollusca) ਦੇ ਘੋਗੇ ਜਿਹੇ ਕੁਝ ਪ੍ਰਾਣੀਆਂ ਦੀ ਜੀਭ ਉਪਰ ਦੰਦਾਂ ਜੜੀ ਪੱਟੀ ਹੁੰਦੀ ਹੈ, ਜਿਸ ਦਾ ਉਪਰੋਕਤ ਨਾਮ ਹੈ ਅਤੇ ਜਿਸ ਦੁਆਰਾ ਇਹ ਪ੍ਰਾਣੀ ਸਾਵੇ-ਪੱਤਰਾਂ ਨੂੰ ਖਰੋਚ ਖਰੋਚ ਆਪਣੇ ਅਹਾਰ ਵਜੋਂ ਵਰਤਦੇ ਰਹਿੰਦੇ ਹਨ।

Rameous (ਰੇੱਮੀਅਸ)

ਇਹ ਪਦ ਲਾਤੀਨੀ ਸ਼ਬਦ, ਰੇਮਸ (ramus) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਸ਼ਾਖ' ਦੇ। ਸ਼ਾਖਾਂ ਦੇ ਫੈਲਾਓ ਵਾਲੇ ਪੌਦੇ ਲਈ ਉਪਰੋਕਤ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

Ramiflorous (ਰੇਮਿਫਲੋਰਸ)

ਇਸ ਪਦ 'ਚ ਦੋ ਲਾਤੀਨੀ ਸ਼ਬਦ, ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਰੇਮਸ (ramus), ਜਿਸ ਦੇ ਅਰਥ ਹਨ 'ਸ਼ਾਖ' ਦੇ ਅਤੇ ਦੂਜਾ ਹੈ ਫਲੱਸ (flos), ਜਿਸ ਦੇ ਅਰਥ ਹਨ 'ਫੁੱਲ' ਦੇ। ਜਿਸ ਪੌਦੇ ਦੇ ਫੁੱਲ ਸ਼ਾਖਾਂ ਨਾਲ ਲੱਗਣ, ਉਸ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Ratitae (ਰੈਟਾਇਟੀ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੈਟਿਸ (ratis) ਹੈ, ਜਿਸ ਦੇ ਅਰਥ ਹਨ 'ਚਪਟੇ ਫੱਟ' ਦੇ। ਇਹ ਨਾਮ ਪੰਛੀਆਂ ਦੀ ਇਕ ਉਪ-ਸ਼੍ਰੇਣੀ ਦਾ ਹੈ, ਜਿਸ 'ਚ ਸ਼ਾਮਲ ਪੰਛੀਆਂ ਦੀ ਛਾਤੀ ਦੀ ਹੱਡੀ ਬਿਨਾਂ ਨੁਕੀਲੇ ਉਭਾਰ ਦੇ, ਚਪਟੀ ਹੁੰਦੀ ਹੈ। ਇਹ ਪੰਛੀ ਨੱਠ-ਭੱਜ ਤਾਂ ਸਕਦੇ ਹਨ, ਪਰ ਉਡ ਨਹੀਂ ਸਕਦੇ। ਅਜਿਹੇ ਪੰਛੀ ਹਨ: ਸ਼ੁਤਰਮੁਰਗ, ਕੀਵੀ ਆਦਿ।

Recent (ਰੀਸੰਟ)

ਪ੍ਰਿਥਵੀ ਦੇ ਜੈਵਿਕ ਇਤਿਹਾਸ ਦੇ ਵਰਤਮਾਨ ਕਾਲ ਦਾ ਇਹ ਨਾਮ ਹੈ, ਜਿਸ ਦਾ ਆਰੰਭ ਅੱਜ ਤੋਂ 10,000 ਵਰ੍ਹੇ ਪਹਿਲਾਂ ਓਦੋਂ ਹੋਇਆ ਸੀ, ਜਦ ਮਨੁੱਖ ਨੇ ਕਾਸ਼ਤ ਕਰਨੀ ਆਰੰਭ ਕੀਤੀ। ਇਸੇ ਸਮੇਂ ਤੋਂ ਮਾਨਵੀ ਸੱਭਿਆਚਾਰ ਵੀ ਪੁੰਗਰਨ ਲਗ ਪਿਆ ਸੀ।

Recessive gene (ਰਸੈਸਿਵ ਜੀਨ)

ਇਸ ਪਦ ਦੇ ਪਹਿਲੇ ਭਾਗ ਦਾ ਮੂਲ ਲਾਤੀਨੀ ਸ਼ਬਦ, ਰਸੈੱਸ (recessus) ਹੈ, ਜਿਸ ਦੇ ਅਰਥ ਹਨ 'ਪਿਛਾਂਹ ਹੋ ਜਾਣ' ਦੇ। ਸਰੀਰਕ ਵਿਸ਼ੇਸ਼ਤਾਵਾਂ ਦਾ ਪ੍ਰਗਟਾਵਾ ਕਰਦੇ ਜੀਨ ਜੋੜਿਆਂ 'ਚ ਵਿਚਰਦੇ ਹਨ ਅਤੇ ਬਹੁਤੇ ਹਾਲੀਂ, ਦੋਵਾਂ 'ਚੋਂ ਕੇਵਲ ਇਕ ਆਪਣਾ ਪ੍ਰਗਟਾਵਾ ਵਿਸ਼ੇਸ਼ਤਾ ਦੇ ਰੂਪ ਵਿਚ ਕਰਦਾ ਹੈ। ਜੋੜੇ ਦਾ ਦੂਜਾ ਜੀਨ, ਜਿਹੜਾ ਅਕ੍ਰਿਆਸ਼ੀਲ ਰਹਿੰਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Recombinant DNA (ਰੀਕਾਮਬਿਨੈਨਟ ਡੀ ਐਨ ਏ)

ਇਸ ਪਦ ਦੇ ਪਹਿਲੇ ਭਾਗ ਦੇ ਅਰਥ ਹਨ 'ਮੁੜ ਕੇ ਜੋੜਨ' ਦੇ। ਉਸ ਪ੍ਰਕਾਰ ਦੇ ਡੀ ਐਨ ਏ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਅੰਦਰਲੀ ਕੁਦਰਤੀ ਤਰਤੀਬ ਨੂੰ, ਡੀ ਐਨ ਏ ਦੀ ਓਪਰੀ ਟੁਕੜੀ ਨੂੰ ਇਸ ਅੰਦਰ ਸੰਯੋਅ ਕੇ ਬਦਲ ਦਿੱਤਾ ਜਾਂਦਾ ਹੈ।

Rectum (ਰੈਕਟੱਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੈਕਟੱਸ (rectus) ਹੈ, ਜਿਸ ਦੇ ਅਰਥ ਹਨ 'ਸਿੱਧੇ' ਦੇ। ਵਲੇਵੇਂਦਾਰ ਆਂਦਰਾਂ ਦੇ ਛੇਕੜਲੇ ਸਿੱਧੇ ਭਾਗ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਕਿ ਗੁਦਾ ਦੁਆਰਾ ਸਰੀਰੋਂ ਬਾਹਰ ਖੁਲ੍ਹਦਾ ਹੈ।

Red blood cells (ਰੈਡ ਬਲੱਡ ਸੈੱਲਜ਼)

ਉਪਰੋਕਤ ਪਦ ਦੇ ਅਰਥ 'ਲਹੂ ਦੇ ਲਾਲ

ਸੈੱਲਾਂ ’ਦੇ ਹਨ। ਲਹੂ ਅੰਦਰ ਕਈ ਪ੍ਰਕਾਰ ਦੇ ਪਦਾਰਥ ਅਤੇ ਸੈੱਲ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪ੍ਰਮੁੱਖ ਗਿਣਤੀ ’ਚ, ਪਰ ਲਾਲ ਰੰਗ ਦੇ ਸੂਹੇ ਸੈੱਲ ਹਨ ਅਤੇ ਜਿਨ੍ਹਾਂ ਕਾਰਨ ਹੀ ਲਹੂ ਦਾ ਲਾਲ ਰੰਗ ਹੈ। ਲਹੂ ਦੇ ਇਕ ਕਯੂਬਿਕ ਮਿਲੀਮੀਟਰ ’ਚ ਇਨ੍ਹਾਂ ਸੈੱਲਾਂ ਦੀ ਗਿਣਤੀ 50 ਲੱਖ ਦੇ ਲਗਭਗ ਰਹਿੰਦੀ ਹੈ, ਅਤੇ ਇਨ੍ਹਾਂ ਉਪਰ ਹੀ ਸਰੀਰ ਦੀ ਸ੍ਵਾਸ ਕ੍ਰਿਆ ਆਧਾਰਿਤ ਹੈ।

Redia (ਰੀਡਿਆ)

ਟ੍ਰੇਮਟੋਡ-ਮਲ੍ਹੱਪਾਂ ਦੇ ਲਾਰਵੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਅਤਾਲਵੀ ਵਿਗਿਆਨੀ, ਐਫ. ਰੀਡਿ (F. Redi) ਦਾ ਨਾਮ ਉਪਰੋਕਤ ਪਦ ਦਾ ਆਧਾਰ ਬਣਿਆ।

Reducer (ਰਿਡਯੂਸਰ)

ਇਸ ਪਦ ਦੇ ਸ਼ਾਬਦਕ ਅਰਥ ਹਨ ‘ਘੱਟ ਕਰਨ ਵਾਲੇ’ ਦੇ ਅਤੇ ਜੀਵ-ਵਿਗਿਆਨ ਦੇ ਪ੍ਰਸੰਗ ’ਚ ਇਸ ਨੂੰ ਕੀਟਾਣੂਆਂ ਅਤੇ ਫਫੂੰਦੀਆਂ (ਉੱਲੀਆਂ) ਲਈ, ਇਸ ਲਈ ਵਿਸ਼ੇਸ਼ ਵਰਤਿਆ ਜਾਂਦਾ ਹੈ, ਕਿਉਂਕਿ ਜੀਵਾਂ ਦੇ ਉਤਪਾਦ ਨੂੰ ਜਾਂ ਇਨ੍ਹਾਂ ਦੀ ਰਹਿੰਦ-ਖੂੰਦ ਨੂੰ ਇਹ ਜੀਵ ਮੂਲ ਤੱਤਾਂ ’ਚ ਨਿਖੇੜਦੇ ਰਹਿੰਦੇ ਹਨ।

Reduction division (ਰਿਡੱਕਸ਼ਨ ਡਿਵਿਯਨ)

ਇਸ ਪਦ ਵਿਚਲੇ ਪਹਿਲੇ ਸ਼ਬਦ ਦੇ ਅਰਥ ਹਨ ‘ਘਟ ਜਾਣ’ ਦੇ ਅਤੇ ਦੂਜੇ ਦੇ, ‘ਵਿਭਾਜਨ’ ਦੇ। ਸੈੱਲ ਦੇ ਮੀਔਸਿਸ (meiosis), ਸੱਦੇ ਜਾਣ ਵਾਲੇ ਸੈੱਲ-ਵਿਭਾਜਨ ਨੂੰ ਇਸ ਨਾਮ ਨਾਲ ਇਸ ਲਈ ਜਾਣਿਆ ਜਾਂਦਾ ਹੈ, ਕਿਉਂਕਿ ਇਸ ਦੌਰਾਨ ਕ੍ਰੋਮੋਸੋਮਾਂ (chromosomes) ਦੀ ਗਿਣਤੀ ਘਟ ਕੇ ਅੱਧੀ ਰਹਿ ਜਾਂਦੀ ਹੈ।

Refection (ਰਿਫੈੱਕਸ਼ਨ)

ਇਸ ਪਦ ਦੇ ਆਮ ਅਰਥ ਹਨ ‘ਅਲਪ ਅਹਾਰ’ ਦੇ, ਪਰ ਜੀਵ-ਵਿਗਿਆਨ ਦੇ ਪ੍ਰਸੰਗ ’ਚ ਕੁਝ ਕੁ ਜੰਗਲੀ ਜਾਨਵਰਾਂ ਦੇ ਉਸ ਵਤੀਰੇ ਨੂੰ ਦਰਸਾਉਣ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਅਧੀਨ ਉਹ ਆਪਣੇ ਹੀ ਫੋਗ ਨੂੰ ਦੁਬਾਰਾ ਅਹਾਰ ਬਣਾ ਲੈਣ ਦੇ ਆਦੀ ਹਨ। ਖ਼ਰਗੋਸ਼ ਇਹੋ ਕਰਦੇ ਹਨ।

Reflex (ਰੀਫਲੈਕਸ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੀਫਲੈਕਟਅਰਿ (reflectere) ਹੈ, ਜਿਸ ਦੇ ਅਰਥ ਹਨ ‘ਪਰਤ ਜਾਣ’ ਦੇ। ਬਾਹਰ ਵਾਪਰੀ ਘਟਨਾ ਕਾਰਨ ਉਪਜੀ ਉਕਸਾਹਟ ਦੇ ਪ੍ਰਭਾਵ ਅਧੀਨ ਸਰੀਰ ਦੇ ਆਪ-ਮੁਹਾਰੇ ਪਰਤਵੇਂ ਹੁੰਗਾਰੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ’ਚ ਇੱਛਾ ਦਾ ਉੱਕਾ ਹੀ ਕੋਈ ਦਖ਼ਲ ਨਹੀਂ ਹੁੰਦਾ।

Regeneration (ਰੀਜੈਨੱਰੇਸ਼ਨ)

ਦੋ ਲਾਤੀਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਪਹਿਲਾ ਰੀ (re), ਜਿਸ ਦੇ ਅਰਥ ਹਨ ‘ਪੁਨਰ’ ਦੇ ਅਤੇ ਦੂਜਾ ਜੈਨਰੱਅਰਿ (generare), ਜਿਸ ਦੇ ਅਰਥ ਹਨ ‘ਉਤਪੰਨ ਕਰਨ’ ਦੇ। ਸਰੀਰ ਅੰਦਰਲੀ ਉਸ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਕਾਰਨ ਸਰੀਰ ਦਾ ਕੋਈ ਨਕਾਰਾ ਜਾਂ ਅਲੋਪ ਹੋਇਆ ਅੰਗ ਜਾਂ ਅੰਗ ਦਾ ਕੋਈ ਭਾਗ ਮੁੜ ਕੇ ਨਵਾਂ ਉਤਪੰਨ ਹੋ ਜਾਂਦਾ ਹੈ।

Regurgitation (ਰੀਗਰਜਿਟੇਸ਼ਨ)

ਇਸ ਪਦ ਦੇ ਸ਼ਾਬਦਕ ਅਰਥ ਹਨ ‘ਪਿਛਾਂਹ ਮੋੜਨ’ ਦੇ ਅਤੇ ਜੀਵ-ਵਿਗਿਆਨ ਦੇ ਪ੍ਰਸੰਗ ’ਚ ਇਸ ਦਾ ਉਪਯੋਗ ਉਸ ਸਥਿਤੀ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਦ ਮਿਹਦੇ ਅੰਦਰ ਪੁੱਜੀ ਖ਼ੁਰਾਕ ਮੁੜ ਮੂੰਹ ਅੰਦਰ ਪਰਤ ਆਉਂਦੀ ਹੈ। ਜੁਗਾਲੀ ਕਰਦੇ ਪਸ਼ੂ ਅਤੇ ਚੂਜ਼ਿਆਂ ਨੂੰ ਚੋਗਾ ਦਿੰਦੇ ਪੰਛੀ ਇਸੇ ਪ੍ਰਚਲਣ ਦਾ ਉਪਯੋਗ ਕਰਦੇ ਹਨ।

Relaxin (ਰੀਲੈਕਸਿਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੀਲੈਕਸਅੱਰਿ (relaxare) ਹੈ, ਜਿਸ ਦੇ ਅਰਥ ਹਨ ‘ਸਿਥਲ ਪੈ ਜਾਣ’ ਦੇ। ਇਹ ਨਾਮ ਇਕ ਹਾਰਮੋਨ ਦਾ ਹੈ ਜਿਹੜਾ ਬੱਚੇ ਦੇ ਜਨਮ ਸਮੇਂ, ਗਰਭਵਤੀ ਦੇ ਪੁੱਠੇ ਦੇ ਜੋੜ ਢਿਲੇ ਕਰਨ ਲਈ ਸਰੀਰ ਅੰਦਰ ਰਿਸਦਾ ਹੈ।

Renal (ਰੀਨਲ)

ਲਾਤੀਨੀ ਸ਼ਬਦ ਰੈਨ (ren) ਇਸ ਪਦ ਦਾ ਮੂਲ ਹੈ ਅਤੇ ਇਸ ਦੇ ਅਰਥ ਹਨ ‘ਗੁਰਦੇ’ ਦੇ। ਇਸ ਪਦ ਦਾ ਉਪਯੋਗ ਗੁਰਦੇ ਨਾਲ ਸਬੰਧ ਦਰਸਾਉਣ ਲਈ ਕੀਤਾ ਜਾਂਦਾ ਹੈ।

Renal portal system (ਰੀਨਲ ਪੋਰਟਲ ਸਿਸਟਮ)

ਇਸ ਪਦ ਦੇ ਪਹਿਲੇ ਦੋ ਸ਼ਬਦ, ਲਾਤੀਨੀ ਸ਼ਬਦਾਂ ਦਾ ਬਦਲਿਆ ਰੂਪ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਰੈਨ (ren), ਜਿਸ ਦੇ ਅਰਥ ਹਨ ‘ਗੁਰਦੇ’ ਦੇ ਅਤੇ ਦੂਜਾ ਹੈ ਪੋਰਟਾ (porta), ਜਿਸ ਦੇ ਅਰਥ ਹਨ ‘ਦੁਆਰ’ ਦੇ। ਪਦ ਅੰਦਰਲਾ ਤੀਜਾ ਸ਼ਬਦ ਪ੍ਰਣਾਲੀ ਲਈ ਵਰਤਿਆ ਜਾਂਦਾ ਸਾਧਾਰਨ ਸ਼ਬਦ ਹੈ। ਕਈ ਰੀੜ੍ਹ-ਸਹਿਤ ਪ੍ਰਾਣੀਆਂ ’ਚ, ਇਨ੍ਹਾਂ ਦੇ ਸਰੀਰ ਦੇ ਪਿਛਲੇ ਭਾਗ ’ਚੋਂ ਪਰਤਦੇ ਲਹੂ ਦਾ ਕੁਝ ਭਾਗ ਪਹਿਲਾਂ ਗੁਰਦੇ ਵਿਚੋਂ ਦੀ ਹੋ ਕੇ ਵਗਦਾ ਹੈ ਅਤੇ ਫਿਰ ਦਿਲ ਅੰਦਰ ਪ੍ਰਵੇਸ਼ ਕਰਦਾ ਹੈ। ਰਗਾਂ ਦੀ ਇਸ ਪ੍ਰਕਾਰ ਦੀ ਵਿਵਸਥਾ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Renin (ਰੀਨਿਨ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਰੈਨ (ren) ਹੈ, ਜਿਸ ਦੇ ਅਰਥ ਹਨ ‘ਗੁਰਦੇ’ ਦੇ। ਉਪਰੋਕਤ ਨਾਮ ਗੁਰਦੇ ਅੰਦਰ ਉਪਜਦੇ ਉਸ ਐਨਜ਼ਾਈਮ ਦਾ ਹੈ, ਜਿਸ ਕਾਰਨ ਸਰੀਰ ਦਾ ਲਹੂ-ਦਬਾਓ ਵਧ ਜਾਂਦਾ ਹੈ।

Rennin (ਰੈਨਿਨ)

ਮਿਹਦੇ ’ਚ ਰਿਸਦੇ ਇਕ ਐਨਜ਼ਾਈਮ ਦਾ ਇਹ ਨਾਮ ਹੈ, ਜਿਹੜਾ ਦੁੱਧ ਨੂੰ ਫਾੜ ਕੇ ਇਸ ਨੂੰ ਹਜ਼ਮ ਹੋਣ ਯੋਗ ਬਣਾਉਣ ਦੀ ਭੂਮਿਕਾ ਨਿਭਾਉਂਦਾ ਹੈ।

Replication (ਰੈਪਲਿਕੇਸ਼ਨ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਰੈਪਲਿਕਅੱਰਿ (replicare) ਹੈ, ਜਿਸ ਦੇ ਅਰਥ ਹਨ ‘ਦੂਹਰਾ ਹੋ ਜਾਣ’ ਦੇ। ਜੈਵਿਕ ਅਣੂ ਦੇ, ਵਿਸ਼ੇਸ਼ ਤੌਰ ’ਤੇ ਡੀ ਐਨ ਏ ਦੇ ਆਪਣੇ ਜਿਹੇ ਦੂਜੇ ਅਣੂ ਨੂੰ ਉਤਪੰਨ ਕਰਨ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Reproduction (ਰੀਪਰਾੱਡੱਕਸ਼ਨ)

ਇਸ ਪਦ ’ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਰੀ (re), ਜਿਸ ਦੇ ਅਰਥ ਹਨ “ਦੁਬਾਰਾ” ਦੇ ਅਤੇ ਦੂਜਾ ਪਰਾੱਡਯੂਸਰਿ (producere), ਜਿਸ ਦੇ ਅਰਥ ਹਨ ‘ਅਗਾਂਹ ਤੋਰਨ’ ਦੇ। ਜੀਵਾਂ ਦੀ ਪੱਧਰ ਉਪਰ, ਆਪਣੇ ਜਿਹੇ ਹੋਰ ਜੀਵ ਨੂੰ ਉਤਪੰਨ ਕਰਨ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਸੰਖੇਪ ’ਚ, ਜਿਸ ਦੇ ਅਰਥ ‘ਸੰਤਾਨ ਉਤਪਤੀ’ ਦੇ ਹਨ।

Reptilia (ਰੇੱਪਟੀਲੀਆ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਰੇੱਪਰਿ (repere) ਹੈ, ਜਿਸ ਦੇ ਅਰਥ ਹਨ ‘ਭੂਮੀ ਉਪਰ ਢਿੱਡ ਭਾਰ ਚਲਣ’ ਦੇ। ਰੀੜ੍ਹ-ਸਹਿਤ ਵਿਸਰਪੀ ਪ੍ਰਾਣੀਆਂ ਦੀ ਸ਼੍ਰੇਣੀ ਦਾ ਇਹ ਵਿਗਿਆਨਕ ਨਾਮ ਹੈ, ਜਿਸ ’ਚ ਕਿਰਲੇ, ਸੱਪ, ਕੱਛੂ, ਮਗਰ-ਮੱਛ ਆਦਿ ਸ਼ਾਮਲ ਹਨ।

Reservoir (ਰੇੱਜ਼ਰਵਾਇਰ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ

ਦੇ ਸ਼ਾਬਦਕ ਅਰਥ ਹਨ ‘ਇਕੱਤਰ ਕਰਨ’ ਦੇ। ਉਂਜ ਇਹ ਪਦ ਗ਼ੈਰ ਕੁਦਰਤੀ ਜਲ-ਭੰਡਾਰ ਲਈ ਆਮ ਵਰਤਿਆ ਜਾਂਦਾ ਹੈ, ਜਿਸ ਦਾ ਆਰਥਿਕ ਪੱਖੋਂ ਮਹੱਤਵ ਹੋਣ ਕਾਰਨ, ਇਸ ਦੀ ਸੰਭਾਲ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ।

Respiration (ਰੈੱਸਪਿਰੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੈੱਸਪਿਰੇਸ਼ੋ (respiratio) ਹੈ, ਜਿਸ ਦੇ ਅਰਥ ਹਨ ‘ਸਵਾਸ ਲੈਣ’ ਦੇ। ਉਪਰੋਕਤ ਪਦ ਜੀਵਾਂ ਦੀ ਸਵਾਸ-ਕ੍ਰਿਆ ਲਈ ਵਰਤੋਂ ’ਚ ਆਉਂਦਾ ਹੈ, ਜਿਸ ਦੌਰਾਨ ਆਕਸੀਜਨ ਸਰੀਰ ਅੰਦਰ ਪ੍ਰਵੇਸ਼ ਕਰਦੀ ਹੈ ਅਤੇ ਸਰੀਰ ਅੰਦਰ ਉਪਜੀ ਕਾਰਬਨ ਡਾਈਆਕਸਾਈਡ ਸਰੀਰ ਚੋਂ ਬਾਹਰ ਨਿਕਲ ਜਾਂਦੀ ਹੈ।

Respiratory pigment (ਰਸਪਾਇਰੇਟਰਿ ਪਿਗਮੰਟ)

ਲਹੂ ਅੰਦਰਲੇ ਉਸ ਰੰਗਦਾਰ ਪਦਾਰਥ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਗੈਸਾਂ ਦੇ ਵਟਾਂਦਰੇ ਦਾ ਆਧਾਰ ਹੈ ਅਤੇ ਸਰੀਰ ਅੰਦਰ ਗੈਸਾਂ ਦੀ, ਭਾਵ ਆਕਸੀਜਨ ਅਤੇ ਕਾਰਬਨ ਡਾਈਆਕਸਾਈਡ ਦੀ ਆਵਾਜ਼ਾਈ ਲਈ ਜ਼ਿੰਮੇਵਾਰ ਹੈ। ਰੀੜ੍ਹ-ਸਹਿਤ ਪ੍ਰਾਣੀਆਂ ’ਚ ਇਹ ਰੰਗਦਾਰ ਪਦਾਰਥ ਸੂਹੇ ਰੰਗ ਵਾਲਾ ਹੀਮੋੱਗਲਾੱਬਿਨ (haemoglobin) ਹੈ।

Respiratory quotient (ਰਸਪਾਇਰੇਟਰਿ ਕੋਸ਼ੰਟ)

ਸਰੀਰ ਅੰਦਰ ਸਮਾ ਰਹੀ ਆਕਸੀਜਨ ਦੀ ਮਾਤਰਾ ਦਾ ਜਿਹੜਾ ਅਨੁਪਾਤ ਸਰੀਰੋਂ ਬਾਹਰ ਆ ਰਹੀ ਕਾਰਬਨ ਡਾਈਆਕਸਾਈਡ ਨਾਲ ਹੁੰਦਾ ਹੈ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਕੋਸ਼ੰਟ ਦੇ ਸ਼ਾਬਦਕ ਅਰਥ ਹਨ ‘ਵੰਡ-ਫਲ’ ਦੇ।

Resting cell (ਰੈਸਟਿੰਗ ਸੈੱਲ)

ਸੈੱਲ ਦੀ ਜੀਵਨੀ ਦੇ ਉਸ ਪੜਾਅ ਦਾ ਇਹ ਨਾਮ ਹੈ, ਜਦ ਇਹ ਨਾ ਤਾਂ ਵੰਡਿਆ ਜਾ ਰਿਹਾ ਹੁੰਦਾ ਹੈ ਅਤੇ ਨਾ ਹੀ ਵੰਡੇ ਜਾਣ ਦੀ ਤਿਆਰੀ ਕਰ ਰਿਹਾ ਹੁੰਦਾ ਹੈ; ਪਰ ਜੀਵਨ ਨਾਲ ਜੁੜੀਆਂ, ਦੂਜੀਆਂ ਹੋਰ ਕ੍ਰਿਆਵਾਂ ਇਹ ਭਲੀ ਭਾਂਤ ਪੂਰੀਆਂ ਕਰ ਰਿਹਾ ਹੁੰਦਾ ਹੈ।

Rete (ਰੀਟੀ)

ਇਹ ਲਾਤੀਨੀ ਸ਼ਬਦ ਹੈ, ਜਿਹੜਾ ਸਰੀਰ ਅੰਦਰਲੇ ਹਰ ਪ੍ਰਕਾਰ ਦੇ ਉਣੇ ਹੋਏ ‘ਜਾਲ’ ਲਈ ਵਰਤਿਆ ਜਾ ਸਕਦਾ ਹੈ।

Reticulum (ਰੀਟਿਕਯੂਲਮ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ ‘ਜਾਲੀ’ ਦੇ। ਸਰੀਰ ਵਿਖੇ ਕਿਧਰੇ ਵੀ ਉਣੀ ਹੋਈ ਜਾਲੀ ਲਈ ਅਤੇ ਸੈੱਲ ਅੰਦਰ ਵੀ ਪ੍ਰੋਟੱਪਲੈਜ਼ਮੀ ਰੇਸ਼ਿਆਂ ਦੀ ਉਣੀ ਹੋਈ ਜਾਲੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਉਧਰ ਜੁਗਾਲੀ ਕਰਦੇ ਪਸ਼ੂਆਂ ਦੇ ਮਿਹਦੇ ਦੇ ਦੂਜੇ ਖਾਨੇ ਲਈ ਵੀ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Retina (ਰੈਟਿਨਾੱ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਰੀਟੀ (rete) ਹੈ, ਜਿਸ ਦੇ ਅਰਥ ਹਨ ‘ਜਾਲ’ ਦੇ। ਅੱਖ ਦੇ ਪਰਦੇ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਥੇ ਕਿ ਦ੍ਰਿਸ਼ ਅੰਕਿਤ ਹੁੰਦੇ ਹਨ ਅਤੇ ਜਿਸ ਦਾ ਦਿਮਾਗ਼ ਨਾਲ ਸੰਪਰਕ ਆਪਟਿਕ ਨਸ (optic nerve) ਦੁਆਰਾ ਬਣਿਆ ਹੁੰਦਾ ਹੈ।

Retractor muscle (ਰੀਟ੍ਰੈਕਟੱਰ ਮੱਸਲ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਰੀਟ੍ਰੈਹਰਿ (retrahere) ਹੈ, ਜਿਸ ਦੇ ਅਰਥ ਹਨ ‘ਪਿਛਾਂਹ ਲੈ ਜਾਣ’ ਦੇ। ਪਦ ਦਾ ਦੂਜਾ ਭਾਗ ‘ਮਾਸ-ਪੇਸ਼ੀ’ ਲਈ ਵਰਤੋਂ ’ਚ ਆ

ਰਿਹਾ ਆਮ ਸ਼ਬਦ ਹੈ। ਉਸ ਮਾਸ-ਪੇਸ਼ੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੇ ਸੁੰਗੜਨ ਨਾਲ ਇਸ ਨਾਲ ਜੁੜੀ ਬਣਤਰ ਅੰਦਰ ਵੱਲ ਨੂੰ ਜਾਂ ਪਿਛਾਂਹ ਵੱਲ ਨੂੰ ਹਰਕਤ ਕਰਦੀ ਹੈ।

Retrogressive (ਰੇੱਟਰੱਗ੍ਰੈਸਿਵ)

ਇਹ ਪਦ ਲਾਤੀਨੀ ਸ਼ਬਦ, ਰੇੱਟਰੱਗ੍ਰੈਸੱਸ (retrogressus) ਦੀ ਦੇਣ ਹੈ, ਜਿਸ ਦੇ ਅਰਥ ਹਨ ‘ਪਿਛਾਂਹ ਪਰਤ ਜਾਣ’ ਦੇ। ਉਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜੀ ਪਤਨ ਦਾ ਜਾਂ ਨਿਘਾਰ ਦਾ ਸੰਕੇਤ ਦਿੰਦੀ ਹੈ।

Retrovirus (ਰੇੱਟਰੱਵਾਇਰਸ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ, ਰੇੱਟਰੱ (retro) ਹੈ, ਜਿਸ ਦੇ ਅਰਥ ਹਨ ‘ਪਿਛਲ-ਪੈਰੀਂ’ ਦੇ। ਪਦ ਦਾ ਦੂਜਾ ਭਾਗ ਵਾਇਰਸ (virus), ਵਿਸ਼ਾਣੂ ਲਈ ਵਰਤਿਆ ਜਾਂਦਾ ਲਾਤੀਨੀ ਸ਼ਬਦ ਹੈ, ਜਿਸ ਦੇ ਉਂਜ ਅਰਥ ‘ਵਿਸ਼ੈਲੇ ਅਣੂ’ ਦੇ ਹਨ। ਕੁਝ ਵਿਸ਼ਾਣੂ ਹਨ ਜਿਨ੍ਹਾਂ ’ਚ ਡੀ ਐਨ ਏ ਨਹੀਂ, ਆਰ ਐਨ ਏ ਹੁੰਦਾ ਹੈ। ਇਹ ਵਿਸ਼ਾਣੂ ਮੀਜ਼ਬਾਨ ਸੈੱਲ ਅੰਦਰ ਪ੍ਰਵੇਸ਼ ਕਰ ਜਾਣ ਉਪਰੰਤ, ਪਹਿਲਾਂ ਆਪਣੇ ਆਰ ਐਨ ਏ ਤੋਂ ਡੀ ਐਨ ਏ ਉਪਜਾਉਂਦੇ ਹਨ ਅਤੇ ਇਸ ਪ੍ਰਕਾਰ ਆਪਣੀਆਂ ਲੋੜਾਂ ਪੂਰੀਆਂ ਕਰਨ ਯੋਗ ਸਥਿਤੀ ’ਚ ਆ ਜਾਂਦੇ ਹਨ। ਇਸ ਪ੍ਰਕਾਰ ਦੇ ਪਰਤਵੇਂ ਪ੍ਰਚਲਣ ਦੇ ਯੋਗ ਹੋਣ ਕਾਰਨ, ਇਨ੍ਹਾਂ ਵਿਸ਼ਾਣੂਆਂ ਨੂੰ ਉਪਰੋਕਤ ਨਾਮ ਨਾਲ ਸੱਦਿਆ ਜਾਂਦਾ ਹੈ। ਇਸ ਪ੍ਰਚਲਨ ਨੂੰ ਪਿਛਲੇ-ਪੈਰੀਂ ਪਰਤਵਾਂ ਇਸ ਲਈ ਕਿਹਾ ਜਾ ਸਕਦਾ ਹੈ, ਕਿਉਂਕਿ ਜੀਵ-ਸੰਸਾਰ ਵਿਖੇ ਸਰਬ ਵਿਆਪਕ ਸਥਿਤੀ ਇਹ ਹੈ ਕਿ ਡੀ ਐਨ ਏ ਹੀ ਆਰ ਐਨ ਏ ਉਪਜਾਉਂਦਾ ਹੈ। ਇਸ ਦੇ ਉਲਟ, ਉਪਰੋਕਤ ਤੋਂ ਬਿਨਾਂ, ਹੋਰ ਕਿਧਰੇ ਨਹੀਂ ਹੁੰਦਾ।

Retting (ਰੈਟਿੰਗ)

ਰੇਸ਼ਿਆਂ ਨੂੰ ਤਣੇ ਨਾਲੋਂ ਵੱਖ ਕਰਨ ਦੇ ਪ੍ਰਚਲਨ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਵੇਂ ਕਿ ਤੀਲਿਆਂ ਨਾਲੋਂ ਸਣ।

Reversion (ਰੀਵੱਰਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੀਵੱਰਸਿਓ (reversio) ਹੈ, ਜਿਸ ਦੇ ਅਰਥ ਹਨ ‘ਪਰਤ ਜਾਣ’ ਦੇ। ਉਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜੇਕਰ ਨਸਲ ਦੀ ਅਲੋਪ ਹੋ ਚੁਕੀ ਕੋਈ ਪੂਰਵਜੀ ਵਿਸ਼ੇਸ਼ਤਾ, ਇਸ ਦੇ ਵਰਤਮਾਨ ’ਚ ਵਿਚਰ ਰਹੇ ਕਿਸੇ ਨਾ ਕਿਸੇ ਜੀਵ ’ਚ ਮੁੜ ਕੇ ਪ੍ਰਗਟ ਹੋ ਜਾਵੇ।

RH factor (ਆਰ ਐਚ ਫੈਕਟਰ)

ਅੰਗ੍ਰੇਜ਼ੀ ਵਰਣਮਾਲਾ ਦੇ ਆਰ ਅਤੇ ਐਚ ਅੱਖਰ, ਰਹੀਸੱਸ (rhesus) ਨਾਮ ਦੀ ਬਾਂਦਰ-ਜਾਤੀ ਦੇ ਸੰਕੇਤ ਹਨ, ਅਤੇ ਜਿਹੜਾ ਵਿਸ਼ੇਸ਼ ਤੱਤ ਇਸ ਜਾਤੀ ਦੇ ਬਾਂਦਰਾਂ ਦੇ ਲਹੂ ’ਚ ਮਿਲਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Rhizophagous (ਰਾਇਜ਼ੱਫੈਗੱਸ)

ਇਸ ਪਦ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਰਾਇਜ਼ਾੱ (rhiza), ਜਿਸ ਦੇ ਅਰਥ ਹਨ ‘ਜੜ੍ਹ’ ਦੇ ਅਤੇ ਦੂਜਾ ਫਾਜੀਨ (phagein), ਜਿਸ ਦੇ ਅਰਥ ਹਨ ‘ਖਾਣ’ ਦੇ। ਜੜ੍ਹਾਂ ਨੂੰ ਅਹਾਰ ਵਜੋਂ ਵਰਤਦੇ ਪ੍ਰਾਣੀਆਂ ਲਈ ਉਪਰੋਕਤ ਪਦ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ ਜਿਨ੍ਹਾਂ ’ਚ ਵਧੇਰੇ, ਮਲ੍ਹੱਪ ਅਤੇ ਕੀਟ ਸ਼ਾਮਲ ਹਨ।

Rhizophorous (ਰਾਇਜ਼ੱਫਰਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਰਾਇਜ਼ਾੱ (rhiza), ਜਿਸ ਦੇ ਅਰਥ ਹਨ ‘ਜੜ੍ਹ’ ਦੇ ਅਤੇ ਦੂਜਾ ਫੱਰੀਨ (pherein), ਜਿਸ ਦੇ ਅਰਥ ਹਨ ‘ਜਨਮ ਦੇਣ’ ਦੇ। ਜੜ੍ਹਦਾਰ

ਪੌਦਿਆਂ ਲਈ ਉਪਰੋਕਤ ਪਦ ਦੀ ਵਰਤੋਂ ਵਿਸ਼ੇਸ਼ਣ ਵਜੋਂ ਕੀਤੀ ਜਾਂਦੀ ਹੈ।

Riboflavin (ਰਾਇਬੱਫਲੇਵਿਨ)

ਇਹ ਵਿਟਾਮਿਨ ਬੀ$_2$ (B_2) ਦਾ ਵਿਗਿਆਨਕ ਨਾਮ ਹੈ, ਜਿਸ ਦੀ ਸਰੀਰਕ ਵ੍ਰਿਧੀ 'ਚ ਮੁੱਖ ਭੂਮਿਕਾ ਹੈ। ਮਨੁੱਖ ਦੇ ਅਹਾਰ 'ਚ ਸ਼ਾਮਲ ਦਾਲਾਂ, ਪਾਲਕ, ਮਟਰ, ਕਲੇਜੀ, ਅੰਡੇ, ਦੁੱਧ ਆਦਿ ਇਸ ਵਿਟਾਮਿਨ ਦਾ ਸ੍ਰੋਤ ਹਨ। ਉਂਜ ਆਂਦਰਾਂ 'ਚ ਵਿਚਰਦੇ ਕੀਟਾਣੂਆਂ ਦੀ ਇਕ ਵਿਸ਼ੇਸ਼ ਕਿਸਮ ਵੀ ਇਸ ਵਿਟਾਮਿਨ ਦਾ ਉਤਪਾਦ ਸਰੀਰ ਵਿਖੇ ਕਰਦੀ ਰਹਿੰਦੀ ਹੈ।

Ribonucleic acid
(ਰਾਇਬੱਨਿਊਕਲੀਅਕ ਐਸਿਡ)

ਸੈੱਲ ਅੰਦਰ, ਨਿਊਕਲੀਅਸ ਦੇ ਅੰਦਰ ਵੀ ਅਤੇ ਬਾਹਰ ਵੀ, ਵਿਚਰਦੇ ਤੇਜ਼ਾਬੀ ਵਿਸ਼ੇਸ਼ਤਾ ਵਾਲੇ ਅਣੂ ਦਾ ਇਹ ਨਾਮ ਹੈ, ਜਿਸ ਨੂੰ ਆਰ ਐਨ ਏ ਵੀ ਸੱਦਿਆ ਜਾਂਦਾ ਹੈ ਅਤੇ ਜਿਸ ਦੀ ਸਹਾਇਤਾ ਬਿਨਾਂ ਡੀ ਐਨ ਏ ਦਾ ਕ੍ਰਿਆਸ਼ੀਲ ਹੋਣਾ ਸੰਭਵ ਨਹੀਂ।

Ribosomes (ਰਾਇਬੱਸੋਮਜ਼)

ਸੈੱਲ ਅੰਦਰ ਝਿਲੀਆਂ ਦੇ ਵਿਛੇ ਜਾਲ ਉਪਰ ਅਣਗਿਣਤ ਮਹੀਨ ਇੰਦਰੀਆਂ ਖਿੰਡੀਆਂ ਰਹਿੰਦੀਆਂ ਹਨ, ਜਿਹੜੀਆਂ ਆਰ ਐਨ ਏ (RNA) 'ਚ ਸਮ੍ਰਿਧ ਹੋਣ ਕਰਕੇ, ਉਪਰੋਕਤ ਨਾਮ ਨਾਲ ਜਾਣੀਆਂ ਜਾਂਦੀਆਂ ਹਨ ਅਤੇ ਜਿਹੜੀਆਂ ਪ੍ਰੋਟੀਨਾਂ ਦੀ ਊਪਜ ਦਾ ਸਥਾਨ ਹਨ।

RNA (ਆਰ ਐਨ ਏ)

ਅੰਗਰੇਜ਼ੀ ਵਰਣਮਾਲਾ ਦੇ ਇਹ ਤਿੰਨ ਅੱਖਰ ਰਾਇਬੱਨਿਊਕਲੀਅਕ ਐਸਿਡ ਦੇ ਸੰਕੇਤ ਵਜੋਂ ਆਮ ਵਰਤੇ ਜਾ ਰਹੇ ਹਨ।

Rodentia (ਰੋਡੰਸ਼ੀਆ)

ਲਾਤੀਨੀ ਸ਼ਬਦ, ਰੋਡਰਿ (rodere) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਕੁਤਰਨ' ਦੇ। ਇਹ ਨਾਮ ਉਸ ਪਸ਼ੂ ਵਰਗ ਦਾ ਹੈ, ਜਿਸ 'ਚ ਚੂਹੇ-ਚੂਹੀਆਂ, ਕਾਟਵਾਂ, ਸੇਹਾਂ, ਸੁਸਣੀਆਂ ਆਦਿ ਸ਼ਾਮਲ ਹਨ। ਚੂਹੇ-ਚੂਹੀਆਂ ਪ੍ਰਜਣਨ ਦੀ ਅਤੀ ਤੇਜ਼ ਗਤੀ ਲਈ ਵੀ ਜਾਣੇ ਜਾਂਦੇ ਹਨ।

Root (ਰੂਟ)

ਇਹ ਜੜ੍ਹ ਲਈ ਵਰਤਿਆ ਜਾਂਦਾ ਪਦ ਹੈ, ਜਿਸ ਕਾਰਨ ਪੌਦੇ ਭੂਮੀ ਅੰਦਰ ਸਥਿਰ ਖਲੋਤੇ ਰਹਿੰਦੇ ਹਨ। ਜੜ੍ਹਾਂ ਦੁਆਰਾ ਹੀ ਪੌਦੇ ਭੂਮੀ ਅੰਦਰੋਂ ਪਾਣੀ ਅਤੇ ਪਾਣੀ 'ਚ ਘੁਲੇ ਹੋਏ ਖ਼ੁਰਾਕੀ ਤੱਤ ਚੂਸਦੇ ਰਹਿੰਦੇ ਹਨ।

Rootlets (ਰੂਟਲਟਸ)

ਜੜ੍ਹਾਂ ਚੋਂ ਪੁੰਗਰ ਕੇ ਮਲੂਕ ਲਗਰਾਂ ਆਲੇ-ਦੁਆਲੇ ਖਿੰਡੀਆਂ ਹੁੰਦੀਆਂ ਹਨ, ਜਿਹੜੀਆਂ ਪਾਣੀ ਨੂੰ ਅਤੇ ਪਾਣੀ 'ਚ ਘੁਲੇ ਖ਼ੁਰਾਕੀ ਤੱਤਾਂ ਨੂੰ ਚੂਸ ਚੂਸ ਕੇ, ਜੜ੍ਹਾਂ ਦੁਆਰਾ, ਪੌਦਿਆਂ ਤਕ ਪਹੁੰਚਾਉਣ ਦਾ ਸਾਧਨ ਬਣਦੀਆਂ ਹਨ। ਇਨ੍ਹਾਂ ਲਈ ਹੀ ਉਪਰੋਕਤ ਪਦ ਰਾਖਵਾਂ ਹੈ।

Root nodule (ਰੂਟ ਨਾਡਯੂਲ)

ਇਸ ਪਦ ਦੇ ਪਹਿਲੇ ਭਾਗ ਦੇ ਅਰਥ ਹਨ 'ਜੜ੍ਹ' ਦੇ ਅਤੇ ਦੂਜੇ ਭਾਗ ਦੇ 'ਉਭਾਰ' ਦੇ ਜਾਂ 'ਗੰਢ' ਦੇ। ਜੜ੍ਹ ਅੰਦਰ ਜੇਕਰ ਗੰਢ ਉਭਰੀ ਹੋਵੇ, ਤਦ ਉਸ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ। ਜੜ੍ਹਾਂ 'ਚੋਂ ਗੰਢਾਂ ਬਣ ਕੇ ਉਭਰੀਆਂ ਗਟੋਲੀਆਂ ਫਲੀਦਾਰ ਪੌਦਿਆਂ ਦੀ ਵਿਸ਼ੇਸ਼ਤਾ ਹੈ, ਜਿਨ੍ਹਾਂ ਅੰਦਰ ਅਜਿਹੇ ਕੀਟਾਣੂ ਫਲਦੇ-ਫੁਲਦੇ ਹਨ, ਜਿਹੜੇ ਵਾਯੂਮੰਡਲ ਅੰਦਰਲੀ ਸਾਧਾਰਨ ਨਾ ਵਰਤੀ ਜਾ ਸਕਣ ਵਾਲੀ ਨਾਈਟ੍ਰੋਜਨ ਨੂੰ ਪੌਦਿਆਂ ਲਈ ਵਰਤੋਂ ਯੋਗ ਰੂਪ ਅਰਪਣ ਕਰਦੇ ਰਹਿੰਦੇ ਹਨ।

Rosaceae (ਰੱਜ਼ੇਸੀ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੋਜ਼ਾੱ (rosa) ਹੈ, ਜਿਸ ਦੇ ਅਰਥ ਹਨ 'ਗੁਲਾਬ' ਦੇ। ਉਪਰੋਕਤ ਨਾਮ ਉਸ ਬਨਸਪਤੀ ਕੁਟੰਬ ਦਾ ਹੈ, ਜਿਸ 'ਚ ਗੁਲਾਬ ਤੋਂ ਬਿਨਾਂ ਹੋਰ ਵੀ, ਗਿਟਕਦਾਰ ਫਲ ਉਪਜਾਉਂਦੇ, ਆਲੂਚਾ, ਆਲੂ-ਬੁਖ਼ਾਰਾ, ਆੜੂ, ਚੈਰੀ, ਬਦਾਮ ਜਿਹੇ ਪੌਦੇ ਸ਼ਾਮਲ ਹਨ।

Rotator muscle (ਰਟੇਟਾੱਰ ਮੱਸਲ)

ਲਾਤੀਨੀ ਸ਼ਬਦ, ਰੋਟਾੱ (rota) ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਪਹੀਏ' ਦੇ। ਪਦ ਦਾ ਦੂਜਾ ਭਾਗ 'ਮਾਸ-ਪੇਸ਼ੀ' ਨੂੰ ਦਰਸਾਉਂਦਾ ਸ਼ਬਦ ਹੈ। ਜਿਹੜੀ ਮਾਸ-ਪੇਸ਼ੀ ਜਦ ਸੁੰਗੜਦੀ ਹੈ, ਜੇਕਰ ਇਸ ਨਾਲ ਜੁੜੀ ਹੋਈ ਬਣਤਰ ਜਾਂ ਅੰਗ ਪਹੀਏ ਵਾਂਗ ਘੁੰਮ ਜਾਵੇ, ਤਾਂ ਅਜਿਹੀ ਲਈ ਉਪਰੋਕਤ ਪਦ ਰਾਖਵਾਂ ਹੈ।

Rotifera (ਰੋਟਿਫਰਾੱ)

ਇਸ ਪਦ ਦਾ ਆਧਾਰ ਜਿਹੜੇ ਦੋ ਲਾਤੀਨੀ ਸ਼ਬਦ ਹਨ, ਉਨ੍ਹਾਂ 'ਚੋਂ ਪਹਿਲਾ ਹੈ ਰੋਟਾੱ (rota), ਜਿਸ ਦੇ ਅਰਥ ਹਨ 'ਪਹੀਏ' ਦੇ ਅਤੇ ਦੂਜਾ ਹੈ ਫਰਿ (ferre), ਜਿਸ ਦੇ ਅਰਥ ਹਨ 'ਧਾਰਨ ਕਰਨ' ਦੇ। ਮਹੀਨ ਆਕਾਰ ਦੇ ਜਲ-ਪ੍ਰਾਣੀਆਂ ਦੇ ਕਬੀਲੇ (phylum) ਦਾ ਇਹ ਨਾਮ ਹੈ, ਜਿਸ 'ਚ ਸ਼ਾਮਲ ਪ੍ਰਾਣੀਆਂ ਦੀ ਗੋਲ ਨੁਹਾਰ ਹੈ ਅਤੇ ਇਹ ਪਹੀਏ ਵਾਂਗ ਘੁੰਮਦੇ ਰਹਿੰਦੇ ਹਨ। ਇਸੇ ਕਾਰਨ ਇਨ੍ਹਾਂ ਦੇ ਕਬੀਲੇ ਦਾ ਉਪਰੋਕਤ ਨਾਮ ਪਿਆ।

Round worms (ਰਾਊਂਡਵਰਮਜ਼)

ਇਸ ਪਦ ਦੇ ਸ਼ਾਬਦਕ ਅਰਥ ਹਨ 'ਗੋਲ ਨੁਹਾਰ ਵਾਲੇ ਮਲ੍ਹੱਪਾਂ' ਦੇ ਅਤੇ ਇਸ ਪਦ ਦਾ ਉਪਯੋਗ ਨੇੱਮਾੱਟੋਡਾ (Nematoda) ਕਬੀਲੇ 'ਚ ਸ਼ਾਮਲ, ਗੋਲ ਤੇ ਮਲੂਕ ਸਰੀਰ ਵਾਲੇ ਕਿਰਮੀ ਮਲ੍ਹੱਪਾਂ ਲਈ ਕੀਤਾ ਜਾਂਦਾ ਹੈ।

Rotundifolious (ਰਟੰਡਿਫੋਲਿਅਸ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਰਟੰਡਸ (rotundus), ਜਿਸ ਦੇ ਅਰਥ ਹਨ 'ਗੋਲ' ਦੇ ਅਤੇ ਦੂਜਾ ਹੈ ਫੋਲਿਅਮ (folium), ਜਿਸ ਦੇ ਅਰਥ ਹਨ 'ਪੱਤਰ' ਦੇ। ਉਸ ਪੌਦੇ ਲਈ ਉਪਰੋਕਤ ਪਦ ਦੀ ਵਰਤੋਂ ਵਿਸ਼ੇਸ਼ਣ ਵਜੋਂ ਕੀਤੀ ਜਾਂਦੀ ਹੈ, ਜਿਸ ਦੇ ਗੋਲ ਨੁਹਾਰ ਦੇ ਸਾਵੇ-ਪੱਤਰ ਹਨ।

rRNA (ਆਰ ਆਰ ਐਨ ਏ)

ਰਾਇਬੱਸੋਮਲ ਰਾਇਬੱਨਿਊਕਲੀਅਕ ਐਸਿਡ (ribosomal ribonucleic acid) ਦਾ ਇਹ ਸੰਕੇਤਕ ਨਾਮ ਹੈ, ਜਿਨ੍ਹਾਂ ਦੁਆਰਾ ਹੀ ਰਾਇਬੱਸੋਮ (ribosome) ਨਾਮ ਦੀ ਸੈੱਲ ਇੰਦਰੀ ਦੀ ਰਚਨਾ ਹੋਈ ਹੁੰਦੀ ਹੈ।

Ruderal (ਰੂਡਰਾੱਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੂਡਸ (rudus) ਹੈ, ਜਿਸ ਦੇ ਅਰਥ ਹਨ 'ਰੂੜੀ' ਦੇ ਜਾਂ 'ਕੂੜੇ ਦੇ ਢੇਰ' ਦੇ। ਇਕੱਤਰ ਹੋਏ ਕੂੜੇ ਦੇ ਅੰਬਾਰ 'ਚ ਅਤੇ ਰੂੜੀ ਉਪਰ ਉਗਣ ਵਾਲੇ ਪੌਦਿਆਂ ਲਈ ਉਪਰੋਕਤ ਪਦ ਦੀ ਵਰਤੋਂ ਵਿਸ਼ੇਸ਼ਣ ਵਜੋਂ ਕੀਤੀ ਜਾਂਦੀ ਹੈ।

Rudimentary (ਰੂਡਿਮੈਂਟਾੱਰਿ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਰੁਡਿਮੈਂਟੱਮ (rudimentum) ਹੈ, ਜਿਸ ਦੇ ਅਰਥ ਹਨ 'ਪਹਿਲੇ ਯਤਨ' ਦੇ। ਪ੍ਰਗਤ ਹੋ ਰਹੇ ਸਰੀਰਕ ਅੰਗ ਦੀ ਮੁਢਲੀ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Rumen (ਰੂਮਨ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਜੁਗਾਲੀ' ਦੇ। ਜੁਗਾਲੀ ਕਰਦੇ ਪਸ਼ੂ ਦੇ ਖਾਨੇਦਾਰ ਮਿਹਦੇ ਦੇ ਪਹਿਲੇ ਖਾਨੇ ਦਾ ਇਹ ਨਾਮ

ਹੈ, ਜਿਸ ਅੰਦਰ ਅਣਚਿੱਥੀ ਖ਼ੁਰਾਕ ਇਕੱਤਰ ਹੁੰਦੀ ਰਹਿੰਦੀ ਹੈ।

Ruminant (ਰੂਮਿਨੈਨਟ)

ਲਾਤੀਨੀ ਸ਼ਬਦ, ਰੂਮਿਨੱਰਿ (ruminare) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਜੁਗਾਲੀ ਕਰਨ' ਦੇ। ਜੁਗਾਲੀ ਕਰਦੇ ਹਰ ਇਕ ਪਸ਼ੂ ਲਈ ਇਸ ਪਦ ਦਾ ਉਪਯੋਗ ਕੀਤਾ ਜਾ ਸਕਦਾ ਹੈ।

Ruminantia (ਰੂਮਿਨੈਨਸ਼ੀਆ)

ਇਸ ਪਦ 'ਚ ਲਾਤੀਨੀ ਸ਼ਬਦ, ਰੂਮਿਨੱਰਿ (ruminare) ਦਾ ਯੋਗਦਾਨ ਹੈ, ਜਿਸ ਦੇ ਅਰਥ ਹਨ 'ਜੁਗਾਲੀ ਕਰਨ' ਦੇ। ਉਪਰੋਕਤ ਨਾਮ ਉਸ ਪਸ਼ੂ-ਵਰਗ (mammalian order) ਦਾ ਹੈ, ਜਿਸ 'ਚ ਜੁਗਾਲੀ ਕਰਦੇ ਪਸ਼ੂ ਸ਼ਾਮਲ ਹਨ, ਭਾਵ ਗਾਵਾਂ, ਮੱਝਾਂ, ਬੱਕਰੀਆਂ, ਭੇਡਾਂ, ਹਿਰਨ, ਜਿਰਾਫ, ਊੱਠ ਆਦਿ।

Runner (ਰੱਨਰ)

ਇਸ ਪਦ ਦਾ ਉਪਯੋਗ ਉਸ ਪੌਦੇ ਲਈ ਕੀਤਾ ਜਾਂਦਾ ਹੈ, ਜਿਸ ਦਾ ਸਿੱਧਾ ਅਤੇ ਮਲੂਕ ਤਣਾ ਭੂਮੀ ਉਪਰ ਵਿਛਿਆ ਹੋਇਆ ਹੁੰਦਾ ਹੈ, ਅਤੇ ਜਿਸ ਦੀਆਂ ਗੰਢਾਂ 'ਚੋਂ ਪੱਤਰ ਉਤਾਂਹ ਵੱਲ ਨੂੰ ਅਤੇ ਜੜ੍ਹਾਂ ਭੂਮੀ ਵੱਲ ਨੂੰ ਪੁੰਗਰਦੀਆਂ ਰਹਿੰਦੀਆਂ ਹਨ, ਜਿਵੇਂ ਕਿ ਪੂਦਨੇ ਦੀ ਅਤੇ ਸਟ੍ਰਾਬੈਰੀ (strawberry) ਦੀ ਸਥਿਤੀ ਹੈ।

Rust (ਰੱਸਟ)

ਘਾਹ, ਕਣਕ, ਜੌਂ ਆਦਿ ਨੂੰ ਲਾਗ ਬਣ ਕੇ ਚੰਬੜੀ ਹੋਈ ਫਫੂੰਦੀ (ਉੱਲੀ) ਲਈ ਇਹ ਪਦ ਰਾਖਵਾਂ ਹੈ।

Rye (ਰਾਈ)

ਘਾਹ ਕੁਟੰਬ ਦੀ, ਕਣਕ ਤੇ ਜੌਂ ਵਾਂਗ ਦਾਣੇ ਉਪਜਾਉਂਦੀ ਇਕ ਫ਼ਸਲ ਦਾ ਇਹ ਨਾਮ ਹੈ।

S

Sacculus (ਸੈਕੂਲੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਥੈਲੀ' ਦੇ ਅਤੇ ਇਸ ਪਦ ਦਾ ਉਪਯੋਗ ਅੰਦਰਲੇ ਕੰਨ ਦੀ ਗੁਥਲੀ ਲਈ ਕੀਤਾ ਜਾਂਦਾ ਹੈ, ਜਿਹੜੀ ਸਰੀਰਕ ਸੰਤੁਲਨ ਨੂੰ ਬਣਾਈ ਰੱਖਣ ਦੇ ਸਾਧਨਾਂ ਨਾਲ ਲੈਸ ਹੈ।

Sacrum (ਸੈਕਰੱਮ)

ਲਾਤੀਨੀ ਸ਼ਬਦ, ਸੇਸਰ (sacer) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਪਵਿੱਤਰ' ਦੇ। ਰੀੜ੍ਹ ਦੇ ਪਿਛਲੇ ਸਿਰੇ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਕਿ ਕਈ ਹੱਡੀਆਂ ਦੇ ਸੰਯੋਜਨ ਦਾ ਸਿੱਟਾ ਹੈ ਅਤੇ ਜਿਹੜਾ ਪੁੜੇ ਦੇ ਸੰਪਰਕ 'ਚ ਵੀ ਹੁੰਦਾ ਹੈ।

Salicaceae (ਸੇਲਿਕੇਸੀ)

ਉਸ ਬਨਸਪਤੀ ਕੁਟੰਬ (family) ਦਾ ਇਹ ਨਾਮ ਹੈ, ਜਿਸ 'ਚ ਲਚਕੀਲੀਆਂ ਟਹਿਣੀਆਂ ਵਾਲੇ ਪੌਦੇ ਸ਼ਾਮਲ ਹਨ, ਜਿਵੇਂ ਕਿ ਵਿੱਲੋ (willow), ਪੋਪਲਰ (poplar) ਆਦਿ। ਇਹ ਪੌਦੇ ਉਦਯੋਗ ਲਈ ਅਤੀ ਉਪਯੋਗੀ ਹਨ।

Saliva (ਸੈਲਾਈਵਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਲੁਆਬ' ਦੇ, ਭਾਵ 'ਥੁੱਕ' ਦੇ। ਮੂੰਹ ਅੰਦਰ ਰਿਸਦੇ ਰੰਗ-ਰਹਿਤ ਲੇਸਲੇ ਲੁਆਬ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਅੰਦਰ ਐਨਜ਼ਾਈਮ ਅਤੇ ਚਿਕਨੇ ਖਣਿਜ ਸਮਾਏ ਹੁੰਦੇ ਹਨ।

Salivary gland (ਸੈਲਾਈਵਰਿ ਗਲੈਂਡ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਸੈਲਾਈਵਾੱ (saliva) ਹੈ, ਜਿਸ

ਦੇ ਅਰਥ ਹਨ ‘ਲੁਆਬ’ ਦੇ। ਮੂੰਹ ਅੰਦਰਲੀ ਲੁਆਬ ਉਪਜਾਉਂਦੀ ਗ੍ਰੰਥੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Salt gland (ਸਾਲਟ ਗਲੈਂਡ)

ਸਾਲਟ ਦੇ ਅਰਥ ਹਨ ‘ਲੂਣ” ਦੇ। ਉਪਰੋਕਤ ਪਦ ਸਾਗਰ ਉਪਰ ਨਿਰਭਰ ਜੀਵਨ ਬਿਤਾਉਣ ਵਾਲੇ ਪੰਛੀਆਂ ਦੀ ਅੱਖ ਅੰਦਰਲੀ ਉਸ ਗ੍ਰੰਥੀ ਲਈ ਵਰਤੋਂ ’ਚ ਆਉਂਦਾ ਹੈ, ਜਿਸ ’ਚੋਂ ਵਗਦੇ ਨੀਰ ਦੁਆਰਾ, ਇਹ ਪ੍ਰਾਣੀ, ਆਪਣੇ ਸਰੀਰ ਅੰਦਰ ਸਮਾਉਂਦੇ ਰਹਿੰਦੇ ਵਾਧੂ ਲੂਣ ਨੂੰ ਸਰੀਰੋਂ ਬਾਹਰ ਕੱਢਦੇ ਰਹਿੰਦੇ ਹਨ।

Saltigrade (ਸੈਲਟਿਗ੍ਰੇਡ)

ਇਸ ਪਦ ਨੂੰ ਰਚਨਹਾਰੇ ਦੋ ਲਾਤੀਨੀ ਸ਼ਬਦ ਹਨ, ਪਹਿਲਾ ਸੈਲਟਰਿ (saltare), ਜਿਸ ਦੇ ਅਰਥ ਹਨ ‘ਫੁਦਕਣ’ ਦੇ ਅਤੇ ਦੂਜਾ ਗ੍ਰੇਡੱਸ (gradus), ਜਿਸ ਦੇ ਅਰਥ ਹਨ ‘ਕਦਮ” ਦੇ। ਜਿਹੜੇ ਪ੍ਰਾਣੀ ਫੁਦਕ ਫੁਦਕ ਕੇ, ਭਾਵ ਟਪੂਸੀਆ ਮਾਰਦੇ ਹੋਏ ਸਥਾਨ ਪਰਿਸਥਾਨ ਕਰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ। ਕਈ ਕੀਟ ਅਤੇ ਮੱਕੜੀਆਂ ਇੰਜ ਹੀ ਤੁਰਦੇ ਫਿਰਦੇ ਹਨ।

Saprobe (ਸੈਪਰਾੱਬ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸੈਪਰੱਸ (sapros) ਹੈ, ਜਿਸ ਦੇ ਅਰਥ ਹਨ ‘ਸੜੇ-ਬੁਸੇ’ ਦੇ। ਉਸ ਜੀਵ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜਾ ਸੜੇ-ਬੁਸੇ ਅਵੈਵੀ ਪਦਾਰਥਾਂ ਨੂੰ ਆਪਣੇ ਅਹਾਰ ਵਜੋਂ ਵਰਤਦਾ ਹੈ।

Saprophyte (ਸੈਪਰੱਫਾਇਟ)

ਦੋ ਯੂਨਾਨੀ ਸ਼ਬਦਾਂ ਦੁਆਰਾ ਇਸ ਪਦ ਦੀ ਰਚਨਾ ਹੋਈ ਹੈ, ਜਿਨ੍ਹਾਂ ’ਚੋਂ ਪਹਿਲਾ ਹੈ ਸੈਪਰੱਸ (sapros), ਜਿਸ ਦੇ ਅਰਥ ਹਨ ‘ਸੜੇ-ਬੁਸੇ’ ਦੇ ਅਤੇ ਦੂਜਾ ਹੈ ਫਾਇਟੱਨ (phyton), ਜਿਸ ਦੇ ਅਰਥ ਹਨ ‘ਪੌਦੇ” ਦੇ। ਜਿਹੜੇ ਪੌਦੇ, ਫਫੂੰਦੀਆਂ ਜਾਂ ਕੀਟਾਣੂ ਮਿਰਤਕ ਜੀਵਾਂ ਅਤੇ ਇਨ੍ਹਾਂ ਦੇ ਉਤਪਾਦ ਉਪਰ ਪਲਦੇ ਹੋਏ ਵਧਦੇ-ਫੁਲਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Saprozoic (ਸੈਪਰੱਜ਼ੁਇਕ)

ਦੋ ਯੂਨਾਨੀ ਸ਼ਬਦ, ਸੈਪਰੱਸ (sapros) ਅਤੇ ਜ਼ੂਨ (zoon) ਇਸ ਪਦ ਦਾ ਮੂਲ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਗਲੇ-ਸੜੇ” ਦੇ ਅਤੇ ‘ਪ੍ਰਾਣੀ” ਦੇ। ਇਹ ਪਦ ਉਸ ਪ੍ਰਾਣੀ ਲਈ ਰਾਖਵਾਂ ਹੈ, ਜਿਹੜਾ ਮਿਰਤਕ ਜੀਵਾਂ ਨੂੰ ਭੋਜਨ ਲਈ ਵਰਤਦਾ ਹੈ।

Sap wood (ਸੈਪ ਵੁੱਡ)

ਰੁੱਖ ਦੇ ਤਣੇ ਦੀ ਬਾਹਰਲੀ, ਉਦੇ ਰੰਗ ਦੀ ਨਰਮ ਲੱਕੜ ਨੂੰ ਇਸ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸ ਦਾ ਕਿ ਸੱਕ ਹੇਠਲਾ ਅਗਲਾ ਸਥਾਨ ਹੈ।

Sarcocarp (ਸਾਰਕਾੱਕਾਰਪ)

ਇਸ ਪਦ ਦੀ ਰਚਨਾਂ ਦੋ ਯੂਨਾਨੀ ਸ਼ਬਦਾਂ ਦੁਆਰਾ ਹੋਈ ਹੈ, ਜਿਨ੍ਹਾਂ ਚੋਂ ਪਹਿਲਾ ਹੈ ਸਾਰਕਸ (sarx), ਜਿਸ ਦੇ ਅਰਥ ਹਨ ‘ਮਾਸ” ਦੇ ਜਾਂ ‘ਗੁੱਦੇ’ ਦੇ ਅਤੇ ਦੂਜਾ ਹੈ ਕਾਰਪੱਸ (karpos), ਜਿਸ ਦੇ ਅਰਥ ਹਨ ‘ਫਲ’ ਦੇ। ਫਲਾਂ ਅੰਦਰਲੇ ਰਸੀਲੇ ਗੁੱਦੇ ਨੂੰ ਇਹ ਪਦ ਦਰਸਾਉਂਦਾ ਹੈ।

Sarcolemma (ਸਾਰਕਾੱਲੈਮਾੱ)

ਇਸ ਪਦ ’ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਸਾਰਕਸ (sarx), ਜਿਸ ਦੇ ਅਰਥ ਹਨ ‘ਮਾਸ” ਦੇ ਜਾਂ ਗੁੱਦੇ ਦੇ ਅਤੇ ਦੂਜਾ ਹੈ ਲੈਮਾੱ (lemma), ਜਿਸ ਦੇ ਅਰਥ ਹਨ ‘ਚਮੜੀ” ਦੇ ਜਾਂ ‘ਬਾਹਰੀ ਪਰਤ” ਦੇ। ਮਾਸ-ਪੇਸ਼ੀਆਂ ਦੁਆਲੇ ਮੜ੍ਹੀ ਹੋਈ ਪਰਤ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Sarcoma (ਸਾਰਕੋਮਾੱ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸਾਰਕਸ (sarx) ਹੈ, ਜਿਸ ਦੇ ਅਰਥ ਹਨ ‘ਮਾਸ’ ਦੇ। ਸਰੀਰ ਅੰਦਰਲੀ ਉਸ ਰਸੌਲੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜੀ ਕੈਂਸਰ ਰੋਗ ਨੂੰ ਜਨਮ ਦੇਣ ਯੋਗ ਹੁੰਦੀ ਹੈ।

Sarcomere (ਸਾਰਕੱਮੀਅਰ)

ਯੂਨਾਨੀ ਸ਼ਬਦ, ਸਾਰਕਸ (sarx) ਅਤੇ ਮੀਰੌਸ (meros) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਮਾਸ’ ਦੇ ਅਤੇ ‘ਖੰਡ’ ਦੇ ਜਾਂ ‘ਭਾਗ’ ਦੇ। ਧਾਰੀਦਾਰ ਮਾਸਪੇਸ਼ੀ (striated muscle) ਉਪਰ ਉਕਰੀ ਹਰ ਇਕ ਧਾਰੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾ ਸਕਦੀ ਹੈ।

Sarcophagous (ਸਾਰਕਾੱਫੈਗਸ)

ਯੂਨਾਨੀ ਸ਼ਬਦ, ਸਾਰਕਸ (sarx) ਅਤੇ ਫ਼ਾਜੀਨ (phagein) ਇਸ ਪਦ ’ਚ ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਮਾਸ’ ਦੇ ਅਤੇ ‘ਖਾਣ’ ਦੇ। ਮਾਸਾਹਾਰੀ ਪ੍ਰਾਣੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Savanna (ਸਵਾਨਾੱ)

ਉਸ ਮੈਦਾਨੀ ਪਸਾਰ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ’ਚ ਉੱਚਾ ਘਾਹ ਅਤੇ ਝਾੜ ਚੁਫੇਰੇ ਫੈਲੇ ਹੋਏ ਹੁੰਦੇ ਹਨ ਅਤੇ ਰੁੱਖ ਦੂਰ ਹਟਵੇਂ, ਟਾਵੇਂ ਟਾਵੇਂ ਹੁੰਦੇ ਹਨ। ਇਹੋ ਕਾਰਨ ਹੈ ਕਿ ਇਥੇ ਰੁੱਖ਼ੀ ਖੁਸ਼ਕੀ ਵਾਲਾ ਵਾਤਾਵਰਨ ਵਿਆਪਕ ਰਹਿੰਦਾ ਹੈ।

Scales (ਸਕੇਲਜ਼)

ਆਮ ਵਰਤੋਂ ’ਚ ਆ ਰਹੇ ਇਸ ਸ਼ਬਦ ਦੇ ਅਰਥ ਹਨ ‘ਛਿਲਕੇ’ ਦੇ। ਜੀਵ-ਵਿਗਿਆਨ ਦੇ ਪ੍ਰਸੰਗ ’ਚ ਪਰ ਇਸ ਦਾ ਉਪਯੋਗ ਪ੍ਰਾਣੀਆਂ ਦੀਆਂ ਸਰੀਰਕ ਚਾਪੜੀਆਂ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਿਹੜੀਆਂ ਕਿ ਚਪਟੀਆਂ ਪਲੇਟਾਂ ਬਣ ਕੇ ਸਰੀਰ ਨੂੰ ਜਾਂ ਸਰੀਰ ਦੇ ਕਿਸੇ ਭਾਗ ਨੂੰ ਢਕਦੀਆਂ ਹੋਈਆਂ, ਇਸ ਨੂੰ ਬਾਹਰੀ ਪ੍ਰਭਾਵ ਤੋਂ ਸੁਰੱਖਿਅਕ ਰਖੀ ਰਖਦੀਆਂ ਹਨ।

Scale insect (ਸਕੇਲ ਇਨਸੈੱਕਟ)

ਪੌਦਿਆਂ ਉਪਰ ਚਾਪੜੀ ਵਾਂਗ ਚਿੱਪਕ ਕੇ ਵਿਚਰਨ ਵਾਲੇ ਵਬਾਈ ਕੀਟ ਨੂੰ ਇਸ ਸਾਧਾਰਨ ਨਾਮ ਨਾਲ ਜਾਣਿਆ ਜਾਂਦਾ ਹੈ। ਇਸੇ ਕੀਟ ਦੀ ਇਕ ਨਸਲ ਲਾਖ ਉਪਜਾਉਂਦੀ ਹੈ।

Scapula (ਸਕੈਪੂਲਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਮੌਰ’ ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੇ ਮੋਢੇ ਅੰਦਰਲੀ ਹੱਡੀ ਦਾ ਇਹ ਨਾਮ ਹੈ, ਜਿਸ ਨੂੰ ਮੌਰ ਵੀ ਸੱਦਿਆ ਜਾਂਦਾ ਹੈ।

Sciatic nerve (ਸਿਐਟਿਕ ਨਰਵ)

ਇਸ ਪਦ ਦੇ ਪਹਿਲੇ ਭਾਗ ਦਾ ਮੂਲ ਯੂਨਾਨੀ ਸ਼ਬਦ, ਇਸਚਿਅਨ (ischion) ਹੈ, ਜਿਸ ਦੇ ਅਰਥ ਹਨ ‘ਚੂਕਣੇ’ ਦੇ ਜਾਂ ‘ਪੁੜੇ’ ਦੇ। ਪੁੜੇ ਦੇ ਗੁਆਂਢ ’ਚ ਰੀੜ੍ਹ ਅੰਦਰਲੀ ਮੁੱਖ ਨਸ ਤੋਂ ਜਨਮ ਲੈ ਕੇ, ਫਿਰ ਲੱਤ ਚੋਂ ਦੀ ਹੁੰਦੀ ਹੋਈ ਧੁਰ ਪੈਰ ਤਕ ਜਾਂਦੀ, ਅਤੇ ਰਾਹ ’ਚ ਲੱਤ ਨੂੰ ਸ਼ਾਖਾਵਾਂ ਵੰਡਦੀ ਹੋਈ ਮੋਟੀ ਨਸ ਦਾ ਉਪਰੋਕਤ ਨਾਮ ਹੈ।

Science (ਸਾਇੰਸ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਸਾਇੰਸ਼ੀਆ (scientia) ਹੈ, ਜਿਸ ਦੇ ਅਰਥ ਹਨ ‘ਗਿਆਨ’ ਦੇ। ਅੱਜ ਉਪਰੋਕਤ ਪਦ ਦੀ ਵਰਤੋਂ ਨਿਰੋਲ ਪਰਖੇ ਹੋਏ ਅਤੇ ਤਰਤੀਬ-ਬਧ ਕੀਤੇ ਗਏ ਗਿਆਨ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ।

Sclerite (ਸਕਲੀਰਾਈਟ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ

ਸਕਲੀਰੱਸ (skleros) ਹੈ, ਜਿਸ ਦੇ ਅਰਥ ਹਨ ‘ਸਖ਼ਤ’ ਦੇ। ਕੁਝ ਰੀੜ੍ਹ-ਰਹਿਤ ਪ੍ਰਾਣੀਆਂ ਦੇ ਸਰੀਰ ਬਾਹਰੋਂ ਕਾਈਟਿਨ (chitin) ਦੀਆਂ ਬਣੀਆਂ ਸਖ਼ਤ ਪਲੇਟਾਂ ਅੰਦਰ ਸੁਰੱਖਿਅਕ ਹਨ, ਜਿਨ੍ਹਾਂ 'ਚੋਂ ਹਰ ਇਕ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Sclerocarp (ਸਕਲੀਰੱਕਾਰਪ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਸਕਲੀਰੱਸ (skleros), ਜਿਸ ਦੇ ਅਰਥ ਹਨ ‘ਸਖ਼ਤ’ ਦੇ ਅਤੇ ਦੂਜਾ ਕਾਰਪੱਸ (karpos), ਜਿਸ ਦੇ ਅਰਥ ਹਨ ‘ਫਲ’ ਦੇ। ਰਸੀਲੇ ਗੁੱਦੇਦਾਰ ਫਲਾਂ ਅੰਦਰਲੀ ਗਿਟਕ ਲਈ ਉਪਰੋਕਤ ਪਦ ਰਾਖਵਾਂ ਹੈ।

Sclerogen (ਸਕਲੀਰੱਜੈਨ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਨ੍ਹਾਂ ਚੋਂ ਪਹਿਲਾ ਹੈ ਸਕਲੀਰੱਸ (skleros), ਜਿਸ ਦੇ ਅਰਥ ਹਨ ‘ਸਖ਼ਤ’ ਦੇ ਅਤੇ ਦੂਜਾ ਹੈ ਜੈਨੀਸ (genes), ਜਿਸ ਦੇ ਅਰਥ ਹਨ ‘ਉਪਜਾਉਣ’ ਦੇ। ਰੁੱਖਾਂ ਅੰਦਰਲੇ ਉਨ੍ਹਾਂ ਸੈੱਲਾਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਲਿਗਨਿਨ (lignin) ਨਾਮ ਦਾ ਪਦਾਰਥ ਉਪਜਾਉਂਦੇ ਹਨ। ਇਹੋ ਪਦਾਰਥ ਛੇਕੜ ਲੱਕੜ ਬਣ ਜਾਂਦਾ ਹੈ।

sclerosis (ਸਕਲਿਰੋਸਿਸ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਸਕਲੀਰੱਸ (skleros) ਹੈ, ਜਿਸ ਦੇ ਅਰਥ ਹਨ ‘ਸਖ਼ਤ’ ਦੇ। ਪ੍ਰਾਣੀਆਂ ਅਤੇ ਰੁੱਖਾਂ-ਪੌਦਿਆਂ ਅੰਦਰ ਰਿਸੇ ਹੋਏ ਪਦਾਰਥਾਂ ਦੇ ਸਖ਼ਤ ਹੋ ਜਾਣ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Scolex (ਸਕੋਲੈਕਸ)

ਯੂਨਾਨੀ ਸ਼ਬਦ, ਸਕੋਲਿਕਸ (skolex) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ ‘ਮਲ੍ਹੱਪ’ ਦੇ। ਟੇਪ-ਮਲ੍ਹੱਪ (tape-worm) ਦੇ ਫੀਤੀ ਜਿਹੇ ਸਰੀਰ ਦੇ ਅਗਲੇ ਗੋਲ ਸਿਰੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Scrotum (ਸਕਰੋਟੱਮ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ ‘ਪਤਾਲੂ’ ਦੇ। ਨਰ ਪਸ਼ੂਆਂ ਦੇ ਸਰੀਰੋਂ ਬਾਹਰ ਲਟਕਦੀ ਥੈਲੀ ਦਾ ਇਹ ਨਾਮ ਹੈ, ਜਿਸ ਅੰਦਰ ਇਨ੍ਹਾਂ ਦੇ ਪ੍ਰਜਣਨ ਅੰਗ ਸੁਰੱਖਿਅਤ ਹਨ। ਪਤਾਲੂ ਦੀ ਸਰੀਰੋਂ ਬਾਹਰ ਸਥਾਪਨਾ ਇਸ ਲਈ ਹੋਈ ਹੁੰਦੀ ਹੈ , ਕਿਉਂ ਜੋ ਸ਼ੁਕਰਾਣੂਆਂ ਦੀ ਯੋਗ ਪ੍ਰਗਤੀ ਲਈ ਸਰੀਰਕ ਤਾਪਮਾਨ ਨਾਲੋਂ ਘੱਟ ਤਾਪਮਾਨ ਦੀ ਲੋੜ ਹੁੰਦੀ ਹੈ।

Scrub (ਸਕਰੱਬ)

ਆਲੇ-ਦੁਆਲੇ ਫੈਲੇ ਹੋਏ ਉਸ ਪ੍ਰਕਾਰ ਦੇ ਪਸਾਰ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਥੇ ਝਾੜ ਹੀ ਝਾੜ ਉਗੇ ਦਿਖਾਈ ਦਿੰਦੇ।

Scurvy (ਸਕੱਰਵਿ)

ਸਰੀਰ ਅੰਦਰ ਜੇਕਰ ਵਿਟਾਮਿਨ ਸੀ (C) ਦੀ ਘਾਟ ਹੋਵੇ ਤਾਂ ਮਸੂੜੇ ਸੁੱਜ ਜਾਂਦੇ ਹਨ। ਇਸੇ ਰੋਗ ਦਾ ਉਪਰੋਕਤ ਨਾਮ ਹੈ।

Scyphozoa (ਸਕਾਇਫੱਜ਼ੋਆ)

ਦੋ ਯੂਨਾਨੀ ਸ਼ਬਦ, ਸਕਾਇਫਸ (skyphos) ਅਤੇ ਜ਼ੂਨ (zoon), ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ ‘ਪਿਆਲੇ’ ਦੇ ਅਤੇ ‘ਪ੍ਰਾਣੀ’ ਦੇ। ਪ੍ਰਾਣੀਆਂ ਦੇ ਸਿਲੈਨਟ੍ਰੇਟਾ ਕਬੀਲੇ (phylum Coelentrata) ਦੀ ਇਕ ਸ਼੍ਰੇਣੀ (class) ਦਾ ਇਹ ਨਾਮ ਹੈ, ਜਿਸ 'ਚ ਜੈਲੀ-ਮੱਛੀਆਂ ਸ਼ਾਮਲ ਹਨ। ਇਨ੍ਹਾਂ ਪ੍ਰਾਣੀਆਂ ਦੀ ਛਤਰੀ ਜਿਹੀ ਨੁਹਾਰ ਹੈ ਅਤੇ ਪਾਰਦਰਸ਼ੀ ਸਰੀਰ ਹਨ।

Sebaceous glands (ਸਿਬੇਸ਼ੱਸ ਗਲੈਂਡਜ਼)

ਪਦ ਦੇ ਪਹਿਲੇ ਭਾਗ ਦਾ ਆਧਾਰ

ਲਾਤੀਨੀ ਸ਼ਬਦ, ਸੈਬੱਮ (sebum) ਹੈ, ਜਿਹੜਾ 'ਚਰਬੀ' ਨੂੰ ਦਰਸਾਉਂਦਾ ਸ਼ਬਦ ਹੈ। ਅਸਾਡੀ ਸਰੀਰਕ ਪਰਤ ਅੰਦਰ, ਥਾਂ-ਪਰ-ਥਾਂ, ਵਾਲਾਂ ਦੀਆਂ ਜੜ੍ਹਾਂ ਅੰਦਰ ਰੋਗਾਣੂ-ਨਾਸ਼ਕ ਚਿਕਨੇ ਰਸ ਉਪਜਾਉਂਦੀਆਂ ਗ੍ਰੰਥੀਆਂ ਖਿੰਡੀਆਂ ਹੋਈਆਂ ਹਨ, ਜਿਨ੍ਹਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Secondary sexual characters (ਸੈਕੰਡਰਿ ਸੈੱਕਸ਼ਯੂਲ ਕੈਰਿਕਟਰਜ਼)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ, ਸੈਕੰਡਸ (secundus) ਤੋਂ ਬਣਿਆ ਹੈ, ਜਿਸ ਦੇ ਅਰਥ ਹਨ 'ਦੂਜੇ' ਦੇ। ਉਸ ਪ੍ਰਕਾਰ ਦੀਆਂ ਸਰੀਰਕ ਵਿਸ਼ੇਸ਼ਤਾਵਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਦਾ ਲਿੰਗ ਨਾਲ ਸਬੰਧ ਤਾਂ ਹੁੰਦਾ ਹੈ, ਪਰ ਸਿੱਧਾ ਨਹੀਂ; ਇਹ ਸਬੰਧ ਸਹਾਇਕ ਭੂਮਿਕਾ ਵਾਲਾ ਹੁੰਦਾ ਹੈ। ਅਜਿਹੀਆਂ ਵਿਸ਼ੇਸ਼ਤਾਵਾਂ ਹਨ: ਬਾਰਾਂਸਿੰਗੇ ਦੇ ਸਿੰਗ, ਪੰਛੀਆਂ ਦੇ ਰੰਗੀਜਲੇ ਪਰ ਅਤੇ ਇਨ੍ਹਾਂ ਦੇ ਗੀਤ, ਇਸਤਰੀ ਦੀ ਛਾਤੀ ਦਾ ਉਭਾਰ, ਪੁਰਸ਼ ਦੀ ਮੁੱਛ ਤੇ ਦਾਹੜੀ ਆਦਿ।

Secretion (ਸੀਕਰੀਸ਼ਨ)

ਲਾਤੀਨੀ ਸ਼ਬਦ, ਸੀਕਰੀਸੀਓ (seceretio) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਵੱਖ ਹੋ ਜਾਣ' ਦੇ। ਸਰੀਰਕ ਗ੍ਰੰਥੀਆਂ 'ਚੋਂ ਰਸਾਂ ਦੇ ਰਿਸਣ ਦੀ ਪ੍ਰਕ੍ਰਿਆ ਲਈ ਇਹ ਪਦ ਰਾਖਵਾਂ ਹੈ।

Sedentary (ਸੈਡੰਟੱਰਿ)

ਇਹ ਪਦ ਲਾਤੀਨੀ ਸ਼ਬਦ, ਸੈਡੱਰਿ (sedere) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਬੈਠ ਜਾਣ' ਦੇ। ਆਵਾਜ਼ਾਈ ਦੇ ਅਯੋਗ ਪ੍ਰਾਣੀਆਂ ਲਈ ਉਪਰੋਕਤ ਪਦ ਦੀ ਵਿਸ਼ੇਸ਼ਣ ਵਜੋਂ ਵਰਤੋਂ ਕੀਤੀ ਜਾਂਦੀ ਹੈ, ਜਿਹੜੇ ਕਿ ਇਕੋ ਸਥਾਨ ਤੇ ਖੜੇ-ਖੜੋਤੇ ਜੀਵਨ ਬਤੀਤ ਕਰ ਦਿੰਦੇ ਹਨ, ਜਿਵੇਂ ਕਿ ਅਸਫੰਜ।

Seed (ਸੀਡ)

ਪੌਦਿਆਂ ਦੀ ਉਪਜ, 'ਬੀਜ' ਲਈ ਇਹ ਪਦ ਰਾਖਵਾਂ ਹੈ। ਬੀਜ, ਪੌਦੇ ਨਾਲ ਲਗਣ ਵਾਲੇ ਫਲ ਜਾਂ ਫਲੀ ਅੰਦਰ ਪ੍ਰਸਥਾਨ ਕਰ ਰਿਹਾ ਹੁੰਦਾ ਹੈ ਅਤੇ ਜਿਸ ਦੇ ਆਪਣੇ ਅੰਦਰ ਨਵਾਂ ਪੁੰਗਰਨ ਵਾਲਾ ਪੌਦਾ, ਭਰੂਣ ਬਣ ਕੇ, ਮੁਢਲੀ ਲੋੜ ਪੂਰੀ ਕਰਨ ਯੋਗ ਖ਼ੁਰਾਕ ਸਮੇਤ ਸਮਾਇਆ ਹੁੰਦਾ ਹੈ।

Segregation (ਸੈਗਰੱਗੇਸ਼ਨ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਸੈਗਰੱਗਰਿ (segregare) ਹੈ, ਜਿਸ ਦੇ ਅਰਥ ਹਨ 'ਵੱਖ ਕਰਨ' ਦੇ। ਮੀਅੱਸਿਸ (meiosis) ਸੈੱਲ-ਵਿਭਾਜਨ ਦੌਰਾਨ, ਜੋੜਿਆਂ 'ਚ ਜੁੜੇ ਜੀਨਾਂ ਦੇ ਇਕ ਦੂਜੇ ਨਾਲੋਂ ਵਿਛੜ ਜਾਣ ਦੀ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Selection pressure (ਸਿਲੇੱਕਸ਼ਨ ਪ੍ਰੈਸ਼ਰ)

ਕੁਦਰਤੀ ਚੋਣ ਦੌਰਾਨ ਜੀਨਾਂ ਦੀ ਪੁਸ਼ਤ-ਦਰ-ਪੁਸ਼ਤ ਹੋ ਰਹੀ ਛਾਂਟ-ਛਟਾਈ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Self-fertilization (ਸੇੱਲਫ-ਫਰਟਿਲਾਇਜੇਸ਼ਨ)

ਇਸ ਪਦ ਦੇ ਸ਼ਾਬਦਕ ਅਰਥ ਹਨ 'ਨਿੱਜ-ਨਿਸ਼ੇਚਣ' ਦੇ ਜਾਂ 'ਸਵੈ-ਫਲਣ' ਦੇ। ਦੋ-ਲਿੰਗੀ ਪ੍ਰਾਣੀਆਂ ਅੰਦਰ ਦੋਵੇਂ ਪ੍ਰਜਣਨ ਅੰਗ ਨਾਲ ਨਾਲ ਸਥਾਪਿਤ ਹੁੰਦੇ ਹਨ ਅਤੇ ਜੇਕਰ ਪ੍ਰਾਣੀ ਦਾ ਅੰਡਾ ਉਸੇ ਪ੍ਰਾਣੀ ਦੇ ਸ਼ੁਕਰਾਣੂ ਨਾਲ ਨਿਸ਼ੇਚਿਆ ਜਾਵੇ, ਤਦ ਇਸ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Self-pollination (ਸੇੱਲਫ-ਪਾੱਲਿਨੇਸ਼ਨ)

ਇਸ ਪਦ ਦੇ ਸ਼ਾਬਦਕ ਅਰਥ ਹਨ

'ਸਵੈ-ਪਰਾਗਣ' ਦੇ। ਜਿਸ ਫੁੱਲ 'ਚ ਦੋਵੇਂ ਪ੍ਰਜਣਨ-ਅੰਗ ਹੁੰਦੇ ਹਨ, ਜੇਕਰ ਉਸ ਦਾ ਪਰਾਗ ਉਸ ਦੇ ਹੀ ਸਟਿਗਮਾ (stigma) ਉਪਰ ਧੂੜਿਆ ਜਾਵੇ, ਤਦ ਇਸ ਸਥਿਤੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Semen (ਸੀਮੈਨ)

ਇਹ ਲਾਤੀਨੀ ਸ਼ਬਦ ਹੈ, ਜਿਹੜਾ 'ਬੀਜ' ਲਈ ਵਰਤੋਂ 'ਚ ਆਉਂਦਾ ਹੈ। ਨਰ ਪ੍ਰਾਣੀ ਦੇ ਪ੍ਰਜਣਨ ਅੰਗ ਚੋਂ ਉਪਜੇ ਲੇਸਲੇ ਪਦਾਰਥ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਅੰਦਰ ਸ਼ੁਕਰਾਣੂ ਸਮਾਏ ਹੁੰਦੇ ਹਨ।

Semipermeable membrane (ਸੈੱਮਿਪ੍ਰਮੱਯਬਲ ਮੈੱਮਬਰੇਨ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਤਿੰਨ ਲਾਤੀਨੀ ਸ਼ਬਦ ਹਨ: ਸੈਮਿ (semi); ਪਰ (per) ਤੇ ਮਿਆਰੱ (maere), ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅੱਧੇ' ਦੇ, 'ਪਾਰ' ਦੇ ਅਤੇ 'ਲੰਘ ਜਾਣ' ਦੇ। ਉਸ ਪ੍ਰਕਾਰ ਦੀ ਮੈੱਮਬ੍ਰੇਨ ਜਾਂ ਝਿੱਲੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ 'ਚੋਂ ਦੀ ਤਰਲ ਜਾਂ ਤਰਲ ਅੰਦਰ ਘੁਲੇ ਪਦਾਰਥ ਤਾਂ ਲੰਘ ਕੇ ਪਾਰ ਹੋ ਜਾਂਦੇ ਹਨ, ਪਰ ਤਰਲ ਅੰਦਰਲੇ ਲੇਸਲੇ ਪਦਾਰਥ ਜਾਂ ਅਣ-ਘੁਲੇ ਕਣ ਨਹੀਂ। ਸੈੱਲਾਂ ਨੂੰ ਦੁਆਲਿਓਂ ਵਗਲਦੀ ਝਿੱਲੀ ਦੀ ਵੀ ਇਹੋ ਵਿਸ਼ੇਸ਼ਤਾ ਹੈ।

Senescence (ਸੈਨੈਸੰਸ)

ਲਾਤੀਨੀ ਸ਼ਬਦ, ਸੈਨੈਸਰਿ (senescere) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਬੁੱਢੇ ਹੋਣ' ਦੇ। ਪ੍ਰਾਣੀਆਂ ਦੇ, ਆਯੂ ਭੋਗਦਿਆਂ, ਬੁੱਢੇ ਹੋ ਜਾਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਜੀਵਨ ਨਾਲ ਜੁੜੀ ਹੋਈ ਇਕ ਸ਼ਰਤ ਹੈ, ਮੌਤ ਵਾਂਗ ਹੀ ਇਸ ਨਾਲੋਂ ਅਨਿੱਖੜਵੀਂ।

Sense organs (ਸੈਂਸ ਆਰਗਨਜ਼)

ਬਾਹਰੋਂ ਜਨਮ ਲੈਂਦੀਆਂ ਉਕਸਾਹਟਾਂ ਲਈ ਸਰੀਰ ਨੂੰ ਸੰਵੇਦਨਸ਼ੀਲ ਬਣਾਉਂਦੇ ਅੰਗਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ ਅਤੇ ਇਹ ਅੰਗ ਹਨ: ਅੱਖਾਂ, ਨੱਕ, ਕੰਨ, ਜੀਭ, ਸਰੀਰਕ ਪਰਤ ਆਦਿ।

Sensorium (ਸੈਂਸੋਰਿਅਮ)

ਲਾਤੀਨੀ ਸ਼ਬਦ, ਸੈਂਸੱਸ (sensus) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਸੂਝ' ਦੇ। ਸਰੀਰ ਦੀ ਦਿਮਾਗ਼ ਸਮੇਤ ਸਮੁੱਚੀ ਨਸ-ਪ੍ਰਣਾਲੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਜਿਸ 'ਚ ਨਸ-ਪ੍ਰਣਾਲੀ ਦਾ ਹੁੰਗਾਰਾ ਭਰਦੀਆਂ ਮਾਸ-ਪੇਸ਼ੀਆਂ ਅਤੇ ਰਸ-ਉਪਜਾਊ ਗ੍ਰੰਥੀਆਂ ਵੀ ਸ਼ਾਮਲ ਗਿਣੀਆਂ ਜਾਂਦੀਆਂ ਹਨ।

Sepal (ਸੈੱਪਲ)

ਫ੍ਰਾਂਸੀਸੀ ਆਧਾਰ ਵਾਲੇ ਇਸ ਪਦ ਨੂੰ ਫੁੱਲ ਦੇ ਬਾਹਰੀ ਕੋਸ਼, ਭਾਵ ਪੁਸ਼ਪ-ਕੋਸ਼ ਦੀ ਪੱਤੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Septum (ਸੈੱਪਟਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸਾਂਝੀ ਦੀਵਾਰ' ਦੇ। ਸਰੀਰ ਦੇ ਕਿਸੇ ਅੰਗ ਜਾਂ ਬੁਣਤ ਨੂੰ ਭਾਗਾਂ 'ਚ ਵੰਡਦੀ ਦੀਵਾਰ, ਪਟਲ, ਜਾਂ ਪਰਦੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Sere (ਸੀਰ)

ਲਾਤੀਨੀ ਸ਼ਬਦ, ਸਰਿਰੱ (serere) ਦਾ ਇਹ ਪਦ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਕਿਤਾਰਬਧ ਕਰਨ' ਦੇ। ਇਕ ਖੇਤਰ 'ਚ ਉਗਦੇ ਉਸ ਬਨਸਪਤੀ ਸਮੂਹ ਲਈ ਉਪਰੋਕਤ ਪਦ

ਵਰਤਿਆ ਜਾਂਦਾ ਹੈ, ਜਿਸ ਨੇ ਹਾਲੀਂ ਆਪਣੇ ਪਸਾਰ ਦੀ ਸਿਖਰ ਛੋਹਣੀ ਹੁੰਦੀ ਹੈ।

Serine (ਜ਼ੇਰੀਨ)

ਜੀਵਨ ਲਈ ਜ਼ਰੂਰੀ ਐਮਿਨੋ ਤੇਜ਼ਾਬਾਂ 'ਚੋਂ ਇਕ ਦਾ ਇਹ ਨਾਮ ਹੈ।

Serology (ਸਰਾੱਲੱਜਿ)

ਸੀਰੱਮ (serum) ਅਤੇ ਲੋਗੱਸ (logos) ਇਸ ਪਦ 'ਚ ਸਮਾਏ ਹੋਏ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲੇ ਲਾਤੀਨੀ ਸ਼ਬਦ ਦੇ ਅਰਥ ਹਨ 'ਦਹੀਂ ਅੰਦਰਲੇ ਤਰਲ' ਦੇ ਅਤੇ ਦੂਜੇ ਯੂਨਾਨੀ ਸ਼ਬਦ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਲਹੂ ਬਾਰੇ ਗਿਆਨ ਨਾਲ ਹੈ। ਲਹੂ ਦੇ ਤਰਲ ਭਾਗ ਨੂੰ ਹੀ ਸੀਰਮ ਸੱਦਿਆ ਜਾਂਦਾ ਹੈ।

Serotonin (ਸਿਰਾੱਟੱਨਿਨ)

ਦਿਮਾਗ਼ ਅੰਦਰ ਰਿਸਦੇ ਇਕ ਨਸ-ਸੰਚਾਲਕ ਰਸਾਇਣ ਦਾ ਇਹ ਨਾਮ ਹੈ, ਜਿਸ ਦਾ ਸਰੀਰ ਬਹੁਪੱਖਾ ਪ੍ਰਭਾਵ ਕਬੂਲ ਕਰਦਾ ਹੈ। ਇਸ ਰਸਾਇਣ ਦੇ ਪ੍ਰਭਾਵ ਅਧੀਨ ਲਹੂ-ਵਹਿਣੀਆਂ ਸੁੰਗੜ ਜਾਂਦੀਆਂ ਹਨ, ਅਣਇੱਛਤ ਮਾਸ-ਪੇਸ਼ੀਆਂ ਉਤੇਜਿਤ ਹੋ ਜਾਂਦੀਆਂ ਹਨ ਅਤੇ ਨਸਾਂ ਅੰਦਰ ਉਕਸਾਹਟਾਂ ਦੀ ਆਵਾਜ਼ਾਈ ਵਧੀਕ ਗਤੀਸ਼ੀਲ ਹੋ ਜਾਂਦੀ ਹੈ।

Serum (ਸੀਰੱਮ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਦਹੀਂ ਦੇ ਤਰਲ ਭਾਗ' ਦੇ। ਲਹੂ ਮੁੱਖ ਰੂਪ 'ਚ ਇਕ ਪ੍ਰਕਾਰ ਦਾ ਬੇਰੰਗਾ ਤਰਲ ਹੈ, ਜਿਸ ਅੰਦਰ ਡੁਬਕਦੇ ਤੇ ਤੈਰਦੇ ਸੈੱਲ ਇਸ ਨੂੰ ਲੇਸਲਾਪਣ ਅਤੇ ਸੂਹਾਪਣ ਅਰਪਣ ਕਰਦੇ ਹਨ। ਲਹੂ ਦੇ ਬੇਰੰਗੇ ਤਰਲ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਨੂੰ ਸੈੱਲਾਂ ਨਾਲੋਂ ਸਹਿਲ ਵੱਖ ਕੀਤਾ ਜਾ ਸਕਦਾ ਹੈ।

Sesamoid bones (ਸੈਸੇੱਮਾਇਡ ਬੋਨਜ਼)

ਇਸ ਪਦ ਦਾ ਪਹਿਲਾ ਭਾਗ ਦੋ ਯੂਨਾਨੀ ਸ਼ਬਦਾਂ ਦੀ ਰਚਨਾਂ ਹੈ, ਜਿਸ ਚੋਂ ਪਹਿਲਾ ਹੈ ਸੀਸੱਮਨ (sesamon), ਜਿਸ ਦੇ ਅਰਥ ਹਨ 'ਤਿੱਲ' ਦੇ ਅਤੇ ਦੂਜਾ ਹੈ ਈਡੌਸ (eidos), ਜਿਸ ਦੇ ਅਰਥ ਹਨ 'ਨੁਹਾਰ' ਦੇ। ਸਰੀਰ ਅੰਦਰਲੀਆਂ ਸੂਖਮ ਅਤੇ ਮਲੂਕ ਹੱਡੀਆਂ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ, ਜਿਹੜੀਆਂ ਉਨ੍ਹਾਂ ਜੋੜਾਂ ਨੂੰ ਮਜ਼ਬੂਤੀ ਅਰਪਣ ਕਰਦੀਆਂ ਹਨ, ਜਿਨ੍ਹਾਂ ਅੰਦਰ ਇਹ ਸਥਾਪਿਤ ਹੁੰਦੀਆਂ ਹਨ।

Sessile (ਸੈਸਿਲ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਸੈਡੱਰਿ (sedere) ਹੈ, ਜਿਸ ਦੇ ਅਰਥ ਹਨ 'ਬੈਠਣ' ਦੇ। ਅਜਿਹੇ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਬਿਨਾਂ ਸਹਾਰੇ ਦੇ ਇਕ ਥਾਂ 'ਤੇ, ਭੂਮੀ ਨਾਲ ਜਾਂ ਚਟਾਨ ਨਾਲ ਚਿਪਕ ਕੇ, ਟਿਕਵਾਂ ਜੀਵਨ ਭੋਗਦਾ ਹੈ।

Seston (ਸੀਸਟਨ)

ਯੂਨਾਨੀ ਸ਼ਬਦ, ਸੀਸੱਸ (sesis) ਇਸ ਪਦ ਦਾ ਮੂਲ ਹੈ ਅਤੇ ਇਸ ਦੇ ਅਰਥ ਹਨ 'ਛਾਣਨ-ਪੁਣਨ' ਦੇ। ਜੋ ਕੁਝ ਵੀ, ਸਜੀਵ ਵੀ ਅਤੇ ਨਿਰਜੀਵ ਵੀ, ਪਾਣੀ ਉਪਰ ਤੈਰਦਾ ਜਾਂ ਇਸ ਅੰਦਰ ਡੁਬਕਦਾ ਦਿਖਾਈ ਦਿੰਦਾ ਹੈ, ਉਸੇ ਦੇ ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Seta (ਸੀਟਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਕੰਡਿਆਲੇ ਲੂੰ' ਦੇ। ਪ੍ਰਾਣੀ ਜਾਂ ਪੌਦੇ ਦੀ ਬਾਹਰੀ ਪਰਤ ਉਪਰ ਖਿੰਡੇ ਹੋਏ ਕੰਡਿਆਲੇ ਲਮੂਤਰੇ ਵਧਾਆਂ 'ਚੋਂ ਹਰ ਇਕ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Sex (ਸੈਕਸ)

ਇਹ ਪਦ ਲਾਤੀਨੀ ਸ਼ਬਦ, ਸੈਕਸੱਸ

(sexus) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਲਿੰਗ' ਦੇ। ਸਰੀਰ ਦੀ ਬਣਤਰ ਅਤੇ ਇਸ ਦੀਆਂ ਕ੍ਰਿਆਵਾਂ ਨਾਲ ਸਬੰਧਤ ਉਨ੍ਹਾਂ ਵਿਸ਼ੇਸ਼ਤਾਵਾਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਕਾਰਨ ਇਕ ਜੀਵ ਜਾਂ ਤਾਂ ਨਰ ਸੱਦਿਆ ਜਾਂਦਾ ਹੈ, ਜਾਂ ਮਦੀਨ।

Sex-chromosome (ਸੈਕਸ ਕ੍ਰੋਮੋਸੋਮ)

ਉਸ ਕ੍ਰੋਮੋਸੋਮ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੀ ਹੋਂਦ ਜਾਂ ਅਣਹੋਂਦ ਜੀਵ ਦਾ ਲਿੰਗ ਨਿਰਧਾਰਤ ਕਰਦੀ ਹੈ। ਇਸ ਕ੍ਰੋਮੋਸੋਮ ਦੇ ਜੀਵ-ਨਸਲਾਂ 'ਚ ਭਿੰਨ ਨਾਮ ਹਨ: ਐਕਸ (x), ਵਾਈ (y), ਡਬਲਯੂ (w)। ਇਸਤਰੀ 'ਚ ਦੋ ਐਕਸ (x) ਕ੍ਰੋਮੋਸੋਮ ਹਨ ਅਤੇ ਪੁਰਸ਼ 'ਚ ਇਕ ਐਕਸ (x) ਅਤੇ ਇਕ ਵਾਈ (y)।

Sex hormones (ਸੈਕਸ ਹਾਰਮੋਨਜ਼)

ਪ੍ਰਾਣੀ ਸਰੀਰ ਅੰਦਰਲੇ ਅਜਿਹੇ ਹਾਰਮੋਨੀ ਰਸ ਉਪਰੋਕਤ ਸਿਰਲੇਖ ਅਧੀਨ ਵਰਣਿਤ ਕੀਤੇ ਜਾ ਸਕਦੇ ਹਨ, ਜਿਹੜੇ ਪਹਿਲਾਂ ਪ੍ਰਜਣਨ ਅੰਗਾਂ ਦੀ ਪ੍ਰਗਤੀ ਲਈ ਅਤੇ ਫਿਰ ਇਨ੍ਹਾਂ ਦੇ ਕ੍ਰਿਆਵੀ ਪ੍ਰਚਲਨ ਲਈ ਜ਼ਿੰਮੇਵਾਰ ਹਨ।

Sex-linked character (ਸੈਕਸ-ਲਿੰਕਡ ਕਰੈਕਟਰ)

ਸਰੀਰ ਦੀ ਉਸ ਵਿਸ਼ੇਸ਼ਤਾ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਨਿਰਧਾਰਤ ਕਰਦੇ ਜੀਨ ਦਾ ਸੈਕਸ ਕ੍ਰੋਮੋਸੋਮ ਅੰਦਰ ਸਥਾਨ ਹੁੰਦਾ ਹੈ।

Sexual selection (ਸੈਕਸ਼ਯੂਲ ਸਿਲੇਕਸ਼ਨ)

ਸਰਬਵਿਆਪਕ ਕੁਦਰਤੀ ਚੋਣ ਦਾ ਜਿਹੜਾ ਪੱਖ ਲਿੰਗ ਆਧਾਰ ਵਾਲੀਆਂ ਵਿਸ਼ੇਸ਼ਤਾਵਾਂ ਦੇ ਵਿਕਾਸ ਨਾਲ ਸਬੰਧਤ ਹੈ, ਉਸੇ ਲਈ ਉਪਰੋਕਤ ਪਦ ਦੀ ਵਿਸ਼ੇਸ਼ ਵਰਤੋਂ ਕੀਤੀ ਜਾਂਦੀ ਹੈ। ਪੰਛੀਆਂ ਦੇ ਰੰਗੀਜਲੇ ਪਰ, ਉਨ੍ਹਾਂ ਦੇ ਅਲਾਪੇ ਜਾ ਰਹੇ ਸੁਰ , ਫੁੱਲਾਂ ਦੀ ਮਹਿਕ ਅਤੇ ਟਹਿਕ, ਇਸਤਰੀ ਪੁਰਸ਼ ਵਿਚਲੇ ਅੰਤਰ: ਇਨ੍ਹਾਂ ਸਭਨਾਂ ਦਾ ਵਿਕਾਸ ਉਪਰੋਕਤ ਪਦ ਦਾ ਵਿਸਥਾਰ ਹੈ।

Siblings (ਸਿਬਲਿੰਗਜ਼)

ਇਸ ਸਾਧਾਰਨ ਵਰਤੇ ਜਾ ਰਹੇ ਸ਼ਬਦ ਦੇ ਅਰਥ ਹਨ 'ਸਾਕ-ਸਬੰਧੀ' ਦੇ ਅਤੇ ਇਸ ਨੂੰ ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਕ ਜੋੜੇ ਦੇ ਸੰਭੋਗੀ ਸਬੰਧਾਂ 'ਚੋਂ ਉਪਜੀ ਸੰਤਾਨ ਲਈ ਵਰਤਿਆ ਜਾਂਦਾ ਹੈ।

Sibling species (ਸਿਬਲਿੰਗ ਸਪੀਸ਼ੀਜ਼)

ਅਜਿਹੀਆਂ ਜੀਵ-ਨਸਲਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੀਆਂ ਕਿ ਇਕ ਦੂਜੀ ਦੀਆਂ ਨਜ਼ਦੀਕੀ ਹਨ ਅਤੇ ਹੋਰਨਾਂ ਨਾਲੋਂ ਇਕ ਦੂਜੀ ਜਿਹੀਆਂ ਵਧ ਹੁੰਦੀਆਂ ਹਨ। ਪ੍ਰਸਪਰ ਪ੍ਰਜਣਨ ਦੇ ਯੋਗ ਤਾਂ ਭਾਵੇਂ ਇਹ ਨਹੀਂ ਹੁੰਦੀਆਂ, ਪਰ ਸਮੇਂ 'ਚ ਪਿਛਾਂਹ, ਇਕੋ ਜੀਵ-ਨਸਲ ਇਨ੍ਹਾਂ ਦੀ ਸਾਂਝੀ ਪੂਰਵਜ ਹੈ ਸੀ।

Silk (ਸਿਲਕ)

ਇਸ ਸ਼ਬਦ ਨੂੰ ਰੇਸ਼ਮ ਲਈ ਵਰਤਿਆ ਜਾਂਦਾ ਹੈ, ਜਿਹੜਾ ਕਿ ਮਜ਼ਬੂਤ ਤੇ ਮੁਲਾਇਮ ਰੇਸ਼ਿਆਂ ਦਾ ਉਣਿਆ ਕੱਪੜਾ ਹੈ। ਰੇਸ਼ਮੀ ਰੇਸ਼ਿਆਂ ਨੂੰ ਬਾਮਬਿਕਸ (Bombyx) ਨਾਮ ਦੇ ਭੰਵਟ ਦਾ ਲਾਰਵਾ, ਆਪਣੀਆਂ ਲਵ-ਗ੍ਰੰਥੀਆਂ (salivary glands) 'ਚੋਂ, ਕੋਏ ਦੀ ਰਚਨਾਂ ਕਰਨ ਲਈ ਉਪਜਾਉਂਦਾ ਹੈ।

Silurian (ਸਿਲਯੂਰੀਅਨ)

ਪ੍ਰਿਥਵੀ ਦੇ ਜੈਵਿਕ ਇਤਿਹਾਸ ਦੇ ਸਭਨਾਂ ਨਾਲੋਂ ਪੁਰਾਤਨ ਦੌਰ, ਪੈਲੱਆਜ਼ੁਇਕ (plaeozoic) ਦੇ ਤੀਜੇ ਯੁੱਗ ਦਾ ਇਹ ਨਾਮ ਹੈ,

ਜਿਸ ਦਾ 4 ਕ੍ਰੋੜ ਵਰ੍ਹਿਆਂ ਦਾ ਸਮਾਂ, ਅੱਜ ਤੋਂ ਲਗਭਗ 44 ਕ੍ਰੋੜ ਵਰ੍ਹੇ ਪਹਿਲਾਂ ਆਰੰਭ ਹੋ ਕੇ, ਅੱਜ ਤੋਂ ਲਗਭਗ 40 ਕ੍ਰੋੜ ਵਰ੍ਹੇ ਪਹਿਲਾਂ ਤਕ ਚਲਦਾ ਰਿਹਾ ਸੀ। ਇਸ ਅਵਧੀ ਦੌਰਾਨ ਜਲ ਜੀਵਾਂ ਦਾ ਵਿਕਾਸ ਜ਼ੋਰਾਂ ਤੇ ਸੀ, ਜਿਨ੍ਹਾਂ 'ਚ ਨਿਰੋਲ ਰੀੜ੍ਹ-ਰਹਿਤ ਪ੍ਰਾਣੀ ਸ਼ਾਮਲ ਸਨ।

Silver fish (ਸਿਲਵਰ ਫਿੱਸ਼)

ਲਾਇਬ੍ਰੇਰੀਆਂ ਅੰਦਰ ਪੁਸਤਕਾਂ ਨੂੰ ਅਤੇ ਘਰਾਂ ਅੰਦਰ ਕੱਪੜਿਆਂ ਨੂੰ ਪੁਣਨ-ਛਿਣਨ ਵਾਲੇ ਇਕ ਕੀਟ ਦਾ ਇਹ ਨਾਮ ਹੈ, ਜਿਸ ਦੀ ਦਿੱਖ ਤੋਂ ਭੁਲੇਖਾ ਇਸ ਦੇ ਇਕ ਮੱਛੀ ਹੋਣ ਦਾ ਪੈਂਦਾ ਹੈ।

Sinus (ਸਾਇਨੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਖਾਈ' ਦੇ ਜਾਂ 'ਡੂੰਘਾਣ' ਦੇ। ਸਰੀਰ ਅੰਦਰ ਲਹੂ ਵਹਿਣੀਆਂ ਦੇ ਇਕਸਾਰ ਫੈਲਾਓ ਨੂੰ ਇਹ ਪਦ ਦਰਸਾਉਂਦਾ ਹੈ।

Skeletal muscles (ਸਕੈਲਟਾੱਲ ਮੱਸਲਜ਼)

ਰੀੜ੍ਹ-ਸਹਿਤ ਪ੍ਰਾਣੀਆਂ ਦੇ ਸਰੀਰਕ ਪਿੰਜਰ ਦੇ ਕਿਸੇ ਵੀ ਭਾਗ ਨਾਲ ਜੜੀਆਂ ਮਾਸ-ਪੇਸ਼ੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦੀ ਧਾਰੀਦਾਰ ਬਣਤਰ ਹੈ ਅਤੇ ਇਹ ਇੱਛਾ ਅਧੀਨ ਸੁੰਗੜਦੀਆਂ ਤੇ ਫੈਲਦੀਆਂ ਹਨ।

Skeleton (ਸਕੈਲਟਨ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਸਕੈਲਟਸ (skeletos) ਹੈ, ਜਿਸ ਦੇ ਅਰਥ ਹਨ 'ਖੜ-ਸੁਕ' ਦੇ। ਪ੍ਰਾਣੀ ਦੇ ਸਰੀਰ ਅੰਦਰਲੇ ਜਾਂ ਬਾਹਰਲੇ, ਹੱਡੀਆਂ ਜਾਂ ਹੋਰ ਕਰੜੀਆਂ ਬੁਣਤਾਂ ਦੁਆਰਾ ਰਚੇ ਗਏ ਪਿੰਜਰ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦਾ ਮੁੱਖ ਉਦੇਸ਼ ਸਰੀਰ ਦਿਆਂ ਨਰਮ ਅੰਗਾਂ ਦੀ ਸੁਰੱਖਿਆ ਹੈ।

Skin (ਸਕਿਨ)

ਜੀਵ ਦੀ ਬਾਹਰਲੀ ਸਰੀਰਕ ਪਰਤ ਲਈ ਇਸ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਪ੍ਰਾਣੀ ਦੇ ਪ੍ਰਸੰਗ 'ਚ ਚਮੜੀ ਸੱਦਿਆ ਜਾਂਦਾ ਹੈ।

Skull (ਸਕੱਲ)

ਰੀੜ੍ਹ-ਸਹਿਤ ਪ੍ਰਾਣੀ ਦਾ ਦਿਮਾਗ਼ ਪਿੰਜਰ ਦੇ ਜਿਸ ਭਾਗ ਅੰਦਰ ਸੁਰੱਖਿਅਤ ਸਥਾਪਿਤ ਹੈ, ਉਸੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ; ਅਤੇ ਜਿਸ ਦੇ ਅਰਥ 'ਖੋਪੜੀ' ਦੇ ਹਨ।

Sleep (ਸਲੀਪ)

ਪ੍ਰਾਣੀ ਦੇ ਬਿਤਾਏ ਜਾ ਰਹੇ ਸੁਚੇਤ ਜੀਵਨ ਦੇ ਆਰਜ਼ੀ ਤੌਰ 'ਤੇ, ਨਿਯਤਕਾਲੀ ਸਿਥਲ ਪੈ ਜਾਣ ਦੀ ਅਵਸਥਾ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੌਰਾਨ ਇਹ ਆਪਣੀ ਖ਼ਰਚ ਹੋ ਚੁੱਕੀ ਊਰਜਾ ਨੂੰ ਪੁਨਰ ਪ੍ਰਾਪਤ ਕਰ ਲੈਂਦਾ ਹੈ। ਇਸ ਪਦ ਦਾ ਉਲੱਥਾ 'ਨੀਂਦਰ' ਹੈ।

Sleeping sickness (ਸਲੀਪਿੰਗ ਸਿਕਨੱਸ)

ਇਕ ਰੋਗ ਦਾ ਇਹ ਨਾਮ ਹੈ, ਜਿਸ ਦਾ ਰੋਗੀ ਨੀਂਦਰ ਜਿਹੀ ਅਵਸਥਾ ਨਾਲ ਨਿਢਾਲ ਰਹਿਣ ਲਗਦਾ ਹੈ। ਇਸ ਰੋਗ ਦਾ ਕਾਰਨ ਇਕ ਸੈੱਲ ਦੀ ਦੇਹ ਵਾਲਾ ਟ੍ਰਿਪਨੱਸੋਮ (trypanosome) ਪ੍ਰਜੀਵ ਹੈ, ਜਿਸ ਦੀ ਲਾਗ ਸੇ-ਸੇ ਮੱਖੀ (tse-tse fly) ਦੁਆਰਾ ਫੈਲਦੀ ਹੈ।

Small intestine (ਸਮਾਲ ਇਨਟੈੱਸਟਾਈਨ)

ਆਂਦਰ ਦੇ ਉਸ ਖੇਤਰ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਸੌੜਾ ਘੇਰਾ ਹੈ। ਉਂਜ ਛੋਟੀ ਆਂਦਰ ਪਾਚਨ ਨਾਲੀ ਦਾ ਸਭਨਾਂ ਨਾਲੋਂ ਲੰਬਾ ਖੇਤਰ ਹੈ, ਜਿਸ 'ਚੋਂ ਪਾਰ ਹੋ ਰਹੀ ਖ਼ੁਰਾਕ ਹਜ਼ਮ ਹੋ ਕੇ, ਲਹੂ ਅੰਦਰ ਰਚਦੀ ਰਹਿੰਦੀ

ਹੈ। ਮਨੁੱਖ ਦੀ ਛੋਟੀ ਆਂਦਰ ਦੀ ਲੰਬਾਈ 20 ਫੁੱਟ ਦੇ ਲਗਭਗ ਹੈ।

Smell (ਸਮੈੱਲ)

ਉਸ ਅਹਿਸਾਸ ਦਾ ਇਹ ਨਾਮ ਹੈ, ਜਿਸ ਨੂੰ, ਨੱਕ ਅੰਦਰਲੇ ਗੰਧ ਲਈ ਸੰਵੇਦਨਸ਼ੀਲ ਸੈੱਲਾਂ ਦੇ, ਹਵਾ 'ਚ ਉਡਦੇ ਅਣੂਆਂ ਦੁਆਰਾ ਉਕਸਾਏ ਜਾਣ ਕਾਰਨ ਦਿਮਾਗ਼ ਮਹਿਸੂਸ ਕਰਦਾ ਹੈ, ਅਤੇ ਜਿਸ ਨੂੰ ਹੀ 'ਸੁੰਘਣ ਦੀ ਪ੍ਰਕ੍ਰਿਆ' ਸੱਦਿਆ ਜਾਂਦਾ ਹੈ।

Smooth muscles (ਸਮੂਥ ਮੱਸਲਜ਼)

ਸਰੀਰ ਅੰਦਰਲੀਆਂ ਬਿਨਾਂ ਧਾਰੀਆਂ ਦੀਆਂ ਮੁਲਾਇਮ ਮਾਸ-ਪੇਸ਼ੀਆਂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਨ੍ਹਾਂ ਦੀ ਕ੍ਰਿਆ ਇੱਛਾ ਅਧੀਨ ਨਹੀਂ ਹੁੰਦੀ। ਸਮੂਥ ਦੇ ਅਰਥ 'ਮੁਲਾਇਮ' ਦੇ ਹਨ।

Smut (ਸਮੱਟ)

ਕਣਕ ਦੀ ਫ਼ਸਲ ਦੇ ਜਿਸ ਰੋਗ ਨੂੰ 'ਕਾਂਗਿਆਰੀ' ਸੱਦਿਆ ਜਾਂਦਾ ਹੈ, ਉਹ ਉਪਰੋਕਤ ਪਦ ਦਾ ਹੀ ਸ਼ਾਬਦਕ ਉਲੱਥਾ ਹੈ। ਇਸ ਰੋਗ ਦਾ ਕਾਰਨ ਇਕ ਫਫੂੰਦੀ ਹੈ, ਜਿਹੜੀ ਕਾਲੇ ਰੰਗ ਦੇ ਸਪੋਰ ਉਪਜਾਉਂਦੀ ਹੈ ਅਤੇ ਜਿਨ੍ਹਾਂ ਨਾਲ ਕਣਕ ਦੀਆਂ ਬੱਲੀਆਂ ਕਾਲਖੀ ਧੂੜ ਨਾਲ ਲਥ-ਪਥ ਹੋ ਜਾਂਦੀਆਂ ਹਨ।

Society (ਸੋਸਾਇਅਟਿ)

ਲਾਤੀਨੀ ਸ਼ਬਦ, ਸੋਸਾਇਅਟਸ (societas) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਸੰਗਤ' ਦੇ। ਇਕ ਦੂਜੇ ਦੇ ਸਹਿਚਾਰ 'ਚ ਅਤੇ ਇਕ ਦੂਜੇ ਉਪਰ ਨਿਰਭਰ ਜੀਵਨ ਬਤੀਤ ਕਰਦੇ ਪ੍ਰਾਣੀਆਂ ਦੇ ਅਤੇ ਜੀਵ ਨਸਲਾਂ ਦੇ ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Sociobiology (ਸੋਸਯਬਾਇਆੱਲੱਜਿ)

ਇਸ ਪਦ ਨੂੰ ਰਚਣ ਵਾਲੇ ਦੋ ਸ਼ਬਦ ਹਨ, ਸੋਸਯ (socio) ਅਤੇ ਬਾਇਆੱਲੱਜਿ (biology), ਜਿਨ੍ਹਾਂ ਚੋਂ ਪਹਿਲਾ 'ਸਮਾਜਕ ਸੰਗਠਨ' ਦਾ ਪ੍ਰਤੀਕ ਸ਼ਬਦ ਹੈ ਅਤੇ ਦੂਜਾ 'ਜੀਵ-ਵਿਗਿਆਨ' ਲਈ ਵਰਤਿਆ ਜਾਂਦਾ ਸ਼ਬਦ ਹੈ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸਬੰਧ ਪ੍ਰਾਣੀਆਂ ਦੇ ਸਮਾਜਕ ਸੰਗਠਨ ਦੇ ਰੂਪ 'ਚ ਵਿਚਰਨ ਲਈ ਅਪਣਾਏ ਗਏ ਜੀਵਨ-ਢੰਗ ਪ੍ਰਤੀ ਗਿਆਨ ਨਾਲ ਹੈ।

Solanaceac (ਸਾੱਲੇਨੱਸੀ)

ਇਹ ਨਾਮ ਉਸ ਬਨਸਪਤੀ ਕੁਟੰਬ (family) ਦਾ ਹੈ, ਜਿਸ 'ਚ ਮਿਰਚ, ਸ਼ਿਮਲਾ ਮਿਰਚ, ਤਮਾਕੂ, ਆਲੂ, ਬੈਂਗਣ ਆਦਿ ਸ਼ਾਮਲ ਹਨ। ਮਾਨਵੀ ਵਰਤੋਂ ਪੱਖੋਂ ਇਸ ਕੁਟੰਬ ਦੀ ਆਪਣੀ ਹੀ ਵਖਰੀ ਮਹੱਤਤਾ ਹੈ।

Solar farm (ਸੋਲਰ ਫ਼ਾਰਮ)

ਜਿਨ੍ਹਾਂ ਖੇਤਰਾਂ 'ਚ ਸੂਰਜ ਆਮ ਤੌਰ ਤੇ ਵਰ੍ਹਾ ਭਰ ਚਮਕਦਾ ਰਹਿੰਦਾ ਹੈ, ਉਥੇ ਸੂਰਜੀ ਊਰਜਾ ਦਾ ਉਪਯੋਗ ਬਿਜਲੀ ਉਤਪਾਦ ਲਈ ਕਰਨਾ, ਆਰਥਿਕ ਪਖੋਂ, ਸਕਾਰਕ ਹੈ। ਜਿਸ ਸਥਾਨ ਤੇ ਵੀ ਅਜਿਹਾ ਵੱਡੇ ਪੈਮਾਨੇ 'ਤੇ ਕੀਤਾ ਜਾ ਰਿਹਾ ਹੈ, ਉਸੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Soma (ਸੋਮਾੱ)

ਇਹ ਯੂਨਾਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਤਨ' ਦੇ, ਭਾਵ 'ਸਰੀਰ' ਦੇ। ਜੀਵ ਦੇ ਸਮੁੱਚੇ ਜੁੱਸੇ ਨੂੰ ਉਪਰੋਕਤ ਦਰਸਾਉਂਦਾ ਹੈ, ਪਰ ਜਿਸ 'ਚ ਪ੍ਰਜਣਨ ਸੈੱਲ, ਭਾਵ ਅੰਡੇ, ਅੰਡਾਣੂ, ਸ਼ੁਕਰਾਣੂ ਤੇ ਪਰਾਗ ਅਣੂ ਸ਼ਾਮਲ ਨਹੀਂ ਗਿਣੇ ਜਾਂਦੇ।

Somatic cells (ਸੋਮੈਟਿਕ ਸੈੱਲਜ਼)

ਜੀਵ ਦਾ ਸਰੀਰ ਦੋ ਪ੍ਰਕਾਰ ਦੇ ਸੈੱਲਾਂ ਦਾ ਬਣਿਆ ਹੋਇਆ ਹੈ, ਪ੍ਰਜਣਨ ਸੈੱਲਾਂ ਦਾ ਅਤੇ

ਸਾਧਾਰਨ ਸੈੱਲਾਂ ਦਾ। ਉਪਰੋਕਤ ਪਦ ਸਰੀਰ ਦੇ ਸਾਧਾਰਨ ਸੈੱਲਾਂ ਲਈ ਵਰਤਿਆ ਜਾਂਦਾ ਹੈ। ਇਸ ਪਦ ਦੇ ਪਹਿਲੇ ਭਾਗ ਦਾ ਮੂਲ ਯੂਨਾਨੀ ਸ਼ਬਦ, ਸੋਮਾੱ (soma) ਹੈ, ਜਿਸ ਦੇ ਅਰਥ 'ਸਰੀਰ' ਦੇ ਹਨ।

Somatotrophic hormone (ਸੋਮੈਟੱਟ੍ਰਾਫਿਕ ਹਾਰਮੋਨ)

ਇਸ ਪਦ ਦਾ ਪਹਿਲਾ ਭਾਗ ਦੋ ਯੂਨਾਨੀ ਸ਼ਬਦਾਂ ਦੀ ਦੇਣ ਹੈ, ਜਿਨ੍ਹਾਂ ਚੋਂ ਪਹਿਲਾ ਹੈ ਸੋਮਾੱ (soma), ਜਿਸ ਦੇ ਅਰਥ ਹਨ 'ਸਰੀਰ' ਦੇ ਅਤੇ ਦੂਜਾ ਹੈ ਟਰੈਫੀਨ (trephein), ਜਿਸ ਦੇ ਅਰਥ ਹਨ 'ਵ੍ਰਿਧੀ ਕਰਨ ' ਦੇ । ਪਿਟਯੂਟਰਿ ਗ੍ਰੰਥੀ 'ਚੋਂ ਰਿਸਦੇ ਉਸ ਹਾਰਮੋਨ ਦਾ ਇਹ ਨਾਮ ਹੈ, ਜਿਹੜਾ ਸਰੀਰਕ ਵ੍ਰਿਧੀ ਲਈ ਜ਼ਿੰਮੇਵਾਰ ਹੈ।

Spacer (ਸਪੇਸਰ)

ਸਥਾਨ ਦੇ ਪ੍ਰਤੀਕ ਇਸ ਸ਼ਬਦ ਦਾ ਡੀ ਐਨ ਏ ਦੇ ਪ੍ਰਸੰਗ 'ਚ ਉਪਯੋਗ, ਇਸ ਉਪਰਲੇ ਉਸ ਸਥਾਨ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਿਹੜਾ ਦੋ ਗੁਆਂਢੀ ਜੀਨਾਂ ਨੂੰ ਇਕ ਦੂਜੇ ਨਾਲੋਂ ਵੱਖ ਕਰਦਾ ਹੈ।

Spawn (ਸਪਾੱਨ)

ਮੱਛੀ ਦੇ ਅੰਡੇ ਸਰੀਰੋਂ ਬਾਹਰ, ਜਲ ਅੰਦਰ ਨਿਸ਼ੇਚੇ ਜਾਂਦੇ ਹਨ, ਜਿਨ੍ਹਾਂ 'ਚੋਂ ਫਿਰ ਉਥੇ ਹੀ ਨਵਜੀਵ ਪੁੰਗਰ ਕੇ ਬਾਹਰ ਆ ਜਾਂਦੇ ਹਨ। ਅਣਗਿਣਤ ਨਵਜੀਵਾਂ ਦੀ ਇਸੇ ਪੁੰਗ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ ।

Speciation (ਸਪੀਸਿਏਸ਼ਨ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਸਪੀਸ਼ੀਜ਼ (species) ਹੈ, ਜਿਸ ਦੇ ਅਰਥ ਹਨ 'ਨਸਲ' ਦੇ ਜਾਂ 'ਜਾਤੀ' ਦੇ। ਵਿਕਾਸ ਦੁਆਰਾ ਜੀਵ ਦੀ ਨਵੀਂ ਨਸਲ ਜਾਂ ਕਿਸਮ ਦੇ ਹੋਂਦ 'ਚ ਆਉਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Species (ਸਪੀਸ਼ੀਜ਼)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਨਸਲ' ਦੇ ਜਾਂ 'ਜਾਤੀ' ਦੇ। ਜਿਹੜੇ ਜੀਵ ਪ੍ਰਸਪਰ ਸੰਭੋਗੀ ਸੰਜੋਗ ਦੁਆਰਾ ਸੰਤਾਨ ਉਤਪੰਨ ਕਰਨ ਦੇ ਯੋਗ ਹਨ, ਉਨ੍ਹਾਂ ਨੂੰ ਇਕ ਨਸਲ ਜਾਂ ਜਾਤੀ ਦੇ ਗਿਣਿਆ ਜਾਂਦਾ ਹੈ, ਅਤੇ ਜਿਨ੍ਹਾਂ ਲਈ ਹੀ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Specific character (ਸਪਿਸਫਿਕ ਕੈਰਿਕਟਰ)

ਇਸ ਪਦ ਦੇ ਸ਼ਾਬਦਕ ਅਰਥ ਹਨ 'ਨਿਸ਼ਚਿਤ ਵਿਸੇਸ਼ਤਾ' ਦੇ ਅਤੇ ਜੀਵ-ਵਿਗਿਆਨ ਦੇ ਪ੍ਰਸੰਗ 'ਚ ਉਸ ਸਰੀਰਕ ਵਿਸੇਸ਼ਤਾ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੀ ਇਸ ਦੀ ਜਾਤੀ ਲਈ ਵਿਸੇਸ਼ ਹੁੰਦੀ ਹੈ ਅਤੇ ਜਿਸ ਦੇ ਆਧਾਰ ਤੇ ਇਸ ਦੀ ਜਾਤੀ ਦੀ ਪਛਾਣ ਕਰਨੀ ਸੰਭਵ ਹੈ।

Sperm (ਸਪੱਰਮ)

ਯੂਨਾਨੀ ਸ਼ਬਦ, ਸਪੱਰਮਾੱ (sperma) ਉਪਰੋਕਤ ਪਦ ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਬੀਜ' ਦੇ। ਨਰ ਪ੍ਰਾਣੀ ਦੇ ਪ੍ਰਜਣਨ ਸੈੱਲ, ਭਾਵ ਸ਼ੁਕਰਾਣੂ ਲਈ ਉਪਰੋਕਤ ਪਦ ਰਾਖਵਾਂ ਹੈ।

Spermatheca (ਸਪੱਰਮੈਥੀਕਾੱ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਸਪੱਰਮਾੱ (sperma), ਜਿਸ ਦੇ ਅਰਥ ਹਨ 'ਬੀਜ' ਦੇ ਅਤੇ ਦੂਜਾ ਹੈ ਥੀਕੀ (theke), ਜਿਸ ਦੇ ਅਰਥ ਹਨ 'ਥੈਲੀ' ਦੇ। ਕੁਝ ਰੀੜ੍ਹ-ਰਹਿਤ ਪ੍ਰਾਣੀਆਂ ਦੀ ਮਦੀਨ ਪ੍ਰਜਣਨ ਪ੍ਰਣਾਲੀ ਅੰਦਰਲੀ ਉਸ ਥੈਲੀ ਦਾ ਉਪਰੋਕਤ ਨਾਮ ਹੈ, ਜਿਸ ਅੰਦਰ, ਸੰਭੋਗ ਦੌਰਾਨ ਸ਼ੁਕਰਾਣੂ ਪ੍ਰਵੇਸ਼ ਕਰਦੇ ਹਨ।

Spermatid (ਸਪੱਰਮੈਟਿਡ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸਪੱਰਮਾੱ (sperma) ਹੈ, ਜਿਸ ਦੇ ਅਰਥ ਹਨ 'ਬੀਜ' ਦੇ। ਨਰ ਪ੍ਰਾਣੀ ਦੇ ਉਸ ਪ੍ਰਕਾਰ ਦੇ ਪ੍ਰਜਣਨ ਸੈੱਲ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਨੇ ਸ਼ੁਕਰਾਣੂ 'ਚ ਬਦਲ ਜਾਣਾ ਹੁੰਦਾ ਹੈ।

Spermatocyte (ਸਪੱਰਮੈਟੱਸਾਇਟ)

ਦੋ ਯੂਨਾਨੀ ਸ਼ਬਦ, ਸਪੱਰਮਾੱ (sperma) ਅਤੇ ਕਿਟੱਸ (kytos) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬੀਜ' ਦੇ ਅਤੇ 'ਖਾਲੀ ਸਥਾਨ', ਭਾਵ 'ਸੈੱਲ' ਦੇ। ਨਰ ਪ੍ਰਾਣੀ ਦੇ ਉਸ ਪ੍ਰਜਣਨ ਸੈੱਲ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਸ ਤੋਂ ਲਗਾਤਾਰ ਦੋ ਕ੍ਰੋਮੋਸੋਮ ਘਟਾਊ ਸੈੱਲ -ਵੰਡਾਰਿਆਂ ਰਾਹੀਂ,4 ਸਪੱਰਮੈਟਿਡ ਉਪਜਦੇ ਹਨ।

Spermatogenesis (ਸਪੱਰਮੈਟੱਜੈਨੱਸਿਸ)

ਇਸ ਪਦ ਦਾ ਆਧਾਰ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਨ੍ਹਾਂ 'ਚੋਂ ਪਹਿਲਾ ਹੈ ਸਪੱਰਮਾੱ (sperma), ਜਿਸ ਦੇ ਅਰਥ ਹਨ 'ਬੀਜ' ਦੇ ਅਤੇ ਦੂਜਾ ਹੈ ਜੈਨੱਸਿਸ (genesis), ਜਿਸ ਦੇ ਅਰਥ ਹਨ 'ਉਤਪਤੀ' ਦੇ। ਪ੍ਰਾਣੀ ਸਰੀਰ ਅੰਦਰ ਸ਼ੁਕਰਾਣੂਆਂ ਦਾ ਜਨਮ ਲੜੀਵਾਰ ਵਾਪਰ ਰਹੀਆਂ ਕਈ ਪ੍ਰਕ੍ਰਿਆਵਾਂ ਦਾ ਉਪਫਲ ਹੁੰਦਾ ਹੈ, ਜਿਨ੍ਹਾਂ ਦੇ ਸਮੂਹ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Spermatogonium (ਸਪੱਰਮੈਟੱਗੋਨਿਅਮ)

ਦੋ ਯੂਨਾਨੀ ਸ਼ਬਦ, ਸਪੱਰਮਾੱ (sperma) ਅਤੇ ਗੋਨਸ (gonos) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਸਿਲਸਿਲੇਵਾਰ ਅਰਥ ਹਨ 'ਬੀਜ' ਦੇ ਅਤੇ 'ਸੰਤਾਨ' ਦੇ। ਨਰ ਪ੍ਰਾਣੀ ਦੇ ਉਸ ਪ੍ਰਜਣਨ ਸੈੱਲ ਨੂੰ ਉਪਰੋਕਤ ਉਪਨਾਮ ਨਾਲ ਜਾਣਿਆ ਜਾਂਦਾ ਹੈ, ਜਿਸ ਨੇ ਕਿ ਸਪੱਰਮੈਟੱਸਾਇਟ ਬਣਨਾ ਹੁੰਦਾ ਹੈ।

Spermatophore (ਸਪੱਰਮੈਟੱਫ਼ੋਰ)

ਇਸ ਪਦ ਦਾ ਆਧਾਰ ਜਿਹੜੇ ਦੋ ਯੂਨਾਨੀ ਸ਼ਬਦ ਹਨ, ਉਨ੍ਹਾਂ 'ਚੋਂ ਪਹਿਲਾ ਹੈ ਸਪੱਰਮਾੱ (sperma), ਜਿਸ ਦੇ ਅਰਥ ਹਨ 'ਬੀਜ' ਦੇ ਅਤੇ ਦੂਜਾ ਹੈ ਫ਼ਰੀਨ (pherein), ਜਿਸ ਦੇ ਅਰਥ ਹਨ 'ਚੁੱਕ ਕੇ ਲੈ ਜਾਣ' ਦੇ। ਕਈ ਨਰ ਪ੍ਰਾਣੀ ਜੈਲੀ ਦੇ ਬਣੇ ਬੀਜਕੋਸ਼ (ਕੈਪਸਯੂਲ) ਉਪਜਾਉਂਦੇ ਹਨ, ਜਿਨ੍ਹਾਂ ਅੰਦਰ ਸ਼ੁਕਰਾਣੂ ਸਮਾਏ ਹੁੰਦੇ ਹਨ ਅਤੇ ਜਿਨ੍ਹਾਂ ਦਾ ਤਿਆਗ ਇਹ, ਮਦੀਨ ਪ੍ਰਾਣੀ ਦੁਆਰਾ ਇਨ੍ਹਾਂ ਦੇ ਲੱਭੇ ਜਾਣ ਦੇ ਮੰਤਵ ਨਾਲ ਕਰ ਦਿੰਦੇ ਹਨ।

Spermatophyte (ਸਪੱਰਮੈਟੱਫ਼ਾਇਟ)

ਇਸ ਪਦ ਦੀ ਰਚਨਾਂ ਦੋ ਯੂਨਾਨੀ ਸ਼ਬਦਾਂ ਦੁਆਰਾ ਹੋਈ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਸਪੱਰਮਾੱ (sperma), ਜਿਸ ਦੇ ਅਰਥ ਹਨ 'ਬੀਜ' ਦੇ ਅਤੇ ਦੂਜਾ ਹੈ ਫਾਇਟੱਨ (phyton), ਜਿਸ ਦੇ ਅਰਥ ਹਨ 'ਪੌਦੇ' ਦੇ। ਉਸ ਪੌਦੇ ਲਈ ਉਪਰੋਕਤ ਪਦ ਰਾਖਵਾਂ ਹੈ ਜਿਹੜਾ ਬੀਜ ਉਪਜਾਉਂਦਾ ਹੈ ਅਤੇ ਆਪ ਬੀਜ ਦੁਆਰਾ ਉਪਜਦਾ ਹੈ।

Spermatozoon (ਸਪੱਰਮੈਟੱਜ਼ੂਨ)

ਦੋ ਯੂਨਾਨੀ ਸ਼ਬਦ, ਸਪੱਰਮਾੱ (sperma) ਅਤੇ ਜ਼ੂਨ (zoon) ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬੀਜ' ਦੇ ਅਤੇ 'ਪ੍ਰਾਣੀ' ਦੇ। ਪ੍ਰਾਣੀ ਦੇ ਨਰ ਪ੍ਰਜਣਨ ਸੈੱਲ, ਭਾਵ ਸ਼ੁਕਰਾਣੂ ਲਈ ਵਰਤਿਆ ਜਾਂਦਾ ਇਹ ਉਪਨਾਮ ਹੈ, ਜਿਸ ਦੇ ਸਿਰ ਹੁੰਦਾ ਹੈ, ਧੜ ਹੁੰਦਾ ਹੈ ਅਤੇ ਪੂਛ ਹੁੰਦੀ ਹੈ।

Spermin (ਸਪੱਰਮਿਨ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਸਪੱਰਮਾੱ (sperma) ਹੈ, ਜਿਸ ਦੇ ਅਰਥ ਹਨ 'ਬੀਜ' ਦੇ। ਟੈਸਟਿਸ (testis) 'ਚੋਂ ਉਪਜਦੇ ਹਾਰਮੋਨ ਦਾ

ਇਹ ਨਾਮ ਹੈ।

Spermine (ਸਪੱਰਮੀਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸਪੱਰਮਾੱ (sperma) ਹੈ, ਜਿਸ ਦੇ ਅਰਥ ਹਨ 'ਬੀਜ' ਦੇ। ਸੀਮੇਂਨ (semen), ਭਾਵ ਵੀਰਜ ਅੰਦਰਲੇ ਫਾਸਫੇਟ ਭਿੰਨੇ ਇਕ ਪਦਾਰਥ ਦਾ ਇਹ ਨਾਮ ਹੈ, ਜਿਸ ਦਾ ਰਸਾਇਣਕ ਫਰਮੂਲਾ ਹੈ : $C_{10} H_{26} N_4$1

Spheniscidae (ਸਫੇੱਨਿਸਿਡੀ)

ਪੰਛੀ ਸ੍ਰੇਣੀ ਦੇ ਇਕ ਕੁਟੰਬ (family) ਦਾ ਇਹ ਨਾਮ ਹੈ, ਜਿਸ 'ਚ ਨਾ ਉਡਣ ਯੋਗ ਜਲ-ਪੰਛੀ 'ਪੈਂਗੁਇਨ' ਸ਼ਾਮਲ ਹਨ। ਅੱਜ ਇਨ੍ਹਾਂ ਦਾ ਨਜ਼ਦੀਕੀ ਕੋਈ ਪੰਛੀ ਨਹੀਂ ਹੈ, ਜਦ ਕਿ ਦੂਰ ਦੇ ਸਬੰਧੀਆਂ 'ਚੋਂ ਪੇੱਟ੍ਰਲ (petrel) ਨਾਮ ਦੇ ਪੰਛੀ ਹਨ, ਜਿਹੜੇ ਉਡਣ 'ਚ ਨਿਪੁੰਨ ਹਨ।

Sphincter (ਸਫਿੰਗਟਰ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸਫਿੰਗੀਨ (sphinggein) ਹੈ, ਜਿਸ ਦੇ ਅਰਥ ਹਨ 'ਨਪੀੜੀ ਰਖਣ' ਦੇ। ਸਰੀਰ ਅੰਦਰਲੀ ਵਿਸ਼ੇਸ਼ ਮਾਸ਼ਪੇਸ਼ੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਸਰੀਰਕ ਦੁਆਰ ਦੁਆਲੇ ਲਿਪਟੀ ਹੋਈ ਤੇ ਸੁੰਗੜੀ ਹੋਈ, ਇਸ ਨੂੰ ਆਮ ਤੌਰ ਤੇ ਬੰਦ ਰਖਦੀ ਹੈ ਅਤੇ ਜਦ ਇਸ ਨੂੰ ਲੋੜ ਅਨੁਕੂਲ ਆਰਜ਼ੀ ਤੌਰ ਤੇ ਖੋਹਲਣਾ ਹੁੰਦਾ ਹੈ, ਤਦ ਹੀ ਪਸਰਦੀ ਹੈ। ਗੁਦਾ, ਸੰਘ, ਪ੍ਰਜਣਨ ਅੰਗਾਂ ਦੇ ਦੁਆਰ ਇਸੇ ਪ੍ਰਕਾਰ ਦੀ ਮਾਸ-ਪੇਸ਼ੀ ਨਾਲ ਘਿਰੇ ਹੋਏ ਹਨ ।

Spinal canal (ਸਪਾਈਨੱਲ ਕਨੈਲ)

ਪਦ ਦਾ ਪਹਿਲਾ ਭਾਗ ਇਕ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਰੀੜ੍ਹ' ਦੇ। ਸਰੀਰ ਅੰਦਰ ਲੰਬੇ ਦਾਅ ਪਸਰੀ ਰੀੜ੍ਹ ਦੀ ਹੱਡੀ ਅੰਦਰਲੀ ਨਾਲੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀ ਕਿ ਸਪਾਈਨੱਲ ਕਾਰਡ, ਭਾਵ ਮੁੱਖ-ਨਸ ਦਾ ਨਿਵਾਸ ਸਥਾਨ ਹੈ।

Spinal cord (ਸਪਾਈਨੱਲ ਕਾਰਡ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ ਸ਼ਬਦ ਹੈ, ਜਿਹੜਾ ਕਿ 'ਰੀੜ੍ਹ' ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਰੀੜ ਅੰਦਰ ਲੰਬੇ ਦਾਅ ਸਾਰੇ, ਸੁਰੱਖਿਅਤ ਸਮਾਈ ਹੋਈ ਮੁੱਖ-ਨਸ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Spinneret (ਸਪਿਨੱਰੱਟ)

ਇਸ ਸਾਧਾਰਨ ਵਰਤੋਂ 'ਚ ਆ ਰਹੇ ਸ਼ਬਦ ਦੇ ਅਰਥ ਹਨ 'ਉਣਨ' ਦੇ। ਜਾਲਾ ਉਣਦੇ ਮੱਕੜੀ ਦੇ ਉਣਨ-ਅੰਗ ਨੂੰ ਦਰਸਾਉਣ ਲਈ, ਇਸ ਪਦ ਦਾ, ਵਿਗਿਆਨ ਦੇ ਪ੍ਰਸੰਗ 'ਚ, ਉਪਯੋਗ ਕੀਤਾ ਜਾਂਦਾ ਹੈ। ਇਹ ਅੰਗ ਟੰਗ ਦੇ ਸਿਰੇ 'ਤੇ ਸਥਿਤ ਹੈ ਅਤੇ ਇਕ ਨਲਕੀ ਦੁਆਰਾ ਇਹ, ਸਰੀਰ ਅੰਦਰਲੀ ਤਰਲ ਦੇ ਰੂਪ 'ਚ ਰੇਸ਼ਮ ਉਪਜਾਉਂਦੀ ਗ੍ਰੰਥੀ ਨਾਲ ਜੁੜਿਆ ਹੁੰਦਾ ਹੈ।

Spiracle (ਸਪਾਇਰੱਕਲ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਸਪਾਇਰੱਕਯੂਲਮ (spiraculum) ਹੈ, ਜਿਸ ਦੇ ਅਰਥ ਹਨ 'ਹਵਾ-ਦੁਆਰ' ਦੇ। ਪ੍ਰਾਣੀਆਂ ਦੇ, ਅਤੇ ਵਿਸੇਸ਼ ਤੌਰ ਤੇ ਆਰਥਰੱਪੋਡ (arthropod) ਕਬੀਲੇ ਦੇ ਪ੍ਰਾਣੀਆਂ ਦੇ ਸ੍ਵਾਸ-ਦੁਆਰ ਲਈ ਉਪਰੋਕਤ ਪਦ ਰਾਖਵਾਂ ਹੈ।

Spirochete (ਸਪਾਇਰੱਕੀਟ)

ਇਸ ਪਦ 'ਚ ਲਾਤੀਨੀ ਸ਼ਬਦ, ਸਪਾਇਰੱ (spira) ਅਤੇ ਯੂਨਾਨੀ ਸ਼ਬਦ, ਕੇਟੀ (chaite) ਸਮਾਏ ਹੋਏ ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਕੁੰਡਲ' ਦੇ ਅਤੇ 'ਵਾਲ' ਦੇ। ਵਲੇਵੇਂਦਾਰ ਵਾਲ ਜਿਹੀ ਨੁਹਾਰ ਵਾਲੇ ਕੀਟਾਣੂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ। ਇਹੋ ਕੀਟਾਣੂ ਸਿਫਲਸ (syphlus) ਜਾਂ ਆਤਸ਼ਕ ਰੋਗ ਦਾ ਕਾਰਨ ਬਣਦੇ ਹਨ।

Spleen (ਸਪਲੀਨ)

ਇਹ ਯੂਨਾਨੀ ਸ਼ਬਦ ਹੈ ਅਤੇ ਰੀੜ੍ਹ-ਸਹਿਤ ਪ੍ਰਾਣੀਆਂ ਦੇ ਇਕ ਅਤੀ ਕ੍ਰਿਆਸ਼ੀਲ ਅੰਗ ਦਾ ਇਹ ਨਾਮ ਹੈ। ਇਸ ਅੰਗ ਦਾ ਸਥਾਨ ਮਿਹਦੇ ਦੇ ਗੁਆਂਢ 'ਚ ਹੈ ਅਤੇ ਇਹ ਨਕਾਰਾ ਹੋਏ ਸੂਹੇ ਸੈੱਲਾਂ ਨੂੰ ਪੁਣ-ਛਾਣ ਕੇ ਲਹੂ 'ਚੋਂ ਵਖ ਕਰਦਾ ਰਹਿੰਦਾ ਹੈ।

Splice (ਸਪਲਾਈਸ)

ਸਾਧਾਰਨ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਟੋਟਿਆਂ ਨੂੰ ਗੰਢਣ' ਦੇ। ਜੀਵ-ਵਿਗਿਆਨ ਦੇ ਪ੍ਰਸੰਗ 'ਚ ਵੀ ਇਸ ਪਦ ਦਾ ਉਪਯੋਗ ਡੀ ਐਨ ਏ ਦੀਆਂ ਦੋ ਲੜੀਆਂ ਨੂੰ ਇਕ ਦੂਜੀ ਨਾਲ ਗੰਢਣ ਦੀ ਪ੍ਰਕ੍ਰਿਆ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

Sporadic (ਸਪੱਰੈਡਿਕ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸਪੱਰੈਡਿਕੱਸ (sporadikos) ਹੈ, ਜਿਸ ਦੇ ਅਰਥ ਹਨ 'ਖਿੰਡੇ ਹੋਣ' ਦੇ। ਜਿਹੜੇ ਪੌਦੇ ਦੂਰ ਦੂਰ ਖਿੰਡੇ ਹਟਵੇਂ ਖੇਤਰਾਂ 'ਚ, ਸਥਾਨਕ ਤੌਰ ਤੇ ਉਗਦੇ ਹਨ , ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Sporangium (ਸਪੱਰੈਂਜਿਅਮ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਸਪੋਰੱਸ (sporos), ਜਿਸ ਦੇ ਅਰਥ ਹਨ 'ਬੀਜ' ਦੇ ਅਤੇ ਦੂਜਾ ਐਨਜੀਅਨ (anggein), ਜਿਸ ਦੇ ਅਰਥ ਹਨ 'ਬਰਤਣ' ਦੇ। ਉਸ ਕੈਸਯੂਲ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਅੰਦਰ ਸਪੋਰ ਜਾਂ ਬੀਜ ਭਰੇ ਹੁੰਦੇ ਹਨ ਅਤੇ ਉਸ ਸੈੱਲ ਲਈ ਵੀ ਇਹੋ ਪਦ ਵਰਤਿਆ ਜਾਂਦਾ ਹੈ, ਜਿਹੜਾ ਸਪੋਰ ਜਾਂ ਬੀਜ ਉਪਜਾਉਂਦਾ ਹੈ।

Spore (ਸਪੋਰ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ ਸਪੋਰੱਸ (sporos) ਹੈ, ਜਿਸ ਦੇ ਅਰਥ ਹਨ 'ਬੀਜ' ਦੇ। ਕਰੜੀ ਪਰਤ ਵਾਲੇ ਬੀਜਾਣੂ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਨੂੰ ਪੌਦੇ ਅਤੇ ਹੋਰ ਜੀਵ ਵਾਤਾਵਰਣ ਦੇ ਅਸੁਖਾਵੇਂਪਣ ਵਾਲਾ ਸਮਾਂ ਲੰਘਾਉਣ ਲਈ ਉਪਜਾਉਂਦੇ ਹਨ। ਸੁਖਾਵੀਂ ਸਥਿਤੀ ਪਰਤਦਿਆਂ ਹੀ ਸਪੋਰ 'ਚੋਂ ਨਵੇਂ ਜੀਵ ਪੁੰਗਰ ਕੇ ਬਾਹਰ ਆ ਜਾਂਦੇ ਹਨ।

Sporoblast (ਸਪੋਰੱਬਲੈਸਟ)

ਦੋ ਯੂਨਾਨੀ ਸ਼ਬਦ, ਸਪੋਰੱਸ (sporos) ਅਤੇ ਬਲੈਸਟੱਸ (blastas) ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਬੀਜ' ਦੇ ਤੇ 'ਕਲੀ' ਦੇ। ਸਪੋਰ ਨੂੰ ਜਨਮ ਦੇਣ ਵਾਲੇ ਸੈੱਲ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Sporogonium (ਸਪਾੱਰਗੋਨਿਅਮ)

ਇਸ ਪਦ ਦਾ ਮੂਲ ਦੋ ਯੂਨਾਨੀ ਸ਼ਬਦ ਹਨ, ਪਹਿਲਾ ਸਪੋਰੱਸ (sporos), ਜਿਸ ਦੇ ਅਰਥ ਹਨ 'ਬੀਜ' ਦੇ ਅਤੇ ਦੂਜਾ ਗੋਨੱਸ (gonos), ਜਿਸ ਦੇ ਅਰਥ ਹਨ 'ਸੰਤਾਨ' ਦੇ। ਪੌਦਿਆਂ ਦੇ ਸਪੋਰ-ਉਪਜਾਊ ਅੰਗ ਲਈ ਇਹ ਪਦ ਰਾਖਵਾਂ ਹੈ।

Sporophyll (ਸਪਾਰੱਫਿੱਲ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਸਪੋਰੱਸ (sporos), ਜਿਸ ਦੇ ਅਰਥ ਹਨ 'ਬੀਜ' ਦੇ ਅਤੇ ਦੂਜਾ ਫ਼ਿਲੱਨ (phyllon), ਜਿਸ ਦੇ ਅਰਥ ਹਨ 'ਪੱਤਰ' ਦੇ । ਪੌਦੇ ਦੇ ਉਸ ਪੱਤਰ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਉਪਰ ਸਪੋਰ ਉਪਜਾਊ ਅੰਗ ਖਿੰਡੇ ਹੁੰਦੇ ਹਨ।

Sporozoa (ਸਪਾਰੱਜ਼ੋਆ)

ਇਸ ਪਦ ਨੂੰ ਰਚਣ ਵਾਲੇ ਦੋ ਯੂਨਾਨੀ ਸ਼ਬਦ ਹਨ, ਪਹਿਲਾ ਸਪੋਰੱਸ (sporos), ਜਿਸ ਦੇ ਅਰਥ ਹਨ 'ਬੀਜ' ਦੇ ਅਤੇ ਦੂਜਾ ਜ਼ੂਨ (zoon) ਜਿਸ ਦੇ ਅਰਥ ਹਨ 'ਪ੍ਰਾਣੀ ' ਦੇ । ਇਕ ਸੈੱਲ ਦੀ

ਦੇਹ ਵਾਲੇ ਜੀਵਾਂ ਦੇ ਉਪ-ਜਗਤ (sub-kingdom) ਦੀ ਇਕ ਸ਼੍ਰੇਣੀ (class) ਦਾ ਉਪਰੋਕਤ ਨਾਮ ਹੈ, ਜਿਸ 'ਚ ਨਿਰੋਲ ਪ੍ਰਜੀਵ ਸ਼ਾਮਲ ਹਨ ਅਤੇ ਜਿਹੜੇ ਕਈ ਮਾਨਵੀ ਰੋਗਾਂ ਦਾ ਕਾਰਨ ਬਣਦੇ ਹਨ।

Squamata (ਸਕੁਏਮੈੱਟਾਂ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਸਕੁਏਮਾਂ (squama) ਹੈ, ਜਿਸ ਨੂੰ 'ਪਰਤ ਦੀ ਪੇਪੜੀ' ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਰੇਪਟੀਲਿਆ (Reptilia) ਸ਼੍ਰੇਣੀ (class) ਦੇ ਇਕ ਵਰਗ ਦਾ ਉਪਰੋਕਤ ਨਾਮ ਹੈ, ਜਿਸ 'ਚ ਕਿਰਲੇ ਅਤੇ ਸੱਪ ਸ਼ਾਮਲ ਹਨ ਅਤੇ ਜਿਨ੍ਹਾਂ ਦੀ ਸਰੀਰਕ ਪਰਤ, ਸਿਰ ਤੋਂ ਲੈਕੇ ਪੂਛ ਦੇ ਸਿਰੇ ਤਕ, ਪੇਪੜੀਆਂ ਨਾਲ ਕੱਜੀ ਹੁੰਦੀ ਹੈ।

Standing crop (ਸਟੈਂਡਿੰਗ ਕ੍ਰਾਪ)

ਇਸ ਪਦ ਦੇ ਸ਼ਾਬਦਕ ਅਰਥ ਹਨ 'ਖਲੋਤੀ ਫ਼ਸਲ' ਦੇ, ਪਰ ਇਸ ਨੂੰ ਇਕ ਖੇਤਰ ਵਿਖੇ ਉਗਦੇ, ਇਕ ਹੀ ਜਾਤੀ ਦੇ ਪੌਦਿਆਂ ਦੇ ਜੈਵਿਕ-ਪੁੰਜ (biomass) ਨੂੰ ਦਰਸਾਉਣ ਲਈ ਵੀ ਵਰਤਿਆ ਜਾਂਦਾ ਹੈ।

Stamen (ਸਟੇਮਨ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਲੱਜ' ਦੇ। ਫੁੱਲ ਅੰਦਰਲੇ ਨਰ ਪ੍ਰਜਣਨ-ਅੰਗ ਦਾ ਇਹ ਨਾਮ ਹੈ, ਜਿਸ ਦੀ ਡੰਡੀ ਉਪਰ ਪਰਾਗ ਕੋਸ਼ (anther) ਜੜੇ ਹੁੰਦੇ ਹਨ।

Stapes (ਸਟੇਪੀਜ਼)

ਇਹ 'ਰਕਾਬ' ਲਈ ਵਰਤਿਆ ਜਾਂਦਾ ਲਾਤੀਨੀ ਸ਼ਬਦ ਹੈ, ਜਿਸ ਨੂੰ ਜੀਵ-ਵਿਗਿਆਨ ਦੇ ਪ੍ਰਸੰਗ 'ਚ, ਪਸ਼ੂ ਦੇ ਕੰਨ ਅੰਦਰਲੀ ਰਕਾਬ ਦੀ ਨੁਹਾਰ ਜਿਹੀ ਮਲੂਕ ਅਸਥੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Statocyst (ਸਟੇਟੋਂਸਿਸਟ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਇਕ ਸਟੇਟੱਸ (statos), ਜਿਸ ਦੇ ਅਰਥ ਹਨ 'ਸਥਿਰ' ਦੇ ਅਤੇ ਦੂਜਾ ਕਿਸਟਿਸ (kystis), ਜਿਸ ਦੇ ਅਰਥ ਹਨ 'ਥੈਲੀ' ਦੇ। ਰੀੜ੍ਹ-ਰਹਿਤ ਪ੍ਰਾਣੀਆਂ ਦੇ ਥੈਲੀ ਜਿਹੇ ਇਕ ਅੰਗ ਦਾ ਉਪਰੋਕਤ ਨਾਮ ਹੈ, ਜਿਸ ਦੀ ਕ੍ਰਿਆ ਸਰੀਰਕ ਸਥਿਰਤਾ ਨੂੰ ਬਣਾਈ ਰਖਣਾ ਹੈ।

Steapsin (ਸਟੀਐਪਸਿਨ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਸਟੀਅਰ (stear), ਜਿਸ ਦੇ ਅਰਥ ਹਨ 'ਚਿਕਨਾਈ' ਦੇ ਅਤੇ ਦੂਜਾ ਪੈਪਸਿਸ (pepsis), ਜਿਸ ਦੇ ਅਰਥ ਹਨ 'ਹਾਜ਼ਮੇ' ਦੇ। ਉਪਰੋਕਤ ਨਾਮ ਪੈਂਕਰਿਅਸ (pancreas) ਗ੍ਰੰਥੀ ਚੋਂ ਰਿਸਦੇ ਉਸ ਐਨਜ਼ਾਈਮ ਦਾ ਹੈ, ਜਿਸ ਦੀ ਕ੍ਰਿਆ ਖ਼ੁਰਾਕ ਅੰਦਰਲੀ ਚਰਬੀ ਨੂੰ ਹਜ਼ਮ ਕਰਨਾ ਹੈ।

Stem (ਸਟੈੱਮ)

ਪੌਦੇ ਦੇ ਮੁੱਖ ਤਣੇ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਆਮ ਤੌਰ 'ਤੇ ਭੂਮੀ ਤੋਂ ਉਤਾਂਹ ਹੁੰਦਾ ਹੈ ਅਤੇ ਜਿਸ 'ਚੋਂ ਟਹਿਣੀਆਂ, ਪੱਤਰ, ਫੁੱਲ ਆਦਿ ਪੁੰਗਰ ਕੇ ਆਲੇ-ਦੁਆਲੇ ਪਸਰਦੇ ਰਹਿੰਦੇ ਹਨ।

Stenohaline (ਸਟੈਨੋਂਹੈਲਿਨ)

ਯੂਨਾਨੀ ਸ਼ਬਦ, ਸਟੈਨੱਸ (stenos) ਅਤੇ ਹੈਲਿਨੱਸ (halinos) ਇਸ ਪਦ ਦੇ ਆਧਾਰ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਸੀਮਿਤ' ਦੇ ਤੇ 'ਖਾਰੀਪਣ' ਦੇ। ਉਨ੍ਹਾਂ ਜਲ-ਜੀਵਾਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜੇ ਮਾਮੂਲੀ ਖਾਰੀ ਜਲ 'ਚ ਤਾਂ ਵਿਚਰ ਸਕਦੇ ਹਨ, ਪਰੰਤੂ ਵਧੇਰੇ ਖਾਰੀ ਜਲ 'ਚ ਨਹੀਂ।

Stenothermic (ਸਟੈਂਨਥੈਰਮਿਕ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਨੂੰ

ਰਚਨਹਾਰੇ ਹਨ, ਉਹ ਹਨ ਸਟੈਨੌਸ (stenos) ਅਤੇ ਥਰਮੀ (therme), ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਸੀਮਿਤ' ਦੇ ਅਤੇ ਦੂਜੇ ਦੇ 'ਤਪਸ਼' ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਦਾ ਵਿਸ਼ੇਸ਼ਣ ਵਜੋਂ ਉਪਯੋਗ ਕੀਤਾ ਜਾਂਦਾ ਹੈ, ਜਿਹੜੇ ਦੁਆਲੇ ਵਿਆਪਕ ਤਾਪਮਾਨ ਦੇ ਮਾਮੂਲੀ ਉਤਾਰ-ਚੜਾਅ ਨੂੰ ਸਹਿ ਸਕਣ ਦੇ ਯੋਗ ਤਾਂ ਹੁੰਦੇ ਹਨ, ਪਰੰਤੂ ਇਸ ਦੇ ਭਾਰੀ ਫੇਰ-ਬਦਲ ਨੂੰ ਨਹੀਂ।

Stenotopic (ਸਟੈਨੌਟੌਪਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਸਟੈਨੌਸ (stenos), ਜਿਸ ਦੇ ਅਰਥ ਹਨ 'ਸੀਮਿਤ' ਦੇ ਅਤੇ ਦੂਜਾ ਹੈ ਟੌਪੌਸ (topos), ਜਿਸ ਦੇ ਅਰਥ ਹਨ 'ਸਥਾਨ' ਦੇ। ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਦੀ ਵਰਤੋਂ ਵਿਸ਼ੇਸ਼ਣ ਵਜੋਂ ਕੀਤੀ ਜਾਂਦੀ ਹੈ, ਜਿਹੜੇ ਇਕਸਾਰ ਵਾਤਾਵਰਣ ਵਾਲੇ ਅਤੇ ਸੀਮਿਤ ਪਸਾਰ ਵਾਲੇ ਖੇਤਰ 'ਚ ਵਿਚਰਨ ਯੋਗ ਹਨ।

Steppe (ਸਟੈੱਪ)

ਇਹ ਰੂਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਥੜ੍ਹੇ' ਦੇ। ਅਜਿਹੇ ਮੈਦਾਨੀ ਪਸਾਰ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ 'ਚ ਚੁਫੇਰੇ ਘਾਹ ਹੀ ਘਾਹ ਹੁੰਦਾ ਹੈ ਅਤੇ ਰੁੱਖ ਉਗੇ ਕਿਧਰੇ ਦਿਖਾਈ ਨਹੀਂ ਦਿੰਦੇ।

Sterile (ਸਟੈਰਾਇਲ)

ਲਾਤਾਨੀ ਸ਼ਬਦ, ਸਟੈਰਿਲਿਸ (sterilis) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਬੰਜਰ' ਦੇ। ਪ੍ਰਜਣਨ ਦੇ ਅਯੋਗ ਪ੍ਰਾਣੀ ਲਈ ਉਪਰੋਕਤ ਪਦ ਦਾ ਉਪਯੋਗ ਉਚਿਤ ਹੈ।

Sterilise (ਸਟੈਰਿਲਾਈਜ਼)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਸਟੈਰਿਲਿਸ (sterilis) ਹੈ, ਜਿਸ ਦੇ ਅਰਥ ਹਨ 'ਬੰਜਰ' ਦੇ। ਇਹ ਨਾਮ ਉਸ ਪ੍ਰਕ੍ਰਿਆ ਦਾ ਹੈ, ਜਿਸ ਦਾ ਉਪਯੋਗ ਕੀਤਿਆਂ ਜੀਵ ਪ੍ਰਜਣਨ ਯੋਗ ਨਹੀਂ ਰਹਿੰਦੇ, ਅਤੇ ਸਥਾਨ ਤੇ ਉਪਕਰਨ ਲਾਗ ਦਾ ਪ੍ਰਸਾਰ ਕਰਨ ਯੋਗ ਨਹੀਂ ਰਹਿੰਦੇ।

Sternum (ਸਟੈਰਨੱਮ)

ਇਹ ਲਾਤੀਨੀ ਸ਼ਬਦ ਹੈ, ਜਿਹੜਾ 'ਛਾਤੀ ਦੀ ਹੱਡੀ' ਨੂੰ ਦਰਸਾਉਂਦਾ ਹੈ। ਇਸ ਪਦ ਦਾ ਉਪਯੋਗ ਰੀੜ੍ਹ-ਸਹਿਤ ਪ੍ਰਾਣੀਆਂ 'ਚ 'ਛਾਤੀ ਦੀ ਹੱਡੀ' ਨੂੰ ਦਰਸਾਉਣ ਲਈ ਹੀ ਕੀਤਾ ਜਾਂਦਾ ਹੈ, ਜਦ ਕਿ ਕੀਟਾਂ ਦੀ ਛਾਤੀ ਦੇ ਤਿੰਨ ਖੰਡਾਂ ਨੂੰ ਥੱਲਿਓਂ ਵੱਖ ਵੱਖ ਸਹਾਰਾ ਦਿੰਦੀਆਂ ਪਲੇਟਾਂ 'ਚੋਂ ਵੀ ਹਰ ਇਕ ਲਈ ਇਸੇ ਪਦ ਦਾ ਉਪਯੋਗ ਹੋ ਰਿਹਾ ਹੈ।

Stigma (ਸਟਿਗਮੌਂ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਨਿਸ਼ਾਨ' ਦੇ ਜਾਂ 'ਦਾਗ਼' ਦੇ। ਫੁੱਲ ਦੇ ਮਾਦਾ ਪ੍ਰਜਣਨ-ਅੰਗ, ਭਾਵ ਪਿਸਟਿਲ (pistil) ਦੇ ਸਿਰੇ ਉਪਰਲੇ ਉਸ ਸਥਾਨ ਦਾ ਇਹ ਨਾਮ ਹੈ, ਜਿਥੇ ਆ ਕੇ ਦੂਜੇ ਫੁੱਲ ਦੇ ਪਰਾਗ ਟਿਕਦੇ ਹਨ।

Stimulus (ਸਟਿਮਯੂਲਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਉਕਸਾਹਟ' ਦੇ। ਹਰ ਉਸ ਕਾਰਨ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾ ਸਕਦਾ ਹੈ, ਜਿਹੜਾ ਜੀਵ ਦੇ ਸਰੀਰ ਅੰਦਰ ਜਾਂ ਫਿਰ ਇਸ ਦੇ ਕਿਸੇ ਅੰਗ ਅੰਦਰ ਪ੍ਰਤਿਕ੍ਰਿਆ ਨੂੰ ਜਨਮ ਦੇਣ ਯੋਗ ਹੈ।

Sting (ਸਟਿੰਗ)

ਆਮ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਡੰਗ' ਦੇ, ਜਿਹੜਾ ਸਰੀਰ ਦਾ 'ਕੰਡੇ' ਵਾਂਗ ਨੁਕੀਲਾ ਢਲਿਆ ਇਕ ਅੰਗ ਹੈ, ਅਤੇ ਜਿਹੜਾ ਸਰੀਰ ਅੰਦਰਲੀ ਵਿਸ਼ੈਲਾ ਰਸ ਉਪਜਾਊ ਗ੍ਰੰਥੀ ਨਾਲ ਜੁੜਿਆ ਹੁੰਦਾ ਹੈ।

Stolon (ਸਟੋਲਾੱਨ)

ਲਾਤੀਨੀ ਸ਼ਬਦ, ਸਟੋਲਾੱ (stolo) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਲਗਰ' ਦੇ। ਭੂਮੀ ਉਪਰ ਵਿਛੇ ਹੋਏ ਤਣੇ ਵਾਲੇ ਪੌਦੇ ਨੂੰ ਇਹ ਪਦ ਦਰਸਾਉਂਦਾ ਹੈ ਅਤੇ ਇਸ ਦੀ ਉਦਾਹਰਣ ਹਨ ਪੂਦਨਾ, ਸਟ੍ਰਾਬਰਿ ਆਦਿ।

Stoma (ਸਟੋਮਾ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਮੂੰਹ' ਦੇ। ਰੀੜ੍ਹ-ਰਹਿਤ ਪ੍ਰਾਣੀਆਂ ਦੀ ਹਰ ਪ੍ਰਕਾਰ ਦੀ ਸਰੀਰ ਅੰਦਰਲੀ ਝੀਥ ਲਈ ਉਪਰੋਕਤ ਪਦ ਵਰਤਿਆ ਜਾ ਸਕਦਾ ਹੈ। ਪੌਦਿਆਂ ਅੰਦਰਲੀ ਇਸੇ ਪ੍ਰਕਾਰ ਦੀ ਬਣਤਰ ਲਈ ਵੀ ਇਸੇ ਹੀ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Stomach (ਸਟੱਮਾੱਕ)

ਇਹ ਪਦ 'ਮਿਹਦੇ' ਲਈ ਵਰਤਿਆ ਜਾਂਦਾ ਹੈ, ਜਿਹੜਾ ਕਿ ਰੀੜ੍ਹ-ਸਹਿਤ ਪ੍ਰਾਣੀਆਂ ਦੀ ਪਾਚਨ ਨਾਲੀ ਦਾ ਮੁੱਖ ਅੰਗ ਹੈ ਅਤੇ ਜਿਸ ਅੰਦਰ ਮੂੰਹ ਦੁਆਰਾ ਨਿਗਲੀ ਖ਼ੁਰਾਕ ਸਭ ਤੋਂ ਪਹਿਲਾਂ ਪ੍ਰਵੇਸ਼ ਕਰਦੀ ਹੈ।

Stomodaeum (ਸਟੋਮੱਡੀਅਮ)

ਪ੍ਰਾਣੀਆਂ ਦੀ ਪਾਚਨ ਨਾਲੀ ਦੇ ਸਭਨਾਂ ਨਾਲੋਂ ਅਗਲੇ, ਮੂੰਹ ਅੰਦਰਲੇ ਭਾਗ ਲਈ ਇਹ ਪਦ ਰਾਖਵਾਂ ਹੈ, ਜਿਹੜਾ ਕਿ ਐਕਟੱਡਰਮ (ectoderm) ਦੁਆਰਾ ਲਿੰਬਿਆ ਹੁੰਦਾ ਹੈ। ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸਟੋਮਾਂ (stoma) ਅਤੇ ਹਾਡੇਅਸ (hodaios) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਮੂੰਹ' ਦੇ ਅਤੇ 'ਰਾਹ' ਦੇ।

Strange species (ਸਟ੍ਰੇਂਜ ਸਪੀਸੀਜ਼)

ਵਿਸ਼ੇਸ਼ ਦੁਆਲੇ 'ਚ ਵਿਚਰਦੀ ਹੋਈ ਅਜਿਹੀ ਨਿਰਾਲੀ ਜੀਵ-ਜਾਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦੀ ਉਥੇ ਵਿਚਰਨ ਦੀ ਸੰਭਾਵਨਾਂ ਨਹੀਂ ਹੁੰਦੀ।

Stratification (ਸਟ੍ਰੈਟਿਫਿਕੇਸ਼ਨ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਸਟ੍ਰੇਟਮ (stratum), ਜਿਸ ਦੇ ਅਰਥ ਹਨ 'ਤਹਿ' ਦੇ ਅਤੇ ਦੂਜਾ ਫੇਸਰਿ (facere), ਜਿਸ ਦੇ ਅਰਥ ਹਨ 'ਰਚਣ' ਦੇ। ਸਰੀਰ ਅੰਦਰ, ਸੈੱਲਾਂ ਨੂੰ ਤਹਿਦਾਰ ਤਰਤੀਬ ਅਰਪਣ ਕਰਦੀ ਪ੍ਰਕ੍ਰਿਆ ਦਾ ਇਹ ਨਾਮ ਹੈ।

Stratum (ਸਟ੍ਰੇਟਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਤਹਿ' ਦੇ। ਸਰੀਰ ਅੰਦਰ ਸੈੱਲਾਂ ਦੀ ਉਸ ਪ੍ਰਕਾਰ ਦੀ ਤਰਤੀਬ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਪਰਤ ਦਾ ਰੂਪ ਹੁੰਦਾ ਹੈ।

Stratum corneum (ਸਟ੍ਰੇਟਮ ਕਾੱਰਨਿਅਮ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਪਹਿਲਾ ਸਟ੍ਰੇਟਮ (stratum), ਜਿਸ ਦੇ ਅਰਥ ਹਨ 'ਪਰਤ' ਦੇ ਅਤੇ ਦੂਜਾ ਕਾਰਨਿਅਸ (corneus), ਜਿਸ ਦੇ ਅਰਥ ਹਨ 'ਕਰੜੇਪਣ' ਦੇ। ਰੀੜ੍ਹ-ਸਹਿਤ ਪ੍ਰਾਣੀਆਂ ਦੀ ਖਲੜੀ ਉਪਰ ਬਾਹਰ-ਬਾਰ ਫੈਲੀ ਹੋਈ ਕਰੜੀ ਪਰਤ ਦਾ ਉਪਰੋਕਤ ਨਾਮ ਹੈ।

Streptococcus (ਸਟਰੈਪਟੱਕਾੱਕਸ)

ਮਨੁੱਖ ਦੇ ਕਈ ਰੋਗਾਂ ਦਾ ਕਾਰਨ ਬਣਦੇ ਕੀਟਾਣੂਆਂ ਦੀ ਪ੍ਰਜਾਤੀ (genus) ਦਾ ਇਹ ਵਿਗਿਆਨਕ ਨਾਮ ਹੈ। ਜਿਹੜੇ ਰੋਗ ਇਹ ਕੀਟਾਣੂ ਉਪਜਾਉਂਦੇ ਹਨ, ਉਨ੍ਹਾਂ 'ਚੋਂ ਮੁੱਖ ਹਨ: ਸਕਰਾਲਟ ਬੁਖ਼ਾਰ (scarlet fever) ਤੇ ਰੁਮੈਟਿਕ ਬੁਖਾਰ (rheumatic fever), ਭਾਵ ਗਠੀਏ ਕਾਰਨ ਹੋਇਆ ਬੁਖ਼ਾਰ।

Streptomycin (ਸਟਰੈਪਟੱਮਾਇਸਿਨ)

ਇਕ ਜੀਵਾਣੂ-ਰੋਧਕ ਦਵਾਈ ਦਾ ਇਹ

ਨਾਮ ਹੈ, ਜਿਹੜੀ ਸਟਰੈਪਟੱਮਾਇਸਿਜ਼ ਨਾਮ ਦੀ ਫਫੂੰਦੀ ਤੋਂ ਪ੍ਰਾਪਤ ਕੀਤੀ ਜਾਂਦੀ ਹੈ ਅਤੇ ਜਿਸ ਕਰਕੇ ਹੀ ਇਸ ਦਾ ਉਪਰੋਕਤ ਨਾਮਕਰਣ ਹੋਇਆ। ਕੀਟਾਣੂਆਂ ਦੀ ਲਾਗ ਕਾਰਨ ਉਪਜੇ ਰੋਗਾਂ ਵਿਰੁਧ ਇਸ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ।

Striated muscles (ਸਟਰਾਈਇਟਡ ਮੱਸਲਜ਼)

ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਸਟਰਾਈਏਟਸ (striatus) ਹੈ, ਜਿਸ ਦੇ ਅਰਥ ਹਨ ‘ਝਿਰੀਦਾਰ’ ਦੇ। ਸਰੀਰ ਅੰਦਰਲੀਆਂ ਉਨ੍ਹਾਂ ਮਾਸਪੇਸ਼ੀਆਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਉਪਰ ਚੌੜੇ-ਦਾਅ ਧਾਰੀਆਂ ਉਕਰੀਆਂ ਦਿਖਾਈ ਦਿੰਦੀਆਂ ਹਨ। ਸਰੀਰਕ ਅੰਗਾਂ ਨਾਲ ਜੁੜੀਆਂ ਇਹ ਮਾਸਪੇਸ਼ੀਆਂ, ਪ੍ਰਾਣੀ ਦੀ ਇੱਛਾ ਅਧੀਨ ਕ੍ਰਿਆਸ਼ੀਲ ਹੋਕੇ, ਅੰਗਾਂ ਦੀ ਹਿਲ-ਜੁਲ ਲਈ ਜ਼ਿੰਮੇਵਾਰ ਹਨ।

Strigiformes (ਸਟਰਿਜਿਫਾਰਮੀਜ਼)

ਪੰਛੀਆਂ ਦੇ ਇਕ ਵਰਗ ਦਾ ਇਹ ਨਾਮ ਹੈ, ਜਿਸ ’ਚ ਅਜਿਹੇ ਸ਼ਿਕਾਰ ਕਰਨ ਵਾਲੇ ਪੰਛੀ ਸ਼ਾਮਲ ਹਨ, ਜਿਹੜੇ ਰਾਤੀਂ ਕ੍ਰਿਆਸ਼ੀਲ ਹੁੰਦੇ ਹਨ, ਜਿਵੇਂ ਕਿ ਉੱਲੂ। ਇਨ੍ਹਾਂ ਪੰਛੀਆਂ ਦੀ ਵਿਸ਼ੇਸ਼ਤਾ ਵੱਡੇ ਸਿਰ, ਛੋਟੀ ਧੌਣ, ਕੁੰਢੀ ਚੁੰਝ ਅਤੇ ਮਜ਼ਬੂਤ ਨਹੁੰਦਰਾਂ ਹਨ।

Style (ਸਟਾਈਲ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ ਸਟਾਇਲਸ (stylos) ਹੈ, ਜਿਸ ਦੇ ਅਰਥ ਹਨ ‘ਥੰਮੀ’ ਦੇ। ਫੁੱਲ ਦੇ ਮਾਦਾ ਪ੍ਰਜਣਨ ਅੰਗ, ਭਾਵ ਪਿਸਟਿਲ ਦੇ, ਸਟਿਗਮਾਂ (stigma) ਨੂੰ ਹੇਠੋਂ ਸਹਾਰਾ ਦਿੰਦੇ ਡੰਡੀ ਜਿਹੇ ਸਡੌਲ ਤੇ ਲਮੂੰਤਰੇ ਭਾਗ ਲਈ ਉਪਰੋਕਤ ਪਦ ਰਾਖਵਾਂ ਹੈ।

Sub-cullular (ਸਬ-ਸੈਲਯੂਲੱਾਰ)

ਦੋ ਲਾਤੀਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ,ਪਹਿਲਾ ਸਬ (sub), ਜਿਸ ਦੇ ਅਰਥ ਹਨ ‘ਅਧੀਨ’ ਦੇ ਅਤੇ ਦੂਜਾ ਸੈੱਲਯੂਲੱਾ (cellua), ਜਿਸ ਦੇ ਅਰਥ ਹਨ ‘ਛੋਟੇ ਸੈੱਲ’ ਦੇ। ਸੈੱਲ ਅੰਦਰਲੀਆਂ ਇੰਦ੍ਰੀਆਂ ’ਚੋਂ ਹਰ ਇਕ, ਆਪਣੇ-ਆਪ, ਆਪਣੀ ਕ੍ਰਿਆ ਨਿਭਾ ਸਕਣ ਯੋਗ ਹੁੰਦੀ ਹੈ। ਇਸੇ ਸਥਿਤੀ ਨੂੰ ਉਪਰੋਕਤ ਦਰਸਾਉਂਦਾ ਹੈ।

Subcutaneous (ਸਬਕਯੂਟੇਨੱਅਸ)

ਲਾਤੀਨੀ ਸ਼ਬਦ, ਸਬ (sub) ਅਤੇ ਕਯੂਟਿਸ (cutis) ਇਸ ਪਦ ਦਾ ਆਧਾਰ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ, ‘ਅਧੀਨ’ ਦੇ ਅਤੇ ‘ਚਮੜੀ’ ਦੇ। ਚਮੜੀ ਹੇਠਲੀ ਅਗਲੀ ਪਰਤ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਕਿ ਰੀੜ੍ਹ-ਸਹਿਤ ਪ੍ਰਾਣੀਆਂ ’ਚ ਨਿਰੋਲ ਚਿਕਨਾਈ ਦੀ ਬਣੀ ਹੁੰਦੀ ਹੈ।

Subdominant (ਸਬਡਾਮਿਨੰਟ)

ਉਨ੍ਹਾਂ ਜੀਵਾਂ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ, ਜਿਹੜੇ ਜਿਸ ਦੁਆਲੇ ’ਚ ਵਿਚਰਦੇ ਹਨ, ਉਥੇ ਇਹ ਹੋਰਨਾਂ ਜੀਵਾਂ ਉਪਰ ਹਾਵੀ ਹੋਏ ਲਗਦੇ ਹਨ, ਪਰ ਅਜਿਹਾ ਹੁੰਦਾ ਨਹੀਂ ਘਾਹ-ਮੈਦਾਨ ਵਿਚ ਘਾਹ ਵੀ ਹੁੰਦਾ ਹੈ ਅਤੇ ਰੁੱਖ ਵੀ। ਰੁੱਖ ਦਾ ਪ੍ਰਭਾਵ, ਆਕਾਰ ਕਰਕੇ, ਝਟਪਟ ਪੈ ਜਾਂਦਾ ਹੈ, ਜਦ ਕਿ ਘਾਹ ਦਾ ਉਨਾ ਨਹੀਂ। ਪਰ ਸਥਿਤੀ ਇਹ ਹੈ ਕਿ ਇਸ ਦੁਆਲੇ ’ਚ ਜਦ ਕਿ ਘਾਹ ਗ਼ਾਲਬ ਹੁੰਦਾ ਹੈ ਅਤੇ ਰੁੱਖਾਂ ਦੀ ਪਦਵੀ ਦੂਜੇ ਦਰਜੇ ਦੀ ਹੁੰਦੀ ਹੈ।

Subspecies (ਸਬਸਪੀਸ਼ੀਜ਼)

ਇਸ ਪਦ ਦੇ ਸ਼ਾਬਦਕ ਅਰਥ ਹਨ ‘ਉਪਜਾਤੀ’ ਦੇ ਅਤੇ ਜੀਵਾਂ ਦੀ ਵਰਗਕੀ ਵੰਡ ’ਚ ਵੀ ਇਸ ਪਦ ਦਾ ਉਪਯੋਗ ਜਾਤੀ ਹੇਠਲੀ ਅਗਲੀ ਇਕਾਈ ਲਈ ਹੀ ਕੀਤਾ ਜਾਂਦਾ ਹੈ। ਇਕ ਜਾਤੀ ਦੇ ਜੀਵ ਜੇਕਰ ਲੰਬੇ ਸਮੇਂ ਤਕ ਵਖਰੇ ਵਖਰੇ ਵਾਤਾਵਰਨ ’ਚ ਵਿਚਰਦੇ ਰਹਿਣ, ਤਦ ਇਨ੍ਹਾਂ ’ਚ

ਵਿਤਕਰੇ ਉਭਰ ਆਉਂਦੇ ਹਨ, ਹਾਲਾਂਕਿ ਇਹ ਆਪਸ 'ਚ ਹਾਲੀਂ ਵੀ, ਲਿੰਗੀ ਸੰਭੋਗ ਦੁਆਰਾ, ਸੰਤਾਨ ਉਪਜਾਉਣ ਦੇ ਯੋਗ ਹੁੰਦੇ ਹਨ। ਇਸ ਸਥਿਤੀ 'ਚ ਇਨ੍ਹਾਂ ਨੂੰ ਵਖਰੀ ਵਖਰੀ ਉਪਜਾਤੀ ਦੀ ਪਦਵੀ ਅਰਪਣ ਕਰ ਦਿੱਤੀ ਜਾਂਦੀ ਹੈ।

Substrate (ਸਬਸਟ੍ਰੇਟ)

ਦੋ ਲਾਤੀਨੀ ਸ਼ਬਦ, ਸਬ (sub) ਅਤੇ ਸਟ੍ਰੇਟਮ (stratum) ਇਸ ਪਦ 'ਚ ਸਮਾਏ ਹੋਏ ਹਨ, ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਅਧੀਨ' ਦੇ ਅਤੇ 'ਪਰਤ' ਦੇ। ਉਸ ਪਦਾਰਥ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦਾ ਐਨਜ਼ਾਈਮ ਦੇ ਪ੍ਰਭਾਵ ਅਧੀਨ ਰਸਾਇਣਕ ਸੁਭਾਅ ਬਦਲ ਜਾਂਦਾ ਹੈ। ਹਰ ਇਕ ਸਬਸਟ੍ਰੇਟ ਦਾ ਆਪੋ-ਆਪਣਾ ਵਿਸ਼ੇਸ਼ ਐਨਜ਼ਾਈਮ ਹੁੰਦਾ ਹੈ।

Substratum (ਸਬਸਟ੍ਰੇਟੱਮ)

ਦੋ ਲਾਤੀਨੀ ਸ਼ਬਦ, ਸਬ (sub) ਅਤੇ ਸਟ੍ਰੇਟਮ (stratum) ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਅਧੀਨ' ਦੇ ਅਤੇ ਦੂਜੇ ਦੇ 'ਪਰਤ' ਦੇ। ਉਸ ਪਰਤ ਨੂੰ, ਤਲ ਨੂੰ ਜਾਂ ਭੂਮੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਨਾਲ ਅਹਿਲ ਜੀਵਨ ਬਿਤਾਉਣ ਵਾਲੇ ਪ੍ਰਾਣੀ ਅਤੇ ਪੌਦੇ ਜੁੜੇ ਜਾਂ ਜਕੜੇ ਹੋਏ ਹੁੰਦੇ ਹਨ।

Succession(ਸਕਸੈਸ਼ਨ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਇਕ ਪਿਛੋਂ ਇਕ, ਲੜੀਵਾਰ ਹੋਂਦ 'ਚ ਆਉਣ' ਦੇ। ਨਿਰਧਾਰਤ ਖੇਤਰ 'ਚ ਇਕ ਇਕ ਕਰਕੇ ਉਗਣ ਵਾਲੀਆਂ ਬਨਸਪਤੀ ਨਸਲਾਂ ਦੀ ਅਤੇ ਫਿਰ ਇਨ੍ਹਾਂ 'ਚ ਟਿਕਾਣਾ ਲੱਭਦੀਆਂ ਪ੍ਰਾਣੀ ਨਸਲਾਂ ਦੀ ਉਪਸਥਿਤੀ ਦੇ ਸਿਲਸਿਲੇ ਲਈ ਉਪਰੋਕਤ ਪਦ ਰਾਖਵਾਂ ਹੈ।

Succulent (ਸੱਕਯੂਲੈਂਟ)

ਇਸ ਪਦ ਦਾ ਮੂਲ ਹੈ ਲਾਤੀਨੀ ਸ਼ਬਦ, ਸੱਕਯੂਸ (succus), ਜਿਸ ਦੇ ਅਰਥ ਹਨ 'ਰਸ' ਦੇ। ਉਸ ਫਲ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਰਸ ਨਾਲ ਭਰਿਆ, ਰਸੀਲਾ ਹੁੰਦਾ ਹੈ।

Succus (ਸੱਕਯੂਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਰਸ' ਦੇ। ਫਲ, ਸਬਜ਼ੀ ਜਾਂ ਤਣੇ ਦੇ ਰਸ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ; ਅਤੇ ਪ੍ਰਾਣੀ ਅੰਦਰਲੀਆਂ ਗ੍ਰੰਥੀਆਂ 'ਚੋਂ ਰਿਸਦੇ ਹਾਰਮੋਨੀ ਜਾਂ ਹੋਰ ਰਸ ਨੂੰ ਵੀ ਇਹੋ ਪਦ ਦਰਸਾਉਂਦਾ ਹੈ।

Sucker (ਸੱਕਰ)

ਆਮ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਚੂਸਣੇ ਅੰਗ' ਦੇ। ਪ੍ਰਾਣੀਆਂ ਦੇ ਉਸ ਅੰਗ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਕਿਸੇ ਵੀ ਪ੍ਰਕਾਰ ਦਾ ਤਰਲ ਚੂਸਣ ਲਈ ਖਿਲਾ ਉਪਜਾ ਸਕਣ ਯੋਗ ਹੁੰਦਾ ਹੈ। ਇਸੇ ਪਦ ਦਾ ਉਪਯੋਗ ਪੌਦਿਆਂ ਦੇ ਅਜਿਹੇ ਤਣੇ ਲਈ ਵੀ ਕੀਤਾ ਜਾਂਦਾ ਹੈ, ਜਿਹੜਾ ਭੂਮੀ ਗ੍ਰਸਤ ਹੁੰਦਾ ਹੈ।

Sucrose (ਸਯੂਕਰੋਜ਼)

ਇਹ ਫ੍ਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ 'ਖੰਡ' ਦੇ। ਪਰ ਉਪਰੋਕਤ ਪਦ ਦਾ ਉਪਯੋਗ, ਗੰਨੇ ਦੀ ਮਿਠਾਸ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

Sulcus (ਸਲਕੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਝਰੀ' ਦੇ। ਕਿਸੇ ਵੀ ਸਰੀਰਕ ਅੰਗ ਅੰਦਰ ਉਕਰੀ ਹੋਈ ਝਰੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾ ਸਕਦੀ ਹੈ।

Supra (ਸਯੂਪਰਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਉਪਰ' ਦੇ ਜਾਂ 'ਉਤਾਂਹ' ਦੇ। ਇਸ ਪਦ ਦਾ ਉਪਯੋਗ ਜਿਸ ਵੀ ਸਰੀਰਕ ਬਣਤਰ ਦੇ ਨਾਮ ਦੇ ਮੁਹਰੈਲ ਵਜੋਂ ਕੀਤਾ ਜਾਂਦਾ ਹੈ, ਉਸੇ ਤੋਂ ਉਤਾਂਹ ਦੀ ਸਥਿਤੀ ਨੂੰ ਇਹ ਦਰਸਾਉਂਦਾ ਹੈ।

Suture (ਸੂਚਰ)

ਇਹ ਪਦ ਲਾਤੀਨੀ ਸ਼ਬਦ ਸਯੁਟਯੁਰਾੱ (sutura) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਸਿਉਣ' ਦੇ। ਕਿਸੇ ਵੀ ਅੰਗ ਦੇ ਦੋ ਭਾਗਾਂ ਨੂੰ ਜੋੜਦੀ ਸਿਉਣ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Swarm (ਸ੍ਵਾਰਮ)

ਇਸ ਸ਼ਬਦ ਦੇ ਅਰਥ ਹਨ 'ਦਲ' ਦੇ। ਛੋਟੇ ਆਕਾਰ ਦੇ ਜਲ-ਜੀਵ ਅਤੇ ਹਵਾ 'ਚ ਉਡਦੇ ਪ੍ਰਾਣੀ ਜਦ ਵੀ ਸਥਾਨ ਬਦਲਦੇ ਹਨ, ਤਦ ਇਕੱਠੇ ਹੋਕੇ ਅਤੇ ਗੁੰਦਵੇਂ ਸਮੂਹ 'ਚ ਜੱਥੇਬੰਦ ਹੋਏ ਇਸੇ ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਜਲ ਅੰਦਰ ਕ੍ਰਿੱਲ (krill), ਹਵਾ 'ਚ ਉਡਦਾ ਟਿੱਡੀ-ਦਲ (locust) ਅਤੇ ਛੱਤਾ ਬਦਲਣ ਸਮੇਂ ਮਧੂ-ਮੱਖੀ : ਇਸੇ ਦੀ ਉਦਾਹਰਣ ਹਨ।

Sweat (ਸ੍ਵੈਟ)

ਪਸ਼ੂਆਂ ਦੀ ਚਮੜੀ ਅੰਦਰ ਥਾਂ ਥਾਂ 'ਤੇ ਸਥਿਤ, ਪਸੀਨਾ-ਗ੍ਰੰਥੀਆਂ 'ਚੋਂ ਰਿਸ ਕੇ ਮੁਸਾਮਾਂ 'ਚੋਂ ਬਾਹਰ ਆਉਂਦੇ ਮੁੜ੍ਹਕੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਕਿ ਮੁੱਖ ਰੂਪ 'ਚ ਹੁੰਦਾ ਤਾਂ ਪਾਣੀ ਹੀ ਹੈ, ਜਿਸ ਵਿਚ ਪਰ ਸਰੀਰ ਅੰਦਰ ਉਪਜੇ ਕਈ ਪਦਾਰਥ ਵੀ ਘੁਲੇ ਹੋਏ ਹੁੰਦੇ ਹਨ।

Swimmerets (ਸਵਿਮਰਟਸ)

ਆਰਥੱਰਪੋਡ ਕਬੀਲੇ ਦੀ ਕਰੱਸਟੇਸ਼ੀਆ (Crustacea) ਸ਼੍ਰੇਣੀ 'ਚ ਸ਼ਾਮਲ ਜਲ-ਪ੍ਰਾਣੀਆਂ ਦੇ ਸਰੀਰਕ ਖੰਡਾਂ ਨਾਲ ਜਿਹੜੀਆਂ ਟੰਗਾਂ ਜੁੜੀਆਂ ਹੋਈਆਂ ਹਨ, ਉਹ ਤੈਰਨ ਦੀ ਕ੍ਰਿਆ ਨਿਭਾਉਣ ਦੇ ਨਾਲ-ਨਾਲ, ਸ੍ਵਾਸ-ਕ੍ਰਿਆ 'ਚ ਵੀ ਭੂਮਿਕਾ ਨਿਭਾਉਂਦੀਆਂ ਹਨ। ਇਨ੍ਹਾਂ ਲਈ ਹੀ ਉਪਰੋਕਤ ਪਦ ਰਾਖਵਾਂ ਹੈ।

Symbiosis (ਸਿਮਬਿਅਸਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸਿਮਬਿਅਨਈ (symbionai) ਹੈ, ਜਿਸ ਦੇ ਅਰਥ ਹਨ 'ਇਕੱਠੇ ਰਹਿਣ' ਦੇ। ਵੱਖ ਵੱਖ ਜਾਤੀ ਦੇ ਦੋ ਜੀਵ ਜੇਕਰ ਇਕ ਦੂਜੇ ਉਪਰ ਨਿਰਭਰ ਅਤੇ ਇਕ ਦੂਜੇ ਲਈ ਲਾਭਦਾਇਕ ਜੀਵਨ ਬਿਤਾਉਣ, ਤਦ ਇਸ ਪ੍ਰਕਾਰ ਦੇ ਪ੍ਰਚਲਨ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Symmetry (ਸਿਮਿਟ੍ਰਿ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸਮਰਚਨਾਂ' ਦੇ। ਉਪਰੋਕਤ ਪਦ ਦਾ ਉਪਯੋਗ ਵੀ ਜੀਵ ਦੀ ਸਰੀਰਕ ਸਮਰਚਨਾ ਨੂੰ ਦਰਸਾਉਣ ਲਈ ਹੀ ਕੀਤਾ ਜਾਂਦਾ ਹੈ, ਜਿਹੜੀ ਕਿ ਆਮ ਤੌਰ 'ਤੇ ਦੋ ਪੱਖੀ (bilateral) ਹੁੰਦੀ ਹੈ ਅਤੇ ਜਾਂ ਫਿਰ ਸਰਬ ਪੱਖੀ (radial)।

Sympathetic nervous system (ਸਿੰਪੱਥੈਟਿਕ ਨਰਵਸ ਸਿਸਟਮ)

ਸਿੰਪੱਥੈਟਿਕ ਸ਼ਬਦ ਦੇ ਅਰਥ ਹਨ 'ਹਿਤੈਸ਼ੀ' ਦੇ। ਉਪਰੋਕਤ, ਆਟੋਨਾੱਮਿਕ (autonomic), ਭਾਵ ਸਵਾਧੀਨ ਨਸ ਪ੍ਰਣਾਲੀ ਦੇ ਦੋ 'ਚੋਂ ਇਕ ਭਾਗ ਦਾ ਨਾਮ ਹੈ, ਜਿਸ ਅਧੀਨ ਸਰੀਰ ਅੰਦਰਲੇ ਭਿੰਨ ਭਿੰਨ ਅੰਗ-ਕ੍ਰਿਆਸ਼ੀਲ ਹੁੰਦੇ ਰਹਿੰਦੇ ਹਨ, ਜਿਵੇਂ ਕਿ ਦਿਲ, ਫੇਫੜੇ, ਜਿਗਰ, ਗੁਰਦੇ, ਪ੍ਰਜਣਨ ਅੰਗ ਆਦਿ।

Sympatric (ਸਿਮਪੈਟ੍ਰਿਕ)

ਇਸ ਪਦ ਨੂੰ ਦੋ ਯੂਨਾਨੀ ਸ਼ਬਦਾਂ ਨੇ ਰਚਿਆ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਸਿਨ (syn),

ਜਿਸ ਦੇ ਅਰਥ ਹਨ 'ਨਾਲ' ਦੇ ਅਤੇ ਦੂਜਾ ਹੈ ਪੈਟਰਾ (patra), ਜਿਸ ਦੇ ਅਰਥ ਹਨ 'ਪੈਦਾਇਸ਼ੀ ਸਥਾਨ' ਦੇ। ਦੋ ਵੱਖ ਵੱਖ ਜੀਵ-ਜਾਤੀਆਂ ਜੇਕਰ ਇਕੋ ਖੇਤਰ 'ਚ ਨਾਲ ਨਾਲ ਵਿਚਰਨ, ਤਦ ਉਨ੍ਹਾਂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Symphysis (ਸਿਮਫ਼ਿਸਿਸ).

ਇਹ ਯੂਨਾਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਸਹਿਪ੍ਰਗਤੀ' ਦੇ, ਭਾਵ 'ਨਾਲ ਨਾਲ ਪੁੰਗਰਨ' ਦੇ। ਸਰੀਰ ਅੰਦਰਲੀਆਂ ਕਈ ਹੱਡੀਆਂ ਅਜਿਹੀਆਂ ਹਨ, ਜਿਹੜੀਆ ਭਰੂਣ ਦੀ ਪ੍ਰਗਤੀ ਦੌਰਾਨ ਤਾਂ ਵੱਖ ਵੱਖ ਹੁੰਦੀਆਂ ਹਨ, ਪਰ ਜਨਮ ਉਪਰੰਤ, ਇਹ ਇਕ ਦੂਜੀ ਨਾਲ ਜੁੜ ਜਾਂਦੀਆਂ ਹਨ ਅਤੇ ਇਨ੍ਹਾਂ ਦੇ ਇਹ ਜੋੜ ਪ੍ਰਤੱਖ ਵਿਖਾਈ ਦਿੰਦੇ ਰਹਿੰਦੇ ਹਨ। ਇਸ ਪ੍ਰਕਾਰ ਦੇ ਹੱਡੀ-ਜੋੜ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Synapse (ਸਿਨੇਪੱਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਸਿਨੇਪੱਸਿਸ (synapsis) ਹੈ, ਜਿਸ ਦੇ ਅਰਥ ਹਨ 'ਮਿਲਾਪ' ਦੇ ਜਾਂ 'ਸੰਗਮ' ਦੇ। ਦੋ ਵਖਰੇ ਨਸ-ਸੈੱਲਾਂ ਚੋਂ ਪੁੰਗਰਦੀਆਂ ਸ਼ਾਖਾਵਾਂ ਦੇ ਸਿਰਿਆਂ ਦੁਆਰਾ ਹੋਏ ਇਨ੍ਹਾਂ ਦੇ ਸੰਗਮ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਮਿਲ ਰਹੀਆਂ ਦੋ ਨਸ-ਸ਼ਾਖਾਵਾਂ ਦੇ ਸਿਰਿਆਂ ਵਿਚਕਾਰ ਮਾਮੂਲੀ ਵਿੱਥ ਦੇ ਬਣੇ ਰਹਿਣ ਵਾਲਾ ਮਿਲਾਪ, ਨਿਰੋਲ ਨਸ-ਪ੍ਰਣਾਲੀ ਦੀ ਵਿਸ਼ੇਸ਼ਤਾ ਹੈ।

Synapsis (ਸਿਨੇਪੱਪਿਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸੰਗਮ' ਦੇ। ਸੈੱਲ ਦੇ ਵਿਭਾਜਨ ਦੌਰਾਨ, ਜਦ ਦੋ ਸਮਾਨ (homologous) ਕ੍ਰੋਮੋਸੋਮ, ਖੇਤਰੀ ਵਟਾਂਦਰੇ ਲਈ, ਆਰਜ਼ੀ ਤੌਰ ਤੇ ਇਕ ਦੂਜੇ ਨਾਲ ਆ ਜੁੜਦੇ ਹਨ, ਉਸੇ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Synaptic cleft(ਸਿਨੇੱਪਟਿਕ ਕਲੈਫਟ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਯੂਨਾਨੀ ਸ਼ਬਦ, ਸਿਨੇੱਪਸਿਸ (synapiss) ਹੈ, ਜਿਸ ਦੇ ਅਰਥ ਹਨ 'ਸੰਗਮ' ਦੇ ਅਤੇ ਦੂਜਾ ਸਾਧਾਰਨ ਵਰਤੋਂ 'ਚ ਆ ਰਿਹਾ ਸ਼ਬਦ ਹੈ, ਜਿਸ ਦੇ ਅਰਥ ਹਨ 'ਦਰਾੜ' ਦੇ। ਦੋ ਨਸ-ਸ਼ਾਖ਼ਾਵਾਂ ਦੇ ਮਿਲਾਪ ਵਾਲੇ ਸਥਾਨ ਤੇ, ਇਨ੍ਹਾਂ ਦੇ ਸਿਰਿਆਂ ਵਿਚਕਾਰ ਬਣੀ ਰਹਿਣ ਵਾਲੀ ਵਿੱਥ ਨੂੰ ਉਪਰੋਕਤ ਪਦ ਦਰਸਾਉਂਦਾ ਹੈ। ਇਨ੍ਹਾਂ ਦੇ ਸੰਗਮ ਦੀ ਇਹੋ ਵਿਸ਼ੇਸ਼ਤਾ ਹੈ।

Synchronic (ਸਿਨਕ੍ਰਾਨਿਕ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਸਿਨ (syn), ਜਿਸ ਦੇ ਅਰਥ ਹਨ 'ਨਾਲ' ਦੇ ਅਤੇ ਦੂਜਾ ਹੈ ਕ੍ਰਾਨਸ (chronos), ਜਿਸ ਦੇ ਅਰਥ ਹਨ 'ਸਮੇਂ' ਦੇ। ਇਕੋ ਸਮੇਂ, ਸਮਕਾਲੀ ਬਣ ਕੇ ਵਿਚਰ ਰਹੀਆਂ ਜੀਵ-ਨਸਲਾਂ ਲਈ ਉਪਰੋਕਤ ਪਦ ਦੀ ਵਰਤੋਂ ਵਿਸ਼ੇਸ਼ਣ ਵਜੋਂ ਕੀਤੀ ਜਾਂਦੀ ਹੈ।

Syncytium (ਸਿਨਸਿਟਿਅਮ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਸਿਨ (syn), ਜਿਸ ਦੇ ਅਰਥ ਹਨ 'ਨਾਲ' ਦੇ ਅਤੇ ਦੂਜਾ ਹੈ ਕਿਟਸ (kytos), ਜਿਸ ਦੇ ਅਰਥ ਹਨ 'ਖੋਖਲੇਪਣ' ਦੇ, ਭਾਵ 'ਸੈੱਲ' ਦੇ। ਉਸ ਪ੍ਰਕਾਰ ਦੇ ਸੈੱਲ-ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ 'ਚ ਸੈੱਲਾਂ ਦੁਆਲੇ ਦੀਆਂ ਝਿੱਲੀਆਂ ਅਲੋਪ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਨਿਊਕਲੀਅਸ ਪ੍ਰੋਟੋਪਲਾਜ਼ਮੀ ਖਿਲਾਰ ਵਿਚ ਖਿੰਡੇ ਹੋਏ ਸਪਸ਼ਟ ਨਜ਼ਰ ਆਉਂਦੇ ਹਨ।

Syndrome (ਸਿਨਡਰੋਮ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਸਿਨ (syn),ਜਿਸ ਦੇ ਅਰਥ ਹਨ 'ਨਾਲ' ਦੇ ਅਤੇ ਦੂਜਾ ਹੈ ਡ੍ਰੈਮੀਨ

(dramein), ਜਿਸ ਦੇ ਅਰਥ ਹਨ 'ਦੌੜਨ' ਦੇ। ਸਹਿਵਰਤੀ ਸਰੀਰਕ ਵਿਸ਼ੇਸ਼ਤਾਵਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀਆਂ ਕਿ ਸੰਤਾਨ ਨੂੰ ਵਿਰਸੇ 'ਚ ਵੀ ਮਿਲਦੀਆਂ ਰਹਿੰਦੀਆਂ ਹਨ।

Synecology (ਸਿਨਈਕੌਲਜਿ)

ਯੂਨਾਨੀ ਆਧਾਰ ਵਾਲੇ ਈਕੌਲੌਜਿ ਸ਼ਬਦ ਦੇ ਅਰਥ ਹਨ 'ਪਰਿਸਥਿਤੀ-ਵਿਗਿਆਨ' ਦੇ ਅਤੇ ਪਦ 'ਚ ਇਸ ਦੇ ਮੁਹਰੈਲ ਵਜੋਂ ਵਰਤੇ ਗਏ ਯੂਨਾਨੀ ਸ਼ਬਦ, ਸਿਨ (syn) ਦੇ ਅਰਥ ਹਨ 'ਨਾਲ' ਦੇ। ਉਪਰੋਕਤ ਪਦ ਜੀਵ-ਵਿਗਿਆਨ ਦੀ ਉਸ ਅਧਿਐਨ ਸ਼ਾਖ ਦਾ ਨਾਮ ਹੈ, ਜਿਸ ਦਾ ਸਬੰਧ ਇਕ ਖੇਤਰ 'ਚ ਵਿਚਰਦੇ ਜੀਵਾਂ ਦੀ ਸ਼ਰੀਕੇਦਾਰ ਸਾਂਝ ਬਾਰੇ ਗਿਆਨ ਨਾਲ ਹੈ।

Synovial fluid (ਸਿਨੋਵਿਅਲ ਫਲਯੂਡ)

ਪਦ ਦੇ ਪਹਿਲੇ ਭਾਗ ਦਾ ਆਧਾਰ ਯੂਨਾਨੀ ਸ਼ਬਦ, ਸਿਨ (syn) ਅਤੇ ਲਾਤੀਨੀ ਸ਼ਬਦ, ਓਵਮ (ovum) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਨਾਲ' ਦੇ ਅਤੇ 'ਅੰਡੇ' ਦੇ। ਪਦ ਦਾ ਦੂਜਾ ਭਾਗ 'ਤਰਲ' ਲਈ ਵਰਤਿਆ ਜਾਂਦਾ ਸ਼ਬਦ ਹੈ। ਉਪਰੋਕਤ ਪਦ ਹੱਡ-ਜੋੜਾਂ 'ਚ ਰਿਸਦੇ ਗਾਹੜੇ ਲੇਸਲੇ ਤਰਲ ਦਾ ਨਾਮ ਹੈ, ਜਿਹੜਾ ਇਨ੍ਹਾਂ ਦੀ ਹਰਕਤ ਨੂੰ ਸੁਖਾਵਾਂਪਣ ਅਰਪਣ ਕਰਦਾ ਹੈ।

Synovial memberane
(ਸਿਨੋਵਿਅਲ ਮੈਮਬ੍ਰੇਨ)

ਪਦ ਦਾ ਪਹਿਲਾ ਭਾਗ ਦੋ ਸ਼ਬਦਾਂ ਦਾ ਜੋੜ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਯੂਨਾਨੀ ਸ਼ਬਦ, ਸਿਨ (syn) ਜਿਸ ਦੇ ਅਰਥ ਹਨ 'ਨਾਲ' ਦੇ ਅਤੇ ਦੂਜਾ ਹੈ ਲਾਤੀਨੀ ਸ਼ਬਦ, ਓਵਮ (ovum), ਜਿਸ ਦੇ ਅਰਥ ਹਨ 'ਅੰਡੇ' ਦੇ। ਪਦ ਦਾ ਦੂਜਾ ਭਾਗ 'ਝਿਲੀ' ਲਈ ਵਰਤਿਆ ਜਾਂਦਾ ਸਾਧਾਰਨ ਸ਼ਬਦ ਹੈ। ਹੱਡ-ਜੋੜਾਂ ਦੁਆਲੇ ਲਿਪਟੀ ਹੋਈ ਅਤੇ ਕਲੈਜਨੀ ਰੇਸ਼ਿਆਂ ਦੀ ਬਣੀ ਹੋਈ ਕਰੜੀ ਝਿੱਲੀ ਦਾ ਉਪਰੋਕਤ ਨਾਮ ਹੈ, ਜਿਹੜੀ ਜੋੜਾਂ ਦੀ ਸੁਰੱਖਿਆ ਦਾ ਸਾਧਨ ਤਾਂ ਹੈ ਹੀ, ਅਤੇ ਨਾਲ ਹੀ ਇਸ ਝਿੱਲੀ 'ਚੋਂ ਰਿਸਦਾ ਲੇਸ ਇਨ੍ਹਾਂ ਨੂੰ ਚੀਕਣਾ ਵੀ ਬਣਾਈ ਰੱਖਦੀ ਹੈ।

Syntaxonomy (ਸਿਨਟੈਕਸਾੱਨਮਿ)

ਯੂਨਾਨੀ ਆਧਾਰ ਵਾਲਾ ਟੈਕਸਾੱਨਮਿ (taxonomy), ਜੀਵਾਂ ਦੀ ਵਰਗਕੀ-ਵੰਡ ਲਈ ਵਰਤਿਆ ਜਾਂਦਾ ਸ਼ਬਦ ਹੈ, ਜਦ ਕਿ ਇਸ ਦੇ ਮੁਹਰੈਲ ਵਜੋਂ ਵਰਤੇ ਗਏ ਯੂਨਾਨੀ ਸ਼ਬਦ, ਸਿਨ (syn) ਦੇ ਅਰਥ ਹਨ 'ਨਾਲ' ਦੇ। ਜੀਵਾਂ ਦੀ ਵਰਗਕੀ- ਵੰਡ ਲਈ ਜੇਕਰ ਜੀਵ ਦੀ ਬਜਾਏ, ਇਸ ਦੀ ਬਰਾਦਰੀ ਨੂੰ ਆਧਾਰ ਬਣਾਕੇ, ਉਸ ਉਪਰ ਟੈਕਸਾੱਨਮਿ ਦੇ ਨਿਯਮ ਲਾਗੂ ਕੀਤੇ ਜਾਣ, ਤਦ ਇਸ ਵਿਸ਼ੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Syrinx (ਸਰਿੰਕਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਬੰਸਰੀ' ਦੇ। ਪੰਛੀਆਂ ਦੇ ਸ੍ਵਰ ਉਪਜਾਊ ਅੰਗ ਦਾ ਇਹ ਨਾਮ ਹੈ। ਕੁਝ ਕੁ ਪੰਛੀਆਂ 'ਚ ਇਹ ਅੰਗ ਅਤੀ ਸੁਰੀਲੇ ਅਲਾਪ ਅਲਾਪਦਾ ਹੈ।

Systematics (ਸਿਸਟੇਮੈਟਿਕਸ)

ਇਸ ਪਦ ਦਾ ਆਧਾਰ ਸਿਸਟੇਮੈਟਿਕ (systematic) ਸ਼ਬਦ ਹੈ, ਜਿਸ ਦੇ ਅਰਥ ਹਨ 'ਸਿਲਸਿਲੇਵਾਰ' ਦੇ। ਜੀਵ-ਵਿਗਿਆਨ ਦੀ ਉਸ ਸ਼ਾਖ਼ ਲਈ ਉਪਰੋਕਤ ਸਿਰਲੇਖ ਵਰਤਿਆ ਜਾਂਦਾ ਹੈ, ਜਿਸ ਦਾ ਮੰਤਵ ਜੀਵਾਂ ਦੀ ਖਿੰਡੀ-ਪੁੰਡੀ ਵਿਵਧਤਾ ਨੂੰ ਸਿਲਸਿਲੇਵਾਰ ਵਿਉਂਤ ਅਰਪਣ ਕਰਕੇ, ਉਸ ਦਾ ਅਧਿਐਨ ਕਰਨਾ ਹੈ।

Systemic (ਸਿਸਟੈਮਿਕ)

ਸਮੁੱਚੇ ਸਰੀਰ ਨਾਲ ਜੁੜੀ ਸਰਬਾਂਗੀ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ

ਦਾ ਵਿਸ਼ੇਸ਼ਣ ਵਜੋਂ ਉਪਯੋਗ ਕੀਤਾ ਜਾਂਦਾ ਹੈ।

Systole (ਸਿਸਟਲਿ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ 'ਮਿੱਚ ਜਾਣ' ਦੇ ਹਨ, ਅਤੇ ਇਸ ਨੂੰ ਧੜਕਦੇ ਦਿਲ ਦੀ ਸੁੰਗੜਨ ਸਮੇਂ ਦੀ ਸਥਿਤੀ ਨੂੰ ਦਰਸਾਉਣ ਲਈ ਆਮ ਵਰਤਿਆ ਜਾਂਦਾ ਹੈ।

T

Tactile (ਟੈਕਟਾਇਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਟੈਕਟਿਲਿਸ (tactilis) ਹੈ, ਜਿਸ ਦੇ ਅਰਥ ਹਨ 'ਛੋਹਣਯੋਗ ਹੋਣ' ਦੇ। ਸਪੱਰਸ਼ ਦਾ ਅਨੁਭਵ ਕਰਨਯੋਗ ਅੰਗ ਜਾਂ ਸਰੀਰਕ ਬਣਤਰ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

Taiga (ਟਾਈਗਾੱ)

ਇਹ ਰੂਸੀ ਬੋਲੀ ਦਾ ਸ਼ਬਦ ਹੈ, ਜਿਸ ਨੂੰ ਕੋਨੀਫਰ (ਚੀੜ੍ਹ-ਦਿਓਦਾਰ) ਵਣਾਂ ਦੇ ਉਸ ਖੇਤਰ ਲਈ ਵਰਤਿਆ ਜਾਂਦਾ ਹੈ, ਜਿਹੜਾ ਆਰਕਟਿਕ ਟੁੰਡਰਾ ਅਤੇ ਸਟੈਪਿ ਵਿਚਕਾਰ ਫੈਲਿਆ ਹੋਇਆ ਹੈ ਅਤੇ ਸਾਇਬੇਰੀਆ ਵੀ ਜਿਸ ਦਾ ਇਕ ਭਾਗ ਹੈ।

Tail (ਟੇਲ)

ਇਸ ਸ਼ਬਦ ਦੇ ਅਰਥ ਹਨ 'ਪੂਛ' ਦੇ ਅਤੇ ਇਹ ਰੀੜ੍ਹ-ਸਹਿਤ ਪ੍ਰਾਣੀ ਦੇ ਸਰੀਰ ਦਾ ਪਿਛਾਂਹ ਨੂੰ ਬਾਹਰ ਨਿਕਲਵਾਂ ਲੰਬਾ ਅਤੇ ਪਤਲਾ ਵਧਾਅ ਹੈ, ਜਿਸ ਅੰਦਰ ਰੀੜ੍ਹ ਦੀ ਹੱਡੀ ਨੇ ਵੀ ਪ੍ਰਵੇਸ਼ ਕੀਤਾ ਹੁੰਦਾ ਹੈ।

Tallow (ਟੈਲੋ)

ਪ੍ਰਾਣੀ ਸਰੀਰ ਅੰਦਰ ਜੰਮ ਕੇ ਇਕੱਤਰ ਹੋਈ ਸਫ਼ੈਦ ਰੰਗ ਦੀ ਚਰਬੀ ਦਾ ਇਹ ਨਾਮ ਹੈ, ਜਿਹੜੀ, ਲੋੜ ਪੈਣ 'ਤੇ, ਸਰੀਰ ਲਈ ਊਰਜਾ ਦਾ ਅਤਿ ਲਾਭਦਾਇਕ ਸ੍ਰੋਤ ਸਿੱਧ ਹੁੰਦੀ ਹੈ।

Talon (ਟੈਲੱਨ)

ਇਹ ਲਾਤੀਨੀ ਸ਼ਬਦ, ਟੈਲੱਸ (talus) ਦਾ ਬਦਲਿਆ ਰੂਪ ਹੈ, ਜਿਸ ਦੇ ਅਰਥ ਹਨ 'ਗਿੱਟੇ' ਦੇ। ਸ਼ਿਕਾਰ ਕਰਦੇ ਪੰਛੀ ਦੀ ਨੁਕੀਲੀ ਤੇ ਤਿਖੀ ਨਹੁੰਦਰ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Talus (ਟੈਲੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਮਿੱਟੀ' ਦੇ; ਪਰ ਉਪਰੋਕਤ ਪਦ ਨੂੰ ਗਿੱਟੇ ਅੰਦਰਲੀ ਹੱਡੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਸ ਨੂੰ ਐਸਟਰੈਗੈਲੱਸ (astragalus) ਵੀ ਸੱਦਦੇ ਹਨ।

Tapetum (ਟੈਪੀਟੱਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਟੈਪੀਟ (tapete) ਹੈ, ਜਿਸ ਦੇ ਅਰਥ ਹਨ 'ਦਰੀ' ਦੇ। ਅੱਖ ਦੇ ਪਰਦੇ, ਭਾਵ ਰੈਟਿਨਾ (retina) ਦੁਆਲੇ ਵਿਛੀ ਉਸ ਪਰਤ ਦਾ ਇਹ ਨਾਮ ਹੈ, ਜਿਹੜੀ ਅੱਖ ਅੰਦਰ ਪ੍ਰਵੇਸ਼ ਕਰ ਰਹੇ ਪ੍ਰਕਾਸ਼ ਨੂੰ ਪਰਾਵਰਤਿਤ(reflect) ਕਰਨ ਯੋਗ ਹੈ। ਅੱਖ ਦੀ ਇਸ ਪਰਤ ਦੀ ਇਸ ਵਿਸ਼ੇਸ਼ਤਾ ਕਾਰਨ, ਰਾਤ ਨੂੰ ਸਰਗਰਮ ਰਹਿਣ ਵਾਲੇ ਪ੍ਰਾਣੀਆਂ ਦੀਆਂ ਅੱਖਾਂ ਰਾਤ ਨੂੰ ਚਮਕਦੀਆਂ ਵਿਖਾਈ ਦਿੰਦੀਆਂ ਹਨ।

Tap-root (ਟੈਪ-ਰੂਟ)

ਰੂਟ ਸ਼ਬਦ ਦੇ ਅਰਥ ਹਨ 'ਜੜ੍ਹ' ਦੇ ਅਤੇ ਉਸ ਪ੍ਰਕਾਰ ਦੀ ਜੜ੍ਹ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੀ ਤਣੇ ਦੇ ਠੀਕ ਵਿਪਰੀਤ, ਮੁੱਖ ਧੁਰੇ ਦੇ ਰੂਪ 'ਚ, ਸਿੱਧੀ ਭੂਮੀ ਅੰਦਰ ਖੁੱਭੀ ਹੋਈ ਹੁੰਦੀ ਹੈ ਅਤੇ ਜਿਸ ਚੋਂ ਮਹੀਨ ਜੜ੍ਹਾਂ ਨਿਕਲ ਕੇ ਆਸੀਂ ਪਾਸੀਂ ਫੈਲੀਆਂ ਹੁੰਦੀਆਂ ਹਨ। ਗਾਜਰ ਅਤੇ ਮੂਲੀ

ਇਸੇ ਪ੍ਰਕਾਰ ਦੀ ਜੜ੍ਹ ਦੀ ਉਦਾਹਰਣ ਹਨ।

Tarsus (ਟਾਰਸੱਸ)

ਪੈਰ ਦੀ ਪੇਤਲੀ ਲਈ ਵਰਤਿਆ ਜਾਂਦਾ ਯੂਨਾਨੀ ਸ਼ਬਦ, ਟਾਰਸਾੱਸ (tarsos) ਇਸ ਪਦ ਦਾ ਆਧਾਰ ਹੈ, ਜਿਸ ਨੂੰ ਮਨੁੱਖ ਦੇ ਗਿੱਟੇ ਅਤੇ ਅੱਡੀ ਅੰਦਰਲੀਆਂ 7 ਹੱਡੀਆਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਕੀਟਾਂ ਦੀ ਟੰਗ ਦੇ ਸਭਨਾਂ ਨਾਲੋਂ ਹੇਠਲੇ ਪੰਜਵੇਂ ਖੰਡ ਨੂੰ ਦਰਸਾਉਣ ਲਈ ਵੀ ਇਸੇ ਹੀ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Taste-buds (ਟੇਸਟ-ਬੱਡਜ਼)

ਟੇਸਟ ਸ਼ਬਦ ਦੇ ਅਰਥ ਹਨ 'ਸੁਆਦ' ਦੇ ਅਤੇ ਬੱਡ ਦੇ, 'ਡੋਡੀ' ਦੇ ਅਤੇ ਉਪਰੋਕਤ ਪਦ ਨੂੰ, ਇਸੇ ਲਈ, ਸੁਆਦ ਦਾ ਅਨੁਭਵ ਕਰਵਾਉਣ ਵਾਲੀਆਂ ਡੋਡੀਆਂ ਲਈ ਵਰਤਿਆ ਜਾਂਦਾ ਹੈ। ਸੁਆਦ-ਡੋਡੀਆਂ ਜੀਭ ਦੇ ਪਿਛਲੇ ਭਾਗ 'ਚ ਖਿੰਡੀਆਂ ਹੋਈਆਂ ਹਨ, ਜਿਹੜੀਆਂ ਕਿ ਵੱਖ ਵੱਖ ਖੱਟੇ, ਮਿੱਠੇ, ਕੌੜੇ ਅਤੇ ਸਲੂਣੇ ਸੁਆਦ ਦੇ ਅਨੁਭਵ ਲਈ ਵਿਸ਼ੇਸ਼ ਹਨ।

Taxis (ਟੈਕਸਿਸ)

ਇਸ ਯੂਨਾਨੀ ਸ਼ਬਦ ਦੇ ਅਰਥ ਹਨ 'ਤਰਤੀਬ' ਦੇ,ਪਰ ਇਸ ਪਦ ਦਾ ਪੌਦਿਆਂ ਦੇ ਪ੍ਰਸੰਗ 'ਚ ਉਪਯੋਗ, ਗੁਰੂਤਾ, ਪ੍ਰਕਾਸ਼ ਜਾਂ ਤਾਪਮਾਨ ਦਾ ਹੁੰਗਾਰਾ ਭਰਦੇ ਰਹਿਣ ਵਾਲੇ ਇਨ੍ਹਾਂ ਦੇ ਪ੍ਰਚਲਨ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ।

Taxodiaceae (ਟੈਕਸੱਡਿਏਸੀ)

ਇਹ ਨਾਮ ਉਸ ਬਨਸਪਤੀ ਕੁਟੰਬ (family) ਦਾ ਹੈ, ਜਿਸ 'ਚ ਉਚੇ ਤੇ ਵੱਡੇ ਫੈਲਾਓ ਵਾਲੇ ਅਤੇ ਲੰਬੀ ਆਯੂ ਭੋਗਦੇ ਕਾਨੀਫਰ (conifer) ਸ਼ਾਮਲ ਹਨ। ਰੈਡ-ਵੁੱਡ ਨਾਮ ਦਾ ਰੁੱਖ ਇਸੇ ਕੁਟੰਬ 'ਚ ਸ਼ਾਮਲ ਹੈ, ਜਿਹੜਾ 100 ਮੀਟਰ ਤੋਂ ਵੱਧ ਉਚਾ ਹੋ ਜਾਂਦਾ ਹੈ, ਜਿਸ ਦੇ ਤਣੇ ਦੀ 10 ਮੀਟਰ ਦੀ ਮੁਟਾਈ ਹੋ ਸਕਦੀ ਹੈ ਅਤੇ ਜਿਹੜਾ ਆਮ ਤੌਰ 'ਤੇ 1500 ਵਰ੍ਹਿਆਂ ਦਾ ਹੋ ਕੇ ਵੀ ਹਰਾ ਰਹਿੰਦਾ ਹੈ।

Taxon (ਟੈਕਸਾੱਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਟੈਕਸਿਸ (taxis) ਹੈ, ਜਿਸ ਦੇ ਅਰਥ ਹਨ 'ਤਰਤੀਬ' ਦੇ। ਜੀਵਾਂ ਦੀ ਵਰਗਕੀ-ਵੰਡ ਲਈ, ਵਰਤੋਂ 'ਚ ਆ ਰਹੀ ਹਰ ਇਕ ਇਕਾਈ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਭਾਵ ਜਾਤੀ, ਪ੍ਰਜਾਤੀ, ਕੁਟੰਬ, ਸ਼੍ਰੇਣੀ, ਕਬੀਲੇ: ਹਰ ਇਕ ਲਈ।

Taxonomy (ਟੈਕਸਾੱਨਮਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਟੈਕਸਿਸ (taxis), ਜਿਸ ਦੇ ਅਰਥ ਹਨ 'ਤਰਤੀਬ' ਦੇ ਅਤੇ ਦੂਜਾ ਨਮੱਸ (nomos), ਜਿਸ ਦੇ ਅਰਥ ਹਨ 'ਨਿਯਮ' ਦੇ। ਉਨ੍ਹਾਂ ਨਿਯਮਾਂ ਦੇ ਅਧਿਐਨ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜੇ ਜੀਵਾਂ ਦੀ ਵਰਗਕੀ-ਵੰਡ ਲਈ ਵਰਤੋਂ 'ਚ ਆਉਂਦੇ ਹਨ।

T-cell (ਟੀ-ਸੈੱਲ)

'ਥਾਇਮਸ ਗ੍ਰੰਥੀ 'ਚ ਉਪਜਿਆ ਰੰਗ ਰਹਿਤ ਰਕਤ-ਸੈੱਲ (lymphocyte)', ਉਪਰੋਕਤ ਪਦ ਦਾ ਵਿਸਥਾਰ ਹੈ। ਇਹ ਸੈੱਲ ਸਰੀਰ ਨੂੰ ਰੋਗਾਣੂਆਂ ਤੋਂ ਬਚਾਈ ਰੱਖਣ ਦੀ ਭੂਮਿਕਾ ਨਿਭਾਉਂਦੇ ਹਨ ਅਤੇ ਐਚ. ਆਈ. ਵੀ. (HIV) ਵਿਸ਼ਾਣੂ, ਇਨ੍ਹਾਂ ਅੰਦਰ ਹੀ ਘਰ ਕਰਕੇ, ਇਨ੍ਹਾਂ ਨੂੰ ਜੇਕਰ ਨਸ਼ਟ ਕਰਨ 'ਚ ਸਫ਼ਲ ਹੋ ਜਾਣ, ਤਦ ਸਿੱਟਾ ਏਡਜ਼ ਰੋਗ 'ਚ ਨਿਕਲਦਾ ਹੈ।

Tear (ਟੀਅਰ)

ਅੱਖਾਂ 'ਚੋਂ ਕਿਰਦੇ ਹੰਝੂ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜਾ ਕਿ ਅੱਖ ਦੇ ਕੋਏ 'ਚ ਸਥਿਤ ਲੈਕਰੀਮਲ (lachrymal) ਗ੍ਰੰਥੀ

'ਚੋਂ ਰਿਸਦਾ ਹੈ ਅਤੇ ਸਲੂਣੇ ਪਾਣੀ ਦੀ ਬੂੰਦ ਬਣਕੇ ਅੱਖ 'ਚੋਂ ਟਪਕਦਾ ਹੈ।

Teeth (ਟੀਥ)

ਮੂੰਹ ਅੰਦਰ, ਉਪਰਲੇ ਤੇ ਨਿਚਲੇ ਜਬਾੜੇ 'ਚੋਂ ਉਗੇ ਦੰਦਾਂ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੇ ਕਿ ਚਿੱਥਣ ਲਈ ਢਲੇ ਹੋਏ ਹਨ ਅਤੇ ਇਸੇ ਲਈ ਸਾਧਾਰਨ ਹੱਡੀ ਨਾਲੋਂ ਵੱਧ ਸਖ਼ਤ ਹਨ। ਕੀਟਾਂ ਵਿਖੇ ਇਹ ਕਾਈਟਿਨ (chitin) ਦੇ ਬਣੇ ਹਨ।

Teleosti (ਟੈਲਿਅਸਟਾਈ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਟੈਲਿਅਸ (teleos), ਜਿਸ ਦੇ ਅਰਥ ਹਨ 'ਸਾਲਮ' ਦੇ ਅਤੇ ਦੂਜਾ ਅਸਟਿਅਨ (osteon), ਜਿਸ ਦੇ ਅਰਥ ਹਨ 'ਹੱਡੀ' ਦੇ। ਮੱਛੀਆਂ ਦੇ ਇਕ ਵਰਗ ਦਾ ਉਪਰੋਕਤ ਨਾਮ ਹੈ, ਜਿਸ 'ਚ ਸ਼ਾਮਲ ਮੱਛੀਆਂ ਦੇ ਪਿੰਜਰ ਹੱਡੀਆਂ ਦੇ ਬਣੇ ਹਨ।

Telolecithal (ਟੈੱਲਲੇੱਸਿਥਲ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਟੈਲੋੱਸ (telos) ਅਤੇ ਲੇੱਕਿਥੋੱਸ (lekithos) ਹਨ, ਜਿਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਅੰਤ' ਦੇ ਜਾਂ 'ਓੜਕ' ਦੇ ਅਤੇ ਦੂਜੇ ਦੇ 'ਅੰਡੇ ਦੀ ਜ਼ਰਦੀ' ਦੇ। ਜਿਸ ਅੰਡੇ 'ਚ ਸਮ੍ਰਿਧ ਮਾਤਰਾ 'ਚ ਜ਼ਰਦੀ ਸਮਾਈ ਹੁੰਦੀ ਹੈ, ਉਸ ਲਈ ਉਪਰੋਕਤ ਪਦ ਦਾ ਉਪਯੋਗ ਉਚਿਤ ਹੈ, ਜਿਵੇਂ ਕਿ ਮੁਰਗ਼ੀ ਦੇ ਅੰਡੇ 'ਚ।

Telophase (ਟੈਲਾੱਫੇਜ਼)

ਦੋ ਯੂਨਾਨੀ ਸ਼ਬਦਾਂ ਦੁਆਰਾ ਇਸ ਪਦ ਦੀ ਰਚਨਾਂ ਹੋਈ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਟੈਲੋੱਸ (telos), ਜਿਸ ਦੇ ਅਰਥ ਹਨ 'ਅੰਤ' ਦੇ ਅਤੇ ਦੂਜਾ ਹੈ ਫੇਸਿਸ (phasis), ਜਿਸ ਦੇ ਅਰਥ ਹਨ 'ਪੱਖ' ਦੇ। ਸੈੱਲ-ਵਿਭਾਜਨ ਦੇ ਛੇਕੜਲੇ ਪੜਾਅ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Telson (ਟੈਲਸਾੱਨ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਸਿਰੇ' ਦੇ। ਜੋੜਾਂ-ਜੜੀਆਂ ਟੰਗਾਂ ਵਾਲੇ ਪ੍ਰਾਣੀਆਂ (arthropods) ਦੇ ਸਰੀਰ ਦੇ ਛੇਕੜਲੇ ਖੰਡ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜਾ ਝੀਂਗਿਆਂ-ਲਾਬਸਟਰਾਂ 'ਚ ਇਸ ਦਾ ਚੱਪੂ ਦਾ ਕੰਮ ਕਰਦਾ ਹੈ ਅਤੇ ਬਿੱਛੂ 'ਚ ਇਸਦਾ ਡੰਗ ਦਾ ਰੂਪ ਹੈ।

Tendon (ਟੈਲਡੋੱਨ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਟੈਨਡਰਿ (tendere) ਹੈ, ਜਿਸ ਦੇ ਅਰਥ ਹਨ 'ਖਿੱਚਣ' ਦੇ। ਮਾਸ-ਪੇਸ਼ੀ ਦਾ ਸਿਰਾ, ਕਲੈਜਨੀ ਰੇਸ਼ਿਆਂ ਦੀ ਬਣੀ ਡੋਰੀਏਦਾਰ ਤੰਦ ਰਾਹੀਂ ਹੱਡੀ ਨਾਲ ਜਾਂ ਫਿਰ ਸਰੀਰ ਦੀ ਕਿਸੇ ਹੋਰ ਸਖ਼ਤ ਬਣਤਰ ਨਾਲ ਜੁੜਿਆ ਹੁੰਦਾ ਹੈ, ਇਸੇ ਤੰਦ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Tendril (ਟੈਨਡਰਿਲ)

ਫ੍ਰਾਂਸੀਸੀ ਸ਼ਬਦ, ਟੈਨਡਰਿਲਨ (tendrillon) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਸੋਹਲ ਲਗਰ' ਦੇ। ਕੰਧ ਉਪਰ ਜਾਂ ਫਿਰ ਰੁੱਖ ਉਪਰ ਚੜ੍ਹੀ ਹੋਈ ਵੇਲ ਦੀ ਉਸ ਘੁੰਗਰਾਲੀ ਸੋਹਲ ਲਗਰ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦੁਆਰਾ ਇਸ ਨੇ ਕੰਧ ਜਾਂ ਰੁੱਖ ਦਾ ਆਸਰਾ ਲਿਆ ਹੁੰਦਾ ਹੈ।

Tentacles (ਟੈਨਟੈਕਲਜ਼)

ਲਾਤੀਨੀ ਸ਼ਬਦ, ਟੈਨਟੈਕਯੂਲਮ (tentaculum) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ 'ਟੋਹਣੀ' ਦੇ। ਰੀੜ੍ਹ-ਰਹਿਤ ਪ੍ਰਾਣੀਆਂ ਦੇ ਮੂੰਹ ਦੁਆਲੇ ਲਗਰਾਂ ਜਿਹੇ ਲੰਬੇ-ਪਤਲੇ ਅੰਗ ਸਥਾਪਿਤ ਹਨ, ਜਿਹੜੇ ਸਪਰਸ਼-ਇੰਦਰੀਆਂ ਦੀ ਭੂਮਿਕਾ ਨਿਭਾਉਂਦੇ ਹੋਏ, ਪਕੜ ਤੇ ਜਕੜ ਲਈ ਵੀ ਵਰਤੋਂ 'ਚ ਆਉਂਦੇ ਹਨ।

Tentorium (ਟੈਨਟੋਰਿਅਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਤੰਬੂ' ਦੇ। ਕਾਇਟਿਨ (chitin) ਦੇ ਬਣੇ ਪਿੰਜਰ ਦਾ ਇਹ ਨਾਮ ਹੈ, ਜਿਹੜਾ ਕੀਟਾਂ ਦੇ ਦਿਮਾਗ਼ ਨੂੰ ਅੰਦਰੋਂ ਸਹਾਰਾ ਦਿੰਦਾ ਹੈ।

Tergum (ਟੈਰਗਮ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਪਿੱਠ' ਦੇ। ਕਾਇਟਿਨ (chitin) ਦੁਆਰਾ ਰਚੀ ਹੋਈ ਸਖ਼ਤ ਪਲੇਟ ਦਾ ਇਹ ਨਾਮ ਹੈ, ਜਿਹੜੀ ਕੀਟ ਦੇ ਸਰੀਰਕ ਖੰਡਾਂ ਨੂੰ ਉਪਰੋਂ ਕੱਜਦੀ ਹੈ।

Terminator (ਟਰਮਿਨੇਟਰ)

ਇਸ ਸ਼ਬਦ ਦੇ ਅਰਥ ਹਨ 'ਸਮਾਪਕ' ਦੇ ਅਤੇ ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਪਦ ਦਾ ਉਪਯੋਗ ਡੀ ਐਨ ਏ ਅੰਦਰਲੇ ਖਾਰਾਂ ਦੀ ਉਸ ਤਿਕੜੀ ਲਈ ਕੀਤਾ ਜਾਂਦਾ ਹੈ, ਜਿਹੜੀ ਕਿ ਆਰ ਐਨ ਏ ਦੀ ਰਚਨਾਂ ਦੌਰਾਨ ਸਮਾਪਨ ਦਾ ਸੰਕੇਤ ਬਣਦੀ ਹੈ।

Termitarium (ਟੈਰਮਿਟੇਰਿਅਮ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਟੈਰਮੀਜ਼ (termes) ਹੈ, ਜਿਸ ਦੇ ਅਰਥ ਹਨ 'ਘੁਣ' ਦੇ। ਦੀਮਕ-ਕੱਲਨਿ ਦੇ ਆਪਣੇ ਰਹਿਣ ਲਈ ਉਸਾਰੇ ਗਏ ਅਤੇ ਸੁਰੰਗਾਂ ਨਾਲ ਸੰਚਾਰੇ ਹੋਏ ਟਿਕਾਣੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Termite (ਟੈਰਮਾਈਟ)

ਲਾਤੀਨੀ ਸ਼ਬਦ, ਟੈਰਮੀਜ਼ (termes) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਘੁਣ' ਦੇ। ਸਮਾਜਿਕ ਸੰਠਗਨ ਬਣਕੇ ਅਤੇ ਕੱਲਨਿ ਦੇ ਰੂਪ 'ਚ ਵਿਚਰਦੇ ਉਸ ਕੀਟ ਦਾ ਉਪਰੋਕਤ ਨਾਮ ਹੈ, ਜਿਸ ਨੂੰ ਅਸੀਂ 'ਦੀਮਕ' ਜਾਂ 'ਸਿਉਂਕ' ਸੱਦਦੇ ਹਾਂ ਅਤੇ ਜਿਸ ਦੀ ਮਨਭਾਉਂਦੀ ਖ਼ੁਰਾਕ ਹਨ: ਕਾਗਜ਼, ਕੱਪੜਾ ਅਤੇ ਲੱਕੜੀ।

Terrestrial (ਟੈਰੈਸਟਰਿਅੱਲ)

ਲਾਤੀਨੀ ਸ਼ਬਦ, ਟੈਰਾ (terra) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਭੂਮੀ' ਦੇ। ਜਿਹੜੇ ਜੀਵ ਭੂਮੀ ਉਪਰ ਵਿਚਰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

Territory (ਟੈਰਿਟਰਿ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਟੈਰਿਟੱਰਿਅਮ (territorium) ਹੈ, ਜਿਸ ਦੇ ਅਰਥ ਹਨ 'ਅਧਿਕਾਰ-ਖੇਤਰ' ਦੇ। ਪ੍ਰਾਣੀਆਂ ਦੇ ਅਧਿਕਾਰ-ਖੇਤਰ ਲਈ ਹੀ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਥੇ ਉਹ ਅੰਡੇ ਜਾਂ ਬੱਚੇ ਦਿੰਦੇ ਹਨ ਅਤੇ ਜਿਥੋਂ ਉਹ ਜੀਵਨ ਨਾਲ ਜੁੜੀਆਂ ਹੋਰ ਲੋੜਾਂ ਵੀ ਪੂਰੀਆਂ ਕਰਦੇ ਰਹਿੰਦੇ ਹਨ, ਅਤੇ ਵਿੱਤ ਮੂਜਬ ਇਸ ਦੀ ਰਖਵਾਲੀ ਕਰਦੇ ਹਨ।

Tertiary (ਟੈਰਸ਼ਿਅਰਿ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਟੈਰਸ਼ਿਅਸ (tertius) ਹੈ, ਜਿਸ ਦੇ ਅਰਥ ਹਨ 'ਤੀਸਰੇ' ਦੇ। ਪ੍ਰਿਥਵੀ ਦੇ ਇਤਿਹਾਸ ਦੇ ਤੀਸਰੇ ਦੌਰ, ਸੀਨੱਜ਼ੁਇਕ (caenozoic) ਦੇ ਪਹਿਲੇ ਯੁੱਗ ਦਾ ਉਪਰੋਕਤ ਨਾਮ ਹੈ, ਜਿਸ ਦਾ ਆਰੰਭ ਅੱਜ ਤੋਂ ਸਾਢੇ ਛੇ ਕ੍ਰੋੜ ਵਰ੍ਹੇ ਪਹਿਲਾਂ ਹੋਇਆ ਅਤੇ ਅੰਤ ਅੱਜ ਤੋਂ ਇਕ ਕ੍ਰੋੜ ਵਰ੍ਹੇ ਪਹਿਲਾਂ।

Tertiary roots (ਟੈਰਸ਼ਅਰਿ ਰੂਟਸ)

ਇਸ ਪਦ ਦੇ ਪਹਿਲੇ ਭਾਗ ਦਾ ਮੂਲ ਲਾਤੀਨੀ ਸ਼ਬਦ, ਟੈਰਸ਼ਿਅਸ (tertius) ਹੈ, ਜਿਸ ਦੇ ਅਰਥ ਹਨ 'ਤੀਸਰੇ' ਦੇ ਅਤੇ ਪਦ ਦੇ ਦੂਜੇ ਭਾਗ ਦੇ ਅਰਥ ਹਨ 'ਜੜ੍ਹਾਂ' ਦੇ। ਪੌਦੇ ਦੀ ਮੁੱਖ ਜੜ੍ਹ 'ਚੋਂ ਫੁੱਟੀਆਂ ਜੜ੍ਹਾਂ 'ਚੋਂ, ਫਿਰ ਅਗਾਂਹ ਤੀਸਰੀ ਪੱਧਰ ਤੇ ਜੜ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Test (ਟੈਸਟ)

ਇਸ ਪਦ ਦਾ ਮੂਲ ਲਾਤੀਨੀ ਸ਼ਬਦ, ਟੈਸਟਾੱ (testa) ਹੈ, ਜਿਸ ਦੇ ਅਰਥ ਹਨ 'ਛਿੱਲੜ' ਦੇ। ਘੋਗੇ, ਸਿੱਪਾਂ ਦੇ ਅਤੇ ਕੱਛੂਆਂ-ਪੱਤਲਾਂ ਦੇ ਸਰੀਰ ਦੁਆਲੇ ਲਿਪਟੇ ਹੋਏ ਕਰੜੇ ਖੋਲ ਲਈ ਉਪਰੋਕਤ ਪਦ ਵਰਤੋਂ 'ਚ ਆਉਂਦਾ ਹੈ।

Testa (ਟੈਸਟਾੱ)

ਇਹ ਲਾਤੀਨੀ ਸ਼ਬਦ ਹੈ ਅਤੇ ਇਸ ਦੇ ਅਰਥ ਹਨ 'ਛਿਲੜ' ਦੇ। ਬੀਜ ਦੁਆਲੇ ਲਿਪਟੇ ਹੋਏ ਛਿਲੜ ਲਈ ਉਪਰੋਕਤ ਪਦ ਰਾਖਵਾਂ ਹੈ।

Testis (ਟੈਸਟਿਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਨਰ ਪ੍ਰਜਣਨ ਅੰਗ' ਦੇ। ਨਰ ਦੇ ਸ਼ੁਕਰਾਣੂ ਉਪਜਾਊ ਅੰਗ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Testosterone (ਟੈਸਟਾੱਸਟਿਰੋਨ)

ਇਸ ਪਦ 'ਚ ਇਕ ਲਾਤੀਨੀ ਅਤੇ ਇਕ ਯੂਨਾਨੀ ਸ਼ਬਦ ਸਮਾਏ ਹੋਏ ਹਨ: ਪਹਿਲੇ ਲਾਤੀਨੀ ਸ਼ਬਦ, ਟੈਸਟਿਸ (testis) ਦੇ ਅਰਥ ਹਨ 'ਨਰ ਪ੍ਰਜਣਨ ਅੰਗ' ਦੇ ਅਤੇ ਦੂਜੇ ਯੂਨਾਨੀ ਸ਼ਬਦ, ਸਟੀਅਰ (stear) ਦੇ ਅਰਥ ਹਨ 'ਚਿਕਨਾਈ' ਦੇ। ਉਪਰੋਕਤ ਨਾਮ ਟੈਸਟਿਸ 'ਚੋਂ ਰਿਸਦੇ ਇਕ ਹਾਰਮੋਨ ਦਾ ਹੈ, ਜਿਸ ਦੇ ਪ੍ਰਭਾਵ ਅਧੀਨ ਨਰ ਦੀਆਂ ਲਿੰਗ ਆਧਾਰਿਤ ਸਰੀਰਕ ਵਿਸ਼ੇਸ਼ਤਾਵਾਂ ਪੁੰਗਰਦੀਆਂ ਹਨ।

Testudinate (ਟੈਸਟਯੂਡਿਨੇਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਟੈਸਟਯੂਡਾੱ (testudo) ਹੈ, ਜਿਸ ਦੇ ਅਰਥ ਹਨ 'ਕੱਛੂ' ਦੇ। ਕੱਛੂ ਅਤੇ ਉਸ ਦੇ ਸਬੰਧੀ ਹਰ ਪ੍ਰਾਣੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾ ਸਕਦਾ ਹੈ।

Tetrabranchiate (ਟੈਟਰਾੱਬਰੈਂਗਕਿਏਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਟੈਟਰਾੱਸ (tetras), ਜਿਸ ਦੇ ਅਰਥ ਹਨ 'ਚਾਰ' ਦੇ ਅਤੇ ਦੂਜਾ ਬਰੈਂਗਕਿਆ (brangchia), ਜਿਸ ਦੇ ਅਰਥ ਹਨ 'ਗਲਫੜੇ' ਦੇ। ਚਾਰ ਗਲਫੜਿਆਂ ਵਾਲੇ ਜਲ-ਪ੍ਰਾਣੀ ਲਈ ਉਪਰੋਕਤ ਪਦ ਰਾਖਵਾਂ ਹੈ।

Tetracarpellary (ਟੈਟਰਾੱਕਾਰਪਲੇਂਰਿ)

ਦੋ ਯੂਨਾਨੀ ਸ਼ਬਦ, ਟੈਟਰਾੱਸ (tetras) ਅਤੇ ਕਾਰਪਸ (karpos), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ 'ਚੋਂ ਪਹਿਲੇ ਦੇ ਅਰਥ ਹਨ 'ਚਾਰ' ਦੇ ਅਤੇ ਦੂਜੇ ਦੇ 'ਫਲ' ਦੇ। ਚਾਰ ਅੰਡਪਾਂ (carpels) ਵਾਲੇ ਫੁੱਲ ਲਈ ਉਪਰੋਕਤ ਪਦ ਰਾਖਵਾਂ ਹੈ।

Tetracerous (ਟੈਟਰਾੱਸਰੱਸ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਉਨ੍ਹਾਂ 'ਚੋਂ ਪਹਿਲਾ ਹੈ ਟੈਟਰਾੱਸ (tetras), ਜਿਸ ਦੇ ਅਰਥ ਹਨ 'ਚਾਰ' ਦੇ ਅਤੇ ਦੂਜਾ ਹੈ ਕੈਰਸ (keras), ਜਿਸ ਦੇ ਅਰਥ ਹਨ 'ਸਿੰਗ' ਦੇ। ਚਾਰ-ਸਿੰਗੇ ਪਸ਼ੂ ਲਈ ਉਪਰੋਕਤ ਪਦ ਰਾਖਵਾਂ ਹੈ।

Tetracyclic (ਟੈਟਰਾਸਾਇਕਲਿਕ)

ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਟੈਟਰਾੱਸ (tetras), ਜਿਸ ਦੇ ਅਰਥ ਹਨ 'ਚਾਰ' ਦੇ ਅਤੇ ਦੂਜਾ ਹੈ ਕਿਕਲੱਸ (kyklos), ਜਿਸ ਦੇ ਅਰਥ ਹਨ 'ਘੇਰੇ' ਦੇ। ਉਸ ਫੁੱਲ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਦੀਆਂ ਫੁੱਲ ਪੱਤੀਆਂ ਦੀ ਵਿਉਂਤ ਚਾਰ ਘੇਰਿਆਂ ਵਾਲੀ ਹੁੰਦੀ ਹੈ।

Tetrad (ਟੈਟਰੈਡ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਟੈਟਰਾੱਸ (tetras) ਹੈ, ਜਿਸ ਦੇ ਅਰਥ ਹਨ 'ਚਾਰ'

ਦੇ। ਪ੍ਰਜਣਨ ਸੈੱਲਾਂ ਨੂੰ ਉਪਜਾਉਂਦੇ ਸੈੱਲ-ਵਿਭਾਜਨ ਦੌਰਾਨ, ਇਕ ਸਮੇਂ ਅਜਿਹਾ ਹੁੰਦਾ ਹੈ ਕਿ ਦੋ ਦੋ ਸਮਰੂਪੀ ਕ੍ਰੋਮੋਸੋਮ, ਇਕ ਦੂਜੇ ਨਾਲ ਜੁੜੇ ਹੋਏ ਹੀ, ਲੰਬੇ-ਦਾਅ, ਦੋ ਦੋ ’ਚ ਵੰਡੇ ਜਾਂਦੇ ਹਨ, ਜਿਸ ਦੇ ਫ਼ਲਸਰੂਪ ਇਕੋ ਥਾਂਵੇਂ ਚਾਰ ਚਾਰ ਕ੍ਰੋਮੋਸੋਮੀ ਲੜੀਆਂ ਇਕ ਦੂਜੀ ਨਾਲੋਂ ਵੱਖ ਦਿਖਾਈ ਦਿੰਦੀਆਂ ਹੋਈਆਂ ਵੀ, ਇਕ ਦੂਜੀ ਨਾਲ ਜੁੜੀਆਂ ਰਹਿੰਦੀਆਂ ਹਨ। ਕ੍ਰੋਮੋਸੋਮਾਂ ਦੀ ਇਸੇ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Tetraploid (ਟੈਟਰੈਪਲਾਇਡ)

ਯੂਨਾਨੀ ਸ਼ਬਦ, ਟੈਟਰੈਪਲੀ (tetraple) ਇਸ ਪਦ ਦਾ ਮੂਲ ਹੈ, ਜਿਸ ਦੇ ਅਰਥ ਹਨ ‘ਚੌਗਣੇ’ ਦੇ। ਉਸ ਜੀਵ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦਿਆਂ ਸੈੱਲਾਂ ਅੰਦਰ ਕ੍ਰੋਮੋਸੋਮਾਂ ਦੀ ਗਿਣਤੀ, ਇਸ ਦੇ ਪ੍ਰਜਣਨ ਸੈੱਲਾਂ ਅੰਦਰਲੀ ਕ੍ਰੋਮੋਸੋਮਾਂ ਦੀ ਗਿਣਤੀ ਨਾਲੋਂ ਦੂਣੀ ਦੀ ਬਜਾਏ ਚੌਗੁਣੀ ਹੁੰਦੀ ਹੈ।

Tetrapod (ਟੈਟਰੱਪੱਾਡ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਟੈਟਰੱਾਸ (tetras), ਜਿਸ ਦੇ ਅਰਥ ਹਨ ‘ਚਾਰ’ ਦੇ ਅਤੇ ਦੂਜਾ ਪੱਅਸ (pous), ਜਿਸ ਦੇ ਅਰਥ ਹਨ ‘ਪੈਰ’ ਦੇ। ਚੌਂਹ ਟੰਗਾਂ ਵਾਲੇ ਪ੍ਰਾਣੀ ਨੂੰ ਇਹ ਪਦ ਦਰਸਾਉਂਦਾ ਹੈ, ਜਿਹੜਾ ਕਿ ਸਾਰੇ ਰੀੜ੍ਹ-ਸਹਿਤ ਪ੍ਰਾਣੀਆਂ ’ਤੇ ਲਾਗੂ ਹੈ।

Thallophyte (ਥੈੱਲਫਾਈਟ)

ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਥੈਲੱਸ (thallos), ਜਿਸ ਦੇ ਅਰਥ ਹਨ ‘ਕੌਂਪਲ’ ਦੇ ਅਤੇ ਦੂਜਾ ਹੈ ਫਾਇਟਨ (phyton), ਜਿਸ ਦੇ ਅਰਥ ਹਨ ‘ਪੌਦੇ’ ਦੇ। ਉਸ ਪ੍ਰਕਾਰ ਦੇ ਪੌਦੇ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦੀ ਬਣਤਰ ਜੜ੍ਹਾਂ, ਤਣੇ ਤੇ ਪੱਤਰਾਂ ’ਚ ਵਿਤਕਰਿਤ ਨਹੀਂ ਹੁੰਦੀ, ਜਿਵੇਂ ਕਿ ਜਲ-ਕਾਈ (ਐਲਗੀ) ਫਫ਼ੂੰਦੀ, ਲਾਈਕਨ ਆਦਿ ’ਚ।

Thallus (ਥੈਲੱਸ)

ਇਸ ਪਦ ਦਾ ਮੂਲ ਯੂਨਾਨੀ ਸ਼ਬਦ, ਥੈਲੱਸ (thallos) ਹੈ, ਜਿਸ ਦੇ ਅਰਥ ਹਨ, ‘ਕੌਂਪਲ’ ਦੇ। ਪੌਦੇ ਦੀ, ਬੀਜ ’ਚੋਂ ਪੁੰਗਰਨ ਸਮੇਂ ਦੀ ਮੁੱਢਲੀ ਸਥਿਤੀ ਲਈ ਉਪਰੋਕਤ ਪਦ ਰਾਖਵਾਂ ਹੈ। ਤਦ ਪੌਦਾ ਵੰਡੇ ਜਾ ਰਹੇ ਸੈੱਲਾਂ ਦੀ ਮੁੱਠ ਹੁੰਦਾ ਹੈ ਅਤੇ ਹਾਲੀਂ ਇਸ ਦੇ ਨਾ ਜੜ੍ਹ ਹੁੰਦੀ ਹੈ, ਨਾ ਤਣਾ ਤੇ ਨਾ ਪੱਤਰ।

Thecodont (ਥੀਕੱਡਾਂਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਥੀਕੀ (theke), ਜਿਸ ਦੇ ਅਰਥ ਹਨ ‘ਖੋਲ’ ਦੇ ਅਤੇ ਦੂਜਾ ਹੈ ਅਡੱਸ (odous), ਜਿਸ ਦੇ ਅਰਥ ਹਨ ‘ਦੰਦ’ ਦੇ। ਉਸ ਪ੍ਰਾਣੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੇ ਦੰਦ ਖੋੜਾਂ ਅੰਦਰ ਜੜੇ ਹੁੰਦੇ ਹਨ, ਜਿਵੇਂ ਕਿ ਹਰ ਇਕ ਪਸ਼ੂ ’ਚ।

Thermoduric (ਥਰਮੱਾਡਯੂਰਿਕ)

ਇਸ ਪਦ ਦੇ ਰਚਨਹਾਰੇ ਦੋ ਸ਼ਬਦ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਯੂਨਾਨੀ ਸ਼ਬਦ ਥਰਮੀ (therme), ਜਿਸ ਦੇ ਅਰਥ ਹਨ ‘ਹਰਾਰਤ’ ਦੇ ਅਤੇ ਦੂਜਾ ਹੈ ਲਾਤੀਨੀ ਸ਼ਬਦ ਡਯੂਰਸ (durus), ਜਿਸ ਦੇ ਅਰਥ ਹਨ ‘ਸਖ਼ਤ-ਜਾਨ’ ਦੇ। ਜਿਹੜੇ ਜੀਵ ਉਚੇ ਤਾਪਮਾਨ ’ਤੇ ਭਲੀ ਪ੍ਰਕਾਰ ਵਿਚਰਦੇ ਹਨ, ਉਨ੍ਹਾਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Thermophil (ਥਰਮੱਾਫ਼ਿਲ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਥਰਮੀ (therme), ਜਿਸ ਦੇ ਅਰਥ ਹਨ ‘ਹਰਾਰਤ’ ਦੇ ਅਤੇ ਦੂਜਾ ਫਿਲੱਸ (philos), ਜਿਸ ਦੇ ਅਰਥ ਹਨ ‘ਸਨੇਹੀ’ ਦੇ। ਜਿਹੜੇ ਜੀਵ

ਉਚੇ ਤਾਪਮਾਨ 'ਤੇ, 50° ਸੈਲਸੀਅਸ ਤੋਂ ਵੀ ਵੱਧ ਤਾਪਮਾਨ ਤੇ ਵਿਚਰਨ ਦੇ ਆਦੀ ਹਨ, ਉਨ੍ਹਾਂ ਲਈ ਉਪਰੋਕਤ ਪਦ ਰਾਖਵਾਂ ਹੈ।

Therophyte (ਥੈਰੋੱਫਾਈਟ)

ਦੋ ਯੂਨਾਨੀ ਸ਼ਬਦ, ਥੈਰੋੱਸ (theros) ਅਤੇ ਫਾਈਟਨ (phyton), ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲੇ ਸ਼ਬਦ ਦੇ ਅਰਥ ਹਨ 'ਗਰਮੀ ਦੀ ਰੁੱਤ' ਦੇ ਅਤੇ ਦੂਜੇ ਦੇ 'ਪੌਦੇ' ਦੇ। ਆਪਣਾ ਜੀਵਨ-ਕਾਲ ਇਕੋ ਰੁੱਤ 'ਚ ਪੂਰਾ ਕਰ ਲੈਣ ਵਾਲੇ ਪੌਦੇ ਲਈ ਉਪਰੋਕਤ ਪਦ ਰਾਖਵਾਂ ਹੈ।

Thiamine (ਥਿਆਮੀਨ)

B_1 ਸੱਦੇ ਜਾਂਦੇ ਵਿਟਾਮਿਨ ਦਾ ਇਹ ਨਾਮ ਹੈ, ਜਿਸ ਦੀ ਘਾਟ ਕਾਰਨ ਇਕ ਵਿਅਕਤੀ, ਨਸਾਂ ਨੂੰ ਪ੍ਰਭਾਵਿਤ ਕਰਦਾ ਬੇਰੀ-ਬੇਰੀ (beri-beri) ਰੋਗ ਸਹੇੜ ਲੈਂਦਾ ਹੈ। ਇਸ ਵਿਟਾਮਿਨ 'ਚ ਸਮ੍ਰਿਧ ਖਾਣ-ਪਦਾਰਥ ਹਨ: ਦਾਲਾਂ, ਦਲੀਆ ਅਤੇ ਖ਼ਮੀਰ (ਯੀਸਟ)।

Thorax (ਥੋਰੈਕਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਛਾਤੀ' ਦੇ। ਪ੍ਰਾਣੀ ਸਰੀਰ ਦੇ ਗਰਦਨ ਅਤੇ ਧੜ ਵਿਚਕਾਰਲੇ ਭਾਗ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Threonine (ਥਰਿਆਨੀਨ)

ਜੀਵਨ ਲਈ ਲੋੜੀਂਦੇ ਵੀਹ ਐਮਿਨੋ ਤੇਜ਼ਾਬਾਂ (amino acids) 'ਚੋਂ ਇਕ ਦਾ ਇਹ ਨਾਮ ਹੈ।

Threpsology (ਥਰੈਪਸਾੱਲੱਜਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ ਚੋਂ ਪਹਿਲਾ ਹੈ ਟ੍ਰੈਫੀਨ (trephein), ਜਿਸ ਦੇ ਅਰਥ ਹਨ 'ਅਹਾਰ ਆਧਾਰ ਵਾਲੇ ਪਾਲਣ-ਪੋਸਣ' ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਇਹ ਨਾਮ ਹੈ, ਜਿਸ ਦਾ ਸਬੰਧ ਖ਼ੁਰਾਕ ਦੀ ਪੌਸ਼ਟਿਕਤਾ ਬਾਰੇ ਗਿਆਨ ਨਾਲ ਹੈ।

Thrombin (ਥ੍ਰੋੱਮਬਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਥ੍ਰਾਮਬਸ (thrombos) ਹੈ, ਜਿਸ ਦੇ ਅਰਥ ਹਨ 'ਲਹੂ ਦੇ ਬੁੱਥ' ਦੇ। ਲਹੂ ਅੰਦਰ ਸਮਾਏ ਹੋਏ ਉਸ ਐਨਜ਼ਾਈਮ ਦਾ ਉਪਰੋਕਤ ਨਾਮ ਹੈ, ਜਿਹੜਾ ਲਹੂ ਅੰਦਰ ਘੁਲੀ ਹੋਈ ਫਾਇਬ੍ਰਿਨੱਜੈਨ (fibrinogen) ਨੂੰ ਲਹੂ 'ਚ ਨਾ ਘੁਲਣ ਵਾਲੀ ਫਾਈਬ੍ਰਿਨ (fibrin) 'ਚ ਬਦਲ ਦਿੰਦਾ ਹੈ। ਜ਼ਖ਼ਮ 'ਚੋਂ ਵਗ ਰਹੇ ਲਹੂ ਨੂੰ ਰੋਕਣ ਲਈ ਅਜਿਹਾ ਹੋਣਾ ਲਾਜ਼ਮੀ ਹੁੰਦਾ ਹੈ।

Thormbokinase (ਥ੍ਰਾਮਬੱਕਾਇਨੇਜ਼)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਥ੍ਰਾਮਬੱਸ (thrombos), ਜਿਸ ਦੇ ਅਰਥ ਹਨ 'ਲਹੂ ਦੇ ਬੁੱਥ' ਦੇ ਅਤੇ ਦੂਜਾ ਕਾਈਨੀਨ (kinein), ਜਿਸ ਦੇ ਅਰਥ ਹਨ 'ਹਰਕਤ 'ਚ ਲੈ ਆਉਣ' ਦੇ। ਲਹੂ ਦੇ ਪਲੇਟਲੈਟਾਂ (platelets) ਅੰਦਰੋਂ ਰਿਸਣ ਵਾਲੇ ਉਸ ਐਨਜ਼ਾਈਮ ਦਾ ਇਹ ਨਾਮ ਹੈ, ਜਿਸ ਦੁਆਰਾ ਲਹੂ ਅੰਦਰ ਰਲੀ ਹੋਈ ਪ੍ਰੋਥ੍ਰਾਮਬਿਨ (prothrombin), ਥ੍ਰਾਮਬਿਨ (thrombin) 'ਚ ਬਦਲ ਕੇ, ਲਹੂ ਦੇ ਜੰਮਣ ਦੀ ਪ੍ਰਕ੍ਰਿਆ ਨੂੰ ਹਰਕਤ 'ਚ ਲੈ ਆਉਂਦੀ ਹੈ।

Thrombosis (ਥ੍ਰਾਮਬੋਸਿਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਥ੍ਰਾਮਬੱਸ (thrombos) ਹੈ, ਜਿਸ ਦੇ ਅਰਥ ਹਨ 'ਲਹੂ ਦੇ ਬੁੱਥ' ਦੇ। ਜ਼ਖ਼ਮ ਚੋਂ ਵਗਦਾ ਲਹੂ ਜਦ ਬੁੱਥ ਬਣ ਕੇ ਜੰਮਣ ਲਗਦਾ ਹੈ, ਉਸੇ ਪਰਿਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Thymine (ਥਾਈਮੀਨ)

ਇਹ ਨਾਮ ਡੀ ਐਨ ਏ 'ਚ ਮਿਲਣ ਵਾਲੇ ਚਾਰ ਨਾਇਟ੍ਰੋਜਨੀ ਖਾਰਾਂ 'ਚੋਂ ਇਕ ਦਾ ਹੈ। ਇਸ ਨੂੰ ਕਿਉਂਕਿ ਪਹਿਲੀ ਵਾਰ ਥਾਈਮੱਸ (thymus) ਗ੍ਰੰਥੀ 'ਚੋਂ ਪ੍ਰਾਪਤ ਕੀਤਾ ਗਿਆ ਸੀ, ਜਿਸ ਕਰਕੇ ਇਸ ਦਾ ਉਪਰੋਕਤ ਨਾਮ ਪਿਆ।

Thymus (ਥਾਈਮੱਸ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਥਾਈਮਾੱਸ (thymos) ਹੈ, ਜਿਹੜਾ ਕਿ ਹਾਰਮੋਨ ਉਪਜਾਉਂਦੀ ਉਸ ਗ੍ਰੰਥੀ ਦਾ ਨਾਮ ਹੈ, ਜਿਸ ਦਾ ਸਥਾਨ ਛਾਤੀ 'ਚ ਅਗਾਂਹ, ਦਿਲ ਦੇ ਗੁਆਂਢ 'ਚ ਹੈ।

Thyroid (ਥਾਈਰੁਇਡ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਥਾਈਰਾੱ (thyra) , ਜਿਸ ਦੇ ਅਰਥ ਹਨ 'ਦਰ' ਦੇ ਅਤੇ ਦੂਜਾ ਈਡੱਸ (eidos), ਜਿਸ ਦੇ ਅਰਥ ਹਨ 'ਨੁਹਾਰ' ਦੇ। ਚਪਟੀ ਨੁਹਾਰ ਵਾਲੀ ਅਤੇ ਪ੍ਰਭਾਵਸ਼ੀਲ ਆਕਾਰ ਵਾਲੀ, ਹਾਰਮੋਨ ਉਪਜਾਉਂਦੀ ਇਕ ਗ੍ਰੰਥੀ ਦਾ ਇਹ ਨਾਮ ਹੈ, ਜਿਸ ਦਾ ਸਥਾਨ ਗਰਦਨ ਦੀ ਜੜ੍ਹ 'ਚ, ਛਾਤੀ ਤੋਂ ਉਤਾਂਹ ਹੈ। ਇਸ ਗ੍ਰੰਥੀ 'ਚੋਂ ਰਿਸਦੇ ਹਾਰਮੋਨ ਸਰੀਰ ਦੀ ਵ੍ਰਿਧੀ ਲਈ ਜ਼ਿੰਮੇਵਾਰ ਹਨ।

Thyroid stimulating hormone (ਥਾਈਰੁਇਡ ਸਟਿਮੁਲੇਟਿੰਗ ਹਾਰਮੋਨ)

ਇਸ ਪਦ ਦੇ ਸ਼ਾਬਦਕ ਅਰਥ ਹਨ : 'ਥਾਈਰੁਇਡ ਉਤੇਜਿਕ ਹਾਰਮੋਨ', ਭਾਵ 'ਥਾਈਰੁਇਡ ਗ੍ਰੰਥੀ ਨੂੰ ਉਤੇਜਿਤ ਕਰਕੇ ਇਸ ਨੂੰ ਵਧੀਕ ਹਾਰਮੋਨ ਉਪਜਾਉਣ ਲਈ ਪ੍ਰੇਰਣ' ਦੇ। ਪਿਟਯੂਟਰਿ ਗ੍ਰੰਥੀ 'ਚੋਂ ਰਿਸਦੇ ਉਸ ਹਾਰਮੋਨ ਦਾ ਇਹ ਨਾਮ ਹੈ, ਜਿਹੜਾ ਉਪਰੋਕਤ ਕ੍ਰਿਆ ਨਿਭਾਉਂਦਾ ਹੈ ਅਤੇ ਜਿਸ ਨੂੰ ਟੀ. ਐਚ. ਐਸ. (THS) ਦੇ ਸੰਕੇਤਕ ਨਾਮ ਨਾਲ ਜਾਣਿਆ ਜਾਂਦਾ ਹੈ।

Thyroxine (ਥਾਈਰਾੱਕਸਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਥਾਈਰਾੱ (thyra) ਅਤੇ ਆਕਸਿਸ (oxys) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਦਰ' ਦੇ ਅਤੇ 'ਤੇਜ਼' ਦੇ। ਥਾਈਰੁਇਡ (thyroid) ਗ੍ਰੰਥੀ 'ਚੋਂ ਆਇਉਡੀਨ (iodine) ਆਧਾਰ ਵਾਲੇ ਰਿਸਦੇ ਹਾਰਮੋਨੀ ਰਸ ਦਾ ਇਹ ਨਾਮ ਹੈ, ਜਿਸ ਦੀ ਸਰੀਰਕ ਵ੍ਰਿਧੀ 'ਚ ਮਹੱਤਵਪੂਰਨ ਭੂਮਿਕਾ ਹੈ।

Thysanoptera (ਥਾਈਸੱਨਾੱਪਟਰਾੱ)

ਝਾਲਰਦਾਰ ਪਰਾਂ ਵਾਲੇ ਕੀਟਾਂ ਦੇ ਵਰਗ ਦਾ ਇਹ ਨਾਮ ਹੈ, ਜਿਨ੍ਹਾਂ ਨੂੰ ਥਰਿਪਸ (thrips) ਸੱਦਿਆ ਜਾਂਦਾ ਹੈ।

Tibia (ਟਿਬਿਆੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਲੱਤ ਦੀ ਪਿੰਜਣੀ' ਦੇ। ਪਿੰਜਣੀ ਦੀ ਮੁੱਖ ਹੱਡੀ ਦਾ ਇਹ ਨਾਮ ਹੈ, ਜਿਹੜੀ ਆਪਣੇ ਉਪਰਲੇ ਸਿਰੇ 'ਤੇ ਗੋਡੇ ਨਾਲ ਅਤੇ ਹੇਠਲੇ ਸਿਰੇ 'ਤੇ ਗਿੱਟੇ ਨਾਲ ਜੋੜ-ਬੰਦ ਹੈ। ਕੀਟ ਦੀ ਟੰਗ ਦੇ ਚੌਥੇ ਖੰਡ ਦਾ ਵੀ ਇਹੋ ਨਾਮ ਹੈ।

Tissue (ਟਿਸ਼ਯੂ)

ਇਹ ਫ੍ਰਾਂਸੀਸੀ ਸ਼ਬਦ ਹੈ, ਜਿਸ ਦੇ ਅਰਥ ਹਨ : 'ਬੁਣਤ' ਦੇ। ਜੀਵ ਦੀ ਸਰੀਰਕ ਬਣਤਰ ਦਾ ਮੂਲ ਇਕੋ ਜਿਹੇ ਅਤੇ ਇਕ ਕ੍ਰਿਆ ਨਿਭਾਉਂਦੇ ਸੈੱਲਾਂ ਦਾ ਸਮੂਹ ਹੁੰਦਾ ਹੈ, ਜਿਸ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ। ਭਿੰਨ ਭਿੰਨ ਪ੍ਰਕਾਰ ਦੀਆਂ ਸੈੱਲਾਂ ਬੁਣਤਾਂ ਦੇ ਸਹਿਚਾਰੀ ਸੰਗਠਨਾਂ ਦੁਆਰਾ 'ਅੰਗ' ਹੋਂਦ 'ਚ ਆਉਂਦੇ ਹਨ।

Tissue culture (ਟਿਸ਼ਯੂ ਕਲਚਰ)

ਜੀਵ ਨਾਲੋਂ ਵੱਖ ਕਰਕੇ ਸੈੱਲ-ਬੁਣਤਾਂ ਨੂੰ ਪ੍ਰਯੋਗਸ਼ਾਲਾ ਵਿਚ ਜਿਉਂਦਿਆਂ ਰੱਖਣ ਦੇ ਪ੍ਰਚਲਨ ਦਾ ਉਪਰੋਕਤ ਨਾਮ ਹੈ।

Tongue (ਟੰਗ)

ਆਮ ਵਰਤੋਂ 'ਚ ਆ ਰਹੇ ਇਸ ਸ਼ਬਦ ਦੇ ਅਰਥ ਹਨ 'ਜੀਭ' ਦੇ। ਜੀਭ ਮੂੰਹ ਦੇ ਫਰਸ਼ ਉਪਰ ਟਿਕਿਆ ਹੋਇਆ ਮਾਸ ਦਾ ਲੋਥੜਾ ਹੈ, ਜਿਹੜਾ ਸਮੁੱਚੇ ਤੌਰ 'ਤੇ ਹਰਕਤ ਕਰਨ ਯੋਗ ਹੈ ਤੇ ਮੂੰਹ 'ਚੋਂ ਬਾਹਰ ਵੀ ਆ ਸਕਦਾ ਹੈ। ਮੂੰਹ 'ਚੋਂ ਸ਼ਬਦਾਂ ਦਾ ਉਚਾਰਣ ਇਸੇ ਦੀ ਹਰਕਤ ਕਾਰਨ ਸੰਭਵ ਹੈ ਅਤੇ ਖਾਧੇ-ਪੀਤੇ ਦਾ ਸੁਆਦ ਚੱਖਣ ਵਾਲੀਆਂ ਡੋਡੀਆਂ ਵੀ ਇਸੇ ਉਪਰ ਖਿੰਡੀਆਂ ਹੋਈਆਂ ਹਨ।

Tonsil (ਟਾੱਨਸਿਲ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ ਨੂੰ, ਜੀਭ ਦੀ ਜੜ੍ਹ 'ਚ ਅਤੇ ਗਲੇ ਅੰਦਰ ਸਥਿਤ, ਲਿਮ.ਫ਼ ਟਿਸ਼ਯੂ ਦੁਆਰਾ ਰਚਿਤ ਉਭਾਰਾਂ 'ਚੋਂ ਹਰ ਇਕ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਪਾਚਨ ਨਾਲੀ ਅਤੇ ਅਤੇ ਸਾਹ ਨਾਲੀ ਨੂੰ ਰੋਗਾਣੂਆਂ ਤੋਂ ਮੁਕਤ ਰਖਣ ਦਾ ਇਹ ਉਭਾਰ ਸਾਧਨ ਹਨ।

Tonus (ਟੋਨੱਸ)

ਯੂਨਾਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਤਣਾਅ' ਦੇ ਅਤੇ ਇਸ ਨੂੰ ਮਾਸ-ਪੇਸ਼ੀਆਂ ਅੰਦਰਲੇ ਤਣਾਅ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Torula (ਟਾੱਰਯੂਲਾੱ)

ਖਾਣਯੋਗ ਪ੍ਰੋਟੀਨ ਉਪਜਾਉਂਦੇ ਇਕ ਪ੍ਰਕਾਰ ਦੇ ਖ਼ਮੀਰ-ਜੀਵਾਣੂ (ਯੀਸਟ) ਦਾ ਇਹ ਵਿਗਿਆਨਕ ਨਾਮ ਹੈ, ਜਿਸ ਦੀ ਉਦਯੋਗਕ ਪੱਧਰ ਉਪਰ ਵੀ ਪਾਲਣਾ ਕੀਤੀ ਜਾ ਰਹੀ ਹੈ।

Toxic (ਟਾੱਕਸਿਕ)

ਯੂਨਾਨੀ ਸ਼ਬਦ, ਟਾੱਕਸਿਕਨ (toxikon) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਵਿਸ਼ (ਜ਼ਹਿਰ)' ਦੇ। ਜਿਹੜੇ ਪਦਾਰਥ ਦਾ ਜ਼ੀਵ ਉਪਰ ਅਸੁਖਾਵਾਂ ਅਤੇ ਵਿਗਾੜ ਵਾਲਾ ਪ੍ਰਭਾਵ ਪੈਂਦਾ ਹੈ, ਉਸ ਲਈ ਉਪਰੋਕਤ ਪਦ ਦਾ ਵਿਸ਼ੇਸ਼ਣ ਵਜੋਂ ਉਪਯੋਗ ਕੀਤਾ ਜਾਂਦਾ ਹੈ।

Toxicology (ਟਾੱਕਸਿਕਾੱਲੱਜਿ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਟਾੱਕਸਿਕਨ (toxikon), ਜਿਸ ਦੇ ਅਰਥ ਹਨ 'ਵਿਸ਼' ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਉਪਰੋਕਤ ਨਾਮ ਹੈ, ਜਿਸ ਦਾ ਸੰਬੰਧ ਵਿਸ਼ੈਲੇ ਪਦਾਰਥਾਂ ਦੇ ਜੀਵ ਉਪਰ ਪੈਣ ਵਾਲੇ ਪ੍ਰਭਾਵ ਬਾਰੇ ਗਿਆਨ ਨਾਲ ਹੈ।

Toxic waste (ਟਾੱਕਸਿਕ ਵੇਸਟ)

ਇਸ ਪਦ ਦੇ ਪਹਿਲੇ, ਯੂਨਾਨੀ ਆਧਾਰ ਵਾਲੇ ਸ਼ਬਦ ਦੇ ਅਰਥ ਹਨ 'ਵਿਸ਼ੈਲੇ ਪਦਾਰਥ' ਦੇ ਅਤੇ ਦੂਜੇ, ਆਮ ਵਰਤੋਂ 'ਚ ਆ ਰਹੇ ਸ਼ਬਦ ਦੇ ਅਰਥ ਹਨ 'ਨਿਪਟਾਰਾ ਲੋੜਦੀ ਰਹਿੰਦ-ਖੂੰਹਦ' ਦੇ। ਉਸ ਪ੍ਰਕਾਰ ਦੇ ਘਰੇਗੀ, ਹਸਤਪਤਾਲੀ ਅਤੇ ਉਦਯੋਗੀ ਕੂੜੇ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਜੀਵਾਂ ਉਪਰ ਵਿਗਾੜ ਵਾਲਾ ਪ੍ਰਭਾਵ ਪੈਣ ਦੀ ਪ੍ਰਬਲ ਸੰਭਾਵਨਾਂ ਹੁੰਦੀ ਹੈ।

Toxin (ਟਾੱਕਸਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਟਾੱਕਸਿਕਨ (toxikon) ਹੈ, ਜਿਸ ਦੇ ਅਰਥ ਹਨ 'ਵਿਸ਼ (ਜ਼ਹਿਰ)' ਦੇ। ਇਕ ਜੀਵ ਤੋਂ ਪ੍ਰਾਪਤ ਵਿਸ਼ (ਜ਼ਹਿਰ) ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦਾ ਅਸੁਖਾਵਾਂ ਪ੍ਰਭਾਵ ਦੂਜੇ ਜੀਵ ਉਪਰ ਪੈਂਦਾ ਹੈ।

Trace elements (ਟ੍ਰੇਸ ਐਲਿਮੰਟਸ)

ਇਨ੍ਹਾਂ ਦੋ ਸ਼ਬਦਾਂ ਦੇ ਸ਼ਾਬਦਕ ਅਰਥ ਹਨ 'ਨਾਮ-ਮਾਤਰ ਤੱਤਾਂ' ਦੇ ਅਤੇ ਇਸ ਪਦ ਨੂੰ ਅਜਿਹੇ ਤੱਤਾਂ ਨੂੰ ਦਰਸਾਉਣ ਲਈ ਵਰਤਿਆ

ਜਾਂਦਾ ਹੈ, ਜਿਨ੍ਹਾਂ ਦੀ ਜੀਵ ਨੂੰ ਲੋੜ ਹੁੰਦੀ ਜ਼ਰੂਰ ਹੈ, ਭਾਵੇਂ ਚਿੰਨ੍ਹ-ਮਾਤਰ ਹੀ, ਅਤੇ ਜਿਨ੍ਹਾਂ ਦੀ ਅਣਹੋਂਦ 'ਚ ਜੀਵ ਦੀਆਂ ਕਈ ਜੈਵਿਕ ਪ੍ਰਕ੍ਰਿਆਵਾਂ ਅਧੂਰੀਆਂ ਰਹਿ ਜਾਂਦੀਆਂ ਹਨ।

Trachea (ਟ੍ਰੈਕੀਅੱ)

ਇਹ 'ਸ੍ਵਾਸ-ਨਾਲੀ' ਲਈ ਵਰਤਿਆ ਜਾਂਦਾ ਲਾਤੀਨੀ ਸ਼ਬਦ ਹੈ। ਰੀੜ੍ਹ-ਸਹਿਤ ਪ੍ਰਾਣੀਆਂ ਦੀ ਮੁੱਖ ਸ੍ਵਾਸ-ਨਾਲੀ ਲਈ ਉਪਰੋਕਤ ਪਦ ਰਾਖਵਾਂ ਹੈ। ਕੀਟਾਂ ਦੀ ਸ੍ਵਾਸ-ਨਾਲੀ ਲਈ ਵੀ ਇਸੇ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਨ੍ਹਾਂ 'ਚ ਪਰ ਫੇਫੜਾ ਨਾ ਹੋਣ ਕਰਕੇ, ਇਨ੍ਹਾਂ ਨਾਲੀਆਂ ਦਾ ਸਰੀਰ 'ਚ ਜਾਲ ਵਿਛਿਆ ਹੁੰਦਾ ਹੈ।

Tragedy of the commons (ਟ੍ਰੈਜਡਿ ਆਫ ਦੀ ਕੱਾਮਨਜ਼)

ਇਸ ਪਦ ਦੇ ਸ਼ਾਬਦਕ ਅਰਥ ਹਨ 'ਸਹਿਅਧਿਕਾਰ ਦਾ ਦੁਖਾਂਤ' ਦੇ ਅਤੇ ਇਸ ਪਦ ਨੂੰ ਸਾਂਝੇ ਅਧਿਕਾਰਾਂ ਵਾਲੇ ਸ੍ਰੋਤ ਦੀ ਦੁਰਵਰਤੋਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਜਿਸ ਸ੍ਰੋਤ ਉਪਰ ਸਭਨਾਂ ਦਾ ਸਾਂਝਾ ਅਧਿਕਾਰ ਹੁੰਦਾ ਹੈ, ਉਸ ਦੀ ਲੋੜ ਤੋਂ ਵੱਧ ਵਰਤੋਂ ਹੁੰਦੇ ਰਹਿਣਾ ਸੁਭਾਵਕ ਹੈ, ਜਦ ਕਿ ਉਸ ਦੀ ਸੰਭਾਲ ਵੱਲ ਕਿਸੇ ਦਾ ਧਿਆਨ ਨਹੀਂ ਜਾਂਦਾ।

Transcription (ਟ੍ਰੈਂਸਕ੍ਰਿਪਸ਼ਨ)

ਇਸ ਪਦ ਦੇ ਸ਼ਬਦਾਰਥਕ ਅਰਥ ਹਨ 'ਉਤਾਰੇ' ਦੇ। ਡੀ ਐਨ ਏ ਦੇ ਫਰਮੇ ਉਪਰ ਜਦ ਆਰ ਐਨ ਏ ਦੀ ਰਚਨਾਂ ਹੁੰਦੀ ਹੈ, ਤਦ ਇਸ ਪ੍ਰਕ੍ਰਿਆ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Transduction (ਟ੍ਰੈਂਸਡੱਕਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ ਟ੍ਰੈਂਸਡਯੂਸਰਿ (transducere) ਹੈ, ਜਿਸ ਦੇ ਅਰਥ ਹਨ 'ਸਥਾਨ ਬਦਲ ਦੇਣ' ਦੇ। ਜੀਨ ਜਾਂ ਡੀ ਐਨ ਏ ਦੇ ਇਕ ਸੈੱਲ 'ਚੋਂ ਦੂਜੇ ਸੈੱਲ 'ਚ ਪ੍ਰਵੇਸ਼ ਕਰਵਾਉਣ ਦੀ ਪ੍ਰਕ੍ਰਿਆ ਲਈ ਉਪਰੋਕਤ ਪਦ ਰਾਖਵਾਂ ਹੈ।

Transfer RNA (ਟ੍ਰੈਂਸਫਰ ਆਰ ਐਨ ਏ)

ਟ੍ਰੈਂਸਫਰ ਸ਼ਬਦ ਦੇ ਅਰਥ ਹਨ 'ਤਬਾਦਲੇ' ਦੇ ਅਤੇ ਉਪਰੋਕਤ ਪਦ ਉਸ ਪ੍ਰਕਾਰ ਦੇ ਆਰ ਐਨ ਏ ਲਈ ਰਾਖਵਾਂ ਹੈ, ਜਿਸ ਨਾਲ ਜੁੜ ਕੇ ਐਮਿਨੋ ਤੇਜ਼ਾਬ, ਰਚੇ ਜਾ ਰਹੇ ਪ੍ਰੋਟੀਨ ਦੇ ਅਣੂ ਅੰਦਰ ਆਪਣਾ ਸਥਾਨ ਗ੍ਰਹਿਣ ਕਰਦੇ ਰਹਿੰਦੇ ਹਨ।

Translation (ਟ੍ਰੈਂਸਲੇਸ਼ਨ)

ਇਸ ਪਦ ਦੇ ਅਰਥ ਹਨ 'ਅਨੁਵਾਦ' ਦੇ ਅਤੇ ਉਪਰੋਕਤ ਪਦ ਦਾ ਉਪਯੋਗ ਪ੍ਰੋਟੀਨ ਅਣੂ ਦੀ ਰਚਨਾਂ ਨਾਲ ਸਬੰਧਤ ਉਸ ਪ੍ਰਕ੍ਰਿਆ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਿਸ ਅਧੀਨ ਆਰ ਐਨ ਏ ਦੇ ਫਰਮੇ ਉਪਰ ਐਮਿਨੋ ਤੇਜ਼ਾਬ, ਆਪੋ-ਆਪਣੇ ਨਿਰਧਾਰਤ ਸਥਾਨਾਂ ਅਨੁਕੂਲ ਫਿੱਟ ਹੁੰਦੇ ਹਨ।

Translocation (ਟ੍ਰੈਂਸਲੱਕੇਸ਼ੱਨ)

ਦੋ ਲਾਤੀਨੀ ਸ਼ਬਦ, ਟ੍ਰੈਂਸ (trans) ਅਤੇ ਲੋਕਸੰ (locus), ਇਸ ਪਦ 'ਚ ਸਮਾਏ ਹੋਏ ਹਨ ਅਤੇ ਇਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਆਰ-ਪਾਰ' ਦੇ ਅਤੇ 'ਸਥਾਨ' ਦੇ। ਜਦ ਕ੍ਰੋਮੋਸੋਮ ਨਾਲੋਂ ਇਕ ਟੁਕੜੀ ਟੁੱਟ ਕੇ ਦੂਜੇ ਅਨੁਰੂਪੀ (homologous) ਕ੍ਰੋਮੋਸੋਮ ਨਾਲ ਜਾ ਜੁੜਦੀ ਹੈ, ਤਦ ਇਸ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Transpiration (ਟ੍ਰੈਂਸਪਾਇਰੇਸ਼ਨ)

ਇਸ ਪਦ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਟ੍ਰੈਂਸ (trans), ਜਿਸ ਦੇ ਅਰਥ ਹਨ 'ਆਰ-ਪਾਰ' ਦੇ ਅਤੇ ਦੂਜਾ ਹੈ ਸਪਾਇਰਿਅਰ (spirare), ਜਿਸ ਦੇ ਅਰਥ ਹਨ 'ਸ੍ਵਾਸ ਲੈਣ' ਦੇ। ਪੌਦਿਆਂ ਦੇ ਸਾਵੇ ਪੱਤਰਾਂ 'ਚੋਂ ਨਮੀਂ,

ਵਾਸ਼ਪੀ ਕ੍ਰਿਆ ਦੁਆਰਾ, ਲਗਾਤਾਰ ਖ਼ਾਰਜ ਹੁੰਦੀ ਹੋਈ ਵਾਯੂਮੰਡਲ ਅੰਦਰ ਰਚਦੀ ਰਹਿੰਦੀ ਹੈ। ਇਸੇ ਪ੍ਰਕ੍ਰਿਆ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Transplant (ਟ੍ਰੈਂਸਪਲਾਂਟ)

ਲਾਤੀਨੀ ਆਧਾਰ ਵਾਲੇ ਇਸ ਪਦ ਦੇ ਸ਼ਾਬਦਕ ਅਰਥ ਹਨ 'ਪੌਦੇ ਨੂੰ ਦੂਜੀ ਥਾਂ ਤੇ ਲਾਉਣ' ਦੇ। ਸਰੀਰ ਦੇ ਟਿਸ਼ਯੂ ਨੂੰ ਇਕ ਸਥਾਨ ਤੋਂ ਲੈ ਕੇ ਦੂਜੇ ਉਪਰ ਜੋੜ ਦੇਣ ਦੀ ਪ੍ਰਕ੍ਰਿਆ ਲਈ ਵੀ ਉਪਰੋਕਤ ਪਦ ਹੀ ਵਰਤਿਆ ਜਾਂਦਾ ਹੈ

Transposon (ਟ੍ਰੈਂਸਪਾੱਜ਼ੋਨ)

ਇਸ ਪਦ ਦਾ ਆਧਾਰ ਟ੍ਰੈਂਸਪੋਜ਼ (transpose) ਸ਼ਬਦ ਹੈ, ਜਿਸ ਦੇ ਅਰਥ ਹਨ 'ਸਥਾਨ ਬਦਲੀ ਕਰਨ' ਦੇ। ਡੀ ਐਨ ਏ ਦੀ ਉਸ ਟੁਕੜੀ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜੀ ਆਪਣਾ ਨਿਸ਼ਚਿਤ ਸਥਾਨ ਛੱਡ ਕੇ, ਡੀ ਐਨ ਏ ਦੀ ਲੜੀ ਅੰਦਰ ਨਵੇਂ ਟਿਕਾਣੇ 'ਤੇ ਜਾ ਬਿਰਾਜਮਾਨ ਹੋ ਜਾਂਦੀ ਹੈ। ਇਸੇ ਲਈ ਇਸ ਟੁਕੜੀ ਨੂੰ 'ਕੁਦੱਕੜ ਜੀਨ' (jumping gene) ਵੀ ਸੱਦਿਆ ਜਾਂਦਾ ਹੈ।

Tree (ਟ੍ਰੀ)

ਇਸ ਪਦ ਦੇ ਅਰਥ ਹਨ 'ਰੁੱਖ' ਦੇ, ਜਿਹੜਾ ਕਿ 6 ਮੀਟਰ ਤੋਂ ਵੱਧ ਉਚਾਈ ਵਾਲਾ ਪੌਦਾ ਹੈ ਅਤੇ ਜਿਸ ਦੇ ਉਚੇ ਮੋਟੇ ਇਕੋ-ਇਕ ਤਣੇ ਉਪਰ ਸਾਵੇ ਪੱਤਰਾਂ ਦੀ ਛਤਰੀ ਹੁੰਦੀ ਹੈ ਅਤੇ ਜਿਸ ਦੇ ਹੇਠਲੇ ਸਿਰੇ 'ਚੋਂ ਜੜ੍ਹਾਂ ਪੁੰਗਰ ਕੇ ਭੂਮੀ ਅੰਦਰ ਐਧਰ-ਓਧਰ ਫੈਲੀਆਂ ਹੁੰਦੀਆਂ ਹਨ।

Trematoda (ਟ੍ਰੀਮੈਟੋੱਡਾ)

ਯੂਨਾਨੀ ਸ਼ਬਦ, ਟ੍ਰੀਮੈਟੱਸ (trematos) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਛੇਕ' ਦੇ। ਚੌੜੇ-ਚਪਟੇ ਸਰੀਰ ਵਾਲੇ ਮਲ੍ਹੱਪਾਂ ਦੀ ਸ਼੍ਰੇਣੀ ਦਾ ਉਪਰੋਕਤ ਨਾਮ ਹੈ, ਜਿਹੜੇ ਹੋਰਨਾਂ ਪ੍ਰਾਣੀਆਂ ਦੇ ਪ੍ਰਜੀਵ ਹਨ ਅਤੇ ਮੀਜ਼ਬਾਨ ਪ੍ਰਾਣੀ ਨਾਲ ਚੰਬੜੇ ਰਹਿਣ ਲਈ, ਇਨ੍ਹਾਂ 'ਚ ਛੇਕਦਾਰ ਚੂਸਣਾ ਅੰਗ ਹੈ।

Triassic (ਟ੍ਰਾਈਐਸਿਕ)

ਭੂਗੋਲਿਕ ਇਤਿਹਾਸ ਦੇ ਮੰਝਲੇ, ਮੀਜ਼ੱਜ਼ੁਇਕ (mesozoic) ਦੌਰ ਦੇ ਪਹਿਲੇ ਯੁੱਗ ਦਾ ਇਹ ਨਾਮ ਹੈ, ਜਿਸ ਦਾ ਸਮਾਂ ਅੱਜ ਤੋਂ 22 ਕ੍ਰੋੜ ਵਰ੍ਹੇ ਪਹਿਲਾਂ ਤੋਂ ਲੈ ਕੇ 18 ਕ੍ਰੋੜ ਵਰ੍ਹੇ ਪਹਿਲਾਂ ਤਕ ਦਾ ਸੀ।

Tribe (ਟ੍ਰਾਈਬ)

ਜੀਵਾਂ ਦੀ ਵਰਗਕੀ-ਵੰਡ 'ਚ ਉਸ ਇਕਾਈ ਲਈ ਉਪਰੋਕਤ ਪਦ ਰਾਖਵਾਂ ਹੈ, ਜਿਸ ਦਾ ਰੁੱਤਬਾ ਫੈਮਲੀ (family) ਤੋਂ ਥੱਲੇ, ਅਗਲਾ ਹੈ ਅਤੇ ਆਪਸ 'ਚ ਇਕ ਦੂਜੀ ਨਾਲ ਮਿਲਦੀਆਂ-ਜੁਲਦੀਆਂ ਪ੍ਰਜਾਤੀਆਂ ਜਿਸ 'ਚ ਸ਼ਾਮਲ ਹਨ।

Trichoptera (ਟ੍ਰਾਈਕਾੱਪਟਰਾੱ)

ਕੀਟਾਂ ਦੇ ਉਸ ਵਰਗ (order) ਦਾ ਇਹ ਨਾਮ ਹੈ, ਜਿਸ 'ਚ ਕੈਡਿਸ (caddis) ਮੱਖੀਆਂ ਸ਼ਾਮਲ ਹਨ। ਇਨ੍ਹਾਂ ਮੱਖੀਆਂ ਦੇ ਲਾਰਵੇ ਵਗਦੇ ਸ੍ਵਛ ਜਲ 'ਚ ਵਿਚਰਦੇ ਹਨ ਅਤੇ ਜਿਨ੍ਹਾਂ ਉਪਰ ਮੱਛੀਆਂ ਪਲਦੀਆਂ ਹਨ।

Trilobita (ਟ੍ਰਾਈਲੋੱਬਿਟਾ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਟ੍ਰਾਈ (tri), ਜਿਸ ਦੇ ਅਰਥ ਹਨ 'ਤਿੰਨ' ਦੇ ਅਤੇ ਦੂਜਾ ਲੋੱਬੱਸ (lobos), ਜਿਸ ਦੇ ਅਰਥ ਹਨ 'ਖੰਨ' ਦੇ। ਜੋੜਾਂ ਜੜੀਆਂ ਟੰਗਾਂ ਵਾਲੇ ਪ੍ਰਾਣੀਆਂ (arthropods) ਦੀ ਇਕ ਸ਼੍ਰੇਣੀ ਦਾ ਇਹ ਨਾਮ ਹੈ, ਜਿਸ 'ਚ ਸ਼ਾਮਲ ਪ੍ਰਾਣੀ ਲੁਪਤ ਹੋ ਚੁਕੇ ਹਨ ਤੇ ਜਿਨ੍ਹਾਂ ਦੇ ਕੇਵਲ ਫਾੱਸਿਲ ਉਪਲਬਧ ਹਨ। ਸਿਰ, ਛਾਤੀ ਅਤੇ ਧੜ 'ਚ ਵੱਖ ਹੋਏ ਸਰੀਰ ਵਾਲੇ ਇਹ ਪ੍ਰਾਣੀ ਝੀਂਗਿਆਂ ਦੇ ਅਤੇ ਕੀਟਾਂ ਦੇ ਪੂਰਵਜ ਹੋ ਸਨ।

Triplet (ਟ੍ਰਿਪਲਟ)

ਇਸ ਪਦ ਦੇ ਸ਼ਾਬਦਕ ਅਰਥ ਹਨ 'ਤਿਕੜੀ' ਦੇ ਅਤੇ ਜੀਵ-ਵਿਗਿਆਨ ਦੇ ਪ੍ਰਸੰਗ 'ਚ ਇਸ ਦਾ ਉਪਯੋਗ, ਡੀ ਐਨ ਏ ਅੰਦਰ ਨਾਈਟ੍ਰੋਜਨੀ-ਖਾਰਾਂ ਦੀ ਵਿਉਂਤਬਧ ਤਿਕੜੀ ਲਈ ਕੀਤਾ ਜਾਂਦਾ ਹੈ। 4 ਖਾਰਾਂ ਦੇ ਅਗੜ ਪਿਛੜ ਇਕ ਦੂਜੇ ਨਾਲ ਜੁੜਨ ਕਾਰਨ 64 ਵੰਨਗੀ ਦੀਆਂ ਤਿਕੜੀਆਂ ਡੀ ਐਨ ਏ ਦੀ ਲੜੀ ਅੰਦਰ ਵਿਉਂਤਬਧ ਹੋਈਆਂ ਹੁੰਦੀਆਂ ਹਨ ਅਤੇ ਇਨ੍ਹਾਂ ਚੋਂ ਹਰ ਇਕ ਦਾ ਉਲੱਥਾ ਐਮਿਨੋ ਤੇਜ਼ਾਬਾਂ 'ਚ ਹੋਣ ਦੀ ਸੰਭਾਵਨਾਂ ਹੁੰਦੀ ਹੈ।

Triploblastic (ਟ੍ਰਿਪਲੱਾਂਬਲੈਸਟਿਕ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਟ੍ਰਿਪਲੂਸ (triploos), ਜਿਸ ਦੇ ਅਰਥ ਹਨ 'ਤੀਹਰੇ' ਦੇ ਅਤੇ ਦੂਜਾ ਹੈ ਬਲੈਸਟਸ (blastos), ਜਿਸ ਦੇ ਅਰਥ ਹਨ 'ਫੁੱਲ ਦੀ ਡੋਡੀ' ਦੇ। ਸਿਵਾਏ ਸੀਲੈਂਟ੍ਰੇਟ (Coelentrate) ਕਬੀਲੇ ਦੇ, ਸੰਸਾਰ ਭਰ ਦੇ ਹੋਰ ਸਭਨਾਂ ਪ੍ਰਾਣੀਆਂ ਦੀ ਪ੍ਰਗਤੀ ਤਿੰਨ ਜਣਨ-ਪਰਤਾਂ (germinal layers) ਦੇ ਹੋਂਦ 'ਚ ਆਉਣ ਨਾਲ ਆਰੰਭੀ ਜਾਂਦੀ ਹੈ, ਅਤੇ ਇਸੇ ਸਥਿਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Triploid (ਟ੍ਰਿਪਲੱਾਂਇਡ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਟ੍ਰਿਪਲੂਸ (triploos) ਹੈ, ਜਿਸ ਦੇ ਅਰਥ ਹਨ 'ਤੀਹਰੇ' ਦੇ। ਉਪਰੋਕਤ ਪਦ ਨੂੰ ਉਸ ਜੀਵ ਲਈ ਵਰਤਿਆ ਜਾਂਦਾ ਹੈ, ਜਿਸ ਦਿਆਂ ਸਰੀਰਕ ਸੈੱਲਾਂ 'ਚ ਕ੍ਰੋਮੋਸੋਮਾਂ ਦੀ ਦੂਹਰੀ ਦੀ ਥਾਵੇਂ ਤੀਹਰੀ ਗਿਣਤੀ ਹੁੰਦੀ ਹੈ।

Trisomic (ਟ੍ਰਾਈਸੋਮਿਕ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਮੂਲ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਟ੍ਰਿਆ (tria), ਜਿਸ ਦੇ ਅਰਥ ਹਨ 'ਤਿੰਨ' ਦੇ ਅਤੇ ਦੂਜਾ ਹੈ ਸੋਮੱਾ (soma), ਜਿਸ ਦੇ ਅਰਥ ਹਨ 'ਸਰੀਰ' ਦੇ। ਉਸ ਜੀਵ ਲਈ ਉਪਰੋਕਤ ਪਦ ਦੀ ਵਰਤੋਂ ਉਪਯੁਕਤ ਹੈ, ਜਿਸ ਦਿਆਂ ਸਰੀਰਕ ਸੈੱਲਾਂ ਅੰਦਰ ਕ੍ਰੋਮੋਸੋਮਾਂ ਦੀ ਸਾਧਾਰਨ ਦੂਹਰੀ ਗਿਣਤੀ ਨਾਲੋਂ ਇਕ ਕ੍ਰੋਮੋਸੋਮ ਫਾਲਤੂ ਹੁੰਦਾ ਹੈ, ਜਿਸ ਕਾਰਨ ਕ੍ਰੋਮੋਸੋਮਾਂ ਦੇ ਜੋੜਿਆਂ 'ਚ ਇਨ੍ਹਾਂ ਦੀ ਇਕ ਤਿਕੜੀ ਵੀ ਸ਼ਾਮਲ ਹੁੰਦੀ ਹੈ।

Trochanter (ਟਰੱਕੈਂਟਰ)

ਇਹ ਯੂਨਾਨੀ ਸ਼ਬਦ ਹੈ, ਜਿਸ ਨੂੰ ਪੱਟ ਦੀ ਹੱਡੀ ਦੇ ਉਪਰਲੇ ਸਿਰੇ ਵਾਲੇ ਉਭਾਰ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਕੀਟ ਦੀ ਟੰਗ ਦੇ ਦੂਜੇ ਖੰਡ ਦਾ ਵੀ ਇਹੋ ਨਾਮ ਹੈ।

Trophology (ਟਰੱਫ਼ੱਾਲਜਿ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਟ੍ਰੱਾਫ਼ੀ (trophe), ਜਿਸ ਦੇ ਅਰਥ ਹਨ 'ਅਹਾਰ' ਦੇ ਅਤੇ ਦੂਜਾ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਇਹ ਨਾਮ ਹੈ, ਜਿਸ ਦਾ ਸਬੰਧ ਖ਼ੁਰਾਕ ਬਾਰੇ ਗਿਆਨ ਨਾਲ ਹੈ।

Tropism (ਟ੍ਰੱਾਪਿਜ਼ਮ)

ਯੂਨਾਨੀ ਸ਼ਬਦ ਟ੍ਰਾਪੀ (trope) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਮੁੜਨ' ਦੇ। ਜੀਵਾਂ ਦੀ ਉਸ ਰੁਚੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਹੜੀ ਇਨ੍ਹਾਂ ਦੀ ਬਾਹਰੀ ਉਕਸਾਹਟਾਂ ਦਾ ਹੁੰਗਾਰਾ ਭਰਨ ਦੀ ਹੈ।

Trypanosome (ਟ੍ਰਿਪੈਨੱਸੋਮ)

ਇਹ ਨਾਮ ਇਕ ਸੈੱਲ ਦੀ ਦੇਹ ਵਾਲੇ ਜੀਵ ਦੀ ਪ੍ਰਜਾਤੀ (genus) ਦਾ ਹੈ, ਜਿਸ ਦੀਆਂ ਭਿੰਨ ਭਿੰਨ ਜਾਤੀਆਂ ਮਨੁੱਖ ਦੀਆਂ ਪ੍ਰਜੀਵ ਹਨ ਅਤੇ ਭਿੰਨ ਭਿੰਨ ਰੋਗਾਂ ਦਾ ਕਾਰਨ ਬਣ ਰਹੀਆਂ ਹਨ।

Trypsin (ਟ੍ਰਿਪਸਿਨ)

ਦੋ ਯੂਨਾਨੀ ਸ਼ਬਦ ਇਸ ਪਦ ’ਚ ਸਮਾਏ ਹੋਏ ਹਨ, ਜਿਨ੍ਹਾਂ ’ਚੋਂ ਪਹਿਲਾ ਹੈ ਟ੍ਰਿਈਨ (tryein), ਜਿਸ ਦੇ ਅਰਥ ਹਨ ‘ਘੋਰਨ’ ਦੇ ਅਤੇ ਦੂਜਾ ਹੈ ਪੈਪਸਿਸ (pepsis), ਜਿਸ ਦੇ ਅਰਥ ਹਨ ‘ਹਾਜ਼ਮੇ’ ਦੇ। ਪੈਂਕਰਿਐਜ਼ (pancreas) ਗ੍ਰੰਥੀ ਚੋਂ ਰਿਸਦੇ ਉਸ ਐਨਜ਼ਾਈਮ ਦਾ ਇਹ ਨਾਮ ਹੈ, ਜਿਸ ਦੀ ਸਹਾਇਤਾ ਦੁਆਰਾ ਖ਼ੁਰਾਕੀ ਪ੍ਰੋਟੀਨਾਂ ਹਜ਼ਮ ਹੁੰਦੀਆਂ ਹਨ।

Tryptophan (ਟ੍ਰਿਪਟੌਫਨ)

ਜੀਵਨ ਲਈ ਜ਼ਰੂਰੀ ਐਮਿਨੋ ਤੇਜ਼ਾਬਾਂ ’ਚੋਂ ਇਕ ਦਾ ਇਹ ਨਾਮ ਹੈ।

Tubercle (ਟਯੂਬਰਕਲ)

ਇਹ ਲਾਤੀਨੀ ਸ਼ਬਦ ਹੈ, ਜਿਸ ਨੂੰ ਸਰੀਰ ਅੰਦਰਲੇ ਜਾਂ ਉਪਰਲੇ ਹਰ ਪ੍ਰਕਾਰ ਦੇ ਮਾਮੂਲੀ ਉਭਾਰ ਨੂੰ ਦਰਸਾਉਂਣ ਲਈ ਵਰਤਿਆ ਜਾਂਦਾ ਹੈ।

Tundra (ਟੁੰਡਰਾ)

ਇਹ ਰੂਸੀ ਸ਼ਬਦ ਹੈ, ਜਿਹੜਾ ਕਿ ਭੂਗੋਲ ਦੇ ਉੱਤਰੀ ਧੁਰੇ ਲਾਗਲੇ ਉਸ ਖੇਤਰ ਦਾ ਨਾਮ ਹੈ, ਜਿਥੇ ਲੋਹੜੇ ਦੀ ਸਰਦੀ ਕਾਰਨ ਨਾ ਰੁੱਖ ਉਗਦੇ ਹਨ ਤੇ ਨਾ ਹੋਰ ਬੂਟੇ। ਇਸ ਖੇਤਰ ’ਚ ਜੇਕਰ ਕੁਝ ਉਗਦਾ ਹੈ ਤਾਂ ਟੁੰਡ-ਮੁੰਡ ਧਰਤੀ ਉਪਰ ਵਿਛੇ ਹੋਏ ਝਾੜ।

Tunicata (ਟਯੂਨਿਕੇਟੌਾ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਟਯੂਨਿਕਾ (tunica) ਹੈ, ਜਿਸ ਦੇ ਅਰਥ ਹਨ ‘ਗਿਲਾਫ਼’ ਦੇ। ਉਪਰੋਕਤ ਪਦ ਰੀੜ੍ਹ-ਸਹਿਤ ਪ੍ਰਾਣੀਆਂ ਦੇ ਇਕ ਉਪਕਬੀਲੇ (subphylum) ਦਾ ਨਾਮ ਹੈ, ਜਿਸ ’ਚ ਸ਼ਾਮਲ ਪ੍ਰਾਣੀ ਸਮੁੰਦਰ ’ਚ ਵਿਚਰਦੇ ਹਨ ਅਤੇ ਜਿਨ੍ਹਾਂ ਦੇ ਸਰੀਰ ਸਖ਼ਤ ਝਿਲੀ ਦੇ ਬਣੇ ਗਿਲਾਫ਼ ਅੰਦਰ ਸੁਰੱਖਿਅਤ ਹਨ।

Tusk (ਟਸਕ)

ਹਾਥੀ ਜਾਂ ਜੰਗਲੀ ਸੂਰ ਦੇ ਲੰਬੇ ਤੇ ਨੁਕੀਲੇ ਸੂਏ (canine) ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਇਹ ਪਸ਼ੂ ਬਚਾਓ ਦੇ ਸਾਧਨ ਵਜੋਂ ਵਰਤਦੇ ਹਨ।

Tympanum (ਟਿਮਪੈਨਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ ਟਿਮਪੈੱਨਨ (tympanon) ਹੈ, ਜਿਸ ਦੇ ਅਰਥ ਹਨ ‘ਢੋਲ’ ਦੇ। ਉਂਜ ਇਸ ਪਦ ਦਾ ਉਪਯੋਗ ਕੰਨ ਦੇ ਪਰਦੇ ਨੂੰ ਦਰਸਾਉਣ ਲਈ ਕੀਤਾ ਜਾਂਦਾ ਹੈ, ਜਿਹੜਾ ਕੰਨ ਦੇ ਬਾਹਰਲੇ ਭਾਗ ਨੂੰ, ਇਸ ਦੇ ਵਿਚਕਾਰਲੇ ਭਾਗ ਨਾਲੋਂ ਵੱਖ ਕਰਦਾ ਹੈ।

Type specimen (ਟਾਈਪ ਸਪੇੱਸਿਮਿਨ)

ਉਸ ਪ੍ਰਕਾਰ ਦੇ ਜੀਵ ਲਈ ਉਪਰੋਕਤ ਨਾਮ ਰਾਖਵਾਂ ਹੈ, ਜਿਸ ਦੀਆਂ ਵਿਸ਼ੇਸ਼ਤਾਵਾਂ ਨੂੰ ਆਧਾਰ ਬਣਾ ਕੇ, ਇਸੇ ਜੀਵ ਦੀ ਜਾਤੀ ਦੀਆਂ ਵਿਸ਼ੇਸ਼ਤਾਵਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ। ਇਸ ਲਈ, ਇਕ ਪ੍ਰਕਾਰ, ਇਸ ਨੂੰ ਨਮੂਨੇ ਦਾ ਜੀਵ ਮੰਨ ਲਿਆ ਜਾਂਦਾ ਹੈ।

Tyrosine (ਟਾਇਰੋੱਸਿਨ)

ਜੀਵਨ ਲਈ ਜ਼ਰੂਰੀ ਐਮਿਨੋਂ ਤੇਜ਼ਾਬਾਂ ’ਚੋਂ ਇਕ ਦਾ ਇਹ ਨਾਮ ਹੈ।

U

Ulna (ਅਲਨੌਾ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ ‘ਕੂਹਣੀ’ ਦੇ, ਪਰ ਇਸ ਨੂੰ ਜੀਵ-ਵਿਗਿਆਨ ਦੇ ਪ੍ਰਸੰਗ ’ਚ ਬਾਂਹ ਦੀ ਕੂਹਣੀ ਅਤੇ ਵੀਣੀ ਵਿਚਕਾਰ ਸਥਿਤ ਦੋ ਹੱਡੀਆਂ ਚੋਂ, ਅੰਦਰਲੀ

ਲੰਬੀ ਹੱਡੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਸ ਦੇ ਸਰੀਰ ਵੱਲ ਦੇ ਸਿਰੇ ਨੇ ਹੀ ਕੂਹਣੀ ਦਾ ਰੂਪ ਧਾਰਿਆ ਹੋਇਆ ਹੈ।

Umbel (ਅਮਬੱਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਅਮਬੈਲਾ (umbella) ਹੈ, ਜਿਸ ਦੇ ਅਰਥ ਹਨ 'ਛੱਤਰੀ' ਦੇ। ਉਪਰੋਕਤ ਪਦ ਦਾ ਉਪਯੋਗ ਪੌਦੇ ਨਾਲ ਲਗੇ ਫੁੱਲਾਂ ਦੇ ਅਜਿਹੇ ਗੁੱਛੇ ਲਈ ਕੀਤਾ ਜਾਂਦਾ ਹੈ, ਜਿਸ ਦੇ ਫੁੱਲ ਇਕ ਡਾਲ ਨਾਲੋਂ ਪੁੰਗਰ ਕੇ ਪੱਧਰੇ ਗੋਲ ਸਮੂਹ 'ਚ ਤਰਤੀਬ-ਬਧ ਹੁੰਦੇ ਹਨ।

Umbilical cord (ਅਮਬਿਲੀਕਲ ਕਾਰਡ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਅਮਬਿਲੀਕਸ (umbilicus) ਹੈ, ਜਿਸ ਦੇ ਅਰਥ ਹਨ 'ਧੁੰਨੀ' ਦੇ। ਮਾਂ ਦੀ ਕੁੱਖ 'ਚ ਪਲ ਰਹੇ ਪਸ਼ੂ-ਭਰੂਣ ਦੇ ਨਾੜੂਏ ਨੂੰ ਦਰਸਾਉਣ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Ungulate (ਅੰਗਯੂਲੇਟ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਅੰਗਯੂਲਾੱ (ungula) ਹੈ, ਜਿਸ ਦੇ ਅਰਥ ਹਨ 'ਖੁਰ' ਦੇ। ਉਸ ਪਸ਼ੂ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦੇ ਖੁਰ ਜੜੇ ਪੈਰ ਹਨ।

Unicellular (ਯੂਨਿਸੈਲਯੂਲਾੱਰ)

ਇਕ ਸੈੱਲ ਦੀ ਦੇਹ ਵਾਲੇ ਜੀਵ ਲਈ ਇਹ ਪਦ ਵਰਤਿਆ ਜਾਂਦਾ ਹੈ।

Uniparous (ਯੂਨਿਪੈਰਿਸ)

ਇਕ ਸਮੇਂ ਕੇਵਲ ਇਕ ਬੱਚੇ ਨੂੰ ਜਨਮ ਦੇਣ ਵਾਲੇ ਪਸ਼ੂ-ਪ੍ਰਾਣੀ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Unisexual (ਯੂਨਿਸੈਕਸ਼ਯੂਲ)

ਇਕ ਲਿੰਗੀ ਜੀਵ ਲਈ ਇਹ ਪਦ ਰਾਖਵਾਂ ਹੈ, ਜਿਹੜਾ ਜਾਂ ਨਰ ਹੁੰਦਾ ਹੈ ਜਾਂ ਮਦੀਨ।

Uuivoltine (ਯੂਨਿਵਾੱਲਟਾਇਨ)

ਵਰ੍ਹੇ 'ਚ ਕੇਵਲ ਇਕ ਵਾਰ ਪ੍ਰਜਣਨ ਦੇ ਯੋਗ ਹੋਣ ਵਾਲੇ ਪ੍ਰਾਣੀ ਲਈ ਇਹ ਪਦ ਰਾਖਵਾਂ ਹੈ।

Urea (ਯੂਰੀਆੱ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਅਰੱਨ (ouron) ਹੈ, ਜਿਸ ਦੇ ਅਰਥ ਹਨ 'ਪਿਸ਼ਾਬ' ਦੇ। ਪਿਸ਼ਾਬ ਅੰਦਰ ਸਮਾਏ ਮੁੱਖ ਰਸਾਇਣ ਦਾ ਉਪਰੋਕਤ ਨਾਮ ਹੈ।

Ureotelic (ਯੂਰੀਅਟੈਲਿਕ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ ਹਨ, ਪਹਿਲਾ ਅਰੱਨ (ouron), ਜਿਸ ਦੇ ਅਰਥ ਹਨ 'ਪਿਸ਼ਾਬ' ਦੇ ਅਤੇ ਦੂਜਾ ਟੈਲੱਸ (telos), ਜਿਸ ਦੇ ਅਰਥ ਹਨ 'ਪਰਿਣਾਮ' ਦੇ। ਉਸ ਪ੍ਰਾਣੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਸਰੀਰ ਅੰਦਰਲੀਆਂ ਪ੍ਰਕ੍ਰਿਆਵਾਂ ਦੇ ਫਲਸਰੂਪ ਉਪਜ ਰਹੇ ਬੇਲੋੜੇ ਮੁਆਦ ਦਾ ਨਿਪਟਾਰਾ ਪਿਸ਼ਾਬ ਦੁਆਰਾ ਕਰਦਾ ਹੈ।

Ureter (ਯੂਰੀਟਰ)

ਯੂਨਾਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ 'ਪਿਸ਼ਾਬ-ਨਾਲੀ' ਦੇ ਹਨ ਅਤੇ ਜੀਵ-ਵਿਗਿਆਨ ਦੇ ਪ੍ਰਸੰਗ 'ਚ ਵੀ ਇਸ ਦੇ ਇਹੋ ਅਰਥ ਲਏ ਜਾਂਦੇ ਹਨ, ਜਿਥੇ, ਇਸ ਨੂੰ, ਗੁਰਦੇ ਨੂੰ ਪਿਸ਼ਾਬ-ਥੈਲੀ ਨਾਲ ਜੋੜਦੀ ਨਾਲੀ ਲਈ ਵਰਤਿਆ ਜਾਂਦਾ ਹੈ।

Urethra (ਯੂਰਿਥਰਾੱ)

ਯੂਨਾਨੀ ਆਧਾਰ ਵਾਲੇ ਇਸ ਪਦ ਨੂੰ ਸਰੀਰ ਅੰਦਰਲੀ ਉਸ ਨਾਲੀ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜਿਸ ਦੁਆਰਾ ਪਿਸ਼ਾਬ-ਥੈਲੀ ਅੰਦਰੋਂ ਪਿਸ਼ਾਬ ਸਰੀਰੋਂ ਬਾਹਰ ਖ਼ਾਰਜ ਹੁੰਦਾ ਰਹਿੰਦਾ ਹੈ।

Uric acid (ਯੂਰਿਕ ਐਸਿਡ)

ਸਰੀਰਕ ਪ੍ਰਕ੍ਰਿਆਵਾਂ ਦੇ ਫਲਸਰੂਪ ਉਪਜੇ ਉਸ ਬੇਲੋੜ ਮੁਆਦ ਦਾ ਇਹ ਨਾਮ ਹੈ, ਜਿਹੜਾ ਪਾਣੀ 'ਚ ਘੁਲਣਸ਼ੀਲ ਨਹੀਂ ਹੈ, ਅਤੇ ਜਿਸ ਕਰਕੇ ਪ੍ਰਾਣੀ ਨੂੰ ਇਸ ਦਾ ਤਿਆਗ ਖੁਸ਼ਕ ਰੂਪ 'ਚ ਹੀ ਕਰਨਾ ਪੈਂਦਾ ਹੈ। ਪੰਛੀ ਅਤੇ ਵਿਸਰਪੀ ਪ੍ਰਾਣੀ (reptiles) ਇਹੋ ਹੀ ਕਰਦੇ ਹਨ।

Uricotelic (ਯੂਰਿਕੱਾਟੈਲਿਕ)

ਯੂਨਾਨੀ ਆਧਾਰ ਵਾਲੇ ਇਸ ਪਦ ਦਾ ਉਪਯੋਗ ਉਸ ਪ੍ਰਾਣੀ ਲਈ ਕੀਤਾ ਜਾਂਦਾ ਹੈ, ਜਿਸ ਦੀਆਂ ਸਰੀਰਕ ਪ੍ਰਕ੍ਰਿਆਵਾਂ ਦੇ ਫਲਸਰੂਪ ਉਪਜਦਾ ਬੇਲੋੜਾ ਮੁਆਦ ਯੂਰਿਕ ਐਸਿਡ ਹੁੰਦਾ ਹੈ। ਪੰਛੀ ਅਤੇ ਵਿਸਰਪੀ ਪ੍ਰਾਣੀਆਂ (reptiles) ਲਈ, ਇਸੇ ਕਰਕੇ, ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Uriniferous tubule (ਯੂਰਿਨੀਫਰੱਸ ਟਿਬਯੂਲ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਦੋ ਲਾਤੀਨੀ ਸ਼ਬਦ ਹਨ, ਜਿਨ੍ਹਾਂ ਚੋਂ ਪਹਿਲਾ ਹੈ ਯੂਰਿਨੱਾ (urina), ਜਿਸ ਦੇ ਅਰਥ ਹਨ 'ਪਿਸ਼ਾਬ' ਦੇ ਅਤੇ ਦੂਜਾ ਹੈ ਫੱਰਿ (ferre), ਜਿਸ ਦੇ ਅਰਥ ਹਨ 'ਲਿਜਾਣ' ਦੇ। ਗੁਰਦੇ ਅੰਦਰਲੀਆਂ ਮਹੀਨ ਵਲੇਵੇਂਦਾਰ ਨਲਕੀਆਂ 'ਚੋਂ ਹਰ ਇਕ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਨ੍ਹਾਂ ਦੁਆਰਾ ਪਿਸ਼ਾਬ ਗੁਰਦੇ 'ਚੋਂ ਬਾਹਰ ਆਉਂਦਾ ਹੈ।

Urinogenital system (ਯੂਰਿਨੱਜੈਨਾਇਟਲ ਸਿਸਟਮ)

ਇਸ ਪਦ ਦੇ ਪਹਿਲੇ ਭਾਗ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਯੂਰਿਨੱਾ (urina), ਜਿਸ ਦੇ ਅਰਥ ਹਨ 'ਪਿਸ਼ਾਬ' ਦੇ ਅਤੇ ਦੂਜਾ ਹੈ ਜਿਜਨਰਿ (gignere), ਜਿਸ ਦੇ ਅਰਥ ਹਨ 'ਜਨਮ ਦੇਣ' ਦੇ। ਰੀੜ੍ਹ-ਸਹਿਤ ਪ੍ਰਾਣੀਆਂ 'ਚ ਪਿਸ਼ਾਬ ਪ੍ਰਣਾਲੀ, ਪ੍ਰਜਣਨ ਪ੍ਰਣਾਲੀ ਨਾਲ ਸੁਬੱਧ ਪ੍ਰਣਾਈ ਹੋਈ ਹੈ ਅਤੇ ਇਨ੍ਹਾਂ ਦੇ ਸੰਘਟਕ ਰੂਪ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Uterus (ਯੂਟਰੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਬੱਚੇਦਾਨੀ' ਦੇ। ਪਸ਼ੂ-ਪ੍ਰਾਣੀ ਦੀ ਬੱਚੇਦਾਨੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਅੰਦਰ ਭਰੂਣ, ਪ੍ਰਗਤ ਹੋ ਕੇ, ਬੱਚੇ ਦਾ ਰੂਪ ਧਾਰਦਾ ਹੈ ਅਤੇ ਫਿਰ ਜਨਮ ਲੈਂਦਾ ਹੈ।

V

Vaccine (ਵੈਕਸੀਨ)

ਲਾਤੀਨੀ ਸ਼ਬਦ, ਵੈਕਾ (vacca) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਗਊ' ਦੇ। ਲੋਦਾ ਜਾਂ ਟੀਕਾ ਲਾਉਣ ਲਈ ਵਰਤੀ ਜਾਂਦੀ ਦਵਾਈ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Vacuole (ਵੈਕਯੁਓਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਵੈਕਅਸ (vacuus) ਹੈ, ਜਿਸ ਦੇ ਅਰਥ ਹਨ 'ਖਾਲੀ' ਦੇ। ਸੈੱਲ ਅੰਦਰਲੀ ਖਾਲੀ ਥਾਂ ਲਈ ਉਪਰੋਕਤ ਪਦ ਰਾਖਵਾਂ ਹੈ।

Vagina (ਵੈਜਾਇਨੱਾ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਮਿਆਨ' ਦੇ। ਪਸ਼ੂ-ਪ੍ਰਾਣੀ ਦੀ ਬੱਚੇਦਾਨੀ ਦੇ ਬਾਹਰ ਨੂੰ ਖੁਲ੍ਹਦੇ ਮੋਕਲੇ ਦੁਆਰ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Vagus nerve (ਵੇਗੱਸ ਨਰਵ)

ਇਸ ਪਦ ਦਾ ਪਹਿਲਾ ਭਾਗ ਲਾਤੀਨੀ

ਸ਼ਬਦ ਹੈ, ਜਿਸ ਦੇ ਅਰਥ ਹਨ 'ਭਟਕਣ' ਦੇ। ਦਿਮਾਗ਼ 'ਚੋਂ ਜਨਮ ਲੈਂਦੀਆਂ ਨਸਾਂ 'ਚੋਂ ਦਸਵੀਂ ਨਸ ਦਾ ਉਪਰੋਕਤ ਨਾਮ ਹੈ, ਜਿਸ ਦੀਆਂ ਸ਼ਾਖ਼ਾਂ ਸਰੀਰ ਅੰਦਰਲੇ ਮਹੱਤਵ ਅੰਗਾਂ ਤਕ ਪੁੱਜ ਕੇ, ਉਨ੍ਹਾਂ ਦੀ ਕ੍ਰਿਆ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਇਹ ਅੰਗ ਹਨ: ਦਿਲ, ਫੇਫੜੇ, ਜਿਗਰ, ਮਿਹਦਾ, ਆਂਦਰਾਂ ਤੇ ਗੁਰਦੇ।

Valine (ਵੇਲੀਨ)

ਜੀਵਨ ਲਈ ਜ਼ਰੂਰੀ ਐਮਿਨੋ ਤੇਜ਼ਾਬਾਂ 'ਚੋਂ ਇਕ ਦਾ ਇਹ ਨਾਮ ਹੈ।

Valve (ਵੈਲਵ)

ਲਾਤੀਨੀ ਸ਼ਬਦ, ਵੈਲਵਾੱ (valva) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਸਿਲਵਟ' ਦੇ। ਦਿਲ ਅਤੇ ਲਹੂ ਵਹਿਣੀਆਂ ਅੰਦਰ ਰਕਤ ਦੇ ਇਕ-ਦਿਸ਼ਾਵੀ ਬਹਾਓ ਨੂੰ ਨਿਸ਼ਚਤ ਬਣਾਉਣ ਲਈ, ਇਨ੍ਹਾਂ ਅੰਦਰ, ਥਾਂ-ਪਰ-ਥਾਂ, ਝਿਲੀ ਦੀਆਂ ਬਣੀਆਂ ਸਿਲਵਟਾਂ ਸਥਾਪਿਤ ਹਨ। ਇਨ੍ਹਾਂ ਚੋਂ ਹਰ ਇਕ ਨੂੰ ਇਸੇ ਨਾਮ ਨਾਲ ਜਾਣਿਆ ਜਾਂਦਾ ਹੈ।

Vascular system (ਵੈਸਕਯੂਲੱਰ ਸਿਸਟਮ)

ਇਸ ਪਦ ਦੇ ਪਹਿਲੇ ਭਾਗ ਦਾ ਆਧਾਰ ਲਾਤੀਨੀ ਸ਼ਬਦ, ਵੈਸਕਯੂਲਮ (vasculum) ਹੈ, ਜਿਸ ਦੇ ਅਰਥ ਹਨ 'ਵਹਿਣੀ' ਦੇ। ਜੀਵ ਦੇ ਸਰੀਰ ਅੰਦਰ ਰਕਤ, ਰਸ ਜਾਂ ਹੋਰ ਪ੍ਰਕਾਰ ਦੇ ਤਰਲ ਦੇ ਪ੍ਰਸਾਰ ਲਈ ਵਹਿਣੀਆਂ ਦਾ ਜਿਹੜਾ ਜਾਲ ਵਿਛਿਆ ਹੋਇਆ ਹੈ, ਉਸੇ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Vasopressin (ਵੈਸੱਪ੍ਰੈਸਿਨ)

ਦੋ ਲਾਤੀਨੀ ਸ਼ਬਦ ਇਸ ਪਦ ਦਾ ਆਧਾਰ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਵੈਸ (vas), ਜਿਸ ਦੇ ਅਰਥ ਹਨ 'ਵਹਿਣੀ' ਦੇ ਅਤੇ ਦੂਜਾ ਹੈ ਪ੍ਰੈਸੱਸ (pressus), ਜਿਸ ਦੇ ਅਰਥ ਹਨ 'ਦਬਾਓ' ਦੇ। ਪਿਟਯੂਟਰਿ ਗ੍ਰੰਥੀ 'ਚ ਰਿਸਦੇ ਇਕ ਹਾਰਮੋਨ ਦਾ ਇਹ ਨਾਮ ਹੈ, ਜਿਸ ਦੇ ਪ੍ਰਭਾਵ ਅਧੀਨ ਲਹੂ ਵਹਿਣੀਆਂ ਸੁੰਗੜ ਜਾਂਦੀਆਂ ਹਨ ਅਤੇ ਸਰੀਰ ਅੰਦਰ ਲਹੂ ਦਾ ਦਬਾਓ ਵਧ ਜਾਂਦਾ ਹੈ।

Vector (ਵੈਕਟਰ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵਾਹਕ' ਦੇ। ਉਸ ਪ੍ਰਾਣੀ ਲਈ ਉਪਰੋਕਤ ਪਦ ਰਾਖਵਾਂ ਹੈ, ਜਿਹੜਾ ਰੋਗਾਣੂ ਦੀ ਲਾਗ ਦੇ ਪ੍ਰਸਾਰ ਦਾ ਸਾਧਨ ਬਣਦਾ ਹੈ।

Vein (ਵੇਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਵੇਨਾੱ (vena) ਹੈ, ਜਿਸ ਦੇ ਅਰਥ ਹਨ 'ਰਗ' ਦੇ। ਉਸ ਲਹੂ-ਵਹਿਣੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਸ ਅੰਦਰ ਵਗਦੇ ਰਕਤ ਦੀ ਦਿਸ਼ਾ ਦਿਲ ਵੱਲ ਨੂੰ ਹੁੰਦੀ ਹੈ।

Venom (ਵੈਨੱਮ)

ਲਾਤੀਨੀ ਸ਼ਬਦ, ਵੈਨੈਨੱਮ (venenum) ਇਸ ਪਦ ਦਾ ਆਧਾਰ ਹੈ, ਜਿਸ ਦੇ ਅਰਥ ਹਨ 'ਵਿਹੁ' ਦੇ। ਵਿਸ਼ੈਲੇ ਪ੍ਰਾਣੀ ਦੀ ਗ੍ਰੰਥੀ 'ਚੋਂ ਰਿਸਦੇ ਵਿਹੁਲੇ ਰਸ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਇਹ ਆਪਣੇ ਬਚਾਓ ਦੇ ਸਾਧਨ ਵਜੋਂ ਵਰਤਦਾ ਹੈ।

Venous blood (ਵੀਨਸ ਬਲੱਡ)

ਜਿਹੜਾ ਆਕਸੀਜਨ ਦਾ ਪਿਆਸਾ ਰਕਤ, ਰਗਾਂ ਰਾਹੀਂ, ਦਿਲ ਵੱਲ ਨੂੰ ਵਗਦਾ ਹੈ, ਉਸੇ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ।

Ventral

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਵੈਨਟਰ (venter) ਹੈ, ਜਿਸ ਦੇ ਅਰਥ ਹਨ 'ਪੇਟ'

ਦੇ। ਸਰੀਰ ਦੇ ਪੇਟ ਵਾਲੇ ਪਾਸੇ ਨੂੰ ਦਰਸਾਉਣ ਲਈ, ਉਪਰੋਕਤ ਪਦ ਦਾ ਵਿਸ਼ੇਸ਼ਣ ਵਜੋਂ ਉਪਯੋਗ ਕੀਤਾ ਜਾਂਦਾ ਹੈ।

Ventricle (ਵੈਨਟ੍ਰਿਕਲ)

ਲਾਤੀਨੀ ਆਧਾਰ ਵਾਲੇ ਇਸ ਸ਼ਬਦ ਦੇ ਅਰਥ ਹਨ 'ਖੋਖਲੇਪਣ' ਦੇ ਅਤੇ ਇਸ ਪਦ ਨੂੰ ਦਿਲ ਅਤੇ ਦਿਮਾਗ਼ ਅੰਦਰਲੇ ਖਾਨੇ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Vernalization (ਵਰਨੈਲਾਈਜੇਸ਼ਨ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਵਰਨੈਲਿਸ (vernalis) ਹੈ, ਜਿਸ ਦੇ ਅਰਥ ਹਨ 'ਬਸੰਤ ਰੁੱਤ ਜਿਹੀ ਤਾਜ਼ਗੀ' ਦੇ। ਬੀਜਣ ਤੋਂ ਪਹਿਲਾਂ ਜੇਕਰ ਬੀਜ ਨੂੰ ਠੰਢਾ ਕਰ ਲਿਆ ਜਾਵੇ ਤਾਂ ਪੌਦੇ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਫੁੱਲ ਆ ਜਾਂਦੇ ਹਨ। ਇਸੇ ਪ੍ਰਚਲਣ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Vertebra (ਵਰਟਿਬਰੱਾ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਜੋੜ' ਦੇ। ਕੰਗਰੋੜ ਨੂੰ ਉਸਾਰਦੀਆਂ ਹੱਡੀਆਂ ਚੋਂ ਹਰ ਇਕ ਲਈ ਉਪਰੋਕਤ ਪਦ ਰਾਖਵਾਂ ਹੈ।

Vertebral column (ਵਰਟਿਬਰੱਲ ਕਾਲਮ)

ਰੀੜ੍ਹ-ਸਹਿਤ ਪ੍ਰਾਣੀਆਂ ਦੀ ਕੰਗਰੋੜ, ਭਾਵ, ਲੰਬੇ ਦਾਅ ਪਿੱਠ ਨੂੰ ਅੰਦਰੋਂ ਸਹਾਰਾ ਦਿੰਦੀ, ਰੀੜ੍ਹ ਦੀ ਹੱਡੀ ਲਈ ਉਪਰੋਕਤ ਪਦ ਵਰਤਿਆ ਜਾਂਦਾ ਹੈ।

Vertebrate (ਵਰਟਿਬ੍ਰੇਟ)

ਰੀੜ੍ਹ-ਸਹਿਤ ਪ੍ਰਾਣੀ ਲਈ ਇਹ ਪਦ ਰਾਖਵਾਂ ਹੈ।

Vestigial (ਵੇੱਸਟਿਜੀਅਲ)

ਇਸ ਪਦ ਦਾ ਆਧਾਰ ਲਾਤੀਨੀ ਸ਼ਬਦ, ਵੈਸਟਿਜਿਅਮ (vestigeum) ਹੈ, ਜਿਸ ਦੇ ਅਰਥ ਹਨ 'ਚਿੰਨ੍ਹ-ਮਾਤਰ' ਦੇ। ਇਸ ਪਦ ਨੂੰ ਅਜਿਹੇ ਸਰੀਰਕ ਅੰਗਾਂ ਲਈ ਵਿਸ਼ੇਸ਼ਣ ਵਜੋਂ ਵਰਤਿਆ ਜਾਂਦਾ ਹੈ, ਜਿਹੜੇ ਮੌਜੂਦ ਹੁੰਦੇ ਤਾਂ ਹਨ, ਪਰ ਕ੍ਰਿਆ ਪੱਖੋਂ ਇਹ ਲਗਭਗ ਨਕਾਰਾ ਹੁੰਦੇ ਹਨ।

Virus (ਵਾਈਰੱਸ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਵਿਹੁਲੇ ਤਰਲ' ਦੇ। ਅਤੀ ਮਹੀਨ ਆਕਾਰ ਦੇ ਵਿਸ਼ਾਣੂ, ਭਾਵ ਵਿਸ਼-ਅਣੂ ਦਾ ਉਪਰੋਕਤ ਨਾਮ ਹੈ, ਜਿਹੜਾ ਆਕਾਰ 'ਚ ਕੀਟਾਣੂ ਨਾਲੋਂ ਇੰਨਾ ਛੋਟਾ ਹੈ, ਜਿੰਨਾ ਕੀਟਾਣੂ ਇਕ ਕੀਟ ਨਾਲੋਂ। ਸਾਧਾਰਨ ਖ਼ੁਰਦਬੀਨ 'ਚੋਂ ਇਹ ਦਿਖਾਈ ਨਹੀਂ ਦਿੰਦਾ ਅਤੇ ਆਪਣੇ ਹੀ ਆਸਰੇ ਇਹ ਰਹਿ ਵੀ ਨਹੀਂ ਸਕਦਾ। ਜਿਉਂਦੇ-ਜਾਗਦੇ ਸੈੱਲ ਅੰਦਰ ਪ੍ਰਵੇਸ਼ ਕਰਕੇ ਹੀ ਪ੍ਰਜਣਨ ਦੇ ਯੋਗ ਇਹ ਬਣ ਸਕਦਾ ਹੈ।

Vitamins (ਵਾਈਟੱਮਿਨਜ਼)

ਮਨੁੱਖ ਦੀ ਪੌਸ਼ਟਿਕ ਖ਼ੁਰਾਕ ਅੰਦਰਲੇ ਜ਼ਰੂਰੀ ਅੰਸ਼ਾਂ 'ਚੋਂ ਇਕ ਵੰਨਗੀ ਲਈ ਉਪਰੋਕਤ ਪਦ ਦੀ ਵਰਤੋਂ ਕੀਤੀ ਜਾਂਦੀ ਹੈ, ਜਿਹੜੇ ਨਾ ਊਰਜਾ ਦਾ ਸ੍ਰੋਤ ਹਨ ਅਤੇ ਨਾ ਹੀ ਉਸਾਰੀ 'ਚ ਭੂਮਿਕਾ ਨਿਭਾਉਂਦੇ ਹਨ, ਪਰ ਜਿਨ੍ਹਾਂ ਬਿਨਾਂ ਅਰੋਗਤਾ ਸੰਭਵ ਨਹੀਂ।

Viviparous (ਵਿਵਿਪੈਰਿਸ)

ਇਸ ਪਦ 'ਚ ਦੋ ਲਾਤੀਨੀ ਸ਼ਬਦ ਸਮਾਏ ਹੋਏ ਹਨ, ਜਿਨ੍ਹਾਂ 'ਚੋਂ ਪਹਿਲਾ ਹੈ ਵਾਈਵਸ (vivus), ਜਿਸ ਦੇ ਅਰਥ ਹਨ 'ਜੀਵਤ' ਦੇ ਅਤੇ ਦੂਜਾ ਹੈ ਪੈਰੱਰਿ (parere), ਜਿਸ ਦੇ ਅਰਥ ਹਨ 'ਪੈਦਾ ਕਰਨ' ਦੇ। ਬੱਚਿਆਂ ਨੂੰ ਜਨਮ ਦੇਣ ਵਾਲੇ ਪ੍ਰਾਣੀਆਂ ਲਈ ਉਪਰੋਕਤ ਪਦ ਰਾਖਵਾਂ ਹੈ ਅਤੇ ਪਸ਼ੂ ਅਜਿਹੇ ਪ੍ਰਾਣੀ ਹਨ।

Voltine (ਵਾਲਟਿਨ)

ਇਸ ਪਦ ਦਾ ਆਧਾਰ ਅਤਾਲਵੀ ਸ਼ਬਦ, ਵਾਲਟਾੱ (volta) ਹੈ, ਜਿਸ ਦੇ ਅਰਥ ਹਨ 'ਸਮੇਂ' ਦੇ। ਇਕ ਪ੍ਰਾਣੀ ਵਰ੍ਹੇ 'ਚ ਕਿੰਨੇ ਵਾਰ ਅੰਡੇ ਦਿੰਦਾ ਹੈ ਜਾਂ ਫਿਰ ਸੰਤਾਨ ਉਪਜਾਉਂਦਾ ਹੈ, ਉਸੇ ਗਿਣਤੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Voluntary muscles (ਵਾੱਲੰਟਰੀ ਮੱਸਲਜ਼)

ਇੱਛਾ ਅਧੀਨ ਕ੍ਰਿਆਸ਼ੀਲ ਹੋਣ ਵਾਲੀਆਂ ਸਰੀਰਕ ਮਾਸ-ਪੇਸ਼ੀਆਂ ਲਈ ਇਸ ਪਦ ਦਾ ਸਾਂਝਾ ਉਪਯੋਗ ਕੀਤਾ ਜਾਂਦਾ ਹੈ। ਇਹ ਮਾਸ-ਪੇਸ਼ੀਆਂ ਧਾਰੀਦਾਰ ਬਣਤਰ ਦੀਆਂ ਹਨ।

Vomer (ਵੋਮਰ)

ਇਸ ਲਾਤੀਨੀ ਸ਼ਬਦ ਦੇ ਅਰਥ ਹਨ 'ਹਲ ਦੇ ਫਾਲੇ' ਦੇ। ਇਸ ਪਦ ਨੂੰ ਦੋ ਨਾਸਾਂ ਵਿਚਕਾਰਲੇ ਮਲੂਕ ਹੱਡੀ ਦੇ ਬਣੇ ਪਰਦੇ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ।

Vulva (ਵਲਵਾੱ)

ਇਹ ਲਾਤੀਨੀ ਸ਼ਬਦ ਹੈ, ਜਿਸ ਦੇ ਅਰਥ ਹਨ 'ਯੋਨੀ ਦੁਆਰ' ਦੇ। ਮਦੀਨ ਪਸ਼ੂ-ਪ੍ਰਾਣੀ ਦੇ ਪ੍ਰਜਣਨ ਅੰਗ ਦੇ ਬਾਹਰ ਨੂੰ ਖੁਲ੍ਹਦੇ ਦੁਆਰ ਦਾ ਉਪਰੋਕਤ ਨਾਮ ਹੈ। ਇਕ ਪ੍ਰਕਾਰ ਇਹ ਵੈਜਾਇਨਾੱ (vagina) ਦਾ ਹੀ ਬਾਹਰਲਾ ਦੁਆਰ ਹੈ।

W

Wallace's line (ਵਾਲੱਸ'ਜ਼ ਲਾਈਨ)

ਔਲ ਵਾਲੇ ਪਸ਼ੂਆਂ ਦੇ ਭੂਗੋਲਕ ਖੇਤਰ ਨੂੰ ਔਲ ਬਿਨਾਂ ਪਸ਼ੂਆਂ ਦੇ ਭੂਗੋਲਕ ਖੇਤਰ ਨਾਲੋਂ ਵੱਖ ਕਰਦੀ ਕਲਪਿਕ ਰੇਖਾ ਦਾ ਇਹ ਨਾਮ ਹੈ, ਜਿਸਦੇ ਉੱਤਰ 'ਚ ਦੱਖਣੀ-ਪੂਰਬੀ ਏਸ਼ੀਆ ਹੈ ਅਤੇ ਦੱਖਣ 'ਚ ਆਸਟ੍ਰੇਲ਼ੀਆ ਅਤੇ ਇਸ ਲਾਗਲੇ ਟਾਪੂ ਹਨ। ਇਸ ਰੇਖਾ ਦਾ ਇਹ ਨਾਮ ਇਸ ਨੂੰ ਸੁਝਾਉਣ ਵਾਲੇ ਜੀਵ-ਵਿਗਿਆਨੀ, ਅਲਫ੍ਰਡ ਰੱਸਲ ਵਾੱਲਸ (1823-1913) ਦੇ ਨਾਮ 'ਤੇ ਰੱਖਿਆ ਗਿਆ ਹੈ।

Warm-blooded animal (ਵਾਰਮ ਬਲੱਡਡ ਐਨਿਮਲ)

ਉਸ ਪ੍ਰਾਣੀ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਸਰੀਰਕ ਉੱਚਾ ਤਾਪਮਾਨ ਸਦਾ ਇਕਸਾਰ ਬਣਿਆ ਰਹਿੰਦਾ ਹੈ, ਭਾਵ ਦੁਆਲੇ ਦੇ ਤਾਪਮਾਨ 'ਚ ਉਤਾਰ ਚੜ੍ਹਾਅ ਆਉਂਦੇ ਵੀ ਰਹਿਣ। ਪਸ਼ੂ ਅਤੇ ਪੰਛੀ ਅਜਿਹੇ ਹੀ ਪ੍ਰਾਣੀ ਹਨ।

Warning colouration (ਵਾਰਨਿੰਗ ਕਲਰੇਸ਼ਨ)

ਕਈ ਪ੍ਰਾਣੀ ਹਨ, ਜਿਹੜੇ ਆਪ ਤਾਂ ਵਿਹੁਲੇ ਨਹੀਂ, ਪਰ ਇਹ ਵਿਹੁਲੇ ਪ੍ਰਾਣੀਆਂ ਦਾ ਭੜਕੀਲਾ ਰੂਪ-ਰੰਗ ਸ਼ਿਕਾਰੀ ਜਾਨਵਰਾਂ ਤੋਂ ਬਚਣ ਲਈ ਧਾਰਨ ਕਰ ਲੈਂਦੇ ਹਨ। ਚੇਤਾਵਨੀ ਦੇਣ ਲਈ ਅਪਣਾਈ ਪ੍ਰਾਣੀਆਂ ਦੀ ਇਸ ਵਿਧੀ ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Water cells (ਵਾਟਰ-ਸੈੱਲਜ਼)

ਊਠ ਦੇ ਮਿਹਦੇ ਅੰਦਰ ਅਜਿਹੇ ਸੈੱਲ ਹੁੰਦੇ ਹਨ, ਜਿਨ੍ਹਾਂ 'ਚ ਤਰਲ ਸਿਮਟਿਆ ਰਹਿੰਦਾ ਹੈ ਅਤੇ ਜਿਸ ਨੂੰ ਇਹ ਪ੍ਰਾਣੀ ਲੋੜ ਪੈਣ ਤੇ ਵਰਤਦਾ ਰਹਿੰਦਾ ਹੈ। ਇਨ੍ਹਾਂ ਸੈੱਲਾਂ ਲਈ ਹੀ ਉਪਰੋਕਤ ਪਦ ਰਾਖਵਾਂ ਹੈ।

Water vascular system (ਵਾਟਰ ਵੈਸਕਯੂਲਰ ਸਿਸਟਮ)

ਅਕਾਈਨੋੱਡਰਮ (echinoderm) ਕਬੀਲੇ ਦੇ ਪ੍ਰਾਣੀਆਂ ਦੀ ਵਿਸ਼ੇਸ਼ ਵਾਹਿਕ ਪ੍ਰਣਾਲੀ ਦਾ ਇਹ ਨਾਮ ਹੈ, ਜਿਸ 'ਚ ਦੌਰਾ ਕਰਦਾ ਤਰਲ, ਪਾਣੀ ਹੈ।

Wheel organ (ਵੀਲ੍ਹ ਆਰਗਨ)

ਰਾਟੀਫਰ ਕਬੀਲੇ ਦੇ ਪ੍ਰਾਣੀ ਲਾਟੂ ਵਾਂਗ ਘੁੰਮਦੇ ਰਹਿੰਦੇ ਹਨ ਅਤੇ ਇਨ੍ਹਾਂ ਨੂੰ ਇਹ ਯੋਗਤਾ ਅਰਪਣ ਕਰਨ ਵਾਲੇ ਅੰਗ ਦਾ ਉਪਰੋਕਤ ਨਾਮ ਹੈ, ਜਿਹੜਾ ਕਿ ਗੁਲਾਈ 'ਚ ਜੁੜੇ ਤੇ ਹਰਕਤ ਕਰਦੇ ਲੂੰਆਂ ਦਾ ਸਮੂਹ ਹੈ।

White ant (ਵਾਇਟ ਐਂਟ)

ਦੀਮਕ ਜਾਂ ਸਿਉਂਕ ਨੂੰ ਇਸ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

White blood cell (ਵਾਇਟ ਬਲੱਡ ਸੈੱਲ)

ਲਹੂ ਅੰਦਰਲੇ ਲਯੂਕੋਸਾਇਟ (leucocyte) ਨੂੰ ਇਸ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

Wild (ਵਾਇਲਡ)

ਜੀਵ ਜਾਂ ਜੀਨ ਦੇ ਮੁੱਢਲੇ ਕੁਦਰਤੀਪਣੇ ਨੂੰ ਦਰਸਾਉਣ ਲਈ ਇਸ ਪਦ ਦਾ ਉਪਯੋਗ ਵਿਸ਼ੇਸ਼ਣ ਵਜੋਂ ਕੀਤਾ ਜਾਂਦਾ ਹੈ।

X

Xanthin (ਜ਼ੈਨਥਿਨ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਜ਼ੈਨਥੱਸ (xenthos) ਹੈ, ਜਿਸ ਦੇ ਅਰਥ ਹਨ 'ਪੀਲੇ' ਦੇ। ਫੁੱਲਾਂ ਨੂੰ ਪੀਲਾਪਣ ਅਰਪਣ ਕਰਦੇ ਪਦਾਰਥ ਦਾ ਉਪਰੋਕਤ ਨਾਮ ਹੈ।

Xanthophyte (ਜ਼ੈਨਥੱਫ਼ਾਇਟ)

ਇਸ ਪਦ 'ਚ ਦੋ ਯੂਨਾਨੀ ਸ਼ਬਦ ਸਮਾਏ ਹੋਏ ਹਨ, ਪਹਿਲਾ ਜ਼ੈਨਥੱਸ (xanthos), ਜਿਸ ਦੇ ਅਰਥ ਹਨ 'ਪੀਲੇ' ਦੇ ਅਤੇ ਦੂਜਾ ਫ਼ਾਇਟਨ (phyton), ਜਿਸ ਦੇ ਅਰਥ ਹਨ 'ਪੌਦੇ' ਦੇ। ਉਸ ਐਲਗਾੱ (alga), ਭਾਵ ਜਲ-ਕਾਈ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਸ ਦਾ ਰੰਗ ਹਰਾ ਨਹੀਂ, ਪੀਲਾ-ਹਰਾ ਹੁੰਦਾ ਹੈ।

X-chromosome (ਐਕਸ-ਕ੍ਰੋਮੋਸੋਮ)

ਲਿੰਗ ਨਿਰਧਾਰਤ ਕਰਦੇ ਕ੍ਰੋਮੋਸੋਮ ਨੂੰ ਇਸ ਨਾਮ ਨਾਲ ਜਾਣਿਆ ਜਾਂਦਾ ਹੈ, ਜਿਹੜਾ ਪੁਰਸ਼ 'ਚ ਇਕਹਿਰਾ ਹੈ ਅਤੇ ਇਸਤ੍ਰੀ 'ਚ ਇਨ੍ਹਾਂ ਦਾ ਜੋੜਾ।

Xerophyte (ਜ਼ੀਰੱਫ਼ਾਇਟ)

ਇਸ ਪਦ ਦਾ ਆਧਾਰ ਦੋ ਯੂਨਾਨੀ ਸ਼ਬਦ, ਜ਼ੀਰਸ (xeros) ਅਤੇ ਫ਼ਾਇਟਨ (phyton) ਹਨ, ਜਿਨ੍ਹਾਂ ਦੇ ਕ੍ਰਮਵਾਰ ਅਰਥ ਹਨ 'ਖੁਸ਼ਕ' ਦੇ ਅਤੇ 'ਬੂਟੇ' ਦੇ। ਰੇਤਲੇ ਥਲਾਂ 'ਚ ਉਗਣ ਵਾਲੇ ਕੰਡਿਆਲੇ ਪੌਦਿਆਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Xylem (ਜ਼ਾਈਲਮ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਜ਼ਾਈਲਨ (xylon) ਹੈ, ਜਿਸ ਦੇ ਅਰਥ ਹਨ 'ਕਾਠ', ਭਾਵ 'ਲੱਕੜ' ਦੇ। ਪੌਦੇ ਦੇ ਤਣੇ ਅੰਦਰਲੀਆਂ ਵਾਹਕ ਨਾਲੀਆਂ ਦੇ ਸਮੂਹ ਨੂੰ ਉਪਰੋਕਤ ਪਦ ਦਰਸਾਉਂਦਾ ਹੈ, ਜਿਨ੍ਹਾਂ ਦੁਆਰਾ ਭੂਮੀ ਅੰਦਰਲੀ ਖਣਿਜ ਸੰਚਾਰੀ ਨਮੀ, ਉਤਾਂਹ, ਸਾਵੇ-ਪੱਤਰਾਂ ਤਕ ਪੁੱਜਦੀ ਰਹਿੰਦੀ ਹੈ।

Xylophagous (ਜ਼ਾਈਲੱਫ਼ੈਗਸ)

ਇਸ ਪਦ 'ਚ ਦੋ ਯੂਨਾਨੀ ਸਬਦ ਸੰਮਿਲਤ ਹਨ, ਪਹਿਲਾ ਜ਼ਾਈਲਨ (xylon), ਜਿਸ ਦੇ ਅਰਥ ਹਨ 'ਕਾਠ' ਜਾਂ 'ਲੱਕੜ' ਦੇ ਅਤੇ ਦੂਜਾ ਫੈਜੀਨ (phagein), ਜਿਸ ਦੇ ਅਰਥ ਹਨ 'ਖਾਣ' ਦੇ। ਕੁਝ ਪ੍ਰਾਣੀ ਹਨ ਜਿਨ੍ਹਾਂ ਦਾ ਅਹਾਰ ਕਾਠ ਹੈ ਅਤੇ ਅਜਿਹੇ ਕਾਠਅਹਾਰੀ ਪ੍ਰਾਣੀਆਂ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ।

Xylophyte (ਜ਼ਾਈਲੱਫ਼ਾਇਟ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਜ਼ਾਈਲਨ (xylon), ਜਿਸ ਦੇ ਅਰਥ ਹਨ 'ਕਾਠ' ਜਾਂ 'ਲੱਕੜ' ਦੇ ਅਤੇ ਦੂਜਾ ਫ਼ਾਇਟਨ (phyton), ਜਿਸ ਦੇ ਅਰਥ ਹਨ 'ਪੌਦੇ' ਦੇ। ਕਾਠ 'ਚ ਸਮ੍ਰਿਧ ਤਣੇ ਵਾਲੇ ਰੁੱਖ ਲਈ ਉਪਰੋਕਤ ਪਦ ਰਾਖਵਾਂ ਹੈ।

Y

Y-chromosome (ਵਾਈ-ਕ੍ਰੋਮੋਸੋਮ)

ਲਿੰਗ ਨਿਰਧਾਰਤ ਕਰਦੇ ਕ੍ਰੋਮੋਸੋਮ ਦਾ ਇਹ ਨਾਮ ਹੈ, ਜਿਹੜਾ ਕਿ ਪੁਰਸ਼ 'ਚ ਤਾਂ ਹੁੰਦਾ ਹੈ, ਪਰ ਇਸਤ੍ਰੀ 'ਚ ਨਹੀਂ ਹੁੰਦਾ।

Yeast (ਯੀਸਟ)

ਖ਼ਮੀਰ ਦਾ ਕਾਰਨ ਬਣਦੇ ਜੀਵਾਣੂ ਲਈ ਇਹ ਨਾਮ ਰਾਖਵਾਂ ਹੈ, ਜਿਹੜਾ ਫਫੂੰਦੀ ਦਾ ਸਬੰਧੀ ਜੀਵ ਹੈ। ਦਹੀਂ, ਪਨੀਰ, ਬੀਅਰ-ਵਾਈਨ ਅਤੇ ਹੋਰ ਹਰ ਪ੍ਰਕਾਰ ਦੀ ਸ਼ਰਾਬ ਤਿਆਰ ਕਰਨ ਲਈ ਇਨ੍ਹਾਂ ਜੀਵਾਣੂਆਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ।

Yolk (ਯੋਕ)

ਅੰਡੇ ਦੀ ਜ਼ਰਦੀ ਲਈ ਇਸ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਅਤੇ ਪੌਸ਼ਟਿਕਤਾ 'ਚ ਸਮ੍ਰਿਧ ਹੋਣ ਕਰਕੇ ਭਰੂਣ ਦੀ ਮੁਢਲੀ ਪ੍ਰਗਤੀ ਇਸੇ ਉਪਰ ਨਿਰਭਰ ਹੁੰਦੀ ਹੈ।

Z

Zoogenesis (ਜ਼ੂਅਜੈਨੱਸਿਸ)

ਦੋ ਯੂਨਾਨੀ ਸ਼ਬਦ ਇਸ ਪਦ ਦਾ ਆਧਾਰ ਹਨ, ਪਹਿਲਾ ਜ਼ੂਨ (zoon), ਜਿਸ ਦੇ ਅਰਥ ਹਨ 'ਪ੍ਰਾਣੀ (ਜਾਨਵਰ)' ਦੇ ਅਤੇ ਦੂਜਾ ਜੈਨੱਸਿਸ (genesis), ਜਿਸ ਦੇ ਅਰਥ ਹਨ 'ਉਤਪਤੀ' ਦੇ। ਪ੍ਰਾਣੀ ਸੰਸਾਰ ਦੇ ਉਦਗਮ (ਉਤਪਤੀ) ਨੂੰ ਉਪਰੋਕਤ ਪਦ ਦਰਸਾਉਂਦਾ ਹੈ।

Zoogeography (ਜ਼ੂਅਜੀਅੱਗ੍ਰਾਫ਼ਿ)

ਇਸ ਪਦ ਦੇ ਮੁਹਰੈਲ ਵਜੋਂ ਵਰਤਿਆ ਗਿਆ ਜ਼ੂ (zoo) 'ਪ੍ਰਾਣੀ' ਦਾ ਪ੍ਰਤੀਕ ਸ਼ਬਦ ਹੈ। ਉਪਰੋਕਤ ਪਦ ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ ਦਾ ਨਾਮ ਹੈ ਜਿਸ ਦਾ ਸਬੰਧ ਸੰਸਾਰ ਵਿਖੇ ਪ੍ਰਾਣੀਆਂ ਦੇ ਖੇਤਰੀ ਫੈਲਾਓ ਬਾਰੇ ਗਿਆਨ ਨਾਲ ਹੈ।

Zoology (ਜ਼ੂਆਲੱਜਿ)

ਦੋ ਯੂਨਾਨੀ ਸ਼ਬਦਾਂ ਦੁਆਰਾ ਇਹ ਪਦ ਰਚਿਆ ਗਿਆ ਹੈ, ਜਿਨ੍ਹਾਂ 'ਚੋਂ ਪਹਿਲਾ ਹੈ ਜ਼ੂਨ (zoon), ਜਿਸ ਦੇ ਅਰਥ ਹਨ 'ਪ੍ਰਾਣੀ' ਦੇ, ਭਾਵ 'ਜਾਨਵਰ' ਦੇ ਅਤੇ ਦੂਜਾ ਹੈ ਲੋਗੱਸ (logos), ਜਿਸ ਦੇ ਅਰਥ ਹਨ 'ਅਧਿਐਨ' ਦੇ। ਜੀਵ-ਵਿਗਿਆਨ ਦੀ ਉਸ ਅਧਿਐਨ-ਸ਼ਾਖ਼ ਦਾ ਇਹ ਨਾਮ ਹੈ, ਜਿਸ ਦਾ ਸਬੰਧ ਪ੍ਰਾਣੀਆਂ ਦੇ ਹਰ ਇਕ ਪੱਖ ਬਾਰੇ ਗਿਆਨ ਨਾਲ ਹੈ।

Zooplankton (ਜ਼ੂਅਪਲੈਂਗਕਟੱਨ)

ਜਿਹੜੇ ਦੋ ਯੂਨਾਨੀ ਸ਼ਬਦ ਇਸ ਪਦ 'ਚ ਸਮਾਏ ਹੋਏ ਹਨ, ਉਨ੍ਹਾਂ ਚੋਂ ਪਹਿਲਾ ਹੈ ਜ਼ੂਨ (zoon), ਜਿਸ ਦੇ ਅਰਥ ਹਨ 'ਪ੍ਰਾਣੀ (ਜਾਨਵਰ)' ਦੇ ਅਤੇ ਦੂਜਾ ਹੈ ਪਲੈਂਗਕਟੱਸ (plangktos), ਜਿਸ ਦੇ ਅਰਥ ਹਨ 'ਭਟਕਦੇ ਫਿਰਨ' ਦੇ। ਮਹੀਨ ਆਕਾਰ ਦੇ ਅਜਿਹੇ ਜਲ-ਪ੍ਰਾਣੀ ਲਈ ਉਪਰੋਕਤ ਪਦ ਦਾ ਉਪਯੋਗ ਕੀਤਾ ਜਾਂਦਾ ਹੈ, ਜਿਹੜਾ ਆਪਣੇ ਆਪ ਤੈਰਨ ਦੇ ਸਮਰੱਥ ਨਹੀਂ ਹੁੰਦਾ ਅਤੇ ਜਲ ਦੀ ਧਾਰਾ ਹੀ ਇਸ ਦੀ ਆਵਾਜ਼ਾਈ ਦੀ ਗਤੀ ਤੇ ਦਿਸ਼ਾ ਨਿਰਧਾਰਤ ਕਰਦੀ ਹੈ।

Zygosis (ਜ਼ਿਗੋਸਿਸ)

ਇਹ ਯੂਨਾਨੀ ਸ਼ਬਦ ਹੈ, ਜਿਸ ਦੇ ਅਰਥ 'ਇਕ ਦੂਜੇ 'ਚ ਸਮਾ ਜਾਣ' ਦੇ ਹਨ। ਦੋ ਪ੍ਰਕਾਰ ਦੇ ਪ੍ਰਜਣਨ ਸੈੱਲਾਂ ਦੇ, ਭਾਵ ਅੰਡੇ ਅਤੇ ਸ਼ੁਕਰਾਣੂ ਦੇ ਇਕ ਦੂਜੇ 'ਚ ਸਮਾ ਜਾਣ ਦੀ ਪ੍ਰਕ੍ਰਿਆ ਨੂੰ ਇਹ ਪਦ ਦਰਸਾਉਂਦਾ ਹੈ।

Zygote (ਜ਼ਾਈਗੋਟ)

ਇਸ ਪਦ ਦਾ ਆਧਾਰ ਯੂਨਾਨੀ ਸ਼ਬਦ, ਜਾਇਗਟੱਸ (zygotos) ਹੈ, ਜਿਸ ਦੇ ਅਰਥ ਹਨ 'ਜੁਟ-ਬਧ ਹੋਣ' ਦੇ। ਸ਼ੁਕਰਾਣੂ ਦੇ ਅੰਡੇ ਅੰਦਰ ਸਮਾ ਜਾਣ ਉਪਰੰਤ ਜਿਹੜਾ ਸੈੱਲ ਹੋਂਦ 'ਚ ਆਉਂਦਾ ਹੈ, ਉਸੇ ਲਈ ਉਪਰੋਕਤ ਪਦ ਰਾਖਵਾਂ ਹੈ।

Printed at : PANJAB UNIVERSITY PRESS, CHANDIGARH
P.U.P. (162)–200+4P./19-9-2012

PUBLICATION BUREAU
PANJAB UNIVERSITY
CHANDIGARH